
# ਪ੍ਰਕਾਸ਼ ਪੁੰਜ



# Sri Satguru Jagjit Singh Ji

# E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures.

This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The E-Library collection is growing day by day and some rare and priceless books/magazines/manuscripts and other items have already been digitised.

Contact Details
For further information about the process or your contribution - please contact
www.namdhari-music.co.uk
E: kirpalchana@gmail.com

*Sri Satguru Jagjit Singh Ji*
E-library

This valuable item was kindly loaned by

Suba Surinder Kaur Kharal

We very much appreciate
your generous contribution to the library

This book scanned by
www.namdhari-music.co.uk
Kirpal Singh Chana

Date: Jul 2015

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸੰਖੇਪ ਸਤਿਗੁਰੂ-ਇਤਿਹਾਸ

ਜੀਵਨੀ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

# ਪ੍ਰਕਾਸ਼-ਪੁੰਜ

ਭਾਗ ਪਹਿਲਾ

**ਸੂਬਾ ਸੁਰਿੰਦਰ ਕੌਰ ਖਰਲ ਐਮ.ਏ.**

**'PRAKASH-PUNJ'**

PART-I

**Life Sketch of**
**Sri Satguru Jagjit Singh Ji**

by

**Suba Surinder Kaur Kharal M.A.**
Namdhari Engg. Works, Kurali Road
Roop-Nagar-140 001
Resi. : 338/B II, Namdhari Mohalla, Roop-Nagar
Ph.: (R) 22645, 22845

'ਪ੍ਰਕਾਸ਼-ਪੁੰਜ'

(ਭਾਗ ਪਹਿਲਾ)

**ਜੀਵਨੀ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ**

**ਕਰਤਾ : ਸੂਬਾ ਸੁਰਿੰਦਰ ਕੌਰ ਖਰਲ ਐੱਮ.ਏ.**
ਨਾਮਧਾਰੀ ਇੰਜਨੀਅਰਿੰਗ ਵਰਕਸ
ਕੁਰਾਲੀ ਰੋਡ, ਰੂਪਨਗਰ-140001
ਰਿਹਾਇਸ਼ : ਮਕਾਨ ਨੰ: 338/II ਨਾਮਧਾਰੀ ਮੁਹੱਲਾ, ਰੂਪ ਨਗਰ
ਫੋਨ : (ਘਰ) 22645, 22845

© : ਲੇਖਿਕਾ

ਪਹਿਲਾ ਸੰਸਕਰਨ : 1997

ਮੁੱਲ 10

ਪ੍ਰਕਾਸ਼ਕ : ਭਗਵੰਤ ਸਿੰਘ ਨਾਮਧਾਰੀ, ਰੂਪਨਗਰ

Title Layout Design : **Swaranjit Savi & Shelly**

Paintings by : **S. Mohinder Singh** Artist, Delhi

Title Photograph :**Thakur Dalip Singh, Jai Teg Singh Anant** Artist, Chandigarh

Photographs : **Parshotam Singh Chandigarh, Bhagwant Singh, Roop Nagar**

Printing by : **Artcave**, 30 Bhadaur House, Ludhiana. Ph. : 0161-745167

ਸਮਰਪਿਤ

ਸਮੁੱਚੇ ਪ੍ਰਾਣੀ ਮਾਤਰ ਨੂੰ

ਇਸੇ ਕਲਮ ਤੋਂ :

1. ਤ੍ਰਿਸ਼ਨਾ (ਕਹਾਣੀਆਂ) 1987
2. ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜਿੰਦ ਕੌਰ) 1990
3. ਵੱਡ-ਪ੍ਰਤਾਪੀ ਸਤਿਗੁਰੂ (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) 1991
4. ਮਹਾਂਬਲੀ ਰਣਜੀਤ ਸਿੰਘ (ਜੀਵਨੀ ਮਹਾਰਾਜਾ ਰਣਜੀਤ ਸਿੰਘ) 1991
5. ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗਬਾਨੀ ਪ੍ਰਤੀ ਦੇਣ (ਖੋਜ-ਪੱਤਰ) 1995
6. ਬਰਮਾ ਦੀ ਯਾਤਰਾ, ਅਫਰੀਕਾ ਦੀ ਯਾਤਰਾ 1996
7. 'ਬਖ਼ਸ਼ਿਸ਼' (ਕਾਵਿ-ਸੰਗ੍ਰਹਿ) 1997

## ਤਤਕਰਾ


| | | ਪੰਨਾ |
|---|---|---|
| 'ਸਤਿਗੁਰ ਨਦਰਿ ਕਰੇ' | ਡਾ. ਸਰਦਾਰਾ ਸਿੰਘ ਜੌਹਲ | 13 |
| ਸਿੱਖੀ ਵਿਚਾਰਧਾਰਾ ਦੇ ਕੁਛ ਅੰਸ਼ | ਸੰਤ ਤਰਸੇਮ ਸਿੰਘ | 15 |
| ਸਕੂਨ ਦੇ ਛਿਣ | ਸੂਬਾ ਸੁਰਿੰਦਰ ਕੌਰ ਖਰਲ | 22 |
| ਮੰਗਲਾਚਰਨ | ਸੂਬਾ ਸੁਰਿੰਦਰ ਕੌਰ ਖਰਲ | |
| **ਸੰਖੇਪ ਸਤਿਗੁਰੂ ਇਤਿਹਾਸ** | | 33 |
| ਸ੍ਰੀ ਸਤਿਗੁਰੂ ਨਾਨਕ ਦੇਵ ਜੀ | | 34 |
| ਸ੍ਰੀ ਸਤਿਗੁਰੂ ਅੰਗਦ ਦੇਵ ਜੀ | | 37 |
| ਸ੍ਰੀ ਸਤਿਗੁਰੂ ਅਮਰਦਾਸ ਜੀ | | 39 |
| ਸ੍ਰੀ ਸਤਿਗੁਰੂ ਰਾਮਦਾਸ ਜੀ | | 42 |
| ਸ੍ਰੀ ਸਤਿਗੁਰੂ ਅਰਜਨ ਦੇਵ ਜੀ | | 43 |
| ਸ੍ਰੀ ਸਤਿਗੁਰੂ ਹਰਿਗੋਬਿੰਦ ਸਿੰਘ ਜੀ | | 45 |
| ਸ੍ਰੀ ਸਤਿਗੁਰੂ ਹਰਿਰਾਇ ਜੀ | | 47 |
| ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ | | 49 |
| ਸ੍ਰੀ ਸਤਿਗੁਰੂ ਤੇਗ ਬਹਾਦਰ ਜੀ | | 51 |
| ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ | | 54 |
| ਸ੍ਰੀ ਸਤਿਗੁਰੂ ਬਾਲਕ ਸਿੰਘ ਜੀ | | 60 |
| ਸ੍ਰੀ ਸਤਿਗੁਰੂ ਰਾਮ ਸਿੰਘ ਜੀ | | 62 |
| ਸ੍ਰੀ ਸਤਿਗੁਰੂ ਹਰੀ ਸਿੰਘ ਜੀ | | 72 |
| ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ | | 75 |
| ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ | | 81 |
| ਨੌਂਵਾਂ ਘਰ ਅਤੇ ਪੰਜ ਗੁਰੂ ਸਾਹਿਬਾਨ | | 84 |
| **ਜੀਵਨੀ : ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ** | | 87 |
| **1. ਪ੍ਰਕਾਸ਼** | | 89 |
| ਮਾਈਆਂ ਦੇ ਜਪ-ਪ੍ਰਯੋਗ ਦੀ ਇਜਾਜ਼ਤ | | 89 |
| ਪ੍ਰਕਾਸ਼ | | 90 |
| ਖੁੱਲ੍ਹੇ ਭੰਡਾਰੇ ਵਰਤੇ | | 90 |
| ਮਨਮੋਹਣੇ ਦਰਸ਼ਨ | | 91 |
| ਥੀੜ ਦੀ ਜ਼ਮੀਨ ਮਿਲੀ | | 92 |
| ਮਾਤਾ ਭੁਪਿੰਦਰ ਕੌਰ ਜੀ ਬਾਰੇ | | 92 |
| **2. ਬਚਪਨ** | | 93 |
| ਮੁੱਢਲਾ ਸਮਾਂ | | 93 |
| ਥੇਅੰਤ ਜੀ ਥੀੜ ਵਿਚ | | 94 |
| ਥੇਅੰਤ ਜੀ ਸ੍ਰੀ ਭੈਣੀ ਸਾਹਿਬ ਵਿਖੇ | | 97 |

| | ਪੰਨਾ |
|---|---|
| ਮਾਤਾ ਭੁਪਿੰਦਰ ਕੌਰ ਜੀ ਬੀਮਾਰ ਹੋਏ | 97 |
| ਮਾਤਾ ਭੁਪਿੰਦਰ ਕੌਰ ਜੀ ਚੜ੍ਹਾਈ ਕੀਤੇ | 98 |
| ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿਗਰਾਨੀ ਤੇ ਧਿਆਨ ਹੇਠ | 100 |
| ਬੇਅੰਤ ਜੀ ਗੜ੍ਹਦੀਵਾਲ ਵਿਖੇ | 101 |
| ਬੇਅੰਤ ਜੀ ਦੀ ਪਰਵਰਿਸ਼ ਸ੍ਰੀ ਭੈਣੀ ਸਾਹਿਬ ਕੋਠੀ ਵਿਖੇ | 104 |
| ਬੇਅੰਤ ਜੀ ਦੇ ਸੇਵਕ | 105 |
| ਸਾਧੂ ਮਹਾਤਮਾਵਾਂ ਦੀ ਸੰਗਤ | 108 |
| ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਮਿਲੀਆਂ ਸਿੱਖਿਆਵਾਂ | 111 |
| ਸੁਚੇਤ ਤੇ ਹਾਜ਼ਰਜਵਾਬ | 113 |
| ਪ੍ਰਤਿਭਾਸ਼ਾਲੀ ਸ਼ਖ਼ਸੀਅਤ | 113 |
| ਸਹਿਣਸ਼ੀਲਤਾ ਤੇ ਸਾਦਗੀ | 113 |
| ਬੇਅੰਤ ਜੀ ਦੇ ਦੋਸਤ | 114 |
| ਖੇੜੇ ਭਰਿਆ ਸੁਭਾਅ | 116 |
| ਕੁਝ ਕੁ ਕੌਤਕ | 118 |
| **3. ਵਿੱਦਿਆ-ਪ੍ਰਾਪਤੀ** | **123** |
| ਸ੍ਰੀ ਭੈਣੀ ਸਾਹਿਬ ਵਿਖੇ ਵਿਦਿਆਲੇ ਦੀ ਸਥਾਪਨਾ | 123 |
| ਬੇਅੰਤ ਜੀ ਦੇ ਅਧਿਆਪਕ | 124 |
| ਉਚੇਰੀ ਸੰਗੀਤ ਸਿਖਲਾਈ | 128 |
| ਵਿਲੱਖਣ ਤੇ ਆਕਰਸ਼ਕ ਵਿਅਕਤੀਤੱਵ | 131 |
| ਨਿਯਮਬੱਧਤਾ, ਅਨੁਸ਼ਾਸਨ ਤੇ ਮਿਹਨਤ | 132 |
| ਤੀਖਣ-ਯਾਦ ਸ਼ਕਤੀ | 133 |
| ਛੁੱਟੀਆਂ ਤੇ ਸੈਰ | 134 |
| ਮਾਤਾ ਨਿਕਲੀ | 137 |
| **4. ਖੇਡਾਂ ਤੇ ਕਸਰਤ** | **138** |
| ਉਸ ਵਕਤ ਦੀਆਂ ਖੇਡਾਂ | 138 |
| ਦੌੜਾਂ, ਤੇਜ ਤੁਰਨਾ, ਛਾਲਾਂ ਮਾਰਨੀਆਂ | 139 |
| ਖਿੱਦੋਖੂੰਡੀ, ਕਬੱਡੀ, ਲੁਕਣਮੀਟੀ | 140 |
| ਡੰਡ ਬੈਠਕਾਂ, ਗੱਤਕਾ, ਫੁੱਟਬਾਲ | 141 |
| ਘੋੜਸਵਾਰੀ ਅਤੇ ਅਪੋਲੋ | 142 |
| ਸਾਈਕਲ, ਮੋਟਰਸਾਈਕਲ ਤੋਂ ਕਾਰ ਚਲਾਉਣ ਤਕ | 146 |
| ਘੁਲਣਾ | 150 |
| ਤੈਰਾਕੀ | 153 |
| ਗੀਟਿਆਂ ਦੀ ਖੇਡ | 155 |
| ਵਰਤਮਾਨ ਸਮੇਂ 'ਚ ਖੇਡਾਂ | 156 |

| | ਪੰਨਾ |
|---|---|
| **5. ਯੁਵਾ ਅਵੱਸਥਾ** | 157 |
| ਸਿੱਖੀ ਵਿਚ ਪਰਪੱਕਤਾ | 157 |
| ਨੂਰ ਭਰੀ ਦਿੱਖ | 158 |
| ਹਥੀਂ ਕੰਮ ਕਰਨੇ, ਸੇਵਾ ਕਰਨੀ | 159 |
| ਡੇਰੇ ਦੇ ਪ੍ਰਬੰਧ 'ਚ ਸਹਿਯੋਗ | 160 |
| ਤਪੱਸਵੀ | 160 |
| ਅਲੌਕਿਕ ਸ਼ਕਤੀਆਂ ਦੇ ਮਾਲਕ | 161 |
| ਸ਼ਾਂਤ ਸੁਭਾਅ | 165 |
| ਨਿਮਰ ਤੇ ਮਿਲਣਸਾਰ | 165 |
| ਦਾਨੀ ਤੇ ਉਦਾਰ | 166 |
| ਦਲੇਰ ਤੇ ਆਤਮਵਿਸ਼ਵਾਸੀ | 167 |
| ਸਮੇਂ ਅਨੁਸਾਰ ਲਚਕਤਾ | 168 |
| ਸਤਿਗੁਰੂ ਜੀ ਦੇ ਅਦਬ ਪ੍ਰਤੀ ਸੁਚੇਤ | 169 |
| ਰੂਹਾਨੀ ਸ਼ਖ਼ਸੀਅਤ | 170 |
| **6. ਵਿਆਹ** | 171 |
| ਪਹਿਲਾ ਅਨੰਦ ਕਾਰਜ | 171 |
| ਬੀਬੀ ਰਾਜਿੰਦਰ ਕੌਰ ਜੀ ਚੜ੍ਹਾਈ ਕੀਤੇ | 173 |
| ਦੂਜਾ ਅਨੰਦ ਕਾਰਜ | 176 |
| ਸੰਤਾਨ | 178 |
| **7. ਦੇਸ਼ ਦੀ ਵੰਡ ਸਮੇਂ** | 179 |
| ਵੰਡ ਤੋਂ ਪਹਿਲਾਂ | 179 |
| ਵੰਡ ਸਮੇਂ | 180 |
| ਵੰਡ ਤੋਂ ਬਾਅਦ | 181 |
| ਸ੍ਰੀ ਸਤਿਗੁਰੂ ਜੀ ਨੇ ਕਾਰ ਲੈ ਕੇ ਦਿੱਤੀ | 187 |
| ਜ਼ਮੀਨਾਂ ਦੀ ਅਲਾਟਮੈਂਟ ਅਤੇ ਤਕਸੀਮ | 189 |
| ਛੋਟੇ ਬਾਬਾ ਜੀ 'ਤੇ ਚਲਦੇ ਮੁਕੱਦਮੇ ਸਮੇਂ | 192 |
| ਪੂਰਨ ਸਿੱਖੀ ਦੀ ਮੰਗ | 193 |
| **8. ਗੱਦੀ-ਨਸ਼ੀਨੀ** | 195 |
| ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਤਿਆਗੀ | 195 |
| ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ-ਨਸ਼ੀਨੀ | 196 |
| ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ | 198 |
| ਦਸਤਾਰਬੰਦੀ ਸਮਾਗਮ | 209 |
| **9. ਮਾਹੌਲ ਵਿਚ ਸ਼ਾਂਤੀ ਸਿਰਜੀ** | 214 |
| ਮੁਕੱਦਮਿਆਂ ਦਾ ਨਿਪਟਾਰਾ | 214 |

ਪੰਨਾ


| | |
|---|---|
| ਵਿਰੋਧੀ ਧੜੇ ਦੇ ਨਾਮਧਾਰੀ ਸਿੰਘਾਂ ਦੀ ਬਖ਼ਸ਼ਸ਼ਬੰਦੀ | 215 |
| ਕੁਰਾਹੇ ਪਿਆਂ ਨੂੰ ਜੋੜਿਆ | 219 |
| ਸ੍ਰੀ ਭੈਣੀ ਸਾਹਿਬ ਗੁਰਦਵਾਰੇ ਦਾ ਮੁਕੱਦਮਾ ਜਿੱਤਿਆ | 220 |
| ਸ੍ਰੀ ਭੈਣੀ ਸਾਹਿਬ ਪਿੰਡ ਦੇ ਲੋਕਾਂ ਨਾਲ ਪ੍ਰੇਮ ਪਿਆਰ | 220 |
| ਪਰਿਵਾਰਕ ਰੰਜਸ਼ ਦੂਰ ਕੀਤੀ | 220 |
| ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿੱਖਾਂ-ਸੇਵਕਾਂ ਦੀ ਪਰਵਰਿਸ਼ ਵੱਲ ਧਿਆਨ | 220 |
| ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਿੱਤੇ ਵਰਾਂ ਨੂੰ ਪੂਰਾ ਕੀਤਾ | 221 |
| ਸ਼ੰਕਿਆਂ ਦੀ ਨਵਿਰਤੀ | 222 |
| ਸਰਾਪਿਆਂ ਦੀ ਬਖ਼ਸ਼ਸ਼ਬੰਦੀ | 224 |
| ਪੰਥਕ ਉੱਨਤੀ ਲਈ ਕਾਰਜ | 226 |
| **10. ਨਾਮ ਸਿਮਰਨ ਦਾ ਪ੍ਰਵਾਹ** | **230** |
| ਸਤਿਗੁਰੂ ਜੀ ਦੀ ਦਿਨਚਰਯਾ ਤੇ ਨਿਯਮ | 231 |
| ਯੁਵਾ-ਅਵੱਸਥਾ 'ਚ ਕੀਤੀ ਤਪ ਅਤੇ ਸਾਧਨਾ | 232 |
| ਸਾਮੂਹਿਕ ਨਾਮ ਸਿਮਰਨ ਦੀ ਪਰੰਪਰਾ | 233 |
| ਰੋਜ਼ਾਨਾ ਇਕ ਘੰਟਾ ਨਾਮ-ਸਿਮਰਨ ਬਾਰੇ ਹੁਕਮ | 234 |
| ਜਪ-ਪ੍ਰਯੋਗ ਦੀ ਪ੍ਰਥਾ | 236 |
| ਨਿਰੰਤਰ ਜਪ-ਪ੍ਰਯੋਗ | 237 |
| ਇਕ ਮਹੀਨੇ ਦਾ ਜਪ-ਪ੍ਰਯੋਗ ਤੇ ਅੱਸੂ ਦਾ ਮੇਲਾ | 238 |
| ਸ੍ਰੀ ਸਤਿਗੁਰੂ ਜੀ ਦੇ ਜਪ-ਅਸਥਾਨਾਂ ਦਾ ਵੇਰਵਾ | 240 |
| ਜਪ-ਪ੍ਰਯੋਗ ਦੀ ਮਰਿਯਾਦਾ | 241 |
| ਮਾਈਆਂ ਦਾ ਵੱਖਰਾ ਜਪ-ਪ੍ਰਯੋਗ | 244 |
| ਜਪ ਪ੍ਰਯੋਗ ਵਿਚ ਬੱਚੇ ਤੇ ਨੌਜਵਾਨ | 245 |
| ਜਪ-ਪ੍ਰਯੋਗ ਵਿਚ ਗਿਣਤੀ | 248 |
| ਜਪ-ਪ੍ਰਯੋਗ ਬਾਰੇ ਸ੍ਰੀ ਸਤਿਗੁਰੂ ਜੀ ਦੇ ਹੁਕਮ | 251 |
| **11. ਅਖੰਡ ਵਰਨੀਆਂ ਤੇ ਹਵਨ** | **253** |
| ਅਖੰਡ ਵਰਨੀ ਤੋਂ ਭਾਵ | 253 |
| ਅਖੰਡ ਵਰਨੀਆਂ ਵਾਲੇ ਸਥਾਨ | 253 |
| ਵਰਨੀਆਂ ਬਾਰੇ ਸਤਿਗੁਰੂ ਜੀ ਦੇ ਪ੍ਰਵਚਨ | 255 |
| ਹਵਨ ਦੀ ਪਰੰਪਰਾ | 258 |
| **12. ਗੁਰਬਾਣੀ ਦਾ ਪ੍ਰਵਾਹ** | **259** |
| ਗੁਰਬਾਣੀ ਪੜ੍ਹਨ ਦਾ ਹੁਕਮ | 259 |
| ਗੁਰਬਾਣੀ ਦਾ ਅਦਬ | 260 |
| ਗੁਰਬਾਣੀ ਪੜ੍ਹਨ ਦੀ ਮਰਿਯਾਦਾ | 261 |
| ਗੁਰਬਾਣੀ-ਗਾਇਨ | 262 |

ਪੰਨਾ


ਗੁਰਬਾਣੀ ਦਾ ਮਹਾਤਮ 263
ਗੁਰਬਾਣੀ ਦਾ ਸ਼ੁੱਧ-ਪਾਠ 263
ਗੁਰਬਾਣੀ ਦਾ ਮੰਨਣ 264
ਸਵਾ ਲੱਖ ਪਾਠਾਂ ਦੀ ਕੜੀ 266
ਚੰਡੀ ਦੀ ਵਾਰ ਦੇ ਸਵਾ ਸਵਾ ਲੱਖ ਪਾਠ 269
ਗੁਰਬਾਣੀ ਬਾਰੇ ਸ੍ਰੀ ਸਤਿਗੁਰੂ ਜੀ ਦੇ ਉਪਦੇਸ਼ 269

**13. ਮੇਲੇ ਤੇ ਸ਼ਤਾਬਦੀਆਂ 273**

ਸੰਗਤ ਦਾ ਅਸਰ 273
ਗੁਰਮੁਖਾਂ ਦਾ ਮੇਲਾ 274
ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ (ਸਤਸੰਗ ਬਾਰੇ) 276
ਸ਼ਤਾਬਦੀਆਂ 279
ਗੁਰਮਤਿ ਸੰਮੇਲਨ 280
ਨਵੇਂ ਪੁਰਾਣੇ ਮੇਲੇ 280
ਬਸੰਤ ਦਾ ਮੇਲਾ 281
ਬਨਾਰਸ ਵਿਖੇ ਬਸੰਤ 281
ਹੋਲਾ-ਮਹੱਲਾ 288
ਅੱਸੂ ਦਾ ਮੇਲਾ (ਜਪ-ਪ੍ਰਯੋਗ) 293
ਮਾਘੀ, ਵਿਸਾਖੀ ਤੇ ਦੀਵਾਲੀ ਦੇ ਮੇਲੇ 295
ਫਤਿਹਗੜ੍ਹ ਸਾਹਿਬ ਦਾ ਸ਼ਹੀਦੀ ਜੋੜ-ਮੇਲਾ 296
ਚਮਕੌਰ ਸਾਹਿਬ ਦਾ ਸ਼ਹੀਦੀ ਜੋੜ-ਮੇਲਾ 297
ਸਿਆੜ੍ਹ ਦਾ ਮੇਲਾ (ਮਾਈਆਂ ਨੂੰ ਅੰਮ੍ਰਿਤ ਛਕਾਇਆ) 299
ਖੋਟੇ ਵਿਖੇ ਮੇਲਾ (ਅਨੰਦ-ਕਾਰਜ ਰਸਮ ਦੀ ਸ਼ੁਰੂਆਤ ਦੀ ਯਾਦ 'ਚ) 300
ਪ੍ਰਦੇਸ ਗਵਨ-ਯਾਦਗਾਰੀ ਮੇਲਾ 301
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਯਾਦਗਾਰੀ ਮੇਲੇ 302
ਸਾਰੇ ਗੁਰਪੁਰਬਾਂ ਸਮੇਂ ਮੇਲੇ 302
ਮਾਤਾ ਭੁਪਿੰਦਰ ਕੌਰ ਯਾਦਗਾਰੀ ਮੇਲਾ 303
ਹੋਰ ਮੇਲੇ 308
ਪ੍ਰਮੁੱਖ ਜਥੇਦਾਰ 309

**14. ਸ਼ਹੀਦ ਯਾਦਗਾਰੀ ਮੇਲੇ 312**

ਅੰਮ੍ਰਿਤਸਰ ਦਾ ਸ਼ਹੀਦੀ ਮੇਲਾ 312
ਰਾਏਕੋਟ ਦਾ ਸ਼ਹੀਦੀ ਮੇਲਾ 312
ਲੁਧਿਆਣੇ ਦਾ ਸ਼ਹੀਦੀ ਮੇਲਾ 314
ਅਕਾਲ ਬੁੰਗੇ ਵਿਖੇ ਮੇਲਾ 315
ਮਲੇਰਕੋਟਲੇ ਦਾ ਸ਼ਹੀਦੀ ਮੇਲਾ 316

| | ਪੰਨਾ |
|---|---|
| ਰਤੂ ਦਾ ਸ਼ਹੀਦੀ ਮੇਲਾ | 318 |
| ਰਾਮਪੁਰਾ ਫੂਲ ਵਿਖੇ ਸ਼ਹੀਦੀ ਮੇਲਾ | 320 |
| ਸਕਰੌਦੀ ਦਾ ਸ਼ਹੀਦੀ ਮੇਲਾ | 320 |
| ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਮੇਲਾ | 327 |
| ਮੰਡੀ ਕਲਾਂ ਦਾ ਮੇਲਾ | 329 |
| ਵਿਸ਼ਵ ਸਿੱਖ-ਕਾਨਫਰੰਸ ਸਮੇਂ ਸਨਮਾਨ | 341 |
| 15. ਸ਼ਬਦ-ਰਤਨ | 342 |
| ਨਫਰਤ ਨਾ ਕਰੋ, ਔਗੁਣ ਛੱਡੋ, ਬਖਸ਼ਿਸ਼ ਮੰਗੋ | 342 |
| ਸੰਤੋਖ ਰੱਖੋ, ਰਜ਼ਾ 'ਚ ਰਹੋ | 343 |
| ਮਾਇਆ ਨੂੰ ਆਧਾਰ ਨਾ ਰੱਖੋ | 344 |
| ਸਤਿਗੁਰੂ ਵਾਲਾ ਪਾਸਾ ਰੱਖੋ | 345 |
| ਗੁਣ ਨਾਲ ਹੰਕਾਰ ਨਾ ਕਰੋ, ਸੱਚਾਈ ਰੱਖੋ | 346 |
| ਵਾਧੂ ਦਲੀਲ ਨਾ ਕਰੋ | 346 |
| ਸਮੇਂ ਦੀ ਕਦਰ ਕਰੋ, ਮੌਤ ਨੂੰ ਯਾਦ ਰੱਖੋ | 348 |
| ਸਤਸੰਗ ਕਰੋ | 350 |
| ਨਿੰਦਿਆ ਨਾ ਕਰੋ | 350 |
| ਸਾਂਝੀਵਾਲਤਾ | 351 |
| ਧਰਮ, ਸਿਆਸਤ ਤੇ ਸਾਇੰਸ | 351 |
| ਭਾਵਨਾ ਸਹੀ ਰੱਖੋ, ਈਰਖਾ, ਦੁਸ਼ਮਣੀ, ਗੁੱਸਾ ਨਾ ਕਰੋ | 354 |
| ਗਲਤ ਨਾ ਖਾਓ | 357 |
| ਪੜ੍ਹਨ ਲਿਖਣ ਬਾਰੇ | 358 |
| ਮਰਗਦ ਮਗਰੋਂ ਰੋਵੋ ਨਾ | 360 |
| ਨਿਰਲੇਪ ਤੇ ਤਕੜਾ ਮਨ | 361 |
| ਸਿਹਤ ਬਾਰੇ | 361 |
| ਦਸਵੰਧ ਬਾਰੇ | 362 |
| ਸਤਿਗੁਰੂ ਤੇ ਸਿੱਖ | 363 |
| ਸਤਿਗੁਰੂ ਦਾ ਹੁਕਮ ਮੰਨੋ | 368 |
| ਹਉਮੈਂ, ਮੋਹ ਤੋਂ ਬਚੋ | 370 |
| ਭਜਨ-ਬਾਣੀ, ਸਿਮਰਨ ਤੇ ਸੇਵਾ | 371 |
| ਅੰਮ੍ਰਿਤ ਵੇਲੇ ਉਠੋ, ਇਸ਼ਨਾਨ ਕਰ ਕੇ ਸਿਮਰਨ ਕਰੋ | 376 |
| ਸਤਿਗੁਰਾਂ ਦੇ ਦਿਨ ਮਨਾਓ | 378 |
| **'ਨਾ ਕੋਇ ਵੈਰੀ ਨਾਹਿ ਬੇਗਾਨਾ'** (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸੀਅਤ ਬਾਰੇ) | **380** |
| **ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ** (ਵਰਤਮਾਨ ਸਤਿਗੁਰੂ 'ਤੇ ਪ੍ਰਤੀਤ ਰੱਖਣ ਬਾਰੇ) | **381** |

# 'ਸਤਿਗੁਰ ਨਦਰਿ ਕਰੇ'

'ਪ੍ਰਕਾਸ਼-ਪੁੰਜ' ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਤੇ ਬਚਪਨ ਤੋਂ ਲੈ ਕੇ, ਹੁਣ ਤਕ ਦੇ ਜੀਵਨ-ਵਿਚਰਨ ਦਾ ਕਦਮ-ਬਕਦਮ ਸ਼ਰਧਾਪੂਰਵਕ ਵਿਵਰਣ ਕਰਨ ਦੀ ਕੋਸ਼ਿਸ਼ ਹੈ। ਇਸ ਲੇਖਣੀ ਵਿੱਚ ਕੋਈ ਓਹਲਾ ਨਹੀਂ, ਕੋਈ ਬਣਾਵਟ ਨਹੀਂ। ਸਿੱਧੀ ਸਾਦੀ ਜ਼ੁਬਾਨ ਵਿਚ ਸਹਿਜ-ਸੁਭਾ ਹੀ ਜੀਵਨ ਦੇ ਵਰਕੇ ਪਰਤਦੇ ਚਲੇ ਜਾਂਦੇ ਹਨ। ਸੂਬਾ ਸੁਰਿੰਦਰ ਕੌਰ ਦੇ ਦਿਲ ਵਿਚ ਇਕ ਪੂਰਨ ਸਿੱਖੀ ਸ਼ਰਧਾ ਤਾਂ ਆਪਣੇ ਇਸ਼ਟ ਪ੍ਰਤੀ ਡੁੱਲ੍ਹ-ਡੁੱਲ੍ਹ ਪੈਂਦੀ ਹੈ ਇਸ ਕਿਰਤ ਵਿਚ, ਪਰ ਨਾਲ ਹੀ ਲੇਖਿਕਾ ਨੇ ਯਥਾਰਥ ਦਾ ਪੱਲਾ ਨਹੀਂ ਛੱਡਿਆ। ਇਸ ਕਿਤਾਬ ਵਿਚ ਸੋਚੀ-ਸਮਝੀ ਗੁਰੂ ਸ਼ਰਧਾ ਪ੍ਰਤੱਖ ਹੁੰਦੀ ਹੈ, ਅੰਧ ਵਿਸ਼ਵਾਸ ਨਹੀਂ। ਵਾਕਿਆਤ ਨੂੰ ਇੰਨ-ਬਿੰਨ ਬਿਆਨਿਆ ਮਹਿਸੂਸ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਪਾਠਕ ਦੇ ਸਾਹਮਣੇ ਇੰਜ ਆ ਖੜ੍ਹੀ ਹੁੰਦੀ ਹੈ, ਜਿਵੇਂ ਕਿ ਵਾਕਿਆਤ ਅੱਖਾਂ ਦੇ ਸਾਹਮਣੇ ਵਰਤ ਰਹੇ ਹੋਣ। ਹਾਲਾਂਕਿ ਕਈ ਵਾਕਿਆਤ ਕਰਾਮਾਤ ਵਰਗੇ ਹੀ ਬਿਆਨ ਕੀਤੇ ਗਏ ਹਨ, ਪਰ ਕਰਾਮਾਤ ਮੰਨ ਕੇ ਨਹੀਂ, ਸਗੋਂ ਸਤਿਗੁਰਾਂ ਦੇ ਸਹਿਜ ਸੁਭਾ ਦੇ ਹੀ ਪ੍ਰਤੀਕ ਦਿਖਾਈ ਦਿੰਦੇ ਹਨ ਜਿਵੇਂ ਕਿ ਸਤਿਗੁਰਾਂ ਦਾ ਸੁਭਾਅ ਹੈ।

ਜੋ ਕੋਈ ਵੀ ਸਤਿਗੁਰਾਂ ਦੇ ਸੰਪਰਕ ਵਿੱਚ ਆਇਆ ਹੈ, ਉਹ ਜਾਣਦਾ ਹੈ ਕਿ ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਪਵਿੱਤਰਤਾ, ਮਰਿਯਾਦਾ, ਉਦਾਰਤਾ, ਸਾਦਗੀ, ਸਹਿਜ, ਪਿਆਰ, ਨਿਮਰਤਾ, ਹਮਦਰਦੀ, ਦਇਆ ਅਤੇ ਕੁਦਰਤੀਪਨ ਇੰਜ ਫੁੱਟ-ਫੁੱਟ ਪੈਂਦਾ ਹੈ ਕਿ ਸਾਹਮਣੇ ਆਉਂਦਿਆਂ ਹੀ ਦਿਲੋ-ਦਿਮਾਗ ਦੀਆਂ ਸਾਰੀਆਂ ਉਲਝਣਾਂ ਅਤੇ ਖਿਚਾਓ ਖ਼ਤਮ ਹੋ ਜਾਂਦੇ ਹਨ। ਬੜਾ ਸਰਲ ਜਿਹਾ ਤਰੀਕਾ ਹੈ ਕਿਸੇ ਦੇ ਸਿਰ ਹੱਥ ਧਰਨ ਦਾ। ਇਕ ਵਾਰ ਮੇਰੇ ਗੋਡੇ ਵਿਚ ਬਹੁਤ ਦਰਦ ਸੀ, ਤੁਰਨਾ ਔਖਾ ਸੀ। ਮੈਨੂੰ ਸੱਦਾ ਭੇਜਿਆ ਇਕ ਸਮਾਗਮ 'ਤੇ। ਮੈਂ ਲੰਗੜਾਂਦਾ ਹੋਇਆ ਸੋਟੀ ਆਸਰੇ ਗਿਆ ਤਾਂ ਕਿਰਪਾ ਹੋਈ। ਕਹਿਣ ਲੱਗੇ 'ਮਾਲਸ਼ ਕਰਵਾਓ।' ਮੈਂ ਛੇ ਮਹੀਨੇ ਤੋਂ ਇਵੇਂ ਲਟਕ ਰਿਹਾ ਸੀ। ਸਾਰੇ ਮਾਹਿਰਾਂ ਨੂੰ ਦਿਖਾ ਚੁਕਾ ਸੀ, ਦਵਾਈਆਂ ਖਾ ਚੁੱਕਾ ਸੀ, ਆਰਾਮ ਨਹੀਂ ਸੀ ਆ ਰਿਹਾ। ਦੂਸਰੇ ਤੀਸਰੇ ਦਿਨ ਮੈਂ ਇਕ ਬਾਜ਼ੀਗਰ ਕੋਲ ਗਿਆ। ਉਸਨੇ ਇਕ ਮਿੰਟ ਵਿੱਚ ਹੀ ਮਾਲਿਸ਼ ਕਰ ਕੇ ਮੈਨੂੰ ਆਮ ਵਾਂਗ ਤੋਰ ਦਿੱਤਾ ਅਤੇ ਮੈਂ ਅਜ ਤੱਕ ਉਵੇਂ ਹੀ ਤੁਰਿਆ ਫਿਰਦਾ ਹਾਂ। ਭਾਵੇਂ ਹੱਥ ਤਾਂ ਬਾਜ਼ੀਗਰ ਦਾ ਲੱਗਾ, ਪਰ ਮੈਨੂੰ ਯਕੀਨ ਹੈ ਕਿ ਮਿਹਰ ਸਤਿਗੁਰਾਂ ਦੀ ਹੋਈ। ਕਿੱਡਾ ਵਧੀਆ ਤਰੀਕਾ ਹੈ ਮਿਹਰਾਂ ਬਖ਼ਸ਼ਣ ਦਾ! ਆਪਣੇ ਸਿਰ ਵੀ ਨਾ ਲਓ ਤੇ ਦੁੱਖ ਦਲਿੱਦਰ ਵੀ ਕੱਟ ਦਿਓ! ਇਸੇ ਤਰ੍ਹਾਂ ਦੀਆਂ ਕਈ ਘਟਨਾਵਾਂ ਦਾ ਵੇਰਵਾ ਉਸੇ ਸਹਿਜ ਨਾਲ ਸੂਬਾ ਸੁਰਿੰਦਰ ਕੌਰ ਨੇ ਇਸ ਕਿਤਾਬ ਵਿਚ ਦਿੱਤਾ ਹੈ, ਜਿਸ ਸਹਿਜ ਸੁਭਾ ਨਾਲ ਸਤਿਗੁਰਾਂ ਮਿਹਰਾਂ ਕੀਤੀਆਂ

ਹਨ। ਉਦਾਹਰਣ ਵਜੋਂ ਇਕ ਵਾਕਿਆ ਹੈ ਕਿ ਇਕ ਸਿੱਖ ਨੇ ਸੋਚਿਆ ਕਿ ਤਾਂ ਮੰਨਾਂ, ਜੇ ਵੱਡੇ ਬਾਬਾ ਜੀ (ਸਤਿਗੁਰਾਂ ਦੇ ਬਚਪਨ ਦੀ ਘਟਨਾ ਹੈ) ਮੈਨੂੰ ਆਪ ਬੁਲਾਉਣ। ਉਹਨਾਂ ਕੋਈ ਕੌਤਕ ਜਾਂ ਕਰਾਮਾਤ ਨਹੀਂ ਕੀਤੀ। ਗੇਂਦ ਖੇਡਦਿਆਂ ਗੇਂਦ ਸੰਗਤ ਵਿਚ ਬੈਠੇ ਸਿੰਘ ਵੱਲ ਮਾਰੀ ਤੇ ਨਾਲ ਹੀ ਆਖਿਆ, "ਸਿੰਘਾ ਜ਼ਰਾ ਗੇਂਦ ਤਾਂ ਲਿਆ ਇੱਧਰ"! ਸਹਿਜ ਸੁਭਾ ਦਾ ਸਾਦਾ ਜਿਹਾ ਵਾਕਿਆ ਹੈ, ਪਰ ਜੇ ਸਿੱਖ ਦੀ ਧਾਰੀ ਹੋਈ ਧਾਰਨਾ ਵਲੋਂ ਸੋਚੀਏ ਤਾਂ ਇਹ ਸਾਧਾਰਨ ਵਾਕਿਆ ਨਹੀਂ ਸਗੋਂ ਸਾਧਾਰਨ ਵਿਉਹਾਰ ਵਿਚ ਲਪੇਟੀ ਅਸਾਧਾਰਨ ਸ਼ੰਕਾ ਨਵਿਰਤ ਕਰਨ ਦੀ ਘਟਨਾ ਹੈ!

ਇਕ ਬੜੀ ਹੀ ਪਰਤੱਖ ਤਸਵੀਰ ਇਹ ਵੀ ਉਭਰਦੀ ਹੈ ਕਿ ਤੰਦਰੁਸਤ ਸਰੀਰ ਵਿਚ ਇਕ ਜ਼ਾਬਤਾਬੱਧ ਆਤਮਾ, ਜਿਸ ਨੇ ਮਨ ਨੂੰ ਆਪਣੇ ਅਧੀਨ ਕੀਤਾ ਹੋਇਆ ਹੈ, ਇਕ ਆਮ ਵਿਅਕਤੀ ਦਾ ਜੀਵਨ ਨਹੀਂ। ਸਤਿਗੁਰਾਂ ਦਾ ਜੀਵਨ ਇਕ ਪ੍ਰਤੀਕ ਪੇਸ਼ ਕਰਦਾ ਹੈ ਕਿ ਸਵਾਸਥ ਜ਼ਿੰਦਗੀ ਕਿਵੇਂ ਜੀਵੀ ਜਾਂਦੀ ਹੈ। ਇਹ ਆਪਣੇ ਆਪ ਵਿਚ ਹੀ ਸਿੱਖਾਂ ਸਾਹਮਣੇ ਜਿਉਂਦੀ ਜਾਗਦੀ ਮਿਸਾਲ ਹੈ ਜਿਸ ਤੋਂ ਜੀਵਨ ਜਾਚ ਸਿੱਖੀ ਜਾ ਸਕਦੀ ਹੈ। ਮੇਰੀ ਨਜ਼ਰੇ ਇਹ ਪਹਿਲੀ ਪੁਸਤਕ ਹੈ ਜਿਸ ਵਿੱਚ ਇੰਨੀ ਬਰੀਕੀ ਅਤੇ ਵਿਸਥਾਰ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਬਿਰਤਾਂਤ ਦਰਸਾਏ ਗਏ ਹਨ। ਬਹੁਤ ਮਿਹਨਤ, ਲਗਨ ਨਾਲ ਲਿਖਿਆ ਹੈ ਲੇਖਿਕਾ ਨੇ ਸਤਿਗੁਰਾਂ ਦੇ ਜੀਵਨ ਨੂੰ। ਜੋ ਖੋਜ ਕੀਤੀ ਹੈ, ਪੂਰੇ ਖੁਭ ਕੇ ਦਰਸ਼ਨ ਕੀਤੇ ਨੇ ਸਤਿਗੁਰਾਂ ਦੇ ਸੁਭਾਅ ਦੇ। ਇਹ ਪੁਸਤਕ ਆਉਣ ਵਾਲੀਆਂ ਪੁਸ਼ਤਾਂ ਅਤੇ ਖੋਜੀਆਂ ਵਾਸਤੇ ਇਕ ਭਰੋਸੇਯੋਗ ਵਸੀਲਾ ਸਾਬਤ ਹੋਵੇਗੀ।

ਇਹ ਕਿਤਾਬ ਪੜ੍ਹਨਯੋਗ ਹੈ ਅਤੇ ਜੋ ਕੋਈ ਵੀ, ਚਾਹੇ ਉਹ ਨਾਮਧਾਰੀ ਸਿੰਘ ਹੋਵੇ ਜਾਂ ਕੋਈ ਦੂਜਾ, ਸਤਿਗੁਰੂ ਜਗਜੀਤ ਸਿੰਘ ਬਾਰੇ ਨੇੜਿਓਂ ਹੋ ਕੇ ਜਾਣਕਾਰੀ ਲੈਣਾ ਚਾਹੁੰਦਾ ਹੈ ਅਤੇ ਕੂਕਾ ਲਹਿਰ ਦੇ ਕੁਝ ਅਤੀ ਸਵੱਛ ਪਹਿਲੂਆਂ ਤੋਂ ਵਾਕਫ਼ ਹੋਣਾ ਚਾਹੁੰਦਾ ਹੈ, ਮੈਂ ਉਸ ਵਾਸਤੇ ਇਹ ਕਿਤਾਬ ਪੜ੍ਹਨ ਦੀ ਸਿਫਾਰਿਸ਼ ਕਰਦਾ ਹਾਂ।

ਸੂਬਾ ਸੁਰਿੰਦਰ ਕੌਰ ਵਧਾਈ ਦੇ ਪਾਤਰ ਹਨ ਕਿ ਸਤਿਗੁਰਾਂ ਦੀ ਬਖ਼ਸ਼ਿਸ਼ ਨਾਲ ਉਹ ਇਹੋ ਜਿਹੀ ਖ਼ੂਬਸੂਰਤ ਕਿਰਤ ਨੂੰ ਨੇਪਰੇ ਚੜ੍ਹਾ ਸਕੇ। ਸਤਿਗੁਰੂ ਮਿਹਰ ਕਰਨ ਅਤੇ ਸੂਬਾ ਜੀ ਆਪਣੀ ਕਲਮ ਦਾ ਸਫ਼ਰ ਇਸੇ ਤਰ੍ਹਾਂ ਜ਼ੋਰਦਾਰ ਤਰੀਕੇ ਨਾਲ ਜਾਰੀ ਰੱਖਣ, ਇਹ ਮੇਰੀ ਹਾਰਦਿਕ ਅਰਦਾਸ ਹੈ।

ਲੁਧਿਆਣਾ
9 ਮਾਰਚ, 1997

ਸਰਦਾਰਾ ਸਿੰਘ ਜੌਹਲ
ਸਾਬਕਾ ਵਾਈਸ ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸਿੱਖੀ ਵਿਚਾਰਧਾਰਾ ਦੇ ਕੁਛ ਅੰਸ਼

"ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ।
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ।"

ਹਰੀ ਦਾ ਜੱਸ ਲਿਖਣਾ ਅਤਿ ਕਠਿਨ ਹੈ; ਸ਼ੇਸ਼ਨਾਗ ਦੇ 1000 ਸਿਰ ਹਨ, 2000 ਜੀਭਾਂ ਹਨ। ਉਹ ਹਰ ਵਾਰ ਅਕਾਲ-ਪੁਰਖ ਦਾ ਨਵਾਂ ਨਾਮ ਲੈ ਕੇ ਸਿਫ਼ਤ ਕਰਦਾ ਹੈ, ਪਰ ਉਸ ਦਾ ਅੰਤ ਫਿਰ ਵੀ ਨਹੀਂ ਆਉਂਦਾ। ਸਤਿਗੁਰੂ ਅਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੁੰਦਾ, ਜਿਹੜਾ ਇਨ੍ਹਾਂ ਵਿੱਚ ਭੇਦ ਸਮਝਦਾ ਹੈ, ਉਸ ਬਾਰੇ ਕਬੀਰ ਜੀ ਕਹਿੰਦੇ ਹਨ ਕਿ ਜਿਹੜਾ ਗੁਰੂ ਨੂੰ ਮਨੁੱਖ ਕਰ ਕੇ ਜਾਣਦਾ ਹੈ, ਉਸ ਆਦਮੀ ਨੂੰ ਅੰਨ੍ਹਾ ਕਿਹਾ ਜਾਂਦਾ ਹੈ, ਉਹ ਇਸ ਦੁਨੀਆਂ ਵਿਚ ਤਾਂ ਮਹਾਂਦੁਖੀ ਰਹਿੰਦਾ ਹੀ ਹੈ, ਅੱਗੇ ਉਸਨੂੰ ਜੰਮਣ ਮਰਨ ਦੇ ਬੰਧਨ ਵਿਚ ਪੈਣਾ ਪੈਂਦਾ ਹੈ। ਭਗਤ ਕਬੀਰ ਜੀ ਅਨੁਸਾਰ:-

"ਗੁਰੁ ਮਾਨੁਸ਼ ਕਰਿ ਜਾਨਤੇ, ਤੇ ਨਰ ਕਹਿਏ ਅੰਧ
ਮਹਾਂਦੁਖੀ ਸੰਸਾਰ ਮੇਂ, ਆਗੇ ਜਮ ਕੇ ਬੰਧ"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ ਕਿ ਜੇਕਰ ਬਾਣੀ ਪੜ੍ਹ ਕੇ, ਭਜਨ ਕਰ ਕੇ ਆਪਣੇ ਸਤਿਗੁਰੂ 'ਤੇ ਸਿਦਕ ਨਹੀਂ ਆਇਆ, ਸਤਿਗੁਰੂ ਹੋਰ ਅਤੇ ਅਕਾਲਪੁਰਖ ਨੂੰ ਹੋਰ ਮੰਨਦਾ ਹੈ, ਉਸ ਦੀ ਸਤਿਗੁਰੂ 'ਤੇ ਪ੍ਰਤੀਤ ਨਹੀਂ ਤਾਂ ਉਸ ਦਾ ਕਰਿਆ ਕਰਾਇਆ ਸਭ ਨਿਹਫਲ ਜਾਂਦਾ ਹੈ। ਸਤਿਗੁਰੂ ਦੀ ਸਿਫ਼ਤ, ਅਕਾਲ ਪੁਰਖ ਪ੍ਰਮਾਤਮਾ ਦੀ ਸਿਫ਼ਤ ਹੁੰਦੀ ਹੈ। ਸਤਿਗੁਰੂ ਦਾ ਚਿਹਰਾ ਭਗਵਾਨ ਦੀ ਹੀ ਮੂਰਤ ਹੁੰਦੀ ਹੈ। ਜੇਕਰ ਸਿੱਖ ਨੂੰ ਆਪਣੇ ਸਤਿਗੁਰੂ ਦੇ ਦਰਸ਼ਨਾਂ ਦੀ ਖਿੱਚ ਨਹੀਂ ਉਪਜਦੀ; ਹਰ ਵੇਲੇ ਉਸ ਦੇ ਅੰਦਰ ਸਤਿਗੁਰੂ ਜੀ ਦੇ ਚਿਹਰੇ ਨੂੰ ਵੇਖਣ ਦੀ ਲਾਲਸਾ ਨਹੀਂ ਹੁੰਦੀ ਤਾਂ ਸਮਝੋ ਕਿ ਅਜੇ ਉਹ ਸਿੱਖੀ ਵਿਚ ਅਧੂਰਾ ਹੈ। ਇਹ ਕਮੀ ਤਸਵੀਰਾਂ ਵੇਖ ਕੇ ਜਾਂ ਜੜ੍ਹ ਪਦਾਰਥ ਦੀ ਪੂਜਾ ਕਰਕੇ ਪੂਰੀ ਨਹੀਂ ਕੀਤੀ ਜਾ ਸਕਦੀ।

"ਕਾਨ ਸੁਨੇ ਪਹਿਚਾਨ ਨਾ ਤਿਨ ਸੋ
ਲਿਵ ਲਾਗੀ ਮੋਰੀ ਪਗ ਇਨ ਸੇ"

ਧਰਮ ਜਾਂ ਅਧਿਆਤਮਵਾਦ ਦਾ ਪੈਂਡਾ ਬਹੁਤ ਕਠਿਨ ਹੈ, ਬੇਸ਼ਕ ਗੱਲਾਂ ਕਰਨ ਵਾਲੇ ਗਿਆਨੀ ਤਾਂ ਜਿਤਨੇ ਮਰਜੀ ਹੀ ਲੱਭ ਲਉ। ਇਸ ਨੂੰ ਸਮਝਣਾ, ਇਸਦੇ ਰਾਹ 'ਤੇ ਚਲਣਾ ਅਤੇ ਸਹੀ

ਸੋਧ ਵਿਚ ਲਿਖਣਾ ਅਤੇ ਲਿਖ ਕੇ ਨਿਮਰਤਾ, ਨਿਰਮਾਣਤਾ ਮਨ ਵਿਚ ਆਉਣੀ ਅਤੇ ਸਤਿਗੁਰੂ ਜੀ ਦਾ ਜੱਸ ਲਿਖ ਕੇ ਧੰਨ ਭਾਗ ਸਮਝਣਾ, ਸਤਿਗੁਰੂ ਸ਼ਬਦ ਨੂੰ ਸਮਝਣਾ। ਸਤਿਗੁਰੂ ਜੀ ਦੀ ਸ਼ਖ਼ਸੀਅਤ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਤਾਂ ਹੋ ਹੀ ਨਹੀਂ ਸਕਦੀ। ਤੁੱਛ ਮਾਤਰ ਵੀ ਜਾਨਣ ਨਾਲ ਗ੍ਰੰਥਾਂ ਦੇ ਗ੍ਰੰਥ ਅਤੇ ਮਿਸ਼ਰੀ ਦੇ ਪਹਾੜ ਬਣ ਜਾਂਦੇ ਹਨ ਪਰ ਇਹ ਸਤਿਗੁਰੂ ਹੀ ਕਿਰਪਾ ਕਰਨ ਤਾਂ ਹੀ ਹੋ ਸਕਦਾ ਹੈ। ਗੁਰੂ ਕਿੱਡਾ ਕੁ ਹੁੰਦਾ ਹੈ ਕਬੀਰ ਜੀ ਦਸਦੇ ਹਨ:—

"ਤੀਨ ਲੋਕ ਨੌ ਖੰਡ ਮੇਂ, ਗੁਰੁ ਤੇ ਬੜਾ ਨਾ ਕੋਇ।
ਕਰਤਾ ਕਰੈ ਨਾ ਕਰਿ ਸਕੇ, ਗੁਰੁ ਕਰੈ ਸੋ ਹੋਇ।"

ਹਰ ਇਨਸਾਨ ਦਾ ਇਹ ਸੁਭਾਅ ਬਣ ਚੁੱਕਾ ਹੈ ਕਿ ਉਹ ਹਮੇਸ਼ਾ ਹੀ ਵਰਤਮਾਨ ਨੂੰ ਕੋਸਦਾ ਹੈ, ਭੂਤ ਕਾਲ ਦੀ ਸਿਫ਼ਤ ਕਰਦਾ ਹੈ। ਭੂਤ ਕਾਲ ਤਾਂ ਨਿਕਲ ਹੀ ਚੁੱਕਾ ਹੁੰਦਾ ਹੈ, ਭਵਿੱਖਤ ਕਾਲ ਦੀ ਆਸ ਕਰਦਾ ਕਰਦਾ, ਵਰਤਮਾਨ ਕਾਲ ਨੂੰ ਵੀ ਸਾਂਭਣ ਦੀ ਬਜਾਏ ਗੁਆ ਬੈਠਦਾ ਹੈ। ਇਸ ਕਰਕੇ ਹੀ ਭਗਵਾਨ ਸ੍ਰੀ ਰਾਮ ਚੰਦਰ ਜੀ, ਭਗਵਾਨ ਸ੍ਰੀ ਕ੍ਰਿਸ਼ਨ ਜੀ, ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਵਰਗੇ ਪੈਗੰਬਰਾਂ ਦੀ ਵੀ, ਉਦੋਂ ਦੇ ਕਾਲ ਵਿਚ ਕਦਰ ਨਹੀਂ ਪਾਈ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੁਰਾਹੀਆ, ਗੁਰੂ ਗੋਬਿੰਦ ਸਿੰਘ ਨੂੰ ਚੰਡੀ ਪੁੱਠੀ ਪੈ ਗਈ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਕਲਾਮ ਪੜ੍ਹਦੇ ਹਨ, ਕਿਹਾ ਗਿਆ। ਬਾਅਦ ਵਿਚ ਉਨ੍ਹਾਂ ਦਾ ਇਕ ਇਕ ਸ਼ਬਦ ਲੋਕਾਈ ਲਈ ਅਮੁੱਲਾ ਬਣ ਗਿਆ। ਜੇਕਰ ਉਹ ਦੁਬਾਰਾ ਫਿਰ ਉਸੇ ਰੂਪ ਵਿਚ ਆ ਜਾਣ ਤਾਂ ਇਹ ਜਨਤਾ ਫਿਰ ਉਨ੍ਹਾਂ ਨਾਲ ਉਹ ਹੀ ਸਲੂਕ ਕਰੇਗੀ, ਜੋ ਉਨ੍ਹਾਂ ਨਾਲ ਉਨ੍ਹਾਂ ਦੇ ਜੀਵਨ ਕਾਲ ਵਿਚ ਪਹਿਲਾਂ ਕਰ ਚੁੱਕੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਸਾਰਾ ਪਰਿਵਾਰ ਜਾਲਮ ਅਤੇ ਜ਼ੁਲਮ ਨੂੰ ਖ਼ਤਮ ਕਰਨ ਵਿਚ ਲਗਾ ਦਿਤਾ ਪਰ ਲੋਕਾਂ ਨੇ ਉਨ੍ਹਾਂ ਨੂੰ ਜਿਤਨਾ ਦੁਖੀ ਕਰ ਸਕਦੇ ਸਨ, ਉਨ੍ਹਾਂ ਦੇ ਕਾਲ ਵਿਚ ਉਨ੍ਹਾਂ ਨੂੰ ਦੁਖੀ ਕੀਤਾ। ਅਜਿਹਾ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਕੀਤਾ ਗਿਆ। ਅਗੋਂ ਵੀ ਇਹ ਲੋਕ ਕਰਨਗੇ ਹੀ। ਵਰਤਮਾਨ ਗੁਰੂ ਨੂੰ ਮੰਨਣਾ ਇਨ੍ਹਾਂ ਲਈ ਬਹੁਤ ਔਖਾ ਹੈ।

ਵਰਤਮਾਨ ਸਤਿਗੁਰੂ ਪਹਿਲੇ ਗੁਰੂਆਂ ਦਾ ਹੀ ਰੂਪ ਹੁੰਦਾ ਹੈ ਅਤੇ ਇਸ ਦੇ ਚਿਹਰੇ ਵਿਚੋਂ ਰੱਬ ਦਿਸਦਾ ਹੈ। ਭਾਈ ਨੰਦ ਲਾਲ ਆਪਣੇ ਵਰਤਮਾਨ ਸਤਿਗੁਰੂ, ਗੁਰੂ ਗੋਬਿੰਦ ਸਿੰਘ ਜੀ ਵੱਲ ਵੇਖ ਕੇ ਕਹਿੰਦੇ ਹੁੰਦੇ ਸਨ ਕਿ ਹੇ ਗੁਰੂ ਗੋਬਿੰਦ ਸਿੰਘ ਇਹ ਜੋ ਤੇਰਾ ਚਿਹਰਾ ਹੈ ਇਹ ਭਗਵਾਨ ਦਾ ਚਿਹਰਾ ਹੈ। ਭਾਈ ਗੁਰਦਾਸ ਜੀ ਨੇ ਵੀ ਕਿਤਨੀ ਸੋਹਣੀ ਤਰ੍ਹਾਂ ਬਿਆਨਿਆ ਹੈ,

"ਜੈਸੇ ਦਰਸਨ ਮੇ ਬਦਨ ਬਿਲੋਕੀਅਨ ਤੈਸੇ ਸਰਗੁਣ ਸਾਖੀ ਭੂਤ ਗੁਰ ਧਿਆਨ ਹੈ।"

ਪ੍ਰਾਣੀ ਮਾਤਰ ਦੀ ਬਹੁ ਸੰਖਿਆ ਅਜਿਹੀ ਹੀ ਸੀ, ਹੈ ਜਾਂ ਹੋ ਜਾਂਦੀ ਹੈ ਕਿ ਉਹ ਵਰਤਮਾਨ

ਗੁਰੂ 'ਤੇ ਸ਼ਰਧਾ ਨਹੀਂ ਲਿਆਉਂਦੀ. ਉਸ ਦੀ ਸਿਫ਼ਤ ਕਰਕੇ ਆਪਣੇ ਮਨ. ਤਨ. ਅਤੇ ਜੁਬਾਨ ਅਤੇ ਹਿਰਦੇ ਨੂੰ ਨਹੀਂ ਠਾਰਦੀ ਸਗੋਂ ਨਿੰਦਾ. ਵਿਰੋਧ. ਬੇਮੁਖੀ ਦੀ ਅੱਗ ਵਿਚ ਸੜਨਾ ਸ਼ੁਰੂ ਕਰ ਦਿੰਦੀ ਹੈ। ਜਦੋਂ ਕਿ ਪਿਛਲੇ ਸਾਰੇ ਗੁਰੂਆਂ ਦੀ ਜੋਤ ਅਤੇ ਆਪਣਾ ਆਪ. ਵਰਤਮਾਨ ਗੁਰੂ ਵਿਚ ਹੀ ਹੁੰਦਾ ਹੈ ਪਰ ਫਿਰ ਵੀ ਉਹ ਵਰਤਮਾਨ ਗੁਰੂ 'ਤੇ ਸ਼ਰਧਾ ਨਹੀਂ ਰਖਦੇ ਸਗੋਂ ਵਿਰੋਧ ਕਰਕੇ ਪਹਿਲੇ ਸਾਰੇ ਗੁਰੂਆਂ ਦਾ ਅਪਮਾਨ ਕਰਨ ਵਿਚ ਹੀ ਭਾਈਵਾਲ ਬਣ ਜਾਂਦੇ ਹਨ। ਤਰੀਕੇ-ਤਰੀਕੇ ਨਾਲ ਉਸ ਦੇ ਹਰ ਕਦਮ ਨੂੰ. ਪਿਛਲੇ ਗੁਰੂਆਂ ਨਾਲ ਤੁਲਨਾ ਕਰਕੇ ਨੀਵਾਂ ਅਤੇ ਨਿੰਦਣਯੋਗ ਵਿਖਾਉਣ ਵਿਚ ਲੱਗੇ ਰਹਿੰਦੇ ਹਨ। ਅਜਿਹਾ ਹੁੰਦਾ ਕਿਉਂ ਹੈ? ਅਸਲ ਵਿਚ ਹਰ ਆਦਮੀ ਦਾ ਹੰਕਾਰ ਹੀ ਇਸਦਾ ਮੂਲ ਕਾਰਨ ਹੈ। ਇਸ ਦਾ ਸਰੀਰ ਤਾਂ ਝੁਕਦਾ ਹੈ ਪਰ ਹੰਕਾਰ ਨਹੀਂ ਝੁਕਦਾ। ਇਸ ਦੀ ਹਉਮੈ ਅਤੇ "ਮੈਂ" ਬਰਕਰਾਰ ਹੀ ਰਹਿੰਦੀ ਹੈ। ਇਹ ਆਪਣੀ ਹੋਂਦ ਨੂੰ ਖ਼ਤਮ ਨਹੀਂ ਕਰਨਾ ਚਾਹੁੰਦਾ। ਇਹ ਤਾਂ ਸਤਿਗੁਰਾਂ ਵਲੋਂ ਵੀ ਆਪਣੇ ਸਤਿਕਾਰ ਦੀ ਇੱਛਾ ਰੱਖਣ ਲਗ ਪੈਂਦਾ ਹੈ। ਹਰ ਪ੍ਰਾਣੀ ਇਹ ਚਾਹੁੰਦਾ ਹੈ ਕਿ ਮੇਰੇ ਵਾਸਤੇ ਕੋਈ ਰੋਕ ਟੋਕ ਨ ਹੋਵੇ. ਮੇਰੀ ਜੰਗਲ ਰੂਪੀ ਅਜ਼ਾਦੀ ਖ਼ਤਮ ਨ ਹੋਵੇ. ਮੇਰੀ ਮਰਜ਼ੀ ਦਾ ਖਾਣ. ਪਹਿਰਾਵਾ ਅਤੇ ਮਰਿਯਾਦਾ ਹੋਵੇ। ਇਸ ਨੂੰ ਗਲਤ ਪਾਸੇ ਤੋਂ ਜਾਂਦੇ ਨੂੰ ਜਾਂ ਹੰਕਾਰ ਨਾਲ ਨਪੀੜੇ ਨੂੰ ਜੇਕਰ ਵਰਤਮਾਨ ਸਤਿਗੁਰੂ ਰੋਕੇਗਾ ਤਾਂ ਇਸ ਦੇ ਹਉਮੈ ਨੂੰ ਠੇਸ ਪੁੱਜੇਗੀ ਹੀ। ਇਹ ਆਪਣਾ ਆਪ ਪ੍ਰਗਟ ਕਰਨਾ ਸ਼ੁਰੂ ਕਰ ਦੇਵੇਗਾ. ਮੌਕੇ ਦੇ ਗੁਰੂ ਤੋਂ ਬੇਸਰਧਕ ਹੋ ਜਾਏਗਾ ਅਤੇ ਪਹਿਲੇ ਗੁਰੂਆਂ ਨੂੰ ਜਿਨ੍ਹਾਂ ਨੇ ਹੁਣ ਉਸੇ ਦੇਹ ਵਿਚ ਤਾਂ ਆ ਕੇ ਰੋਕਣਾ ਨਹੀਂ ਉਨ੍ਹਾਂ 'ਤੇ ਸ਼ਰਧਾ ਵਿਖਾਏਗਾ. ਉਨ੍ਹਾਂ ਨੂੰ ਉੱਚਾ ਕਹੇਗਾ ਤੇ ਮੌਕੇ ਦੇ ਗੁਰੂ ਨੂੰ ਤਰੀਕੇ ਤਰੀਕੇ ਨਾਲ ਨੀਵਾਂ ਵਿਖਾਏਗਾ। ਅਗਰ ਪਹਿਲੇ ਗੁਰੂ ਹੁਣ ਉਸੇ ਦੇਹਾਂ (ਸਰੀਰਾਂ) ਵਿਚ ਆ ਜਾਣ ਤਾਂ ਫਿਰ ਇਹ ਪ੍ਰਾਣੀ. ਉਨ੍ਹਾਂ ਗੁਰੂਆਂ ਨਾਲ ਵੀ ਅਜਿਹਾ ਸਲੂਕ ਹੀ ਕਰਨ ਲਗ ਜਾਏਗਾ ਜੋ ਕਿ ਹਾਜ਼ਰ ਗੁਰੂ ਨਾਲ ਕਰ ਰਿਹਾ ਹੈ। ਬਚਾਅ ਤਾਂ ਭੈ. ਸ਼ਰਧਾ. ਪਿਆਰ ਵਿਚ ਅਤੇ ਹਉਮੈ ਰਹਿਤ ਜੀਵਨ ਵਿੱਚ ਹੀ ਹੈ।

ਸ਼ਰਧਾ ਅਤੇ ਸਿਦਕ ਸਿੱਖੀ ਦੇ ਮੂਲ ਅਸੂਲ ਹਨ। ਜੇਕਰ ਇਹ ਨਾ ਹੋਣ ਤਾਂ ਸਿੱਖੀ ਖਤਮ ਹੋ ਜਾਂਦੀ ਹੈ। ਨਿਰੀ ਕੇਸਾਂ ਦਾੜ੍ਹੀ ਨਾਲ ਹੀ ਸਿੱਖੀ ਨਹੀਂ ਹੁੰਦੀ. ਮਰਯਾਦਾ ਵੀ ਉਹ ਹੁੰਦੀ ਹੈ ਜੋ ਸਤਿਗੁਰੂ ਜੀ ਦੇ ਹੁਕਮ ਵਿਚ ਹੋਵੇ. ਨਹੀਂ ਤਾਂ ਮਰਯਾਦਾ ਵੀ ਹੰਕਾਰ ਬਣ ਜਾਂਦੀ ਹੈ. ਰੁਕਾਵਟ ਬਣ ਜਾਂਦੀ ਹੈ। ਵਿਦਵਤਾ ਅਤੇ ਮਰਯਾਦਾ ਦੇ ਹੰਕਾਰ ਨਾਲ ਲਿਖੀ ਲਿਖਤ ਵੀ ਗੁਰ ਸਿੱਖੀ ਦੀ ਧਾਰਾ ਤੋਂ ਬਹੁਤ ਦੂਰ ਚਲੀ ਜਾਂਦੀ ਹੈ. ਸਿੱਖੀ ਤਾਂ ਗੁਰੂ ਨਾਲ ਅੰਦਰ ਦਾ ਅਤੇ ਬਾਹਰਲਾ ਲਗਾਤਾਰ ਤਾਲ-ਮੇਲ ਹੈ। ਤਾਲ-ਮੇਲ ਅੰਦਰੋਂ ਅਤੇ ਬਾਹਰੋਂ ਟੁੱਟ ਗਿਆ ਤਾਂ ਸਮਝੋ ਸਿੱਖੀ ਖ਼ਤਮ ਗਈ।

ਸਿੱਖੀ ਕੀ ਹੈ? ਸਿੱਖੀ ਇਹ ਹੈ ਕਿ ਆਪਣੇ ਸਤਿਗੁਰ ਦੇ ਹੁਕਮ ਵਿਚ ਰਹਿ ਕੇ ਕਾਰ ਕਮਾਵੇ.

ਆਪਣੇ ਆਪ ਨੂੰ ਕੁਛ ਨਾ ਜਣਾਵੇ ਅਤੇ ਹੁਕਮ ਮੰਨਣ ਵਿਚ ਹੀ ਧੰਨ ਭਾਗ ਸਮਝੇ, ਆਪਣੀ ਹੋਂਦ ਨੂੰ ਸਤਿਗੁਰੂ ਦੀ ਹੋਂਦ ਵਿਚ ਸਮਾਵੇ:-

"ਗੁਰੂ ਕੋ ਸਿਰ ਪਰ ਰਾਖੀਏ, ਚਲਿਏ, ਆਗਿਆ ਮਾਹਿੰ।
ਕਹੈ ਕਬੀਰ ਤਾ ਦਾਸ ਕੋ, ਤੀਨ ਲੋਕ ਡਰ ਨਾਹਿੰ।"

ਸਤਿਗੁਰੂ ਦਾ ਹੁਕਮ ਹੀ ਮਰਯਾਦਾ ਹੁੰਦੀ ਹੈ। ਸਮੇਂ ਦੇ ਪਰਿਵਰਤਨ ਨਾਲ ਸਮੇਂ ਦਾ ਮਾਲਕ ਵਰਤਮਾਨ ਸਤਿਗੁਰੂ ਇਸ ਵਿਚ ਵੀ ਪਰਿਵਰਤਨ ਲਿਆਉਂਦਾ ਹੈ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਮਾਲਾ ਫੜਾਈ, ਪੰਜਵੀਂ ਪਾਤਸ਼ਾਹੀ ਤਾਈਂ ਇਸ ਤਰ੍ਹਾਂ ਹੀ ਸਿਲਸਿਲਾ ਚਲਦਾ ਰਿਹਾ। ਛੇਵੀਂ ਪਾਤਸ਼ਾਹੀ ਨੇ ਮਾਲਾ ਦੇ ਨਾਲ ਹਥਿਆਰ ਵੀ ਫੜਾਏ, ਫਿਰ ਨੌਵੀਂ ਪਾਤਸ਼ਾਹੀ ਤਕ ਮਾਲਾ ਚਲਦੀ ਰਹੀ। ਦਸਵੀਂ ਪਾਤਸ਼ਾਹੀ ਨੇ ਹਰ ਸਿੱਖ ਦੇ ਹਿਰਦੇ ਵਿਚ ਯੁੱਧ ਦਾ ਚਾਅ ਜ਼ਰੂਰੀ ਦੱਸਿਆ। ਗਿਆਰਵੀਂ ਪਾਤਸ਼ਾਹੀ ਫਿਰ ਸਾਂਤਗੀ ਧਾਰਨ ਕੀਤੀ। ਬਾਰ੍ਹਵੀਂ ਪਾਤਸ਼ਾਹੀ ਸ੍ਰੀ ਸਤਿਗੁਰੂ ਰਾਮ ਸਿੰਘ, ਫਿਰ ਸ਼ਾਹੀ ਜਲਾਲ ਵਿਖਾਇਆ। ਸ੍ਰੀ ਸਤਿਗੁਰੂ ਹਰੀ ਸਿੰਘ ਫਿਰ ਸ਼ਾਂਤੀ ਧਾਰੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਫਿਰ ਸ਼ਾਹੀ ਠਾਠ ਵਿਚ ਗੁਜਰੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਿਰ ਸ਼ਾਂਤੀ ਦੇ ਸਮੁੰਦਰ ਅਤੇ ਧੀਰਜ ਦੀ ਧਵਜ ਦਾ ਰੂਪ ਧਾਰਨ ਕਰ ਕੇ ਜੀਵ ਮਾਤਰ ਦਾ ਕਲਿਆਣ ਕਰ ਰਹੇ ਹਨ। ਕੱਚੇ ਪਿੱਲੇ ਲੋਕ ਸਤਿਗੁਰੂ ਦੀ ਇਸ ਲੀਲਾ ਨੂੰ ਵੇਖ ਕੇ ਭੁੱਲ ਜਾਂਦੇ ਹਨ ਅਤੇ ਅੱਧ-ਵਿਚਕਾਰ ਹੀ ਖਲੋ ਜਾਂਦੇ ਹਨ। ਵਰਤਮਾਨ ਸਤਿਗੁਰੂ ਦਾ ਭੈ ਉਨ੍ਹਾਂ ਦੇ ਮਨ ਵਿਚੋਂ ਨਿਕਲ ਜਾਂਦਾ ਹੈ ਜੋ ਕਿ ਹਰ ਦਮ ਰਹਿਣਾ ਚਾਹੀਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰਹਿਤਨਾਮੇ ਵਿਚ ਆਉਂਦਾ ਹੈ ਕਿ ਖੰਫ ਰੱਖਣਾ ਗੁਰੂ ਕਾ ਹਰ ਦਮ। ਅਗਰ ਖੰਫ ਨਿਕਲ ਜਾਵੇ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਮੁਤਾਬਕ ਪ੍ਰਾਣੀ ਸਿੱਖੀ ਤੋਂ ਹੀਣਾ ਹੋ ਜਾਂਦਾ ਹੈ। ਜਿਵੇਂ ਕਿ ਗੁਰਬਾਣੀ ਅਨੁਸਾਰ:-

"ਹੋਦੈ ਪਰਤਖਿ ਗੁਰੂ ਜੋ ਵਿਛੁੜੇ
ਤਿਨ ਕਉ ਦਰਿ ਢੋਈ ਨਾਹੀ॥"

ਅਜਿਹਾ ਸਮਾਂ ਕਿਸੇ ਸਿੱਖ 'ਤੇ ਵੀ ਨਾ ਆਵੇ ਕਿ ਉਸ ਦਾ ਗੁਰੂ ਉਸ ਨਾਲ ਰੁੱਸ ਜਾਵੇ। ਕੋਈ ਵੀ ਸਿੱਖ ਗੁਰੂ ਤੋਂ ਵਿਛੋੜੇ ਰੂਪੀ ਮੌਤ ਨਾਲ ਨਾ ਮਰੇ; ਕਿਤੇ ਗੁਰੂ ਦੇ ਪ੍ਰਤੀ ਸਿੱਖ ਨੂੰ ਗਲਿਆਨਤਾ ਨਾ ਆ ਜਾਵੇ। ਹੰਕਾਰ ਰੂਪੀ ਲੇਪ ਨਾਲ ਆਪਣੇ ਗੁਰੂ ਤੋਂ ਆਪਣੇ ਆਪ ਨੂੰ ਸ਼੍ਰੋਮਣੀ ਨਾ ਸਮਝਣ ਲਗ ਜਾਵੇ ਨਹੀਂ ਤਾਂ ਕਬੀਰ ਜੀ ਦੇ ਲਿਖੇ ਅਨੁਸਾਰ:-

'ਹਰਿ ਰੂਠੇ ਗੁਰੂ ਠੌਰ ਹੈ, ਗੁਰੂ ਰੂਠੇ ਨਹਿ ਠੌਰ'

ਨਾਮਧਾਰੀਆਂ ਦੀ ਜੋ ਪਹਿਚਾਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਰੇ ਸੰਸਾਰ ਵਿਚ, ਹਰ ਖੇਤਰ ਵਿਚ ਕਰਾਈ ਹੈ, ਇਹ ਬੇਮਿਸਾਲ ਹੈ।

ਸੂਬਾ ਸੁਰਿੰਦਰ ਕੌਰ ਨੇ ਇਹ ਬਹੁਤ ਸੋਹਣਾ ਅਤੇ ਸ਼ਲਾਘਾਯੋਗ ਉੱਦਮ ਕਰ ਕੇ ਆਪਣੀ ਕਲਮ, ਆਪਣੇ ਤਨ-ਮਨ ਨੂੰ ਅਕਾਲਪੁਰਖ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਚਲ ਰਹੇ ਕਾਲ ਬਾਰੇ, ਜਿਤਨੀ ਕੁ ਉਨ੍ਹਾਂ ਦੀ ਸਮਰੱਥਾ ਹੈ, ਲਿਖ ਕੇ, ਸਫਲ ਕੀਤਾ ਹੈ ਕਿਉਂਕਿ ਅਕਾਲ ਪੁਰਖ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਸਮਝਣਾ ਹਰ ਇਕ ਆਦਮੀ ਦੇ ਵੱਸ ਦੀ ਗੱਲ ਨਹੀਂ। ਇਨ੍ਹਾਂ ਨੇ, ਹਰ ਖੇਤਰ ਵਿਚ ਜੋ ਜੋ ਕੰਮ, ਪ੍ਰਾਣੀ ਮਾਤਰ ਦੇ ਭਲੇ ਲਈ ਕਰ ਛੱਡੇ ਹਨ, ਅਤੇ ਕਰ ਰਹੇ ਹਨ, ਉਨ੍ਹਾਂ ਬਾਰੇ ਲਿਖਣ, ਪਰਚਾਰਨ ਲਈ ਅਨੇਕਾਂ ਗ੍ਰੰਥ ਅਤੇ ਰੀਕਾਰਡਿੰਗਾਂ ਦੇ ਅੰਬਾਰ ਲੱਗ ਜਾਣਗੇ। ਉਨ੍ਹਾਂ ਨੂੰ ਸਮਝਣਾ ਹੀ, ਇਸ ਲਈ ਔਖਾ ਹੈ ਕਿਉਂਕਿ ਉਹ ਕੰਮ ਕਰਦੇ ਹਨ ਪਰ ਆਪਣੇ ਨਾਮ ਨਾਲ ਨਹੀਂ ਲਗਾਉਂਦੇ।

ਸੂਬਾ ਸੁਰਿੰਦਰ ਕੌਰ ਦੀ ਲਿਖੀ ਇਹ ਪੁਸਤਕ 'ਪ੍ਰਕਾਸ਼-ਪੁੰਜ' ਭਾਗ ਪਹਿਲਾ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਸੰਬੰਧੀ ਇਤਨੇ ਵਿਸਥਾਰ ਨਾਲ ਲਿਖੀ ਗਈ ਪਹਿਲੀ ਪੁਸਤਕ ਹੈ।

ਸੂਬਾ ਸੁਰਿੰਦਰ ਕੌਰ ਨੇ ਇਸਤਰੀ ਹੋਣ ਦੇ ਨਾਤੇ ਬਹੁਤ ਮਜਬੂਰੀਆਂ ਵਿਚੋਂ ਲੰਘ ਕੇ, ਕੁਝ ਅੱਖੀਂ ਡਿੱਠੀਆਂ, ਕੁਝ ਖਾਸ ਮਹਾਂਪੁਰਖਾਂ ਤੋਂ ਸੁਣ ਕੇ, ਪੁੱਛ ਕੇ, ਕੁਝ ਰਿਕਾਰਡ ਹੋਈਆਂ ਸਾਖੀਆਂ, ਕੁਝ ਸਤਿਗੁਰੂ ਜੀ ਦੇ ਹਮਉਮਰ ਦੇ ਸਾਥੀ, ਸਹਿਪਾਠੀਆਂ ਤੋਂ ਸੁਣ ਕੇ ਤੇ ਕੁਝ ਸਤਿਗੁਰੂ ਜੀ ਦੀ ਰਸਨਾ ਤੋਂ ਸੁਣਕੇ ਇਹ ਰਚਨਾ ਕੀਤੀ ਹੈ।

ਇਸ ਪੁਸਤਕ ਵਿਚ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਇਤਿਹਾਸ ਵੀ ਚਿਤਰਿਆ ਹੈ ਅਤੇ ਉਸ ਮਹਾਂਬਲੀ ਸੂਰਾ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਅਤੇ ਉਨ੍ਹਾਂ ਦੇ ਪੁੱਤਰਾਂ, ਮਾਤਾ-ਪਿਤਾ ਅਤੇ ਸਿੱਖਾਂ ਦਾ ਇਤਿਹਾਸ ਵੀ ਸਾਹਮਣੇ ਲਿਆਂਦਾ ਹੈ, ਜਿਸਨੂੰ ਪੜ੍ਹ ਕੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਨੰਤ ਸ਼ਕਤੀਆਂ ਵਾਲੇ ਸਤਿਗੁਰੂ ਦਾ ਇਤਿਹਾਸ ਸ਼ੁਰੂ ਦਾ ਅਤੇ ਚਲ ਰਹੇ ਦਾ ਵੀ ਵਿਵਰਣ ਹੈ, ਜਿਸ ਨੇ ਸਾਨੂੰ ਅਜ਼ਾਦੀ ਲੈ ਕੇ ਦਿਤੀ ਅਤੇ ਜਿਸ ਦੀ ਬਦੌਲਤ ਅਸੀਂ ਮੌਜਾਂ ਮਾਣ ਰਹੇ ਹਾਂ। ਜਿਨ੍ਹਾਂ ਦੇ ਅਨੇਕਾਂ ਹੀ ਸਿੱਖ, ਦੇਸ਼ ਅਤੇ ਗਊਆਂ ਨੂੰ ਅਜ਼ਾਦ ਕਰਾਉਣ ਹਿਤ ਸ਼ਹੀਦ ਹੋ ਗਏ ਹਨ। ਸ਼ਾਂਤੀ ਦੀ ਮੂਰਤ ਉਸ ਮਹਾਨ ਸਤਿਗੁਰੂ ਹਰੀ ਸਿੰਘ ਜੀ ਦਾ ਵੀ ਇਤਿਹਾਸ ਹੈ, ਜਿਹੜਾ ਸਾਨੂੰ ਅੰਗ੍ਰੇਜ਼ ਸਰਕਾਰ ਦੇ ਦਿੱਤੇ ਤਸੀਹਿਆਂ ਨੂੰ ਯਾਦ ਕਰਵਾਉਂਦਾ ਹੈ। ਇਸੇ ਘੋਲ (ਸੰਘਰਸ਼) ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜੀਵਨੀ ਅਤੇ ਅੰਗ੍ਰੇਜ਼ਾਂ ਦੀ ਫੁੱਟ-ਪਾਊ ਪਾਲਿਸੀ ਕਾਰਨ ਪਾਕਿਸਤਾਨ ਦਾ ਬਣਨਾ, ਹਿੰਦੂ-ਮੁਸਲਮਾਨ, ਹਿੰਦੂ-ਸਿੱਖ, ਕਤਲ-ਏ-ਆਮ ਹੋਣ ਦਾ ਵੀ ਜਿਕਰ ਹੈ। ਅਖੀਰ ਵਿਚ ਕਈ ਸਮੁੰਦਰਾਂ ਵਰਗਾ ਧੀਰਜ ਲੈ ਕੇ ਇਸ ਸੰਸਾਰ 'ਤੇ ਆਏ ਮਹਾਨ ਸਤਿਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਜਿਨ੍ਹਾਂ ਦੇ ਕਦਮ-ਕਦਮ 'ਤੇ ਹਰ ਕੋਈ ਵਾਰੇ-ਵਾਰੇ ਜਾਂਦਾ ਹੈ, ਦਾ ਉਨ੍ਹਾਂ ਦੇ ਅਵਤਾਰ ਤੋਂ ਲੈ ਕੇ ਅੱਗੇ ਤਕ ਚਲਦਾ ਇਤਿਹਾਸ ਬਹੁਤ ਹੀ ਖੋਜ ਭਰਪੂਰ ਅਤੇ ਮਿਹਨਤ ਦਾ ਪ੍ਰਤੱਖ

ਚਿੱਤਰ ਹੈ। ਇਸ ਚਿੱਤਰ ਵਿਚ ਕੌਤਕ (ਕਰਾਮਾਤਾਂ), ਘਟਨਾਵਾਂ ਅਤੇ ਸਮੇਂ ਸਮੇਂ ਦੀਆਂ ਸਮੱਸਿਆਵਾਂ, ਉਨ੍ਹਾਂ ਦੇ ਹੱਲ, ਉਸ ਸਮੇਂ ਦੀ ਤਸਵੀਰ ਅਤੇ ਸਮੇਂ ਸਮੇਂ ਦੀਆਂ ਮੁਖ ਹਸਤੀਆਂ ਨੂੰ ਵੀ ਅੱਖੋਂ ਓਹਲੇ ਨਹੀਂ ਹੋਣ ਦਿੱਤਾ ਗਿਆ, ਜੋ ਲਿਖਾਰੀ ਦੀ ਲੇਖਣੀ ਦਾ ਇੱਕ ਜ਼ਰੂਰੀ ਅੰਗ ਹੁੰਦਾ ਹੈ।

ਦਸਵੀਂ ਜਮਾਤ ਪਾਸ ਕਰਨ ਉਪ੍ਰੰਤ ਸੂਬਾ ਸੁਰਿੰਦਰ ਕੌਰ ਨੇ ਐਸ.ਡੀ. ਕਾਲਜ ਬਰਨਾਲਾ ਵਿਚ ਪੜ੍ਹਦਿਆਂ, 1966 ਤੋਂ ਲਿਖਣਾ ਸ਼ੁਰੂ ਕੀਤਾ। ਹਿੰਦੀ, ਪੰਜਾਬੀ ਤੇ ਅੰਗ੍ਰੇਜ਼ੀ ਵਿਚ ਆਪ ਜੀ ਦੇ ਲੇਖ, ਕਹਾਣੀਆਂ ਅਤੇ ਕਵਿਤਾਵਾਂ ਵੱਖੋ-ਵੱਖਰੇ ਮੈਗਜ਼ੀਨਾਂ ਤੇ ਅਖ਼ਬਾਰਾਂ 'ਚ ਛਪਣੇ ਸ਼ੁਰੂ ਹੋਏ।

ਇਨ੍ਹਾਂ ਰਚਨਾਵਾਂ ਵਿਚ ਸਮਾਜਕ ਅਨਿਆਂ ਤੇ ਸਤਾਏ ਹੋਏ ਵਰਗ ਵਿਰੁੱਧ ਅਵਾਜ਼ ਉਠਾਈ ਗਈ ਸੀ, ਇਸ ਦੀ ਝਲਕ ਇਨ੍ਹਾਂ ਦੀਆਂ ਮੁੱਢਲੀਆਂ ਕਵਿਤਾਵਾਂ ਵਿਚ ਅਤੇ 'ਤ੍ਰਿਸ਼ਨਾ' ਕਹਾਣੀ-ਸੰਗ੍ਰਹਿ ਵਿਚੋਂ ਮਿਲਦੀ ਹੈ। ਸੰਨ 1988 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਬੀਬੀ ਸੁਰਿੰਦਰ ਕੌਰ ਨੇ ਆਪਣੀ ਕਹਾਣੀਆਂ ਦੀ ਪੁਸਤਕ 'ਤ੍ਰਿਸ਼ਨਾ' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਭੇਟ ਕੀਤੀ। ਸ੍ਰੀ ਸਤਿਗੁਰੂ ਜੀ ਨੇ ਉਦੋਂ ਤੋਂ ਹੀ ਅਜਿਹੀ ਕਿਰਪਾ ਕੀਤੀ ਕਿ ਸੁਰਿੰਦਰ ਦੀ ਜ਼ਿੰਦਗੀ ਵਿਚ ਇਕ ਨਵਾਂ ਮੋੜ ਆ ਗਿਆ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ ਛੂਹ ਪ੍ਰਾਪਤ ਕਰਕੇ ਉਸਦਾ ਜੀਵਨ ਹੀ ਬਦਲ ਗਿਆ। ਸਾਦਗੀ ਵਿਚ ਰਹਿ ਕੇ ਆਪਣੇ ਪ੍ਰਭੂ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਣ ਗਾਉਣ ਲਗ ਪਈ। ਇਨ੍ਹਾਂ ਦੀਆਂ ਰਚਨਾਵਾਂ ਦੀ ਭਾਵੁਕਤਾ ਵਿਚ ਉਹ ਰੰਗ ਆ ਗਿਆ ਕਿ ਇਨ੍ਹਾਂ ਦੀ ਰਚਨਾ ਪੜ੍ਹਨ ਵਾਲਾ ਵੀ ਸਤਿਗੁਰੂ ਜੀ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਪੜ੍ਹੋ ਇਨ੍ਹਾਂ ਦੀ ਪੁਸਤਕ 'ਬਖ਼ਸ਼ਿਸ਼' (ਕਾਵਿ-ਸੰਗ੍ਰਹਿ)।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੀਬੀ ਸੁਰਿੰਦਰ ਕੌਰ ਨੂੰ ਸੇਵਾ ਕਰਨ ਦੇ ਮੌਕੇ ਪ੍ਰਦਾਨ ਕੀਤੇ:

29 ਦਸੰਬਰ 1991 ਨੂੰ ਸ੍ਰੀ ਸਤਿਗੁਰੂ ਜੀ ਨੇ ਬੀਬੀਆਂ ਦੇ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥੇ (ਰਜਿ:) ਦੀ ਪ੍ਰਧਾਨ ਦੀ ਸੇਵਾ ਬਖ਼ਸ਼ਿਸ਼ ਕੀਤੀ, ਜਿਸ ਨੂੰ ਇਨ੍ਹਾਂ ਨੇ ਸੰਨ 1995 ਤੀਕ ਨਿਭਾਇਆ।

ਸੰਨ 1992 ਵਿਚ ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ 'ਕੂਕਾ ਸ਼ਹੀਦ ਯਾਦਗਾਰੀ ਟਰੱਸਟ' (ਰਜਿ:) ਦੇ ਟਰੱਸਟੀ ਬਣਾਇਆ ਗਿਆ।

ਫਰਵਰੀ ਸੰਨ 1994 ਨੂੰ 'ਭੈਣੀ ਸਾਹਿਬ ਤੇ ਰਾਈਆਂ ਡੀਵੈਲਪਮੈਂਟ ਬੋਰਡ' (ਰਜਿ:) ਦੇ ਮੈਂਬਰ ਬਣਾਇਆ ਗਿਆ।

ਸ਼ਹੀਦ ਬਿਸ਼ਨ ਸਿੰਘ ਦੇ ਪਰਿਵਾਰ ਵਿਚੋ ਹੋਣ ਕਰਕੇ, ਸ਼ਹੀਦਾਂ ਦੇ ਪਰਿਵਾਰਾਂ ਸੰਬੰਧੀ ਖੋਜ ਕਰਨ ਕਰਕੇ ਤੇ ਸਾਹਿਤਕ ਤੇ ਪੰਥਕ ਸੇਵਾਵਾਂ ਕਾਰਨ, ਸਭ ਤੋ ਵੱਡਾ ਮਾਣ ਅਪ੍ਰੈਲ ਸੰਨ 1994 ਨੂੰ ਅੰਮ੍ਰਿਤਸਰ ਵਿਖੇ ਵਿਸਾਖੀ ਵਾਲੇ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੀਬੀ ਸੁਰਿੰਦਰ ਕੌਰ ਨੂੰ 'ਸੂਬਾ' ਬਣਾ ਕੇ ਬਖ਼ਸ਼ਿਆ।

ਸਿੱਖ ਧਰਮ ਵਿਚ ਸਤਿਗੁਰੂ ਰਾਮ ਸਿੰਘ ਤੋਂ 'ਸੂਬਾ' ਉਪਾਧੀ ਦੀ ਬਖ਼ਸ਼ਿਸ਼ ਮੌਕੇ ਦੇ ਸਤਿਗੁਰੂ ਵਲੋਂ ਦਿਤੀ ਜਾਂਦੀ ਹੈ। ਸੂਬਾ ਬਨਾਉਣ ਜਾਂ ਹਟਾਉਣ ਦਾ ਅਧਿਕਾਰ ਸਿਰਫ ਵਰਤਮਾਨ ਸਤਿਗੁਰੂ ਨੂੰ ਹੀ ਹੁੰਦਾ ਹੈ। ਇਹ ਉਪਾਧੀ ਸਤਿਗੁਰੂ ਰਾਮ ਸਿੰਘ ਜੀ ਨੇ 22 ਸਿੰਘਾਂ ਅਤੇ ਇਕ ਬੀਬੀ ਨੂੰ ਬਖ਼ਸ਼ਿਸ਼ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਨੇਕਾਂ ਸਿੰਘਾਂ ਅਤੇ ਸਿਰਫ ਤਿੰਨ ਬੀਬੀਆਂ ਨੂੰ ਸੂਬਾ ਪਦ ਦੀ ਬਖ਼ਸ਼ਿਸ਼ ਕੀਤੀ। ਉਨ੍ਹਾਂ ਵਿਚ ਇਕ ਸੂਬਾ ਸੁਰਿੰਦਰ ਕੌਰ ਹੈ। ਸੂਬਾ ਪਦ, ਬਹੁਤ ਉੱਚਾ, ਸੁੱਚਾ ਅਤੇ ਸਤਿਗੁਰੂ ਵਲੋਂ ਵਰੋਸਾਇਆ ਹੋਇਆ ਪਦ ਹੈ ਜਿਸ ਦਾ ਸਾਰੀ ਸੰਗਤ ਮਾਣ ਕਰਦੀ ਹੈ। ਸੂਬਾ ਆਪ ਸਤਿਗੁਰੂ ਦੇ ਹੁਕਮ ਵਿਚ ਰਹਿੰਦਾ ਹੈ, ਹੁਕਮ ਤਮੀਲੀ ਵਾਸਤੇ ਸੰਗਤ ਨੂੰ ਪ੍ਰੇਰਦਾ ਹੈ, ਕੁਰੀਤਿਆਂ ਤੋਂ ਬਚਣ ਦਾ ਪ੍ਰਚਾਰ ਕਰਦਾ ਹੈ।

ਸੂਬਾ ਸੁਰਿੰਦਰ ਕੌਰ ਨੇ ਇਕ ਹੋਰ ਬਹੁਤ ਹੀ ਵਧੀਆ ਉਪਰਾਲਾ ਇਸ ਪੁਸਤਕ ਵਿਚ ਕੀਤਾ ਹੈ ਕਿ ਪੁਸਤਕ ਦੇ ਅਖੀਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਵਿਚੋਂ ਕੁਛ ਬਚਨਾਂ ਦੀ ਵਰਣਮਾਲਾ ਦੇ ਦਿਤੀ ਹੈ। ਇਸ ਨਾਲ ਸਰੋਤਿਆਂ ਦਾ ਮਨ-ਤਨ ਸ਼ੁੱਧ ਹੋਵੇਗਾ। ਆਤਮਾ ਉਚਿਆਈ ਵੱਲ ਪ੍ਰੇਰਤ ਹੋਏਗੀ।

ਸੂਬਾ ਸੁਰਿੰਦਰ ਕੌਰ ਖਰਲ ਦੀ ਲਿਖੀ ਇਹ ਪੁਸਤਕ ਇਕ ਅਜਿਹਾ ਉਪਰਾਲਾ ਹੈ ਜੋ ਹਰ ਪਾਠਕ ਲਈ ਮਾਰਗ ਦਰਸ਼ਨ ਵਿਚ ਸਹਾਇਕ ਸਿੱਧ ਹੋਵੇਗਾ।

ਮੈਂ ਆਖੀਰ ਵਿਚ ਹਰ ਲਿਖਾਰੀ ਵਿਦਵਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਈਰਖਾ ਸਾੜੇ ਤੋਂ ਉੱਪਰ ਉੱਠ ਕੇ ਲਿਖਣ ਦਾ ਉਪਰਾਲਾ ਕਰਿਆ ਕਰਨ, ਜਿਸ ਨਾਲ ਉਨ੍ਹਾਂ ਦਾ ਆਪਣਾ ਜੀਵਨ ਤਾਂ ਸੌਰੇਗਾ ਹੀ ਪਾਠਕਾਂ ਦਾ ਜੀਵਨ ਵੀ ਅਜਿਹੀ ਲੇਖਣੀ ਨੂੰ ਪੜ੍ਹ ਕੇ ਸਫਲ ਹੋ ਸਕੇਗਾ।

1 ਮਈ, 1997

ਤਰਸੇਮ ਸਿੰਘ ਨਾਮਧਾਰੀ
ਨਿੱਜੀ ਸਕੱਤਰ,
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸਕੂਨ ਦੇ ਛਿਣ

*"ਗੁਰ ਕੀ ਮੂਰਤਿ ਮਨ ਮਹਿ ਧਿਆਨੁ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥*
*ਗੁਰ ਕੇ ਚਰਨ ਰਿਦੈ ਲੈ ਧਾਰਉ॥*
*ਗੁਰੁ ਪਾਰਬ੍ਰਹਮ ਸਦਾ ਨਮਸਕਾਰਉ॥"*

*ਸ੍ਰੀ ਆਦਿ ਗ੍ਰੰਥ, ਪੰਨਾ ੮੬੪*

ਹਾਂ, ਸਚਮੁਚ ਇਹ ਸਿਰਜਣਾਤਮਕ ਛਿਣ, ਆਤਮਕ ਤੇ ਮਾਨਸਕ ਸ਼ਾਂਤੀ ਤੇ ਸਕੂਨ ਦੇ ਛਿਣ ਹਨ। ਸਰਵ ਪ੍ਰਥਮ, ਸਾਹਿਤ-ਸਿਰਜਣ ਦੇ ਇਹ ਛਿਣ, ਜਿਨ੍ਹਾਂ ਵਿਚੋਂ ਮੈਨੂੰ ਜ਼ਿੰਦਗੀ ਦੀ ਸਾਰਥਕਤਾ ਨਜ਼ਰ ਆਉਂਦੀ ਹੈ, ਮਿਲ ਸਕਣ ਲਈ ਮੈਂ ਆਪਣੇ ਸਤਿਗੁਰੂ ਪਾਰਬ੍ਰਹਮ ਦੇ ਚਰਨਾਂ 'ਤੇ ਨਮਸਕਾਰ ਕਰਦਿਆਂ, ਇਸ ਕਿਰਪਾ, ਇਸ ਬਖਸ਼ਿਸ਼ ਪ੍ਰਤੀ ਆਪਣੀ ਸ਼ੁਕਰਗੁਜ਼ਾਰੀ ਵਿਅਕਤ ਕਰਦੀ ਹਾਂ।

ਹਰ ਪ੍ਰਾਣੀ ਮਾਤਰ ਦੇ ਕਲਿਆਣ ਦਾ ਸਾਧਨ ਸਤਿਗੁਰੂ ਹੁੰਦੇ ਹਨ। ਸਤਿਗੁਰੂ ਹੀ ਨਿਰਾਕਾਰ ਈਸ਼ਵਰ ਦਾ ਸਾਕਾਰ ਰੂਪ ਹੁੰਦੇ ਹਨ। ਸਾਨੂੰ ਅਕਾਲ ਪੁਰਖ ਦੇ ਦਰਸ਼ਨ ਸਤਿਗੁਰੂ ਰੂਪ ਵਿਚ ਹੁੰਦੇ ਹਨ। ਪ੍ਰਾਣੀਆਂ ਨੂੰ ਸੇਧ ਦਿੰਦਾ ਪਿਆਰ ਦਾ ਮਸੀਹਾ, ਪ੍ਰਕਾਸ਼ ਪੁੰਜ ਸਤਿਗੁਰੂ ਜੀਵ-ਮਾਤਰ ਨੂੰ ਸ਼ਾਂਤੀ ਤੇ ਆਨੰਦ ਪ੍ਰਦਾਨ ਕਰਦਾ ਹੈ।

ਸਤਿਗੁਰੂ-ਰੂਪੀ ਮਹਾਂਨੂਰ, ਮਾਨਸ ਰੂਪ ਧਾਰ ਕੇ ਸੰਸਾਰ 'ਤੇ ਆਉਂਦਾ ਹੈ ਅਤੇ ਆਮ ਸੰਸਾਰੀਆ ਵਾਂਗ ਹੀ ਵਿਚਰਦਾ ਹੈ। ਮਨੁੱਖ ਦੇ ਦੁਖ-ਸੁਖ ਵਿਚ ਭਾਈਵਾਲ ਹੋ ਕੇ, ਉਹਨੂੰ ਜੀਵਨ ਜਾਚ ਦੱਸਦਾ ਹੈ, ਮੁਕਤੀ ਦਾ ਰਾਹ ਵਿਖਾਉਂਦਾ ਹੈ।

ਮਾਨਸ ਦੇਹ ਵਿਚ ਪਰਮੇਸ਼ਵਰੀ ਜੋਤ ਹੋਣ ਕਰਕੇ ਸਮਰੱਥ ਹੁੰਦਿਆਂ ਵੀ, ਸਤਿਗੁਰੂ-ਰੂਪੀ ਪਰਮ ਪੁਰਖ ਪਰਮੇਸ਼ਵਰ, ਆਪਣੇ ਬਣਾਏ ਹੋਏ ਕਾਰਣ ਦੇ ਆਪਣੇ ਆਪ ਨੂੰ ਅਧੀਨ ਕਰਦਾ ਹੈ ਤੇ ਸਾਰੀ ਲੀਲ੍ਹਾ ਆਪਣੇ ਹੀ ਰਚੇ ਹੋਏ ਬੰਧਨਾਂ ਕਾਰਜਾਂ 'ਚ ਰਹਿ ਕੇ ਕਰਦਾ ਹੈ। ਭਾਈ ਗੁਰਦਾਸ ਜੀ ਨੇ ਭਗਵਾਨ ਰਾਮ ਚੰਦਰ ਜੀ ਬਾਰੇ ਲਿਖਿਆ ਹੈ "ਕਰਣ ਕਾਰਣ ਰਾਮ ਚੰਦ ਕਾਰਣ ਵਸ ਹੋਇਆ ਦੇਹੀ ਧਾਰੀ।"

ਜਦੋਂ ਅਸੀਂ ਪੁਰਾਤਨ ਗੁਰੂਆਂ ਅਤੇ ਮਹਾਂਪੁਰਖਾਂ ਦੀਆਂ ਜੀਵਨੀਆਂ ਅਤੇ ਇਤਿਹਾਸ ਪੜ੍ਹਦੇ ਹਾਂ, ਉਨ੍ਹਾਂ ਦੁਆਰਾ ਕੀਤੇ ਜੀਵਾਂ ਦੇ ਉਧਾਰ ਤੇ ਸ੍ਰਿਸ਼ਟੀ ਦੇ ਭਲੇ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ ਤਾਂ ਮਨ ਵਿਚ ਉਤਸੁਕਤਾ ਪੈਦਾ ਹੁੰਦੀ ਹੈ ਅਤੇ ਅਸੀਂ ਕਲਪਨਾ ਦੀ ਸੋਚ ਦੇ ਪਰਾਂ ਨਾਲ ਉਡਾਰੀਆਂ ਮਾਰਦੇ ਆਪਣੇ ਅਹਿਸਾਸਾਂ ਦੁਆਰਾ ਇਹ ਮਹਿਸੂਸ ਕਰਨ ਦੀ ਕੋਸ਼ਿਸ਼ ਕਰਦੇ ਹਾਂ ਕਿ ਉਨ੍ਹਾਂ ਦੇ ਸਮੇਂ ਵਿਚ ਕੀ-ਕੀ, ਕਿਵੇਂ-ਕਿਵੇਂ ਹੋਇਆ, ਬੀਤਿਆ। ਸਾਨੂੰ ਅਨੁਭਵ ਹੁੰਦਾ ਹੈ ਕਿ ਕਿੰਨੇ ਮਹਾਨ ਸਨ ਉਹ ਅਤੇ ਕਿੰਨੇ ਸੁਭਾਗੇ ਸਨ ਉਨ੍ਹਾਂ ਦੇ ਦਰਸ਼ਨ ਕਰਨ ਵਾਲੇ। ਕਾਸ਼! ਅਸੀਂ ਵੀ ਉਨ੍ਹਾਂ ਦੇ ਦਰਸ਼ਨ ਕਰ ਸਕਦੇ।

ਮਹਾਂਪੁਰਸ਼ਾਂ ਦੇ ਇਤਿਹਾਸ ਸਾਨੂੰ ਇਸ ਗੱਲ ਦੀ ਸੂਝ ਦਿੰਦੇ ਹਨ ਕਿ ਅਸੀਂ ਪੂਰਨ ਗੁਰੂ ਦੀ ਸ਼ਰਣ ਵਿਚ ਜਾ ਕੇ ਉਨ੍ਹਾਂ ਦੇ ਹੁਕਮਾਂ ਅਤੇ ਮਾਰਗ-ਦਰਸ਼ਨ ਅਨੁਸਾਰ ਸੁਚੱਜਾ ਜੀਵਨ ਜਿਉਂ ਕੇ ਜਨਮ-ਮਰਣ ਦੇ ਗੇੜ 'ਚੋਂ ਨਿਕਲ ਸਕੀਏ।

ਐਸ ਵੇਲੇ ਕਲਿਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਸੁਸ਼ੋਭਿਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੀਵਾਂ ਦਾ ਉਧਾਰ ਕਰ ਰਹੇ ਹਨ। ਸਤਿਗੁਰੂ ਸਾਡੇ ਸਾਹਮਣੇ ਪ੍ਰਤੱਖ ਰੂਪ ਵਿਚ ਦਰਸ਼ਨ ਦੇ ਰਹੇ ਹਨ। ਅਸੀਂ ਉਨ੍ਹਾਂ ਨੂੰ ਖਾਂਦੇ-ਪੀਂਦੇ, ਉਠਦੇ-ਬੈਠਦੇ, ਇਨਸਾਨਾਂ ਵਾਂਗ ਕਿਰਿਆਵਾਂ ਕਰਦੇ ਵੇਖਦੇ ਹਾਂ। ਭਾਗਾਂ ਵਾਲੇ ਜੀਵ ਉਨ੍ਹਾਂ ਦੇ ਦਰਸ਼ਨ ਅਤੇ ਨੇੜ ਪ੍ਰਾਪਤ ਕਰ ਕੇ ਆਪਣਾ ਜਨਮ ਸੁਆਰ ਰਹੇ ਹਨ। ਜਿਵੇਂ ਕਿ ਸਤਿਗੁਰੂ ਦੀ ਇਹ ਮਹਾਨਤਾ ਹੁੰਦੀ ਹੀ ਹੈ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੀ ਬੜੇ ਮਨਮੋਹਕ ਹਨ, ਜਿਹੜਾ ਇਕ ਵਾਰ ਇਨ੍ਹਾਂ ਦੇ ਦਰਸ਼ਨ ਕਰ ਲੈਂਦਾ ਹੈ, ਇਨ੍ਹਾਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਸੱਚੇ ਪਾਤਸ਼ਾਹ ਜੀ ਸਾਰੀ ਸ੍ਰਿਸ਼ਟੀ ਦਾ ਭਲਾ ਕਰ ਰਹੇ ਹਨ। ਨਾਮ ਦੀ ਦਾਤ ਬਖ਼ਸ਼ ਕੇ ਜੰਮਣ-ਮਰਣ ਦੇ ਗੇੜ ਵਿਚੋਂ ਕੱਢ ਰਹੇ ਹਨ।

ਮੈਨੂੰ ਆਪਣੇ ਸੁਭਾਗ 'ਤੇ ਫ਼ਖਰ ਹੈ ਕਿ ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਇਹ ਜਨਮ ਮਿਲਿਆ ਹੈ ਤੇ ਮੈਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਦਿਆਂ, ਇਸ ਸਮੇਂ ਨੂੰ ਵੇਖਣ ਅਤੇ ਅਨੁਭਵ ਕਰਨ ਦਾ ਸੁਅਵਸਰ ਹੀ ਨਹੀਂ ਪ੍ਰਾਪਤ ਕਰ ਰਹੀ ਸਗੋਂ ਇਸ ਸਮੇਂ ਦੇ ਇਤਿਹਾਸ ਲੇਖਣ-ਕਾਰਜ ਕਰਨ ਦੀ ਮੌਜ ਦਾ ਆਨੰਦ ਵੀ ਉਠਾ ਰਹੀ ਹਾਂ। ਲਿਖਣ ਦਾ ਇਹ ਉਪਰਾਲਾ ਮੈਂ ਸ੍ਰੀ ਸਤਿਗੁਰੂ ਜੀ ਦੁਆਰਾ ਬਖ਼ਸ਼ੀ ਸੋਝੀ ਅਨੁਸਾਰ ਕਰ ਰਹੀ ਹਾਂ।

*"ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ*
*ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ।"*

*ਸ੍ਰੀ ਆਦਿ ਗ੍ਰੰਥ ਪੰਨਾ ੧੩੭੦*

ਸਤਿਗੁਰੂ ਦਾ ਵਿਅਕਤੀਤੱਵ ਇਤਨਾ ਮਹਾਨ ਹੁੰਦਾ ਹੈ, ਕਿ ਕਲਮ ਦੀ ਨੋਕ ਸਾਰਾ ਕੁਝ ਆਪਣੇ ਵਿਚ ਸਮਾਣ ਵਿਚ ਅਸਮਰਥ ਹੁੰਦੀ ਹੈ। ਵੈਸੇ ਜੀਵਨੀ ਤਾਂ ਕਿਸੇ ਆਮ ਬੰਦੇ ਦੀ ਵੀ ਅਸੀਂ ਪੂਰੀ ਤਰ੍ਹਾਂ ਨਾ ਲਿਖ ਸਕਦੇ ਤੇ ਨਾ ਪੂਰੀ ਸਮਝ ਸਕਦੇ ਹਾਂ। ਭਾਵੇਂ ਸਤਿਗੁਰੂ ਬਾਰੇ ਸਭ ਕੁਝ ਲਿਖਿਆ ਤਾਂ ਨਹੀਂ ਜਾ ਸਕਦਾ ਪਰ ਆਪਣੀ ਭਾਵਨਾ 'ਤੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਹੋ ਜਾਣ 'ਤੇ, ਮਿਸ਼ਰੀ ਦੇ ਪਹਾੜ ਵਿਚੋਂ ਕਿਣਕਾ ਕੁ ਚੁੱਕਣ ਦੀ ਹਿਮਾਕਤ ਕਰ ਰਹੀ ਹਾਂ। ਕੋਈ ਵੀ ਕੰਮ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਤੋਂ ਬਿਨਾਂ ਸਿਰੇ ਨਹੀਂ ਚੜ੍ਹ ਸਕਦਾ। ਸ੍ਰੀ ਸਤਿਗੁਰੂ ਜੀ ਨੇ ਇਹ ਕਿਰਪਾ ਕੀਤੀ ਕਿ ਜਿੱਥੇ ਕਿਧਰੇ ਵੀ ਮੈਨੂੰ ਕਿਸੇ ਜਾਣਕਾਰੀ ਦੀ ਲੋੜ ਪਈ ਜਾਂ ਕੁਝ ਤੱਥਾਂ ਨੂੰ ਤਸਦੀਕ ਕਰਨ ਲਈ ਮੈਂ ਸ੍ਰੀ ਸਤਿਗੁਰੂ ਜੀ ਨੂੰ ਬੇਨਤੀ ਕੀਤੀ, ਉਨ੍ਹਾਂ ਮੈਨੂੰ ਆਪਣਾ ਕੀਮਤੀ ਵਕਤ ਦੇ ਕੇ ਨਿਵਾਜਿਆ। ਮੈਂ ਅਤਿਅੰਤ ਸ਼ੁਕਰਗੁਜ਼ਾਰ ਹਾਂ।

ਇਹ ਪੁਸਤਕ ਮੈਂ ਸਤੰਬਰ ਸੰਨ 1991 ਤੋਂ ਲਿਖਣੀ ਸ਼ੁਰੂ ਕੀਤੀ। ਇਸ ਪੁਸਤਕ- ਰਚਨਾ ਵਿਚ ਮੇਰੇ ਮਦਦਗਾਰ ਅਤੇ ਖ਼ਾਸ ਧੰਨਵਾਦ ਦੇ ਪਾਤਰ, ਮਾਨਯੋਗ ਸੰਤ ਤਰਸੇਮ ਸਿੰਘ, ਨਿਜੀ ਸਕੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਇਸ ਪੁਸਤਕ ਦੇ ਲੇਖਣ-ਕਾਰਜ ਦੇ ਨਿਸ਼ਾਨੇ ਵਲ ਅੱਗੇ ਵਧਦੇ ਰਹਿਣ ਲਈ ਰਸਤਾ ਹੀ ਨਹੀਂ ਵਿਖਾਇਆ, ਸਗੋਂ ਸੇਧ ਵੀ ਦਿਤੀ ਹੈ। ਪੁਸਤਕ ਦੇ ਹਰ ਅਧਿਆਇ ਨੂੰ ਪੂਰਨ ਗੰਭੀਰਤਾ ਅਤੇ ਦਿਲਚਸਪੀ ਨਾਲ ਵਾਚਿਆ ਹੈ ਤੇ ਨਿਜੀ ਸਕੱਤਰ ਦੇ ਤੌਰ 'ਤੇ ਸ੍ਰੀ ਸਤਿਗੁਰੂ ਜੀ ਨਾਲ ਅਨੇਕ ਸਾਲ ਰਹਿ ਕੇ ਪ੍ਰਾਪਤ ਹੋਏ ਆਪਣੇ ਨਿਜੀ ਤਜ਼ਰਬੇ ਅਤੇ ਅਨੁਭਵਾਂ ਦੇ ਆਧਾਰ 'ਤੇ ਅਮੁੱਲੀ ਜਾਣਕਾਰੀ ਦਿੰਦਿਆਂ ਇਸ ਪੁਸਤਕ ਲਈ ਭਰਪੂਰ ਸਮੱਗਰੀ ਪ੍ਰਦਾਨ ਕੀਤੀ ਹੈ। ਹਰ ਅਧਿਆਏ ਨੂੰ ਪੜ੍ਹ ਕੇ ਦੱਸਿਆ ਹੈ ਕਿ ਕੀ, ਕੀ ਅਤੇ ਕਿਵੇਂ ਕਿਵੇਂ ਲਿਖਿਆ ਜਾਣਾ ਚਾਹੀਦਾ ਹੈ। ਮੈਨੂੰ ਹੀ ਨਹੀਂ, ਸੰਤ ਤਰਸੇਮ ਸਿੰਘ ਬਹੁਤ ਸਾਰੇ ਲੇਖਕਾਂ ਨੂੰ ਨਾਮਧਾਰੀ ਇਤਿਹਾਸ ਲਿਖਣ ਲਈ ਪ੍ਰੇਰਨਾ ਅਤੇ ਉਤਸ਼ਾਹ ਦਿੰਦੇ ਹਨ। ਪੁਸਤਕ ਦੇ ਖਰੜਿਆਂ ਵਿਚ ਸੋਧ ਕਰ ਕੇ ਛਪਣਯੋਗ ਬਣਾਏ ਜਾਣ ਦੇ ਅਤੇ ਛਪਵਾਈ ਕਾਰਜ ਵਿਚ, ਆਪ ਦਾ ਵਿਸ਼ੇਸ਼ ਯੋਗਦਾਨ ਹੈ।

ਸੰਤ ਤਰਸੇਮ ਸਿੰਘ ਸਪੁੱਤਰ ਸ੍ਰ. ਪੂਰਨ ਸਿੰਘ ਪਹਿਲਾਂ ਤੋਂ ਨਾਮਧਾਰੀ ਨਹੀਂ ਸਨ। ਪੂਰੀ ਅਜ਼ਮਾਇਸ਼ ਤੋਂ ਬਾਅਦ ਇਹ ਨਿਰਣਾ ਕਰਨ ਉਪ੍ਰੰਤ ਕਿ ਵਾਕਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਹਨ, ਆਪ ਸਤਿਗੁਰੂ ਜੀ ਦੀ ਸ਼ਰਣ ਵਿਚ ਆ, ਨਾਮਧਾਰੀ ਬਣੇ। ਆਪ ਬੀ.ਏ. ਪਾਸ ਕਰਨ ਉਪ੍ਰੰਤ ਚੜ੍ਹਦੀ ਜਵਾਨੀ ਦੀ ਅਵਸਥਾ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਆਏ ਤੇ ਆਪਣਾ ਸਮੁੱਚਾ ਜੀਵਨ ਹੀ ਸ੍ਰੀ ਸਤਿਗੁਰੂ ਜੀ ਨੂੰ ਅਰਪਣ ਕਰ ਦਿਤਾ। ਆਪ ਜੀ ਦਾ ਨਿਵਾਸ ਅੱਜ ਕਲ੍ਹ ਲੁਧਿਆਣਾ ਵਿਖੇ ਹੈ। ਆਪ ਪਿਛੋਂ ਪਿੰਡ ਪਾਸਲਾ, ਜ਼ਿਲ੍ਹਾ ਜਲੰਧਰ ਦੇ ਹਨ।

ਗਿਆਨ ਮਾਰਤੰਡ ਪੰਡਤ ਗੋਪਾਲ ਸਿੰਘ ਜੀ ਨੇ ਮੈਨੂੰ ਇਸ ਪੁਸਤਕ ਦੇ ਅਧਿਆਏ ਪੜ੍ਹਦਿਆਂ ਆਪਣੀ ਕੀਮਤੀ ਰਾਏ, ਸਮਾਂ ਅਤੇ ਜਾਣਕਾਰੀ ਪ੍ਰਦਾਨ ਕੀਤੇ, ਮੈਂ ਧੰਨਵਾਦੀ ਹਾਂ।

ਸ੍ਰੀ ਭੈਣੀ ਸਾਹਿਬ ਦੇ ਨੇੜੇ ਪਿੰਡ ਰਾਮਪੁਰ ਦੇ ਸੰਤ ਗੁਰਦੇਵ ਸਿੰਘ ਸਪੁੱਤਰ ਸੰਤ ਕੇਹਰ ਸਿੰਘ, ਮੈਟ੍ਰਿਕ ਕਰਨ ਉਪ੍ਰੰਤ ਸੰਨ 1934 ਵਿਚ ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਆ ਗਏ ਸਨ। ਸੰਤ ਗੁਰਦੇਵ ਸਿੰਘ ਨੂੰ ਅੱਠ ਸਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਜੀ ਸਕੱਤਰ ਦੀ ਸੇਵਾ ਉਪ੍ਰੰਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰ ਗੱਦੀ 'ਤੇ ਸੁਭੋਭਿਤ ਹੋਣ ਤੋਂ ਬਾਅਦ, ਕੁਝ ਵਰ੍ਹੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵੀ ਉਨ੍ਹਾਂ ਦੇ ਨਿਜੀ ਸਕੱਤਰ ਵਜੋਂ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਸੰਤ ਗੁਰਦੇਵ ਸਿੰਘ ਨੇ ਇਸ ਪੁਸਤਕ ਦੇ ਖਰੜੇ ਦੇ ਮੁੱਢਲੇ ਅਧਿਆਏ ਸੁਣ ਕੇ, ਮੈਨੂੰ ਉਤਸ਼ਾਹ ਤੇ ਪ੍ਰੇਰਨਾ ਦੇਣ ਦੇ ਨਾਲ ਨਾਲ ਆਪਣੀ ਤੀਖਣ ਯਾਦਦਾਸ਼ਤ ਅਤੇ ਉਸ ਵੇਲੇ ਦੀਆਂ ਲਿਖੀਆਂ ਆਪਣੀਆਂ ਨਿਜੀ ਡਾਇਰੀਆਂ ਦੇ ਅਧਾਰ 'ਤੇ ਬਹੁਤ ਸਾਰੀ ਕੀਮਤੀ ਜਾਣਕਾਰੀ ਦਿੱਤੀ ਹੈ, ਨਾਲ ਹੀ ਆਪਣੀ ਸੁਯੋਗ ਤੇ ਵਡਮੁੱਲੀ ਰਾਏ ਦੇ ਕੇ ਵੀ ਮੈਨੂੰ ਨਿਵਾਜਿਆ ਹੈ, ਮੈਂ ਆਪ ਜੀ ਦੀ ਅਤੀ ਧੰਨਵਾਦੀ ਹਾਂ। ਆਪ ਜੀ ਦਾ ਨਿਵਾਸ ਅੱਜ ਕਲ੍ਹ ਕੈਨੇਡਾ ਵਿਖੇ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਾਮਾ ਜੀ ਦੇ ਸਪੁੱਤਰ (ਸਵਰਗੀ) ਪੰਡਤ ਰਾਜਿੰਦਰ ਸਿੰਘ ਗੁਰੂਸਰ, ਜੋ ਹਜ਼ੂਰ ਦੇ ਪਰਮ ਮਿੱਤਰ ਅਤੇ ਸਹਿਪਾਠੀ ਸਨ, ਉਨ੍ਹਾਂ ਪਾਸੋਂ ਮੈਨੂੰ ਸ੍ਰੀ ਸਤਿਗੁਰੂ ਜੀ ਦੇ ਬਚਪਨ ਅਤੇ ਵਿੱਦਿਆ-ਪ੍ਰਾਪਤੀ ਦੇ ਸਮੇਂ ਬਾਰੇ ਜਾਣਕਾਰੀ ਪ੍ਰਾਪਤ ਹੋਈ। ਪੰਡਤ ਰਾਜਿੰਦਰ ਸਿੰਘ ਜੀ ਲੇਖਕ ਸਨ। ਆਪ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਸਮੇਂ ਬਾਰੇ ਕਈ ਜਾਣਕਾਰੀ ਭਰਪੂਰ, ਰੋਚਕ ਲੇਖ ਲਿਖੇ।

ਸੰਤ ਕੁੰਦਨ ਸਿੰਘ ਨਕਈ ਨੇ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਆਪਣਾ ਬਚਪਨ ਗੁਜ਼ਾਰਿਆ। ਆਪ ਹਜ਼ੂਰ ਦੇ ਪਰਮ ਮਿੱਤਰ ਅਤੇ ਸਹਿਪਾਠੀ ਹਨ। ਨਕਈ ਜੀ ਨੇ ਵੀ ਮੈਨੂੰ ਸੱਚੇ ਪਾਤਸ਼ਾਹ ਜੀ ਦੇ ਬਚਪਨ ਅਤੇ ਪੜ੍ਹਾਈ-ਕਾਲ ਬਾਰੇ ਕਾਫੀ ਕੁਝ ਦੱਸਿਆ। ਨਕਈ ਜੀ, ਅੱਜ ਕਲ੍ਹ ਜ਼ਿਆਦਾਤਰ ਸ੍ਰੀ ਭੈਣੀ ਸਾਹਿਬ ਵਿਖੇ ਰਹਿੰਦੇ ਹਨ, ਕਦੇ ਕਦਾਈਂ ਆਪਣੇ ਪਿੰਡ ਕਰੀਵਾਲਾ ਵਿਖੇ ਚਲੇ ਜਾਂਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸ੍ਰੀ ਭੈਣੀ ਸਾਹਿਬ ਵਿਦਿਆਲੇ ਵਿਖੇ ਪੜ੍ਹਦੇ ਰਹੇ, ਸ੍ਰੀ ਪ੍ਰੀਤਮ ਸਿੰਘ ਕਵੀ, ਅਨੇਕ ਪੁਸਤਕਾਂ ਦੇ ਰਚੇਤਾ ਹਨ। ਕਵੀ ਜੀ ਨੇ ਪ੍ਰਮੁੱਖ ਰੂਪ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਲਿਖਿਆ ਹੈ। ਖ਼ੁਦ ਕਵੀ ਜੀ ਵੀ ਤੇ ਉਨ੍ਹਾਂ ਦੀਆਂ ਸਤਿਗੁਰੂ-ਸੂਰਜ ਦੁਆਲੇ ਪ੍ਰਕਰਮਾ ਕਰਦੀਆਂ ਮੁੱਖ ਪੁਸਤਕਾਂ, 'ਬੀਤੇ ਦੀਆਂ ਪੈੜਾਂ' ਦੇ ਅੱਠ ਭਾਗ, 'ਸਤਿਗੁਰੂ ਜਗਜੀਤ ਸਿੰਘ ਇਕ ਪਰਿਵਰਤਨ' ਅਤੇ 'ਸਿਮਰਨ' ਮੇਰੇ ਲਈ ਕਾਫੀ ਜਾਣਕਾਰੀ ਦਾ ਸਰੋਤ

ਰਹੀਆਂ ਹਨ। ਮੈਂ ਕਵੀ ਜੀ ਦੀ ਧੰਨਵਾਦੀ ਹਾਂ।

ਦਿੱਲੀ ਵਿਖੇ ਨਿਵਾਸ ਰੱਖਦੇ ਲੇਖਕ ਸ੍ਰ. ਪ੍ਰੀਤਮ ਸਿੰਘ ਪੰਛੀ ਵੀ ਬਚਪਨ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਰਹੇ ਹਨ। ਪੰਛੀ ਜੀ ਕੋਲੋਂ ਵੀ ਮੈਂ ਸੱਚੇ ਪਾਤਸ਼ਾਹ ਜੀ ਦੇ ਬਚਪਨ ਅਤੇ ਵਿਦਿਆ-ਪ੍ਰਾਪਤੀ ਦੇ ਸਮੇਂ ਬਾਰੇ ਜਾਣਕਾਰੀ ਲਈ ਹੈ, ਮੈਂ ਉਨ੍ਹਾਂ ਦੀ ਹਾਰਦਿਕ ਆਭਾਰੀ ਹਾਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਵਿਚ ਕਈ ਸਾਲ ਸੇਵਕ ਰਹੇ ਸੰਤ ਗੁਰਮੁਖ ਸਿੰਘ ਝੱਬਰ ਦੀ ਰਿਕਾਰਡਿੰਗ ਤੋਂ ਮੈਂ ਹਜ਼ੂਰ ਦੇ ਬਚਪਨ ਬਾਰੇ ਕਾਫੀ ਜਾਣਕਾਰੀ ਹਾਸਲ ਕੀਤੀ ਹੈ।

(ਸਵਰਗੀ) ਸੰਤ ਤਰਨ ਸਿੰਘ ਵਹਿਮੀ ਰਚਿਤ ਗ੍ਰੰਥ 'ਜੱਸ-ਜੀਵਨ' (ਛੇ ਭਾਗ) ਵਿਚ ਸ੍ਰੀ ਸਤਿਗੁਰੂ ਪ੍ਰਤਾਪ ਜੀ ਤੋਂ ਇਲਾਵਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਵੀ ਅਮੁੱਲ ਜਾਣਕਾਰੀ ਦਾ ਭੰਡਾਰ ਸਮੋਇਆ ਹੋਇਆ ਹੈ। ਇਸ ਭੰਡਾਰ ਵਿਚੋਂ ਵੀ ਮੈਂ ਕਾਫੀ ਜਾਣਕਾਰੀ ਪ੍ਰਾਪਤ ਕੀਤੀ ਹੈ।

ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਦੀ ਲਿਖੀ ਪੁਸਤਕ 'ਬੇਅੰਤ ਲੀਲਾਂ' ਤੇ ਹੋਰ ਅਨੇਕ ਲਿਖਤਾਂ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਮੈਂ ਮਾਸਟਰ ਜੀ ਵਲੋਂ ਮੈਨੂੰ ਲਿਖਣ ਲਈ ਦਿਤੇ ਗਏ ਉਤਸ਼ਾਹ ਲਈ ਆਭਾਰੀ ਹਾਂ।

'ਨਾਮਧਾਰੀ ਇਤਿਹਾਸ' ਦੇ ਰਚੇਤਾ ਸ. ਨਾਹਰ ਸਿੰਘ ਐਮ.ਏ. ਚੰਡੀਗੜ੍ਹ ਪਾਸੋਂ ਵੀ ਮੈਂ ਮੈਨੂੰ ਅਮੁੱਲੀ ਜਾਣਕਾਰੀ ਪ੍ਰਾਪਤ ਹੋਈ ਹੈ।

ਨੰਬਰਦਾਰ ਅਮਰ ਸਿੰਘ (ਸ੍ਰੀ ਜੀਵਨ ਨਗਰ), ਨੰਬਰਦਾਰ ਹਰੀ ਸਿੰਘ ਵਡਾਣੀਆਂ (ਸੰਤ ਨਗਰ), ਪਟਵਾਰੀ ਗੁਰਦੇਵ ਸਿੰਘ (ਲੁਧਿਆਣਾ), ਸਵਰਗੀ ਸੰਤ ਜੈ ਸਿੰਘ (ਸੈਦੋ), ਸਵਰਗੀ ਪਹਿਲਵਾਨ ਚਰਨ ਸਿੰਘ (ਸਿਆੜ੍ਹ) ਨੇ ਮੈਨੂੰ ਕਾਫੀ ਕੁਝ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਦੱਸਿਆ, ਮੈਂ ਧੰਨਵਾਦੀ ਹਾਂ।

ਡਾ. ਅਮਰ ਭਾਰਤੀ, ਸ੍ਰੀ ਜਗਦੀਸ਼ ਸਿੰਘ ਵਰਿਆਮ ਅਤੇ ਹਜ਼ੂਰੀ ਸੇਵਕਾਂ ਹਰਪਾਲ ਸਿੰਘ, ਰਛਪਾਲ ਸਿੰਘ ਨੇ ਮੈਨੂੰ ਸਹਿਯੋਗ ਦਿਤਾ, ਮੈਂ ਧੰਨਵਾਦ ਕਰਦੀ ਹਾਂ।

ਡਾ. ਸਰਦਾਰਾ ਸਿੰਘ ਜੌਹਲ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਸਾਬਕਾ ਪ੍ਰਧਾਨ ਸਾਹਿਤ ਅਕੈਡਮੀ ਲੁਧਿਆਣਾ ਨੇ ਆਪਣਾ ਕੀਮਤੀ ਵਕਤ ਕੱਢ ਕੇ ਇਸ ਪੁਸਤਕ ਦੇ ਖਰੜੇ ਨੂੰ ਪੜ੍ਹਿਆ ਅਤੇ ਭੂਮਿਕਾ ਵਜੋਂ ਆਪਣੇ ਵਿਚਾਰ ਲਿਖੇ ਹਨ, ਮੈਂ ਆਪ ਜੀ ਦੀ ਧੰਨਵਾਦੀ ਹਾਂ।

ਪ੍ਰੋ. ਕਿਰਪਾਲ ਸਿੰਘ ਕਸੇਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਪ੍ਰਕਾਸ਼ ਪੁੰਜ' ਭਾਗ

ਪਹਿਲਾ ਪੁਸਤਕ ਦਾ ਖਰੜਾ ਪੜ੍ਹ ਕੇ ਮੈਨੂੰ ਆਪਣੀ ਕੀਮਤੀ ਰਾਏ ਨਾਲ ਨਿਵਾਜਿਆ, ਮੈਂ ਅਤੀ ਆਭਾਰੀ ਹਾਂ।

ਮੈਂ ਆਪਣੇ ਪਤੀ ਸੰਤ ਭਗਵੰਤ ਸਿੰਘ ਜੀ ਦੀ ਧੰਨਵਾਦੀ ਹਾਂ, ਜਿਨ੍ਹਾਂ ਇਸ ਪੁਸਤਕ-ਲੇਖਣ ਦੇ ਕਾਰਜ ਸਮੇਂ, ਮੈਨੂੰ ਪੂਰਾ ਸਾਥ, ਸਹਿਯੋਗ, ਸਮਾਂ, ਪ੍ਰੇਰਨਾ ਤੇ ਉਤਸ਼ਾਹ ਦਿਤਾ ਹੈ। ਕੋਈ ਜਾਣਕਾਰੀ ਲੈਣ ਲਈ ਜਿੱਥੇ ਵੀ ਜਾਣ ਦੀ ਲੋੜ ਪਈ, ਮੇਰੇ ਨਾਲ ਜਾਂਦੇ ਰਹਿੰਦੇ ਹਨ, ਮੈਨੂੰ ਕਦੇ ਕਿਸੇ ਪੱਖੋਂ ਔਖ ਨਹੀਂ ਆਉਣ ਦਿੱਤੀ। ਮੇਰੇ ਦੋਵੇਂ ਬੱਚੇ, ਪੁੱਤਰ ਯਾਦਵਿੰਦਰ ਸਿੰਘ 'ਰਾਜਾ' ਅਤੇ ਧੀ ਰੁਪਿੰਦਰ ਕੌਰ 'ਰੂਪਾ' ਵੀ ਮੇਰੇ ਕੰਮ ਨੂੰ ਸਮਝਦਿਆਂ, ਮੈਨੂੰ ਪੂਰਨ ਸਹਿਯੋਗ ਦੇਣ ਲਈ ਯਤਨਸ਼ੀਲ ਰਹਿੰਦੇ ਹਨ।

ਅਨੇਕਾਂ ਸਰੀਰਾਂ ਤੋਂ ਮੈਂ ਨਿਜੀ ਤੌਰ 'ਤੇ ਪੁੱਛਗਿਛ ਕੀਤੀ ਤੇ ਜਾਣਕਾਰੀ ਪ੍ਰਾਪਤ ਕੀਤੀ ਹੈ, ਸਾਰਿਆਂ ਦੇ ਨਾਂ ਸ਼ਾਇਦ ਲਿਖੇ ਨਾ ਜਾ ਸਕਣ। ਮੈਂ ਸਭ ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਸਹਿਯੋਗ ਦਿਤਾ। ਸਤਿਗੁਰੂ ਜੀ ਦੇ ਸੇਵਕਾਂ ਦਾ, ਖੇਤਰ ਮੁਤਾਬਕ, ਹਰ ਅਧਿਆਏ ਵਿਚ ਮੈਂ ਜਿਕਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਫਿਰ ਵੀ ਜੇ ਕੁੱਝ ਨਾਮ ਰਹਿ ਜਾਣ ਤਾਂ ਖਿਮਾਂ ਦੀ ਜਾਚਕ ਹਾਂ।

ਅੰਤ ਵਿਚ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਆਪਣੀ ਸ਼ੁਕਰਗੁਜ਼ਾਰੀ ਵਿਅਕਤ ਕਰਦਿਆਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਇਹ ਅਰਦਾਸ ਕਰਦੀ ਹਾਂ ਕਿ ਮੇਰਾ ਮਨ ਇਹੋ ਜਿਹਾ ਬਣਾ ਕੇ ਰਖਣ:-

*"ਦਰ ਦਰਸਨ ਕਾ ਪ੍ਰੀਤਮੁ ਹੋਵੈ*
*ਮੁਕਤਿ ਬੈਕੁੰਠੈ ਕਰੈ ਕਿਆ।"*

—ਆਦਿ ਸ੍ਰੀ ਗ੍ਰੰਥ ਸਾਹਿਬ ਪੰਨਾ ੫੩੪

*"ਰਾਜ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾ ਰੇ।"*

—ਆਦਿ ਸ੍ਰੀ ਗ੍ਰੰਥ ਸਾਹਿਬ ਪੰਨਾ ੩੬੦

**—ਸੂਬਾ ਸੁਰਿੰਦਰ ਕੌਰ ਖਰਲ**
20 ਅਗਸਤ, 1997

ੴ ਸਤਿਗੁਰ ਪ੍ਰਸਾਦਿ॥
ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥
ਸਤਿਗੁਰਏ ਨਮਹ॥ ਸ੍ਰੀ ਗੁਰਦੇਵ ਨਮਹ॥
—ਸੁਖਮਨੀ ਸਾਹਿਬ

"ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥
ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ॥
ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ॥
ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮ ਹੀ ਮੇਰੈ ਪਰਵਾਰੈ॥
ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾ ਰੈ॥"
—ਆਦਿ ਸ੍ਰੀ ਗ੍ਰੰਥ ਸਾਹਿਬ ਪੰਨਾ ੮੨੦

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਮੇਰੇ ਕੋਲ ਨਾ ਤਾਂ
ਧਰਤੀ ਜਿੱਡਾ ਕੋਈ ਕਾਗਜ਼ ਹੈ,
ਨਾ ਸਮੁੰਦਰ ਜਿਹੀ ਸਿਆਹੀ 'ਚ
ਮੈਂ ਕਲਮ ਡੁਬੋਣ ਦਾ
ਦਾਅਵਾ ਕਰਦੀ ਹਾਂ।
ਮੇਰੀ ਵਸੀਅਤ 'ਚ ਤਾਂ ਮੇਰੀ ਦੌਲਤ
ਤੇਰੀ ਹੀ ਬਖ਼ਸ਼ੀ ਬੁੱਧੀ ਨਾਲ
ਕਾਗਜ਼ ਦੀ ਹਿੱਕ 'ਤੇ ਸਜਾਏ
ਸਿਰਫ਼ ਕੁਝ ਗਰੀਬੜੇ ਜਿਹੇ,
ਨਾਜ਼ੁਕ ਜਿਹੇ, ਮਾਸੂਮ ਜਿਹੇ,
ਤੈਨੂੰ ਪਰਵਾਨ ਹੋ ਸਕਣ ਦੀ
ਆਸ ਨਾਲ ਲਿਖੇ,
ਚੰਦ ਹਰਫ਼ ਨੇ,
ਜੋ ਸਦਾ,
ਸਿਰਫ ਤੇਰੇ ਹੀ ਨਾਂ ਹਨ।

ਸੂਬਾ ਸੁਰਿੰਦਰ ਕੌਰ 'ਖਰਲ'

੧੯

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਤੇਰੇ ਅਥਾਹ ਡੂੰਘੇ ਸਮੁੰਦਰ ਜਿਹੇ ਨੈਣਾਂ ਵਿਚ
ਮੈਨੂੰ ਸਾਰਾ ਬ੍ਰਹਿਮੰਡ ਨਜ਼ਰ ਆਉਂਦਾ ਹੈ
ਤੇਰੇ ਹੋਠਾਂ 'ਚੋਂ ਨਿਕਲੇ ਸ਼ਬਦਾਂ ਦਾ ਹਰ ਫੁੱਲ
ਜੀਅ ਕਰਦੈ ਆਪਣੀ ਝੋਲੀ 'ਚ ਸਮੇਟ ਲਵਾਂ
ਤੇ ਸੁਗੰਧੀ ਬਿਖੇਰਨ ਲਈ
ਕਾਗਜ਼ਾਂ ਉਤੇ ਸਜ਼ਾ ਦੇਵਾਂ।

ਤੇਰੇ ਦੁਆਲੇ ਚੱਕਰ ਲਾਉਂਦੀ
ਮੇਰੀ ਕਲਪਨਾ ਨੂੰ
ਕਦੇ ਤੂੰ ਰਾਮ ਲਗਦਾ ਹੈਂ
ਕਦੇ ਤੂੰ ਕ੍ਰਿਸ਼ਨ ਲਗਦਾ ਹੈਂ
ਕਦੇ ਤੇਰੇ ਵਿਚ
ਸਾਰੇ ਗੁਰੂਆਂ ਦਾ
ਸਰੂਪ ਆ ਜਾਂਦਾ ਹੈ।
ਤੇਰੇ ਕਿਸ ਕਿਸ ਰੂਪ ਦਾ ਗੁਣਗਾਨ ਕਰਾਂ?
ਤੇਰੇ ਹਰ ਰੂਪ ਨੂੰ ਨਮਸਕਾਰ!
ਤੇਰੇ ਹਰ ਨਾਮ ਨੂੰ ਨਮਸਕਾਰ!!
ਤੇਰੇ ਹਰ ਰਾਗ ਨੂੰ ਨਮਸਕਾਰ!!!

ਸੂਬਾ ਸੁਰਿੰਦਰ ਕੌਰ 'ਖਰਲ'

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਦ ਤੂੰ ਹਾਸੀ ਕਰਦਾ ਹੈਂ
ਤਾਂ ਅੱਲੜ ਬੱਚੇ ਵਾਂਗ ਲਗਦਾ ਹੈਂ।
ਜਦ ਤੂੰ ਸਿੱਖਿਆ ਦਿੰਦਾ ਹੈਂ
ਤਾਂ ਮਾਂ ਵਾਂਗ ਜਾਪਦਾ ਹੈਂ।
ਜਦ ਤੂੰ ਗੰਭੀਰ ਮੁਦਰਾ 'ਚ ਹੁੰਦੈਂ
ਤਾਂ ਪਿਉ ਵਾਂਗ ਲਗਦਾ ਹੈਂ।
ਜਦ ਤੂੰ ਭਲਾ ਲੋਚਦਾ ਹੈਂ
ਤਾਂ ਵੀਰ ਵਾਂਗ ਜਾਪਦਾ ਹੈਂ।
ਜਦ ਤੂੰ ਕੌਤਕ ਕਰਦਾ ਹੈਂ
ਤਾਂ ਅਦ੍ਰਿਸ਼ ਪਰਮਾਤਮਾ ਲਗਦਾ ਹੈਂ।
ਮੇਰਾ ਹਰ ਰਿਸ਼ਤਾ, ਹਰ ਨਾਤਾ
ਤੇਰੇ ਨਾਲ ਜਾ ਜੁੜਦਾ ਹੈ।
ਜ਼ਿੰਦ ਮੇਰੀ ਭਰਪੂਰ ਰਹਿੰਦੀ ਹੈ
ਤੇਰੇ ਹੀ ਅਹਿਸਾਸ ਨਾਲ।
ਤੇਰੇ ਚਰਨਾਂ ਹੇਠ ਆਏ
ਮਿੱਟੀ ਦੇ ਪਾਵਨ ਕਣਾਂ ਨੂੰ
ਆਪਣੀਆਂ ਨਜ਼ਰਾਂ ਨਾਲ
ਆਪਣੀਆਂ ਪਲਕਾਂ ਨਾਲ
ਚੁੱਕ ਕੇ
ਮੈਂ ਮਸਤਕ 'ਤੇ ਸਜਾ ਲੈਂਦੀ ਹਾਂ।

ਸੂਬਾ ਸੁਰਿੰਦਰ ਕੌਰ 'ਖਰਲ'

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਤੂੰ ਅਨੰਤ ਸਾਗਰ ਹੈਂ
ਕਿਰਪਾ ਦਾ
ਤੂੰ ਅਥਾਹ ਭੰਡਾਰ ਹੈਂ
ਦਯਾ ਦਾ
ਤੂੰ ਸੋਮਾ ਹੈਂ
ਖੁਸ਼ੀਆਂ ਦਾ
ਖੇੜਿਆਂ ਦਾ।
ਹਓਂ ਅੰਗੁਣਹਾਰ
ਭੁੱਲਣਹਾਰ ਜੀਵ
ਤੂੰ ਬਖ਼ਸ਼ਿਸ਼ਾਂ ਦਾ ਦਰ
ਤੇਰੇ ਸਨਮੁਖ
ਤੇਰੀਆਂ ਬਖ਼ਸ਼ਿਸ਼ਾਂ ਸਨਮੁਖ
ਮੇਰੀ ਡੰਡੌਤ ਵੰਦਨਾ ਹੈ!
ਹੇ ਕ੍ਰਿਪਾ ਨਿਧਾਨ!
ਸੁਮੱਤ ਬਖ਼ਸ਼ੀਂ
ਆਪਣੇ ਲੜ. ਲਾਈ ਰੱਖੀਂ।

ਸੂਬਾ ਸੁਰਿੰਦਰ ਕੌਰ 'ਖਰਲ'



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਪਾਤਸ਼ਾਹੀ ੧੨ ਬਾਰ੍ਹਵੀਂ


ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਮੰਗਲਾਚਰਨ



ਤੂੰ ਸਾਨੂੰ
ਗਿਆਨ ਦਾ ਚਾਨਣ ਬਖ਼ਸ਼ਿਆ
ਰੌਸ਼ਨੀ ਵਿਖਾਈ
ਇਹੋ ਨਹੀਂ
ਅਸੀਂ ਕਦੇ ਵੀ
ਇਸ ਰੌਸ਼ਨੀ ਤੋਂ
ਵਾਂਝੇ ਨਾ ਹੋ ਸਕੀਏ
ਇਸ ਲਈ ਤੂੰ
ਅਗਲੇ ਨਾਨਕ ਥਾਪੇ
ਤੇਰੀ ਗੱਦੀ ਦੇ ਵਾਰਸ
ਵਰਤਮਾਨ ਨਾਨਕ ਨੂੰ
ਮੇਰੀ ਪ੍ਰਣਾਮ ਹੈ!

ਸੂਬਾ ਸੁਰਿੰਦਰ ਕੌਰ 'ਖਰਲ'





ਮਾਤਾ ਭੁਪਿੰਦਰ ਕੌਰ ਜੀ ਦੀ ਗੋਦੀ ਵਿਚ ਕ੍ਰੀਬ ਪੰਜ-ਛੇ ਕੁ ਮਹੀਨਿਆਂ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਨਮੋਹਣੇ ਦਰਸ਼ਨ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਕ੍ਰੀਬ ਚਾਰ ਕੁ ਸਾਲ ਦੀ ਉਮਰ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ
'ੳ', 'ਅ', 'ੲ', ਪੰਜਾਬੀ ਦੇ ਅੱਖਰ ਫੱਟੀ 'ਤੇ ਲਿਖਾਉਂਦੇ ਹੋਏ।




ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਕ੍ਰੀਬ ਸਾਢੇ ਕੁ ਚਾਰ ਸਾਲ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ, ਉਸਤਾਦ ਭਾਈ ਹਰਨਾਮ ਸਿੰਘ ਜੀ ਰਾਗੀ ਚਵਿੰਡੇ ਵਾਲਿਆਂ ਤੋਂ ਸੰਗੀਤ ਦੀ ਉਸਤਾਦੀ-ਸ਼ਗਿਰਦੀ ਕਰਾਉਂਦੇ ਹੋਏ।




ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸ੍ਰੀ ਜੀਵਨ ਨਗਰ ਵਿਖੇ ਗੁਰਪ੍ਰਤਾਪ ਸਰੋਵਰ ਵਿਚ ਡਿੰਗੇ ਇਕ ਦਰਖਤ ਉੱਪਰ ਬੈਠ ਕੇ, ਬਿਨਾਂ ਕਿਸੇ ਨੂੰ ਦੱਸੇ, (ਗੁਪਤ ਰੂਪ ਵਿਚ), ਰਾਤ ਕ੍ਰੀਬ 9 ਵਜੇ ਤੋਂ ਲੈ ਕੇ ਸਵੇਰੇ 3 ਵਜੇ ਤਕ ਤਪੱਸਿਆ ਕਰਦੇ ਹੋਏ।





ਸ੍ਰੀ ਭੈਣੀ ਸਾਹਿਬ (ਸ੍ਰੀ ਰਾਮ ਦਾਸ ਪੁਰਾ) ਵਿਖੇ, ਸੰਨ 1947 ਤੋਂ ਪਹਿਲਾਂ, ਕਈ ਸਾਲ ਲਗਾਤਾਰ ਲੋਕਾਂ ਦੀ ਨਿਗਾਹ ਤੋਂ ਬਚ ਕੇ (ਗੁਪਤ ਰੂਪ 'ਚ) ਕਰੁੰਡੇ ਦੇ ਦਰਖਤ ਹੇਠਾਂ ਤਪ ਕਰਦੇ ਹੋਏ। ਕਰੁੰਡੇ ਦਾ ਇਹ ਦਰਖਤ ਅਜੇ ਵੀ ਸ੍ਰੀ ਭੈਣੀ ਸਾਹਿਬ ਕੋਠੀ ਵਿਚ ਸੁਰੱਖਿਅਤ ਹੈ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਵਿਦਿਆਲੇ ਦੇ ਵਿਦਿਆਰਥੀਆਂ ਅਤੇ ਹੋਰ ਸਾਥੀਆਂ ਨਾਲ।




ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤਰਲ ਅਵਸਥਾ ਵਿਚ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਯੁਵਾ ਅਵਸਥਾ ਵਿਚ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਧਾਰਮਕ, ਸਮਾਜਕ, ਰਾਜਨੀਤਕ ਵਿਵਹਾਰਕ ਕੰਮਾਂ ਵਿਚ ਪੂਰੀ ਸਰਗਰਮੀ ਨਾਲ ਭਾਗ ਲੈਂਦੇ ਹੋਏ।



ਸਮੁੰਦਰ ਦੇ ਕਿਨਾਰੇ ਫੰ-ਅੰਮ (ਥਾਈਲੈਂਡ) ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰੇਤ ਉੱਪਰ ਬਿਰਾਜਮਾਨ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਬੈਠੇ ਹਨ, (ਸੱਜੇ ਪਾਸੇ) ਸੰਤ ਭਗਵੰਤ ਸਿੰਘ,
ਸੂਬਾ ਸੁਰਿੰਦਰ ਕੌਰ ਖਰਲ (ਖੱਬੇ ਪਾਸੇ) ਸੰਤ ਤਰਸੇਮ ਸਿੰਘ ਤੇ ਬੇਟੀ ਗੁਰਦੇਵ ਕੌਰ।

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸੰਖੇਪ ਸਤਿਗੁਰੂ–ਇਤਿਹਾਸ

ਮਾਨਵ ਭਲਾਈ ਕਰਨ ਹਿਤ, ਗ਼ੀਬਾਂ–ਦੁਖੀਆਂ ਦੇ ਦੁੱਖ ਦੂਰ ਕਰਨ ਲਈ ਅਤੇ ਜੀਵ–ਆਤਮਾ ਨੂੰ ਪ੍ਰਮਾਤਮਾ ਨਾਲ ਅਭੇਦ ਕਰਨ ਦਾ ਮਾਰਗਦਰਸ਼ਨ ਕਰਨ ਖਾਤਰ, ਹਰ ਕਾਲ ਵਿਚ ਵੱਖੋ–ਵੱਖਰੇ ਰੂਪਾਂ 'ਚ ਅਕਾਲਪੁਰਖ, ਸਤਿਗੁਰੂ ਰੂਪ–ਧਾਰ, ਧਰਤੀ 'ਤੇ ਮਾਨਵ–ਦੇਹ ਵਿਚ ਪ੍ਰਗਟ ਹੁੰਦੇ ਰਹੇ ਹਨ। ਜੁਗਾਂ ਦੇ ਕ੍ਰਮ ਅਨੁਸਾਰ, ਅਵਤਾਰਾਂ ਦਾ ਵਰਣਨ ਸ੍ਰੀ ਆਦਿ ਗ੍ਰੰਥ ਵਿਚ ਇਸ ਪ੍ਰਕਾਰ ਮਿਲਦਾ ਹੈ:

*"ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥*

—ਸਵਈਏ ਮਹਲੇ ਪਹਿਲੇ ਕੇ ਪੰਨਾ ੧੩੯੦

ਸੱਤੇ ਬਲਵੰਡ ਡੂੰਮਾ ਨੇ ਰਾਮਕਲੀ ਦੀ ਵਾਰ ਵਿਚ ਲਿਖਿਆ ਹੈ :

*"ਜੋਤਿ ਓਹਾ ਜੁਗਤਿ ਸਾਇ*
*ਸਹਿ ਕਾਇਆ ਫੇਰਿ ਪਲਟੀਐ।"*

ਆਦਿ ਸ੍ਰੀ ਗ੍ਰੰਥ ਸਾਹਿਬ ਅਨੁਸਾਰ, ਸਤਿਜੁਗ ਵਿਚ ਬਲ ਅਵਤਾਰ, ਤ੍ਰੇਤਾ ਵਿਚ ਭਗਵਾਨ ਰਾਮ, ਦੁਆਪਰ ਵਿਚ ਭਗਵਾਨ ਕ੍ਰਿਸ਼ਨ ਅਤੇ ਕਲਿਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਦਾ ਹੋਣਾ ਮੰਨਿਆ ਹੈ। ਐਸ ਵੇਲੇ ਕਲਿਜੁਗ ਵਿਚ ਸਤਿਗੁਰੂ ਨਾਨਕ ਦੀ ਜੋਤਿ ਚਲ ਰਹੀ ਹੈ।

*ਅਜਿੱਤੇ ਰੰਧਾਵੇ ਦੀ ਗੋਸ਼ਟਿ ਵਿਚ ਲਿਖਿਆ ਹੈ:*

*"ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ*

—ਜਨਮਸਾਖੀ ਭਾਈ ਬਾਲਾ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੂਜਰੀ ਰਾਗ ਵਿਚ ਫਰਮਾਇਆ ਹੈ :

*"ਅਬਿਚਲੁ ਨੀਵ ਧਰੀ ਗੁਰ ਨਾਨਕ*
*ਨਿਤ ਨਿਤ ਚੜੈ ਸਵਾਈ।"* —ਆਦਿ ਸ੍ਰੀ ਗ੍ਰੰਥ ਸਾਹਿਬ ਪੰਨਾ ੫੦੦

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤਕ ਦੇ ਗੁਰ–ਇਤਿਹਾਸ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ :–

# ਸ੍ਰੀ ਸਤਿਗੁਰੂ ਨਾਨਕ ਦੇਵ ਜੀ

| | |
|---|---|
| ਪ੍ਰਕਾਸ਼ | : ਕੱਤਕ ਦੀ ਪੂਰਨਮਾਸ਼ੀ ਸੰਮਤ ੧੫੨੬ (ਸੰਨ 1469) |
| ਪ੍ਰਕਾਸ਼ ਅਸਥਾਨ | : ਰਾਇ ਭੋਇੰ ਦੀ ਤਲਵੰਡੀ<br>(ਅੱਜ ਕਲ੍ਹ ਸ੍ਰੀ ਨਨਕਾਣਾ ਸਾਹਿਬ, ਪਾਕਿਸਤਾਨ) |
| ਪਿਤਾ | : ਸ੍ਰੀ ਮਹਿਤਾ ਕਾਲੂ ਜੀ, ਬੇਦੀ, ਪਟਵਾਰੀ |
| ਮਾਤਾ | : ਤ੍ਰਿਪਤਾ ਜੀ |
| ਭੈਣ | : ਨਾਨਕੀ ਜੀ |
| ਮਹਿਲ | : ਸੁਲੱਖਣੀ ਜੀ |
| ਸੰਤਾਨ | : ਸ੍ਰੀ ਚੰਦ ਜੀ, ਲਖਮੀ ਦਾਸ ਜੀ |
| ਜੋਤੀ ਜੋਤ ਸਮਾਏ | : ੨੩ ਅੱਸੂ, (ਸੁਦੀ ੧੦), ਸੰਮਤ ੧੫੯੬<br>(ਸਤੰਬਰ, ਸੰਨ 1539) ਨੂੰ<br>70 ਸਾਲ ਦੀ ਆਯੂ ਵਿਚ ਕਰਤਾਰਪੁਰ ਵਿਖੇ। |
| ਬਾਣੀ | : ਜਪੁਜੀ, ਆਸਾ ਦੀ ਵਾਰ, ਸਿਧ ਗੋਸ਼ਟਿ, ਬਾਰਾਂਮਾਹ, ਰਾਗ ਤੁਖਾਰੀ, ਪੱਟੀ, ਮਲ੍ਹਾਰ ਤੇ ਮਾਝ ਦੀ ਵਾਰ ਅਤੇ ਨਸੀਅਤਨਾਮਾ। ੯੭੪ ਸ਼ਬਦ ੧੯ ਰਾਗਾਂ ਵਿਚ। (੧) ਸਲੋਕ ਸਹਸਕ੍ਰਿਤੀ, ਸਲੋਕ, ਵਾਰਾਂ ਤੇ ਵਧੀਕ ਤੇ ਸੋਹਿਲੇ |

ਸਤਿਗੁਰੂ ਨਾਨਕ ਦੇਵ ਜੀ ਨੇ ਬਚਪਨ ਤੋਂ ਹੀ ਨਿਰਾਲੇ ਕੌਤਕ ਕੀਤੇ ਅਤੇ ਲੋਕਾਂ ਨੂੰ ਰੱਬ ਦੀ ਹੋਂਦ ਦਾ ਅਹਿਸਾਸ ਕਰਵਾਇਆ। ਸ੍ਰੀ ਸਤਿਗੁਰੂ ਜੀ ਨੇ ਭੁੱਲੇ-ਭਟਕੇ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਹਿਤ, ਭਾਈ ਬਾਲੇ ਅਤੇ ਭਾਈ ਮਰਦਾਨੇ ਨੂੰ ਨਾਲ ਲੈ, ਸੰਨ 1501 ਤੋਂ ਚਾਰੇ ਦਿਸ਼ਾਵਾਂ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਕਿਰਤ ਕਰਨ, ਵੰਡ ਛਕਣ ਅਤੇ ਨਾਮ-ਜਪਣ ਦਾ ਉਪਦੇਸ਼ ਦਿਤਾ।

ਸਤਿਗੁਰੂ ਨਾਨਕ ਦੇਵ ਜੀ ਨੇ ਆਮ ਜੀਵਾਂ ਦੇ ਉਧਾਰ ਵਾਸਤੇ ਭ੍ਰਮਣ ਤਾਂ ਕੀਤਾ ਹੀ ਤੇ ਨਾਲ ਹੀ ਦੁਨੀਆ ਦਾ ਤਿਆਗ ਕਰ ਕੇ, ਤਪ ਕਰਨ ਲਈ ਪਰਬਤਾਂ 'ਤੇ ਜਾਣ ਵਾਲੇ ਸਿੱਧ-ਨਾਥਾਂ ਨੂੰ ਦੁਨੀਆ 'ਚ ਰਹਿੰਦਿਆਂ ਹੋਇਆਂ ਗ੍ਰਹਿਸਥ ਮਾਰਗ ਵਿਚ ਰਹਿ ਕੇ ਭਜਨ-ਬਾਣੀ ਕਰਨ ਦੀ ਪ੍ਰੇਰਨਾ ਦਿਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਦੀ ਲੋੜ ਅਤੇ ਗੁਰੂ ਦੀ ਕਿਰਪਾ ਦੇ ਮਹੱਤਵ ਨੂੰ ਦਰਸਾਇਆ। ਸੇਵਕ ਦਾ ਨਿਸਤਾਰਾ ਆਪੇ ਨਹੀਂ ਹੁੰਦਾ ਸਗੋਂ ਦੇਹਧਾਰੀ ਗੁਰੂ ਦੀ ਸ਼ਰਣ ਪਿਆਂ ਹੀ ਜੀਵ ਭਵਜਲ-ਸਾਗਰ ਤੋਂ ਪਾਰ ਹੁੰਦਾ ਹੈ ਤੇ ਪ੍ਰਮਾਤਮਾ ਨੂੰ ਮਿਲਦਾ ਹੈ।

ਜੁਗਾਂ ਜੁਗਾਂਤਰਾਂ ਤੋਂ ਗੁਰੂ-ਪ੍ਰਣਾਲੀ ਚਲਦੀ ਆ ਰਹੀ ਹੈ ਤੇ ਚਲਦੀ ਰਹੇਗੀ। ਸਾਰੇ ਗੁਰੂਆਂ ਨੇ ਆਪੋ ਆਪਣੇ ਸਮੇਂ ਵਿਚ ਚਲ ਰਹੇ ਹਾਲਾਤ ਅਨੁਸਾਰ ਕਾਰਜ ਕੀਤੇ।

*"ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥"*
*ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ॥"*

—ਸ੍ਰੀ ਆਦਿ ਗ੍ਰੰਥ ਪੰਨਾ ੭੯

ਸਾਰੇ ਗੁਰੂ ਸਾਹਿਬਾਨ ਨੇ ਗੁਰਗੱਦੀ ਨੂੰ ਜੱਦੀ ਜਗੀਰ ਜਾਂ ਨਿਜੀ ਮਾਮਲਾ ਨਹੀਂ ਸਮਝਿਆ, ਸਗੋਂ ਯੋਗ ਅਧਿਕਾਰੀ ਨੂੰ ਆਪਣਾ ਉਤਰਾਧਿਕਾਰੀ ਬਣਾਇਆ। ਸਾਰੇ ਗੁਰੂ ਸਾਹਿਬਾਨ, ਗੁਰੂ ਨਾਨਕ ਦੇਵ ਜੀ ਦੀ ਹੀ ਜਾਗਦੀ ਜੋਤਿ ਹਨ। ਜੁਗ ਜੁਗ ਸਤਿਗੁਰੂ ਹੀ ਅਵਤਾਰ ਧਾਰਦੇ ਰਹੇ ਤੇ ਕਾਇਆ ਪਲਟਦੇ ਰਹੇ। ਐਸ ਵੇਲੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਗੱਦੀ 'ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਿਰਾਜਮਾਨ ਹਨ।

ਸਿੱਖੀ ਦਾ ਮੁੱਢਲਾ ਅਸੂਲ ਇਹ ਰਿਹਾ ਹੈ ਕਿ ਆਪਣੇ ਸਤਿਗੁਰੂ ਦੀ ਆਗਿਆ ਦਾ ਪਾਲਣ ਕਰ ਕੇ ਖ਼ੁਸ਼ੀਆਂ ਲੈਣੀਆਂ। ਹੁਕਮ ਮੰਨਣਾ ਹੀ ਅਸਲ ਵਿਚ ਸਿੱਖੀ ਹੈ। ਸਤਿਗੁਰੂ ਨੂੰ ਅਕਾਲ ਪੁਰਖ ਪ੍ਰਮਾਤਮਾ ਕਰ ਕੇ ਜਾਨਣਾ, ਸਤਿਗੁਰੂ ਪ੍ਰਤੀ ਸਮਰਪਿਤ ਹੋਣਾ, ਹੁਕਮ ਮੰਨਣ ਲਗਿਆਂ ਕਦੇ ਸੋਚ ਵਿਚਾਰ ਨਹੀਂ ਕਰਨੀ, 'ਕਿੰਤੂ' ਨਹੀਂ ਕਰਨਾ ਕਿਉਂਕਿ ਸ਼ਰਧਾ ਅਤੇ ਦਲੀਲ ਦਾ ਆਪੋ 'ਚ ਕਦੇ ਮੇਲ ਨਹੀਂ ਹੁੰਦਾ। ਜਿਥੇ 'ਕਿੰਤੂ' ਆ ਗਿਆ, ਸਮਝ ਲਵੋ ਉਥੇ ਭਾਵਨਾ ਖ਼ਤਮ ਹੋ ਗਈ, ਸ਼ਰਧਾ ਰਹੀ ਹੀ ਨਹੀਂ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਅੱਗੇ, ਉਨ੍ਹਾਂ ਦੇ ਦੋਵੇਂ ਸਾਹਿਬਜ਼ਾਦੇ ਸ੍ਰੀ ਚੰਦ ਤੇ ਲਖਮੀ ਦਾਸ ਪੂਰੇ ਨਾ ਉਤਰੇ। ਭਾਈ ਬਾਲਾ ਤੇ ਭਾਈ ਮਰਦਾਨਾ ਨੇ ਵੀ ਸਤਿਗੁਰੂ ਨਾਨਕ ਦੇਵ ਜੀ ਨੂੰ ਪੂਰਨ ਸੰਤ ਹੀ ਜਾਣਿਆ ਤੇ ਉਹ ਵੀ ਸੰਤ ਹੋ ਗਏ। ਬਾਬਾ ਬੁੱਢਾ ਜੀ ਨੇ ਬ੍ਰਹਮ ਗਿਆਨੀ ਮੰਨਿਆ ਤਾਂ ਉਹ ਬ੍ਰਹਮ ਗਿਆਨੀ ਬਣੇ। ਭਾਈ ਲਹਿਣਾ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਪਰਮੇਸ਼ਵਰ ਮੰਨਿਆ ਅਤੇ ਸਤਿਗੁਰੂ ਨਾਨਕ ਦੇਵ ਜੀ, ਭਾਈ ਲਹਿਣਾ ਨੂੰ ਸ੍ਰੀ ਸਤਿਗੁਰੂ ਅੰਗਦ ਦੇਵ ਜੀ ਦਾ ਨਾਂ ਦੇ ਕੇ, ਆਪਣੀ ਗੱਦੀ ਦਾ ਵਾਰਸ ਸਥਾਪਤ ਕਰ ਗੁਰੂ (ਅਕਾਲ ਪੁਰਖ) ਬਣਾ ਗਏ। ਇਹ ਗੁਰੂ 'ਤੇ ਵਿਸ਼ਵਾਸ਼ ਦੀ ਗੱਲ ਹੈ।

ਭਾਈ ਲਹਿਣਾ ਦੇ ਰੂਪ ਵਿਚ ਸ੍ਰੀ ਸਤਿਗੁਰੂ ਅੰਗਦ ਦੇਵ ਜੀ ਨੇ ਸੱਤ ਸਾਲ ਸੰਮਤ ੧੫੮੯-੧੫੯੬ (ਸੰਨ 1532-1539) ਤਕ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਰਹਿ ਕੇ ਅਥਾਹ ਸ਼ਰਧਾ ਅਤੇ ਪ੍ਰੇਮ-ਭਾਵ ਨਾਲ ਕਠਿਨ ਤੋਂ ਕਠਿਨ ਸੇਵਾ ਕੀਤੀ ਅਤੇ ਬਿਨਾਂ, 'ਕਿੰਤੂ'

'ਪ੍ਰੰਤੂ' ਕਰਦਿਆਂ ਸਤਿਗੁਰੂ ਜੀ ਦਾ ਹਰ ਹੁਕਮ ਖਿੜੇ ਮੱਥੇ ਮੰਨਿਆ। ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਿੱਕੜ ਵਿਚ ਪਿਆ ਕਟੋਰਾ ਕੱਢਣ ਦਾ ਹੁਕਮ ਕੀਤਾ, ਆਪ ਜੀ ਦੇ ਪੁੱਤਰ ਅਤੇ ਬਾਕੀ ਸਿੱਖ ਸੋਚੀਂ ਪੈ ਗਏ ਪਰ ਭਾਈ ਲਹਿਣਾ ਜੀ ਨੇ ਆਪਣੇ ਸਾਫ ਕੱਪੜਿਆਂ ਅਤੇ ਦੇਹ ਦੀ ਪਰਵਾਹ ਨਾ ਕਰਦਿਆਂ ਫੌਰਨ ਚਿੱਕੜ 'ਚ ਪਿਆ ਕਟੋਰਾ ਜਾ ਕੱਢ ਲਿਆਂਦਾ।

ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁੱਛਿਆ, "ਰਾਤ ਕਿੰਨੀ ਕੁ ਗੁਜਰ ਗਈ ਹੈ?"

"ਪਾਤਸ਼ਾਹ ਜਿੰਨੀ ਰਾਤ ਤੁਸੀਂ ਬਿਤਾਈ ਹੈ, ਬੀਤੀ ਹੈ, ਜਿਤਨੀ ਰੱਖੀ ਹੈ, ਰਹਿੰਦੀ ਹੈ, ਇਹ ਨਾ ਅੱਧੀ ਹੈ ਨਾ ਸਾਰੀ ਬੀਤੀ ਹੈ, ਤੁਹਾਡੇ ਭਾਣੇ ਵਿਚ ਸਮਾਂ ਚਲ ਰਿਹਾ ਹੈ।" ਭਾਈ ਲਹਿਣਾ ਜੀ ਨੇ ਹੱਥ ਜੋੜ ਅਰਜ਼ ਕੀਤੀ।

ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ, "ਇਸ ਕੱਪੜੇ ਥੱਲੇ ਮੁਰਦਾ ਪਿਆ ਹੈ, ਖਾਓ।"

ਸਤਿਗੁਰੂ ਜੀ ਦਾ ਹੁਕਮ ਸੁਣ ਕੇ ਬਾਕੀ ਦੇ ਸਿੱਖ ਤਾਂ ਡੋਲ ਗਏ ਪਰ ਭਾਈ ਲਹਿਣਾ ਜੀ ਅਰਜ਼ ਕੀਤੀ,

"ਗ੍ਰੀਬ ਨਿਵਾਜ, ਜਿਸ ਪਾਸਿਓਂ ਹੁਕਮ ਹੋਵੇ ਖਾਣਾ ਸ਼ੁਰੂ ਕਰਾਂ।"

ਜਦੋਂ ਆਗਿਆ ਲੈ ਕੇ ਕੱਪੜਾ ਚੁਕਿਆ ਤਾਂ ਉਥੇ ਕੜਾਹ-ਪ੍ਰਸਾਦਿ ਪਿਆ ਸੀ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀ ਨਿਸ਼ਕਾਮ-ਸੇਵਾ, ਭਗਤੀ ਅਤੇ ਸ਼ਰਧਾ ਨੂੰ ਪ੍ਰਵਾਨ ਕੀਤਾ ਅਤੇ ੧੭ ਹਾੜ ਸੰਮਤ ੧੫੯੬ (ਸੰਨ 1539) ਨੂੰ, ਗੁਰ ਮਰਿਯਾਦਾ ਅਨੁਸਾਰ ਥਾਲ ਵਿਚ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਮੱਥਾ ਟੇਕ, ਗੁਰਿਆਈ ਸੌਂਪ ਦਿਤੀ ਅਤੇ ਨਾਮ ਬਦਲਦਿਆਂ 'ਲਹਿਣੇ' ਤੋਂ 'ਸ੍ਰੀ ਗੁਰੂ ਅੰਗਦ ਦੇਵ ਜੀ' ਬਣਾ ਦਿਤਾ। ਗੁਰਿਆਈ ਦਾ ਟਿੱਕਾ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਲਾਇਆ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ੨੩ ਅਸੂ (ਸੁਦੀ ੧੦) ਸੰਮਤ ੧੫੯੬ (ਸੰਨ 1539) ਨੂੰ ਕਰਤਾਰਪੁਰ ਵਿਖੇ ਜੋਤੀ ਜੋਤ ਸਮਾ ਗਏ।

# ਸ੍ਰੀ ਸਤਿਗੁਰੂ ਅੰਗਦ ਦੇਵ ਜੀ

| | |
|---|---|
| ਪ੍ਰਕਾਸ਼ | : ੫ ਵੈਸਾਖ ਸੰਮਤ ੧੫੬੧ (31 ਮਾਰਚ ਸੰਨ 1504) |
| ਪ੍ਰਕਾਸ਼ ਅਸਥਾਨ | : ਪਿੰਡ ਰਾਏ ਮੱਤੇ ਦੀ ਸਰਾਇ (ਜ਼ਿਲ੍ਹਾ ਫ਼ਿਰੋਜ਼ਪੁਰ) |
| ਪਿਤਾ | : ਸ੍ਰੀ ਫੇਰੂ ਮੱਲ ਜੀ, ਖਤ੍ਰੀ |
| ਮਾਤਾ | : ਦਇਆ ਕੌਰ ਜੀ |
| ਮਹਿਲ | : ਖੀਵੀ ਜੀ |
| ਸੰਤਾਨ | : ਸ੍ਰੀ ਦਾਸੂ ਜੀ, ਸ੍ਰੀ ਦਾਤੂ ਜੀ, ਬੀਬੀ ਅਮਰੋ ਜੀ, ਬੀਬੀ ਅਨੋਖੀ ਜੀ |
| ਗੱਦੀ ਨਸ਼ੀਨ | : ੧੭ ਹਾੜ, ੧੫੯੬ (ਸੰਨ 1539) |
| ਜੋਤੀ ਜੋਤ ਸਮਾਏ | : ਚੇਤ ਸੁਦੀ ੪, ਸੰਮਤ ੧੬੦੯ (26 ਮਾਰਚ 1552) ਨੂੰ 48 ਸਾਲ ਦੀ ਉਮਰ ਵਿਚ ਖਡੂਰ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ। |
| ਬਾਣੀ | : ਸ੍ਰੀ ਗੁਰੂ ਅੰਗਦ ਦੇਵ ਜੀ ਨੇ 9 ਰਾਗਾਂ ਵਿਚ 62 ਸਲੋਕਾਂ ਦੀ ਰਚਨਾ ਕੀਤੀ ਜੋ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਅੰਕਿਤ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲਾ ਜੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਸਰਵਣ ਕਰ ਕੇ ਭਾਈ ਪੈੜਾ ਮੋਖਾ ਜੀ ਤੋਂ ਗੁਰਮੁਖੀ ਵਿਚ ਜਨਮ-ਸਾਖੀ ਲਿਖਵਾਈ। |

ਸ੍ਰੀ ਸਤਿਗੁਰੂ ਅੰਗਦ ਦੇਵ ਜੀ ਨੇ, ਸਿੱਖੀ ਦਾ ਪ੍ਰਚਾਰ ਕੀਤਾ। ਸਤਿਗੁਰੂ ਜੀ ਨੇ ਆਪ ਆਪਣੇ ਸਤਿਗੁਰੂ ਦਾ ਹੁਕਮ ਮੰਨ ਕੇ ਸਿੱਖਾਂ ਨੂੰ ਸਤਿਗੁਰੂ ਦਾ ਹੁਕਮ ਮੰਨਣ ਦੀ ਜਾਚ ਸਿਖਾਈ। ਆਪ ਨੇ ਦੇਹਧਾਰੀ ਸਤਿਗੁਰੂ ਦੀ ਸ਼ਰਨ ਵਿਚ ਆ ਕੇ ਨਾਮ ਦੀ ਦਾਤ ਪ੍ਰਾਪਤ ਕਰ ਕੇ ਉਸ ਦੇ ਸਿਮਰਨ ਦਾ ਉਪਦੇਸ਼ ਕੀਤਾ ਅਤੇ ਦੱਸਿਆ ਕਿ ਸਤਿਗੁਰੂ ਦੀ ਸ਼ਰਨ ਵਿਚ ਪਿਆਂ ਹੀ, ਜਨਮ-ਜਨਮ ਦੀ ਲੱਗੀ ਕਾਲਖ ਨੂੰ ਲਾਹ ਕੇ ਗਿਆਨ-ਰੂਪੀ ਅਵਸਥਾ ਵਿਚ ਪ੍ਰਵੇਸ਼ ਕੀਤਾ ਜਾ ਸਕਦਾ ਹੈ।

ਸ੍ਰੀ (ਗੁਰੂ) ਅਮਰਦਾਸ ਜੀ 62 ਸਾਲ ਦੀ ਉਮਰ ਵਿਚ, ਖਡੂਰ ਸਾਹਿਬ ਵਿਖੇ ਸਤਿਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ। ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ (ਗੁਰੂ) ਅਮਰਦਾਸ ਜੀ ਦੇ ਭਤੀਜੇ ਦੀ ਪਤਨੀ ਸੀ। ਸ੍ਰੀ (ਗੁਰੂ) ਅਮਰਦਾਸ ਜੀ, ਬਾਰਾਂ ਸਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਹਰ ਤਰ੍ਹਾਂ ਨਾਲ ਦਿਨ-ਰਾਤ ਸੇਵਾ ਕਰਦਿਆਂ, ਸਿਮਰਨ ਵਿਚ ਲੀਨ ਰਹੇ। ਆਪ, ਸਤਿਗੁਰੂ ਜੀ ਦੇ ਇਸ਼ਨਾਨ ਕਰਨ ਲਈ, ਬਿਆਸਾ ਦਰਿਆ ਦਾ ਜਲ, ਚਾਹੇ ਮੀਂਹ ਹੋਵੇ ਜਾਂ ਹਨੇਰੀ, ਹਰ ਰੋਜ਼ ਅੰਮ੍ਰਿਤ ਵੇਲੇ ਲੈ ਕੇ ਆਉਂਦੇ। ਇਸ ਤੋਂ ਇਲਾਵਾ ਲੰਗਰ ਵਰਤਾਉਣ, ਭਾਂਡੇ ਮਾਂਜਣੇ, ਝਾੜੂ ਦੇਣਾ ਆਦਿ ਦੀ ਸੇਵਾ ਕਰਨੀ। ਸ੍ਰੀ ਗੁਰੂ ਅੰਗਦ ਦੇਵ ਜੀ

ਆਪ ਜੀ ਦੀ ਸੇਵਾ, ਸਾਦਗੀ, ਸਿਮਰਨ ਅਤੇ ਸੰਜਮੀ ਜੀਵਨ ਤੋਂ ਖੁਸ਼ ਹੋਏ ਤੇ ਗੁਰ-ਗੱਦੀ ਯੋਗ ਜਾਣਿਆ।

ਚੇਤ ਸੁਦੀ ੪, ਸੰਮਤ ੧੬੦੯ (29 ਮਾਰਚ ਸੰਨ 1552) ਨੂੰ ਸ੍ਰੀ ਸਤਿਗੁਰੂ ਅੰਗਦ ਦੇਵ ਜੀ ਨੇ ਪੰਜ ਪੈਸੇ ਤੇ ਨਾਰੀਅਲ ਰੱਖ, ਸ੍ਰੀ ਸਤਿਗੁਰੂ ਅਮਰਦਾਸ ਜੀ ਨੂੰ ਗੁਰਿਆਈ ਦਾ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਵਾਇਆ। ਸ੍ਰੀ ਸਤਿਗੁਰੂ ਅੰਗਦ ਦੇਵ ਜੀ ਚੇਤ ਸੁਦੀ ੪, ਸੰਮਤ ੧੬੦੯ (29 ਮਾਰਚ ਸੰਨ 1552) ਨੂੰ 48 ਸਾਲ ਦੀ ਉਮਰ ਵਿਚ ਖਡੂਰ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਜੋਤੀ ਜੋਤ ਸਮਾ ਗਏ।

# ਸ੍ਰੀ ਸਤਿਗੁਰੂ ਅਮਰਦਾਸ ਜੀ

| | |
|---|---|
| ਪ੍ਰਕਾਸ਼ | : ਵੈਸਾਖ ਸੁਦੀ ੧੪, ਸੰਮਤ ੧੫੩੬ (5 ਮਈ 1479) |
| ਪ੍ਰਕਾਸ਼ ਅਸਥਾਨ | : ਪਿੰਡ ਬਾਸਰਕੇ (ਜ਼ਿਲ੍ਹਾ ਅੰਮ੍ਰਿਤਸਰ) |
| ਪਿਤਾ | : ਸ੍ਰੀ ਤੇਜ ਭਾਨ ਭੱਲੇ ਖਤ੍ਰੀ |
| ਮਾਤਾ | : ਸੁਲੱਖਣੀ ਜੀ |
| ਮਹਿਲ | : ਰਾਮ ਕੌਰ (ਮਨਸਾ ਦੇਵੀ ਜੀ) |
| ਸੰਤਾਨ | : ਸ੍ਰੀ ਮੋਹਨ ਜੀ, ਸ੍ਰੀ ਮੋਹਰੀ ਜੀ, ਬੀਬੀ ਭਾਨੀ ਜੀ, ਬੀਬੀ ਦਾਨੀ ਜੀ |
| ਗੱਦੀ ਨਸ਼ੀਨ | : ੩ ਵੈਸਾਖ (ਚੇਤ ਸੁਦੀ ਚਾਰ) ਸੰਮਤ ੧੬੦੯ (29 ਮਾਰਚ ਸੰਨ 1552) |
| ਜੋਤੀ ਜੋਤ ਸਮਾਏ | : ੨ ਅੱਸੂ (ਭਾਦੋਂ ਸੁਦੀ ੧੫) ਸੰਮਤ ੧੬੩੧ (ਇਕ ਸਤੰਬਰ ਸੰਨ 1574) 95 ਸਾਲ ਦੀ ਉਮਰ ਵਿਚ ਗੋਇੰਦਵਾਲ ਵਿਖੇ। |
| ਬਾਣੀ | : ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਮਹੱਲਾ ਤੀਜਾ ਦੇ ਸਿਰਲੇਖ ਹੇਠ ਦਰਜ ੧੭ ਰਾਗਾਂ ਵਿਚ ੮੬੯ ਸ਼ਬਦ ਤੇ ਸਲੋਕ। ਅਨੰਦ, ਸੋਹਿਲੇ ਤੇ 'ਪੱਟੀ' ਪ੍ਰਮੁੱਖ ਰਚਨਾਵਾਂ ਹਨ। |

ਸ੍ਰੀ ਸਤਿਗੁਰੂ ਅਮਰਦਾਸ ਜੀ ਨੇ ਆਪਣੇ ਕਾਲ ਵਿਚ ਗੋਇੰਦਵਾਲ ਵਿਖੇ ਰਹਿ ਕੇ ਬਾਈ ਸਾਲ ਗੁਰਿਆਈ ਦੀ ਮਹਾਨ ਜ਼ਿੰਮੇਵਾਰੀ ਨੂੰ ਬੜੀ ਦੂਰ-ਦ੍ਰਿਸ਼ਟੀ ਨਾਲ ਨਿਭਾਉਂਦਿਆਂ, ਸਿੱਖ ਧਰਮ ਨੂੰ ਇਕ ਵੱਖਰਾ, ਵਿਸ਼ੇਸ਼ ਤੇ ਵਿਲੱਖਣ ਅਸਥਾਨ ਬਖ਼ਸ਼ਿਆ। ਇਹ ਮਤ ਇਕ ਨਿਆਰਾ ਤੇ ਸ਼ਾਨਦਾਰ ਧਰਮ ਰੂਪਮਾਨ ਹੋ ਕੇ ਸੰਸਾਰ ਦੇ ਸਾਹਮਣੇ ਆਉਣ ਲੱਗਾ।

ਸ੍ਰੀ ਸਤਿਗੁਰੂ ਅਮਰਦਾਸ ਜੀ ਦੇ ਸਮੇਂ ਵਿਚ ਮੁਗਲ ਬਾਦਸ਼ਾਹ ਅਕਬਰ ਦਾ ਰਾਜ ਸੀ। ਅਕਬਰ ਨੇ ਸ਼ਾਸਨ-ਪ੍ਰਬੰਧ ਨੂੰ ਪ੍ਰਭਾਵਸ਼ਾਲੀ ਬਨਾਉਣ ਲਈ, ਦੇਸ਼ ਨੂੰ ਬਾਈ ਪ੍ਰਾਂਤਾਂ ਵਿਚ ਵੰਡਿਆ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਦੇਸ਼ ਭਰ ਵਿਚ ਧਰਮ-ਪ੍ਰਚਾਰ ਨੂੰ ਸੰਗਠਤ ਕਰਨ ਲਈ ਬਾਈ ਪ੍ਰਚਾਰਕਾਂ ਦੀ ਨਿਯੁਕਤੀ ਕੀਤੀ, ਜਿਸ ਦੇ ਸਿੱਟੇ ਵਜੋਂ ਪੂਰੇ ਭਾਰਤ ਵਿਚ ਸਿੱਖ ਧਰਮ ਬੜੀ ਤੇਜ਼ੀ ਨਾਲ ਵਧਣ-ਫੁੱਲਣ ਲੱਗਾ। ਇਨ੍ਹਾਂ ਬਾਈ ਮੰਜੀਆਂ ਵਿਚੋਂ ਦੋ ਮੰਜੀਆਂ ਗੁਰੂ ਅਮਰਦਾਸ ਜੀ ਨੇ ਦੋ ਇਸਤਰੀਆਂ, ਕਾਬਲ ਦੀ ਮਾਈ ਸੇਵਾ ਤੇ ਕਸ਼ਮੀਰ ਦੀ ਮਾਈ ਭਾਗੋ ਨੂੰ ਬਖ਼ਸ਼ੀਆਂ। ਸਤਿਗੁਰੂ ਜੀ ਨੇ ਹੁਕਮ ਦਿਤਾ ਕਿ ਸਾਰੀ ਸੰਗਤ ਵੈਸਾਖੀ, ਮਾਘੀ ਤੇ ਦੀਵਾਲੀ ਨੂੰ ਗੋਇੰਦਵਾਲ ਸਾਹਿਬ ਆਇਆ ਕਰੇ। ਗੋਇੰਦਵਾਲ ਸਾਹਿਬ ਇਕ ਨਵੇਂ ਤੀਰਥ ਧਾਮ ਦੇ ਰੂਪ ਵਿਚ ਉਜਾਗਰ ਹੋਇਆ

ਤੇ ਇਸ ਦੀ ਚੁਰਾਸੀ ਪੌੜੀਆਂ ਵਾਲੀ ਬਾਉਲੀ ਦੇ ਇਸ਼ਨਾਨ ਦਾ ਵੱਡਾ ਮਹਾਤਮ ਗਿਣਿਆ ਜਾਣ ਲੱਗਾ।

ਗੁਰੂ ਅਮਰਦਾਸ ਜੀ ਨੇ ਗੁਰੂ ਕੇ ਲੰਗਰ ਨੂੰ ਸਿੱਖ ਧਰਮ ਦੀ ਰਹਿਤ ਮਰਿਆਦਾ ਦਾ ਇਕ ਜ਼ਰੂਰੀ ਤੇ ਅਨਿੱਖੜਵਾਂ ਅੰਗ ਬਣਾ ਦਿਤਾ। ਵੱਡੇ ਛੋਟੇ ਦੇ ਵਿਤਕਰੇ ਨੂੰ ਦੂਰ ਕਰਨ ਲਈ ਸਤਿਗੁਰੂ ਜੀ ਨੇ ਹੁਕਮ ਦਿਤਾ ਕਿ ਜੋ ਵੀ ਉਨ੍ਹਾਂ ਦੇ ਦਰਸ਼ਨਾਂ ਲਈ ਆਵੇ, ਪੰਗਤ ਵਿਚ ਬੈਠ ਕੇ ਲੰਗਰ ਵਿਚ ਪ੍ਰਸ਼ਾਦਿ ਛਕੇ। ਜਦ ਬਾਦਸ਼ਾਹ ਅਕਬਰ ਗੋਇੰਦਵਾਲ ਆਇਆ ਤਾਂ ਉਹ ਵੀ ਗੁਰੂ ਕੇ ਲੰਗਰ ਦਾ ਪ੍ਰਸ਼ਾਦਿ ਛਕ ਆਨੰਦਤ ਹੋਇਆ। ਬਾਦਸ਼ਾਹ ਅਕਬਰ ਨੇ ਲੰਗਰ ਲਈ ਸਤਿਗੁਰੂ ਜੀ ਨੂੰ ਮੋਹਰਾਂ ਭੇਟ ਕੀਤੀਆਂ ਪਰ ਸਤਿਗੁਰੂ ਜੀ ਨੇ ਇਹ ਕਹਿ ਕੇ ਮੋਹਰਾਂ ਲੈਣ ਤੋਂ ਇਨਕਾਰ ਕਰ ਦਿਤਾ ਕਿ 'ਗੁਰੂ-ਘਰ ਦਾ ਲੰਗਰ ਤਾਂ ਅਕਾਲ-ਪੁਰਖ ਦੀ ਬਖ਼ਸ਼ਿਸ਼ ਨਾਲ ਹੀ ਚਲਦਾ ਹੈ, ਕਿਸੇ ਬੰਦੇ ਦਾ ਮੁਹਤਾਜ ਨਹੀਂ।'

ਇਸਤਰੀਆਂ ਵਿਚ ਪਰਦੇ ਦੀ ਰਸਮ ਨੂੰ ਦੂਰ ਕਰਨ ਲਈ ਗੁਰੂ ਅਮਰਦਾਸ ਜੀ ਨੇ ਹੁਕਮ ਕੀਤਾ ਕਿ ਸੰਗਤ ਵਿਚ ਕੋਈ ਔਰਤ ਘੁੰਢ ਕੱਢ ਕੇ ਨਹੀਂ ਆਵੇਗੀ। ਸਤਿਗੁਰੂ ਜੀ ਨੇ ਉਸ ਸਮੇਂ ਔਰਤਾਂ ਵਿਚ ਪ੍ਰਚਲਿਤ ਸਤੀ ਦੀ ਰਸਮ ਦੀ ਨਿਖੇਧੀ ਕੀਤੀ। ਸਤੀ ਦੀ ਰਸਮ ਨੂੰ ਬੰਦ ਕਰਨ ਦੇ ਯਤਨ ਕਰਨੇ, ਗੁਰੂ ਅਮਰਦਾਸ ਜੀ ਦੀ ਬਹੁਤ ਵੱਡੀ ਦੇਣ ਹੈ। ਪ੍ਰਚਲਤ ਰਿਵਾਜ ਅਨੁਸਾਰ ਆਪਣੇ ਪਤੀ ਦੇ ਵਿਛੋੜੇ ਵਿਚ ਸਤੀ ਹੋਣ ਜਾ ਰਹੀ ਵਿਧਵਾ ਨੂੰ ਗੁਰੂ ਅਮਰਦਾਸ ਜੀ ਨੇ ਸਮਝਾਇਆ,

*"ਭੀ ਸੋ ਸਤੀਆ ਜਾਣੀਅਨਿ, ਸੀਲ ਸੰਤੋਖਿ ਰਹੰਨਿ।।*
*ਸੇਵਨਿ ਸਾਈਂ ਆਪਣਾ ਨਿਤ ਉਠਿ ਸੰਮਾਲੰਨਿ।।"*

—ਸ੍ਰੀ ਆਦਿ ਗ੍ਰੰਥ ਪੰਨਾ ੭੮੭

ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਲਈ ਇਕ ਮਹਾਨ ਕੇਂਦਰ ਦੀ ਲੋੜ ਅਨੁਭਵ ਕਰਦਿਆਂ 'ਚੱਕ ਗੁਰੂ ਕਾ' (ਸ੍ਰੀ ਅੰਮ੍ਰਿਤਸਰ) ਵਿਖੇ ਨਗਰ ਵਸਾਉਣ ਲਈ ਭਾਈ ਜੇਠਾ ਜੀ ਨੂੰ ਆਦੇਸ਼ ਦਿਤਾ। ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਦੇ ਪਤੀ ਸਨ। ਪੂਰਵਜ ਸਤਿਗੁਰੂਆਂ ਵਾਂਗ ਆਪ ਜੀ ਨੇ ਵੀ ਗੁਰੂ-ਚਰਨਾਂ ਵਿੱਚ ਰਹਿ ਕੇ ਕਠਿਨ ਸੇਵਾ, ਸਿਮਰਨ ਕੀਤਾ। ਜਦੋਂ ਗੁਰੂ ਅਮਰਦਾਸ ਜੀ ਨੇ ਅੰਤਮ ਪ੍ਰੀਖਿਆ ਦੇ ਰੂਪ ਵਿਚ ਹੁਕਮ ਕੀਤਾ ਕਿ 'ਥੜੇ ਬਣਾਓ', ਥੜੇ ਬਣੇ, ਢੁਹਾ ਦਿਤਾ, ਫਿਰ ਬਣੇ ਫਿਰ ਢੁਹਾ ਦਿਤੇ। ਇਸ ਤਰ੍ਹਾਂ ਚਾਰ ਵਾਰ ਹੁਕਮ ਹੋਇਆ। ਸਾਰੇ ਸਿੱਖ ਪਿੱਛੇ ਹਟ ਗਏ ਤੇ ਇਥੋਂ ਤਕ ਆਖਿਆ ਕਿ ਵਡੇਰੀ

ਉਮਰ ਕਾਰਨ ਗੁਰੂ ਜੀ ਅਜਿਹਾ ਕਰ ਰਹੇ ਹਨ, ਪਰ ਭਾਈ ਜੇਠਾ ਜੀ (ਗੁਰੂ ਰਾਮ ਦਾਸ ਜੀ) ਨੇ ਬਚਨ ਕੀਤਾ ਕਿ, 'ਮੇਰਾ ਕੰਮ ਤਾਂ ਸਿਰਫ ਹੁਕਮ ਮੰਨਣਾ ਹੈ, ਥੜਾ ਬਨਾਉਣਾ ਹੈ, ਜਾਂ ਢਾਹੁਣਾ ਹੈ, ਇਹ ਸਤਿਗੁਰੂ ਜੀ ਦੀ ਮੌਜ ਹੈ। ਕੀ ਠੀਕ ਹੈ ਤੇ ਕੀ ਗਲਤ, ਇਹ ਉਹੀ ਜਾਨਣ।'

ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਖੁਸ਼ੀਆਂ ਬਖ਼ਸ਼ਦਿਆਂ ੨ ਅਸੂ ਸੰਮਤ ੧੬੩੮ (ਸਤੰਬਰ 1574) ਨੂੰ 'ਸਤਿਗੁਰੂ ਰਾਮਦਾਸ' ਬਣਾ ਗੁਰ-ਗੱਦੀ ਸੌਂਪ ਦਿੱਤੀ। ਗੱਦੀ ਦਾ ਤਿਲਕ ਬਾਬਾ ਬੁੱਢਾ ਜੀ ਹੱਥੋਂ ਹੋਇਆ। ਸਤਿਗੁਰੂ ਅਮਰਦਾਸ ਜੀ ਨੇ ਸਤੰਬਰ ਸੰਨ 1574 ਨੂੰ ਗੋਇੰਦਵਾਲ ਵਿਖੇ ਦੇਹ ਦਾ ਓਹਲਾ ਕੀਤਾ।

# ਸ੍ਰੀ ਸਤਿਗੁਰੂ ਰਾਮਦਾਸ ਜੀ

| | |
|---|---|
| ਪ੍ਰਕਾਸ਼ | : ੨੬ ਅੱਸੂ (ਕੱਤਕ ਵਦੀ ਦੂਜ) ਸੰਮਤ ੧੫੯੧ (ਸੰਨ 1534) |
| ਪ੍ਰਕਾਸ਼ ਅਸਥਾਨ | : ਚੂਨਾ ਮੰਡੀ, ਲਾਹੌਰ |
| ਪਿਤਾ | : ਸ੍ਰੀ ਹਰਿਦਾਸ ਮੱਲ ਜੀ, ਸੋਢੀ ਖਤ੍ਰੀ |
| ਮਾਤਾ | : ਦਯਾ ਕੌਰ ਜੀ |
| ਮਹਿਲ | : ਭਾਨੀ ਜੀ |
| ਸੰਤਾਨ | : ਸ੍ਰੀ ਪ੍ਰਿਥੀ ਚੰਦ ਜੀ, ਸ੍ਰੀ ਮਹਾਂਦੇਵ ਜੀ,<br>ਸ੍ਰੀ (ਗੁਰੂ) ਅਰਜਨ ਦੇਵ ਜੀ |
| ਗੱਦੀ ਨਸ਼ੀਨ | : ੨ ਅੱਸੂ ੧੬੩੧ (ਸਤੰਬਰ 1574) |
| ਜੋਤੀ ਜੋਤ ਸਮਾਏ | : ਭਾਦੋਂ ਸੁਦੀ ਤੀਜ, ਸੰਮਤ ੧੬੩੮ (ਸਤੰਬਰ 1581)<br>47 ਸਾਲ ਦੀ ਉਮਰ ਵਿਚ ਗੋਇੰਦਵਾਲ ਵਿਖੇ। |
| ਬਾਣੀ | : ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਦਰਜ ੩੦ ਰਾਗਾਂ ਵਿਚ ੬੩੫ ਸ਼ਬਦ, ਪਉੜੀਆਂ ਤੇ ਸਲੋਕਾਂ ਸਮੇਤ ਸੋਹਿਲੇ, ਘੋੜੀਆਂ, ਕਰਹਲੇ, ਸੋਲਹੇ ਤੇ ਛੰਤ, ੮ ਵਾਰਾਂ, ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠ, ਬਿਲਾਵਲ, ਸਾਰੰਗ ਤੇ ਕਾਨੜਾ। |

ਸ੍ਰੀ ਸਤਿਗੁਰੂ ਰਾਮਦਾਸ ਜੀ ਨੇ ਆਪਣੇ ਸੱਤ ਸਾਲਾਂ ਦੇ ਕਾਰਜ-ਕਾਲ ਦੌਰਾਨ ਸਿੱਖ ਧਰਮ ਨੂੰ ਹੋਰ ਵਿਕਸਿਤ ਕੀਤਾ ਤੇ ਮਜ਼ਬੂਤ ਬਣਾਇਆ। ਆਪ ਜੀ ਨੇ ਮਸੰਦ-ਪ੍ਰਥਾ ਨੂੰ ਚਾਲੂ ਕੀਤਾ। ਮਸੰਦ ਗੁਰੂ ਅਮਰਦਾਸ ਜੀ ਦੁਆਰਾ ਥਾਪੇ ਮੰਜੀ ਅਧਿਕਾਰੀਆਂ ਵਾਂਗ ਸਿੱਖੀ ਦੇ ਪ੍ਰਚਾਰਕ ਸਨ ਅਤੇ ਸੰਗਤਾਂ ਵਲੋਂ ਵਸਤਾਂ ਤੇ ਮਾਇਆ ਦੇ ਰੂਪ ਵਿਚ ਗੁਰੂ-ਭੇਟਾ, ਗੁਰੂ-ਦਰ ਤੇ ਪਹੁੰਚਾਂਦੇ ਸਨ, ਜਿਸ ਨਾਲ ਧਰਮ-ਕਾਰਜ ਚਲਦੇ ਸਨ।

ਸ੍ਰੀ ਸਤਿਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਵਸਾਇਆ ਅਤੇ ਇਸੇ ਨੂੰ ਆਪਣਾ ਮੁੱਖ-ਕੇਂਦਰ ਬਣਾਇਆ। ਇਥੇ ਹੀ ਆਪ ਜੀ ਨੇ ਸਰੋਵਰ ਬਣਵਾਇਆ, ਜਿਸ ਦਾ ਨਾਂ 'ਰਾਮਦਾਸ ਸਰੋਵਰ' ਪ੍ਰਸਿੱਧ ਹੋਇਆ। ਸ੍ਰੀ ਗੁਰੂ ਰਾਮ ਦਾਸ ਜੀ ਨੇ ਸੰਗਤ ਨੂੰ ਸਤਿਗੁਰੂ ਨਾਲ ਜੁੜੇ ਰਹਿਣ ਦੀ ਲੋੜ 'ਤੇ ਬਹੁਤਾ ਜ਼ੋਰ ਦਿੱਤਾ। ਆਪ ਜੀ ਨੇ ਆਪਣੇ ਤਿੰਨਾਂ ਪੁੱਤਰਾਂ ਵਿਚੋਂ ਛੋਟੇ ਪੁੱਤਰ ਸ੍ਰੀ ਅਰਜਨ ਦੇਵ ਜੀ ਨੂੰ ਗੱਦੀ ਦੇ ਲਾਇਕ ਸਮਝਿਆ ਤੇ ਭਾਦੋਂ ਸੁਦੀ ਤੀਜ ਸੰਮਤ ੧੬੩੮ (ਸਤੰਬਰ 1581) ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੰਜ ਪੈਸੇ ਤੇ ਨਾਰੀਅਲ ਰੱਖ ਮੱਥਾ ਟੇਕ (ਗੱਦੀ ਦਾ ਤਿਲਕ ਬਾਬਾ ਬੁੱਢਾ ਜੀ ਹੱਥੋਂ ਹੋਇਆ), ਗੱਦੀ ਨਸ਼ੀਨ ਕਰ, 47 ਸਾਲ ਦੀ ਉਮਰ ਵਿਚ ਗੋਇੰਦਵਾਲ ਵਿਖੇ ਜੋਤੀ ਜੋਤ ਸਮਾ ਗਏ।

# ਸ੍ਰੀ ਸਤਿਗੁਰੂ ਅਰਜਨ ਦੇਵ ਜੀ

| | |
|---|---|
| ਪ੍ਰਕਾਸ਼ | : ਵੈਸਾਖ ਸੁਦੀ ੭, ਸੰਮਤ ੧੬੨੦ (15 ਅਪ੍ਰੈਲ ਸੰਨ 1563) |
| ਪ੍ਰਕਾਸ਼ ਅਸਥਾਨ | : ਗੋਇੰਦਵਾਲ (ਜ਼ਿਲ੍ਹਾ ਅੰਮ੍ਰਿਤਸਰ) |
| ਪਿਤਾ | : ਸ੍ਰੀ ਗੁਰੂ ਰਾਮ ਦਾਸ ਜੀ |
| ਮਾਤਾ | : ਮਾਤਾ ਭਾਨੀ ਜੀ |
| ਮਹਿਲ | : ਬੀਬੀ ਗੰਗਾ ਜੀ |
| ਸੰਤਾਨ | : (ਗੁਰੂ) ਹਰਗੋਬਿੰਦ ਜੀ |
| ਗੱਦੀ ਨਸ਼ੀਨ | : ੨ ਅੱਸੂ, ੧੬੩੮ (ਸਤੰਬਰ 1581) |
| ਸ਼ਹੀਦ ਹੋਏ | : ਜੇਠ ਸੁਦੀ ਚੌਥ, ਸੰਮਤ ੧੬੬੩ (30 ਮਈ, ਸੰਨ 1606) 43 ਸਾਲ ਦੀ ਉਮਰ ਵਿਚ ਲਾਹੌਰ ਵਿਖੇ। |
| ਬਾਣੀ | : ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਦਰਜ ੨੨੧੬ ਸ਼ਬਦ, ੩੦ ਰਾਗਾਂ ਵਿਚ। ਸੁਖਮਨੀ ਸਾਹਿਬ, ਬਾਰਾਂਮਾਂਹ ਮਾਝ, ਥਿਤੀ, ਬਾਵਨ ਅੱਖਰੀ, ਗਾਥਾ, ਫੁਨਹੇ, ਚੌਬੋਲੇ, ਪਹਿਰੇ, ਸੋਲਹੇ, ਸਲੋਕ ਸਹਸਕ੍ਰਿਤੀ ਤੇ ਵਾਰਾਂ ਤੇ ਸਲੋਕ-ਵਾਰਾਂ ਤੇ ਵਧੀਕ। |

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਕ ਅਤੀ ਮਹਾਨ ਕੰਮ, ਆਦਿ ਸ੍ਰੀ ਗ੍ਰੰਥ ਸਾਹਿਬ ਦੀ ਤਿਆਰੀ ਤੇ ਸੰਪਾਦਨਾ ਹੈ, ਜਿਸ ਵਿਚ ਭਾਈ ਗੁਰਦਾਸ ਜੀ ਆਪ ਜੀ ਦੇ ਸਹਿਯੋਗੀ ਅਤੇ ਸਹਾਇਕ ਸਨ। ਸਤਿਗੁਰੂ ਜੀ ਨੇ ਪਹਿਲੇ ਚਾਰ ਗੁਰੂਆਂ ਦੀ ਬਾਣੀ ਅਤੇ ਆਪਣੀ ਰਚੀ ਬਾਣੀ ਨੂੰ ਤਰਤੀਬ ਦੇ ਕੇ ਲਿਖਵਾਉਣ ਦੀ ਕਿਰਪਾ ਕੀਤੀ। ਇਸ ਵਿਚ 15 ਭਗਤਾਂ, 11 ਭੱਟ ਕਵੀਆਂ ਅਤੇ 4 ਗੁਰੂ ਘਰ ਦੇ ਨਿਕਟਵਰਤੀ ਰਬਾਬੀਆਂ ਦੀ ਬਾਣੀ ਵੀ ਅੰਕਿਤ ਕੀਤੀ ਗਈ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮਾਂ ਸਿੱਖ ਧਰਮ ਦੇ ਵਿਕਾਸ ਵਿਚ ਅਤਿ ਮਹੱਤਵਪੂਰਨ ਹੈ। ਗੁਰੂ ਰਾਮਦਾਸ ਜੀ ਦੁਆਰਾ ਬਣਵਾਏ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਦੇ ਐਨ ਕੇਂਦਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਬਣਵਾਇਆ, ਜਿਸ ਦੀ ਨੀਂਹ ਲਾਹੌਰ ਦੇ ਕਾਦਰੀ ਸੂਫੀ ਹਜ਼ਰਤ ਮੀਆਂ ਮੀਰ ਤੋਂ ਰਖਵਾਈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ, ਕਰਤਾਰਪੁਰ ਤੇ ਹਰਗੋਬਿੰਦ ਨਗਰ (ਛੇਹਰਟਾ ਸਾਹਿਬ) ਵਸਾਏ। ਤਰਨਤਾਰਨ ਵਿਖੇ ਇਕ ਵੱਡਾ ਸਰੋਵਰ ਬਣਾਇਆ। ਕਾਲ ਦੇ ਮੌਕੇ 'ਤੇ ਲੋਕਾਂ ਦੀ ਸਹਾਇਤਾ ਕਰਨ ਲਈ ਸਤਿਗੁਰੂ ਜੀ ਨੇ ਛੇ ਹਰਟਾ ਖੂਹ ਲਗਵਾਇਆ। ਸਿੱਖੀ ਦੀ ਸੋਭਾ

ਦੂਰ ਦੂਰ ਤਕ ਫੈਲ ਗਈ ਤੇ ਸਤਿਗੁਰੂ ਜੀ ਦੀ ਮਾਨਤਾ ਬਹੁਤ ਵਧ ਗਈ।

ਸ੍ਰੀ ਹਰਿਮੰਦਰ ਸਾਹਿਬ ਵਿਖੇ, ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਕਥਾ ਹੋਣ ਲੱਗੀ। ਭਾਈ ਤਿਲੋਕਾ ਜੀ ਸ਼ਬਦ ਪੜ੍ਹਦੇ ਅਤੇ ਭਾਈ ਗੁਰਦਾਸ ਜੀ ਕਥਾ ਕਰਦੇ। ਸਤਿਗੁਰੂ ਜੀ ਆਪ ਵੀ ਸਰੰਦਾ ਲੈ ਕੇ ਕੀਰਤਨ ਕਰਦੇ ਸਨ। ਸਤਿਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਹਿਤ ਕਈ ਇਲਾਕਿਆਂ ਦੇ ਦੌਰੇ ਵੀ ਕੀਤੇ।

ਉਸ ਸਮੇਂ ਮੁਗਲ ਬਾਦਸ਼ਾਹ ਜਹਾਂਗੀਰ ਦਾ ਰਾਜ ਸੀ। ਜਦੋਂ ਜਹਾਂਗੀਰ ਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ ਤਾਂ ਉਹ (ਖੁਸਰੋ) ਆਗਰੇ ਤੋਂ ਨੱਸਿਆ ਅਤੇ ਪੰਜਾਬ ਵਿਚੋਂ ਲੰਘਦਿਆਂ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਆਇਆ, ਉਸ ਨੇ ਲੰਗਰ ਵਿਚੋਂ ਪ੍ਰਸ਼ਾਦਾ ਵੀ ਛਕਿਆ। ਜਦੋਂ ਜਹਾਂਗੀਰ ਨੂੰ ਪਤਾ ਲੱਗਾ ਤਾਂ ਉਹ ਅੱਗ-ਬਬੂਲਾ ਹੋ ਗਿਆ। ਪਹਿਲਾਂ ਹੀ ਉਸ ਤੋਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਸੁਸ਼ੋਭਿਤ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਿਨੋ ਦਿਨ ਵਧ ਰਹੀ ਮਹਿਮਾ ਅਤੇ ਕੀਰਤੀ ਬਰਦਾਸ਼ਤ ਨਹੀਂ ਸਨ ਹੋ ਰਹੇ। ਬਾਦਸ਼ਾਹ ਜਹਾਂਗੀਰ ਨੇ ਆਪਣੇ ਦੀਵਾਨ ਚੰਦੂ ਨੂੰ ਅੱਗੇ ਲਾ ਕੇ ਆਪਣਾ ਮਨੋਰਥ ਪੂਰਾ ਕੀਤਾ। ਉਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰ ਕੇ ਸਜ਼ਾ ਦੇਣ ਦਾ ਹੁਕਮ ਜਾਰੀ ਕਰ ਦਿੱਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 26 ਮਈ ਸੰਨ 1606 ਨੂੰ ਹਿਰਾਸਤ ਵਿਚ ਲਿਆ ਗਿਆ। ਲਾਹੌਰ ਵਿਖੇ ਸਰਕਾਰੀ ਹਾਕਮਾਂ ਨੇ ਸਤਿਗੁਰੂ ਜੀ ਨੂੰ ਤਸੀਹੇ ਦਿਤੇ। ਜੇਠ ਦੀ ਲੂੰਹਦੀ ਧੁੱਪ ਵਿਚ, ਸਤਿਗੁਰੂ ਜੀ ਨੂੰ ਉਬਲਦੀਆਂ ਦੇਗਾਂ ਵਿਚ ਬਿਠਾਇਆ। ਤੱਤੀ ਤਵੀ 'ਤੇ ਬਿਠਾ ਕੇ ਉਪਰੋਂ ਤੱਤੀ ਰੇਤ ਦੇ ਕੜਛੇ ਪਾਏ। ਫਿਰ ਵੀ ਗੁਰੂ ਜੀ ਨੂੰ ਡੋਲਦੇ ਨਾ ਵੇਖ ਕੇ ਹਾਕਮਾਂ ਨੇ ਗਊ ਦੇ ਚਮੜੇ ਵਿਚ ਗੁਰੂ ਜੀ ਨੂੰ ਮੜ੍ਹਨ ਦਾ ਮਨਸੂਬਾ ਬਣਾ ਲਿਆ। ਗੁਰੂ ਜੀ ਹੋਰ ਸਾਰੀਆਂ ਤਕਲੀਫਾਂ ਸਹਿ ਸਕਦੇ ਹਨ, ਪਰ ਉਨ੍ਹਾਂ ਲਈ ਇਹ ਅਸਹਿ ਗੱਲ ਸੀ। ਇਸ ਨਾਲੋਂ ਤਾਂ ਉਨ੍ਹਾਂ ਨੇ ਆਪਣਾ ਸਰੀਰ ਤਿਆਗਣਾ ਉਚਿਤ ਸਮਝਿਆ। ਗੁਰੂ ਜੀ ਨੇ ਰਾਵੀ ਦਰਿਆ ਵਿਚ ਇਸ਼ਨਾਨ ਕਰਨ ਦੀ ਇੱਛਾ ਪ੍ਰਗਟਾਈ। ਹਾਕਮਾਂ ਨੇ ਇਹ ਸੋਚ ਕੇ ਕਿ ਠੰਡਾ ਪਾਣੀ ਗੁਰੂ ਜੀ ਨੂੰ ਜ਼ਿਆਦਾ ਤਕਲੀਫ ਦੇਵੇਗਾ, ਇਸ਼ਨਾਨ ਕਰਨ ਦੀ ਇਜਾਜ਼ਤ ਦੇ ਦਿੱਤੀ। ਗੁਰੂ ਜੀ ਰਾਵੀ 'ਤੇ ਇਸ਼ਨਾਨ ਕਰਨ ਲਈ ਗਏ ਤੇ ਉਥੇ ਹੀ 30 ਮਈ ਸੰਨ 1606 ਨੂੰ ਦੇਹ ਦਾ ਓਹਲਾ ਕਰ ਗਏ। ਗੁਰੂ ਜੀ ਦਾ ਸਰੀਰ ਅਲੋਪ ਹੋ ਗਿਆ, ਹਾਕਮਾਂ ਨੂੰ ਲੱਭਾ ਹੀ ਨਹੀਂ।

ਸ੍ਰੀ ਗੁਰੂ ਅਰਜਨ ਦੇਵ ਜੀ ਪਹਿਲੇਂ ਹੀ ਆਪਣੇ ਸਪੁੱਤਰ ਸ੍ਰੀ (ਗੁਰੂ) ਹਰਿਗੋਬਿੰਦ ਜੀ ਨੂੰ ਆਪਣਾ ਉੱਤਰਾਧਿਕਾਰੀ ਥਾਪੇ ਜਾਣ ਦਾ ਇਸ਼ਾਰਾ ਕਰ ਗਏ ਸਨ। ਗੁਰੂ ਜੀ ਨੇ ਸ੍ਰੀ ਹਰਿਗੋਬਿੰਦ ਜੀ ਨੂੰ ਆਦੇਸ਼ ਭੇਜਿਆ ਸੀ ਕਿ ਹਾਲਾਤ ਨੂੰ ਵੇਖਦਿਆਂ, ਉਹ ਸ਼ਸਤਰ ਪਹਿਨ ਕੇ ਗੁਰਗੱਦੀ 'ਤੇ ਬੈਠਣ। ਗੁਰ-ਗੱਦੀ ਇਕ ਮਿੰਟ ਲਈ ਵੀ ਖਾਲੀ ਨਹੀਂ ਰਹਿੰਦੀ। ਜਿਸ ਵੇਲੇ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਦੇਹ ਦਾ ਓਹਲਾ ਕੀਤਾ, ਉਸੇ ਵੇਲੇ ਤੋਂ ਸ੍ਰੀ ਸਤਿਗੁਰੂ ਹਰਿਗੋਬਿੰਦ ਜੀ ਗੱਦੀ 'ਤੇ ਬਿਰਾਜਮਨ ਹੋ ਗਏ।

# ਸ੍ਰੀ ਸਤਿਗੁਰੂ ਹਰਿਗੋਬਿੰਦ ਜੀ

| | |
|---|---|
| ਪ੍ਰਕਾਸ਼ | : ੨੧ ਹਾੜ (ਵਦੀ ੬) ਸੰਮਤ ੧੬੫੨. 14 ਜੂਨ ਸੰਨ 1595 |
| ਪ੍ਰਕਾਸ਼ ਅਸਥਾਨ | : ਪਿੰਡ ਵਡਾਲੀ (ਜ਼ਿਲ੍ਹਾ ਅੰਮ੍ਰਿਤਸਰ) |
| ਪਿਤਾ | : ਸ੍ਰੀ ਗੁਰੂ ਅਰਜਨ ਦੇਵ ਜੀ |
| ਮਾਤਾ | : ਗੰਗਾ ਜੀ |
| ਮਹਿਲ | : ਨਾਨਕੀ ਜੀ, ਦਮੋਦਰੀ ਜੀ, ਮਹਾਂਦੇਵੀ ਜੀ |
| ਸੰਤਾਨ | : ਬਾਬਾ ਗੁਰਦਿੱਤਾ ਜੀ, ਬੀਬੀ ਵੀਰੋ ਜੀ, ਸ੍ਰੀ ਸੂਰਜਮੱਲ ਜੀ, ਸ੍ਰੀ ਅਣੀ ਰਾਏ ਜੀ, ਸ੍ਰੀ ਅਟੱਲ ਰਾਏ ਜੀ ਤੇ ਸ੍ਰੀ (ਗੁਰੂ) ਤੇਗ ਬਹਾਦਰ ਜੀ |
| ਗੱਦੀ ਨਸ਼ੀਨ | : ਜੇਠ ਸੁਦੀ ਚੌਥ ਸੰਮਤ ੧੬੬੩, (30 ਮਈ 1606) |
| ਜੋਤੀ ਜੋਤ ਸਮਾਏ | : ੭ ਚੇਤ (ਸੁਦੀ ਪੰਜ) ਸੰਮਤ ੧੭੦੧, (3 ਮਾਰਚ ਸੰਨ 1644) ਨੂੰ 49 ਸਾਲ ਦੀ ਉਮਰ ਵਿਚ ਕੀਰਤਪੁਰ ਸਾਹਿਬ ਵਿਖੇ। |

ਗਿਆਰਾਂ ਸਾਲ ਦੀ ਉਮਰ ਵਿਚ ਗੁਰ-ਗੱਦੀ 'ਤੇ ਬਿਰਾਜਮਾਨ ਹੋਏ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਭਗਤੀ ਤੇ ਸ਼ਕਤੀ ਦਾ ਸੁਮੇਲ ਦਰਸਾਉਂਦੀਆਂ ਦੋ ਤਲਵਾਰਾਂ, ਇਕ ਮੀਰੀ ਅਤੇ ਇਕ ਪੀਰੀ ਦੀਆਂ ਪਹਿਨੀਆਂ। ਸਤਿਗੁਰੂ ਜੀ ਦਾ ਕਮਰਕੱਸਾ ਸਵਾ ਮਣ ਦਾ ਸੀ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਹੁਕਮ ਜਾਰੀ ਕੀਤਾ ਕਿ ਸੰਗਤਾਂ ਚੰਗੇ ਘੋੜੇ ਤੇ ਸ਼ਸਤਰ ਭੇਟਾ ਵਿਚ ਲਿਆਉਣ। ਸਿੱਖ, ਸੇਵਾ ਦੇ ਨਾਲ-ਨਾਲ ਸ਼ਸਤਰ ਵਿਦਿਆ ਵੀ ਸਿੱਖਣ ਲੱਗੇ। ਆਸਾ ਦੀ ਵਾਰ ਦੇ ਕੀਰਤਨ ਉਪ੍ਰੰਤ ਢਾਡੀ, ਸੂਰਮਿਆਂ ਦੀਆਂ ਵਾਰਾਂ ਪੜ੍ਹਦੇ। ਇਹ ਵਾਰਾਂ ਸਰਵਣ ਕਰਕੇ, ਅਨੇਕਾਂ ਲੋਕ ਸਤਿਗੁਰੂ ਜੀ ਦੀ ਫੌਜ ਵਿਚ ਸ਼ਾਮਲ ਹੋ ਗਏ। ਸਤਿਗੁਰੂ ਜੀ ਨਾਲ ਚੋਣਵੇਂ ਯੋਧੇ ਹਰ ਸਮੇਂ ਹਾਜ਼ਰ ਰਹਿੰਦੇ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਅੰਮ੍ਰਿਤਸਰ ਵਿਚ ਸੁਰੱਖਿਆ ਤੇ ਮਜ਼ਬੂਤੀ ਲਈ 'ਲੋਹਗੜ੍ਹ' ਨਾਮੀ ਕਿਲਾ ਉਸਾਰਿਆ। ਸਤਿਗੁਰੂ ਜੀ ਵਲੋਂ ਮੁਕੱਦਮਿਆਂ ਦੇ ਫੈਸਲੇ ਕਰਨ ਲਈ ਹਰਿਮੰਦਰ ਦੀ ਦਰਸ਼ਨੀ ਡਿਉੜ੍ਹੀ ਦੇ ਸਾਹਮਣੇ 'ਅਕਾਲ ਤਖ਼ਤ' ਦਾ ਨਿਰਮਾਣ ਕੀਤਾ ਗਿਆ।

ਮੁਗਲ ਹਕੂਮਤ ਦੀ ਦ੍ਰਿਸ਼ਟੀ ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਇਨ੍ਹਾਂ ਦੇ ਸਿੱਖਾਂ ਦੀਆਂ ਕਾਰਵਾਈਆਂ ਖਤਰੇ ਤੋਂ ਖ਼ਾਲੀ ਨਹੀਂ ਸਨ। ਬਾਦਸ਼ਾਹ ਜਹਾਂਗੀਰ ਨੇ ਸੋਚਿਆ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਨਾਨਕ ਦੀ ਗੱਦੀ ਬੰਦ ਹੋ ਜਾਵੇਗੀ, ਪਰ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਕਿਰਪਾ ਨਾਲ ਸਿੱਖਾਂ ਦਾ ਬਦਲਦਾ ਰੂਪ ਵੇਖ ਉਹ ਚਕਿਤ ਰਹਿ ਗਿਆ। ਕਿਲਿਆਂ ਦਾ ਸਥਾਪਨਾ, ਫੌਜੀ ਬਣਤਰ, ਸਤਿਗੁਰੂ ਜੀ ਵਲੋਂ ਮੁਕੱਦਮਿਆਂ ਦੇ ਫੈਸਲੇ,

ਮੁਗਲ ਰਾਜ ਵਿਚੋਂ ਕੱਢੇ ਫੌਜੀਆਂ ਨੂੰ ਸ਼ਰਣ ਦੇਣੀ ਆਦਿ ਗੱਲਾਂ ਮੁਗਲ ਹਕੂਮਤ ਲਈ ਵੰਗਾਰ ਸਨ।

ਬਾਦਸ਼ਾਹ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਉੱਤੇ ਲਾਏ ਜੁਰਮਾਨੇ ਦੀ ਰਕਮ ਵਸੂਲਣ ਲਈ, ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਹਿਰਾਸਤ ਵਿਚ ਲੈ ਕੇ ਕੁਝ ਸਮੇਂ ਲਈ ਗਵਾਲੀਅਰ ਦੇ ਕਿਲੇ ਵਿਚ ਬੰਦ ਕਰ ਦਿੱਤਾ। ਸਤਿਗੁਰੂ ਜੀ ਨੇ ਆਪਣੀ ਰਿਹਾਈ ਸਮੇਂ, ਕਿਲੇ ਵਿਚ ਕੈਦ 52 ਰਾਜਿਆਂ ਨੂੰ ਵੀ ਛੁਡਾਇਆ। ਸਤਿਗੁਰੂ ਜੀ ਦੀਵਾਲੀ ਦੇ ਮੌਕੇ ਰਿਹਾ ਹੋ ਕੇ ਅੰਮ੍ਰਿਤਸਰ ਪਹੁੰਚੇ ਤੇ ਦੀਵਾਲੀ ਮਨਾਈ ਗਈ।

ਰਿਹਾਈ ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬੀਰਤਾ ਵਾਲਾ ਕਾਰਜ-ਕ੍ਰਮ ਚਾਲੂ ਰੱਖਿਆ। ਆਪ ਜੀ ਨੇ ਪੰਜਾਬ ਦੇ ਦੌਰਿਆਂ ਤੋਂ ਇਲਾਵਾ ਕਸ਼ਮੀਰ ਤੇ ਪੂਰਬ ਦਾ ਭ੍ਰਮਣ ਵੀ ਕੀਤਾ। ਗੁਰੂ ਜੀ ਨੇ ਮਸੰਦਾਂ ਵਿਚ ਆਈਆਂ ਊਣਤਾਈਆਂ ਦਾ ਸੁਧਾਰ ਕੀਤਾ।

ਸੰਨ 1627 ਵਿਚ ਮੁਗਲ ਬਾਦਸ਼ਾਹ ਸ਼ਾਹਜਹਾਨ ਤਖਤ 'ਤੇ ਬੈਠਾ, ਉਸ ਨੇ ਸਿੱਖਾਂ ਬਾਰੇ ਆਪਣੀ ਨੀਤੀ ਕਰੜੀ ਕਰ ਲਈ। ਇਸ ਸਮੇਂ ਵਿਚ ਮੁਗਲਾਂ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦਰਮਿਆਨ ਚਾਰ ਵੱਡੀਆਂ ਅਤੇ ਬਾਕੀ ਛੋਟੀਆਂ ਛੋਟੀਆਂ ਲੜਾਈਆਂ ਹੋਈਆਂ। ਹਮਲੇ ਪਹਿਲੋਂ ਮੁਗਲਾਂ ਵਲੋਂ ਹੀ ਹੁੰਦੇ ਰਹੇ। ਧਰਮ ਦੀ ਰੱਖਿਆ ਅਤੇ ਜਾਲਮਾਂ ਦੇ ਜ਼ੁਲਮਾਂ ਵਿਰੁੱਧ ਲੜੀਆਂ ਗਈਆਂ ਇਨ੍ਹਾਂ ਲੜਾਈਆਂ ਵਿਚ ਜਿੱਤ ਹਮੇਸ਼ਾ ਸਤਿਗੁਰੂ ਜੀ ਦੀ ਹੀ ਹੁੰਦੀ ਰਹੀ। ਸਿੱਖਾਂ ਵਿਚ ਧਰਮ-ਯੁੱਧ ਦੇ ਚਾਅ ਦਾ ਇਕ ਨਵਾਂ ਜਜ਼ਬਾ ਪੈਦਾ ਹੋ ਗਿਆ। ਕਈ ਵਾਰ ਸਿੱਖਾਂ ਨੇ ਇਕ ਇਕ ਦਿਨ ਵਿਚ ਯੁੱਧ ਕੀਤਾ ਅਤੇ ਸ਼ਾਮ ਤੱਕ ਜਿੱਤਿਆ। ਸ਼ਾਮ ਨੂੰ ਮਰੇ ਹੋਏ ਮੁਗਲਾਂ ਨੂੰ ਜ਼ਮੀਨ ਵਿਚ ਦੱਬ ਕੇ, ਉਪਰ ਥੜਾ ਬਣਾ ਕੇ, ਉਸ ਉੱਪਰ ਸਿੰਘ ਦੀਵਾਨ ਲਾਉਂਦੇ ਰਹੇ।

ਆਪਣੇ ਜੀਵਨ ਦੇ ਅੰਤਮ ਵਰ੍ਹਿਆਂ ਵਿਚ ਗੁਰੂ ਜੀ ਕੀਰਤਪੁਰ ਸਾਹਿਬ ਰਹੇ ਅਤੇ ਇਥੇ ਹੀ 49 ਸਾਲ ਦੀ ਉਮਰ ਵਿੱਚ ਆਪ ਗੁਰ-ਗੱਦੀ ਆਪਣੇ ਪੋਤਰੇ ਸ੍ਰੀ (ਗੁਰੂ) ਹਰਿ ਰਾਏ ਜੀ ਨੂੰ ਸੌਂਪ, ਚੇਤ ਸੁਦੀ ਪੰਜ, ਸੰਮਤ ੧੭੦੧, (3 ਮਾਰਚ ਸੰਨ 1644) ਨੂੰ ਜੋਤੀ ਜੋਤ ਸਮਾ ਗਏ। ਸ੍ਰੀ ਗੁਰੂ ਹਰਿ ਰਾਏ ਜੀ ਨੂੰ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਨੇ ਗੁਰਿਆਈ ਦਾ ਤਿਲਕ ਲਾਇਆ।

# ਸ੍ਰੀ ਸਤਿਗੁਰੂ ਹਰਿ ਰਾਏ ਜੀ

| | |
|---|---|
| ਪ੍ਰਕਾਸ਼ | : ਮਾਘ ਸੁਦੀ ੧੩, ੧੬੮੬, (26 ਫਰਵਰੀ 1630) |
| ਪ੍ਰਕਾਸ਼ ਅਸਥਾਨ | : ਕੀਰਤਪੁਰ ਸਾਹਿਬ |
| ਪਿਤਾ | : ਬਾਬਾ ਗੁਰਦਿੱਤਾ ਜੀ |
| ਮਾਤਾ | : ਨਿਹਾਲ ਕੌਰ ਜੀ |
| ਮਹਿਲ | : ਰਾਮੋ ਜੀ, ਕ੍ਰਿਸ਼ਨਾ ਜੀ, ਕੋਟ ਕਲਿਆਣੀ ਜੀ, ਲੜਿਕੀ ਜੀ, ਚੰਦੋ ਜੀ, ਪ੍ਰੇਮੋ ਜੀ, ਅਨੋਖੀ ਜੀ, ਤੋਖੀ ਜੀ, (ਇਹ ਸਾਰੀਆਂ ਪਿੰਡ ਅਨੂਪ ਸ਼ਹਿਰ ਯੂ.ਪੀ. ਦੇ ਨਿਵਾਸੀ ਸ੍ਰੀ ਦਯਾ ਰਾਮ ਦੀਆਂ ਧੀਆਂ ਸਨ।) |
| ਸੰਤਾਨ | : ਸ੍ਰੀ ਰਾਮ ਰਾਏ ਜੀ, ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ |
| ਗੱਦੀ ਨਸ਼ੀਨ | : ੭ ਚੇਤ (ਸੁਦੀ ੫), ਸੰਮਤ ੧੭੦੧ (ਮਾਰਚ 1644) |
| ਜੋਤੀ ਜੋਤ ਸਮਾਏ | : ਕਤਕ ਵਦੀ ੯, ਸੰਮਤ ੧੭੧੮ (6 ਅਕਤੂਬਰ 1661) 32 ਸਾਲ ਦੀ ਉਮਰ ਵਿਚ ਕੀਰਤਪੁਰ ਸਾਹਿਬ ਵਿਖੇ। |

ਸ੍ਰੀ ਗੁਰੂ ਹਰਿ ਰਾਏ ਜੀ ਦੇ ਵਕਤ ਵਿਚ ਸਮਾਂ ਬੜੀ ਸ਼ਾਂਤੀ ਨਾਲ ਗੁਜਰਿਆ। ਸਤਿਗੁਰੂ ਜੀ ਨੇ ਗ਼ਰੀਬਾਂ, ਲੋੜਵੰਦਾਂ ਤੇ ਰੋਗੀਆਂ ਦੀ ਦੇਖ-ਭਾਲ, ਸੇਵਾ ਟਹਿਲ ਤੇ ਇਲਾਜ ਵੱਲ ਖਾਸ ਧਿਆਨ ਦਿੱਤਾ ਤੇ ਨਾਲ ਹੀ ਜਿਹੜਾ ਬੀਰ-ਰਸੀ ਪ੍ਰੋਗ੍ਰਾਮ ਛੇਵੇਂ ਗੁਰੂ ਹਰਿ ਗੋਬਿੰਦ ਜੀ ਨੇ ਅਰੰਭਿਆ ਸੀ, ਉਸ ਨੂੰ ਆਪ ਜੀ ਨੇ ਚਾਲੂ ਰਖਿਆ। ਗੁਰੂ ਹਰਿ ਰਾਏ ਜੀ ਪਾਸ ਹਰ ਵੇਲੇ 2200 ਘੋੜ ਸਵਾਰ ਤਿਆਰ-ਬਰ-ਤਿਆਰ ਰਹਿੰਦੇ ਸਨ, ਪਰ ਇਸ ਸਮੇਂ ਦੌਰਾਨ ਕੋਈ ਜੰਗ ਨਾ ਹੋਈ।

ਜਦੋਂ ਦਾਰਾ ਸ਼ਿਕੋਹ ਆਪਣੇ ਭਰਾ ਔਰੰਗਜ਼ੇਬ ਤੋਂ ਬਚਣ ਖਾਤਰ ਗੋਇੰਦਵਾਲ ਸ੍ਰੀ ਗੁਰੂ ਹਰਿ ਰਾਏ ਜੀ ਪਾਸ ਪੁੱਜਾ ਤੇ ਸਹਾਇਤਾ ਲਈ ਬੇਨਤੀ ਕੀਤੀ ਤਾਂ ਸਤਿਗੁਰੂ ਜੀ ਨੇ ਮਗਰ ਆ ਰਹੀ ਔਰੰਗਜ਼ੇਬ ਦੀ ਫੌਜ ਨੂੰ ਦਰਿਆਓਂ ਪਾਰ ਡੱਕ ਛੱਡਿਆ। ਦਾਰਾ ਸ਼ਿਕੋਹ ਬਚ ਕੇ ਲਾਹੌਰ ਜਾ ਪੁੱਜਾ।

ਜਦੋਂ ਔਰੰਗਜ਼ੇਬ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਸਤਿਗੁਰੂ ਜੀ ਨੂੰ ਦਿੱਲੀ ਬੁਲਾ ਭੇਜਿਆ। ਗੁਰੂ ਜੀ ਆਪ ਨਾ ਗਏ ਤੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਨੂੰ ਭੇਜ ਦਿੱਤਾ। ਗੁਰੂ ਜੀ ਦੀ ਬਖ਼ਸ਼ੀ ਸ਼ਕਤੀ ਅਨੁਸਾਰ ਰਾਮ ਰਾਇ ਨੇ ਅਨੇਕਾਂ ਹੀ ਕਰਾਮਾਤਾਂ ਕਰ ਕੇ ਬਾਦਸ਼ਾਹ ਔਰੰਗਜ਼ੇਬ ਨੂੰ ਪ੍ਰਭਾਵਿਤ ਕੀਤਾ ਪਰ ਜਦੋਂ ਗੁਰਬਾਣੀ ਦੀ ਤੁਕ 'ਮਿੱਟੀ ਮੁਸਲਮਾਨ ਕੀ' ਬਾਰੇ ਔਰੰਗਜ਼ੇਬ ਨੇ ਪੁੱਛਿਆ, ਤਾਂ ਉਸ ਡਰਦਿਆਂ 'ਮਿੱਟੀ ਮੁਸਲਮਾਨ ਕੀ' ਦੀ ਬਜਾਏ 'ਮਿੱਟੀ ਬੇਈਮਾਨ ਕੀ' ਕਹਿ ਗੁਰਬਾਣੀ ਦੀ ਤੁਕ ਉਲਟਾ ਦਿੱਤੀ।

ਗੁਰੂ ਹਰਿ ਰਾਏ ਜੀ ਨੇ ਜਦੋਂ ਇਹ ਸਭ ਸੁਣਿਆ ਤਾਂ ਨਰਾਜ਼ ਹੋ ਗਏ ਤੇ ਹੁਕਮ ਕੀਤਾ ਕਿ "ਰਾਮ ਰਾਇ ਸਾਡੇ ਮੱਥੇ ਨਾ ਲੱਗੇ ਅਤੇ ਕੋਈ ਸਿੱਖ ਇਨ੍ਹਾਂ ਨੂੰ ਮੂੰਹ ਨਾ ਲਾਵੇ।" ਸ੍ਰੀ ਗੁਰੂ ਹਰਿਰਾਏ ਜੀ ਗੁਰ-ਗੱਦੀ ਆਪਣੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਨੂੰ ੭ ਕਤਕ (ਵਦੀ ੯), ਸੰਮਤ ੧੭੧੮ (7 ਅਕਤੂਬਰ ਸੰਨ 1661) ਨੂੰ, ਸੌਂਪ ਕੀਰਤਪੁਰ ਸਾਹਿਬ ਵਿਖੇ ਦੇਹ ਦਾ ਓਹਲਾ ਕਰ ਗਏ।

# ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ

ਪ੍ਰਕਾਸ਼ : ੮ ਸਾਵਣ ਸੰਮਤ ੧੭੧੩ (7 ਜੁਲਾਈ ਸੰਨ 1656)
ਪ੍ਰਕਾਸ਼ ਅਸਥਾਨ : ਕੀਰਤਪੁਰ ਸਾਹਿਬ
ਪਿਤਾ : ਸ੍ਰੀ ਗੁਰੂ ਹਰਿ ਰਾਏ ਜੀ
ਮਾਤਾ : ਕ੍ਰਿਸ਼ਨ ਕੌਰ ਜੀ
ਗੱਦੀ ਨਸ਼ੀਨ : ੭ ਕਤਕ (ਵਦੀ ੯) ਸੰਮਤ ੧੭੧੮ (7 ਅਕਤੂਬਰ 1661)
ਜੋਤੀ ਜੋਤ ਸਮਾਏ : ਚੇਤ ਸੁਦੀ ੧੪, ਸੰਮਤ ੧੭੨੧ (30 ਮਾਰਚ 1664)
ਲਗਭਗ ਅੱਠ ਸਾਲ ਦੀ ਉਮਰ ਵਿੱਚ, ਦਿੱਲੀ ਵਿਖੇ।

ਜਦੋਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਕ੍ਰੀਬ ਸਵਾ ਪੰਜ ਸਾਲ ਦੀ ਉਮਰ ਵਿੱਚ ਗੁਰ-ਗੱਦੀ ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਦੇ ਛੋਟੇ ਭਰਾ ਬਾਬਾ ਰਾਮਰਾਇ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਭੜਕਾਇਆ ਕਿ ਹਰਿ ਕ੍ਰਿਸ਼ਨ ਤਾਂ ਅਜੇ ਉਮਰ ਵਿਚ ਬਹੁਤ ਛੋਟਾ ਹੈ, ਗੱਦੀ 'ਤੇ ਮੇਰਾ ਹੱਕ ਹੈ, ਉਹ ਮੈਨੂੰ ਦਿਵਾਈ ਜਾਵੇ। ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਸੱਦਿਆ। ਸਤਿਗੁਰੂ ਜੀ ਆਪਣੀ ਮਾਤਾ ਕ੍ਰਿਸ਼ਨ ਕੌਰ ਅਤੇ ਕੁਝ ਸੰਗਤ ਸਮੇਤ ਔਰੰਗਜ਼ੇਬ ਦੇ ਸੱਦੇ 'ਤੇ ਦਿੱਲੀ ਗਏ। ਜਦੋਂ ਆਪ ਦਿੱਲੀ ਜਾ ਰਹੇ ਸਨ, ਰਸਤੇ ਵਿਚ ਪਿੰਡ 'ਪੰਜੋਖਰਾ' (ਜ਼ਿਲ੍ਹਾ ਅੰਬਾਲਾ) ਵਿਖੇ, ਪੰਡਤਾਂ ਦੀ ਨਵਿਰਤੀ ਕਰਨ ਲਈ, ਇਕ ਅਨਪੜ੍ਹ ਛੱਜੂ ਨਾਮਕ ਝਿਊਰ ਦੇ ਸਿਰ 'ਤੇ ਛੜੀ ਰੱਖ ਕੇ ਆਪ ਜੀ ਨੇ ਉਸ ਕੋਲੋਂ ਗੀਤਾ ਦੇ ਅਰਥ ਕਰਵਾ ਦਿੱਤੇ।

ਦਿੱਲੀ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਡੇਰਾ ਬਾਦਸ਼ਾਹ ਔਰੰਗਜ਼ੇਬ ਦੇ ਜਰਨੈਲ ਰਾਜਾ ਜੈ ਸਿੰਘ ਦੇ ਮਹਿਲਾਂ ਵਿਚ ਲਵਾਇਆ ਗਿਆ। ਉਨੀਂ ਦਿਨੀਂ ਉਥੇ ਹੈਜੇ ਦੀ ਬੀਮਾਰੀ ਫੈਲੀ ਹੋਈ ਸੀ। ਸਤਿਗੁਰੂ ਜੀ ਦਾ ਚਰਨਾਮ੍ਰਿਤ ਪੀਣ ਨਾਲ ਰੋਗੀ ਠੀਕ ਹੋਣ ਲੱਗੇ। ਰਾਜਾ ਜੈ ਸਿੰਘ ਨੇ ਕਈ ਚੁਬੱਚੇ ਭਰਵਾ ਦਿੱਤੇ, ਜਿਸ ਵਿਚੋਂ ਜਲ ਛਕ ਕੇ ਬਹੁਤ ਲੋਕਾਂ ਨੇ ਆਪਣਾ ਰੋਗ ਦੂਰ ਕੀਤਾ।

ਸਤਿਗੁਰੂ ਜੀ ਨੇ ਕਈ ਅਦਭੁਤ ਕੌਤਕ ਕੀਤੇ। ਆਪ ਅਜੇ ਦਿੱਲੀ ਹੀ ਸੈਨ ਕਿ ਆਪ ਨੂੰ ਚੇਚਕ (ਮਾਤਾ) ਨਿਕਲੀ। ਅਸਲ ਵਿਚ ਆਪ ਔਰੰਗਜ਼ੇਬ ਦੇ ਮੱਥੇ ਨਹੀਂ ਸਨ ਲੱਗਣਾ ਚਾਹੁੰਦੇ। ਗੁਰੂ ਜੀ ਦਾ ਅੰਤ ਸਮਾਂ ਵੇਖ ਸਿੱਖਾਂ ਨੇ ਅਰਜ਼ ਕੀਤੀ,

"ਸੱਚੇ ਪਾਤਸ਼ਾਹ ਜੀ, ਸਾਨੂੰ ਕਿਸ ਦੇ ਲੜ੍ਹ ਲਾ ਚਲੇ ਹੋ?"

"ਬਾਬਾ ਬਸਹਿ ਜਿ ਗ੍ਰਾਮ ਬਕਾਲੇ" ਸਤਿਗੁਰੂ ਜੀ ਨੇ ਹੁਕਮ ਕੀਤਾ।

ਬਾਬਾ ਬਕਾਲੇ ਤੋਂ ਗੁਰੂ ਹਰਿਕ੍ਰਿਸ਼ਨ ਜੀ ਦਾ ਇਸ਼ਾਰਾ 'ਸ੍ਰੀ ਗੁਰੂ ਤੇਗ ਬਹਾਦਰ' ਜੀ ਵੱਲ ਸੀ, ਜਿਨ੍ਹਾਂ ਦਾ ਪਤਾ ਇਕ ਵਪਾਰੀ ਮੱਖਣ ਸ਼ਾਹ ਨੇ ਕੱਢਿਆ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ

ਜੀ ਚੇਤ ਸੁਦੀ ੧੪, ਸੰਮਤ ੧੭੨੧ (30 ਮਾਰਚ 1664) ਨੂੰ ਜੋਤੀ ਜੋਤ ਸਮਾ ਗਏ ਤੇ ਗੁਰੂ ਮਰਿਯਾਦਾ ਅਨੁਸਾਰ ਉਸੇ ਵੇਲੇ ਤੋਂ ਉਨ੍ਹਾਂ ਦੇ ਹੁਕਮ ਮੁਤਾਬਕ ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰ ਗੱਦੀ 'ਤੇ ਬਿਰਾਜਮਨ ਹੋ ਗਏ। ਮੱਖਣ ਸ਼ਾਹ ਲੁਬਾਣਾ ਨਾਮਕ ਇਕ ਵਿਉਪਾਰੀ ਦੇ ਕੋਠੇ 'ਤੇ ਚੜ੍ਹ ਕੇ ਪੱਲੂ ਫੇਰਨ ਅਤੇ ਆਖਣ 'ਤੇ ਕਿ, 'ਗੁਰੂ ਲਾਧੋ ਰੇ' ਸੁਣ ਸੰਗਤ ਨੇ ਗੁਰੂ ਤੇਗ ਬਹਾਦਰ ਜੀ ਨੂੰ ਨਮਸਕਾਰ ਕਰ ਖੁਸ਼ੀਆਂ ਹਾਸਲ ਕੀਤੀਆਂ।

੧੮ ਵੈਸਾਖ ੧੭੨੧ ਨੂੰ ਦਿੱਲੀ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਕੀਤੇ ਵਾਕ 'ਬਾਬਾ ਬਸਹਿ ਜਿ ਗ੍ਰਾਮ ਬਕਾਲੇ', ਅਨੁਸਾਰ ਬਾਬਾ ਬੁੱਢਾ ਜੀ ਦੇ ਪੜੋਤ੍ਰੇ ਭਾਈ ਗੁਰਦਿੱਤਾ ਜੀ ਨੇ ਬਕਾਲੇ ਵਿਚ ਪੰਜ ਪੈਸੇ ਤੇ ਨਾਰੀਅਲ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਭੇਟਾ ਕਰ ਗੱਦੀ-ਤਿਲਕ ਦਿੱਤਾ।

# ਸ੍ਰੀ ਸਤਿਗੁਰੂ ਤੇਗ ਬਹਾਦਰ ਜੀ

| | |
|---|---|
| ਪ੍ਰਕਾਸ਼ | :੫ ਵੈਸਾਖ (ਵਦੀ ੫) ਸੰਮਤ ੧੬੭੮ (1 ਅਪ੍ਰੈਲ, ਸੰਨ 1621) |
| ਪ੍ਰਕਾਸ਼ ਅਸਥਾਨ | :ਅੰਮ੍ਰਿਤਸਰ |
| ਪਿਤਾ | : ਸ੍ਰੀ ਗੁਰੂ ਹਰਿਗੋਬਿੰਦ ਜੀ |
| ਮਾਤਾ | : ਨਾਨਕੀ ਜੀ |
| ਮਹਿਲ | : ਗੁਜਰੀ ਜੀ |
| ਸੰਤਾਨ | : ਸ੍ਰੀ (ਗੁਰੂ) ਗੋਬਿੰਦ ਰਾਏ (ਸਿੰਘ) ਜੀ |
| ਗੱਦੀ ਨਸ਼ੀਨ | : ਚੇਤ ਸੁਦੀ ੧੪, ਸੰਮਤ ੧੭੨੧ (30 ਮਾਰਚ ਸੰਨ 1664) |
| ਸ਼ਹੀਦ ਕੀਤੇ ਗਏ | : ਮੱਘਰ ਸੁਦੀ ਪੰਜ ਸੰਮਤ ੧੭੩੨ (11ਨਵੰਬਰ ਸੰਨ 1675) ਨੂੰ ਦਿੱਲੀ ਵਿਖੇ। |
| ਬਾਣੀ | : ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਰਾਗਾਂ ਵਿਚ 59 ਦੁਪੱਦੇ ਤੇ ਤਿਪੱਦਿਆਂ ਦੀ ਰਚਨਾ ਕੀਤੀ। ਇਸ ਬਾਣੀ ਤੋਂ ਇਲਾਵਾ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਅੰਤ ਵਿਚ ਪੰਨਾ ੧੪੨੬ ਤੋਂ ੧੪੨੯ ਤਕ ਦਰਜ 57 ਸਲੋਕ ਵੀ ਆਪ ਜੀ ਦੀ ਰਚਨਾ ਹੈ। |

ਗੁਰੂ ਹਰਿਕ੍ਰਿਸ਼ਨ ਜੀ ਦੇ ਦੇਹ ਦਾ ਓਹਲਾ ਕਰ ਜਾਣ ਪਿਛੋਂ, ਤ੍ਰਿਸ਼ਨਾ ਦੇ ਮਾਰੇ 22 ਸੋਢੀ ਮੰਜੀਆਂ ਵਿਛਾ ਕੇ ਬਕਾਲੇ ਪਹੁੰਚ ਕੇ ਗੁਰੂ ਬਣ ਬੈਠੇ। ਇਨ੍ਹਾਂ ਵਿਚੋਂ ਸਭ ਤੋਂ ਵੱਧ ਵੱਡਾ ਕਹਾਉਣ ਵਾਲਾ ਧੀਰ ਮੱਲ ਸਪੁੱਤਰ ਬਾਬਾ ਗੁਰਦਿੱਤਾ ਸੀ।

ਮੱਖਣ ਸ਼ਾਹ ਲੁਬਾਣਾ ਜ਼ਿਲ੍ਹਾ ਜੇਹਲਮ ਗੁਜਰਾਤ ਟਾਂਡੇ ਪਿੰਡ ਦਾ ਵਿਉਪਾਰੀ ਸੀ। ਦੇਸ਼-ਵਿਦੇਸ਼ਾਂ ਵਿਚ ਤਜ਼ਾਰਤ ਕਰਦਾ ਸੀ। ਇਕ ਵਾਰ ਇਸ ਦਾ ਸਮਾਨ ਨਾਲ ਲੱਦਿਆ ਸਮੁੰਦਰੀ ਜਹਾਜ਼, ਤੀਖਣ ਹਵਾ ਦੇ ਚੱਕਰ ਵਿਚ ਪੈ, ਸਮੁੰਦਰ ਦੀ ਘੇਰਨੀ ਵਿਚ ਫਸ ਗਿਆ। ਮੱਖਣ ਸ਼ਾਹ ਨੇ ਇਸ ਔਕੜ ਦੇ ਸਮੇਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਦੇ ਚਰਨਾਂ ਵਿਚ ਬੇੜਾ ਪਾਰ ਕਰਨ ਲਈ ਅਰਜ਼ ਕੀਤੀ ਤੇ 500 ਮੋਹਰਾਂ ਮੱਥਾ ਟੇਕਣ ਦੀ ਸੁੱਖਣਾ ਸੁੱਖੀ। ਸਤਿਗੁਰੂ ਜੀ ਨੇ ਸਹਾਇਤਾ ਕੀਤੀ ਤੇ ਬੇੜਾ ਪਾਰ ਲਾ ਦਿਤਾ। ਜਦੋਂ ਮੱਖਣ ਸ਼ਾਹ ਆਪਣੀ ਸੁੱਖਣਾ ਦੇਣ ਵਾਸਤੇ ਬਕਾਲੇ ਪੁੱਜਾ ਤਾਂ ਵੇਖਿਆ ਕਿ ਗੱਦੀ ਦੇ ਕਈ ਦਾਅਵੇਦਾਰ ਗੁਰੂ ਬਣੀ ਬੈਠੇ ਹਨ। ਉਸ ਨੇ ਸੋਚਿਆ ਕਿ ਮੈਂ ਪੰਜ ਪੰਜ ਮੋਹਰਾਂ ਮੱਥਾ ਟੇਕਦਾ ਹਾਂ, ਜਿਹੜਾ ਸੱਚਾ ਗੁਰੂ ਹੋਵੇਗਾ, ਆਪੇ ਹੀ ਮੈਥੋਂ ਪੰਜ ਸੌ ਮੋਹਰਾਂ ਮੰਗ ਲਵੇਗਾ। ਉਸ ਨੇ ਇਸ ਤਰ੍ਹਾਂ ਹੀ ਕੀਤਾ ਪਰ ਕਿਸੇ ਨੇ ਵੀ ਪੰਜ ਸੌ ਮੋਹਰ ਨਾ ਮੰਗੀ। ਅੰਤ ਪਤਾ ਲਗਾ ਕਿ ਇਕ 'ਤੇਗਾ' ਨਾਂ ਦਾ ਸੋਢੀ ਹੈ, ਜੋ ਅੰਦਰ ਹੀ ਬੈਠਾ ਰਹਿੰਦਾ ਹੈ, ਕੋਈ ਮੰਜੀ ਨਹੀਂ ਲਾਈ। ਮੱਖਣ ਸ਼ਾਹ ਨੇ ਆਪ ਜੀ ਨੂੰ ਪੰਜ ਮੋਹਰਾਂ ਮੱਥਾ ਟੇਕੀਆਂ

ਤਾਂ ਆਪ (ਸ੍ਰੀ ਗੁਰੂ ਤੇਗ ਬਹਾਦਰ ਜੀ) ਨੇ ਬਚਨ ਕੀਤਾ,

"ਭਾਈ ਸੁੱਖਣਾ ਤਾਂ ਪੰਜ ਸੌ ਮੋਹਰਾਂ ਦੀ ਤੇ ਮੱਥਾ ਪੰਜ ਮੋਹਰਾਂ ਦਾ ਟੇਕਿਆ ਹੈ।"

ਇਹ ਸੁਣ ਮੱਖਣ ਸ਼ਾਹ ਮਸਤਾਨਾ ਹੋ ਗਿਆ ਅਤੇ ਵੈਰਾਗ ਵਿੱਚ ਆ ਕੇ ਕੋਠੇ 'ਤੇ ਚੜ੍ਹ ਕੇ ਪੱਲੂ ਫੇਰਿਆ, "ਗੁਰੂ ਲਾਧੋ ਰੇ-ਗੁਰੂ ਲਾਧੋ ਰੇ।" ਸੱਚਾਈ ਦਾ ਪਤਾ ਲੱਗਣ ਤੇ ਸੰਗਤ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ 'ਤੇ ਨਮਸਕਾਰ ਕਰ, ਖੁਸ਼ੀਆਂ ਹਾਸਲ ਕੀਤੀਆਂ।

ਗੁਰਗੱਦੀ 'ਤੇ ਬਿਰਾਜਮਾਨ ਹੋਣ ਪਿਛੋਂ ਸੰਮਤ ੧੭੨੨ ਵਿਚ ਹਿੰਦ ਧਰਮ ਰੱਖਯਕ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ। ਸ੍ਰੀ ਦਰਬਾਰ ਸਾਹਿਬ 'ਤੇ ਉਸ ਵੇਲੇ ਧੀਰਮਲੀਆਂ ਦਾ ਕਬਜ਼ਾ ਸੀ, ਉਹ ਸਤਿਗੁਰੂ ਜੀ ਦਾ ਆਉਣਾ ਸੁਣ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਕੇ ਚਲੇ ਗਏ। ਸ੍ਰੀ ਸਤਿਗੁਰੂ ਜੀ ਬਾਹਰੋਂ ਹੀ ਮੱਥਾ ਟੇਕ ਕੇ ਪਿੰਡ 'ਵੱਲੇ' ਨੂੰ ਪਧਾਰ ਗਏ। ਇਕ ਬੇਰੀ ਦੇ ਬ੍ਰਿਛ ਹੇਠ, ਜਿਸ ਥੜ੍ਹੇ 'ਤੇ ਹਜ਼ੂਰ ਬੈਠੇ ਸਨ, ਉਹ ਥੜ੍ਹਾ ਸੱਚੇ ਪਾਤਸ਼ਾਹ ਜੀ ਦੀ ਪਾਵਨ ਛੋਹ ਕਰ ਕੇ 'ਥੜ੍ਹਾ ਸਾਹਿਬ' ਹੋ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਿੱਖੀ ਦਾ ਪ੍ਰਚਾਰ ਕਰਨ ਲਈ ਅਨੇਕ ਥਾਵਾਂ ਦੇ ਦੌਰੇ ਕੀਤੇ। ਜਿਸ ਸਮੇਂ ਗੁਰੂ ਜੀ ਆਸਾਮ ਵਿਚ ਵਿਚਰ ਰਹੇ ਸਨ, ਬਾਦਸ਼ਾਹ ਔਰੰਗਜ਼ੇਬ ਨੇ ਇਕ ਨਵੀਂ ਨੀਤੀ ਦਾ ਐਲਾਨ ਕੀਤਾ, ਜਿਸ ਦੇ ਫਲਸਰੂਪ ਹਿੰਦੂਆਂ ਦੇ ਪਵਿੱਤਰ ਧਾਰਮਿਕ ਅਸਥਾਨ ਢਾਹੁਣ ਅਤੇ ਉਨ੍ਹਾਂ ਦਾ ਧਰਮ ਜਬਰੀ ਬਦਲਣ ਦੀ ਮੁਹਿੰਮ ਸ਼ੁਰੂ ਹੋ ਗਈ। ਸਾਰੇ ਦੇਸ਼ ਵਿਚ ਡਰ ਤੇ ਸਹਿਮ ਦੀ ਲਹਿਰ ਦੌੜ ਗਈ। ਲੋਕਾਂ ਦੀ ਪਰੇਸ਼ਾਨੀ ਨੂੰ ਮਹਿਸੂਸ ਕਰਦਿਆਂ ਸਤਿਗੁਰੂ ਜੀ ਝਟਪਟ ਆਸਾਮ ਤੋਂ ਪੰਜਾਬ ਮੁੜੇ ਤੇ ਲੋਕਾਂ ਨੂੰ ਅਡੋਲ ਰਹਿਣ ਦਾ ਉਪਦੇਸ਼ ਦੇਣ ਲੱਗੇ।

ਥੋੜ੍ਹੇ ਚਿਰ ਮਗਰੋਂ ਕਸ਼ਮੀਰੀ ਪੰਡਤਾਂ ਦੇ ਇਕ ਜੱਥੇ ਨੇ ਅਨੰਦਪੁਰ ਸਾਹਿਬ ਆ ਕੇ ਆਪਣੀ ਦਰਦ ਭਰੀ ਵਿਥਿਆ ਸੁਣਾਈ, ਜਿਸ ਨੂੰ ਸੁਣ ਕੇ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਆਖਿਆ,"ਜਾਓ ਬਾਦਸ਼ਾਹ ਨੂੰ ਕਹਿ ਦਿਓ ਕਿ ਜੇ ਤੁਸੀਂ ਗੁਰੂ ਤੇਗ ਬਹਾਦਰ ਦਾ ਧਰਮ ਬਦਲ ਸਕੋ ਤਾਂ ਅਸੀਂ ਸਾਰੇ ਹੀ ਮੁਸਲਮਾਨ ਬਣ ਜਾਵਾਂਗੇ।"

ਕੁਝ ਹੀ ਸਮੇਂ ਮਗਰੋਂ ਗੁਰੂ ਤੇਗ ਬਹਾਦਰ ਜੀ ਦਿੱਲੀ ਵੱਲ ਨੂੰ ਰਵਾਨਾ ਹੋ ਗਏ। ਅਜੇ ਆਪ ਰਾਹ ਵਿਚ ਹੀ ਸਨ ਕਿ ਮੁਗ਼ਲ ਸਰਕਾਰ ਵਲੋਂ ਆਪ ਨੂੰ ਕੁਝ ਸਾਥੀਆਂ ਸਮੇਤ ਗ੍ਰਿਫਤਾਰ ਕਰ ਕੇ ਦਿੱਲੀ ਲੈ ਜਾਇਆ ਗਿਆ।

ਗੁਰੂ ਜੀ ਵਲੋਂ ਮੁਗ਼ਲ ਬਾਦਸ਼ਾਹ ਦੀਆਂ ਸ਼ਰਤਾਂ ਪਰਵਾਨ ਨਾ ਕਰਨ ਦੀ ਸੂਰਤ ਵਿਚ 10 ਨਵੰਬਰ 1675 ਈ: ਵਿਚ ਪਹਿਲੋਂ ਗੁਰੂ ਜੀ ਦੇ ਤਿੰਨ ਸ਼ਰਧਾਲੂਆਂ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਜਿਸ ਵੇਲੇ ਗੁਰੂ ਤੇਗ ਬਹਾਦਰ ਜੀ ਨੂੰ ਪੁੱਛਿਆ ਗਿਆ ਸੀ ਕਿ 'ਤੁਹਾਡਾ ਨਾਮ ਤੇਗ

ਬਹਾਦਰ ਕਿਉਂ ਹੈ?' ਉਨ੍ਹਾਂ ਆਖਿਆ 'ਮੈਂ ਤੇਗ 'ਤੇ ਬਹਾਦਰ ਹਾਂ।' ਫੇਰ ਸੱਯਦ ਨੂੰ ਜਿਹੜਾ ਤਕੜਾ ਜੁਆਨ ਸੀ, ਤਲਵਾਰ ਦੇ ਕੇ ਉਸ 'ਤੇ ਕੱਚਾ ਧਾਗਾ ਬੰਨ੍ਹਿਆ ਗਿਆ। ਜਿਸ ਵੇਲੇ ਜ਼ੋਰ ਨਾਲ ਉਸ ਤਲਵਾਰ ਮਾਰੀ ਤਾਂ ਬਾਂਹ ਛਣ ਗਈ। ਉਸ ਨੇ ਵੇਖਿਆ, ਧਾਗਾ ਉਸੇ ਤਰ੍ਹਾਂ ਹੀ ਰਿਹਾ ਹੈ ਤੇ ਸੀਸ ਗਲ ਦੇ ਉਤੋਂ ਪਹਿਲਾਂ ਹੀ ਚਲਾ ਗਿਆ ਹੈ, ਮਤਲਬ ਤਲਵਾਰ ਦੇ ਵਾਰ ਤੋਂ ਪਹਿਲਾਂ ਹੀ ਸਤਿਗੁਰੂ ਜੀ ਸ਼ਹਾਦਤ ਪਾ ਗਏ ਤੇ ਇਸ ਸ਼ਹਾਦਤ ਵਾਲੇ ਅਸਥਾਨ 'ਤੇ ਜਿਥੇ ਗੁਰੂ ਜੀ ਦਾ ਸੀਸ ਪਿਆ ਸੀ, ਦਿੱਲੀ ਵਿਚ ਅੰਸ ਵੇਲੇ 'ਗੁਰਦਵਾਰਾ ਸੀਸ ਗੰਜ' ਸੁਸ਼ੋਭਿਤ ਹੈ।

ਜਦੋਂ 11 ਨਵੰਬਰ 1675 ਈ: ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ, ਉਸ ਵੇਲੇ ਕਹਿਰ ਦੀ ਹਨੇਰੀ ਅਤੇ ਤੂਫ਼ਾਨ ਆ ਗਿਆ, ਜਿਸ ਦਾ ਫਾਇਦਾ ਉਠਾ ਕੇ ਭਾਈ ਜੈਤਾ ਜੀ ਨੇ ਅੱਗੇ ਹੋ ਕੇ ਗੁਰੂ ਜੀ ਦਾ ਪਵਿੱਤਰ ਸੀਸ ਚੁੱਕ ਲਿਆ ਤੇ ਲੁਕਦੇ-ਛਿਪਦੇ ਭਾਈ ਅੱਡਾ ਤੇ ਭਾਈ ਨਨੂਆ ਨਾਲ ਸੀਸ ਅਨੰਦਪੁਰ ਲੈ ਆਏ। ਲੱਖੀ ਸ਼ਾਹ ਤੇ ਉਸ ਦੇ ਪੁੱਤਰ ਨਿਗਾਹੀਆਂ ਨੇ ਗੁਰੂ ਜੀ ਦਾ ਧੜ ਹੁਸ਼ਿਆਰੀ ਨਾਲ ਗੱਡੇ 'ਚ ਪਾ ਲਿਆ ਤੇ ਗੱਡਾ ਆਪਣੇ ਘਰ ਵਿਚ ਲਿਜਾ ਕੇ ਗੁਰੂ ਜੀ ਦੇ ਧੜ ਦਾ ਅਦਬ ਨਾਲ ਸਸਕਾਰ ਕਰਨ ਲਈ, ਸਣੇ ਗੱਡੇ ਆਪਣੇ ਮਕਾਨ ਨੂੰ ਲਾਂਬੂ (ਅੱਗ) ਲਾ ਦਿਤਾ। ਇਸ ਥਾਂ 'ਤੇ ਅਜ ਕਲ੍ਹ 'ਗੁਰਦਾਵਰਾ ਰਕਾਬ ਗੰਜ' ਸੁਸ਼ੋਭਿਤ ਹੈ।

ਜਦੋਂ ਗੁਰੂ ਤੇਗ ਬਹਾਦਰ ਜੀ 11 ਨਵੰਬਰ ਸੰਨ 1675 ਵਿਚ ਦਿੱਲੀ ਵਿਖੇ ਸ਼ਹੀਦ ਹੋਏ, ਉਸੇ ਵੇਲੇ ਗੁਰ ਮਰਿਯਾਦਾ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ 'ਤੇ ਸੁਭਾਇਮਾਨ ਹੋ ਗਏ। 5 ਪੈਸੇ ਤੇ ਨਾਰੀਅਲ ਰੱਖ, ਗੱਦੀ ਦਾ ਤਿਲਕ ਸਤਵੀਂ ਵਾਲੇ ਦਿਨ ਬਾਬਾ ਬੁੱਢਾ ਜੀ ਦੀ ਪੰਜਵੀਂ ਅੰਸ ਵਿਚੋਂ ਭਾਈ ਗੁਰਦਿੱਤਾ ਜੀ ਨੇ ਲਾਇਆ।

# ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ

| | |
|---|---|
| ਪ੍ਰਕਾਸ਼ | : ਪੋਹ ਸੁਦੀ ਸੱਤਵੀਂ ਸੰਮਤ ੧੭੨੩ (22 ਦਸੰਬਰ 1666) |
| ਪ੍ਰਕਾਸ਼ ਅਸਥਾਨ | : ਪਟਨਾ ਸਾਹਿਬ |
| ਪਿਤਾ | : ਸ੍ਰੀ ਗੁਰੂ ਤੇਗ ਬਹਾਦਰ ਜੀ |
| ਮਾਤਾ | : ਗੁਜਰੀ ਜੀ |
| ਮਹਿਲ | : ਜੀਤੋ ਜੀ, ਸੁੰਦਰੀ ਜੀ, ਸਾਹਿਬ ਦੇਵਾਂ ਜੀ |
| ਸੰਤਾਨ | : ਸਾਹਿਬਜ਼ਾਦੇ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ, ਫਤਿਹ ਸਿੰਘ |
| ਗੱਦੀ ਨਸ਼ੀਨ | : ੧੨ ਮੱਘਰ (ਸੁਦੀ ਪੰਜ) ਸੰਮਤ ੧੭੩੨ (11 ਨਵੰਬਰ 1675) |
| ਜੋਤੀ ਜੋਤ ਸਮਾਏ | : ਸੰਮਤ ੧੭੩੨ ਤੋਂ ੧੭੬੫ (ਸੰਨ 1675-1708) ਤਕ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਰਹੇ ਸੰਮਤ ੧੭੬੫-੧੮੬੯ (ਸੰਨ 1708-1812) ਤਕ ਬਾਬਾ ਅਜਾਪਲ ਸਿੰਘ ਜੀ ਦੇ ਰੂਪ ਵਿਚ ਗੁਪਤ ਵਿਚਰੇ। |
| ਬਾਣੀ | : ਜਾਪ ਸਾਹਿਬ, ਅਕਾਲ ਉਸਤਤ, ਬਚਿਤ੍ਰ ਨਾਟਕ, ਸ਼ਸਤ੍ਰ ਨਾਮ ਮਾਲਾ, ਚੰਡੀ ਦੀ ਵਾਰ, ਉਗ੍ਰਦੰਤੀ, ਗੁਰਿਡਨਾਮਾ, ਸਵਈਏ, ਜਫਰਨਾਮਾ, ਚੌਪਈ। ਪੰਜਾਬੀ, ਹਿੰਦੀ, ਬ੍ਰਿਜ, ਸੰਸਕ੍ਰਿਤ, ਅਰਬੀ ਅਤੇ ਫਾਰਸੀ ਭਾਸ਼ਾਵਾਂ ਵਿਚ ਆਪ ਜੀ ਨੇ ਅਥਾਹ ਬਾਣੀ ਰਚੀ ਜੋ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਦਰਜ ਹੈ। |

ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵੇਲੇ ਦੇ ਹਾਲਾਤ ਅਨੁਸਾਰ ਸਿੱਖਾਂ ਨੂੰ ਅੰਮ੍ਰਿਤਧਾਰੀ ਤੇ ਸ਼ਸਤਰਧਾਰੀ ਹੋਣ ਦਾ ਹੁਕਮ ਦਿਤਾ। ਤੀਰ ਤੇ ਤਲਵਾਰ ਦੇ ਧਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਕਮਰਕੱਸਾ ਢਾਈ ਮਣ ਦਾ ਹੁੰਦਾ ਸੀ।

ਸਿੱਖਾਂ ਨੂੰ ਸ਼ਸਤਰ ਵਿਦਿਆ ਸਿੱਖਣ ਦਾ ਹੁਕਮ ਹੋਇਆ, ਭੇਟਾ ਵੀ ਘੋੜਿਆਂ ਅਤੇ ਸ਼ਸਤਰਾਂ ਦੀ ਲਈ ਜਾਣ ਲੱਗੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਵਿਚ ਕਈ ਕਿਲਿਆਂ ਦੀ ਉਸਾਰੀ ਕਰਵਾਈ। ਆਪ ਜੀ ਨੇ 'ਰਣਜੀਤ ਨਗਾਰਾ' ਵੀ ਬਣਵਾਇਆ, ਜਿਸ ਬਾਰੇ ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ, "ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਨਗਾਰਾ, ਜੋ ਸਵਾਰੀ ਦੇ ਅੱਗੇ ਵੱਜਿਆ ਕਰਦਾ ਸੀ "ਗੁਰੂ ਘਰ ਕੋ ਰਣਜੀਤ ਨਗਾਰਾ", ਇਹ ਨਗਾਰਾ ਸੰਮਤ ੧੭੪੧

ਵਿਚ ਅਨੰਦਪੁਰ ਤਿਆਰ ਹੋਇਆ।"

ਉਨ੍ਹਾਂ ਦਿਨਾਂ ਵਿਚ ਸਿਵਾਏ ਬਾਦਸ਼ਾਹ ਦੇ ਕੋਈ ਹੋਰ ਨਗਾਰਾ ਨਹੀਂ ਸੀ ਵਜਾ ਸਕਦਾ। ਸੰਨ 1670 ਵਿਚ ਔਰੰਗਜ਼ੇਬ ਬਾਦਸ਼ਾਹ ਨੇ ਰਾਗ ਗਾਉਣ 'ਤੇ ਪਾਬੰਦੀ ਲਗਾ ਦਿਤੀ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਰਾਗ ਗਾਏ ਜਾਂਦੇ ਤੇ ਕੀਰਤਨ ਹੁੰਦਾ।

ਸਤਿਗੁਰੂ ਜੀ ਨੇ ਹੋਲਾ ਮਹੱਲਾ ਮੇਲੇ ਦੀ ਪ੍ਰਥਾ ਤੋਰੀ। ਗੁਰੂ ਜੀ ਦਾ ਵਧਦਾ ਪ੍ਰਤਾਪ, ਪਹਾੜੀ ਰਾਜਿਆਂ ਲਈ ਜਰਨਾ ਔਖਾ ਹੋ ਗਿਆ, ਸਿੱਟੇ ਵਜੋਂ ਗੁਰੂ ਜੀ ਦੇ ਸਮੇਂ ਵਿਚ ਉਨ੍ਹਾਂ ਦੇ, ਪਹਾੜੀ ਰਾਜਿਆਂ ਨਾਲ ਅਤੇ ਮੁਗਲ ਬਾਦਸ਼ਾਹ ਦੀਆਂ ਫੌਜਾਂ ਨਾਲ ਕਈ ਯੁੱਧ ਹੋਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤਾ, "ਮੈਂ ਐਸੇ ਸਿੱਖ ਸਜਾਵਾਂਗਾ, ਜੋ ਲੱਖਾਂ ਵਿਚ ਵੀ ਪਹਿਚਾਣੇ ਜਾ ਸਕਣਗੇ।" ਸੰਨ 1699 (ਸੰਮਤ ੧੭੫੬) ਨੂੰ ਅਨੰਦਪੁਰ ਸਾਹਿਬ ਵਿਖੇ ਵਿਸਾਖੀ ਦੇ ਮੇਲੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿਖਾਂ ਨੂੰ ਅੰਮ੍ਰਿਤ ਛਕਾ ਕੇ, ਖਾਲਸੇ ਦੀ ਸਿਰਜਣਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜ ਦੇ ਲਿਤਾੜੇ ਹੋਏ ਲੋਕਾਂ ਨੂੰ, ਅਰਥਾਤ ਭਾਰਤ ਦੀ ਸੁੱਤੀ ਹੋਈ ਕੌਮ ਨੂੰ ਜਗਾਇਆ। ਆਪਣੇ ਆਪ ਨੂੰ ਬੇਵੱਸ ਸਮਝਣ ਵਾਲੇ ਮਜ਼ਲੂਮ ਲੋਕਾਂ ਦੀ ਮੁਰਦਾ ਰੂਹ ਵਿਚ ਜਾਨ ਪਾਈ। ਹਿੰਦੂਆਂ ਨੂੰ ਅਜਿਹੇ ਪਿਆਰ ਸੂਤਰ ਵਿਚ ਪਰੋਇਆ ਜਿਨ੍ਹਾਂ ਦੀ ਸੰਗਠਤ ਸ਼ਕਤੀ ਨੇ ਭਾਰਤ ਦੀ ਕਾਇਆ ਪਲਟ ਕੇ ਰੱਖ ਦਿੱਤੀ।

ਭਾਈ ਸੰਤੋਖ ਸਿੰਘ ਜੀ 'ਸੂਰਜ ਪ੍ਰਕਾਸ਼' ਵਿਚ ਲਿਖਦੇ ਹਨ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਅਜਿਹਾ ਨਾ ਕਰਦੇ ਤਾਂ ਕੀ ਹੁੰਦਾ,

"ਛਾਇ ਜਾਤੀ ਏਕਤਾ, ਅਨੇਕਤਾ ਬਲਾਇ ਜਾਤੀ, ਧਾਇ ਜਾਤੀ ਕੁਚਲਤਾ ਕਤੇਬਨ ਕੁਰਾਨ ਕੀ। ਪਾਪ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ ਵਰਨ ਗਰਕ ਜਾਤੇ, ਸਹਿਤ ਵਿਧਾਨ ਕੀ। ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ, ਰੀਤ ਮਿਟ ਜਾਤੀ ਕਥਾ ਵੇਦ ਔ ਪੁਰਾਨ ਕੀ। ਸ੍ਰੀ ਗੁਰੂ ਗੋਬਿੰਦ ਸਿੰਘ ਪਤਿਤ ਪਾਵਨ ਸੁਰ ਮੂਰਤੀ ਨਾਂ ਹੋਤੀ ਜੋ ਪੈ ਕਰੁਣਾ ਨਿਧਾਨ ਕੀ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ਮਈ ਜੀਵਨ ਨਾਮ ਜਪਦਿਆਂ ਧਰਮ ਚਲਾਉਣ ਅਤੇ ਨਾਲ ਹੀ ਧਰਮ ਯੁੱਧ ਲਈ ਜੂਝਣ ਦਾ ਆਦਰਸ਼ ਪੇਸ਼ ਕਰਦਾ ਹੈ। ਸ੍ਰੀ ਦਸਮੇਸ਼ ਜੀ ਨੇ ਜ਼ੁਲਮਾਂ ਦੇ ਸਤਾਏ ਹੋਏ ਲੋਕਾਂ ਨੂੰ ਜੀਵਨ ਜਾਚ ਦਸਦਿਆਂ ਉਪਦੇਸ਼ ਦਿੱਤਾ ਕਿ ਨਾਮ ਜਪਦਿਆਂ ਵੀ, ਦੁਸ਼ਟਾਂ ਤੇ ਜ਼ਾਲਮਾਂ ਦੇ ਟਾਕਰੇ ਲਈ ਜਦੋਂ ਹੋਰ ਹੀਲੇ ਖਤਮ ਹੋ ਜਾਣ ਤਾਂ ਤਲਵਾਰ ਚੁੱਕਣੀ ਅਤੇ ਸ਼ਕਤੀ ਦਾ ਪ੍ਰਯੋਗ ਕਰਨਾ ਉਚਿਤ ਹੈ।

ਸਮੇਂ ਦਾ ਮਾਲਕ ਸਤਿਗੁਰੂ ਹੀ ਦੱਸ ਸਕਦਾ ਹੈ ਕਿ ਤਲਵਾਰ ਕਦੋਂ ਚੁੱਕਣੀ ਹੈ ਤੇ ਸ਼ਕਤੀ ਦਾ ਪ੍ਰਯੋਗ ਕਦੋਂ ਕਰਨਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਇਹ ਵੀ ਸਮਝਾਇਆ ਕਿ ਨਾਮ ਜਪਣ ਤੋਂ ਬਿਨਾਂ ਨਿਰੀ ਵੱਧ ਤੋਂ ਵੱਧ ਫੌਜੀ ਸ਼ਕਤੀ ਉਨ੍ਹਾਂ ਦੀ ਰੱਖਿਆ ਨਹੀਂ ਕਰ

ਸਕੇਗੀ। ਆਪ ਨੇ ਹੁਕਮ ਦਿਤਾ ਕਿ ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਿਆ ਜਾਵੇ ਅਤੇ ਆਪਣੇ ਕਾਰ-ਵਿਹਾਰ ਕਰਦਿਆਂ ਚਿੱਤ ਪ੍ਰਭੂ ਨਾਲ ਜੋੜ ਕੇ ਰੱਖਿਆ ਜਾਵੇ। ਇੰਜ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਧਾਰਮਕ ਅਤੇ ਸੈਨਿਕ ਦੋਹਾਂ ਖੇਤਰਾਂ ਵਿਚ ਸਾਵਧਾਨ ਰਹਿਣ ਦਾ ਹੁਕਮ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕ ਯੁੱਧ ਕੀਤੇ, ਪਰ ਕਦੇ ਵੀ ਆਪ ਲੜਾਈ ਦਾ ਕਾਰਣ ਨਹੀਂ ਬਣੇ ਅਤੇ ਨਾ ਕਿਸੇ ਅਖੌਤੀ ਵੈਰੀ ਉਤੇ ਪਹਿਲਾਂ ਵਾਰ ਕੀਤਾ। ਹਮਲੇ ਹਮੇਸ਼ਾ ਦੁਸ਼ਮਣਾਂ ਵਲੋਂ ਹੀ ਹੁੰਦੇ ਰਹੇ।

ਗੁਰੂ ਜੀ 'ਸੰਤ ਸਿਪਾਹੀ' ਸਨ। ਆਪ ਸਰਬੱਤ ਦਾ ਭਲਾ ਲੋਚਦੇ ਸਨ। ਗੁਰੂ ਜੀ ਧਾਰਮਿਕ ਸਹਿਣਸ਼ੀਲਤਾ ਅਤੇ ਏਕਤਾ ਦੇ ਮਹਾਨ ਅਲੰਬਰਦਾਰ ਸਨ। ਆਪ ਜੀ ਅਨੁਸਾਰ,

*'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ'* ਅਤੇ
*'ਜਿਨ ਪ੍ਰੇਮ ਕਿਯੋ ਤਿਨ ਹੀ ਪ੍ਰਭ ਪਾਇਓ'*

ਇਹੀ ਕਾਰਣ ਸੀ ਕਿ ਜਦੋਂ ਆਪ ਨੂੰ ਪਤਾ ਲੱਗਾ ਕਿ ਆਪ ਜੀ ਦਾ ਇਕ ਸੇਵਕ ਭਾਈ ਘਨੱਈਆ ਯੁੱਧ ਵਿਚ ਫੱਟੜ ਹੋਏ ਵੈਰੀਆਂ ਨੂੰ ਪਾਣੀ ਪਿਆਉਂਦਾ ਹੈ ਤਾਂ ਆਪ ਜੀ ਨੇ ਪ੍ਰਸੰਨ ਚਿੱਤ ਹੋ ਕੇ ਉਸ ਨੂੰ ਛਾਤੀ ਨਾਲ ਲਾਇਆ ਅਤੇ ਮੱਲ੍ਹਮ ਦੀ ਡੱਬੀ ਦੇ ਕੇ ਜ਼ਖ਼ਮੀਆਂ ਦੀ ਮੱਲ੍ਹਮ ਪੱਟੀ ਕਰਨ ਦੀ ਵੀ ਤਾਕੀਦ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੁੱਚ, ਪਵਿੱਤਰਤਾ ਦੀ ਮਰਿਯਾਦਾ ਰੱਖਣ ਦਾ ਹੁਕਮ ਕੀਤਾ। ਆਪ ਅਨੁਸਾਰ

*"ਜਾ ਕੀ ਰਹਿਤ ਨ ਜਾਣੀਐ, ਗੁਰਮੰਤ੍ਰ ਨਹੀਂ ਚੀਤ*
*ਤਿਨਕਾ ਭੋਜਨ ਖਾਇਕੈ ਵਿਸਰੈ ਹਰਿ ਸਿਉਂ ਪ੍ਰੀਤ।"*
*"ਜਹਾਂ ਕਹਾਂ ਕਾ ਛਕੈ ਪ੍ਰਸਾਦਿ*
*ਸਿੱਖ ਨਹੀਂ ਮੇਰਾ ਆਦਿ ਜੁਗਾਦਿ।"*
*"ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਓ ਮੈਂ ਸਾਰਾ॥*
*ਜਬੈ ਖਾਲਸਾ ਰਲ ਮਿਲ ਜੈ ਹੈ॥*
*ਧਰਮ ਕਾ ਤੇਜ ਖੀਣ ਸਭ ਹ੍ਵੈ ਹੈ॥"*

—ਰਹਿਤਨਾਮਾ

ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਸਾਹਿਤਕਾਰ ਸਨ। ਆਪ ਜੀ ਨੇ ਮੁੱਖ ਰੂਪ ਵਿਚ ਅਧਿਆਤਮਕ ਅਤੇ ਬੀਰ ਰਸੀ ਸਾਹਿਤ ਦੀ ਰਚਨਾ ਕੀਤੀ। ਆਪ ਜੀ ਦੇ ਦਰਬਾਰ ਵਿਚ ਬਵੰਜਾ ਚੋਣਵੇਂ ਕਵੀ ਸਨ।

ਦੁਸ਼ਟ ਦਮਨ, ਸੰਤ ਸਿਪਾਹੀ, ਮਹਾਨ ਇਨਕਲਾਬੀ ਤੇ ਸਾਹਿਤ ਸ਼ਿਰੋਮਣੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀਆਂ ਦਿੱਤੀਆਂ ਤੇ ਜ਼ਾਲਮ ਮੁਗ਼ਲ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਲਗਾਤਾਰ ਕਈ ਸਾਲ ਹੁੰਦੇ ਯੁੱਧਾਂ ਵਿਚ, ਗੁਰੂ ਜੀ ਨੇ ਆਪਣੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਤੇ ਅਣਗਿਣਤ ਸਿੱਖਾਂ ਨੂੰ, ਧਰਮ ਬਚਾਉਣ ਖ਼ਾਤਰ ਕੁਰਬਾਨ ਕਰ ਦਿੱਤਾ।

7 ਅਕਤਬੂਰ ਸੰਨ 1708 (ਸੰਮਤ ੧੭੬੫ ਬਿਕ੍ਰਮੀ) ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਨੰਦੇੜ ਵਿਖੇ ਇਕ ਕੌਤਕ ਕੀਤਾ। ਗੁਰੂ ਜੀ ਨੇ ਚਾਰ ਚੁਫੇਰੇ ਕਨਾਤ ਲਗਾ ਕੇ ਚਿਖਾ ਤਿਆਰ ਕਰਵਾਈ ਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਕੁਮੈਤ ਘੋੜੇ 'ਤੇ ਸਾਜ ਸਮਾਨ ਪਾ ਕੇ ਤਿਆਰ ਰੱਖਣ। ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' ਅਨੁਸਾਰ,

*"ਦੂਰ ਕਨਾਤੋਂ ਸਭ ਸਿਖ ਕਰੀਓ*
*ਹਮਰੀ ਤਰਫ ਨ ਕੋਉ ਨਿਹਰੀਓ*
*ਫੋਲਿਓ ਹਮਰਾ ਨਾਹਿ ਅੰਗੀਠਾ*
*ਨਾਹਿ ਸਮਾਧ ਬਨਾਇਓ ਨੀਠਾ*
*ਜੋ ਸਮਾਧ ਹਮਾਰੀ ਬਨਵੈ ਹੈ*
*ਜਗ ਮਹਿ ਤਹਿ ਸਰਬੰਸ ਨ ਰੈ ਹੈ।"*

ਭਾਈ ਸੰਤੋਖ ਸਿੰਘ ਜੀ ਰਚਿਤ ਗ੍ਰੰਥ "ਸੂਰਜ ਪ੍ਰਕਾਸ਼" ਵਿਚ ਵੀ ਇਸ ਘਟਨਾ ਦਾ ਜ਼ਿਕਰ ਇਵੇਂ ਹੀ ਹੈ।

ਉਸ ਸਾਰੀ ਰਾਤ ਸਿੱਖ ਵਿਆਕੁਲ ਰਹੇ। ਅਗਲੀ ਸਵੇਰ ਇਕ ਸਿੱਖ ਨੇ ਘੋੜਿਆਂ ਦੇ ਤਬੇਲੇ ਵਿਚੋਂ ਆ ਕੇ ਦੱਸਿਆ ਕਿ ਕੁਮੈਤ ਘੋੜਾ ਉਥੇ ਮੌਜੂਦ ਨਹੀਂ, ਗੁਰੂ ਜੀ ਤਾਂ ਘੋੜੇ 'ਤੇ ਸਵਾਰ ਹੋ ਕੇ ਕਿਧਰੇ ਚਲੇ ਗਏ ਹਨ। ਤਦੋਂ ਇਕ ਸਿੱਖ, ਜੋ ਜੰਗਲ ਵਲੋਂ ਆਇਆ ਸੀ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਕੁਮੈਤ ਘੋੜੇ 'ਤੇ ਸਵਾਰ ਉਨ੍ਹਾਂ ਨੂੰ ਮਿਲੇ ਸਨ ਤੇ ਹੁਕਮ ਕੀਤਾ ਸੀ ਕਿ ਸਿੰਘਾਂ ਨੂੰ ਆਖਣਾ ਕਿ ਵਿਰਲਾਪ ਨਾ ਕਰਨ।

ਇਸ ਮਗਰੋ ਪੰਜਾਬ ਵਲੋਂ ਆਏ ਸ਼ਰਧਾਲੂਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਸਤਰ ਪਾਈ,

ਕੁਮੈਤ ਘੋੜੇ 'ਤੇ ਸਵਾਰ ਸਤਿਗੁਰੂ ਜੀ ਦੇ ਜੰਗਲ ਵਿਚ ਦਰਸ਼ਨ ਹੋਏ ਸਨ। ਜਦੋਂ ਚਿਖਾ ਦੀ ਭਸਮ ਫੋਲੀ ਗਈ ਤਾਂ ਉਸ ਵਿਚੋਂ ਕੋਈ ਅਸਥੀ ਵਗੈਰਾ ਜਾਂ ਸ਼ਸਤਰ ਨਾ ਮਿਲਿਆ ਤੇ ਸਿੱਖਾਂ ਨੂੰ ਭਰੋਸਾ ਹੋ ਗਿਆ ਕਿ ਗੁਰੂ ਜੀ ਨਰ-ਨਾਟਕ ਕਰ ਕੇ ਗੁਪਤਵਾਸ ਵਿਚ ਚਲੇ ਗਏ ਹਨ।

ਥੋੜ੍ਹੇ ਦਿਨਾਂ ਬਾਅਦ, ਉਸ ਇਲਾਕੇ ਵਿਚ ਸਥਿਤ 'ਸਿਤਾਰਾ ਕਿਲੇ' ਵਿਚੋਂ ਸਤਿਗੁਰੂ ਜੀ ਨੇ ਦੋ ਰਾਜਪੂਤ ਭਰਾਵਾਂ ਰੁਸਤਮ ਰਾਓ ਅਤੇ ਬਾਲਾ ਰਾਓ ਨੂੰ ਆਪਣੇ ਕੁਮੈਤ ਘੋੜੇ ਦੀਆਂ ਰਕਾਬਾਂ ਫੜਾ ਕੇ ਕੈਦ ਵਿਚੋਂ ਬਾਹਰ ਕੱਢਿਆ। ਗੁਪਤ ਵਿਚਰਦਿਆਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਹਿੰਦ ਦੀ ਲੜਾਈ ਵਿਚ ਬੰਦਾ ਬਹਾਦਰ ਦੀ ਮਦਦ ਕੀਤੀ।

ਸੰਨ 1753 (ਸੰਮਤ ੧੮੧੦) ਤੋਂ ਪਹਿਲਾਂ ਗੁਰੂ ਜੀ ਭਾਦਰਾ ਪਹੁੰਚੇ ਅਤੇ ਸੰਮਤ ੧੮੧੨ ਵਿਚ ਭਾਦਰੇ ਦੇ ਰਾਜਪੂਤ ਰਾਜੇ ਲਾਲ ਸਿੰਘ ਦੀ ਸਹਾਇਤਾ ਕੀਤੀ। ਗੁਰੂ ਜੀ ਨੇ ਆਪਣਾ ਨਾਂ ਬਦਲ ਕੇ 'ਅਜਾਪਾਲ ਸਿੰਘ' ਰਖ ਲਿਆ ਸੀ। ਸੰਨ 1757 ਤੋਂ ਸੰਨ 1761 ਤਕ, ਛੇ ਸਾਲ ਗੁਰੂ ਜੀ ਜੀਂਦ ਲਾਗੇ ਸੰਘਣੇ ਜੰਗਲਾਂ ਵਿਚ ਵਿਚਰਦੇ ਰਹੇ। ਸੰਨ 1761 ਤੋਂ 1763 ਤਕ ਆਪ ਪਟਿਆਲੇ ਠਹਿਰੇ। ਉਪ੍ਰੰਤ ਸੰਨ 1812 ਤਕ ਨਾਭੇ ਦੀ ਝਿੜੀ ਵਿਚ ਰਹੇ।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਦੁਆਰਾ ਛਾਪੇ ਜਾਂਦੇ 'ਮਾਸਕ ਫੁਲਵਾੜੀ' ਵਿਚ ਛਪੇ ਇਕ ਲੇਖ ਅਨੁਸਾਰ ਬਾਬਾ ਅਜਾਪਾਲ ਸਿੰਘ ਉਰਫ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਅੱਧਾ ਮੁੱਖ ਢਕਿਆ ਹੁੰਦਾ ਸੀ ਤਾਂ ਜੋ ਪਹਿਚਾਣ ਨਾ ਹੋ ਸਕੇ। ਇਥੋਂ ਆਪ ਕਈ ਵਾਰ, ਮੁਸੀਬਤ ਵਿਚ ਆਏ ਸਿੱਖਾਂ ਦੀ ਮਦਦ ਲਈ ਜਾਂਦੇ ਰਹੇ।

ਸੰਨ 1775 (ਸੰਮਤ ੧੮੩੨) ਵਿਚ ਗੁਰੂ ਜੀ ਨੇ ਨੱਥਾ ਸਿੰਘ ਦਿਆਲ ਸਿੰਘ ਸ਼ਹੀਦ, ਬਾਬੇ ਦੀ ਬੇਰ ਸਿਆਲਕੋਟ ਵਾਲਿਆਂ ਦੀ ਸਹਾਇਤਾ ਕੀਤੀ। ਸੰਨ 1776 (ਸੰਮਤ ੧੮੩੩) ਵਿਚ ਜਦੋਂ ਸਿੰਘਾਂ ਦਾ ਤੁਰਕਾਂ ਨਾਲ ਆਖਰੀ ਯੁੱਧ ਹੋਇਆ, ਜਿਸ ਵਿਚ ਬੇਦੀ ਬਾਬਾ ਰਾਮ ਸਿੰਘ ਜੀ ਕੋਟਲੀ ਵਾਲੇ ਸ਼ਹੀਦ ਹੋਏ ਸਨ, ਸਤਿਗੁਰੂ ਜੀ ਮਦਦ ਲਈ ਪਹੁੰਚੇ। ਸ਼ਾਂਹਚੀ ਖਾਂ ਮਾਰਿਆ ਗਿਆ ਤੇ ਸਿੰਘਾਂ ਨੇ ਜੰਗ ਜਿੱਤਿਆ।

ਸੰਨ 1800 (ਸੰਮਤ ੧੮੫੭) ਵਿਚ ਰਾਜਾ ਪਟਲੇਸ਼ਵਰ ਸਾਹਿਬ ਦੇ ਅਰਦਾਸ ਕਰਨ 'ਤੇ ਗੁਰੂ ਜੀ ਨੇ ਸਨੌਰ ਦੀ ਜੰਗ ਵਿਚ ਮਦਦ ਕਰ ਕੇ ਉਸ ਦੀ ਜਿੱਤ ਕਰਵਾਈ। ਦੁਸ਼ਮਣ ਦੀਆਂ ਤੋਪਾਂ, ਗੋਲਾ, ਬਾਰੂਦ ਤੇ ਤੰਬੂ ਰਾਜੇ ਦੇ ਹੱਥ ਲੱਗੇ।

ਮਹੰਤ ਸੁਮੇਰ ਸਿੰਘ ਨੇ 'ਸ੍ਰੀ ਗੁਰ ਪਦ ਪ੍ਰਕਾਸ਼' ਵਿਚ ਕਲਗੀਧਰ ਜੀ ਦਾ ਕਾਬਲ, ਪੇਸ਼ਾਵਰ ਵਿਚ ਵਿਚਰਨਾ ਵਿਸਥਾਰ ਨਾਲ ਲਿਖਿਆ ਹੈ। ਪਿਸ਼ੌਰ ਵਿਚ ਰਹਿੰਦੇ ਇਕ ਭਗਤ ਦੀ ਅਰਜ਼ ਪ੍ਰਵਾਨ ਕਰ ਕੇ ਗੁਰੂ ਜੀ ਨੇ ਉਸ ਨੂੰ ਦਰਸ਼ਨ ਦਿਤੇ, ਪ੍ਰਸ਼ਾਦਾ ਛਕ, ਪੁਸ਼ਾਕ ਧਾਰਨ ਕੀਤੀ। ਪੇਸ਼ਾਵਰ ਵਿਚ ਇਸ ਘਟਨਾ ਦੀ ਯਾਦ ਵਿਚ 'ਗੁਰਦਵਾਰਾ ਕੋਠਾ ਸਾਹਿਬ' ਸਥਾਪਤ ਹੈ।

ਵੈਸਾਖ ਸੁਦੀ ਦਸਵੀਂ ਸੰਮਤ 1869 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਰਵਾਲੇ ਤੋਂ ਛੋਈ ਨੂੰ ਜਾਂਦਿਆਂ ਹਰੋ ਨਦੀ ਦੇ ਕਿਨਾਰੇ ਇਕ ਰਮਣੀਕ ਥਾਂ 'ਤੇ ਬੈਠੇ ਭਜਨ ਕਰ ਰਹੇ, ਬਾਬਾ ਬਾਲਕ ਸਿੰਘ ਜੀ ਨੂੰ ਦਰਸ਼ਨ ਦਿਤੇ ਅਤੇ ਪੰਜ ਪੈਸੇ ਤੇ ਨਾਰੀਅਲ ਮੱਥਾ ਟੇਕ ਗੁਰੂਤਾ ਸੌਂਪੀ।

ਗੁਰੂ ਗੋਬਿੰਦ ਸਿੰਘ ਜੀ ਨੇ ਜੇਠ ਸੁਦੀ ਪੰਜ ਸੰਮਤ ੧੮੬੯ (ਸੰਨ 1812) ਨੂੰ ਨਾਭੇ ਦੀ ਝਿੜੀ ਵਿਖੇ ਬਾਬਾ ਅਜਾਪਾਲ ਸਿੰਘ ਦੇ ਨਾਂ ਹੇਠ ਸਰੀਰ ਤਿਆਗਿਆ।

# ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

ਪ੍ਰਕਾਸ਼ :ਫੱਗਣ ਸੁਦੀ ੧੫ (ਪੂਰਨਮਾਸ਼ੀ) ਸੰਮਤ ੧੮੪੧ (ਸੰਨ 1784)
ਪ੍ਰਕਾਸ਼ ਅਸਥਾਨ :ਸਰਵਾਲਾ ਪੋਠੋਹਾਰ ਜ਼ਿਲ੍ਹਾ ਅਟਕ
ਪਿਤਾ : ਸ. ਦਿਆਲ ਸਿੰਘ ਜੀ. ਖੱਤਰੇ ਜਾਤੀ ਦੇ ਅਰੋੜੇ ਸਿੱਖ
ਮਾਤਾ : ਭਾਗਭਰੀ ਜੀ
ਮਹਿਲ : ਤੱਤੀ ਜੀ
ਗੱਦੀ ਨਸ਼ੀਨ : ਵੈਸਾਖ ਸੁਦੀ ੧੦ਵੀਂ ਸੰਮਤ ੧੮੬੯ (ਸੰਨ 1812)
ਜੋਤੀ ਜੋਤ ਸਮਾਏ : ਮੱਘਰ ਸੁਦੀ. ਪੂਰਨਮਾਸ਼ੀ ਸੰਮਤ ੧੯੧੯ (6 ਦਸੰਬਰ 1862)

ਅਜਿੱਤੇ ਰੰਧਾਵੇ ਦੀ ਗੋਸ਼ਟਿ (ਜਨਮਸਾਖੀ ਭਾਈ ਬਾਲਾ ਜੀ) ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੁਕਮ ਕੀਤਾ,

"ਜਦ ਦਸਵਾਂ ਜਾਮਾ ਹੋਵੇਗਾ, ਤਾਂ ਗਿਆਰਵਾਂ ਗੁਪਤ ਵਰਤੇਗਾ।"

*"ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ"*
*"ਗੁਪਤ ਗਿਆਰਵਾਂ ਖੇਲਸੀ ਕੋਈ ਨ ਪਾਵੈ ਪਾਰ"*

ਸ੍ਰੀ ਗੁਰੂ ਬਾਲਕ ਸਿੰਘ ਜੀ ਦਾ ਨਿਵਾਸ ਬਹੁਤ ਚਿਰ ਹਜਰੋ ਸਾਹਿਬ ਹੀ ਰਿਹਾ। ਗੁਰੂ ਜੀ ਉਚੇਚੇ ਤੌਰ 'ਤੇ ਸਿੱਖਾਂ ਨੂੰ ਨਾਮ-ਬਾਣੀ ਅਤੇ ਕੀਰਤਨ ਵਿਚ ਮਨ ਲਗਾਉਣ ਦੀ ਪ੍ਰੇਰਨਾ ਦਿੰਦੇ ਰਹੇ ਕਿਉਂਕਿ ਉਸ ਵੇਲੇ ਲੰਮੇ ਸੰਘਰਸ਼ਾਂ ਤੋਂ ਬਾਅਦ ਪੰਜਾਬ ਵਿਚ ਖਾਲਸਾ ਰਾਜ ਕਾਇਮ ਹੋ ਚੁੱਕਾ ਸੀ। ਪਰ 'ਤਪੋ' ਰਾਜ ਤੇ ਰਾਜੋਂ ਨਰਕ' ਦੇ ਅਖਾਣ ਮੁਤਾਬਕ ਜਦੋਂ ਖਾਲਸੇ ਨੂੰ ਤਪ-ਸਾਧਨਾਂ ਅਤੇ ਅਣਥੱਕ ਸੰਘਰਸ਼ਾਂ ਨਾਲ ਰਾਜ ਭਾਗ ਮਿਲ ਗਿਆ ਤਾਂ ਇਖਲਾਕੀ ਤੇ ਧਾਰਮਿਕ ਪੱਖ ਕਮਜ਼ੋਰ ਹੋਣਾ ਸ਼ੁਰੂ ਹੋ ਗਿਆ।

ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਆਸਾ ਦੀ ਵਾਰ, ਕਥਾ-ਕੀਰਤਨ ਦਾ ਪ੍ਰਵਾਹ ਚਲਾ ਦਿੱਤਾ, ਜਿਸ ਤੋਂ ਅਨਗਿਣਤ ਪ੍ਰਾਣੀ ਪ੍ਰਭਾਵਿਤ ਹੋਏ ਅਤੇ ਗੁਰੂ ਜੀ ਤੋਂ ਨਾਮ ਦੀ ਦਾਤ ਲੈ ਕੇ ਆਪਣਾ ਜਨਮ ਸਫਲ ਕੀਤਾ।

*"ਮੁਇਆ ਜੀਵਦਿਆ ਗਤਿ ਹੋਵੈ*
*ਜਾ ਸਿਰਿ ਪਾਈਐ ਪਾਣੀ॥"* —ਵਾਰ ਮਾਝ ਮਹਲਾ ੧ ਪੰਨਾ ੧੪੦

ਅਨੁਸਾਰ ਸਣੇ ਕੇਸੀਂ ਇਸ਼ਨਾਨ ਕਰਨ ਦਾ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਵਿਸ਼ੇਸ਼ ਹੁਕਮ ਸੀ। ਆਪ ਜੀ ਨੇ ਫਰਮਾਇਆ ਕਿ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਗਾਇਨ ਕਰਨ ਜਾਂ ਸੁਣਨ ਵਾਲਾ ਜੇ ਸਣੇ ਕੇਸੀਂ ਇਸ਼ਨਾਨ ਨਹੀਂ ਕਰਦਾ ਤਾਂ ਉਸ ਨੂੰ ਪੁੰਨ ਦੀ ਥਾਂ ਪਾਪ ਲਗਦਾ ਹੈ ਅਰਥਾਤ ਸਣੇ ਕੇਸੀਂ ਇਸ਼ਨਾਨ ਨਾ ਕਰਨ ਨਾਲ ਗੁਰਬਾਣੀ ਦਾ ਸਤਿਕਾਰ ਨਹੀਂ ਰਹਿੰਦਾ।

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਸੰਮਤ ੧੮੯੮ (ਸੰਨ 1841) ਵਿਚ ਪੰਜ ਪੈਸੇ ਤੇ ਨਾਰੀਅਲ ਮੱਥਾ ਟੇਕ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂਤਾ ਸੌਂਪ ਦਿਤੀ। ਸ੍ਰੀ ਸਤਿਗੁਰੂ ਬਾਲਕ ਸਿੰਘ ਜੀ 78 ਸਾਲ ਦੀ ਆਯੂ ਵਿਚ ਸੰਮਤ ੧੯੧੯ ਨੂੰ ਹਜ਼ਰੋਂ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

# ਸ੍ਰੀ ਸਤਿਗੁਰੂ ਰਾਮ ਸਿੰਘ ਜੀ

| | |
|---|---|
| ਪ੍ਰਕਾਸ਼ | : ਮਾਘ ਸੁਦੀ ਪੰਚਮੀ (ਬਸੰਤ ਵਾਲੇ ਦਿਨ) ਸੰਮਤ ੧੮੭੨ (ਸੰਨ 1816) |
| ਪ੍ਰਕਾਸ਼ ਅਸਥਾਨ | : ਪਿੰਡ ਰਾਈਆਂ (ਜ਼ਿਲ੍ਹਾ ਲੁਧਿਆਣਾ) |
| ਪਿਤਾ | : ਸ. ਜੱਸਾ ਸਿੰਘ ਜੀ |
| ਮਾਤਾ | : ਸੱਦਾ ਕੌਰ ਜੀ |
| ਮਹਿਲ | : ਜੱਸਾਂ ਜੀ |
| ਸੰਤਾਨ | : ਬੀਬੀ ਨੰਦਾਂ ਜੀ, ਬੀਬੀ ਦਇਆ ਕੌਰ ਜੀ |
| ਭਰਾ | : ਭਾਈ ਬੁਧ ਸਿੰਘ ਜੀ (ਸ੍ਰੀ ਸਤਿਗੁਰੂ ਹਰੀ ਸਿੰਘ ਜੀ) |
| ਭੈਣਾਂ | : ਬੀਬੀ ਰਾਮ ਕੌਰ ਜੀ, ਬੀਬੀ ਸਾਹਿਬ ਕੌਰ ਜੀ |
| ਗਦੀ ਨਸ਼ੀਨ | : ਅੱਸੂ ਦੀ ਸੰਗ੍ਰਾਂਦ ਸੰਮਤ ੧੮੯੮ (ਸੰਨ 1841) |

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਿਰਤੀ ਬਚਪਨ ਤੋਂ ਹੀ ਭਜਨ-ਬਾਣੀ ਵੱਲ ਸੀ। ਆਪ ਬਹੁਤ ਘੱਟ ਬੋਲਦੇ ਅਤੇ ਸ਼ਾਂਤ-ਚਿੱਤ ਰਹਿੰਦੇ। ਆਪ ਖ਼ੁਦ ਵੀ ਇਕਾਗਰ-ਚਿਤ ਹੋ ਭਜਨ ਬੰਦਗੀ ਕਰਦੇ ਅਤੇ ਆਪਣੇ ਸਾਥੀਆਂ ਨੂੰ ਵੀ ਨਾਮ ਜਪਾਉਂਦੇ। ਆਪ ਰੱਸੀਆਂ ਲੈ ਕੇ ਉਨ੍ਹਾਂ ਨੂੰ ਗੰਢਾਂ ਮਾਰਦੇ ਅਤੇ ਮਾਲਾ ਬਣਾ ਕੇ ਆਪਣੇ ਸਾਥੀਆਂ ਨੂੰ ਨਾਮ ਸਿਮਰਨ ਕਰਨ ਲਈ ਦਿੰਦੇ।

ਸੰਨ 1837 (ਸੰਮਤ ੧੮੯੪) ਨੂੰ ਲਗਭਗ ਬਾਈ ਸਾਲ ਦੀ ਉਮਰ ਦੇ ਸ੍ਰੀ ਸਤਿਗੁਰੂ ਰਾਮ ਜੀ ਨੂੰ ਉਨ੍ਹਾਂ ਦੇ ਭਣਵਈਏ ਕਾਬਲ ਸਿੰਘ ਨੇ ਆਪਣੇ ਨਾਲ ਲਿਜਾ ਕੇ, ਮਹਾਰਾਜਾ ਰਣਜੀਤ ਸਿੰਘ ਜੀ ਦੀ ਸਿੱਖ ਫੌਜ ਵਿਚ ਭਰਤੀ ਕਰਵਾ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਉਥੇ ਅੱਠ ਸਾਲ ਨੌਕਰੀ ਕੀਤੀ। ਫੌਜੀ ਨੌਕਰੀ ਕਰਦੇ ਸਮੇਂ ਵੀ ਆਪ ਜੀ ਦਾ ਬਹੁਤਾ ਧਿਆਨ ਭਜਨ-ਬੰਦਗੀ ਵੱਲ ਹੀ ਰਹਿੰਦਾ। ਆਪ ਆਪਣਾ ਲੰਗਰ-ਪਾਣੀ ਆਪ ਬਣਾਉਂਦੇ ਅਤੇ ਸੁੱਚ-ਸੋਧ ਅਤੇ ਪਵਿੱਤਰਤਾ ਰਖਦੇ। ਸਾਧ ਬਿਰਤੀ ਕਰਕੇ ਆਪ ਜੀ ਨੂੰ ਸਾਰੇ 'ਸੰਤ ਜੀ' ਆਖਦੇ। ਆਪ ਜੀ ਦੀ ਪ੍ਰੇਰਨਾ ਨਾਲ ਆਪ ਜੀ ਦੇ ਸਾਥੀ ਵੀ ਭਜਨ-ਬੰਦਗੀ ਵੱਲ ਖਿੱਚੇ ਗਏ। ਕੰਵਰ ਨੌਨਿਹਾਲ ਸਿੰਘ ਦੀ ਪਲਟਨ ਦੀ ਜਿਸ ਰਜ਼ਮੈਂਟ ਵਿਚ ਆਪ ਸਨ, ਉਸ ਦਾ ਨਾਂ ਆਪ ਜੀ ਕਰਕੇ 'ਭਗਤਾਂ ਵਾਲੀ ਰਜ਼ਮੈਂਟ' ਮਸ਼ਹੂਰ ਹੋ ਗਿਆ।

ਉਸ ਸਮੇਂ ਖਾਲਸਾ ਰਾਜ ਢਹਿੰਦੀ ਕਲਾ ਵਿਚ ਜਾ ਰਿਹਾ ਸੀ। ਖਾਲਸਾ ਫੌਜ ਵਿਚ ਆਪਸੀ ਖਿੱਚੋਤਾਣ ਤੇ ਮਾਰਕਾਟ ਸ਼ੁਰੂ ਹੋ ਗਈ ਸੀ। ਅੰਦਰੋਂ ਅੰਦਰ ਫੌਜ ਦਾ ਇਕ ਥਾਰਸੂਖ ਧੜਾ ਪੰਜਾਬ ਵਲ ਸ਼ਹਿ ਲਗਾਈ ਬੈਠਾ, ਬ੍ਰਿਟਿਸ਼ ਹਕੂਮਤ ਨਾਲ ਸੌਦੇਬਾਜ਼ੀ ਵਿਚ ਲਗਿਆ ਹੋਇਆ ਸੀ। ਸੰਨ

1839 (ਸੰਮਤ ੧੮੯੬) ਨੂੰ, ਮਹਾਰਾਜਾ ਰਣਜੀਤ ਸਿੰਘ ਦੇ ਚੜ੍ਹਾਈ ਕਰ ਜਾਣ ਉਪ੍ਰੰਤ ਰਾਜ-ਤਖਤ 'ਤੇ ਬੈਠਣ ਲਈ ਗ੍ਰਹਿਯੁੱਧ ਸ਼ੁਰੂ ਹੋ ਗਿਆ। ਮਹਾਰਾਜੇ ਦੇ ਪਰਿਵਾਰ ਵਿਚ ਆਪੋ-ਧਾਪੀ ਪੈ ਗਈ। ਹਰ ਉੱਤਰਾਧਿਕਾਰੀ ਦਾ ਵਾਰੋ ਵਾਰੀ ਕਤਲ ਹੋਣ ਲੱਗਾ ਤੇ ਪੰਜ ਸਾਲ ਦੇ ਅਰਸੇ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਸਾਰਾ ਪਰਿਵਾਰ ਤਬਾਹ ਹੋ ਗਿਆ ਅਤੇ ਪੰਜਾਬ 'ਤੇ ਅੰਗ੍ਰੇਜ਼ ਹਾਕਮ ਕਾਬਜ਼ ਹੋ ਗਏ।

ਇਸੇ ਦਰਮਿਆਨ ਅੱਸੂ ਦੀ ਸੰਗ੍ਰਾਦ ਸੰਮਤ ੧੮੯੮ (ਸੰਨ 1841) ਨੂੰ , ਸਤਿਗੁਰੂ ਜੀ ਵਾਲੀ ਪਲਟਨ, ਕਿਸੇ ਸਰਕਾਰੀ ਕਾਰਜ ਲਈ ਪੇਸ਼ਾਵਰ ਵੱਲ ਗਈ। ਰਸਤੇ ਵਿਚ ਹਜਰੋ ਰੁਕਣ ਦਾ ਇਤਫਾਕ ਹੋਇਆ। ਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਸੁਣ ਕੇ, ਪਲਟਨ ਦੇ ਫੌਜੀ ਉਨ੍ਹਾਂ ਦੇ ਦਰਸ਼ਨ ਕਰਨ ਗਏ। ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਦਸ਼ਮੇਸ਼ ਜੀ ਦੀ ਦਿੱਤੀ ਹੋਈ ਗੁਰੂਤਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਰਪਣ ਕੀਤੀ। ਆਸਣ 'ਤੇ ਬਿਠਾ ਕੇ ਗੁਰਮੰਤਰ ਬਖਸ਼ਿਆ ਤੇ ਪੰਜ ਪੈਸੇ ਤੇ ਨਾਰੀਅਲ ਅੱਗੇ ਰੱਖ ਮੱਥਾ ਟੇਕਿਆ।

ਸੰਮਤ ੧੯੦੨ (ਸੰਨ 1845) ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੌਕਰੀ ਛੱਡ ਕੇ, ਸ੍ਰੀ ਭੈਣੀ ਸਾਹਿਬ ਆ ਗਏ। ਆਪ ਜੀ ਨੇ ਕੁਝ ਸਮਾਂ ਖੇਤੀ ਕੀਤੀ, ਫਿਰ ਦੁਕਾਨਦਾਰੀ ਵੀ ਕੀਤੀ। ਪਿਤਾ ਬਾਬਾ ਜੱਸਾ ਸਿੰਘ ਜੀ ਨਾਲ, ਵਿਹਾਰਕ ਸਹਾਇਤਾ ਕਰਦਿਆਂ ਆਪ ਜੀ ਦਾ ਬਹੁਤਾ ਸਮਾਂ ਭਜਨ-ਬਾਣੀ ਵਿਚ ਬਤੀਤ ਹੁੰਦਾ। ਦੁਕਾਨ ਤੋਂ ਆਏ ਨਫ਼ੇ ਨਾਲ ਆਪ ਸੰਗਤ ਦੀ ਸੇਵਾ ਕਰਦੇ। ਆਪ ਜੀ ਦਾ ਜੱਸ ਸੁਣ ਕੇ ਦੂਰੋਂ-ਨੇੜਿਓਂ ਸੰਗਤ, ਦਰਸ਼ਨ ਕਰਨ ਆਉਣ ਲਗੀ।

ਸੰਮਤ ੧੯੧੪ ਦੀ ਵਿਸਾਖੀ ਵਾਲੇ ਦਿਨ (12 ਅਪ੍ਰੈਲ 1857) ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮੁਰਝਾ ਚੁੱਕੀ ਸਿੱਖੀ ਨੂੰ ਸੁਰਜੀਤ ਕਰਨ ਲਈ, ਸ੍ਰੀ ਭੈਣੀ ਸਾਹਿਬ ਵਿਖੇ, ਖੰਡੇ ਦਾ ਅੰਮ੍ਰਿਤ ਤਿਆਰ ਕਰਾ ਕੇ 'ਸੰਤ ਖਾਲਸਾ' ਦੀ ਸਿਰਜਣਾ ਕੀਤੀ। ਉਸ ਵੇਲੇ ਧਰਮ-ਪ੍ਰਚਾਰ ਤਾਂ ਉੱਕਾ ਹੀ ਖ਼ਤਮ ਹੋ ਚੁੱਕਾ ਸੀ, ਗੁਰਮੱਤ ਦੀ ਥਾਂ ਮਨਮੱਤ ਨੇ ਲੈ ਲਈ ਸੀ। ਆਦਿ ਸ੍ਰੀ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਅਲਮਾਰੀਆਂ ਵਿਚ ਪਈਆਂ ਨੂੰ ਹੀ ਸਿਉਂਕ ਲੱਗ ਚੁੱਕੀ ਸੀ। ਸ੍ਰੀ ਸਤਿਗੁਰੂ ਜੀ ਨੇ ਥਾਂ-ਥਾਂ ਜਾ ਕੇ ਆਦਿ ਸ੍ਰੀ ਗ੍ਰੰਥ ਸਾਹਿਬ ਦੀਆਂ ਬੀੜਾਂ ਤਲਾਸ਼ ਕਰਕੇ, ਉਨ੍ਹਾਂ ਨੂੰ ਅਲਮਾਰੀਆਂ ਵਿਚੋਂ ਕਢਵਾ ਕੇ, ਮਿੱਟੀ ਘੱਟਾ ਝਾੜ, ਸਾਫ ਕਰ ਕੇ ਪ੍ਰਕਾਸ਼ ਕਰਵਾ ਕੇ ਸਿੱਖਾਂ ਨੂੰ ਪਾਠ ਕਰਨ ਲਾਇਆ। ਸਿੱਖਾਂ ਵਿਚੋਂ ਖ਼ਤਮ ਹੋ ਚੁਕੀ ਮਰਿਯਾਦਾ ਤੇ ਭਾਵਨਾ ਨੂੰ ਪੁਨਰ-ਜਨਮ ਦਿੱਤਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਦਸਮ-ਪਾਤਸ਼ਾਹ ਜੀ ਦੀ ਲੰਗਰ ਦੀ ਮਰਿਯਾਦਾ ਨੂੰ, ਸ੍ਰੀ ਹਜ਼ੂਰ ਸਾਹਿਬ ਤੋਂ, ਭਾਈ ਰਾਇ ਸਿੰਘ ਜੀ ਨੂੰ ਭੇਜ ਕੇ ਮੰਗਵਾਇਆ। ਸ੍ਰੀ ਸਤਿਗੁਰੂ ਜੀ ਨੇ ਹਵਨ ਕਰਨ ਦੀ ਮਹਾਨਤਾ ਵੀ ਦਰਸਾਈ।

ਸ੍ਰੀ ਸਤਿਗੁਰੂ ਜੀ ਨੇ ਲੋਕਾਂ ਨੂੰ ਗੁਰਮਤ ਵੱਲ ਲਾਉਣ ਲਈ ਪੰਜਾਬ ਵਿਚ ਥਾਂ-ਥਾਂ ਦੌਰੇ

ਕੀਤੇ। ਬਾਣੀ ਪੜ੍ਹਨ ਅਤੇ ਨਾਮ ਸਿਮਰਨ ਕਰਨ ਲਈ ਲੋਕਾਂ ਨੂੰ ਪ੍ਰੇਰ ਕੇ, ਸ੍ਰੀ ਦਸਮੇਸ਼ ਜੀ ਦੀ ਅਲੋਪ ਹੋ ਰਹੀ ਸਿੱਖ ਮਰਿਯਾਦਾ ਨੂੰ ਪੁਨਰ-ਸੁਰਜੀਤ ਕੀਤਾ।

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ, ਬਚਨਾਂ ਅਤੇ ਪ੍ਰਚਾਰ ਤੋਂ ਅਣਗਿਣਤ ਲੋਕ ਪ੍ਰਭਾਵਤ ਹੋਏ। ਆਪ ਜੀ ਦੇ ਤੇਜ-ਪ੍ਰਤਾਪ ਨਾਲ, ਜਿੱਧਰ ਜਾਂਦੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸਜ ਜਾਂਦੇ। ਪਿੰਡਾਂ ਦੇ ਪਿੰਡ ਸਿੱਖ ਸਜ ਗਏ। ਜਿਥੇ ਗੁਰਬਾਣੀ ਨੂੰ ਕੋਈ ਨਹੀਂ ਸੀ ਜਾਣਦਾ, ਉਥੇ ਦਿਨ-ਰਾਤ ਬਾਣੀ ਦੀ ਧੁਨੀ ਗੂੰਜਣ ਲੱਗੀ।

ਸ੍ਰੀ ਸਤਿਗੁਰੂ ਜੀ ਦਾ ਜੱਸ ਸੁਣਕੇ, ਦੂਰੋਂ-ਦੂਰੋਂ ਲੋਕ ਦਰਸ਼ਨ ਕਰਨ ਆਉਣ ਲੱਗੇ। ਥੋੜ੍ਹੇ ਹੀ ਚਿਰ ਵਿਚ ਲੱਖਾਂ ਦੀ ਗਿਣਤੀ ਵਿਚ ਲੋਕ ਨਾਮਧਾਰੀ ਬਣ ਗਏ। ਸ੍ਰੀ ਸਤਿਗੁਰੂ ਜੀ ਨੇ ਲੋਕਾਂ ਨੂੰ ਮਾਸ, ਸ਼ਰਾਬ, ਚੋਰੀ ਜਾਰੀ, ਝੂਠ, ਵਿਆਜ ਲੈਣ ਅਤੇ ਹੋਰ ਕਈ ਸਮਾਜਕ ਕੁਰੀਤੀਆਂ ਤੋਂ ਬਚਣ ਦਾ ਉਪਦੇਸ਼ ਦਿੱਤਾ। ਪਰਾਏ ਹੱਕ ਤੋਂ ਪ੍ਰਹੇਜ ਕਰਨ ਅਤੇ ਵਿਹਾਰ ਸ਼ੁੱਧ ਰੱਖਣ ਲਈ ਆਖਿਆ। ਸਿੰਘਾਂ ਤੇ ਬੀਬੀਆਂ ਨੂੰ ਗੁਰਮੁਖੀ ਅੱਖਰ ਪੜ੍ਹਨ ਲਈ ਪ੍ਰੇਰਿਆ।

ਸਮਾਜਕ ਖੇਤਰ ਵਿਚ ਇਸਤਰੀ ਜਾਤੀ ਦੀ ਦਸ਼ਾ ਦੇ ਸੁਧਾਰ ਲਈ ਸਾਰਥਕ ਕਦਮ ਚੁੱਕ ਕੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਹੁਤ ਵੱਡਾ ਉਪਕਾਰ ਕੀਤਾ। ਜੰਮਦੀਆਂ ਕੁੜੀਆਂ ਨੂੰ ਮਾਰਨ, ਵੇਚਣ, ਵੱਟਾ ਕਰਨ ਤੇ ਬਾਲ-ਵਿਆਹ ਕਰਨ ਤੋਂ ਲੋਕਾਂ ਨੂੰ ਰੋਕਿਆ। ਸਤੀ ਪ੍ਰਥਾ ਨੂੰ ਬੰਦ ਕਰਨ ਅਤੇ ਵਿਧਵਾ-ਵਿਆਹ ਕਰਨ ਲਈ ਪ੍ਰੇਰਿਆ। ਇਸਤਰੀਆਂ ਨੂੰ ਘੁੰਡ ਕੱਢਣ ਅਤੇ ਉਸ ਸਮੇਂ ਦੇ ਪ੍ਰਚਲਤ ਹੋਰ ਫਜ਼ੂਲ ਰੀਤ-ਰਿਵਾਜ਼ ਕਰਨ ਤੋਂ ਵਰਜਿਆ। ਇਹ ਹੀ ਨਹੀਂ, ਸ੍ਰੀ ਸਤਿਗੁਰੂ ਜੀ ਨੇ ਸੰਮਤ ੧੯੨੦ (ਸੰਨ 1863) ਨੂੰ ਪਿੰਡ ਸਿਆੜ੍ਹ (ਜ਼ਿਲ੍ਹਾ ਲੁਧਿਆਣਾ) ਵਿਖੇ ਮਾਈਆਂ ਨੂੰ ਕਛਹਿਰੇ ਪਵਾ ਕੇ, ਅੰਮ੍ਰਿਤ ਛਕਾਇਆ। ਇਸੇ ਸਾਲ ਜੂਨ ਸੰਨ 1863 ਨੂੰ ਪਿੰਡ ਖੋਟੇ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ, ਹਵਨ ਕਰਕੇ, ਵੇਦੀ ਗੱਡ ਕੇ, ਲਾਵਾਂ ਪੜ੍ਹ ਕੇ ਛੇ ਅੰਤਰਜਾਤੀ ਜੋੜਿਆਂ ਦੇ ਵਿਆਹ ਕਰ ਕੇ, ਸ੍ਰੀ ਸਤਿਗੁਰੂ ਜੀ ਨੇ ਗੁਰਮਤ ਆਨੰਦ-ਕਾਰਜ ਕਰਨ ਦੀ ਮਰਿਯਾਦਾ ਆਰੰਭੀ।

ਰਾਜਨੀਤਕ ਪੱਖੋਂ, ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਮੁੱਢ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਅੰਗ੍ਰੇਜ਼ ਸਰਕਾਰ ਵਿਰੁੱਧ ਨਾਮਿਲਵਰਤਣ ਲਹਿਰ ਚਲਾ ਕੇ ਬੰਨ੍ਹਿਆ। ਅਜ਼ਾਦੀ ਦਾ ਇਹ ਅੰਦੋਲਨ ਪੂਰੀ ਤਰ੍ਹਾਂ ਅਹਿੰਸਕ ਸੀ। ਇਸ ਲਹਿਰ ਅਨੁਸਾਰ ਅੰਗ੍ਰੇਜ਼ੀ ਸਰਕਾਰ ਨੂੰ ਮਾਨਤਾ ਨਹੀਂ ਦਿੱਤੀ ਗਈ। ਸ੍ਰੀ ਸਤਿਗੁਰੂ ਜੀ ਨੇ ਹਰ ਵਿਦੇਸ਼ੀ ਚੀਜ਼ ਦਾ ਬਾਈਕਾਟ ਕਰਨ ਦਾ ਆਦੇਸ਼ ਦਿਤਾ, ਜੋ ਬੜੀ ਕਰੜਾਈ ਨਾਲ ਮੰਨਿਆ ਜਾਣ ਲੱਗਾ। ਅੰਗ੍ਰੇਜ਼ ਸਰਕਾਰ ਦੀ ਨੌਕਰੀ, ਉਨ੍ਹਾਂ ਦੇ ਚਲਾਏ ਸਕੂਲ, ਅਦਾਲਤਾਂ, ਸਾਰੀਆਂ ਵਿਦੇਸ਼ੀ ਵਸਤਾਂ ਦੇ ਬਾਈਕਾਟ ਦੇ ਨਾਲ-ਨਾਲ, ਰੇਲ, ਤਾਰ ਤੇ ਡਾਕ ਦਾ ਵੀ ਬਾਈਕਾਟ ਕੀਤਾ ਗਿਆ। ਨਾਮਧਾਰੀ ਸਿੱਖਾਂ ਨੇ ਚਿੱਠੀਆਂ, ਇਕ ਥਾਂ ਤੋਂ ਦੂਜੇ ਥਾਂ

ਪਹੁੰਚਾਣ ਦਾ ਆਪਣਾ ਹੀ ਪ੍ਰਬੰਧ ਕੀਤਾ ਹੋਇਆ ਸੀ, ਜਿਸ ਨੂੰ ਅੰਗ੍ਰੇਜ਼ਾਂ ਨੇ ਆਪਣੇ ਰਿਕਾਰਡ ਵਿਚ 'ਕੂਕਾ ਪੋਸਟਲ ਸਰਵਸਿਜ਼' (ਡਾਕ-ਸੇਵਾ) ਦਾ ਨਾਂ ਦਿੱਤਾ।

ਪੰਜਾਬ ਦੇ ਵੱਖੋ ਵੱਖ ਜ਼ਿਲ੍ਹਿਆਂ ਵਿਚ ਧਰਮ-ਪ੍ਰਚਾਰ ਕਰਨ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 22 ਸੂਬੇ ਥਾਪੇ ਜਿਨ੍ਹਾਂ ਦਾ ਆਪਸ ਵਿਚ ਤਾਲ-ਮੇਲ ਰਹਿੰਦਾ ਸੀ, ਜਿਸ ਕਾਰਣ ਸਾਰੇ ਪ੍ਰਬੰਧ ਸੁਚਾਰੂ ਰੂਪ ਵਿਚ ਚਲਦੇ ਸਨ। ਮੁਕੱਦਮਿਆਂ ਦੇ ਫੈਸਲੇ ਵੀ ਸੂਬੇ ਹੀ ਕਰਿਆ ਕਰਦੇ ਸਨ।

ਇਸ ਪੂਰਨ ਸੁਦੇਸ਼ੀ ਦੇ ਪ੍ਰਚਾਰ ਨੇ ਅੰਗ੍ਰੇਜ਼ਾਂ ਲਈ ਸੰਕਟ ਖੜ੍ਹਾ ਕਰ ਦਿੱਤਾ। ਸਾਰੀਆਂ ਦੇਸ਼ ਭਗਤ ਪਾਰਟੀਆਂ ਨੇ ਨਾਮਧਾਰੀ ਅੰਦੋਲਨ ਤੋਂ ਪ੍ਰੇਰਨਾ ਲਈ। ਇਸ ਨਾਮਿਲਵਰਤਣ ਦੇ ਸਿਧਾਂਤ ਨੂੰ ਕ੍ਰੀਬ 50 ਸਾਲ ਬਾਅਦ ਕਾਂਗਰਸ ਨੇ ਅਪਨਾਇਆ ਤੇ ਦੇਸ਼ ਨੂੰ ਅਜ਼ਾਦ ਕਰਾਉਣ ਦੇ ਮਨੋਰਥ ਵਿਚ ਸਫ਼ਲਤਾ ਪ੍ਰਾਪਤ ਕੀਤੀ। ਸ੍ਰੀ ਸਤਿਗੁਰੂ ਜੀ ਦੇ ਦਿੱਤੇ ਇਸ ਸ਼ਕਤੀਸ਼ਾਲੀ ਹਥਿਆਰ ਨੂੰ ਵਰਤ ਕੇ ਬਾਅਦ ਵਿਚ ਅਫ਼ਰੀਕਾ ਦੇ ਕਈ ਦੇਸ਼ ਅਜ਼ਾਦ ਹੋਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਕਸ਼ਮੀਰ, ਨੇਪਾਲ, ਰੂਸ, ਅਫਗਾਨਿਸਤਾਨ ਆਦਿ ਵਿਦੇਸ਼ੀ ਹਾਕਮਾਂ ਨਾਲ ਵੀ ਕੌਮਾਂਤਰੀ ਸੰਬੰਧ ਬਣਾਏ।

ਸ੍ਰੀ ਨਗਰ ਦੀ ਰਿਪੋਰਟ ਅਨੁਸਾਰ, "ਕਸ਼ਮੀਰ ਵਿਚ 'ਕੂਕਾ ਰੈਜ਼ਮੈਂਟ' ਤਿਆਰ ਹੋ ਗਈ ਹੈ, ਜਿਸ ਵਿਚ ਦੋ ਸੌ ਤੋਂ ਵਧ ਕੂਕੇ ਭਰਤੀ ਹੋ ਗਏ ਹਨ।"

ਸੰਨ 1870 ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਨਿਹੰਗ ਨੂੰ ਤੋਹਫੇ ਦੇ ਕੇ ਨੇਪਾਲ-ਨਰੇਸ਼ ਕੋਲ ਭੇਜਿਆ ਅਤੇ ਨੇਪਾਲ ਦੇ ਰਾਜੇ ਵਲੋਂ ਵੀ ਸ੍ਰੀ ਸਤਿਗੁਰੂ ਜੀ ਨੂੰ ਸੌਗਾਤਾਂ ਭੇਜੀਆਂ ਗਈਆਂ। ਨੇਪਾਲ ਦੀ ਖੁਫੀਆ ਰਿਪੋਰਟ ਅਨੁਸਾਰ,

'ਏਥੋਂ ਦੇ ਰਾਣਾਂ ਜੰਗ ਬਹਾਦਰ ਨੇ ਦੱਸਿਆ ਹੈ ਕਿ ਕੂਕਿਆਂ ਦੀ ਗਿਣਤੀ 3,15000 ਹੋ ਗਈ ਹੈ ਤੇ ਇਨ੍ਹਾਂ ਦਾ ਆਪਣੇ ਗੁਰੂ 'ਤੇ ਅਟੁੱਟ ਵਿਸ਼ਵਾਸ਼ ਹੈ।'

ਰੂਸ ਨਾਲ ਸਬੰਧ ਜੋੜਨ ਲਈ ਸ੍ਰੀ ਸਤਿਗੁਰੂ ਜੀ ਦਾ ਇਕ ਸੂਬਾ ਗੁਰਚਰਨ ਸਿੰਘ ਕਈ ਵਾਰ ਰੂਸ ਗਿਆ ਅਤੇ ਉੱਥੇ ਉਸ ਦਾ ਸਰਕਾਰੀ ਤੌਰ 'ਤੇ ਸਨਮਾਨ ਕੀਤਾ ਜਾਂਦਾ ਰਿਹਾ। ਸੂਬਾ ਗੁਰਚਰਨ ਸਿੰਘ ਬਾਰੇ ਰਿਪੋਰਟ ਹੈ, "ਉਹ ਕੂਕਿਆਂ ਦਾ ਸੂਬਾ ਹੈ ਅਤੇ ਆਪਣੇ ਮਰਨ ਤਕ ਜੋ ਅੰਗ੍ਰੇਜ਼ ਸਰਕਾਰ ਦਾ ਨੁਕਸਾਨ ਕਰ ਸਕਦਾ ਹੈ, ਕਰੇਗਾ।"

ਫ਼ਾਰਸੀ ਤੇ ਪਸ਼ਤੋ ਦੇ ਵਿਦਵਾਨ ਬਾਬਾ ਬਿਸ਼ਨ ਸਿੰਘ ਨੇ ਅਫ਼ਗਾਨਿਸਤਾਨ ਵਿਚ ਕਾਬਲ ਕੰਧਾਰ ਜਾ ਕੇ ਨਾਮਧਾਰੀ ਮਿਸ਼ਨ ਦਾ ਪ੍ਰਚਾਰ ਕੀਤਾ ਅਤੇ ਅਫ਼ਗਾਨਿਸਤਾਨ ਦੇ ਅਮੀਰ ਸ਼ੇਰ ਅਲੀ ਨੂੰ ਮਿਲ ਕੇ ਭਾਰਤ ਨੂੰ ਅਜ਼ਾਦ ਕਰਾਉਣ ਦੀ ਮਦਦ ਮੰਗੀ। ਅਮੀਰ ਦੇ ਪੁੱਤਰ ਯਾਕੂਬ ਖਾਂ ਤੇ ਅਬਦੁਲ ਖਾਂ ਭਾਰਤ ਆਏ। ਉਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਆ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਵਿਚਾਰ-ਵਟਾਂਦਰਾ ਕੀਤਾ।

ਲੁਧਿਆਣੇ ਦਾ ਡਿਪਟੀ ਕਮਿਸ਼ਨਰ ਆਪਣੀ ਰਿਪੋਰਟ ਵਿਚ ਲਿਖਦਾ ਹੈ, "ਕੂਕੇ ਬੜੇ ਜੋਸ਼ ਵਿਚ ਹਨ, ਉਨ੍ਹਾਂ ਪਾਸ ਵਿਦੇਸ਼ਾਂ ਤੋਂ ਬਹੁਤ ਲੋਕ ਆਉਂਦੇ ਹਨ। ਬਿਸ਼ਨ ਸਿੰਘ ਕੂਕੇ ਰਾਹੀਂ ਕਾਬਲ, ਬੁਖਾਰਾ ਅਤੇ ਰੂਸ ਨਾਲ ਇਨ੍ਹਾਂ ਦੇ ਵੱਡੇ ਸਬੰਧ ਹਨ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗ੍ਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਦੇਸ਼ ਵਿਚ ਹੋਰ ਵੀ ਕਈ ਦੇਸ਼-ਭਗਤ ਪਾਰਟੀਆਂ ਸਨ, ਇਸ ਦੇ ਬਾਵਜੂਦ ਸਿਰਫ ਨਾਮਧਾਰੀਆਂ ਬਾਰੇ ਹੀ ਬ੍ਰਿਟਿਸ਼ ਸਰਕਾਰ ਦੇ ਰਿਕਾਰਡ ਵਿਚ ਇਹ ਗੱਲ ਲਿਖੀ ਗਈ,

"ਕੂਕਾ ਕਦੇ ਅੰਗ੍ਰੇਜ਼ ਦਾ ਵਫਾਦਾਰ ਨਹੀਂ ਹੋ ਸਕਦਾ।"

ਦੇਸ਼-ਵਿਦੇਸ਼ਾਂ ਵਿਚ ਇਸ ਪ੍ਰਕਾਰ ਵਧਦੇ ਕੂਕਾ-ਅੰਦੋਲਨ ਦਾ ਪ੍ਰਭਾਵ ਅੰਗ੍ਰੇਜ਼ ਸਰਕਾਰ ਨੂੰ ਕਿਵੇਂ ਪਰਵਾਨ ਹੋ ਸਕਦਾ ਸੀ? ਸੋ ਇਸ ਲਹਿਰ ਨੂੰ ਕੁਚਲਣ ਲਈ ਅੰਗ੍ਰੇਜ਼ਾਂ ਨੇ ਕੂਕਿਆਂ 'ਤੇ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਸੰਨ 1871-72 ਦੇ ਜ਼ੁਲਮ ਇਤਨੇ ਸਖ਼ਤ ਸਨ ਕਿ ਕਈ ਅੰਗ੍ਰੇਜ਼ਾਂ ਦੇ ਦਿਲ ਵੀ ਕੰਬ ਗਏ। ਇਕ ਅੰਗ੍ਰੇਜ਼ ਸਰ ਹੈਨਰੀ ਕਾਟਨ ਨੇ ਆਪਣੀ ਜੀਵਨ-ਕਥਾ ਵਿਚ ਲਿਖਿਆ ਹੈ, "ਮੈਂ ਆਪਣੀ ਸਾਰੀ ਉਮਰ ਵਿਚ ਕਦੇ ਕੋਈ ਇਹੋ ਜਿਹਾ ਜ਼ੁਲਮ ਨਹੀਂ ਤੱਕਿਆ।" ਪ੍ਰੰਤੂ ਇਹ ਸਭ ਕੁਝ ਹੁੰਦਿਆਂ ਵੀ ਕੂਕਾ ਲਹਿਰ ਨਾ ਕੁਚਲੀ ਗਈ ਸਗੋਂ ਕੁਝ ਹੀ ਵਰ੍ਹਿਆਂ ਮਗਰੋਂ ਇਹ ਫਿਰ ਠਾਠਾਂ ਮਾਰਨ ਲਗ ਪਈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਜੂਨ, ਸੰਨ 1863 ਵਿਚ, ਖੋਟੇ ਵਿਖੇ ਅਨੰਦ-ਕਾਰਜ ਦੀ ਮਰਿਯਾਦਾ ਸ਼ੁਰੂ ਕੀਤੇ ਜਾਣ ਤੋਂ ਬਾਅਦ ਪੰਡਤਾਂ ਦੇ ਰੌਲਾ ਪਾਉਣ ਅਤੇ ਸਰਕਾਰੀ ਏਜੰਟਾਂ ਵਲੋਂ ਮਨਘੜਤ ਅਤੇ ਝੂਠੀਆਂ ਰਿਪੋਰਟਾਂ ਦੇ ਅਧਾਰ 'ਤੇ ਪੰਜਾਬ ਸਰਕਾਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੰਨ 1863 ਤੋਂ 1867 ਤੱਕ, ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਰਖਿਆ ਤੇ ਥਾਂ ਥਾਂ ਨਾਮਧਾਰੀਆਂ ਦੇ ਪ੍ਰਚਾਰ 'ਤੇ ਪਾਬੰਦੀ ਲਗਾ ਦਿੱਤੀ। ਸ੍ਰੀ ਸਤਿਗੁਰੂ ਜੀ ਨੇ ਪ੍ਰਚਾਰ ਦੀ ਲੋੜ ਅਨੁਭਵ ਕਰਦਿਆਂ ਪਹਿਲਾਂ ਪੰਜ ਸੂਬੇ ਨਿਯੁਕਤ ਕੀਤੇ। ਇਨ੍ਹਾਂ ਸੂਬਿਆਂ ਨੂੰ ਵੀ ਸਰਕਾਰ ਨੇ ਨਜ਼ਰਬੰਦ ਕਰ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਸਤਾਰਾਂ ਸੂਬੇ ਹੋਰ ਥਾਪ ਦਿੱਤੇ। ਪਾਬੰਦੀਆਂ ਦੇ ਬਾਵਜੂਦ ਸਾਰ ਸੂਬਿਆਂ ਨੇ ਬਹੁਤ ਸਿਆਣਪ ਨਾਲ ਕੰਮ ਕੀਤਾ, ਥਾਂ ਥਾਂ ਜਾ ਕੇ ਪ੍ਰਚਾਰ ਕੀਤਾ। ਲੋਕ ਵੱਡੀ ਗਿਣਤੀ ਵਿਚ ਨਾਮਧਾਰੀ ਸਜ ਗਏ। ਸ੍ਰੀ ਸਤਿਗੁਰੂ ਜੀ ਨੇ ਦਸ ਸਾਲ ਵਿਚ ਸੱਤ ਲੱਖ ਨਾਮਧਾਰੀ ਬਣਾਏ। ਲੋਕਾਂ ਵਿਚ ਚੇਤਨਾ ਵਧਦੀ ਗਈ ਅਤੇ ਪੰਜਾਬ ਭਰ ਵਿਚ ਅੰਗ੍ਰੇਜ਼ੀ-ਰਾਜ ਵਿਰੁੱਧ ਮਾਹੌਲ ਬਣ ਗਿਆ।

ਬ੍ਰਿਟਿਸ਼ ਸਰਕਾਰ ਨੇ ਇਕ ਹੋਰ ਕੋਝੀ ਚਾਲ ਚੱਲੀ। ਲੋਕਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਭੜਕਾ ਕੇ ਇਕ ਦੂਜੇ ਦੇ ਖਿਲਾਫ਼ ਕਰਨ ਲਈ ਅੰਮ੍ਰਿਤਸਰ, ਮਲੇਰਕੋਟਲਾ ਤੇ ਰਾਏਕੋਟ ਵਿਖੇ ਬੁੱਚੜਖ਼ਾਨੇ ਖੁਲ੍ਹਵਾ ਦਿੱਤੇ। ਗਊ-ਬੱਧ ਕਰਕੇ ਗਊ-ਮਾਸ ਵੇਚਿਆ ਹੀ ਨਹੀਂ ਜਾਣ ਲੱਗਾ ਸਗੋਂ

ਸਿੱਖਾਂ ਤੇ ਹਿੰਦੂਆਂ ਦੇ ਪੂਜਨੀਕ ਧਾਰਮਕ ਅਸਥਾਨਾਂ ਨੂੰ ਮਾਸ ਤੇ ਹੱਡੀਆਂ ਸੁੱਟ ਕੇ ਅਪਵਿੱਤਰ ਕੀਤਾ ਜਾਣ ਲੱਗਾ। ਨਾਮਧਾਰੀ ਕਦੋਂ ਤੀਕ ਇਹ ਜ਼ੁਲਮ ਬਰਦਾਸ਼ਤ ਕਰ ਸਕਦੇ ਸਨ?

ਸਭ ਤੋਂ ਪਹਿਲਾਂ 15 ਜੂਨ 1871 ਨੂੰ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਨਾ ਸਹਾਰਦਿਆਂ, ਨਾਮਧਾਰੀ ਸਿੰਘਾਂ ਨੇ ਸਰਕਾਰ ਵਲੋਂ ਖੋਲ੍ਹੇ ਬੁੱਚੜਖਾਨੇ 'ਤੇ ਹਮਲਾ ਕਰਕੇ ਮਾਰ-ਕਾਟ ਕੀਤੀ। ਡੇਢ ਮਹੀਨਾ ਰੂਪੋਸ਼ ਰਹਿਣ ਉਪ੍ਰੰਤ ਅੰਮ੍ਰਿਤਸਰ ਦੀ ਘਟਨਾ ਨਾਲ ਸੰਬੰਧਤ ਸਿੱਖਾਂ ਨੇ, ਅੰਗ੍ਰੇਜ਼ਾਂ ਰਾਹੀਂ ਫੜੇ ਗਏ ਨਿਰਦੋਸ਼ ਵਿਅਕਤੀਆਂ ਨੂੰ ਛੁਡਾਉਣ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ, ਅਦਾਲਤ ਵਿਚ ਪੇਸ਼ ਹੋ ਕੇ ਇਕਬਾਲੀਆ ਬਿਆਨ ਦਿੱਤਾ। ਇਨ੍ਹਾਂ ਚਾਰ ਨਾਮਧਾਰੀ ਸਿੱਖਾਂ—ਲਹਿਣਾ ਸਿੰਘ, ਫਤਿਹ ਸਿੰਘ ਭਾਟੜਾ, ਹਾਕਮ ਸਿੰਘ ਪਟਵਾਰੀ ਅਤੇ ਬੀਹਲਾ ਸਿੰਘ ਨਾਰਲੀ ਨੂੰ ਅੰਮ੍ਰਿਤਸਰ ਦੇ ਰਾਮ ਬਾਗ ਕੋਲ ਇਕ ਬੋਹੜ ਥੱਲੇ 15 ਸਤੰਬਰ 1871 ਨੂੰ ਅੰਗ੍ਰੇਜ਼ਾਂ ਦੁਆਰਾ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਇਹ ਸੂਰਬੀਰ ਸਿੰਘ ਰੇਸ਼ਮ ਦੇ ਰੱਸੇ ਆਪ ਆਪਣੇ ਗਲਾਂ 'ਚ ਪਾ ਕੇ ਫਾਂਸੀ 'ਤੇ ਲਟਕੇ।

ਅੰਮ੍ਰਿਤਸਰ ਦੀ ਘਟਨਾ ਤੋਂ ਕਰੀਬ ਇਕ ਮਹੀਨਾ ਬਾਅਦ 15 ਜੁਲਾਈ 1871 ਨੂੰ ਇਹੋ ਜਿਹੀ ਹੀ ਘਟਨਾ ਰਾਏਕੋਟ, ਜ਼ਿਲ੍ਹਾ ਲੁਧਿਆਣਾ ਵਿਚ ਵਾਪਰੀ। ਰਾਏਕੋਟ ਸਾਕੇ ਨਾਲ ਸੰਬੰਧਤ, ਪਿੰਡ ਪਿੱਥੋ ਦੇ ਤਿੰਨ ਸਿੱਖਾਂ ਮੰਗਲ ਸਿੰਘ, ਮਸਤਾਨ ਸਿੰਘ ਤੇ ਗੁਰਮੁਖ ਸਿੰਘ ਨੂੰ ਰਾਏਕੋਟ ਬੁੱਚੜਖਾਨੇ ਕੋਲ, 5 ਅਗਸਤ 1871 ਨੂੰ ਅੰਗ੍ਰੇਜ਼ਾਂ ਨੇ ਫਾਂਸੀ ਦੇ ਕੇ ਸ਼ਹੀਦ ਕੀਤਾ।

ਰਾਏਕੋਟ ਸਾਕੇ ਤਹਿਤ, ਦੋਸ਼ੀਆਂ ਨੂੰ ਉਕਸਾਉਣ ਦੇ ਦੋਸ਼ ਵਿਚ ਦੋ ਨਾਮਧਾਰੀ ਸਿੱਖਾਂ, ਸੂਬਾ ਗਿਆਨੀ ਰਤਨ ਸਿੰਘ ਤੇ ਸੰਤ ਰਤਨ ਸਿੰਘ ਨਾਈਵਾਲਾ ਨੂੰ, ਲੁਧਿਆਣੇ ਸੈਂਟਰਲ ਜੇਲ੍ਹ ਦੇ ਸਾਹਮਣੇ ਇਕ ਵੱਡੇ ਬੋਹੜ ਥੱਲੇ 26 ਨਵੰਬਰ 1871 ਨੂੰ, ਲੋਕਾਂ 'ਚ ਤਹਿਸ਼ਤ ਪੈਦਾ ਕਰਨ ਲਈ ਫਾਂਸੀ ਦੇ ਦਿਤੀ ਗਈ। ਇਨ੍ਹਾਂ ਸਾਰੇ ਸਿੱਖਾਂ ਨੇ ਆਪ ਆਪਣੇ ਗਲਾਂ 'ਚ ਰੇਸ਼ਮ ਦੇ ਰੱਸੇ ਪਾਏ ਤੇ ਆਪ ਹੀ ਫਾਂਸੀ 'ਤੇ ਲਟਕੇ। ਬਹੁਤ ਸਾਰੇ ਸਿੱਖਾਂ ਨੂੰ ਫਾਂਸੀ ਦੀ ਸਜ਼ਾ ਹੋਈ। ਸ਼ਹੀਦ ਸਿੱਖਾਂ ਦੀਆਂ ਜ਼ਮੀਨ ਜਾਇਦਾਤਾਂ ਜਬਤ ਕਰ ਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਤੰਗ ਕੀਤਾ ਜਾਣ ਲੱਗਾ।

ਬ੍ਰਿਟਿਸ਼ ਸਰਕਾਰ ਨੇ ਦਮਨ ਚੱਕਰ ਦੀ ਇਸ ਨੀਤੀ ਅਧੀਨ, ਅਨੇਕਾਂ ਨਾਮਧਾਰੀ ਦੇਸ਼ ਭਗਤਾਂ ਨੂੰ ਅਨੇਕ ਪ੍ਰਕਾਰ ਦੇ ਤਸੀਹੇ ਦੇ ਕੇ ਅਤੇ ਸਮੁੰਦਰ ਵਿਚ ਡੋਬ ਕੇ ਸ਼ਹੀਦ ਕੀਤਾ ਗਿਆ। ਇਸ ਸਾਰੀ ਕਾਰਵਾਈ ਦੀ ਅੱਤ ਹੋਣ ਕਾਰਣ, ਮਲੇਰਕੋਟਲੇ ਦਾ ਉਹ ਸ਼ਹੀਦੀ ਸਾਕਾ ਵਾਪਰਿਆ, ਜਿਹੜਾ ਵਿਸ਼ਵ ਦੇ ਇਤਿਹਾਸ ਵਿਚ ਆਪਣੀ ਮਿਸਾਲ ਆਪ ਹੈ ਅਤੇ ਇਸੇ ਸਾਕੇ ਕਾਰਣ ਸ੍ਰੀ ਸਤਿਗੁਰੂ ਜੀ ਨੂੰ ਅੰਗ੍ਰੇਜ਼ਾਂ ਨੇ ਪਹਿਲੋਂ ਨਜ਼ਰਬੰਦ ਕੀਤਾ ਅਤੇ ਫਿਰ ਜਲਾਵਤਨ ਕੀਤਾ।

ਅੰਗ੍ਰੇਜ਼ਾਂ ਦੀਆਂ ਸਖਤੀਆਂ ਅਤੇ ਅੰਮ੍ਰਿਤਸਰ, ਰਾਏਕੋਟ ਅਤੇ ਲੁਧਿਆਣੇ ਵਿਖੇ ਨਾਮਧਾਰੀ ਸਿੰਘਾਂ ਨੂੰ ਫਾਂਸੀ ਦਿੱਤੇ ਜਾਣ ਕਾਰਣ ਨਾਮਧਾਰੀ, ਅੰਗ੍ਰੇਜ਼ਾਂ ਵਿਰੁੱਧ ਪਹਿਲੋਂ ਹੀ ਬਹੁਤ ਭੜਕੇ ਹੋਏ

ਸਨ। ਰਹਿੰਦੀ ਕਸਰ ਸ੍ਰੀ ਭੈਣੀ ਸਾਹਿਬ ਵਿਖੇ ਮਾਘੀ ਦੇ ਮੇਲੇ 'ਤੇ ਨੰਬਰਦਾਰ ਗੁਰਮੁਖ ਸਿੰਘ ਫਰਵਾਹੀ (ਰਿਆਸਤ ਮਲੇਰਕੋਟਲਾ) ਦੁਆਰਾ ਹੱਡ-ਬੀਤੀ ਦੁਖਦਾਈ ਘਟਨਾ ਸੁਨਾਉਣ ਨਾਲ ਪੂਰੀ ਹੋ ਗਈ। ਉਸਨੇ ਦੱਸਿਆ ਕਿ ਜਦ ਉਹ ਕਿਸੇ ਕੰਮ ਮਲੇਰਕੋਟਲੇ ਗਿਆ ਤਾਂ ਉਸ ਵੇਖਿਆ ਕਿ ਇਕ ਮੁਸਲਮਾਨ, ਇਕ ਕਮਜ਼ੋਰ ਜਿਹੇ ਬਲਦ 'ਤੇ ਮੂਲੀਆਂ ਦਾ ਕਾਫੀ ਬੋਝ ਲੱਦ ਕੇ ਲਿਜਾ ਰਿਹਾ ਸੀ ਅਤੇ ਉੱਪਰ ਆਪ ਵੀ ਬੈਠਾ ਸੀ। ਨੰਬਰਦਾਰ ਗੁਰਮੁਖ ਸਿੰਘ ਨੇ ਮੁਸਲਮਾਨ ਨੂੰ ਕਿਹਾ ਕਿ 'ਬਲਦ 'ਤੇ ਪਹਿਲਾਂ ਹੀ ਕਾਫੀ ਬੋਝ ਲੱਦਿਆ ਹੋਇਆ ਹੈ, ਉਪਰ ਤੂੰ ਆਪ ਵੀ ਬੈਠਾ ਹੈਂ। ਬਲਦ ਕਮਜ਼ੋਰ ਹੈ, ਚੰਗਾ ਹੋਵੇ ਜੇ ਤੂੰ ਆਪ ਥੱਲੇ ਉਤਰ ਕੇ ਪੈਦਲ ਚਲੇਂ।' ਏਨੀ ਗੱਲ 'ਤੇ ਝਗੜਾ ਹੋ ਗਿਆ। ਦੋਹਾਂ ਨੂੰ ਕੋਤਵਾਲੀ ਲਿਜਾ ਕੇ ਪੇਸ਼ ਕੀਤਾ ਗਿਆ। ਮਲੇਰਕੋਟਲੇ ਦੇ ਮੁਸਲਮਾਨ ਕਾਜੀ ਤੇ ਨਿਆਂ ਪ੍ਰਬੰਧਕਾਂ ਨੇ ਪਹਿਲਾਂ ਤਾਂ ਗੁਰਮੁਖ ਸਿੰਘ ਨੂੰ ਹੀ ਬੁਰਾ-ਭਲਾ ਕਿਹਾ ਤੇ ਫਿਰ ਉਸ ਦੀਆਂ ਅੱਖਾਂ ਸਾਹਮਣੇ ਬਲਦ ਨੂੰ ਜਿਬਾਹ ਕੀਤਾ ਅਤੇ ਤੜਫ ਤੜਫ ਕੇ ਪ੍ਰਾਣ ਦਿੰਦੇ ਬਲਦ ਨੂੰ ਦੇਖਣ ਲਈ ਗੁਰਮੁਖ ਸਿੰਘ ਨੂੰ ਮਜਬੂਰ ਕੀਤਾ। ਨੰਬਰਦਾਰ ਗੁਰਮੁਖ ਸਿੰਘ ਪਾਸੋਂ ਏਨੀ ਗੱਲ ਸੁਣ ਕੇ ਸ੍ਰੀ ਭੈਣੀ ਸਾਹਿਬ ਵਿਖੇ ਮਸਤਾਨੇ ਸਿੱਖਾਂ ਦਾ ਜੱਥਾ ਰੋਹ ਵਿਚ ਆ ਗਿਆ ਅਤੇ ਉਹਨਾਂ ਨੇ ਮਲੇਰਕੋਟਲੇ 'ਤੇ ਧਾਵਾ ਬੋਲਣ ਦਾ ਪ੍ਰੋਗ੍ਰਾਮ ਬਣਾ ਲਿਆ। ਇਸ ਸ਼ਹੀਦੀ ਜੱਥੇ, ਜਿਸ ਦੇ ਮੋਢੀ ਪਿੰਡ ਸਕਰੌਦੀ ਜ਼ਿਲ੍ਹਾ ਸੰਗਰੂਰ ਦੇ ਹੀਰਾ ਸਿੰਘ ਗਰੇਵਾਲ ਤੇ ਲਹਿਣਾ ਸਿੰਘ ਗਰੇਵਾਲ ਸਨ, ਨੂੰ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੜਾਹ ਪ੍ਰਸ਼ਾਦ ਛਕਾ ਕੇ ਤੋਰਿਆ। ਇਸ ਮਲੇਰਕੋਟਲੇ ਕਾਂਡ ਵਿਚ, ਬੁੱਚੜਖ਼ਾਨੇ 'ਤੇ ਹਮਲਾ ਕਰ ਕੇ ਗਊਆਂ ਦੇ ਰੱਸੇ ਖੋਲ੍ਹਣ ਦੇ ਜੁਰਮ ਵਿਚ ਬਿਨਾਂ ਮੁਕੱਦਮਾ ਚਲਾਏ, 17-18 ਜਨਵਰੀ 1872 ਨੂੰ 65 ਨਾਮਧਾਰੀ ਸਿੱਖਾਂ ਨੂੰ ਮਲੇਰਕੋਟਲੇ ਦੇ ਰੱਕੜ ਵਿਚ ਤੋਪਾਂ ਨਾਲ ਸ਼ਹੀਦ ਕੀਤਾ ਗਿਆ ਅਤੇ ਇਕ ਬਾਲਕ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਟੁਕੜੇ-ਟੁਕੜੇ ਕੀਤਾ ਗਿਆ।

17 ਜਨਵਰੀ 1872 ਨੂੰ ਕਮਿਸ਼ਨਰ ਟੀ.ਡੀ. ਫੋਰਸਿਥ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਦੀ ਨਜ਼ਰਬੰਦੀ ਦਾ ਸਰਕਾਰੀ ਆਦੇਸ਼ ਦੇ ਦਿਤਾ। ਸ੍ਰੀ ਸਤਿਗੁਰੂ ਜੀ ਉਤੇ 1818 ਰੈਗੂਲੇਸ਼ਨ III ਲਾਗੂ ਕੀਤਾ ਗਿਆ। 18 ਜਨਵਰੀ, ਸਵੇਰੇ ਚਾਰ ਵਜੇ ਸ੍ਰੀ ਸਤਿਗੁਰੂ ਜੀ ਨੂੰ, ਸੂਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ, ਸੂਬਾ ਲੱਖਾ ਸਿੰਘ ਤੇ ਨਿੱਜੀ ਸੇਵਕ ਭਾਈ ਨਾਨੂੰ ਸਿੰਘ ਸਮੇਤ ਅਲਾਹਾਬਾਦ ਪ੍ਰਯਾਗ ਰਾਜ ਕਿਲੇ ਵਿਚ ਭੇਜ ਦਿੱਤਾ ਗਿਆ। ਇਥੋਂ ਬ੍ਰਿਟਿਸ਼ ਹਕੂਮਤ ਨੇ ਸ੍ਰੀ ਸਤਿਗੁਰੂ ਜੀ ਨੂੰ ਜਲਾਵਤਨ ਕਰ ਕੇ, ਭਾਈ ਨਾਨੂੰ ਸਿੰਘ ਸਮੇਤ 16 ਮਾਰਚ 1872 ਨੂੰ ਬਰਮਾ ਦੀ ਰਾਜਧਾਨੀ ਰੰਗੂਨ ਪਹੁੰਚਾ ਦਿਤਾ। ਅਤੀ ਸਖਤੀਆਂ ਹੋਣ ਦੇ ਬਾਵਜੂਦ ਕਈ ਸਿੱਖ ਬਰਮਾ ਪੁੱਜ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰ, ਉਨ੍ਹਾਂ ਵਲੋਂ ਭੇਜੇ ਗਏ ਹੁਕਮਨਾਮੇ ਭਾਰਤ ਲੈ ਕੇ ਆਉਂਦੇ ਰਹੇ।

ਰੰਗੂਨ ਵਿਖੇ ਸਿੱਖਾਂ ਦਾ ਆਉਣਾ-ਜਾਣਾ ਵਧ ਰਿਹਾ ਵੇਖ ਬ੍ਰਿਟਿਸ਼ ਹਕੂਮਤ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ 'ਅਨੰਦਾ' ਨਾਮਕ ਸਮੁੰਦਰੀ ਜਹਾਜ਼ ਰਾਹੀਂ ਮਰਗੋਈ ਟਾਪੂ ਵਿਖੇ ਭੇਜ ਦਿਤਾ। ਇਥੇ ਆਪ ਕ੍ਰੀਬ ਸਾਢੇ ਅੱਠ ਸਾਲ ਰਹੇ ਅਤੇ ਇਕ ਦਿਨ ਅਚਾਨਕ ਆਪ ਅਲੋਪ ਹੋ ਗਏ ਤੇ ਅੰਗ੍ਰੇਜ਼ ਸਰਕਾਰ ਨੇ ਘਬਰਾ ਕੇ ਐਲਾਨ ਕਰ ਦਿਤਾ ਕਿ ਗੁਰੂ ਜੀ 29 ਨਵੰਬਰ 1885 ਨੂੰ ਡਾਇਰੀਆ ਦੀ ਬੀਮਾਰੀ ਨਾਲ ਸਰੀਰ ਛੱਡ ਗਏ ਹਨ। ਪਰ ਕੁਝ ਅਜਿਹੇ ਠੋਸ ਸਬੂਤ ਹਨ ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਰਗੋਈ ਵਿਖੇ ਸਰੀਰ ਨਹੀਂ ਛਡਿਆ ਸਗੋਂ ਮੌਕਾ ਪਾ ਕੇ ਕਿਤੇ ਅਗਿਆਤ ਜਗ੍ਹਾ ਚਲੇ ਗਏ ਹਨ। ਮਰਗੋਈ ਜੇਲ੍ਹ ਦੇ ਸਿਵਲ ਸਰਜਨ ਵਲੋਂ 2 ਦਸੰਬਰ 1885 ਦੀ ਰਿਪੋਰਟ ਵਿਚ ਦੱਸਿਆ ਗਿਆ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 29 ਨਵੰਬਰ ਨੂੰ 'ਡਾਇਰੀਆ' ਦੀ ਬੀਮਾਰੀ ਨਾਲ ਦੇਹਾਂਤ ਹੋ ਗਿਆ ਅਤੇ ਅਗਲੇ ਹੀ ਦਿਨ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ। ਇਹ ਖਬਰ 8 ਦਸੰਬਰ ਦੀ ਤਾਰ ਰਾਹੀਂ, ਭਾਰਤ ਸਰਕਾਰ ਨੂੰ ਵੀ ਭੇਜ ਦਿਤੀ ਗਈ। ਇਸ ਤੋਂ ਨੌ ਮਹੀਨੇ ਬਾਅਦ, ਬਰਮਾ ਦੇ ਚੀਫ ਕਮਿਸ਼ਨਰ, ਸਰ ਚਾਰਲਸ ਬਰਨਾਡ ਨੇ ਆਪਣੇ ਭਾਰਤੀ ਮਿੱਤਰ, ਸਰਦਾਰ ਅਤਰ ਸਿੰਘ ਭਦੌੜ ਨੂੰ ਆਪਣੇ ਪੱਤਰ ਵਿਚ ਲਿਖਿਆ, "(ਸਤਿਗੁਰੂ) ਰਾਮ ਸਿੰਘ, ਕੂਕਾ ਐਸੀ ਦੂਰ ਥਾਂ 'ਤੇ ਬਦਲਿਆ ਜਾ ਰਿਹਾ ਹੈ ਜਿਥੋਂ (ਕੂਕਿਆਂ ਦਾ) ਉਨ੍ਹਾਂ ਨਾਲ ਸੰਪਰਕ ਕਰਨਾ ਸੌਖਾ ਨਹੀਂ ਹੋਵੇਗਾ।" ਇਹ ਪੱਤਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਵਿਚ 29 ਨਵੰਬਰ 1885 ਨੂੰ ਚੜ੍ਹਾਈ ਕਰ ਜਾਣ ਦੀ ਖਬਰ ਨੂੰ ਝੂਠਾ ਸਿੱਧ ਕਰਦਾ ਹੈ।

ਸੰਨ 1885 ਦੀ ਬਰਮਾ ਦੀ ਜੇਲ੍ਹ ਰਿਪੋਰਟ ਦੀ ਸਟੇਟਮੈਂਟ ਦੇ Appendix No. XVI Vital ਵਿੱਚ ਸਾਲ, 1885 ਵਿਚ ਬਰਮਾ ਜੇਲ੍ਹ ਵਿਚ ਕਿਸੇ ਵੀ ਕੈਦੀ ਦਾ 'ਡਾਇਰੀਆ' ਨਾਲ ਗੁਜਰ ਜਾਣ ਦਾ ਕੋਈ ਜ਼ਿਕਰ ਨਹੀਂ ਹੈ।

ਮਰਗੋਈ ਜੇਲ੍ਹ ਦਾ ਸਿਵਲ ਸਰਜਨ ਆਪਣੀ 2 ਦਸੰਬਰ 1885 ਦੀ ਰਿਪੋਰਟ ਵਿਚ ਲਿਖਦਾ ਹੈ—"(ਸਤਿਗੁਰੂ ਜੀ ਦਾ) ਸਸਕਾਰ ਅਤੇ ਅਸਥੀਆਂ ਦਾ ਨਦੀ ਵਿਚ ਜਲ-ਪਰਵਾਹ ਚੁਪਚਾਪ ਢੰਗ ਨਾਲ ਕੀਤਾ ਗਿਆ।" ਬਰਮਾ ਜੇਲ੍ਹ ਵਿਚ ਹੋਰ ਵੀ ਕਈ ਰਾਜਸੀ ਕੈਦੀਆਂ ਦੀ ਮੌਤ ਹੁੰਦੀ ਰਹੀ ਸੀ, ਪਰ ਕਿਸੇ ਦੇ ਸਸਕਾਰ ਵੇਲੇ ਇਸ ਤਰ੍ਹਾਂ ਦੀ 'ਚੁੱਪ' ਨਹੀਂ ਸੀ ਵਰਤੀ ਗਈ। ਅਸਲ ਵਿਚ ਸ੍ਰੀ ਸਤਿਗੁਰੂ ਜੀ ਦੇ ਦੇਹਾਂਤ ਦੀ ਖਬਰ ਹੀ ਝੂਠੀ ਸੀ।

ਸੰਨ 1891 ਦੀ ਮਰਦਮ ਸ਼ੁਮਾਰੀ ਦੀ ਰਿਪੋਰਟ (Census Report-1891, Volume XIX, Part-I by E.D. Maclegan) ਦੇ ਪੰਨਾ ਨੰ: 170 ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦੇਹਾਂਤ ਮਰਗੋਈ ਦੀ ਬਜਾਏ ਰੰਗੂਨ ਵਿਖੇ "1887 ਜਾਂ 1888" ਦਰਜ ਹੈ। ਅਸਲ ਗੱਲ ਤਾਂ ਇਹ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾ 1885 ਜਾਂ 1887-88 ਵਿਚ ਹੀ ਸਰੀਰ ਛੱਡਿਆ

ਹੈ, ਉਹ ਤਾਂ ਬ੍ਰਿਟਿਸ਼ ਸਰਕਾਰ ਦੇ ਅੱਖੀਂ ਘੱਟਾ ਪਾ ਕੇ ਆਪਣੀ ਰੂਹਾਨੀ ਤਾਕਤ ਰਾਹੀਂ ਇਨ੍ਹਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਹੋ ਕੇ ਕਿਸੇ ਅਗਿਆਤ ਜਗ੍ਹਾ ਚਲੇ ਗਏ ਸਨ। ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਬਾਰੇ ਨਾ ਪਤਾ ਲੱਗਣ ਕਾਰਨ, ਕੁਝ ਜਾਣ ਬੁੱਝ ਕੇ ਵੀ ਲੋਕਾਂ ਅਤੇ ਨਾਮਧਾਰੀਆਂ ਵੱਲੋਂ ਸੱਚੇ ਹੋਣ ਕਾਰਨ, ਇਹ ਛੜਯੰਤਰ ਰਚਿਆ ਸੀ। ਨਾਮਧਾਰੀ ਅਕੀਦੇ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤਾਂ ਅਜੇ ਜ਼ਿੰਦਾ ਹਨ।

ਮਹਾਰਾਣੀ ਵਿਕਟੋਰੀਆ ਦੀ ਤਾਜਪੋਸ਼ੀ ਦੇ 50 ਸਾਲ ਪੂਰੇ ਹੋਣ ਦੀ ਖੁਸ਼ੀ ਵਿਚ ਸਾਰੇ ਸੰਸਾਰ ਵਿਚ 'ਗੋਲਡਨ ਜੁਬਲੀ ਜਸ਼ਨ' ਮਨਾਏ ਗਏ ਅਤੇ ਬਹੁਤ ਸਾਰੇ ਕੈਦੀ ਰਿਹਾ ਕੀਤੇ ਗਏ। ਸੰਨ 1885 ਵਿਚ ਸੂਬਾ ਕਾਹਨ ਸਿੰਘ ਚੁਨਾਰ ਦੇ ਕਿਲ੍ਹੇ 'ਚੋਂ ਰਿਹਾ ਹੋ ਕੇ ਪੰਜਾਬ ਵਾਪਸ ਆ ਗਏ। ਪੰਜਾਬ ਦੀ ਖੁਫ਼ੀਆ ਰਿਪੋਰਟ ਵਿੱਚ ਦਰਜ ਹੈ ਕਿ ਸੂਬਾ ਕਾਹਨ ਸਿੰਘ ਨੇ ਕੂਕਿਆਂ ਨੂੰ ਦੱਸਿਆ ਕਿ—'ਗੁਰੂ ਰਾਮ ਸਿੰਘ ਜਿਉਂਦੇ ਹਨ ਅਤੇ ਛੇਤੀ ਹੀ ਪਰਤਣਗੇ।'

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਜੇਲ੍ਹ ਵਿਚ ਗੁਜ਼ਰ ਜਾਣ ਦੀ ਸਰਕਾਰੀ ਖ਼ਬਰ ਤੋਂ ਬਾਅਦ, ਸਰਕਾਰ ਵਲੋਂ, ਉਨ੍ਹਾਂ ਦੇ ਜਿਹੜੇ ਕੱਪੜੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਵਾਪਸ ਕੀਤੇ ਗਏ, ਉਹ ਇਤਨੇ ਭੀੜੇ ਅਤੇ ਛੋਟੇ ਸਨ ਕਿ ਉਨ੍ਹਾਂ ਨੇ ਵੇਖਦਿਆਂ ਹੀ, ਇਸ ਸਰਕਾਰੀ ਖ਼ਬਰ 'ਤੇ ਯਕੀਨ ਕਰਨੋਂ ਨਾਂਹ ਕਰ ਦਿਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਰੀਰ ਆਪਣੇ ਛੋਟੇ ਭਰਾ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੋਂ ਲੰਮਾ ਅਤੇ ਭਰਵਾਂ ਸੀ, ਪਰ ਵਾਪਸ ਕੀਤੇ ਕੱਪੜੇ ਤਾਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਾਪ ਦੇ ਵੀ ਨਹੀਂ ਸਨ। ਇਸ ਲਈ ਸਬੂਤ ਵਜੋਂ ਸਰਕਾਰ ਪਾਸੋਂ ਸਤਿਗੁਰੂ ਜੀ ਦੇ ਗੜਵੇ ਅਤੇ ਗੁਟਕੇ ਦੀ ਮੰਗ ਕੀਤੀ ਗਈ, ਜੋ ਸਰਕਾਰ ਪੂਰੀ ਨਾ ਕਰ ਸਕੀ।

ਅਸਲ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇਹ ਕਰਕੇ ਜਿਉਂਦੇ ਸਨ, ਪਰ ਉਨ੍ਹਾਂ ਨੂੰ ਕਿਸੇ ਗੁਪਤ ਥਾਂ 'ਤੇ ਬਦਲ ਦਿਤਾ ਗਿਆ ਸੀ। ਅਦਲਾ-ਬਦਲੀ ਦੇ ਦੌਰਾਨ ਹੀ, ਸਤਿਗੁਰੂ ਜੀ ਮੌਕਾ ਪਾ ਕੇ ਅਗਿਆਤ ਅਸਥਾਨ ਨੂੰ ਨਿਕਲ ਗਏ। ਅੱਜ ਵੀ ਨਾਮਧਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਉਡੀਕ ਰਹੇ ਹਨ।

ਉਸ ਵੇਲੇ ਦੇਹਾਂਤ ਦੀ ਝੂਠੀ ਖ਼ਬਰ ਤੋਂ ਸਰਕਾਰ ਦਾ ਅਸਲ ਮਨੋਰਥ ਪੰਜਾਬ ਵਿਚ ਰਹਿੰਦੇ ਨਾਮਧਾਰੀ ਸਿੱਖਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਤੋਂ ਵਾਂਝਿਆਂ ਕਰਨਾ ਸੀ। ਸਰਕਾਰ ਸਮਝਦੀ ਸੀ ਕਿ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਮਿਲਣ ਤੋਂ ਬਾਅਦ ਕੂਕੇ ਬਰਮਾ ਵੱਲ ਆਉਣਾ ਆਪੇ ਹੀ ਬੰਦ ਕਰ ਦੇਣਗੇ ਅਤੇ ਪੰਜਾਬ ਵਿਚ ਚੱਲ ਰਿਹਾ ਇਹ 'ਕੂਕਾ ਅੰਦੋਲਨ' ਹੌਲੀ-ਹੌਲੀ ਖ਼ਤਮ ਹੋ ਜਾਏਗਾ। ਪਰ ਇੰਜ ਹੋਇਆ ਨਹੀਂ, ਇਸ ਅੰਦੋਲਨ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਜਾਰੀ ਰਖਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੋਂ ਤੋਂ ਹੀ ਨਾਮਧਾਰੀ ਪੰਥ ਦੀ ਜ਼ੁੰਮੇਵਾਰੀ ਦਾ ਭਾਰ ਆਪਣੇ ਛੋਟੇ ਭਰਾ, ਸ੍ਰੀ ਸਤਿਗੁਰੂ ਹਰੀ ਸਿੰਘ, ਜਿਨ੍ਹਾਂ ਦਾ ਪਹਿਲਾਂ ਨਾਂ ਬੁਧ ਸਿੰਘ ਸੀ, ਨੂੰ ਸੌਂਪੇ ਜਾਣ ਦਾ ਸਪਸ਼ਟ ਇਸ਼ਾਰਾ ਕਰ ਦਿਤਾ ਸੀ।

ਹਰਦੁਆਰ ਵਿਖੇ ਸੰਮਤ ੧੯੧੮ (ਸੰਨ 1861) ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਦਿਨ ਬਿਆਰ ਲਕੜੀ ਦੀ ਗੇਲੀ ਨੂੰ ਅੱਗ ਲਾ ਕੇ ਇਕ ਪਾਸੇ ਤੋਂ ਆਪ ਚੁੱਕੀ ਤੇ ਦੂਜੇ ਪਾਸੇ ਤੋਂ ਚੁੱਕਣ ਲਈ ਸਾਧ-ਸੰਗਤ ਨੂੰ ਲਾਇਆ। ਸੰਗਤ ਤੋਂ ਗੇਲੀ ਨਾ ਚੁੱਕੀ ਜਾਣ 'ਤੇ ਆਪ ਨੇ ਭਾਈ ਬੁਧ ਸਿੰਘ ਨੂੰ ਸੱਦ ਇਹ ਆਖਦਿਆਂ ਕਿ 'ਆ ਭਾਈ ਇਹ ਤੇਰਾ ਮੇਰਾ ਹੀ ਕੰਮ ਹੈ, ਮੇਰੀ ਕਾਰ ਨੂੰ ਤੂੰ ਹੀ ਸੰਭਾਲ ਸਕੇਂਗਾ', ਸੰਗਤ ਵਾਲੇ ਪਾਸਿਉਂ ਗੇਲੀ ਚੁੱਕਣ ਲਾਇਆ। ਦੋਹਾਂ ਭਰਾਵਾਂ ਨੇ ਗੇਲੀ ਚੁੱਕ ਗੰਗਾ 'ਚ ਵਗਾਈ।

੧੯੨੫ ਬਿਕ੍ਰਮੀ ਵਿਚ ਇਕ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਸ੍ਰੀ ਭੈਣੀ ਸਾਹਿਬ ਵਿਖੇ, ਆਪਣੇ ਜਿਹੇ ਹੀ ਬਸਤਰ ਸਜਵਾ, ਭਾਈ ਬੁਧ ਸਿੰਘ ਜੀ ਨੂੰ ਆਪਣੇ ਆਸਣ 'ਤੇ ਨਾਲ ਬਿਠਾ ਕੇ ਸੰਗਤ ਨੂੰ ਕਿਹਾ—'ਦੇਖੋ ਮੇਰੇ ਤੇ ਇਹਦੇ ਵਿਚ ਕੁਝ ਫਰਕ ਏ?' ਅਰਥਾਤ ਦੋਨੋਂ ਭਈਆ ਏਕ ਸਰੂਪ ਕਰ ਭਾਸੇ।

ਇਕ ਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਬੁੱਧ ਸਿੰਘ ਨੂੰ ਬਚਨ ਕੀਤਾ—"ਮੇਰਾ ਤਾਂ ਵਰਗ ਮਿਰਗ ਹੈ ਤੇ ਭਾਈ ਤੇਰਾ ਵਰਗ ਚੂਹੇ ਕਾ ਹੈ। ਮੈਂ ਤਾਂ ਜਾਵਾਂਗਾ ਤੇ ਤੂੰ ਐਥੇ ਈ ਬੈਠਾ ਜੜ੍ਹਾਂ ਕੁਤਰ ਦੇਈਂ। ਗਰੀਬ ਹੋਏ ਕੇ ਦਿਨ ਕਟੀਂ।"

ਵੈਸੇ ਤਾਂ ਜਿਸ ਦਿਨ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੰਗ੍ਰੇਜ਼ ਸਰਕਾਰ ਵਲੋਂ ਜਲਾਵਤਨ ਕੀਤੇ ਗਏ, ਉਸੇ ਦਿਨ ਤੋਂ ਭਾਈ ਬੁਧ ਸਿੰਘ (ਸ੍ਰੀ ਸਤਿਗੁਰੂ ਹਰੀ ਸਿੰਘ ਜੀ) ਗੱਦੀ ਨਸ਼ੀਨ ਹੋ ਗਏ। ਪਰ ਫਿਰ ਵੀ ਕੱਚੇ ਪਿੱਲੇ ਸਿੱਖ ਜਿਹੜੇ ਨਹੀਂ ਸਨ ਮੰਨਦੇ, ਉਨ੍ਹਾਂ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਬਾਬਾ ਦਰਬਾਰਾ ਸਿੰਘ ਰਾਹੀਂ ਭੇਜੇ ਆਪਣੇ ਪਹਿਲੇ ਹੁਕਮਨਾਮੇ ਵਿਚ ਆਪਣੇ ਛੋਟੇ ਭਰਾ ਬੁੱਧ ਸਿੰਘ ਦਾ ਨਾਂ ਹਰੀ ਸਿੰਘ ਰੱਖ ਕੇ ਹੁਕਮ ਕੀਤਾ,

"ਇਹ ਸਿੱਖੀ ਹਰੀ ਰੱਖਣਗੇ। ਅੱਜ ਤੋਂ ਇਨ੍ਹਾਂ ਨੂੰ ਸਿਰਕਰਤਾ ਜਾਨਣਾਂ। ਇਨ੍ਹਾਂ ਦੇ ਧੱਕੇ ਹੋਏ ਨੂੰ ਮੈਂ ਨਹੀਂ ਬਖ਼ਸ਼ਾਂਗਾ, ਮੇਰੇ ਧੱਕੇ ਨੂੰ ਇਹ ਬਖ਼ਸ਼ ਸਕਣਗੇ।"

# ਸ੍ਰੀ ਸਤਿਗੁਰੂ ਹਰੀ ਸਿੰਘ ਜੀ

ਪ੍ਰਕਾਸ਼ : ਸੰਮਤ ੧੮੭੬ ਅੱਸੂ ਦੇ ਤੀਜੇ ਨਰਾਤੇ (ਸੰਨ 1819)
ਪ੍ਰਕਾਸ਼ ਅਸਥਾਨ : ਸ੍ਰੀ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ)
ਪਿਤਾ : ਬਾਬਾ ਜੱਸਾ ਸਿੰਘ ਜੀ
ਮਾਤਾ : ਸਦਾ ਕੌਰ ਜੀ
ਮਹਿਲ : ਸਾਹਿਬ ਕੌਰ ਜੀ, ਜੀਵਨ ਕੌਰ ਜੀ
ਸੰਤਾਨ : ਸ੍ਰੀ (ਸਤਿਗੁਰੂ) ਪ੍ਰਤਾਪ ਸਿੰਘ ਜੀ, (ਮਹਾਰਾਜ) ਨਿਹਾਲ ਸਿੰਘ ਜੀ, (ਮਹਾਰਾਜ) ਗੁਰਦਿਆਲ ਸਿੰਘ ਜੀ, ਬੀਬੀ ਭਾਗੋ ਜੀ ਤੇ ਬੀਬੀ ਮਤਾਬੋ ਜੀ
ਗੱਦੀ ਨਸ਼ੀਨ : 17 ਜਨਵਰੀ 1872
ਜੋਤੀ ਜੋਤ ਸਮਾਏ : ਜੇਠ ਵਦੀ ੧੦ਵੀਂ ਸੰਮਤ ੧੯੬੩ (17 ਮਈ 1906) ਨੂੰ ਸ੍ਰੀ ਭੈਣੀ ਸਾਹਿਬ ਵਿਖੇ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅੰਗ੍ਰੇਜ਼ ਸਰਕਾਰ ਦੀ ਬਹੁਤ ਕਰੜੀ ਨਿਗਰਾਨੀ ਹੇਠ ਸ੍ਰੀ ਭੈਣੀ ਸਾਹਿਬ ਵਿਖੇ ਰਹੇ। ਅੰਗ੍ਰੇਜ਼ ਸਰਕਾਰ ਨੇ ਸਮੂਹ ਨਾਮਧਾਰੀ ਸਿੱਖਾਂ ਵਿਰੁੱਧ ਦਮਨ-ਚੱਕਰ ਦੀ ਨੀਤੀ ਚਲਾ ਦਿਤੀ। ਸ੍ਰੀ ਭੈਣੀ ਸਾਹਿਬ ਦੀ ਡਿਊੜੀ ਦੇ ਬਾਹਰ ਨਿਰਦਈ ਪੁਲਿਸ ਦੀ ਵਿਸ਼ੇਸ਼ ਚੌਕੀ ਬਿਠਾ ਦਿਤੀ ਗਈ ਤੇ ਇਸ ਵਿਚਲੇ ਪੰਜੇ ਸਿਪਾਹੀ ਅਕਸਰ ਮੁਸਲਮਾਨ ਹੀ ਹੁੰਦੇ ਸਨ ਜੋ ਡਿਊੜੀ ਵਿਚ ਬੈਠ ਕੇ ਹੁੱਕੇ ਚਿਲਮਾਂ ਪੀਂਦੇ ਸਨ। ਪੁਲਿਸ ਦੀ ਇਹ ਚੌਕੀ ਸੰਨ 1872 ਤੋਂ ਸ਼ੁਰੂ ਹੋ ਕੇ 23 ਮਈ 1923 ਤੀਕ ਕ੍ਰੀਬ ਪੰਜਾਹ ਸਾਲ, ਸ੍ਰੀ ਭੈਣੀ ਸਾਹਿਬ ਵਿਖੇ ਤਾਇਨਾਤ ਰਹੀ। ਪਾਬੰਦੀਆਂ ਇਤਨੀਆਂ ਸਨ ਕਿ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੇ ਗੁਰੂ-ਪਰਿਵਾਰ ਅਤੇ ਸੇਵਕ, ਸ੍ਰੀ ਭੈਣੀ ਸਾਹਿਬ ਗੁਰਦਵਾਰੇ ਤੋਂ ਬਾਹਰ, ਬਿਨਾਂ ਇਜਾਜਤ ਕਿਧਰੇ ਆ ਜਾ ਨਹੀਂ ਸਨ ਸਕਦੇ। ਬਾਹਰ ਜਾਣ ਤੇ ਅੰਦਰ ਆਉਣ ਸਮੇਂ ਤਲਾਸ਼ੀ ਦੇਣੀ ਪੈਂਦੀ ਸੀ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਲਈ ਬਾਹਰੋਂ ਆਈ ਸੰਗਤ ਵਿਚੋਂ, ਪੰਜ ਤੋਂ ਵੱਧ ਸਿੱਖ ਗੁਰਦਵਾਰੇ ਅੰਦਰ ਜਾ ਨਹੀਂ ਸਨ ਸਕਦੇ। ਪੁਲਿਸ ਵਾਲਿਆਂ ਨੇ ਲੰਗਰੋਂ ਪ੍ਰਸ਼ਾਦਾ ਛਕਣਾ, ਘੋੜੇ ਡੇਰੇ ਦੇ ਵਰਤਣੇ, ਉਪਰੋਂ ਸੰਗਤ ਨੂੰ ਭੈੜੇ ਤੋਂ ਭੈੜੇ ਸ਼ਬਦਾਂ ਦੀ ਵਰਤੋਂ ਕਰ ਕੇ ਬੁਰੀ ਤਰ੍ਹਾਂ ਪੇਸ਼ ਆਉਣਾ। ਸ੍ਰੀ ਸਤਿਗੁਰੂ ਜੀ ਦੇ ਨਿੱਜੀ ਅਸਥਾਨ ਨੂੰ ਦੋ ਵਾਰ ਪੁੱਟ ਕੇ ਤਲਾਸ਼ੀ ਲਈ ਗਈ।

ਨਾਮਧਾਰੀ ਪੰਥ ਨੂੰ ਗੈਰ-ਕਾਨੂੰਨੀ ਕਰਾਰ ਦੇ ਕੇ ਇਨ੍ਹਾਂ ਦੇ ਮਿਲਣ-ਜੁਲਣ, ਪਾਠ-ਪੂਜਾ, ਕੀਰਤਨ ਤੇ ਮੇਲੇ ਕਰਨ 'ਤੇ ਪਾਬੰਦੀ ਲਗਾ ਕੇ ਨਾਮਧਾਰੀ ਬਣਨਾ ਮਾਨੋਂ ਜੁਰਮ ਕਰਾਰ ਦੇ ਦਿਤਾ

ਗਿਆ। ਪਿੰਡਾਂ ਵਿਚ ਸਭ ਨਾਮਧਾਰੀਆਂ ਦੀ ਰੋਜ਼ਾਨਾ ਹਾਜਰੀ ਲਗਦੀ ਸੀ। ਮੁਹਤਬਿਰ ਕੂਕਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ। ਕਰੀਬ ਪੰਜਾਹ ਸਾਲ ਤੀਕ ਅਜਿਹੇ ਤਸ਼ੱਦਦ ਕਿਸੇ ਹੋਰ ਦੇਸ਼-ਭਗਤ ਪਾਰਟੀ 'ਤੇ ਨਹੀਂ ਹੋਏ। ਅੰਗ੍ਰੇਜ਼ ਸਰਕਾਰ ਨੇ ਸਭ ਤੋਂ ਪਹਿਲਾਂ ਕੂਕਾ ਮੂਵਮੈਂਟ ਬਾਰੇ ਲਿਖਿਆ 'Rebels against the British Rule' ਅਰਥਾਤ 'ਬ੍ਰਿਟਿਸ਼ ਰਾਜ ਦੇ ਖਿਲਾਫ ਬਗਾਵਤ' ਬਾਕੀ ਸਾਰੀਆਂ ਦੇਸ਼ ਭਗਤੀ ਦੀਆਂ ਲਹਿਰਾਂ ਨੇ ਬਾਅਦ ਵਿਚ ਜਨਮ ਲਿਆ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ 35 ਵਰ੍ਹੇ ਤਕ ਸਰਕਾਰੀ ਅਤੇ ਗੈਰ ਸਰਕਾਰੀ ਦਮਨ-ਚੱਕਰ ਦਾ ਬੜੀ ਸਿਆਣਪ ਤੇ ਠਰੰਮੇ ਨਾਲ ਟਾਕਰਾ ਕੀਤਾ।

ਸੰਨ 1894 (ਸੰਮਤ ੧੯੩੧) ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪੰਜ ਅਖੰਡ ਪਾਠ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਮਰਿਯਾਦਾ ਅਨੁਸਾਰ ਕਰਵਾਏ। ਉਸ ਵੇਲੇ ਅਖੰਡ ਪਾਠ ਕਰਨਾ ਜੁਰਮ ਸੀ, ਪਰ ਸਿੱਖ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਗੁਪਤ ਰੂਪ ਵਿੱਚ ਅਖੰਡ ਪਾਠ ਕਰਦੇ ਹੀ ਰਹਿੰਦੇ ਸਨ। ਸਿੱਟੇ ਵਜੋਂ ਉਨ੍ਹਾਂ ਨੂੰ ਸਜ਼ਾਵਾਂ ਭੁਗਤਣੀਆਂ ਪੈਂਦੀਆਂ ਸਨ।

ਕਰੜੀ ਨਿਗਰਾਨੀ ਦੇ ਬਾਵਜੂਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਚਲਾਈਆਂ ਸਮਾਜਕ, ਧਾਰਮਕ ਗਤੀਵਿਧੀਆਂ ਅਤੇ ਰਾਜਸੀ ਸਰਗਰਮੀਆਂ ਨੂੰ ਅੱਗੇ ਨਾਲੋਂ ਵੀ ਕਈ ਗੁਣਾ ਤੇਜ ਕੀਤਾ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ 'ਕੂਕਾ ਅੰਦੋਲਨ' ਦਾ ਧਾਰਮਕ ਪੱਖ ਪ੍ਰਗਟ ਰੂਪ ਵਿਚ ਕਾਇਮ ਰੱਖਿਆ ਤੇ ਗੁਪਤ ਰੂਪ ਵਿਚ ਉਸ ਵੇਲੇ ਦੀ ਰੂਸੀ ਸਰਕਾਰ ਨਾਲ ਚਿੱਠੀ ਪੱਤਰ ਦਾ ਸਿਲਸਿਲਾ ਤੋਰੀ ਰੱਖਿਆ। ਇਹ ਚਿੱਠੀ ਪੱਤਰ ਰੂਸ, ਭਾਰਤ ਤੇ ਬਰਮਾ ਹੋ ਕੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਰੂਸ ਸਰਕਾਰ ਦਰਮਿਆਨ ਚਲਦਾ ਰਿਹਾ। ਇਨ੍ਹਾਂ ਪੱਤਰਾਂ ਵਿਚ ਬ੍ਰਿਟਿਸ਼ ਸਾਮਰਾਜ ਵਿਰੁੱਧ ਪੰਜਾਬ ਵਿਚ ਬਗਾਵਤ ਤੇ ਰੂਸ ਵਲੋਂ ਇਸ ਦੀ ਸਹਾਇਤਾ ਬਾਰੇ ਵਿਚਾਰ-ਵਟਾਂਦਰੇ ਹੁੰਦੇ ਰਹੇ।

ਅਣਸੁਖਾਵੇਂ ਹਾਲਾਤਾਂ ਵਿਚ ਵੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਏ ਗਏ ਸਦਾ ਬਰਤ ਲੰਗਰ ਨੂੰ ਚਾਲੂ ਰਖਿਆ। ਡੇਰੇ ਦਾ ਮਾਲ-ਡੰਗਰ ਵੇਚ ਕੇ, ਲੰਗਰ ਲਈ ਪੈਸੇ ਦਾ ਪ੍ਰਬੰਧ ਕੀਤਾ। ਤਬੇਲੇ ਵਿਚ ਦਬੇ, ਚਾਰ ਹਜ਼ਾਰ ਚਾਂਦੀ ਦੇ ਰੁਪਏ ਕੱਢ ਕੇ ਲੰਗਰ ਲਈ ਵਰਤੇ। ਦਾਣੇ ਪੀਸਣ ਲਈ ਇਕ ਖਰਾਸ ਵੀ ਲਾਇਆ (ਇਹ ਖਰਾਸ ਅੱਜ ਵੀ ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਯਾਦਗਾਰ ਵਜੋਂ ਸੰਭਾਲ ਕੇ ਰੱਖਿਆ ਹੈ) ਸੰਨ 1899 (ਸੰਮਤ ੧੯੫੬) ਵਿਚ ਜਦੋਂ ਦੇਸ਼ ਵਿਚ ਕਾਲ ਪੈ ਗਿਆ, ਬਾਗੜ ਦੇ ਹਜ਼ਾਰਾਂ ਸਰੀਰਾਂ ਨੇ ਕਰੀਬ ਛੇ ਮਹੀਨੇ ਇਸੇ ਸਦਾਬਰਤ ਲੰਗਰ ਵਿਚੋਂ ਉਦਰ-ਪੂਰਤੀ ਕੀਤੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਉਨ੍ਹਾਂ ਦੇ ਪਸ਼ੂਆਂ ਵਾਸਤੇ ਪੱਠੇ-ਨੀਰੇ ਦੇ ਪ੍ਰਬੰਧ ਵਿਚ ਵੀ ਯੋਗ

ਸਹਾਇਤਾ ਦਿਤੀ। ਅੰਗ੍ਰੇਜ਼ ਸਰਕਾਰ ਨੇ ਇਸ ਸਦਾਬਰਤ ਲੰਗਰ ਦੇ ਨਾਂ 100 ਮੁਰੱਬੇ ਜ਼ਮੀਨ ਲਗਾਉਣੀ ਚਾਹੀ ਪਰ ਸ੍ਰੀ ਸਤਿਗੁਰੂ ਜੀ ਨੇ ਸਰਕਾਰ ਦੀ ਇਹ ਪੇਸ਼ਕਸ਼ ਠੁਕਰਾ ਕੇ ਆਜ਼ਾਦੀ ਦੇ ਚੁੱਕੇ ਝੰਡੇ ਨੂੰ ਹੋਰ ਉਚੇਰਾ ਕਰ ਦਿਤਾ।

ਜਦੋਂ ਅੰਗ੍ਰੇਜ਼ ਸਰਕਾਰ ਦੀ ਸਖ਼ਤੀ ਕੁਝ ਘਟਣ ਲੱਗੀ ਤਾਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਪੰਜਾਬ ਦੇ ਦੌਰੇ ਆਰੰਭੇ। ਸੰਗਤਾਂ ਨੂੰ ਧਰਵਾਸ ਮਿਲਣ ਲੱਗਾ। ਟੁੱਟੇ ਸਿੱਖ ਫਿਰ ਗੁਰੂ ਚਰਨਾਂ ਨਾਲ ਜੁੜੇ। ਇੰਜ ਸ੍ਰੀ ਸਤਿਗੁਰੂ ਜੀ ਨੇ ਸਿੱਖੀ ਹਰੀ ਰਖੀ।

ਵਿਰੋਧੀਆਂ ਵਲੋਂ ਇਹ ਆਖੇ ਜਾਣ 'ਤੇ ਕਿ ਰਾਮਸਰ ਦੀ ਜ਼ਮੀਨ ਗੁਰੂ-ਘਰ ਦੀ ਨਹੀਂ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਮੁਖਤਿਆਰਾਂ ਤੋਂ ਇਹ ਦਾਅਵਾ ਕਰਵਾ ਕੇ ਕਿ ਰਾਮਸਰ ਸਾਡਾ ਹੈ, ਮੁਕੱਦਮਾ ਜਿੱਤਿਆ। ਇਸ ਤੋਂ ਪਹਿਲੋਂ ਹੀ 8-9 ਕਿੱਲੇ ਜ਼ਮੀਨ ਰਾਮਸਰ ਦੁਆਲੇ ਖਰੀਦ ਲਈ ਗਈ। ਸੰਮਤ ੧੯੫੩ ਵਿਚ ਇਕ ਕੋਠੀ ਪਾਈ ਗਈ। ਇਹ ਕੋਠੀ ਅੱਜ ਵੀ ਹਰਿਮੰਦਰ ਦੇ ਪਿਛਲੇ ਪਾਸੇ ਮੌਜੂਦ ਹੈ। ਕੋਠੀ ਦੇ ਨੇੜੇ ਬਾਗ ਵੀ ਲਾਇਆ ਗਿਆ। ਅੱਜ ਕਲ੍ਹ ਇਸ ਨੂੰ 'ਬਾਗ ਵਾਲੀ ਕੋਠੀ' ਆਖਿਆ ਜਾਂਦਾ ਹੈ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਏਥੇ ਤਪ ਕਰਦੇ ਰਹੇ। ਕੋਠੀ ਬਣਨ ਨਾਲ ਹੋਰ ਛੱਪਰ ਵੀ ਬਣਨੇ ਸ਼ੁਰੂ ਹੋ ਗਏ। ਹੋਰ ਵਸੋਂ ਵੀ 35-36 ਮਕਾਨਾਂ ਦੇ ਕਰੀਬ ਹੋ ਗਈ ਸੀ। ਜਿਉਂ ਜਿਉਂ ਸਖ਼ਤੀਆਂ ਘਟਣ ਲੱਗੀਆਂ, ਸ੍ਰੀ ਭੈਣੀ ਸਾਹਿਬ ਦਾ ਵਿਕਾਸ ਵੀ ਉਸੇ ਤਰਾਂ ਵਧਣ ਲੱਗਾ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਗੁਰ-ਗੱਦੀ ਦੇ ਵਾਰਸ ਵਜੋਂ ਸ਼ੁਰੂ ਤੋਂ ਹੀ ਆਪਣੇ ਸਾਹਿਬਜ਼ਾਦੇ ਸ੍ਰੀ (ਸਤਿਗੁਰੂ) ਪ੍ਰਤਾਪ ਸਿੰਘ ਜੀ ਵੱਲ ਇਸ਼ਾਰਾ ਕਰ ਦਿਤਾ ਸੀ। ਸ੍ਰੀ ਸਤਿਗੁਰੂ ਜੀ ਨੇ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦਾ ਸੰਦੇਸ਼ਾ ਸੁਣਦਿਆਂ ਹੀ ਬਚਨ ਕੀਤਾ ਸੀ,

"ਪਰਤਾਪ ਸਿੰਘ, ਬੜੇ ਪ੍ਰਤਾਪ ਵਾਲਾ ਆਇਆ ਹੈ। ਘਰ ਦਾ ਮਾਲਕ ਆਇਆ ਹੈ। ਸਾਥੋਂ ਵੱਡਾ ਬਲੀ ਆਇਆ ਹੈ। ਇਸ ਬੜੇ ਕੰਮ ਕਰਨੇ ਹਨ। ਇਸ ਦੀ ਛਤਰ ਛਾਇਆ ਤਲੇ ਸਾਧ ਸੰਗਤ ਬੜੀਆਂ ਮੌਜਾਂ ਮਾਣੇਗੀ।" ਇਤਿਆਦ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ 87 ਵਰ੍ਹਿਆਂ ਦੀ ਉਮਰ ਵਿਚ ਜੇਠ ਵਦੀ ੧੦ਵੀਂ (੧੬ ਜੇਠ) ਸੰਮਤ ੧੯੬੩ ਬਿਕ੍ਰਮੀ (17 ਮਈ ਸੰਨ 1906) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਦੇਹ ਦਾ ਓਹਲਾ ਕਰ ਗਏ ਤੇ ਉਸੇ ਦਿਨ ਤੋਂ ਆਪ ਜੀ ਦੀ ਰਜ਼ਾ ਅਨੁਸਾਰ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਗੱਦੀ ਨਸ਼ੀਨ ਹੋ ਗਏ।

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

| | |
|---|---|
| ਪ੍ਰਕਾਸ਼ | : ਚੇਤ ਵਦੀ ਤੀਜ ਸੰਮਤ ੧੯੪੬ (9 ਮਾਰਚ ਸੰਨ 1890) |
| ਪ੍ਰਕਾਸ਼ ਅਸਥਾਨ | : ਸ੍ਰੀ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ) |
| ਪਿਤਾ | : ਸ੍ਰੀ ਸਤਿਗੁਰੂ ਹਰੀ ਸਿੰਘ ਜੀ |
| ਮਾਤਾ | : ਜੀਵਨ ਕੌਰ ਜੀ |
| ਮਹਿਲ | : ਭੁਪਿੰਦਰ ਕੌਰ ਜੀ |
| ਸੰਤਾਨ | : ਸ੍ਰੀ (ਸਤਿਗੁਰੂ) ਜਗਜੀਤ ਸਿੰਘ ਜੀ, (ਮਹਾਰਾਜ) ਬੀਰ ਸਿੰਘ ਜੀ |
| ਗੱਦੀ ਨਸ਼ੀਨ | : ਜੇਠ ਵਦੀ ਦਸਵੀਂ ਸੰਮਤ 1963 (17 ਮਈ ਸੰਨ 1906) |
| ਜੋਤੀ ਜੋਤ ਸਮਾਏ | : ੫ ਭਾਦੋਂ ਸੰਮਤ ੨੦੧੫ (21 ਅਗਸਤ, ਸੰਨ 1959) ਨੂੰ ਸ੍ਰੀ ਭੈਣੀ ਸਾਹਿਬ ਵਿਖੇ। |

ਨਾਮਧਾਰੀ ਪੰਥ 'ਤੇ ਜ਼ੁਲਮਾਂ ਦੀ ਹਨੇਰੀ ਅਤੇ ਪਾਬੰਦੀਆਂ ਦੀ ਹੋੜ ਲੱਗੀ ਰਹਿਣ ਦੇ ਬਾਵਜੂਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇਂ ਵਿਚ, ਅੰਗ੍ਰੇਜ਼ ਹਕੂਮਤ ਵਿਰੁੱਧ ਸੰਘਰਸ਼ ਦੀ ਲਹਿਰ ਨੂੰ ਜਾਰੀ ਰਖਿਆ ਅਤੇ ਆਪਣੇ ਆਦਰਸ਼ ਦੀ ਪੂਰਤੀ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੁਝ ਕੁ ਅਸੂਲਾਂ 'ਤੇ ਚਲ ਰਹੀ ਕਾਂਗਰਸ ਪਾਰਟੀ ਦੇ ਅੰਦੋਲਨ ਨੂੰ ਪੂਰਾ ਸਹਿਯੋਗ ਦਿੱਤਾ।

ਪਹਿਲੇ ਵਿਸ਼ਵ ਯੁੱਧ (ਸੰਨ 1914-19) ਸਮੇਂ ਅੰਗ੍ਰੇਜ਼ ਹਕੂਮਤ ਨੇ ਕਈ ਪ੍ਰਕਾਰ ਦੇ ਲਾਲਚ ਦੇ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਨਾਮਧਾਰੀਆਂ ਨੂੰ ਫੌਜ ਵਿਚ ਭਰਤੀ ਹੋਣ ਦਾ ਹੁਕਮ ਕਰਵਾਉਣਾ ਚਾਹਿਆ, ਪਰ ਸ੍ਰੀ ਸਤਿਗੁਰੂ ਜੀ ਨੇ ਇਨਕਾਰ ਕਰਦਿਆਂ ਫ਼ਰਮਾਇਆ, "ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਤੋਂ ਇਕ ਇੰਚ ਵੀ ਲਾਂਭੇ ਨਹੀਂ ਹੋ ਸਕਦਾ, ਇਹ ਮਿਸ਼ਨ ਤਾਂ ਸਵਾਸਾਂ ਨਾਲ ਨਿਭੇਗਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗੇਰਜ਼ਾਂ ਦਾ ਪੂਰਨ ਬਾਈਕਾਟ ਕੀਤਾ ਹੈ, ਅਸੀਂ ਇਨ੍ਹਾਂ ਨਾਲ ਕਿਵੇਂ ਮਿਲ ਸਕਦੇ ਹਾਂ? ਤੁਸੀਂ ਸਾਡੇ ਦੇਸ਼ ਦਾ, ਧਰਮ ਦਾ ਅਤੇ ਸ੍ਰੀ ਭੈਣੀ ਸਾਹਿਬ ਦਾ ਅਪਮਾਨ ਕੀਤਾ ਹੈ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਾਧ-ਸੰਗਤ ਪਾਸੋਂ ਵਿਛੋੜਿਆ ਹੈ, ਜਿਸ ਨੂੰ ਸਾਡੀ ਆਉਣ ਵਾਲੀ ਨਸਲ ਕਦੇ ਮੁਆਫ਼ ਨਹੀਂ ਕਰੇਗੀ। ਦੂਸਰਾ ਤੁਸੀਂ ਇਸ ਦੇਸ਼ ਦੀ ਦੌਲਤ ਨੂੰ ਨਾਜਾਇਜ਼ ਲੜਾਈਆਂ ਵਿਚ ਜਾਇਆ ਕਰ ਰਹੇ ਹੋ। ਤੁਸੀਂ ਸਾਥੋਂ ਕੀ ਉਮੀਦ ਰੱਖਦੇ ਹੋ ਕਿ ਅਸੀਂ ਆਪ ਦੀ ਇਮਦਾਦ ਕਰੀਏ? ਤੁਹਾਡੀਆਂ ਜਾਗੀਰਾਂ ਨੂੰ ਮੈਂ ਹੇਚ ਸਮਝਦਾ ਹਾਂ।" ਅੰਗ੍ਰੇਜ਼ ਫੌਜ ਵਿਚ ਭਰਤੀ ਹੋਣ ਦੇ ਡਰੋਂ, ਬਹੁਤ ਲੋਕ ਮਾਸ-ਸ਼ਰਾਬ ਛੱਡ ਕੇ ਨਾਮਧਾਰੀ ਬਣ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਮਤ ੧੯੭੭ (ਸੰਨ 1920) ਦੀ ਪੰਜ ਅੱਸੂ ਨੂੰ ਅੰਮ੍ਰਿਤਸਰ ਵਿਖੇ ਸ਼ਹੀਦੀ ਬੋਹੜ ਥੱਲੇ, ਕੱਤਕ ਸੁਦੀ ਪੰਚਮੀ ਨੂੰ ਰਾਏਕੋਟ ਵਿਖੇ ਤੇ ੧੨ ਮੱਘਰ ਨੂੰ ਲੁਧਿਆਣੇ

ਵਿਖੇ ਸ਼ਹੀਦਾਂ ਨਮਿਤ ਮੇਲੇ ਕੀਤੇ। ਮਲੇਰਕੋਟਲੇ ਵਿਖੇ ਹੋਏ ਨਾਮਧਾਰੀ ਸ਼ਹੀਦਾਂ ਨਮਿਤ ਮੇਲਾ ਇਕ ਵੱਡੇ ਇਕੱਠ ਦੇ ਰੂਪ 'ਚ ਮੁਠੱਡਾ ਕਲਾਂ, ਜ਼ਿਲ੍ਹਾ ਜਲੰਧਰ ਵਿਖੇ ੫-੬-੭ ਮਾਘ ਸੰਮਤ ੧੯੭੭ ਨੂੰ ਕੀਤਾ। ਫਿਲੌਰ ਤੋਂ ਮੁਠੱਡਿਆਂ ਤਕ ਇਕ ਆਲੀਸ਼ਾਨ ਭਾਰੀ ਜਲਸੂ ਕੱਢਿਆ ਗਿਆ। ਇਨ੍ਹਾਂ ਮੇਲਿਆਂ ਵਿਚ ਨਾਮਧਾਰੀ ਵਿਦਵਾਨਾਂ ਅਤੇ ਦੇਸ਼ ਭਗਤ ਨੇਤਾਵਾਂ ਨੇ ਜ਼ੋਰ-ਸ਼ੋਰ ਨਾਲ ਨਾਮਧਾਰੀਆਂ ਉੱਤੇ ਅੰਗ੍ਰੇਜ਼ ਸਰਕਾਰ ਦੇ ਜ਼ੁਲਮਾਂ ਅਤੇ ਪਾਬੰਦੀਆਂ ਦਾ ਖੁੱਲ੍ਹ ਕੇ ਵਰਨਣ ਕੀਤਾ ਅਤੇ ਅਜ਼ਾਦੀ ਵਾਸਤੇ ਆਮ ਲੋਕਾਂ ਨੂੰ ਪ੍ਰੇਰਿਆ।

ਸ੍ਰੀ ਸਤਿਗੁਰੂ ਜੀ ਵਲੋਂ ਸਨਖੱਤਰਾ ਅਤੇ ਹੁਸ਼ਿਆਰਪੁਰ ਵਿਖੇ ਵੀ ਕਾਨਫਰੰਸਾਂ ਕੀਤੀਆਂ ਗਈਆਂ। ਅੰਗ੍ਰੇਜ਼ ਸਰਕਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਚੌਂਕੀ ਚੁੱਕਣ ਬਾਰੇ ਨੋਟਿਸ ਦਿੱਤੇ ਗਏ ਅਤੇ ਕੁਝ ਕੁ ਉੱਦਮਾਂ ਨਾਲ ਪੰਜਾਹ ਸਾਲ ਬਾਅਦ 23 ਮਈ ਸੰਨ 1923 ਨੂੰ ਸ੍ਰੀ ਭੈਣੀ ਸਾਹਿਬ ਤੋਂ ਇਹ ਪੁਲਿਸ ਚੌਂਕੀ ਹਟਾਈ ਗਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਦਰਬਾਰ ਦੀ ਸਥਾਪਨਾ ਕੀਤੀ ਤਾਂ ਜੋ ਧਾਰਮਕ, ਸਮਾਜਕ ਤੇ ਦੇਸ਼ ਭਗਤੀ ਦੇ ਪ੍ਰੋਗ੍ਰਾਮਾਂ 'ਚ ਸੋਚ ਸਮਝ ਤੇ ਸੂਝ-ਬੂਝ ਨਾਲ ਹਿੱਸਾ ਪਾਇਆ ਜਾਵੇ। ੪-੫-੬ ਮਾਘ ਸੰਮਤ ੧੯੭੮ ਨੂੰ ਮਲੇਰਕੋਟਲੇ ਹੋਏ ਸ਼ਹੀਦਾਂ ਨਮਿਤ ਪਿੰਡ ਸਿਆੜ੍ਹ ਜ਼ਿਲ੍ਹਾ ਲੁਧਿਆਣਾ ਵਿਖੇ ਇਕ ਵੱਡਾ ਮੇਲਾ ਕੀਤਾ ਗਿਆ। ਇਸ ਮੇਲੇ ਵਿਚ ਉੱਘੇ ਦੇਸ਼ ਭਗਤ ਲੀਡਰ ਪੁੱਜੇ ਅਤੇ ਅੰਗ੍ਰੇਜ਼ ਸਰਕਾਰ ਵਿਰੁੱਧ ਤਕਰੀਰਾਂ ਹੋਈਆਂ।

ਸੰਨ 1925 ਈ: ਵਿਚ ਕਾਂਗਰਸ ਨੇ ਅੰਗ੍ਰੇਜ਼ਾਂ ਵਿਰੁੱਧ ਮੋਰਚਾ ਲਾਇਆ। ਇਸ ਮੋਰਚੇ ਦਾ ਕੇਂਦਰ ਬ੍ਰੈਡਲਾ ਹਾਲ ਲਾਹੌਰ ਸੀ। ਨਾਮਧਾਰੀਆਂ ਨੇ ਇਸ ਮੋਰਚੇ ਵਿਚ ਹਿੱਸਾ ਹੀ ਨਹੀਂ ਪਾਇਆ ਸਗੋਂ ਅਗਵਾਈ ਵੀ ਕੀਤੀ ਤੇ ਗ੍ਰਿਫਤਾਰੀਆਂ ਦਿੱਤੀਆਂ।

31 ਦਸੰਬਰ 1929 ਨੂੰ ਕਾਂਗਰਸ ਨੇ ਆਪਣਾ ਸਾਲਾਨਾ ਸਮਾਗਮ ਲਾਹੌਰ ਵਿਖੇ ਰਖਿਆ। ਇੱਕ ਜਨਵਰੀ ਨੂੰ ਪੂਰਨ ਸਵਰਾਜ ਦਾ ਮਤਾ ਪਾਸ ਹੋਣਾ ਸੀ। ਬਾਬਾ ਖੜਕ ਸਿੰਘ ਦੀ ਅਗਵਾਈ ਹੇਠ, ਆਮ ਸਿੱਖਾਂ ਨੇ ਇਸ ਦਾ ਵਿਰੋਧ ਕੀਤਾ ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 100 ਘੋੜਾ ਏਸ ਜਲੂਸ ਵਿੱਚ ਭੇਜ ਕੇ ਜਲੂਸ ਦੀ ਸ਼ਾਨ ਨੂੰ ਵਧਾਇਆ। ਬਾਹਰੋਂ ਆਏ ਲੱਖਾਂ ਲੋਕਾਂ ਦੇ ਲੰਗਰ ਦਾ ਪ੍ਰਬੰਧ ਤੇ ਖਰਚਾ ਵੀ ਸ੍ਰੀ ਸਤਿਗੁਰੂ ਜੀ ਨੇ ਆਪਣੇ ਕੋਲੋਂ ਕੀਤਾ।

ਸੰਨ 1937 ਵਿਚ ਆਮ ਚੋਣਾਂ ਹੋਈਆਂ। ਸਮਾਂ ਸੀ ਕਾਂਗਰਸ ਨਾਲ ਹਮਦਰਦੀ ਦਰਸਾਉਣ ਦਾ ਕਿਉਂ ਜੁ ਉਸ ਵੇਲੇ ਕਾਂਗਰਸ ਦੇ ਝੰਡੇ ਥੱਲੇ ਅਜ਼ਾਦੀ ਦੀ ਲੜਾਈ ਲੜੀ ਜਾ ਰਹੀ ਸੀ। ਜ਼ਿਮੀਦਾਰ ਅਤੇ ਅਮੀਰਾਂ ਨੇ ਕਾਂਗਰਸ ਦੀ ਮੁਖ਼ਾਲਫਿਤ ਸ਼ੁਰੂ ਕਰ ਦਿਤੀ। ਨਾਮਧਾਰੀਆਂ ਨੂੰ ਵੀ ਵੋਟਾਂ ਕਾਂਗਰਸ ਵਿਰੁੱਧ ਪਾਉਣ ਨੂੰ ਕਿਹਾ ਗਿਆ। ਨਾਮਧਾਰੀਆਂ ਨੇ ਅਤਿਆਚਾਰ ਸਹਿ ਲਏ ਪਰ ਵੋਟਾਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਾਂਗਰਸ ਨੂੰ ਹੀ ਪਾਈਆਂ।

ਸੰਨ 1939 ਈ: ਵਿਚ 'ਸਟੇਟ ਪੀਪਲਜ਼ ਕਾਨਫਰੰਸ', ਲੁਧਿਆਣਾ ਵਿਖੇ ਹੋਈ। ਪੰਡਤ ਜਵਾਹਰ ਲਾਲ ਨਹਿਰੂ ਅਤੇ ਦੇਸ਼ ਦੋ ਹੋਰ ਉੱਘੇ ਨੇਤਾ ਆਏ। ਸ੍ਰੀ ਸਤਿਗੁਰੂ ਜੀ ਨੇ ਲੁਧਿਆਣੇ ਖ਼ੁਦ ਦਰਸ਼ਨ ਦਿੱਤੇ। ਜੋ ਜਲੂਸ ਨਿਕਲਿਆ, ਉਸ ਵਿਚ ਘੋੜਿਆਂ 'ਤੇ ਸ੍ਰੀ ਸਤਿਗੁਰੂ ਜੀ ਖ਼ੁਦ ਆਪ, ਪੰਡਤ ਜਵਾਹਰ ਲਾਲ ਨਹਿਰੂ ਨਾਲ ਸ਼ਾਮਲ ਹੋਏ। ਬਾਅਦ ਵਿੱਚ ਸਣੇ ਪੰਡਤ ਨਹਿਰੂ ਦੇ ਸਾਰੇ ਮੁਖੀ ਰਾਜਸੀ ਨੇਤਾ, ਸ੍ਰੀ ਭੈਣੀ ਸਾਹਿਬ ਦਰਸ਼ਨਾਂ ਲਈ ਪੁੱਜੇ। ਉਸ ਵਕਤ ਕੋਠੀ ਵਾਲੇ ਬਾਗ ਵਿਚ ਤਸਵੀਰਾਂ ਦੀ ਪ੍ਰਦਰਸ਼ਨੀ ਸੀ। ਸ਼ਹੀਦਾਂ ਵਾਲੀਆਂ ਤਸਵੀਰਾਂ ਵੇਖ, ਪੰ. ਨਹਿਰੂ ਜੀ ਦੀਆਂ ਅੱਖਾਂ ਵਿਚ ਪਾਣੀ ਆ ਗਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਹਿਨੁਮਾਈ ਹੇਠ ਤਕਰੀਬਨ ਹਰ ਦੇਸ਼-ਭਗਤੀ ਦੀ ਲਹਿਰ ਵਿਚ ਨਾਮਧਾਰੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਹਜ਼ੂਰ ਦੀ ਸਾਰੀਆਂ ਦੇਸ਼-ਭਗਤ ਪਾਰਟੀਆਂ ਨਾਲ ਵਿਹਾਰਕ ਸਾਂਝ ਸੀ ਅਤੇ ਆਪ ਦੇਸ਼ ਦੀ ਅਖੰਡਤਾ ਅਤੇ ਸਭ ਫਿਰਕਿਆਂ ਦੇ ਆਪੋ ਵਿਚ ਮੇਲ ਅਤੇ ਏਕਤਾ ਦੇ ਹਾਮੀ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਸਿੱਖ ਸੰਪਰਦਾਵਾਂ ਨੂੰ ਅਤੇ ਹਿੰਦੂ-ਸਿੱਖਾਂ ਨੂੰ ਇਕ ਮੰਚ 'ਤੇ ਇਕੱਠਾ ਕਰਨ ਲਈ ਤੇ ਆਪਸੀ ਪ੍ਰੇਮ ਪਿਆਰ ਦੀ ਭਾਵਨਾ ਪੈਦਾ ਕਰਨ ਲਈ, ਸੰਨ 1934 ਵਿਚ ਨਾਨਕ ਨਾਮ ਲੇਵਾ 'ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ' ਅਤੇ ਸੰਨ 1943 ਵਿਚ 'ਹਿੰਦੂ ਸਿੱਖ ਮਿਲਾਪ ਕਾਨਫਰੰਸ' ਸ੍ਰੀ ਭੈਣੀ ਸਾਹਿਬ ਵਿਖੇ ਬੁਲਾਈ।

ਸ੍ਰੀ ਭੈਣੀ ਸਾਹਿਬ ਵਿਚ ਬੱਬਰ ਅਕਾਲੀ ਲਹਿਰ ਅਤੇ ਹੋਰ ਦੇਸ਼-ਭਗਤ ਪਾਰਟੀਆਂ ਦੇ ਸਰਗਰਮ ਕਾਰਕੁੰਨ ਆ ਕੇ ਪਨਾਹ ਲੈਂਦੇ ਰਹੇ। ਹਿੰਦੁਸਤਾਨ ਗਦਰ ਪਾਰਟੀ ਦੇ ਬਾਨੀ, ਬਾਬਾ ਸੋਹਨ ਸਿੰਘ ਭਕਣਾ ਆਪਣੇ ਆਰੰਭਕ ਜੀਵਨ ਤੋਂ ਨਾਮਧਾਰੀ ਹੀ ਸਨ। ਇਸ ਪਾਰਟੀ ਦੇ ਕਈ ਮੈਂਬਰ ਨਾਮਧਾਰੀ ਪਰਿਵਾਰਾਂ ਵਿਚੋਂ ਸਨ।

ਵਿਦੇਸ਼ਾਂ ਵਿਚ ਵੀ ਨਾਮਧਾਰੀ, ਦੇਸ਼ ਨੂੰ ਅਜ਼ਾਦ ਕਰਾਉਣ ਦੇ ਯਤਨਾਂ ਵਿਚ ਤੱਤਪਰ ਰਹੇ। ਸਿਆਮ (ਥਾਈਲੈਂਡ) ਵਿਚ ਸੁਤੰਤਰਤਾ ਸੰਗ੍ਰਾਮ ਲਈ ਜੂਝ ਰਹੀ 'ਅਜ਼ਾਦ ਹਿੰਦ ਫੌਜ' ਦੇ ਮੁਖੀ, ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਨਾਮਧਾਰੀਆਂ ਨੇ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ।

ਦੇਸ਼ ਭਗਤੀ ਦੇ ਇਸ ਮਹਾਨ ਉੱਦਮ ਨਾਲ ਸ੍ਰੀ ਸਤਿਗੁਰੂ ਜੀ ਦੀ ਵਡਿਆਈ ਅਤੇ ਸ਼ੋਭਾ ਦੂਰ-ਦੂਰ ਤਕ ਫੈਲ ਗਈ। ਜਦੋਂ ਦੇਸ਼ ਅਜ਼ਾਦ ਹੋਇਆ, ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਪੰਥ ਲਈ ਉਚੇਚਾ ਕੁਝ ਨਾ ਮੰਗਿਆ। ਸ੍ਰੀ ਸਤਿਗੁਰੂ ਜੀ ਅੰਦਰ ਦੇਸ਼ ਅਜ਼ਾਦ ਕਰਾਉਣ ਦੀ ਲਗਨ ਬਿਨਾਂ ਕਿਸੇ ਸਵਾਰਥ ਦੇ ਸੀ ਤੇ ਦੇਸ਼ ਪਿਆਰ ਦਾ ਅਥਾਹ ਜਜ਼ਬਾ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਬਾਣੀ ਦਾ ਪ੍ਰਵਾਹ ਚਲਾਉਣ ਹਿਤ ਸੰਮਤ 1990 (ਸੰਨ 1933) ਵਿਚ ਸ੍ਰੀ ਭੈਣੀ ਸਾਹਿਬ ਅਤੇ ਸੰਮਤ ੨੦੦੪ (ਸੰਨ 1947) ਵਿਚ ਸ੍ਰੀ ਜੀਵਨ

ਨਗਰ ਵਿਖੇ ਭਜਨ ਦੀ ਨਿਰੰਤਰ ਵਰਨੀ ਸ਼ੁਰੂ ਕੀਤੀ। ਸ੍ਰੀ ਭੈਣੀ ਸਾਹਿਬ ਵਿਖੇ ਚੰਡੀ ਦੀ ਵਾਰ ਦੇ ਪਾਠਾਂ ਦੇ ਦੋ ਹਵਨ-ਯੁੱਗ ਕਰਵਾਏ। ਆਦਿ ਸ੍ਰੀ ਗ੍ਰੰਥ ਸਾਹਿਬ ਦੇ ਅਨੇਕਾਂ ਸਾਧਾਰਨ ਪਾਠ ਤੇ ਅਖੰਡ ਪਾਠ ਕਰਵਾਏ। ਸ੍ਰੀ ਦਸਮ ਗ੍ਰੰਥ ਦੇ ਪਾਠ ਕਰਵਾਏ। ਹਵਨ ਤੇ ਵਰਨੀਆਂ ਕਰਵਾਈਆਂ। ਲੋਕਾਂ ਦਾ ਭਲਾ ਕਰਨ ਲਈ, ਸਤਿਮਾਰਗ ਦਾ ਰਾਹ ਵਿਖਾਉਣ ਲਈ ਸ੍ਰੀ ਸਤਿਗੁਰੂ ਜੀ ਨੇ ਦੇਸ਼-ਵਿਦੇਸ਼ਾਂ ਦੇ ਦੌਰੇ ਕੀਤੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲੋਕ-ਭਲਾਈ ਲਈ ਬਹੁਤ ਪਰਉਪਕਾਰ ਭਰਿਆ ਮਹੱਤਵਪੂਰਨ ਕਾਰਜ ਉਦੋਂ ਕੀਤਾ ਜਦੋਂ 15 ਅਗਸਤ ਸੰਨ 1947 ਵਿਚ ਭਾਰਤ ਅਜ਼ਾਦ ਹੋਇਆ ਅਤੇ ਦੇਸ਼ ਦੀ ਵੰਡ ਹੋਈ। ਸ੍ਰੀ ਸਤਿਗੁਰੂ ਜੀ ਜਾਣ ਚੁਕੇ ਸਨ ਕਿ ਅੰਗ੍ਰੇਜ਼ਾਂ ਰਾਹੀਂ ਭਾਰਤ ਦੀ ਫ਼ਿਜ਼ਾ ਵਿਚ ਘੋਲੀ ਫ਼ਿਰਕਾਪ੍ਰਸਤੀ ਦੀ ਜ਼ਹਿਰ ਸਦਕਾ ਦੇਸ਼ ਦਾ ਵੰਡਾਰਾ ਹੋ ਕੇ ਰਹੇਗਾ, ਸੋ ਆਪ ਜੀ ਨੇ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਵਿਚ ਵਸਦੇ ਹਿੰਦੂ ਤੇ ਸਿੱਖਾਂ ਨੂੰ ਪਹਿਲੋਂ ਤੋਂ ਹੀ ਸੁਚੇਤ ਕਰ ਦਿਤਾ ਸੀ ਕਿ ਉਧਰੋਂ ਨਿਕਲ ਆਉਣ। ਆਪ ਨੇ ਪਿੰਡ ਪਿੰਡ ਜਾ ਕੇ ਹੋਕਾ ਦਿੱਤਾ ਕਿ ਰਾਵੀ ਟੱਪ ਜਾਵੋ, ਨਹੀਂ ਤਾਂ ਦੁਖੀ ਹੋਵੋਂਗੇ।

ਇਹੀ ਨਹੀਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਸੇ ਦੇ ਲਾਗੇ ਦੀ ਕੁਝ ਪਿੰਡਾਂ ਦੀ ਬੇਅਬਾਦ ਕ਼ਰੀਬ 497 ਮੁਰੱਬੇ ਜ਼ਮੀਨ ਖ਼ਰੀਦ ਕੇ ਇਸ ਦੀ ਰਜਿਸਟਰੀ ਜਨਵਰੀ 1947 ਵਿਚ ਕਰਵਾ ਲਈ ਸੀ ਅਤੇ ਇਸ ਸ੍ਰੀ ਜੀਵਨ ਨਗਰ ਵਾਲੇ ਇਲਾਕੇ ਦੇ ਪਿੰਡਾਂ ਵਿਚ ਪਾਕਿਸਤਾਨ ਤੋਂ ਉੱਜੜ ਕੇ ਆਏ ਸਿੱਖਾਂ ਨੂੰ ਅਬਾਦ ਕੀਤਾ। ਸ੍ਰੀ ਸਤਿਗੁਰੂ ਜੀ ਨੇ ਸ਼ਰਨ ਆਇਆਂ ਦੀ ਸਹਾਇਤਾ ਕੀਤੀ। ਬੇਘਰ ਹੋਏ ਪਰਿਵਾਰਾਂ ਨੂੰ ਆਸਰਾ ਦਿੱਤਾ। ਲੰਗਰ ਤੇ ਹੋਰ ਜ਼ਰੂਰੀ ਲੋੜਾਂ, ਰਜਾਈਆਂ ਕੱਪੜੇ ਆਦਿ ਦੇ ਅਤੁੱਟ ਭੰਡਾਰੇ ਦਾ ਮੂੰਹ ਖੋਲ੍ਹ ਦਿਤਾ। ਤਿੰਨ ਸਾਲ ਸਾਂਝੀ ਖੇਤੀ ਸਾਰੇ ਪਿੰਡਾਂ ਵਿਚ ਕਰਵਾਈ। ਨਾਮਧਾਰੀ ਸਿੱਖਾਂ ਦੇ ਮੁੜ ਵਸੇਬੇ ਲਈ ਮੁਫ਼ਤ ਜ਼ਮੀਨ, ਪਸ਼ੂ, ਬੀਜ, ਰਾਸ਼ਨ-ਪਾਣੀ ਆਦਿਕ ਦਿੱਤਾ। ਇਸ ਇਲਾਕੇ ਵਿਚ ਜ਼ਮੀਨ ਦੀ ਵੰਡ ਆਪਣੇ ਹੱਥੀਂ ਕੀਤੀ। ਕਿਰਤੀ ਕਿਸਾਨਾਂ ਦੀ ਮਦਦ ਕਰ ਕੇ ਉਨ੍ਹਾਂ ਨੂੰ ਉੱਪਰ ਚੁੱਕਿਆ। ਸਰਕਾਰ ਵਲੋਂ ਨਿਲਾਮ ਕੀਤੇ ਗਏ ਗਊਆਂ, ਮੱਝਾਂ ਤੇ ਬੈਲ ਲੈ ਕੇ ਗਰੀਬ ਸਿੱਖਾਂ ਨੂੰ ਵੰਡੇ। ਕਈ ਖੂਹ ਕਾਲ ਦੇ ਦਿਨਾਂ ਵਿਚ ਕੋਲੋਂ ਪੈਸੇ ਖਰਚ ਕਰਕੇ ਲਵਾਏ। ਭਾਰਤੀ ਨਸਲ ਦੀਆਂ ਗਊਆਂ ਦਾ ਪਾਲਣ ਪੋਸ਼ਣ ਸੁਚੱਜੇ ਢੰਗ ਨਾਲ ਕਰਨ ਲਈ ਇਕ ਫਾਰਮ ਖੋਲ੍ਹਿਆ। ਇਸ ਫਾਰਮ ਦੀਆਂ ਗਊਆਂ ਨੇ ਦੁੱਧ ਦੀ ਮਾਤਰਾ ਅਤੇ ਬਿੰਦਾਈ ਵਿਚ ਅਨੇਕਾਂ ਇਨਾਮ ਜਿੱਤ ਕੇ ਨਾਮਣਾ ਖੱਟਿਆ।

ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਰਹਿਨੁਮਾਈ ਵਿਚ, ਇਹ ਸਾਰਾ ਇਲਾਕਾ ਬਹੁਤ ਤਰੱਕੀ ਕਰ ਗਿਆ ਹੈ। ਲੋਕਾਂ ਵਿਚ ਖੁਸ਼ਹਾਲੀ ਹੈ। ਹਰ ਪਿੰਡ ਵਿਚ ਬਿਜਲੀ, ਪੱਕੀਆਂ ਸੜਕਾਂ, ਖੇਤੀਬਾੜੀ ਲਈ ਟਰੈਕਟਰ, ਟਿਊਬਵੈੱਲ ਅਤੇ ਬੱਚਿਆਂ ਦੀ ਉਚੇਰੀ ਵਿਦਿਆ ਲਈ

ਸਕੂਲ ਤੇ ਕਾਲਜ ਹਨ।

ਦੇਸ਼ ਦੇ ਬਟਵਾਰੇ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਭੇ ਦੀ ਬੀੜ (ਰਾਖਵਾਂ ਜੰਗਲ), ਕ੍ਰੀਬ 1281 ਏਕੜ ਰਕਬਾ, (60 ਘੁਮਾ ਜ਼ਮੀਨ ਲੰਗਰ ਲਈ ਰੱਖ ਕੇ) ਥੋੜ੍ਹੀ ਜ਼ਮੀਨ ਵਾਲੇ ਕਾਸ਼ਤਕਾਰਾਂ ਨੂੰ ਵੰਡ ਕੇ ਇਥੇ ਕ੍ਰੀਬ 110 ਘਰਾਂ ਨੂੰ ਵਸਾਇਆ। ਇਹ ਬੀੜ ਮਹਾਰਾਜ ਨਾਭਾ (ਰਿਪੁਦਮਨ ਸਿੰਘ) ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਆਪਣੇ ਘਰ ੧੫ ਅੱਸੂ ੧੯੭੬ (ਸੰਨ 1921) ਨੂੰ ਪੁੱਤਰ (ਟਿੱਕਾ ਪ੍ਰਤਾਪ ਸਿੰਘ) ਪੈਦਾ ਹੋਣ ਕਾਰਨ, ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕੀ ਸੀ। ਲੋਕ ਕਲਿਆਣ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਿਤ ਕਰਮ ਸੀ।

ਸਮਾਜ ਸੁਧਾਰ ਦੇ ਖੇਤਰ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫ਼ਰਮਾਨ ਜਾਰੀ ਕੀਤਾ ਕਿ ਮੰਗਣੀ, ਮਿਲਣੀ, ਮੁਕਲਾਵੇ ਦੀਆਂ ਫਜ਼ੂਲ ਰਸਮਾਂ ਤਿਆਗ ਦਿੱਤੀਆਂ ਜਾਣ। ਵਿਆਹ ਘਰਾਂ ਵਿਚ ਨਾ ਕਰਕੇ ਮੇਲਿਆਂ ਵਿਚ ਕੀਤੇ ਜਾਣ। ਦਾਜ ਦਹੇਜ ਬਿਲਕੁਲ ਲਿਆ ਦਿੱਤਾ ਨਾ ਜਾਵੇ ਤੇ ਅਨੰਦ-ਕਾਰਜਾਂ ਪਿਛੋਂ ਕੁੜੀ ਘਟੋ ਘੱਟ ਪੰਦਰਾਂ ਦਿਨ ਸਹੁਰੇ ਘਰ ਰਹੇ ਤਾਂ ਜੋ ਕੋਈ ਫਜ਼ੂਲ ਅਡੰਬਰ ਨਾ ਰਚਿਆ ਜਾ ਸਕੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪੁਰਾਤਨ ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦੇ ਪ੍ਰਸ਼ੰਸਕ ਸਨ। ਆਪ ਚਾਹੁੰਦੇ ਸਨ ਕਿ ਹਰ ਪੁਰਸ਼ ਤੇ ਹਰ ਇਸਤਰੀ ਨੂੰ ਉੱਚੇ ਆਚਰਨ ਦਾ ਮਾਲਕ ਹੋਣਾ ਚਾਹੀਦਾ ਹੈ ਤਾਂ ਹੀ ਭਾਰਤ ਅਮਲੀ ਰੂਪ ਵਿਚ ਉੱਨਤੀ ਕਰ ਸਕਦਾ ਹੈ। ਆਪ ਆਪਣੇ ਸਿੱਖਾਂ ਨੂੰ ਸਾਦਾ ਪਹਿਰਾਵਾ ਰੱਖਣ ਦੀ ਪ੍ਰੇਰਨਾ ਦਿੰਦਿਆਂ ਬਚਨ ਕਰਦੇ ਸਨ, 'ਸ਼ਾਇਦ ਕੋਈ ਵਕਤ ਆਵੇ ਜਦੋਂ ਭੁੱਖ-ਤ੍ਰੇਹ ਵੀ ਕੱਟਣੀ ਪਵੇ, ਇਸ ਲਈ ਮਨੁੱਖ ਨੂੰ ਫੈਸ਼ਨ, ਬਹੁਤੇ ਕੱਪੜੇ ਤੇ ਬਹੁਤੇ ਪਸਾਰੇ ਨਹੀਂ ਕਰਨੇ ਚਾਹੀਦੇ।' ਆਪ ਨੇ ਨਾਮ ਜਪਣ, ਧਰਮ ਦੀ ਕਿਰਤ ਕਰਨ, ਵੰਡ ਛਕਣ ਅਤੇ ਆਚਾਰ, ਵਿਚਾਰ ਤੇ ਵਿਹਾਰ ਸ਼ੁੱਧ ਰੱਖਣ ਦਾ ਉਪਦੇਸ਼ ਦਿੱਤਾ।

ਸ੍ਰੀ ਸਤਿਗੁਰੂ ਜੀ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਨਾਲ ਬਹੁਤ ਪਿਆਰ ਸੀ। ਆਪ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ 17-18 ਅਕਤੂਬਰ, ਸੰਨ 1942 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਇਕ ਪੰਜਾਬੀ ਕਾਨਫਰੰਸ ਬੁਲਾਈ, ਜਿਸ ਵਿਚ ਉੱਘੇ ਸਾਹਿਤਕਾਰਾਂ ਅਤੇ ਪੰਜਾਬੀ ਪ੍ਰੇਮੀਆਂ ਨੇ ਸ਼ਾਮਲ ਹੋ ਕੇ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਅਨੇਕ ਤਜਵੀਜ਼ਾਂ ਅਤੇ ਵਿਉਂਤਾਂ ਤਿਆਰ ਕੀਤੀਆਂ।

ਮਹਾਨ ਸੰਗੀਤ-ਪ੍ਰੇਮੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਸੰਗੀਤ-ਪ੍ਰਥਾ ਨੂੰ ਸਿਖਰਾਂ ਛੋਹਣ ਦਾ ਬਲ ਬਖ਼ਸ਼ਿਆ। ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਸਤਿਗੁਰੂ ਜੀ ਦੁਆਰਾ ਖੋਲ੍ਹੇ ਗਏ ਨਾਮਧਾਰੀ ਵਿਦਿਆਲੇ ਵਿਚ ਵਿਦਿਆ ਪੜ੍ਹਾਉਣ ਦੇ ਨਾਲ-ਨਾਲ ਸ਼ੁੱਧ ਗੁਰਬਾਣੀ ਪੜ੍ਹਨੀ ਅਤੇ ਸਹੀ ਰਾਗਾਂ ਵਿੱਚ ਸ਼ਬਦ-ਗਾਇਨ ਕਰਨਾ

ਸਿਖਾਇਆ ਜਾਂਦਾ ਸੀ। ਸੰਨ 1933 ਵਿਚ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ-ਸੰਮੇਲਨ ਕਰਵਾਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਵੱਡੇ ਸਾਹਿਬਜ਼ਾਦੇ (ਸ੍ਰੀ ਸਤਿਗੁਰੂ) ਜਗਜੀਤ ਸਿੰਘ ਜੀ ਨੂੰ ਪਹਿਲੋਂ ਤੋਂ ਹੀ ਆਪਣੇ ਅਗਲੇ ਵਾਰਸ ਵਜੋਂ ਸਪਸ਼ਟ ਹੁਕਮ ਕਰ ਗਏ ਸਨ। ਜੱਸ-ਜੀਵਨ ਭਾਗ ਛੇਵਾਂ ਅਨੁਸਾਰ ਆਪਣੇ ਅੰਤਿਮ ਦਿਨਾਂ 'ਚ ਸ੍ਰੀ ਸਤਿਗੁਰੂ ਜੀ ਨੇ ਇਹ ਹੁਕਮ ਕੀਤੇ,

"ਮੈਨੂੰ ਕੋਈ ਚਿੰਤਾ ਨਹੀਂ, ਵੱਡਾ ਕਾਕਾ ਪੰਥ ਦੀ ਭਾਲ ਕਰਨ ਯੋਗ ਤੇ ਪੂਰੀ ਤਰ੍ਹਾਂ ਸਮਰੱਥ ਹੈ।"

"ਜਿਸ ਨੂੰ ਇਹੋ ਜਿਹੀ ਕੁਝ ਪੁੱਛਣ ਦੀ ਲੋੜ ਹੋਵੇ ਜਾਂ ਵੱਡੇ ਕਾਕੇ (ਜਗਜੀਤ ਸਿੰਘ) ਨੂੰ ਪੁੱਛ ਲਵੇ। ਅਸੀਂ ਆਪਣੇ ਵਾਜੇ ਏਧਰ ਜਿਹੋ ਜੇਹੇ ਵੱਜੇ ਵਜਾ ਚਲੇ ਹਾਂ।"

"ਅੱਜ ਤੋਂ ਜਿਸ ਨੇ ਇਸ (ਜਗਜੀਤ ਸਿੰਘ) ਦੇ ਆਖੇ ਵਿਚ ਰਹਿਣਾ ਹੈ, ਉਹ ਇਥੇ ਰਵ੍ਹੇ। ਦੂਜਾ ਸਭ ਜਿਧਰੋਂ ਆਇਆ ਹੈ ਉਸ ਰਾਹੇ ਪਵੇ..." ਇਤਿਆਦ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ੫ ਭਾਦੋਂ ਸੰਮਤ ੨੦੧੫ (21 ਅਗਸਤ ਸੰਨ 1959) ਨੂੰ ਦੇਹ ਦਾ ਓਹਲਾ ਕਰ ਗਏ ਤੇ ਉਸੇ ਵੇਲੇ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰ-ਗੱਦੀ 'ਤੇ ਬਿਰਾਜਮਾਨ ਹੋ ਗਏ। ਦਸਤਾਰਬੰਦੀ ਦੀ ਵਿਸ਼ੇਸ਼ ਰਸਮ 10 ਸਤੰਬਰ ਸੰਨ 1959 (੨੫ ਭਾਦਰੋਂ ੨੦੧੬) ਨੂੰ ਕੀਤੀ ਗਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਸਾਰਿਆਂ 'ਤੇ ਇਕ ਬਹੁਤ ਵੱਡਾ ਪਰਉਪਕਾਰ ਇਹ ਕੀਤਾ ਹੈ ਕਿ ਧਰਮ ਦੀ ਧੁਜ, ਸ਼ਾਂਤੀ ਦੇ ਸਾਗਰ, ਇਕ ਮਹਾਨ ਪਰਉਪਕਾਰੀ, ਈਰਖਾ ਅਤੇ ਦਵੈਸ਼ ਦੀ ਅੱਗ ਨਾਲ ਸੜ ਰਹੀ ਮਾਨਵਤਾ ਨੂੰ ਠੰਡ ਪਹੁੰਚਾਉਣ ਵਾਲੇ ਗੁਰੂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਨੂੰ ਦੇ ਗਏ ਹਨ, ਜਿਨ੍ਹਾਂ ਨੇ ਹਰ ਖੇਤਰ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੀਤੇ ਕਾਰਜਾਂ ਨੂੰ ਜਾਰੀ ਹੀ ਨਹੀਂ ਰਖਿਆ ਬਲਕਿ ਬਹੁਤ ਅੱਗੇ ਲੈ ਗਏ ਹਨ। ਗਹਿਰ ਗੰਭੀਰ, ਤੀਖਣ ਬੁੱਧ, ਮਹਾਨ ਤਪੱਸਵੀ, ਧੀਰਜਵਾਨ, ਕ੍ਰਿਪਾ ਨਿਧਾਨ, ਗ਼ਰੀਬ ਨਿਵਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਅੱਜ ਨਾਮਧਾਰੀ ਸਿੱਖ ਦੁਨੀਆਂ ਦੇ ਕੋਨੇ ਕੋਨੇ ਵਿਚ ਛਾਏ ਹੋਏ ਹਨ ਤੇ ਸਿੱਖੀ ਦਾ ਨਾਮ ਰੌਸ਼ਨ ਕਰ ਰਹੇ ਹਨ। ਸ੍ਰੀ ਸਤਿਗੁਰੂ ਜੀ ਨੇ ਦੁਨੀਆਂ ਦੇ ਹਰ ਖੇਤਰ ਵਿਚ ਨਾਮਧਾਰੀਆਂ ਦੀ ਪਛਾਣ ਕਰਵਾਈ ਹੈ ਅਤੇ ਅੱਜ ਨਾਮਧਾਰੀ ਹਰ ਖੇਤਰ ਵਿਚ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੋਹ ਰਹੇ ਹਨ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

| | |
|---|---|
| ਪ੍ਰਕਾਸ਼ | : ੮ ਮੱਘਰ, ੧੯੭੭, ਕੱਤਕ ਸੁਦੀ ਤਰੌਦਸੀ (22 ਨਵੰਬਰ ਸੰਨ 1920) |
| ਪ੍ਰਕਾਸ਼ ਅਸਥਾਨ | : ਸ੍ਰੀ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ) |
| ਪਿਤਾ | : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ |
| ਮਾਤਾ | : ਭੁਪਿੰਦਰ ਕੌਰ ਜੀ |
| ਮਹਿਲ | : ਰਾਜਿੰਦਰ ਕੌਰ ਜੀ (ਪਿੰਡ ਕਾਲੂ ਵਾਹਿਰ ਜ਼ਿਲ੍ਹਾ ਹੁਸ਼ਿਆਰਪੁਰ) ਚੰਦ ਕੌਰ ਜੀ (ਪਿੰਡ ਬਾਜਾਖਾਨਾ ਜ਼ਿਲ੍ਹਾ ਬਠਿੰਡਾ) |
| ਸੰਤਾਨ | : ਸਾਹਿਬ ਕੌਰ (ਬੀਬਾ ਜੀ) |
| ਗੱਦੀ ਨਸ਼ੀਨ | : ੫ ਭਾਦੋਂ ਸੰਮਤ ੨੦੧੫ (21 ਅਗਸਤ, ਸੰਨ 1959) |

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਗੁਰੂ ਨਾਨਕ ਦੇਵ ਜੀ ਦੀ ਮਾਨਵਤਾ, ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ ਅਤੇ ਗੁਰੂ ਰਾਮ ਸਿੰਘ ਜੀ ਦੀ ਦੇਸ਼ ਭਗਤੀ ਦਾ ਵਿਲੱਖਣ ਮਿਸ਼ਰਣ ਹਨ। ਆਪ ਵਿਚ ਚਿੰਤਨ ਅਤੇ ਕਰਮ ਇਕ ਸਾਥ ਹਨ।"

—ਡਾ. ਭਗਵਾਨ ਦਾਸ ਵਰਮਾ, ਮਹਾਂਰਾਸ਼ਟਰ

"ਮਹਾਰਾਜ ਜਗਜੀਤ ਸਿੰਘ ਜਿਸ ਦਿਨ ਤੋਂ ਪੈਦਾ ਹੋਇਆ ਹੈ, ਉਸ ਦਿਨ ਤੋਂ ਚੜ੍ਹਦੀਆਂ ਕਲਾਂ ਵਿਚ ਹੋਇਆ ਹੈ, ਕਿਸੇ ਗੱਲ ਦਾ ਘਾਟਾ ਨਹੀਂ ਰਿਹਾ। ਹਰ ਚੀਜ਼ ਨੇ ਮੱਥਾ ਟੇਕਿਆ ਹੈ। ਜਿਉਂ ਜਿਉਂ ਉਮਰ ਕਰ ਕੇ ਵਧਦੇ ਗਏ ਹਨ, ਪ੍ਰਤਾਪ ਵਧਦਾ ਹੀ ਗਿਆ ਹੈ।"

—ਜਥੇਦਾਰ ਗੁਰਮੁਖ ਸਿੰਘ ਝੱਬਰ, ਕਰੀਵਾਲਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਜੋਤਿਸ਼

# The Ninth House and Sikh Gurus

NARSINGH DASS ACHINT

THE 9TH house signifies righteousness, preceptor, intuition, charities, philosophical knowledge, religion, Yogic powers etc. DR. B.V. RAMAN, has also stressed that the Sun is the Atmakaraka and the Moon, the Manakaraka. Spiritual achievement is possible if Manahkaraka is on a sympathetic wave with the Atmakaraka. Saturn is Vairagyakaraka and Mokshakaraka like Ketu. Four signs, namely, Cancer, Scorpio, Sagittarius and Aquarius are also helpful in attaining spiritual knowledge. Cancer signifies the mind being ruled by the Moon. Scorpio is a secretive sign, Sagittarius indicates religion and Aquarius stands for philosophical knowledge.

Religious temperament is also indicated by the 9th house and its lord, Saturn, the Moon and the 12th house, its lord and Ketu, the Mokshakaraka. The analytical exami-

**Table of Charts**

| | Sub-division | Ascdt. | Sun | Moon | Mars | Merc. | Jup. | Venus | Sat. | Rahu | Ketu |
|---|---|---|---|---|---|---|---|---|---|---|---|
| Chart-1 | D-1 | 5* | 8 | 2 | 8 | 8 | 6 | 7 | 2 | 9 | 3 |
| | D-9 | 5 | 7 | 12 | 4 | 7 | 2 | 8 | 12 | 8 | 3 |
| | Moon Sign | 2 | 8 | 2 | 8 | 8 | 6 | 7 | 2 | 9 | 3 |
| Chart-2 | D-1 | 6 | 9 | 7 | 10 | 9 | 12 | 10 | 10 | 3 | 9 |
| | D-9 | 3 | 4 | 12 | 10 | 9 | 4 | 5 | 10 | 3 | 9 |
| | Moon Sign | 7 | 9 | 7 | 10 | 9 | 12 | 10 | 10 | 3 | 9 |
| Chart-3 | D-1 | 11 | 1 | 3 | 2 | 1 | 2 | 2 | 5 | 4 | 10 |
| | D-9 | 1 | 9 | 11 | 12 | 2 | 3 | 11 | 8 | 6 | 12 |
| | Moon Sign | 3 | 1 | 3 | 2 | 1 | 2 | 2 | 5 | 4 | 10 |
| Chart-4 | D-1 | 2 | 12 | 9 | 1 | 11 | 5 | 1 | 5 | 7 | 1 |
| | D-9 | 6 | 9 | 9 | 4 | 1 | 6 | 6 | 9 | 8 | 2 |
| | Moon Sign | 2 | 12 | 9 | 1 | 11 | 5 | 1 | 5 | 7 | 1 |
| Chart-5 | D-1 | 6 | 8 | 12 | 10 | 7 | 5 | 9 | 6 | 7 | 1 |
| | D-9 | 6 | 8 | 7 | 10 | 2 | 8 | 4 | 6 | 7 | 1 |
| | Moon Sign | 12 | 8 | 12 | 10 | 7 | 5 | 9 | 6 | 7 | 1 |

*The numbers represent the order of signs. 5 stands for Leo, 12 for Pisces etc.

* The numbers represent the order of signs. 5 stands for Leo, 12 for Pisces etc.

nation of birth charts relating to Sikh Gurus from Punjab show that the 9th, the 12th, Atmakaraka, Mokshakaraka and Saturn are instrumental in bestowing spiritual power on the Gurus who appeared during such a critical period in Indian history when foreign rulers were causing atrocities on Hindus and the Gurus showed the right path and enriched the masses with spiritual solace. Guru Nanak Dev's chart is from **Notable Horoscopes** by Dr. Raman. The birth charts of Guru Gobind Singh, Guru Amar Dass and Guru Teg Bahadur have also been studied to ascertain the role of planets and houses as afore-mentioned. Besides these horoscopes, the birth chart of a living legend, the Namdhari sect Guru Jagjit Singh has also been taken into consideration. His preachings are based on socio-religious teachings. The charts have been tabulated showing the birth Chart as D-1, the Moon- sign chart and Navamsa chart as D-9.

Chart 1 relates to Guru Nanak Dev born on 8-11-1470 at midnight (LMT) at 31 N 39, 74 E 47 with a balance of 0 years, 9 months, 23 days of Sun Dasa at birth. In D-1, the 9th lord Mars is aspected by Saturn and 12th lord or Mokshadhipati Moon. Mars is with the Atmakaraka Sun. In the Moon-sign chart Mars, 12th lord is in a secretive sign with the Atmakaraka. In D-9, Mars is in the 12th in the Navamsa of the Moon, the Mokshadhipati. During the major period of the Moon, Guru Sahib began to get more and more absorbed in religious practice. The 9th house and its lord related to the Moon, Saturn, 12th lord and Atmakaraka made him a religious Guru and his teachings are to this day followed with deep faith.

Chart 2 is of Sri Guru Gobind Singh. In D-1, the 9th lord Venus is with Saturn and in Navamsa, Venus is in the Navamsa of the Atmakaraka Sun who is also Mokshadhipati. In Moon-sign chart, the 9th lord Mars is with Saturn attaining Vargottama in the Navamsa of Saturn who is also 12th lord and Mokshadhipati. In Saturn Dasa, Mars Bhukti, Guru Sahib established Khalsa Panth (1699 A.D.). He was born on 16-12-1666 midnight at Patna on a Wednesday with a balance of 3 years, 3 months, 23 days of Rahu Dasa at birth (Source: *Sikh History* published by Sorab Hind Namdhari Vidayik Jatha (Regd.), Sri Bhaini Sahib, Ludhiana).

Chart 3 relates to Guru Amar Dass who was born on 5-5-1479 after midnight and before dawn at Amritsar, village Basarke at 31 N 37, 74 E 55 (Source: *Sikh History* Ibid.) Mokshakaraka Ketu occupies Mokshastana in D-1. The 9th lord is aspected by Saturn, Vairagyakaraka and exalted Atmakaraka aspecting 9th house. Ketu again occupies Mokshastana in D-9. In the Moon-sign chart, the 9th lord aspects 9th. Guru Sahib was offered Guru Gaddi during the Dasa of Venus, 9th lord (1552 A.D.)

Chart 4 relates to Guru Teg Bahadur Ji. He was born on 1-4-1621 at Kiratpur (Amritsar) at 31 N 37, 74 E 55 with a balance of 5 years, 9 months, 25 days of Sun Dasa at birth. The 9th lord in D-1, Saturn, the Yogakaraka, is with Jupiter. Mokshadhipati Mars occupies its own sign with Mokshakaraka Ketu. In the Moon-sign chart the 9th lord Sun, the Atmakaraka, is with Saturn and also joins Saturn in Navamsa, indicating the close relationship of Atmakaraka and Mokshakaraka. Guru Sahib visited holy places during Jupiter Dasa, Saturn Bhukti and rendered valuable services for the cause of Kashmir pundits.

Chart 5 relates to Namdhari sect Guru Jagjit Singh. He was born at 4.00 a.m. on 22-11-1920 at 30 N 55, 75-E 54 with a balance of 5 years, 5 months, 21 days of Saturn Dasa at birth. Ketu, the Mokshakaraka, occupying the 9th house indicates a deeply religious nature. In the Moon-sign chart the 9th lord occupies a sign of Saturn aspected by the Moon. In D-1, the Atmakaraka is aspected by Ketu in the 9th. Guru Sahib was crowned with Guru Gaddi during the Dasa of the 9th lord (August 1959). The native launched an anti-cow slaughtering campaign and took into his charge all weak and sickly cows from Calcutta. He has been performing the sacred duties of Guru occupying the high seat of Namdhari sect.

The examination of the 9th house, its lord, Mokshakaraka Saturn and Moon reveals that these combinations tend to make one deeply religious. 41095 ●

# ਨੌਵਾਂ ਘਰ ਅਤੇ ਪੰਜ ਗੁਰੂ ਸਾਹਿਬਾਨ

ਲੇਖਕ : ਨਰਸਿੰਘ ਦਾਸ ਅਚਿੰਤ
ਪੰਜਾਬੀ ਅਨੁਵਾਦਕ : ਪੰਡਤ ਵਿਸ਼ਵਨਾਥ ਜੋਸ਼ੀ, ਰੋਪੜ

ਡਾ. ਬੀ.ਵੀ. ਰਮਨ ਅਨੁਸਾਰ ਸਾਧੂ ਬਿਰਤੀ, ਉਪਦੇਸ਼ਕ, ਗੁਰੂ, ਸਹਿਜ ਗਿਆਨ, ਦਇਆਲਤਾ, ਦਰਸ਼ਨ-ਸ਼ਾਸਤਰ ਦਾ ਗਿਆਨ, ਧਰਮ ਦੇ ਪ੍ਰਤੀ ਵਿਸ਼ਵਾਸ, ਪਾਪ-ਪੁੰਨ, ਧਰਮ-ਕਰਮ, ਜਪ-ਤਪ, ਦਾਨ ਆਦਿ ਦਾ ਵਿਚਾਰ ਨੌਵੇਂ ਘਰ ਤੋਂ ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ ਉਨ੍ਹਾਂ ਨੇ ਸੂਰਜ ਨੂੰ ਆਤਮਕਾਰਕ ਅਤੇ ਚੰਦਰਮਾ ਨੂੰ ਮਨ ਦਾ ਕਾਰਕ ਹੋਣ 'ਤੇ ਵੀ ਜ਼ੋਰ ਦਿੱਤਾ ਹੈ।

ਦੈਵੀ ਸ਼ਕਤੀਆਂ, ਉਸ ਹਾਲਤ ਵਿਚ ਪ੍ਰਾਪਤ ਹੋਣੀਆਂ ਸੰਭਵ ਹਨ ਜਦੋਂ ਮਨ ਕਾਰਕ ਲਹਿਰਾਂ, ਆਤਮਕ ਕਾਰਕ ਲਹਿਰਾਂ ਦੇ ਸਹਿਯੋਗ ਨਾਲ ਚਲਣ। ਸ਼ਨੀ ਵੈਰਾਗ ਦਾਤਾ ਅਤੇ ਕੇਤੂ ਮੋਕਸ਼ ਦਾਤਾ ਹੈ।

ਕਰਕ, ਬਰਿਸ਼ਚਿਕ, ਧਨ ਅਤੇ ਕੁੰਭ ਰਾਸ਼ੀਆਂ, ਅਧਿਆਤਮਕ ਗਿਆਨ ਵੱਲ ਨੂੰ ਖਿੱਚਦੀਆਂ ਹਨ। ਕਰਕ ਰਾਸ਼ੀ ਜਿਸਦਾ ਸਵਾਮੀ ਚੰਦਰਮਾ ਹੈ, ਬੁੱਧੀ ਦੇ ਵਾਧੇ ਵਲ ਇਸ਼ਾਰਾ ਕਰਦੀ ਹੈ। ਬਰਿਸ਼ਚਿਕ ਰਾਸ਼ੀ ਵਿਚ ਦੂਸਰੇ ਦੇ ਪ੍ਰਤੀ ਤਿਆਗ ਦਾ ਭਾਵ ਹੁੰਦਾ ਹੈ। ਧਨ ਰਾਸ਼ੀ, ਧਰਮ ਵਾਲ ਇਸ਼ਾਰਾ ਕਰਦੀ ਹੈ। ਕੁੰਭ ਰਾਸ਼ੀ ਦਾਰਸ਼ਨਿਕ ਵਿਗਿਆਨ ਵੱਲ ਇਸ਼ਾਰਾ ਕਰਦੀ ਹੈ।

ਧਾਰਮਿਕ ਵਿਚਾਰ ਨੌਵੇਂ ਘਰ ਨਾਲ ਸੰਬੰਧ ਰਖਦੇ ਹਨ। ਸ਼ਨੀ ਅਤੇ ਨੌਵੇਂ ਘਰ ਤੋਂ ਧਾਰਮਿਕ ਖਿਆਲਾਂ ਦਾ ਵਿਚਾਰ ਕੀਤਾ ਜਾਂਦਾ ਹੈ। ਬਾਹਰਵਾਂ ਭਾਵ ਅਤੇ ਕੇਤੂ ਤੋਂ ਮੋਕਸ਼ ਦਾ ਵਿਚਾਰ ਕੀਤਾ ਜਾਂਦਾ ਹੈ।

ਵੇਰਵੇ ਸਹਿਤ ਪੰਜਾਂ ਗੁਰੂਆਂ ਦੇ ਜਨਮ, ਲਗਨ, ਨਾਵਾਸ਼ਾਂ, ਰਾਸ਼ੀ ਚੱਕਰ ਦੇ ਗ੍ਰਹਿ ਆਦਿ ਦਾ ਵੇਰਵਾ ਅਗਲੇ ਪੰਨੇ 'ਤੇ ਦਿੱਤਾ ਜਾ ਰਿਹਾ ਹੈ:

**1. ਕੁੰਡਲੀ ਸ੍ਰੀ ਗੁਰੂ ਨਾਨਕ ਦੇਵ ਜੀ:**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 8-11-1470, ਅੱਧੀ ਰਾਤ ਤੋਂ ਬਾਅਦ ਅਕਸ਼ਾਂਸ਼ ਉੱਤਰ 31°-39' ਅਤੇ ਪੂਰਬ ਰੇਖਾਂਸ਼ 74°-47' ਵਿਚ ਹੋਇਆ। ਉਨ੍ਹਾਂ ਦੇ ਜਨਮ ਸਮੇਂ 0 ਸਾਲ 9 ਮਹੀਨੇ 23 ਦਿਨ ਦੀ ਦਸ਼ਾ ਸੂਰਜ ਦੀ ਭੋਗਣੀ ਰਹਿੰਦੀ ਸੀ। ਉਨ੍ਹਾਂ ਦੇ ਭਾਗ ਸਥਾਨ ਦੇ ਮਾਲਕ ਮੰਗਲ ਨੂੰ ਸ਼ਨੀ ਗ੍ਰਹਿ ਦੇਖ ਰਿਹਾ ਸੀ ਅਤੇ ਮੋਕਸ਼ ਸਥਾਨ ਦੇ ਮਾਲਕ ਚੰਦਰਮਾ ਦੇ ਨਾਲ ਬੈਠਾ ਸੀ, ਮੰਗਲ ਆਤਮਕਾਰਕ ਸੂਰਜ ਦੇ ਨਾਲ ਪੰਜਵੇਂ ਘਰ ਵਿਚ ਬੈਠਾ ਸੀ। ਰਾਸ਼ੀ ਚੱਕਰ ਵਿਚ ਮੰਗਲ ਆਤਮ ਕਾਰਕ ਸੂਰਜ ਦੇ ਨਾਲ ਸੱਤਵੇਂ ਘਰ ਵਿਚ ਬੈਠਾ ਹੈ। ਨਵਾਂਸ਼ਾਂ ਚੱਕਰ ਵਿਚ ਮੋਕਸ਼ ਦੇਣ ਵਾਲੇ ਚੰਦਰਮਾ ਹਨ। ਚੰਦਰਮਾ ਦੀ ਮਹਾਂਦਸ਼ਾ ਵਿਚ ਗੁਰੂ ਸਾਹਿਬ ਨੇ ਆਪਣੇ ਧਾਰਮਿਕ ਤਜ਼ਰਬੇ ਵਿਚ ਵੱਧ ਤੋਂ ਵੱਧ ਵਾਧਾ ਕੀਤਾ ਅਤੇ ਆਪਣੇ ਤਜ਼ਰਬੇ ਨੂੰ ਅੱਗੇ ਵਧਾਇਆ। ਨੌਵੇਂ ਭਾਵ ਅਤੇ ਇਸ ਦੇ ਸਵਾਮੀ ਨਾਲ ਸੰਬੰਧਿਤ ਚੰਦਰਮਾ ਅਤੇ ਬਾਹਰਵੇਂ ਭਾਵ ਨਾਲ ਸੰਬੰਧਤ ਸ਼ਨੀ ਨੇ ਇਨ੍ਹਾਂ ਨੂੰ ਧਾਰਮਿਕ ਗੁਰੂ ਬਣਾਇਆ ਅਤੇ ਇਨ੍ਹਾਂ ਦੇ ਉਪਦੇਸ਼ ਨੇ ਇਨ੍ਹਾਂ ਦੇ ਸ਼ਰਧਾਲੂਆਂ ਦੇ ਮਨਾਂ ਵਿਚ ਪੂਰਨ ਵਿਸ਼ਵਾਸ ਭਰਿਆ।

### 2. ਕੁੰਡਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਲਗਨ ਦੇ ਭਾਗ ਸਥਾਨ ਦੇ ਮਾਲਕ ਸ਼ੁਕਰ ਅਤੇ ਪੰਜਵੇਂ ਸਥਾਨ ਦੇ ਮਾਲਕ ਸ਼ਨੀ, ਦੋਵੇਂ ਪੰਜਵੇਂ ਸਥਾਨ ਵਿਚ ਹਨ ਅਤੇ ਨਵਾਂਸ਼ਾ ਚੱਕਰ ਵਿਚ ਆਤਮਾ ਕਾਰਕ ਸੂਰਜ ਦੀ ਰਾਸ਼ੀ ਵਿਚ ਸ਼ੁਕਰ ਸਥਿਤ ਹੈ। ਸ਼ੁਕਰ ਮੋਕਸ਼ ਸਥਾਨ ਦਾ ਮਾਲਕ ਵੀ ਹੈ। ਚੰਦਰ ਕੁੰਡਲੀ ਵਿਚ ਨੌਵੇਂ ਘਰ ਦਾ ਮਾਲਕ ਬੁੱਧ ਨਵਾਂਸ਼ਾ ਕੁੰਡਲੀ ਵਿਚ ਜਨਮ ਕੁੰਡਲੀ ਦੀ ਰਾਸ਼ੀ ਵਿਚ ਹੀ ਬੈਠ ਜਾਂਦਾ ਹੈ, ਜਿਸ ਨੂੰ 'ਬਰਗੋਤਮ' ਆਖਦੇ ਹਨ। ਸ਼ਨੀ ਦੀ ਮਹਾਂਦਸ਼ਾ ਵਿਚ ਜਦੋਂ ਮੰਗਲ ਦਾ ਭੋਗ ਕਾਲ ਚਲ ਰਿਹਾ ਸੀ, ਉਦੋਂ ਗੁਰੂ ਸਾਹਿਬ ਨੇ 1699 ਵਿਚ ਖਾਲਸਾ ਪੰਥ ਦੀ ਰਚਨਾ ਕੀਤੀ। 16 ਦਸੰਬਰ 1666 A.D. ਵਿਚ ਬੁੱਧਵਾਰ ਵਾਲੇ ਦਿਨ ਅੱਧੀ ਰਾਤ ਤੋਂ ਬਾਅਦ ਉਨ੍ਹਾਂ ਦਾ ਜਨਮ ਹੋਇਆ. ਉਸ ਸਮੇਂ 3 ਸਾਲ 3 ਮਹੀਨੇ 23 ਦਿਨ ਰਾਹੂ ਦੀ ਦਸ਼ਾ ਦਾ ਭੋਗ ਕਾਲ ਰਹਿੰਦਾ ਸੀ।

| | ਛੋਟੀ ਵੰਡ | ਲਗਨ | ਸੂਰਜ | ਚੰਦਰ | ਮੰਗਲ | ਬੁੱਧ | ਗੁਰੂ | ਸ਼ੁਕਰ | ਸ਼ਨੀ | ਰਾਹੂ | ਕੇਤੂ | |
|---|---|---|---|---|---|---|---|---|---|---|---|---|
| ਕੁੰਡਲੀ-1 | ਲਗਨ | 5* | 8 | 2 | 8 | 8 | 6 | 7 | 2 | 9 | 3 | |
| ਸ੍ਰੀ ਗੁਰੂ | ਨਵਾਂਸ਼ਾ | 5 | 7 | 12 | 4 | 7 | 2 | 8 | 12 | 8 | 3 | ਕੁੰਡਲੀ ਨੰ: 1 |
| ਨਾਨਕ | ਚੰਦਰ | 2 | 8 | 2 | 8 | 8 | 6 | 7 | 2 | 9 | 3 | |
| ਦੇਵ ਜੀ | ਰਾਸ਼ੀ | | | | | | | | | | | |
| ਕੁੰਡਲੀ-2 | ਲਗਨ | 6 | 9 | 7 | 10 | 9 | 12 | 10 | 10 | 3 | 9 | |
| ਸ੍ਰੀ ਗੁਰੂ | ਨਵਾਂਸ਼ਾ | 3 | 4 | 12 | 10 | 9 | 4 | 5 | 10 | 3 | 9 | ਕੁੰਡਲੀ ਨੰ: 2 |
| ਗੋਬਿੰਦ | ਚੰਦਰ | 7 | 9 | 7 | 10 | 9 | 12 | 10 | 10 | 3 | 9 | |
| ਸਿੰਘ ਜੀ | ਰਾਸ਼ੀ | | | | | | | | | | | |
| ਕੁੰਡਲੀ-3 | ਲਗਨ | 11 | 1 | 3 | 2 | 1 | 2 | 2 | 5 | 4 | 10 | |
| ਸ੍ਰੀ ਗੁਰੂ | ਨਵਾਂਸ਼ਾ | 1 | 9 | 11 | 12 | 2 | 3 | 11 | 8 | 6 | 12 | ਕੁੰਡਲੀ ਨੰ: 3 |
| ਅਮਰ ਦਾਸ | ਚੰਦਰ | 3 | 1 | 3 | 2 | 1 | 2 | 2 | 5 | 4 | 10 | |
| ਕੁੰਡਲੀ-4 | ਲਗਨ | 2 | 12 | 9 | 1 | 11 | 5 | 1 | 5 | 7 | 1 | |
| ਸ੍ਰੀ ਗੁਰੂ | ਨਵਾਂਸ਼ਾ | 6 | 9 | 9 | 4 | 1 | 6 | 6 | 9 | 8 | 2 | ਕੁੰਡਲੀ ਨੰ: 4 |
| ਤੇਗ | ਚੰਦਰ | 2 | 12 | 9 | 1 | 11 | 5 | 1 | 5 | 7 | 1 | |
| ਬਹਾਦਰ ਜੀ | ਰਾਸ਼ੀ | | | | | | | | | | | |
| ਕੁੰਡਲੀ-5 | ਲਗਨ | 6 | 8 | 12 | 10 | 7 | 5 | 9 | 6 | 7 | 1 | |
| ਨਾਮਧਾਰੀ | ਨਵਾਂਸ਼ਾ | 6 | 8 | 7 | 10 | 2 | 8 | 4 | 6 | 7 | 1 | ਕੁੰਡਲੀ ਨੰ: 5 |
| ਗੁਰੂ ਸ੍ਰੀ | | 12 | 8 | 12 | 10 | 7 | 5 | 9 | 6 | 7 | 1 | |
| ਜਗਜੀਤ ਸਿੰਘ ਜੀ (ਚੰਦਰ ਰਾਸ਼ੀ) | | | | | | | | | | | | |

*5 ਦਾ ਅਰਥ ਹੈ ਕਿ ਲਗਨ ਸਿੰਘ ਹੈ।

### 3. ਜਨਮ ਕੁੰਡਲੀ ਸ੍ਰੀ ਗੁਰੂ ਅਮਰ ਦਾਸ ਜੀ

ਸ੍ਰੀ ਗੁਰੂ ਅਮਰਦਾਸ ਜੀ ਦਾ ਪਿੰਡ ਬਾਸਰਕੇ ਅਕਸ਼ਾਸ਼ ਉੱਤਰ 31°–37'. ਰੇਖਾਂਸ਼ 74°–55' ਨੇੜੇ ਅੰਮ੍ਰਿਤਸਰ ਵਿਚ 5–5–1479 ਨੂੰ ਅੱਧੀ ਰਾਤ ਤੋਂ ਬਾਅਦ ਅਤੇ ਪ੍ਰਭਾਤ ਤੋਂ ਪਹਿਲਾਂ ਜਨਮ ਹੋਇਆ। ਮੋਕਸ਼ ਦੇਣ ਵਾਲੇ ਕੇਤੂ ਮੋਕਸ਼ ਸਥਾਨ ਬਾਹਰਵੇਂ ਵਿਚ ਬੈਠੇ ਹਨ, ਭਾਗ ਸਥਾਨ ਦੇ ਮਾਲਕ ਸ਼ੁਕਰ ਨੂੰ ਸ਼ਨੀ ਆਪਣੀ ਪੂਰਨ ਦ੍ਰਿਸ਼ਟੀ ਨਾਲ ਦੇਖ ਰਿਹਾ ਹੈ। ਵੈਰਾਗ ਦੇਣ ਵਾਲਾ ਸ਼ਨੀ ਆਤਮ ਕਾਰਕ ਰਾਸ਼ੀ ਵਿਚ ਬੈਠ ਕੇ ਭਾਗ ਸਥਾਨ ਨੂੰ ਸਿੱਧਾ ਦੇਖ ਰਿਹਾ

ਹੈ। ਗੁਰੂ ਸਾਹਿਬ ਨੂੰ ਸ਼ੁਕਰ ਦੀ ਦਸ਼ਾ ਵਿਚ ਗੁਰੂ-ਗੱਦੀ ਦੀ ਪ੍ਰਾਪਤੀ 1552 A.D. ਵਿਚ ਹੋਈ।

### 4. ਕੁੰਡਲੀ ਸ੍ਰੀ ਗੁਰੂ ਤੇਗ ਬਹਾਦਰ ਜੀ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ 1-4-1621A.D. ਵਿਚ ਹੋਇਆ। ਉਨ੍ਹਾਂ ਦੇ ਜਨਮ ਸਮੇਂ ਸੂਰਜ ਦੀ ਮਹਾਂਦਸ਼ਾ ਦਾ ਭੋਗ-ਕਾਲ 5 ਸਾਲ 9 ਮਹੀਨੇ 25 ਦਿਨ ਬਕਾਇਆ ਰਹਿੰਦਾ ਸੀ। ਉਨ੍ਹਾਂ ਦੇ ਜਨਮ ਲਗਨ ਦੇ ਅਨੁਸਾਰ ਭਾਗ ਸਥਾਨ ਦਾ ਮਾਲਕ ਸ਼ਨੀ ਯੋਗ ਕਾਰਕ ਬਣ ਕੇ ਗਿਆਰਵੇਂ ਸਥਾਨ ਦੇ ਮਾਲਕ ਗੁਰੂ ਦੇ ਨਾਲ ਚੌਥੇ ਘਰ ਵਿਚ ਬੈਠਾ ਸੀ. ਮੋਕਸ਼ ਦੇਣ ਵਾਲਾ ਮੰਗਲ ਆਪਣੀ ਹੀ ਰਾਸ਼ੀ ਮੇਖ ਵਿਚ ਕੇਤੂ ਦੇ ਨਾਲ ਬਾਰ੍ਹਵੇਂ ਘਰ ਬਿਰਾਜਮਾਨ ਸੀ। ਚੰਦਰ ਕੁੰਡਲੀ ਦੇ ਅਨੁਸਾਰ ਨੌਵੇਂ ਘਰ ਦਾ ਮਾਲਕ ਸੂਰਜ ਜਿਸ ਨੂੰ ਅਸੀਂ ਆਤਮਕਾਰਕ ਰਹਿੰਦੇ ਹਾਂ, ਉਹ ਨਵਾਂਸ਼ਾ ਵਿਚ ਸ਼ਨੀ ਦੇ ਨਾਲ ਬੈਠਾ ਹੈ। ਮੋਕਸ਼ ਕਾਰਕ ਅਤੇ ਆਤਮ ਕਾਰਕ ਦੋਵਾਂ ਦਾ ਅਟੁੱਟ ਸੰਬੰਧ ਹੈ। ਗੁਰੂ ਸਾਹਿਬ ਨੇ ਗੁਰੂ ਗ੍ਰਹਿ ਦੀ ਦਸ਼ਾ ਵਿਚ ਕਸ਼ਮੀਰੀ ਪੰਡਤਾਂ ਨੂੰ ਬਹੁਮੁੱਲੀ ਸੇਵਾਵਾਂ ਦਿੱਤੀਆਂ।

### 5. ਜਨਮ ਕੁੰਡਲੀ ਨਾਮਧਾਰੀ ਗੁਰੂ ਜਗਜੀਤ ਸਿੰਘ ਜੀ

ਜਿਵੇਂ ਸੂਰਜ ਆਪਣੀ ਪਹਿਲੀ ਕਿਰਨ ਨਾਲ ਹੀ ਰਾਤ ਦੇ ਘੁੱਪ ਹਨੇਰੇ ਨੂੰ ਦੂਰ ਕਰ ਦਿੰਦਾ ਹੋਇਆ, ਚਾਰੇ ਪਾਸੇ ਚਾਨਣ ਬਿਖੇਰ ਦਿੰਦਾ ਹੈ, ਉਸੇ ਤਰ੍ਹਾਂ ਪਰਮ ਪੂਜਨੀਯ ਗੁਰੂ ਜਗਜੀਤ ਸਿੰਘ ਜੀ ਨੇ 22-11-1920 ਦੇ ਸ਼ੁਭ ਦਿਹਾੜੇ ਸਵੇਰੇ ਚਾਰ ਵਜੇ ਅਕਸ਼ਾਂਸ਼ ਉੱਤਰ 30°-55' ਰੇਖਾਂਸ਼ ਪੂਰਬ 75°-54' ਦੇ ਸਥਾਨ 'ਤੇ ਉਤਪੰਨ ਹੋ ਕੇ ਆਪਣਾ ਚਾਨਣ ਚਾਰੇ ਦਿਸ਼ਾਵਾਂ ਵਿਚ ਫੈਲਾਇਆ। ਉਨ੍ਹਾਂ ਦੇ ਜਨਮ ਸਮੇਂ 5 ਸਾਲ 5 ਮਹੀਨੇ 21 ਦਿਨ ਸ਼ਨੀ ਦਾ ਭੋਗ-ਕਾਲ ਰਹਿੰਦਾ ਸੀ। ਲਗਨ ਤੋਂ ਨੌਵਾਂ ਭਾਵ, ਭਾਗ ਅਤੇ ਧਰਮ ਨਾਲ ਸੰਬੰਧਤ ਹੈ, ਉਸ ਵਿਚ ਮੋਕਸ਼ ਦੇਣ ਵਾਲਾ ਗ੍ਰਹਿ ਕੇਤੂ ਬੈਠਾ ਹੈ। ਰਾਸ਼ੀ ਕੁੰਡਲੀ ਵਿਚ ਸ਼ਨੀ ਨੂੰ ਚੰਦਰਮਾ ਦੇਖ ਰਿਹਾ ਹੈ। ਲਗਨ ਕੁੰਡਲੀ ਵਿਚ ਆਤਮ ਕਾਰਕ ਸੂਰਜ ਉੱਪਰ ਕੇਤੂ ਗ੍ਰਹਿ ਦੀ ਪੂਰੀ ਨਜ਼ਰ ਹੈ। ਅਗਸਤ 1959 ਵਿਚ ਨੌਵੇਂ ਭਾਵ ਦੀ ਦਸ਼ਾ ਵਿਚ ਗੁਰੂ ਸਾਹਿਬ ਨੂੰ ਗੁਰ-ਗੱਦੀ ਦਾ ਤਾਜ ਪਹਿਨਾ ਕੇ ਸਨਮਾਨਿਆ ਗਿਆ ਅਤੇ ਉਨ੍ਹਾਂ ਨੇ ਸਹਿਜ ਸੁਭਾਅ ਗਊ ਹੱਤਿਆ ਦੇ ਵਿਰੁੱਧ ਮੁਹਿੰਮ ਛੇੜੀ ਅਤੇ ਕਲਕੱਤੇ ਤੋਂ ਆਉਣ ਵਾਲੀਆਂ ਬੀਮਾਰ ਅਤੇ ਕਮਜ਼ੋਰ ਗਊਆਂ ਦੀ ਸੇਵਾ ਦਾ ਬੀੜਾ ਉਠਾਇਆ। ਇਸ ਤਰ੍ਹਾਂ ਉਹ ਪਦਵੀ 'ਤੇ ਰਹਿੰਦੇ ਹੋਏ ਨਾਮਧਾਰੀ ਮਿਸ਼ਨ ਦੀਆਂ ਉੱਚ ਪਰੰਪਰਾਵਾਂ ਨੂੰ ਨਿਭਾਉਂਦੇ ਰਹੇ।

ਨੌਵਾਂ ਘਰ ਧਰਮ ਦਾ ਅਤੇ ਉਸ ਦਾ ਸਵਾਮੀ ਆਤਮ ਕਾਰਕ ਸੂਰਜ, ਮੋਕਸ਼ ਕਾਰਕ ਸ਼ਨੀ, ਮਨ ਕਾਰਕ ਮੰਗਲ, ਇਨ੍ਹਾਂ ਦਾ ਆਪਸ ਵਿਚ ਸੰਬੰਧ ਹੋਣ ਨਾਲ ਹੀ ਮਨੁੱਖ, ਮਨੁੱਖ ਪ੍ਰੇਮੀ ਅਤੇ ਧਾਰਮਿਕ ਆਗੂ ਬਣਦਾ ਹੈ।

# ਜੀਵਨੀ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

*"ਇਕ ਇਕ ਸਰੀਰ ਕੇ ਹੋਵਾਂ ਜੇ ਕਰੋੜ ਬਪ*
*ਸਤ ਸਤ ਕਰੋੜ ਰੋਮ ਇਕ ਇਕ ਹੀ ਸਰੀਰ ਕੇ*
*ਇਕ ਇਕ ਰੋਮ ਪਰ ਕੋਟ ਕੋਟ ਸੀਸ ਹੋਵੈ*
*ਇਕ ਇਕ ਸੀਸ ਪਰ ਮੁਖ ਹੋਵੇ ਚੀਰ ਕੇ*
*ਇਕ ਇਕ ਮੁਖ ਪਰ ਜਿਹਵਾ ਹੋਵੈ ਕੋਟ ਕੋਟ*
*ਇਕ ਇਕ ਜਿਹਵਾ ਭਣੈ ਗੁਣ ਜਗਦੀਸ਼ ਕੇ*
*ਕਹੈ ਗੁਰਦਾਸ ਭਲਾ ਤਉ ਭੀ ਹਉ ਅਜਾਣ ਮਤ*
*ਕਹੈ ਬੀ ਨਾ ਸਕੈਂ ਗੁਣ ਸਤਿਗੁਰੂ ਸਰੀਰ ਕੇ।"*

—ਕਬਿਤ ਭਾਈ ਗੁਰਦਾਸ ਜੀ

# ਪ੍ਰਕਾਸ਼

*"ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ*
*ਧਨੁ ਧਨੁ ਸੁ ਜਨਨੀ*
*ਜਿਨਿ ਗੁਰੂ ਜਣਿਆ ਮਾਇ॥"*

—ਆਦਿ ਸ੍ਰੀ ਗ੍ਰੰਥ ਸਾਹਿਬ ਪੰਨਾ ੩੧੦

ਮਾਤਾ ਪਿਤਾ : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਤਾ ਜੀ) ਦਾ ਅਨੰਦ (ਵਿਆਹ) ਮਾਤਾ ਭੁਪਿੰਦਰ ਕੌਰ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਾਤਾ ਜੀ) ਜੀ ਨਾਲ ੧੩ ਪੋਹ ੧੯੭੧ ਬਿਕ੍ਰਮੀ ਨੂੰ ਹੋਇਆ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਾਦਾ ਜੀ) ਦੇ ਜੋਤੀ ਜੋਤ ਸਮਾਉਣ ਤੋਂ ਬਾਅਦ, ਜਦੋਂ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਗੱਦੀ-ਨਸ਼ੀਨ ਹੋਏ, ਉਦੋਂ ਤੋਂ ਹੀ ਆਪ ਨੇ ਹਰ ਸਾਲ ਸਾਉਣ-ਭਾਦੋਂ ਦੇ ਮਹੀਨੇ ਵਿਚ, ਹੋਰ ਸਿੱਖਾਂ-ਸਾਧਾਂ ਨੂੰ ਨਾਲ ਲੈ, ਚਾਲੀ ਦਿਨ ਸੁੱਚ-ਸੋਧ ਤੇ ਸੰਜਮ ਨਾਲ, ਤਪ ਕਰਨ ਦਾ ਨਿਤਨੇਮ ਅਰਥਾਤ ਨਾਮ-ਸਿਮਰਨ ਦਾ ਜਪ-ਪ੍ਰਯੋਗ ਆਰੰਭ ਲਿਆ। ਪਹਿਲਾਂ ਇਹ ਜਪ-ਪ੍ਰਯੋਗ ਸਿਰਫ ਸਿੰਘ ਹੀ ਕਰਿਆ ਕਰਦੇ ਸਨ, ਮਾਈਆਂ ਨਹੀਂ। ਬਾਅਦ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਮਹਿਲ, ਮਾਤਾ ਭੁਪਿੰਦਰ ਕੌਰ ਜੀ ਦੇ ਅਰਜ਼ ਕਰਨ 'ਤੇ ਮਾਈਆਂ ਨੂੰ ਜਪ-ਪ੍ਰਯੋਗ ਕਰਨ ਦੀ ਇਜਾਜ਼ਤ ਦਿੱਤੀ।

**ਮਾਈਆਂ ਦੇ ਜਪ-ਪ੍ਰਯੋਗ ਦੀ ਇਜਾਜ਼ਤ**

ਜਦੋਂ ਸਾਉਣ-ਭਾਦੋਂ ੧੯੭੭ ਬਿਕ੍ਰਮੀ (ਅਗਸਤ ਸਤੰਬਰ 1920) ਵਿਚ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਿਤ ਵਾਂਗ ਆਪਣੇ ਸਾਲਾਨਾ ਜਪ-ਪ੍ਰਯੋਗ ਦਾ ਨਿਤਨੇਮ, ਰੋਪੜ ਵਾਲੀ ਨਹਿਰ ਵਾਲੇ ਡੇਰੇ ਵਿਖੇ ਆਰੰਭਿਆ ਤਾਂ ਮਾਤਾ ਭੁਪਿੰਦਰ ਕੌਰ ਜੀ ਨੇ ਅਤੀ ਨਿਮਰਤਾ ਸਹਿਤ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਅਰਜ਼ ਕੀਤੀ,

"ਸੱਚੇ ਪਾਤਸ਼ਾਹ ਜੀ, ਮੇਰਾ ਵੀ ਜੀਅ ਕਰਦਾ ਹੈ ਕਿ ਮੈਂ ਵੀ ਸਭ ਨੇਮ ਆਪ ਦੀ ਤਰ੍ਹਾਂ ਕਰਾਂ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਮਝ ਗਏ ਕਿ ਉਨ੍ਹਾਂ ਨੇ ਸਿਰਫ ਆਪਣੇ ਲਈ ਨਹੀਂ ਸਗੋਂ ਬੜੀ ਸੂਝ ਨਾਲ ਸਮੁੱਚੀ ਇਸਤਰੀ-ਜਾਤੀ ਲਈ, ਸਿੰਘਾਂ ਸਮਾਨ ਭਜਨ-ਬਾਣੀ ਕਰ ਸਕਣ ਦੀ ਇਜਾਜ਼ਤ ਮੰਗੀ ਹੈ। ਮਾਤਾ ਭੁਪਿੰਦਰ ਕੌਰ ਜੀ ਦੀ ਅਰਜ਼ ਪ੍ਰਵਾਨ ਕਰਦਿਆਂ, ਸ੍ਰੀ ਸਤਿਗੁਰੂ ਜੀ ਨੇ, ਸਭ ਸੁੱਚ-ਸੰਜਮ ਰੱਖਣ ਦਾ ਤਰੀਕਾ ਸਮਝਾ ਕੇ ਮਾਈਆਂ-ਬੀਬੀਆਂ ਨੂੰ ਵੱਖਰਿਆਂ ਬੈਠ ਕੇ ਆਪਣਾ ਜਪ-ਪ੍ਰਯੋਗ ਕਰਨ ਦੀ ਮਨਜ਼ੂਰੀ ਦੇਣ ਦੀ ਕ੍ਰਿਪਾਲਤਾ ਕੀਤੀ। ਸੱਚੇ ਪਾਤਸ਼ਾਹ ਜੀ

ਵਲੋਂ ਮਿਲੀ ਇਸ ਪਰਵਾਨਗੀ ਉਪ੍ਰੰਤ ਮਾਤਾ ਭੁਪਿੰਦਰ ਕੌਰ ਜੀ ਨੇ ਹੋਰ ਮਾਈਆਂ ਨੂੰ ਨਾਲ ਲੈ ਆਪਣੀ ਵੱਖਰੀ ਕੱਖਾਂ ਦੀ ਝੁੱਗੀ ਵਿਚ, ਰੋਪੜ ਵਾਲੀ ਨਹਿਰ ਦੇ ਕਿਨਾਰੇ ਚਾਲੀ ਦਿਨਾਂ ਦਾ ਜਪ-ਪ੍ਰਯੋਗ ਕੀਤਾ ਤੇ ਅਗੋਂ ਲਈ ਮਾਈਆਂ ਬੀਬੀਆਂ ਲਈ ਸਿੱਖਾਂ ਸਮਾਨ ਭਜਨ-ਬਾਣੀ ਕਰਨ ਦਾ ਰਾਹ ਖੋਲ੍ਹ ਦਿੱਤਾ।

**ਪ੍ਰਕਾਸ਼**

ਇਸੇ ਜਪ-ਪ੍ਰਯੋਗ ਤੋਂ ਬਾਅਦ, ਵੱਡ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਾਦਗੀ ਦੀ ਪਵਿੱਤਰ ਮੂਰਤ, ਭਗਤੀ ਰੂਪ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ, ਸਾਹਿਬਜ਼ਾਦਾ ਜਗਜੀਤ ਸਿੰਘ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਦਾ ਪ੍ਰਕਾਸ਼, ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ, ਪੰਜਾਬ ਵਿਖੇ ਅੱਠ ਮੱਘਰ ਸੰਮਤ ੧੯੭੭ (22 ਨਵੰਬਰ 1920), ਨੂੰ ਸਵੇਰੇ ਚਾਰ ਵਜੇ ਹੋਇਆ।

ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ, ਉਸ ਵੇਲੇ ਸ੍ਰੀ ਭੈਣੀ ਸਾਹਿਬ ਕਾਰਾਵਾਸ ਬਣਿਆ ਹੋਇਆ ਸੀ। ਭਾਰਤ ਵਿਚ ਅੰਗ੍ਰੇਜ਼ਾਂ ਦਾ ਰਾਜ ਸੀ ਅਤੇ ਇਸ ਰਾਜ ਦੇ ਖਿਲਾਫ਼, ਆਪਣੇ ਦੇਸ਼ ਨੂੰ ਅਜ਼ਾਦ ਕਰਾਉਣ ਦੀ ਪਹਿਲੀ ਜ਼ੋਰਦਾਰ ਅਵਾਜ਼ ਇਸੇ ਕੇਂਦਰ ਤੋਂ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਠਾਈ ਸੀ। ਦੇਸ਼ ਭਗਤੀ ਦੀ ਚਲਾਈ ਇਸ ਲਹਿਰ ਅਧੀਨ ਅੰਗ੍ਰੇਜ਼ ਸਰਕਾਰ ਵਿਰੁੱਧ ਕੀਤੀਆਂ ਗਈਆਂ ਸਮਾਜਕ, ਰਾਜਨੀਤਕ, ਧਾਰਮਕ ਅਤੇ ਆਰਥਕ ਗਤੀਵਿਧੀਆਂ ਕਾਰਣ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ, ਅੰਗਰੇਜ਼ ਸਰਕਾਰ ਰਾਹੀਂ ਜਲਾਵਤਨ ਕਰਨ ਮਗਰੋਂ, ਸੰਨ 1872 ਤੋਂ ਹੀ ਸ੍ਰੀ ਭੈਣੀ ਸਾਹਿਬ ਵਿਖੇ ਪੁਲਿਸ ਚੌਕੀ ਬੈਠੀ ਹੋਈ ਸੀ, ਜਿਹੜੀ ਮਈ 1923 ਨੂੰ ਨਾਮਧਾਰੀ ਸਮਾਜ ਵਲੋਂ ਕਾਫੀ ਸੰਘਰਸ਼ ਕਰਨ ਉਪ੍ਰੰਤ ਹਟਾਈ ਗਈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਾਹਿਬਜ਼ਾਦੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਵੀ ਇਸੇ ਜੇਲ੍ਹ ਖਾਨੇ ਵਿਚ ਹੋਇਆ ਅਤੇ ਅਗੋਂ ਇਨ੍ਹਾਂ ਬੰਦੀ ਗ੍ਰਹਿ ਦੀਆਂ ਹਾਲਤਾਂ ਵਿਚ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਦੋਹਾਂ ਸਤਿਗੁਰੂਆਂ ਦੇ ਪ੍ਰਕਾਸ਼ ਅਸਥਾਨ ਐਸ ਵੇਲੇ ਸ੍ਰੀ ਭੈਣੀ ਸਾਹਿਬ ਵਿਖੇ, ਮਾਤਾ ਜੀਵਨ ਕੌਰ ਜੀ ਦੇ ਮੰਦਰ ਦੇ ਬਿਲਕੁਲ ਨਾਲ, ਦੋ ਨਾਲੋ ਨਾਲ ਕਮਰਿਆਂ ਵਿਚ ਸਥਿਤ ਹਨ। ਇਨ੍ਹਾਂ ਕਮਰਿਆਂ ਦੇ ਉੱਪਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ 'ਗੱਦੀ ਸਾਹਿਬ' ਵਾਲਾ ਚੁਬਾਰਾ ਹੈ।

**ਖੁੱਲ੍ਹੇ ਭੰਡਾਰੇ ਵਰਤੇ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਨੀ ਜੀ, ਮਾਤਾ ਰਾਮ ਕੌਰ ਜੀ ਗੁਰੂਸਰ ਵਾਲੇ ਜਿਨ੍ਹਾਂ ਨੂੰ ਮਾਈ ਅੰਬੋ ਜੀ ਵੀ ਆਖਿਆ ਜਾਂਦਾ ਸੀ, ਬਹੁਤ ਭਜਨ-ਬੰਦਗੀ ਵਾਲੇ, ਸਾਦਗੀ, ਪਵਿੱਤਰਤਾ

ਤੇ ਸੁੱਚ-ਸੋਧ ਦੀ ਮੂਰਤੀ ਸਨ। ਨਾਨੀ, ਮਾਤਾ ਰਾਮ ਕੌਰ ਜੀ ਨੇ ਪਹਿਲੋਂ ਆਪਣੇ ਦੋਹਤੇ (ਬਾਲ-ਰੂਪ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਦੇ ਕੰਨ ਵਿਚ ਭਜਨ ਦੱਸਿਆ ਅਤੇ ਗੁੜ ਦੀ ਗੁੜਤੀ ਦਿਤੀ। ਖੁਸ਼ਖਬਰੀ ਚਹੁੰ ਪਾਸੀਂ ਫੈਲ ਗਈ ਅਤੇ ਸਮੂਹ ਸੰਗਤ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਵਧਾਈਆਂ ਦਿੱਤੀਆਂ ਜਾਣ ਲੱਗੀਆਂ। ਸ੍ਰੀ ਭੈਣੀ ਸਾਹਿਬ ਵਿਖੇ ਸੌ ਮਣ ਗੁੜ ਵਰਤਾਇਆ ਗਿਆ। ਦਾਦੀ ਮਾਤਾ ਜੀਵਨ ਕੌਰ ਜੀ ਨੇ ਖੁੱਲ੍ਹੇ ਭੰਡਾਰੇ ਵਰਤਾਏ। ਸਾਧ ਸੰਗਤ ਵਲੋਂ ਵੀ ਖੁਸ਼ੀ ਵਿਚ ਦੇਗਾਂ ਕਰਵਾਈਆਂ ਗਈਆਂ।

ਸਾਹਿਬਜ਼ਾਦੇ ਦੇ ਦਰਸ਼ਨ ਕਰਨ ਲਈ, ਦੂਰੋਂ ਨੇੜਿਓਂ ਭੇਟਾ ਲੈ ਕੇ ਆ ਰਹੀ ਸਾਧ ਸੰਗਤ ਦੀ, ਸ੍ਰੀ ਭੈਣੀ ਸਾਹਿਬ ਵਿਖੇ ਆਵਾਜਾਈ ਬੜੇ ਉਤਸ਼ਾਹ ਅਤੇ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਗਈ। ਬੜੀਆਂ ਖੁਸ਼ੀਆਂ ਮਨਾਈਆਂ ਗਈਆਂ।

ਪੱਚੀ ਦਿਨਾਂ ਬਾਅਦ ਮਾਤਾ ਭੁਪਿੰਦਰ ਕੌਰ ਜੀ ਅਤੇ ਬਾਲ ਸਾਹਿਬਜ਼ਾਦੇ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਥਿਤ ਸਰੋਵਰ (ਰਾਮਸਰ) ਵਿਚ ਇਸ਼ਨਾਨ ਕਰਵਾ ਕੇ ਅੰਮ੍ਰਿਤ ਛਕਾਇਆ ਗਿਆ। ਸੰਤ ਆਲਾ ਸਿੰਘ ਜੀ ਵਰਨਾਂ ਵਾਲਿਆਂ ਭਜਨ ਦੱਸਿਆ। ਇਸ ਰਸਮ ਨਮਿੱਤ ਇਕ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ। ਸਾਹਿਬਜ਼ਾਦੇ ਦਾ ਨਾਮ ਵੀ ਨਾਨੀ, ਮਾਈ ਰਾਮ ਕੌਰ ਜੀ ਨੇ ਬੜੇ ਪਿਆਰ ਨਾਲ ਰਖਿਆ—'ਜਗਜੀਤ ਸਿੰਘ'। ਸਾਹਿਬਜ਼ਾਦੇ ਦੇ ਬਾਲਪਨ ਵਿਚਲੇ ਕੌਤਕਾਂ ਨੂੰ ਵੇਖਦਿਆਂ ਸਾਧ-ਸੰਗਤ ਵਿਚ ਨਾਮ ਪ੍ਰਚਲਤ ਹੋਇਆ—'ਬੇਅੰਤ ਜੀ।'

### ਮਨਮੋਹਣੇ ਦਰਸ਼ਨ

ਬੇਅੰਤ ਜੀ ਦੇ ਦਰਸ਼ਨ ਬਹੁਤ ਮਨਮੋਹਣੇ ਅਤੇ ਪ੍ਰਭਾਵਸ਼ਾਲੀ ਸਨ। ਜਦੋਂ ਆਪ ਪੰਜ-ਛੇ ਕੁ ਮਹੀਨਿਆਂ ਦੇ ਸਨ, ਉਦੋਂ ਦੇ ਆਪ ਜੀ ਦੇ ਕੀਤੇ ਦਰਸ਼ਨਾਂ ਬਾਰੇ ਸਰਦਾਰਨੀ ਲੀਲਾਵੰਤੀ ਜੀ, ਸੁਪਤਨੀ ਰਾਵਲਪਿੰਡੀ ਦੇ ਰਾਇਸੇ-ਆਜ਼ਮ, ਪਾਰਲੀਮੈਂਟ ਮੈਂਬਰ, ਸ. ਆਤਮਾ ਸਿੰਘ ਜੀ, ਜੋ ਕਿ ਇਕ ਸ਼ਰਧਾਲੂ ਤੇ ਸਿਦਕੀ ਨਾਮਧਾਰੀ ਸਿੱਖ ਸਨ, ਆਪਣੀ ਇਕ ਲਿਖਤ ਵਿਚ ਇਉਂ ਲਿਖਦੇ ਹਨ,

"ਅਸੀਂ ਤਿੰਨੋ (ਪਤੀ-ਪਤਨੀ ਅਤੇ ਇਕ ਸਹਾਇਕ) ਉਥੇ ਗਏ ਜਿਥੇ ਪੂਜਯ ਜਗਤ ਮਾਤਾ ਭੁਪਿੰਦਰ ਕੌਰ ਜੀ ਬਿਰਾਜਮਾਨ ਸਨ। ਛੋਟੇ ਹੁੰਦੇ ਮੈਂ ਇਸਾਈਆਂ ਦੇ ਸਕੂਲ ਵਿਚ ਪੜ੍ਹੀ। ਮੈਂ ਮਰੀਅਮ ਤੇ ਈਸਾ ਮਸੀਹ ਦੀ ਫੋਟੋ ਵੇਖੀ ਸੀ। ਮੈਂ ਸੋਚਦੀ ਸਾਂ ਬਨਾਵਟੀ ਤਸਵੀਰ ਹੈ, ਕੋਈ ਮਾਂ-ਬੱਚਾ ਇਤਨੀ ਕਸ਼ਿਸ਼ ਵਾਲੇ ਨਹੀਂ ਹੋ ਸਕਦੇ। ਪਰ ਮੈਂ ਇਹਨਾਂ ਅੱਖਾਂ ਨਾਲ ਸਫੈਦ ਸੰਗਮਰਮਰ ਦੀ ਅਚਲ ਮੂਰਤੀ ਤੇ ਗੋਦੀ ਵਿਚ ਚੰਦ੍ਰਮਾ ਮੁਖ, ਜਿਸ ਦੀਆਂ ਕਿਰਨਾਂ ਗੋਲ ਪਾਰੇ ਵਾਂਗੂੰ ਪ੍ਰਕਾਸ਼ਮਾਨ ਹੋ ਰਹੀਆਂ ਸਨ, ਅਕਾਲਪੁਰਖ ਦੇ ਛੋਟੇ ਜਿਹੇ ਸਰੂਪ ਵਿਚ ਦਰਸ਼ਨ ਕੀਤੇ। ਉਹੀ ਈਸਾ ਦੀ ਮੂਰਤੀ ਜਿਸ ਨੂੰ ਕਹਿੰਦੀ ਸਾਂ, ਬਨਾਵਟੀ ਹੈ, ਸਾਖਿਆਤ ਹੋ ਗਈ। ਮੈਂ ਕਿੰਨਾ ਹੀ ਚਿਰ ਦੋਨਾਂ

ਸੁੰਦਰ ਮੁਖੜਿਆਂ ਵਲ ਤੱਕ ਵਿਸਮਾਦ ਹੋ ਗਈ। ਐਸੇ ਮਾਂ-ਬੇਟਾ ਮੈਂ ਸੰਸਾਰ ਵਿਚ ਕਦੇ ਨਹੀਂ ਸਨ ਤੱਕੇ।"

### ਬੀੜ ਦੀ ਜ਼ਮੀਨ ਮਿਲੀ

ਬੇਅੰਤ ਜੀ ਦੇ ਪ੍ਰਕਾਸ਼ ਤੋਂ ਬਾਅਦ ਵਿਚ ਹੀ ਗੁਰਦਵਾਰਾ ਸ੍ਰੀ ਭੈਣੀ ਸਾਹਿਬ ਨੂੰ, ਬੀੜ ਮਰਾਰਕੂ ਦੇ ਜੰਗਲ ਦੀ ਜ਼ਮੀਨ (ਬੀੜ ਗੁਰੂ ਕਾ) ਮੱਥਾ ਟੇਕੀ ਗਈ। ਇਹ ਜ਼ਮੀਨ ਲੋਹ ਲੰਗਰ ਦੇ ਬਾਲਣ ਲਈ ਅਤੇ ਗਊਆਂ ਘੋੜਿਆਂ ਦੇ ਪ੍ਰਤੀਪਾਲਣ ਲਈ ਮਹਾਰਾਜਾ ਨਾਭਾ ਵਲੋਂ ਮੱਥਾ ਟੇਕੀ ਗਈ। ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਘਰ, ਸੂਬਾ ਮਾਈ ਹੁਕਮੀ ਵਰਿਆਂਹ ਵਾਲੀ ਦੇ ਅਰਦਾਸ ਕਰਨ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਦੁਆਰਾ ੫ ਅੱਸੂ ਸੰਮਤ ੧੯੭੬ (ਸਤੰਬਰ ਸੰਨ 1919) ਨੂੰ ਸਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਟਿੱਕਾ ਪ੍ਰਤਾਪ ਸਿੰਘ ਰੱਖਿਆ ਗਿਆ। ਸ਼ੁਕਰਾਨੇ ਵਜੋਂ, ਮਹਾਰਾਜਾ ਨਾਭਾ ਨੇ ਨਾਭੇ ਦੀ ਬੀੜ ਸਣੇ ਨੌ ਲੱਖ ਇੱਟ ਦੇ ਅਤੇ ਨਕਦੀ ਮਾਇਆ ਤੋਂ ਇਲਾਵਾ ਇਕ ਉਸ ਵੇਲੇ ਦੀ ਸਿਖਰ ਦੀ ਮਹਿੰਗੀ ਕਾਰ, ਰੋਲਜ਼ ਰੋਆਇਸ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨ ਭੇਂਟ ਕੀਤੀ। ਇਸ ਕਾਰ ਦਾ ਮੁੱਲ ਉਨ੍ਹੀਂ ਦਿਨੀਂ ਕ੍ਰੀਬ ਛਪੰਜਾ ਹਜ਼ਾਰ ਰੁਪਏ ਸੀ। ਉਸ ਵੇਲੇ ਹਿੰਦੁਸਤਾਨ ਵਿਚ ਇਹ ਤੀਸਰੀ ਕਾਰ ਆਈ ਸੀ।

### ਮਾਤਾ ਭੁਪਿੰਦਰ ਕੌਰ ਜੀ ਬਾਰੇ

ਬੇਅੰਤ ਜੀ ਦੇ ਮਾਤਾ, ਮਾਤਾ ਭੁਪਿੰਦਰ ਕੌਰ ਜੀ ਸ਼ਾਂਤ ਸੁਭਾਅ ਦੇ, ਅਤੀ ਨਿਮਰ, ਉਦਾਰ, ਤਿਆਗੀ, ਆਗਿਆਕਾਰ ਅਤੇ ਸਾਦਗੀ ਭਰਪੂਰ ਸਨ। ਆਪ ਭਜਨ-ਬਾਣੀ ਕਰਦਿਆਂ ਸਾਰਾ ਦਿਨ ਸਾਧ-ਸੰਗਤ ਦੀ ਸੇਵਾ ਵਿਚ ਗੁਜ਼ਾਰਦੇ ਸਨ। ਮਾਤਾ ਜੀ ਦੇ ਇਹੀ ਗੁਣ, ਬੇਅੰਤ ਜੀ ਦੇ ਚਰਿੱਤਰ ਵਿਚ ਸ਼ਾਮਲ ਹੋ ਗਏ।

ਮਾਤਾ ਭੁਪਿੰਦਰ ਕੌਰ ਜੀ ਪਿੰਡ ਗੱਦਾਂ-ਡੋਬ (ਗੁਰੂਸਰ) ਜ਼ਿਲ੍ਹਾ ਫਰੀਦਕੋਟ (ਹੁਣ ਜ਼ਿਲ੍ਹਾ ਮੁਕਤਸਰ) ਦੇ ਪਿਤਾ ਸ. ਸੁੰਦਰ ਸਿੰਘ ਤੇ ਮਾਤਾ ਬੀਬੀ ਰਾਮ ਕੌਰ ਜੀ ਦੀ ਸਭ ਤੋਂ ਛੋਟੀ ਧੀ ਸਨ। ਮਾਤਾ ਭੁਪਿੰਦਰ ਕੌਰ ਜੀ ਦੀ ਭੈਣ ਹਰਨਾਮ ਕੌਰ ਅਤੇ ਤਿੰਨ ਭਰਾ ਸੰਤ ਕ੍ਰਿਪਾਲ ਸਿੰਘ, ਸੂਬਾ ਮੀਹਾਂ ਸਿੰਘ ਤੇ ਸੂਬਾ ਨਾਹਰ ਸਿੰਘ ਸਨ। ਸੂਬਾ ਨਾਹਰ ਸਿੰਘ ਦੇ ਇਕ ਪੁੱਤਰ ਪੰਡਤ ਰਾਜਿੰਦਰ ਸਿੰਘ ਤੇ ਤਿੰਨ ਧੀਆਂ ਹੋਈਆਂ। ਸੂਬਾ ਮੀਹਾਂ ਸਿੰਘ ਦੇ ਚਾਰ ਪੁੱਤਰ ਗੁਰਮੁਖ ਸਿੰਘ, ਜਿਉਣ ਸਿੰਘ, ਖਿਉਣ ਸਿੰਘ, ਜੈ ਸਿੰਘ ਤੇ ਸੁਖਦੇਵ ਸਿੰਘ 'ਭੁਪਿੰਦਰ' ਅਤੇ ਪੰਜ ਧੀਆਂ ਹਨ। ਸੰਤ ਕ੍ਰਿਪਾਲ ਸਿੰਘ ਦੇ ਛੇ ਪੁੱਤਰ ਪ੍ਰੇਮ ਸਿੰਘ, ਹਿੰਮਤ ਸਿੰਘ, ਝੰਡਾ ਸਿੰਘ, ਟਹਿਲ ਸਿੰਘ, ਸੇਵਾ ਸਿੰਘ, ਪਿਰਥੀ ਸਿੰਘ ਤੇ ਦੋ ਧੀਆਂ ਹਨ।

ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਦੇ ਦਾਦੀ, ਮਾਤਾ ਜੀਵਨ ਕੌਰ ਜੀ ਪਿੰਡ ਥਰਾਜ (ਜ਼ਿਲ੍ਹਾ ਫ਼ਿਰੋਜ਼ਪੁਰ) ਦੇ ਸਨ।

# ਬਚਪਨ

"ਮਹਾਰਾਜ ਜਗਜੀਤ ਸਿੰਘ ਜਿਸ ਦਿਨ ਤੋਂ ਪੈਦਾ ਹੋਇਆ ਹੈ, ਉਸ ਦਿਨ ਤੋਂ ਚੜ੍ਹਦੀਆਂ ਕਲਾਂ ਵਿਚ ਹੋਇਆ ਹੈ, ਕਿਸੇ ਗੱਲ ਦਾ ਘਾਟਾ ਨਹੀਂ ਰਿਹਾ। ਹਰ ਚੀਜ਼ ਨੇ ਮੱਥਾ ਟੇਕਿਆ ਹੈ। ਜਿਓਂ ਜਿਓਂ ਉਮਰ ਕਰ ਕੇ ਵਧਦੇ ਗਏ ਹਨ, ਪ੍ਰਤਾਪ ਵਧਦਾ ਹੀ ਗਿਆ ਹੈ।"

ਉਪਰੋਕਤ ਸ਼ਬਦ ਜਥੇਦਾਰ ਗੁਰਮੁਖ ਸਿੰਘ ਝੱਬਰ ਸਪੁੱਤਰ ਸੰਤ ਜਿਉਣ ਸਿੰਘ ਝੱਬਰ (ਕਰੀਵਾਲਾ) ਦੇ ਹਨ। ਜਥੇਦਾਰ ਗੁਰਮੁਖ ਸਿੰਘ ਝੱਬਰ ਨੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ, ਬਚਪਨ ਦੀ ਅਵਸਥਾ ਦੇ ਸਮੇਂ ਵਿਚਲੇ ਸਾਹਿਬਜ਼ਾਦਾ ਬੇਅੰਤ ਜੀ ਦੀ ਸਭ ਤੋਂ ਵੱਧ ਸਮਾਂ ਸੇਵਾ ਕੀਤੀ। ਝੱਬਰ ਜੀ ਦੀ ਕੀਤੀ ਰਿਕਾਰਡਿੰਗ ਤੋਂ ਸਾਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਦੇ ਸਮੇਂ ਦੀ, ਬਹੁਤ ਜਾਣਕਾਰੀ ਮਿਲਦੀ ਹੈ।

**ਮੁੱਢਲਾ ਸਮਾਂ**

ਸਾਹਿਬਜ਼ਾਦਾ ਬੇਅੰਤ ਜੀ ਦੇ ਮਾਤਾ, ਮਾਤਾ ਭੁਪਿੰਦਰ ਕੌਰ ਜੀ ਬਹੁਤ ਸੁੰਦਰ ਸਰੂਪ ਅਤੇ ਪਵਿੱਤਰ ਸ਼ਖ਼ਸੀਅਤ ਵਾਲੀ, ਦੇਵੀ-ਸਰੂਪ ਮਹਾਨ ਇਸਤਰੀ ਸਨ। ਬਾਲ ਬੇਅੰਤ ਸਿੰਘ ਜੀ ਦੀ ਉਮਰ ਦੇ ਮੁੱਢਲੇ ਢਾਈ ਸਾਲਾਂ ਵਿਚ ਮਾਤਾ ਭੁਪਿੰਦਰ ਕੌਰ ਜੀ ਤੋਂ ਇਲਾਵਾ ਬੇਅੰਤ ਜੀ ਦੀ ਸਾਂਭ ਸੰਭਾਲ, ਮਹੰਤ ਕੇਸਰ ਸਿੰਘ ਮਜਾਹਦ ਕਰਦੇ ਰਹੇ। ਬਹੁਤ ਉੱਚ ਬਿਰਤੀ ਦੇ ਮਾਲਕ ਮਹੰਤ ਕੇਸਰ ਸਿੰਘ ਮਜਾਹਦ, ਮਾਤਾ ਭੁਪਿੰਦਰ ਕੌਰ ਜੀ ਦੀ ਸੇਵਾ ਵਿਚ ਸਨ।

ਜਥੇਦਾਰ ਗੁਰਮੁਖ ਸਿੰਘ ਝੱਬਰ ਦੇ ਦੱਸਣ ਅਨੁਸਾਰ ਮਹੰਤ ਕੇਸਰ ਸਿੰਘ ਮਜਾਹਦ ਨੇ ਪਹਿਲੋਂ ਸੰਤ ਸੁੰਦਰ ਸਿੰਘ ਜੀ ਪੂੰਗਾ ਵਾਲੇ ਤੋਂ ਭਜਨ ਲਿਆ ਹੋਇਆ ਸੀ ਪਰ ਜਦ ਉਹ ਨਾਮ ਜਪਦੇ ਸਨ ਤਾਂ ਉਨ੍ਹਾਂ ਨੂੰ ਦਰਸ਼ਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁੰਦੇ ਸਨ। ਉਨ੍ਹਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਇਹ ਕਾਰਨ ਕੀ ਹੈ? ਦੀਵਾਲੀ ਦੇ ਮੇਲੇ 'ਤੇ, ਆਸਾ ਦੀ ਵਾਰ ਦੇ ਭੋਗ ਸਮੇਂ ਜਦੋਂ ਉਨ੍ਹਾਂ ਨੇ ਸੰਤ ਪੂੰਗਾ ਵਾਲਿਆਂ ਨਾਲ ਆ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੱਥਾ ਟੇਕਿਆ ਤਾਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ, "ਬਹਿ ਜਾ ਕੇਸਰ ਸਿਆਂ"

ਮਹੰਤ ਜੀ ਉਥੇ ਬੈਠ ਗਏ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਿਹਰੇ ਵੱਲ ਵੇਖ ਕੇ ਸੋਚਣ ਲੱਗੇ ਕਿ ਦਰਸ਼ਨ ਤਾਂ ਮੈਨੂੰ ਇਸ ਮੂਰਤ ਦੇ ਹੀ ਹੁੰਦੇ ਹਨ। ਪੂੰਗਾ ਵਾਲਿਆਂ ਸੰਤਾਂ ਨੇ ਵੇਖਿਆ ਕਿ ਕੇਸਰ ਸਿੰਘ ਤਾਂ ਉਥੇ ਹੀ ਬੈਠਾ ਹੈ, ਸਾਡੇ ਨਾਲ ਨਹੀਂ ਤੁਰਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ,

"ਪੂੰਗਾ ਵਾਲਿਓ, ਜਾਓ, ਇਹ ਮੇਰਾ ਹੈ, ਇਹ ਮੈਂ ਆਪਣਾ ਸਿਆਣ ਕੇ ਲੈ ਲਿਆ ਹੈ, ਤੁਸੀਂ

ਜਾਓ, ਇਹਨੂੰ ਹੁਣ ਨਹੀਂ ਜਾਣ ਦੇਣਾ।"

ਮਹੰਤ ਕੇਸਰ ਸਿੰਘ ਬਹੁਤ ਸਾਫ਼ ਤੇ ਨਰਮ ਦਿਲ ਵਾਲੇ ਇਮਾਨਦਾਰ ਵਿਅਕਤੀ ਸਨ। ਕਿਸੇ ਨੂੰ ਮੰਦਾ ਨਹੀਂ ਸਨ ਬੋਲਦੇ, ਨਾ ਲਾਲਚ, ਨਾ ਗੁੱਸਾ, ਬੜੇ ਤਿਆਗੀ ਪੁਰਸ਼ ਸਨ। ਬੇਅੰਤ ਜੀ ਦਾ ਸੁਭਾਅ ਵੀ ਇਸੇ ਤਰ੍ਹਾਂ ਦਾ ਬਣਿਆ।

ਮਹੰਤ ਕੇਸਰ ਸਿੰਘ ਤੋਂ ਬਾਅਦ ਜਥੇਦਾਰ ਗੁਰਮੁਖ ਸਿੰਘ ਝੱਬਰ, ਸਾਹਿਬਜ਼ਾਦਾ ਬੇਅੰਤ ਜੀ ਦੀ ਸੇਵਾ ਵਿਚ ਕਈ ਸਾਲ ਰਹੇ। ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇਂ ਵਿਚ ਪਹਿਲਾ ਤਪ-ਚਾਹਲੀਆ ਰੋਪੜ ਵਾਲੀ ਨਹਿਰ ਦੇ ਕਿਨਾਰੇ ਵਾਲੇ ਡੇਰੇ 'ਤੇ ਕੀਤਾ, ਉਦੋਂ ਝੱਬਰ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਆ ਚੁੱਕੇ ਸਨ।

**ਬੇਅੰਤ ਜੀ ਬੀੜ ਵਿਚ :**

ਜਥੇਦਾਰ ਗੁਰਮੁਖ ਸਿੰਘ ਝੱਬਰ ਦੇ ਮੁਤਾਬਕ ਜਿੰਨਾ ਚਿਰ ਨਾਭੇ ਦੀ ਬੀੜ ਵਾਲੀ ਜ਼ਮੀਨ ਨਹੀਂ ਮਿਲੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਹਿਰ ਵਾਲੇ ਡੇਰੇ 'ਤੇ ਹੀ ਹਰ ਸਾਲ ਆਪਣਾ ਚਾਲੀ ਦਿਨ ਦਾ ਜਪ-ਪ੍ਰਯੋਗ ਕਰਦੇ ਰਹੇ। ਜਦੋਂ ਅਗਸਤ-ਸਤੰਬਰ 1921 (ਸਾਉਣ ਸੰਮਤ ੧੯੭੮) ਵਿਚ ਨਾਭੇ ਵਾਲੀ ਬੀੜ ਦੀ ਕ੍ਰੀਬ ੧੨੮੧ ਏਕੜ ਜ਼ਮੀਨ ਮਿਲੀ, ਉਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀੜ ਵਿਚ ਅਖੰਡ ਪਾਠ ਸ਼ੁਰੂ ਕਰ ਲਏ ਅਤੇ ਸਾਉਣ-ਭਾਦੋਂ ਦਾ ਆਪਣਾ ਤਪ-ਚਾਹਲੀਏ ਦਾ ਨਿਤਨੇਮ ਵੀ ਉਥੇ ਹੀ ਕੱਖਾਂ ਦੀ ਝੁੱਗੀ ਵਿਚ ਆਰੰਭਿਆ। ਸੰਤ ਆਲਾ ਸਿੰਘ ਵਰਨ ਤੇ ਸੰਤ ਮੋਹਣ ਸਿੰਘ ਵਡਾਲਾ ਜੌਹਲ ਆਦਿਕ ਸਾਧਾਂ ਦਾ ਜੱਥਾ ਸੱਚੇ ਪਾਤਸ਼ਾਹ ਜੀ ਦੇ ਨਾਲ ਹੁੰਦਾ ਸੀ। ਉਸ ਵੇਲੇ ਸਾਹਿਬਜ਼ਾਦਾ ਜਗਜੀਤ ਸਿੰਘ, ਮਾਤਾ ਭੁਪਿੰਦਰ ਕੌਰ ਜੀ ਦੀ ਗੋਦ ਵਿਚ ਸਨ।

ਯੁਵਕ ਅਵਸਥਾ ਦੇ ਜਥੇਦਾਰ ਗੁਰਮੁਖ ਸਿੰਘ ਝੱਬਰ ਉਸ ਵੇਲੇ ਘੋੜਿਆਂ ਦੀ ਸੇਵਾ 'ਤੇ ਸਨ। ਝੱਬਰ ਜੀ ਸਮੇਤ ਘੋੜਿਆਂ ਦੀ ਸੇਵਾ ਵਿਚ ਰਹਿਣ ਵਾਲੇ ਜੱਥੇ ਦੇ ਸਿੰਘਾਂ ਨੇ, ਮਾਤਾ ਭੁਪਿੰਦਰ ਕੌਰ ਜੀ ਦੀ ਗੋਦੀ ਵਿਚ, ਕ੍ਰੀਬ ਤਿੰਨ ਮਹੀਨੇ ਦੀ ਆਯੂ ਦੇ, ਬਾਲ ਬੇਅੰਤ ਜੀ ਦੇ ਸੁੰਦਰ ਸਰੂਪ ਦੇ ਦਰਸ਼ਨ ਮੁਕਤਸਰ ਵਿਖੇ, ਮਾਘੀ ਦੇ ਮੇਲੇ 'ਤੇ ਕੀਤੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਸ ਵੇਲੇ ਬੀੜ ਵਿਚ ਸਨ ਅਤੇ ਉਥੇ ਅਖੰਡ ਪਾਠ ਚਲ ਰਹੇ ਸਨ, ਉਸ ਵੇਲੇ ਮਾਤਾ ਭੁਪਿੰਦਰ ਕੌਰ ਜੀ ਅਤੇ ਬੇਅੰਤ ਜੀ, ਸ੍ਰੀ ਭੈਣੀ ਸਾਹਿਬ ਸਨ। ਇਕ ਦਿਨ ਘੋੜਿਆਂ ਵਾਲੇ ਜੱਥੇ ਨੇ ਸਲਾਹ ਕੀਤੀ ਕਿ ਬੇਅੰਤ ਜੀ ਨੂੰ ਬੀੜ ਵਿਚ ਲੈ ਆਈਏ, ਹੱਸਿਆ ਖੇਡਿਆ ਕਰਾਂਗੇ, ਘੋੜਿਆਂ 'ਤੇ ਚੜ੍ਹਾਇਆ ਕਰਾਂਗੇ, ਰਹਿਣ ਬਹਿਣਗੇ ਸਾਡੇ ਕੋਲ। ਸਾਰੇ ਇਕੱਠੇ ਹੋ ਕੇ ਸੋਚਣ ਲੱਗੇ ਕਿ ਅਰਜ਼ ਤਾਂ ਕਰਨੀ ਹੈ, ਆਪਣੇ ਨਾਲ ਕਿਸੇ ਹੋਰ ਨੂੰ ਵੀ ਲੈ ਲਈਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਛੇਤੀ ਕੀਤਿਆਂ ਕੋਈ ਅਰਜ਼ ਨਹੀਂ ਸੀ ਕਰ ਸਕਦਾ। ਸੰਤ ਸੋਹਣ ਸਿੰਘ ਤੇ ਸੰਤ ਬਹਾਦਰ ਸਿੰਘ ਨੂੰ ਨਾਲ ਲੈ. ਜਥੇਦਾਰ ਗੁਰਮੁਖ ਸਿੰਘ ਝੱਬਰ ਤੇ ਹੋਰ ਘੋੜਿਆਂ ਦੀ ਸੇਵਾ ਕਰਨ ਵਾਲੇ ਜੱਥੇ ਨੇ ਸ੍ਰੀ ਸਤਿਗੁਰੂ ਜੀ ਨੂੰ ਨਿਮਰਤਾ ਸਹਿਤ ਅਰਜ਼ ਕੀਤੀ ਕਿ 'ਅਸੀਂ ਮਾਤਾ ਭੁਪਿੰਦਰ ਕੌਰ ਜੀ ਅਤੇ ਬੇਅੰਤ ਜੀ ਨੂੰ ਇਥੇ ਲਿਆਉਣਾ ਚਾਹੁੰਦੇ ਹਾਂ।' ਉਸ ਵੇਲੇ ਮਹੰਤ ਕੇਸਰ ਸਿੰਘ ਮਜਾਹਦ. ਮਾਤਾ ਜੀ ਅਤੇ ਬੇਅੰਤ ਜੀ ਦੀ ਸੇਵਾ ਵਿਚ ਸਨ।

ਜਥੇਦਾਰ ਗੁਰਮੁਖ ਸਿੰਘ ਦੱਸਦੇ ਹਨ.

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਰਮਾਇਆ.

'ਗੁਰਮੁਖਾਂ ਅਰਜ਼ਾਂ ਤਾਂ ਕਰ ਦਿਤੀ ਹੈ ਬਈ ਉਨ੍ਹਾਂ ਨੂੰ ਲਿਆਉਣਾ ਹੈ, ਮੇਰੇ ਕੋਲ ਤਾਂ ਇਹ ਕੱਖਾਂ ਦੀ ਕੁੱਲੀ ਹੈ. ਇਹ ਮੇਰੇ ਜੋਗੀ ਹੈ, ਤੇ ਤੂੰ ਪਾਇਆ ਹੈ ਪੱਕਾ ਕੋਠਾ, ਕੋਠਾ ਦੇਣਾ ਹੈ ਤਾਂ ਲੈ ਆ।' ਤਿਆਗੀ ਵੇਖ ਲਵੋ ਗੁਰੂ ਕਿੱਡਾ ਹੈ!

"ਮੈਂ ਵੀ ਇੱਟਾਂ ਖੜ੍ਹੀਆਂ ਕਰ ਕੇ, ਉੱਤੇ ਸ਼ਤੀਰੀ ਰੱਖ ਕੇ, ਬਾਲੇ ਪਾ ਕੇ ਕੋਠਾ ਬਣਾਇਆ ਹੋਇਆ ਸੀ. ਇੱਟਾਂ ਮੈਂ ਪੱਕੀਆਂ ਲਾਈਆਂ ਹੋਈਆਂ ਸਨ। ਮੈਂ ਕਿਹਾ. 'ਚੰਗਾ ਜੀ. ਮੈਂ ਕੋਠਾ ਦਿਆਂਗਾ।"

"ਜਿਸ ਵੇਲੇ ਮੈਂ ਆਖਿਆ. ਮੈਂ ਕੋਠਾ ਦਿਆਂਗਾ ਤਾਂ ਸਤਿਗੁਰਾਂ ਆਖਿਆ, 'ਆਹ ਮੋਟਰ ਕਾਰ ਆਈ ਹੈ ਨਾਭਿਓਂ, ਅੱਜ ਹੀ ਤੁਸੀਂ ਜਾ ਕੇ ਲੈ ਆਵੋ ਪਰ ਇਕ ਗੱਲ ਵੇ, ਬਈ ਮਾਈ ਜੀ (ਮਾਤਾ ਜੀਵਨ ਕੌਰ ਜੀ) ਨੇ ਆਉਣ ਨਹੀਂ ਦੇਣੇ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਥੇਦਾਰ ਗੁਰਮੁਖ ਸਿੰਘ ਝੱਬਰ ਨੂੰ ਪੁੱਛਿਆ, 'ਇਨ੍ਹਾਂ ਨੂੰ ਲਿਆਵੋਗੇ ਕਿਸ ਤਰ੍ਹਾਂ?'

ਝੱਬਰ ਜੀ ਨੇ ਅਰਜ਼ ਕੀਤੀ, "ਜੀ ਲੈ ਤੇ ਅਸੀਂ ਆਵਾਂਗੇ, ਕੋਈ ਢੰਗ ਬਣਾਵਾਂਗੇ। ਮਾਤਾ ਜੀ ਕੋਲ ਕੋਈ ਝੂਠ ਸੱਚ ਬੋਲਾਂਗੇ।"

ਸਤਿਗੁਰੂ ਜੀ ਹੁਕਮ ਕੀਤਾ, "ਚੰਗਾ ਤੂੰ 'ਕੱਲਾ ਹੀ ਜਾ"

ਜਥੇਦਾਰ ਗੁਰਮੁਖ ਸਿੰਘ ਝੱਬਰ ਦੱਸਦੇ ਹਨ,

"ਮੈਂ ਚਲਿਆ ਗਿਆ, ਮੈਂ ਮਿਲਿਆ ਮਾਤਾ ਜੀ ਨੂੰ. ਮੱਥਾ ਟੇਕਿਆ, ਮੈਨੂੰ ਆਂਹਦੇ ਨੇ 'ਬੋਲ ਕਿਵੇਂ ਆਇਐਂ?' ਮੈਂ ਕਿਹਾ, 'ਅਰਜ਼ ਕਰਦਾ ਹਾਂ ਬਈ ਨਾਭਿਓਂ ਆਏ ਨੇ ਸਰਦਾਰ, ਨਾਲ ਆਏ ਨੇ ਮਹਾਤਮਾ ਜੀ (ਸੂਬਾ ਮਾਈ ਹੁਕਮੀ ਜੀ ਵਰਿਆਂਹ ਵਾਲੇ), ਉਹ ਆਂਹਦੇ ਨੇ ਬਈ 'ਬੇਬੇ ਜੀ (ਮਾਤਾ ਭੁਪਿੰਦਰ ਕੌਰ ਜੀ) ਦਾ ਦਰਸ਼ਨ ਕਰਨਾ ਹੈ. ਇਨ੍ਹਾਂ ਨੂੰ ਘਲਾਣ।' ਮੈਨੂੰ ਮਾਤਾ ਜੀਵਨ ਕੌਰ ਜੀ ਨੇ ਪੁੱਛਿਆ, 'ਆਥਣ (ਸ਼ਾਮ) ਨੂੰ ਆ ਜਾਵੋਗੇ?' ਮੈਂ ਕਿਹਾ, 'ਤੁਸੀਂ ਇਕ ਰਾਤ ਦੀ ਇਜਾਜ਼ਤ ਦੇ ਦਿਓ, ਸਵੇਰੇ ਆ ਜਾਵਾਂਗੇ, ਕੱਲ੍ਹ ਨੂੰ ਲੌਢੇ ਵੇਲੇ।' ਅਖੇ, 'ਪੱਕੀ ਗੱਲ ਹੋਈ ਹੈ'

ਮੈਂ ਕਿਹਾ, 'ਪੱਕੀ ਗੱਲ।' ਮੈਂ ਮਾਤਾ ਭੁਪਿੰਦਰ ਕੌਰ ਨੂੰ ਅਰਜ਼ ਕੀਤੀ ਬਈ, 'ਤੁਸੀਂ ਕਛਹਿਰੇ ਪਰਨੇ ਲੈ ਲਵੋ, ਵੱਡਾ ਬਿਸਤਰਾ ਕੋਈ ਨਾ ਚੁਕੋ, ਲੋਈ ਲੈ ਲਵੋ, ਬਿਸਤਰੇ ਆਪਾਂ ਉਥੇ ਲੈ ਲਵਾਂਗੇ ਤੇ ਰਹਿਣਾ ਤੁਸੀਂ ਉਥੇ ਹੈ, ਆਉਣ ਅਸਾਂ ਦੇਣਾ ਨਹੀਂ, ਜਿੰਨਾ ਚਿਰ ਮੇਲੇ ਦਾ ਭੋਗ ਨਹੀਂ ਪੈ ਜਾਂਦਾ, ਉਥੇ ਪਾਠ ਚਲਦੇ ਨੇ।' ਸੱਚੇ ਪਾਤਸ਼ਾਹ ਗ਼ਰੀਬ ਨਿਵਾਜ ਜੀ ਦੀ ਕਿਰਪਾ ਨਾਲ ਮਾਤਾ ਭੁਪਿੰਦਰ ਕੌਰ ਜੀ ਮੰਨ ਗਏ, ਉਨ੍ਹਾਂ ਨੂੰ ਬਹਾ ਕੇ ਅਸੀਂ ਏਥੇ ਲੈ ਆਏ, ਲਿਆ ਕੇ ਕੋਠਾ ਆਪਣਾ ਦੇ ਦਿੱਤਾ, ਉਥੇ ਰਹਿਣ ਲੱਗ ਗਏ।"

ਅਸਲ ਵਿਚ ਮਾਤਾ ਜੀਵਨ ਕੌਰ ਜੀ ਚਾਹੁੰਦੇ ਸਨ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਹੀ ਰਹਿਣ। ਮਾਤਾ ਜੀ, ਬੇਅੰਤ ਜੀ ਨੂੰ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜਿੰਨਾ ਹੀ ਪਿਆਰ ਕਰਦੇ ਸਨ ਅਤੇ ਚਾਹੁੰਦੇ ਸਨ ਕਿ ਬੇਅੰਤ ਜੀ ਅਤੇ ਸੱਚੇ ਪਾਤਸ਼ਾਹ ਜੀ, ਉਨ੍ਹਾਂ ਦੇ ਕੋਲ ਸ੍ਰੀ ਭੈਣੀ ਸਾਹਿਬ ਹੀ ਰਹਿਣ। ਮਾਤਾ ਜੀਵਨ ਕੌਰ ਜੀ ਸੋਚਦੇ ਸਨ ਕਿ ਬੇਅੰਤ ਜੀ ਨੂੰ ਸ੍ਰੀ ਸਤਿਗੁਰੂ ਜੀ ਬਹੁਤ ਪਿਆਰ ਕਰਦੇ ਹਨ ਤੇ ਜੇ ਬੇਅੰਤ ਜੀ ਬੀੜ ਵਿਚ ਚਲੇ ਗਏ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਡੇਰਾ ਬੀੜ ਵਿਚ ਹੀ ਲਗਾ ਲੈਣਾ ਹੈ। ਇਸੇ ਕਾਰਣ ਮਾਤਾ ਜੀ ਨੇ ਜਥੇਦਾਰ ਗੁਰਮੁਖ ਸਿੰਘ ਝੱਬਰ ਨੂੰ ਆਖਿਆ ਕਿ ਜੇ ਉਨ੍ਹਾਂ ਮਾਤਾ ਭੁਪਿੰਦਰ ਕੌਰ ਜੀ ਤੇ ਬੇਅੰਤ ਜੀ ਨੂੰ ਬੀੜ ਵਿਚ ਲਿਜਾਣਾ ਹੈ ਤਾਂ ਕੱਲ੍ਹ ਸ਼ਾਮ ਨੂੰ ਵਾਪਸ ਸ੍ਰੀ ਭੈਣੀ ਸਾਹਿਬ ਲੈ ਆਉਣ। ਪਰ ਸਤਿਗੁਰੂ ਮੌਜ ਦੇ ਮਾਲਕ ਸਨ, ਜਿਥੇ ਡੇਰਾ ਲਾ ਦਿਤਾ ਉਸੇ ਹੀ ਲਾ ਦਿਤਾ ਅਤੇ ਜਥੇਦਾਰ ਗੁਰਮੁਖ ਸਿੰਘ ਝੱਬਰ, ਝੂਠ ਸੱਚ ਬੋਲ ਕੇ ਮਾਤਾ ਭੁਪਿੰਦਰ ਕੌਰ ਜੀ ਤੇ ਬੇਅੰਤ ਜੀ ਨੂੰ ਬੀੜ ਵਿਚ ਲੈ ਆਏ।

ਬੀੜ ਵਿਚ ਆ, ਮਾਤਾ ਭੁਪਿੰਦਰ ਕੌਰ ਜੀ ਵੱਖਰੀ ਛੱਪਰੀ ਵਿਚ ਨਿਤਨੇਮ ਕਰਦੇ, ਸਾਧ ਸੰਗਤ ਦੇ ਭਾਂਡੇ ਮਾਂਜਦੇ ਅਤੇ ਸੇਵਾ ਕਰਦੇ। ਪੌਣੇ ਕੁ ਮੀਲ 'ਤੇ ਟਾਹਲੀਆਂ ਵਾਲਾ ਖੂਹ ਸੀ, ਸਾਹਿਬਜ਼ਾਦਾ ਬੇਅੰਤ ਜੀ ਕਦੇ ਉਧਰ ਚਲੇ ਜਾਂਦੇ, ਕਦੇ ਇਧਰ ਆ ਜਾਂਦੇ, ਸੰਗਤ ਦੇ ਵਿਚ ਰਹਿੰਦੇ, ਸਿੱਖਾਂ-ਸਾਧਾਂ ਵਿਚ ਭੱਜੇ ਫਿਰਦੇ। ਸਾਧ ਸੰਗਤ ਬੇਅੰਤ ਜੀ ਨੂੰ ਬਹੁਤ ਪਿਆਰ ਕਰਦੀ ਅਤੇ ਬਲਿਹਾਰੇ ਜਾਂਦੀ।

ਸੰਤ ਮੋਹਨ ਸਿੰਘ ਵਡਾਲੇ ਜੌਹਲ (ਜ਼ਿਲ੍ਹਾ ਅੰਮ੍ਰਿਤਸਰ) ਦੇ ਕਈ ਵਾਰ ਮੌਜ ਵਿਚ ਆ ਕੇ ਘੁੰਗਰੂ ਬੰਨ੍ਹ ਕੇ ਨਿਰਤ ਕਰਦੇ (ਆਪ ਅਕਸਰ ਉਥੇ ਦੀਵਾਨ ਲਗਾਇਆ ਕਰਦੇ ਜਿਥੇ ਕੋਈ ਨਾਮਧਾਰੀ ਨਹੀਂ ਸੀ ਹੁੰਦਾ)। ਛੋਟੇ ਜਿਹੇ ਬੇਅੰਤ ਜੀ ਨੂੰ ਵੀ ਸੰਤ ਮੋਹਨ ਸਿੰਘ ਘੁੰਗਰੂ ਬਨ੍ਹਾ ਕੇ ਕਦੇ ਕਦੇ ਨਿਰਤਕਾਰੀ ਕਰਾਉਂਦੇ।

ਜਥੇਦਾਰ ਗੁਰਮੁਖ ਸਿੰਘ ਝੱਬਰ ਅਨੁਸਾਰ,

"ਫਿਰ ਸੱਚੇ ਪਾਤਸ਼ਾਹ, ਆਪ ਤਾਂ ਦੌਰੇ 'ਤੇ ਚਲੇ ਗਏ ਤੇ ਬੇਬੇ ਜੀ (ਮਾਤਾ ਭੁਪਿੰਦਰ ਕੌਰ

ਜੀ) ਨੂੰ ਇੰਤਜ਼ਾਮ ਸੰਭਾਲ ਗਏ ਪਾਠਾਂ ਦਾ. ਬਈ ਤੁਸੀਂ ਹੁਣ ਇੰਤਜ਼ਾਮ ਪਾਠਾਂ ਦਾ ਕਰਨਾ ਹੈ. ਫਿਰ ਉਹ ਠੰਡੀ ਮੂਰਤੀ (ਮਾਤਾ ਭੁਪਿੰਦਰ ਕੌਰ ਜੀ) ਹੁਕਮ ਮੰਨ ਕੇ ਸੇਵਾ ਕਰਦੇ ਰਹੇ।"

## ਬੇਅੰਤ ਜੀ ਸ੍ਰੀ ਭੈਣੀ ਸਾਹਿਬ ਵਿਖੇ

ਬੀੜ ਵਿਚ ਪਾਠਾਂ ਦੇ ਭੋਗ ਪੈਣ ਤੋਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ. ਮਾਤਾ ਭੁਪਿੰਦਰ ਕੌਰ ਜੀ ਬਾਲ ਬੇਅੰਤ ਜੀ ਨੂੰ ਲੈ ਕੇ ਸ੍ਰੀ ਭੈਣੀ ਸਾਹਿਬ ਆ ਗਏ। ਸ੍ਰੀ ਭੈਣੀ ਸਾਹਿਬ ਵਿਖੇ ਬੇਅੰਤ ਜੀ ਦੀ ਪਹਿਲੀ ਕਾਰ. ਇਕ ਲੱਕੜ ਦਾ ਬਕਸਾ ਸੀ. ਜਿਸ ਦੇ ਹੇਠਾਂ ਪਹੀਏ ਲੱਗੇ ਹੋਏ ਸਨ. ਇਸ ਕਾਰ ਵਿਚ ਆਸਣ ਵਿਛਾ ਕੇ. ਆਸਣ ਉੱਪਰ ਬੇਅੰਤ ਜੀ ਨੂੰ ਬਿਠਾ ਕੇ ਸੇਵਕ ਰੱਸੇ ਨਾਲ ਕਾਰ ਬੰਨ੍ਹ ਕੇ ਖਿੱਚਦੇ ਸਨ।

ਸਾਹਿਬਜ਼ਾਦਾ ਬੇਅੰਤ ਜੀ ਤੋਂ ਕ੍ਰੀਬ ਤਿੰਨ ਸਾਲ ਛੋਟੇ ਉਨ੍ਹਾਂ ਦੇ ਭਰਾ ਬੱਲੋ ਜੀ. (ਬਾਬਾ ਬੀਰ ਸਿੰਘ) ਦਾ ਜਨਮ ਸ੍ਰੀ ਭੈਣੀ ਸਾਹਿਬ ਵਿਖੇ ਅਕਤੂਬਰ ਸੰਨ 1923 (੨ ਕੱਤਕ ਸੰਮਤ ੧੯੮੦) ਨੂੰ ਹੋਇਆ। ਪਹਿਲੀ ਮੱਘਰ ਨੂੰ ਮਾਤਾ ਭੁਪਿੰਦਰ ਕੌਰ ਜੀ ਅਤੇ ਬੱਲ੍ਹੋ ਜੀ ਨੂੰ ਰਾਮ-ਸਰੋਵਰ ਦੇ ਜਲ ਨਾਲ ਇਸ਼ਨਾਨ ਕਰਵਾ ਕੇ ਅੰਮ੍ਰਿਤ ਛਕਾਇਆ ਗਿਆ। ਇਕ ਸਾਧਾਰਨ ਪਾਠ ਦਾ ਭੋਗ ਵੀ ਪਾਇਆ ਗਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਥੇਦਾਰ ਗੁਰਮੁਖ ਸਿੰਘ ਝੱਬਰ ਨੂੰ ਸਾਰਿਆਂ ਕੰਮਾਂ ਤੋਂ ਹਟਾ ਕੇ. ਜੂਨ ਜੁਲਾਈ ਸੰਨ 1923 (ਹਾੜ ਸੰਮਤ ੧੯੮੦) ਨੂੰ ਬੇਅੰਤ ਜੀ ਦੀ ਸੇਵਾ ਵਿਚ ਲਗਾ ਦਿਤਾ ਸੀ ਅਤੇ ਅਕਤੂਬਰ (ਕੱਤਕ) ਵਿਚ ਸੱਚੇ ਪਾਤਸ਼ਾਹ ਜੀ ਨੇ ਝੱਬਰ ਜੀ ਦੀ ਪੱਕੀ ਜ਼ਿੰਮੇਵਾਰੀ ਲਗਾ ਦਿਤੀ ਕਿ 'ਤੂੰ ਸ੍ਰੀ ਭੈਣੀ ਸਾਹਿਬ ਬੇਅੰਤ ਜੀ ਦੀ ਸੇਵਾ ਵਿਚ ਰਹਿਣਾ ਹੈ।' ਉਦੋਂ ਤੋਂ ਝੱਬਰ ਜੀ ਨੇ ਜਿੰਨਾ ਚਿਰ ਸੇਵਾ ਕੀਤੀ. ਸਾਹਿਬਜ਼ਾਦਾ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਹੀ ਰਹੇ।

## ਮਾਤਾ ਭੁਪਿੰਦਰ ਕੌਰ ਜੀ ਬੀਮਾਰ ਹੋਏ

ਬੱਲ੍ਹੋ ਜੀ ਦੇ ਜਨਮ ਤੋਂ ਬਾਅਦ ਮਾਤਾ ਭੁਪਿੰਦਰ ਕੌਰ ਜੀ ਨੂੰ ਸੂਤਕੀ ਬੁਖਾਰ ਨੇ ਘੇਰ ਲਿਆ। ਮਾਰਚ ਸੰਨ 1924 (ਫੱਗਣ ਸੰਮਤ ੧੯੮੦) ਨੂੰ ਬਿਜਲੀਵਾਲ ਦੇ ਹੋਲੇ 'ਤੇ ਮਾਤਾ ਭੁਪਿੰਦਰ ਕੌਰ ਜੀ ਗਏ। ਉਸ ਵੇਲੇ ਆਪ ਥੋੜ੍ਹੇ ਬੀਮਾਰ ਸਨ. ਖੰਘ ਹੁੰਦੀ ਸੀ. ਅੰਮ੍ਰਿਤਸਰੋਂ ਵੈਦ ਨਿਰਬਾਣ ਸੰਤੋਖ ਦਾਸ ਜੀ ਦੀ ਦਵਾਈ ਚਲਦੀ ਸੀ।

"ਮਾਤਾ ਭੁਪਿੰਦਰ ਕੌਰ ਜੀ ਸਮੇਤ ਦਰਾਣੀ ਸਤਵੰਤ ਕੌਰ ਤੇ ਕਰਤਾਰ ਕੌਰ ਜੀ ਦੇ ਇਸ ਹੋਲੇ 'ਤੇ ਗਏ ਸੀ। ਜਿਵੇਂ ਹੁਣ ਮਾਤਾ ਚੰਦ ਕੌਰ ਜੀ ਉਹਨਾਂ ਦੀ ਨੂੰਹ. ਸੋਹਣੀ ਬੁਕਲ ਮਾਰ ਚੌਕੜਾ

ਲਾ ਬੈਠਦੇ ਹਨ. ਇਸ ਤਰ੍ਹਾਂ ਇਕ ਰਸ ਚੋਖਾ ਚਿਰ ਬੈਠੇ ਰਹਿੰਦੇ ਸੀ। ਭਾਵੇਂ ਥੋੜ੍ਹੀ ਖੰਘ ਹੁੰਦੀ ਸੀ ਤੇ ਬਾਗ ਵਿਚ ਡੇਰਾ ਕੀਤਾ ਹੋਇਆ ਸੀ ਭੈਣੀ ਸਾਹਿਬ ਪਰ ਦਿਸਦੇ ਅਜੇ ਰਾਜ਼ੀ ਸੀ।"

—ਜੱਸ ਜੀਵਨ ਭਾਗ ਪਹਿਲਾ ਪੰਨਾ ੬੨

ਜਥੇਦਾਰ ਗੁਰਮੁਖ ਸਿੰਘ ਝੱਬਰ ਮਾਤਾ ਭੁਪਿੰਦਰ ਕੌਰ ਜੀ ਦੀ ਸੇਵਾ ਵਿਚ ਵੀ ਰਹੇ। ਜਦੋਂ ਮਾਤਾ ਜੀ ਬੀਮਾਰ ਹੋਏ, ਆਪ ਮਾਤਾ ਜੀ ਦੇ ਬਸਤਰ ਧੋਂਦੇ ਸਨ। ਮਾਤਾ ਜੀ ਮਨ੍ਹਾ ਕਰਦੇ ਪਰ ਝੱਬਰ ਜੀ ਕਹਿੰਦੇ, "ਪੁੱਤਰ ਮਾਤਾ ਦੀ ਸੇਵਾ ਕਰਦਾ ਹੀ ਹੁੰਦਾ ਹੈ, ਮੈਨੂੰ ਮਨ੍ਹਾ ਨਾ ਕਰੋ।"

ਮਾਤਾ ਭੁਪਿੰਦਰ ਕੌਰ ਜੀ ਨੂੰ ਖੰਘ ਅਤੇ ਤਪਦਿਕ ਵਧਣ ਲੱਗੇ। ਗਰਮੀਆਂ ਵਿਚ ਵੈਦ ਨਿਰਬਾਣ ਸੰਤੋਖ ਦਾਸ ਜੀ ਨੂੰ, ਮਾਤਾ ਜੀ ਨੂੰ ਦਵਾਈ ਦੇਣ ਲਈ ਕੁਝ ਚਿਰ ਸ੍ਰੀ ਭੈਣੀ ਸਾਹਿਬ ਰੱਖਿਆ ਗਿਆ। ਫਿਰ ਵੈਦ ਜੀ ਦੇ ਸਲਾਹ ਦੇਣ 'ਤੇ ਮਾਤਾ ਜੀ ਨੂੰ ਪਹਾੜ ਵਿਚ ਠੰਡੇ ਥਾਈਂ ਮਈ-ਜੂਨ ਸੰਨ 1924 (ਵੈਸਾਖ ਜੇਠ ਸੰਮਤ ੧੯੮੧) ਨੂੰ ਸੋਲ੍ਹਨ ਤੇ ਸਲੋਹਗੜ੍ਹ ਆਦਿ ਲਿਜਾਇਆ ਗਿਆ।

ਜਥੇਦਾਰ ਗੁਰਮੁਖ ਸਿੰਘ ਝੱਬਰ ਅਨੁਸਾਰ:

"ਪਹਾੜ ਵਿੱਚ ਜਾ ਕੇ ਅਸੀਂ ਰਹੇ ਹਾਂ। ਸਾਉਣ ਵਿਚ ਮੈਨੂੰ ਸਤਿਗੁਰਾਂ ਉਥੋਂ ਲੈ ਆਂਦਾ ਹੈ, ਨਾਲ ਹੀ ਮਹਾਰਾਜ ਜਗਜੀਤ ਸਿੰਘ ਹੋਰੀਂ ਤੇ ਨਾਲ ਹੀ ਮੈਨੂੰ ਜਦੋਂ ਲੈ ਆਂਦਾ ਤੇ ਅਸੀਂ ਡੇਰੇ ਆ ਗਏ ਹਾਂ, ਨਹਿਰ 'ਤੇ ਰਹੇ ਹਾਂ।" ਅਗੋ ਦੱਸਦੇ ਹਨ:

"ਸਤਿਗੁਰਾਂ ਨੇ ਆਖਿਆ ਬਈ ਅਸੀਂ ਕੁਝ ਚਿਰ ਵਾਸਤੇ ਸਿਆਮ ਨੂੰ ਚਲੇ ਜਾਣਾ ਹੈ, ਮੈਨੂੰ ਤਾਂ ਮਾਲੂਵਾਲ ਘੱਲ ਦਿਤਾ, ਮਹਾਰਾਜ ਜਗਜੀਤ ਸਿੰਘ ਨੂੰ ਦੇ ਕੇ, ਮੈਨੂੰ ਪੱਕੀ ਕੀਤੀ ਬਈ ਇਹ ਕਾਕਾ ਕਿਸੇ ਨੂੰ ਦੇਣਾ ਨਹੀਂ, ਤੂੰ ਇਹਦੇ ਕੋਲ ਹੀ ਰਹਿਣਾ ਹੈ।"

## ਮਾਤਾ ਭੁਪਿੰਦਰ ਕੌਰ ਜੀ ਚੜ੍ਹਾਈ ਕੀਤੇ

ਮਾਤਾ ਭੁਪਿੰਦਰ ਕੌਰ ਜੀ ਦੀ ਸਿਹਤ ਠੀਕ ਨਾ ਹੋ ਸਕੀ, ਬੀਮਾਰੀ ਵਧਦੀ ਗਈ ਅਤੇ ਆਖਿਰ ਆਪ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਸਤੰਬਰ ਸੰਨ 1924 (੨੫ ਭਾਦਰੋਂ ਸੰਮਤ ੧੯੮੧) ਨੂੰ ਚੜ੍ਹਾਈ ਕਰ ਗਏ। ਉਸ ਵੇਲੇ ਸਾਹਿਬਜ਼ਾਦਾ ਬੇਅੰਤ ਜੀ ਅਜੇ ਪੂਰੇ ਚਾਰ ਵਰ੍ਹਿਆਂ ਦੇ ਵੀ ਨਹੀਂ ਸਨ ਹੋਏ ਜਦੋਂ ਪੂਜਯ ਮਾਤਾ ਭੁਪਿੰਦਰ ਕੌਰ ਜੀ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਆਖ ਗਏ। ਮਾਤਾ ਜੀ ਦੇ ਸਸਕਾਰ ਵਾਲੇ ਅਸਥਾਨ 'ਤੇ ਖੂਹੀ ਲਾ ਦਿਤੀ ਗਈ ਤੇ ਏਥੇ ਹੀ ਭਜਨ ਦੀ ਵਰਨੀ ਦਾ ਆਰੰਭ ਹੋ ਗਿਆ, ਜਿਹੜੀ ਨਿਰੰਤਰ ਚਲ ਰਹੀ ਹੈ।

'ਜੱਸ ਜੀਵਨ' ਦੇ ਭਾਗ ਦੂਜਾ ਪੰਨਾ ਨੰ: ੯੫ 'ਤੇ ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ ਕਿ ਮਾਤਾ ਭੁਪਿੰਦਰ ਕੌਰ ਜੀ ਦੇ ਚੜ੍ਹਾਈ ਕਰ ਜਾਣ ਤੋਂ ਤੀਜੇ ਦਿਨ ਬਾਅਦ ਉਨ੍ਹਾਂ ਦੀਆਂ ਅਸਥੀਆਂ

ਰੋਪੜ ਵਾਲੀ ਨਹਿਰ ਵਿਚ ਜਲ ਪ੍ਰਵਾਹ ਕਰਨ ਉਪ੍ਰੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ :

"ਭਾਵੇਂ ਸਤਿਗੁਰੂ ਰਾਮ ਸਿੰਘ ਤੋਂ ਲੈ ਕਥਾ ਕੀਰਤਨ ਤੇ ਰਹਿਤ ਮਾਈਆਂ ਨੂੰ ਮਿਲੀ ਹੋਈ ਸੀ. ਪਰ ਸਾਵੀਂ ਸਭ ਮਰਿਯਾਦਾ ਦੇ ਹੁੰਦਿਆਂ ਪਾਠ ਵਰਨੀ ਦਾ ਕਰਨਾ ਨਾ ਮਿਲਿਆ ਸੀ। ਇਹ ਭੁਪਿੰਦਰ ਕੌਰ ਨੇ ਹੀ ਨਾਮਧਾਰਨਾਂ ਨੂੰ ਦਿਤੀ ਹੈ। ਜੇ ਹੋ ਸਕੇ ਤਾਂ ਸਦਾ ਉਹਨਾਂ ਦੀ ਚੜ੍ਹਾਈ ਦੇ ਦਿਨ 'ਤੇ ਉਹਨਾਂ ਦਾ ਇਹ ਉਪਕਾਰ ਯਾਦ ਕਰ ਪਿਆਰ ਨਾਲ ਪਾਠ ਵਰਨੀ ਉਹਨਾਂ ਦੇ ਨਮਿਤ ਮਾਈਆਂ ਬੀਬੀਆਂ ਨੂੰ ਕਰਨੇ ਚਾਹੀਦੇ ਹਨ। ਇਹ ਅਹਿਸਾਨ ਜੇ ਕੋਈ ਯਾਦ ਰੱਖੇ।"

ਜਥੇਦਾਰ ਗੁਰਮੁਖ ਸਿੰਘ ਝੱਬਰ ਦੇ ਦੱਸਣ ਮੁਤਾਬਕ:

"ਜੇ ਪੂਰਾ ਹੁਕਮ ਵੇਖੀਏ ਤਾਂ ਬੇਬੇ ਜੀ (ਮਾਤਾ ਭੁਪਿੰਦਰ ਕੌਰ ਜੀ) ਨੇ ਮਾਤਾ ਜੀਵਨ ਕੌਰ ਜੀ ਦਾ ਪੂਰਾ ਹੁਕਮ ਮੰਨਿਆ ਹੈ. ਜਿਥੇ ਬਹਾ ਦਿਤਾ ਉਥੇ ਬੈਠੇ ਰਹੇ ਹਨ। ਇੱਕ ਵਾਰ ਦੀ ਗੱਲ ਹੈ ਕਿ ਸਾਰਿਆਂ ਦੀ ਇਹ ਮਰਜੀ ਸੀ ਬਈ ਮਾਤਾ ਜੀਵਨ ਕੌਰ ਜੀ ਹੁਣ ਬਿਰਧ ਹੋ ਗਏ ਹਨ ਤੇ ਹੁਣ ਬੇਬੇ ਜੀ (ਮਾਤਾ ਭੁਪਿੰਦਰ ਕੌਰ ਜੀ) ਘਿਓ ਵਰਤਾਇਆ ਕਰਨ। ਡੇਰੇ ਦੇ ਮੁਖਤਿਆਰ ਨੇ ਬੇਬੇ ਜੀ ਨੂੰ ਆਖਿਆ ਬਈ ਘਿਓ ਦਾ ਤਾਂਬੀਆ ਭਰ ਦਿਤੈ. ਵਰਤਾਓ ਸਿੱਖਾਂ ਸਾਧਾਂ ਨੂੰ. ਜਿਸ ਵੇਲੇ ਵਰਤਾਉਣ ਲੱਗੇ. ਮਾਤਾ ਜੀ ਆ ਗਏ। ਬੇਬੇ ਜੀ ਪੌੜੀਆਂ ਚੜ੍ਹ ਕੇ ਉੱਪਰ ਚੁਬਾਰੇ 'ਚ ਜਾ ਬੈਠੇ. ਆਖਣ ਲੱਗੇ. 'ਇਹਨਾਂ ਦਾ ਹੀ ਕੰਮ ਹੈ. ਇਹ ਹੀ ਕਰਨ।' ਹੁਕਮ ਪੂਰਾ ਮੰਨਿਆ ਹੈ. ਹੁਕਮ ਮੰਨਣ 'ਚ ਕੋਈ ਕਸਰ ਨਹੀਂ ਰੱਖੀ।"

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਨੂੰਹ. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਅਤੇ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਾਤਾ. ਮਾਤਾ ਭੁਪਿੰਦਰ ਕੌਰ ਜੀ ਦਾ ਸੁਭਾਗਾ ਨਾਂ. ਇਤਿਹਾਸ ਦੇ ਪੰਨਿਆਂ 'ਤੇ ਗੌਰਵਮਈ ਅੱਖਰਾਂ 'ਚ ਲਿਖਿਆ ਸਦਾ ਚਮਕਦਾ ਰਹੇਗਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਕਿਰਪਾ ਕੀਤੀ ਹੈ. ਸੰਨ 1992 ਤੋਂ ਮਾਤਾ ਭੁਪਿੰਦਰ ਕੌਰ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ. ਸ੍ਰੀ ਭੈਣੀ ਸਾਹਿਬ ਵਿਖੇ ਮੇਲਾ ਕਰਾਉਣਾ ਸ਼ੁਰੂ ਕੀਤਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੰਦਰ ਦੇ ਨੇੜੇ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਚੁਬਾਰੇ ਵੱਲ ਨੂੰ ਪੌੜੀਆਂ ਚੜ੍ਹਦਿਆਂ, ਸੱਜੇ ਹੱਥ ਇਕ ਚੁਬਾਰਾ ਹੈ. ਜਿਥੇ ਮਾਤਾ ਭੁਪਿੰਦਰ ਕੌਰ ਜੀ ਦਾ ਨਿਵਾਸ ਹੋਇਆ ਕਰਦਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਦੀ ਮੁਰੰਮਤ ਕਰਾ ਕੇ ਇਸ ਨੂੰ ਸੁਰੱਖਿਅਤ ਰਖਿਆ ਹੋਇਆ ਹੈ।

ਐਸ ਵੇਲੇ ਸਾਡੇ ਕੋਲ ਮਾਤਾ ਭੁਪਿੰਦਰ ਕੌਰ ਜੀ ਦੀ ਸਿਰਫ਼ ਇਕੋ ਤਸਵੀਰ ਵੇਖਣ ਨੂੰ ਮਿਲਦੀ ਹੈ. ਇਹ ਉਹ ਤਸਵੀਰ ਹੈ ਜਿਹੜੀ ਖ਼ੁਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਾਵਨ

ਹਸਤ-ਕਮਲਾਂ ਦੁਆਰਾ ਕੈਮਰੇ ਨਾਲ ਖਿੱਚੀ ਸੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰ ਸਾਨੂੰ 29 ਫਰਵਰੀ 1996 ਨੂੰ ਦੱਸਿਆ ਕਿ 'ਇਹ ਤਸਵੀਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਾਤਾ ਜੀ ਦੇ ਹੱਥ ਵਿਚ ਅਨਾਰ ਫੜਾ ਕੇ ਆਪ ਖਿਚੀ ਸੀ, ਤਸਵੀਰ ਵਿਚ ਉਹ ਅਨਾਰ ਆਇਆ ਨਹੀਂ।')

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਹਸਤ-ਕਮਲਾਂ ਦੁਆਰਾ ਦੋ ਯਾਦਗਾਰੀ ਤਸਵੀਰਾਂ ਕੈਮਰੇ ਨਾਲ ਖਿੱਚੀਆਂ, ਇਕ ਮਾਤਾ ਭੁਪਿੰਦਰ ਕੌਰ ਜੀ ਦੀ ਇਹ ਤਸਵੀਰ ਅਤੇ ਦੂਜੀ ਵੱਡੇ ਕਾਕੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਦੀ, ਜਦੋਂ ਉਹ ਆਪਣੀ ਯੁਵਾ-ਅਵਸਥਾ ਵਿਚ, ਅਖਾੜੇ ਵਿਚੋਂ ਘੁਲ ਕੇ ਹਟੇ ਸਨ।

ਜਦੋਂ ਮਾਤਾ ਭੁਪਿੰਦਰ ਕੌਰ ਜੀ ਦਾ ਸਰੀਰ ਪੂਰਾ ਹੋ ਗਿਆ, ਮਾਤਾ ਜੀਵਨ ਕੌਰ ਜੀ ਨੇ ਫਿਰ ਸਤਿਗੁਰਾਂ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਦੇ ਅਨੰਦ ਵਾਸਤੇ ਅਰਜ਼ ਕੀਤੀ ਤਾਂ ਸੱਚੇ ਪਾਤਸ਼ਾਹ ਜੀ ਨੇ ਇਨਕਾਰ ਕਰਦਿਆਂ ਫਰਮਾਇਆ, "ਉਹੋ ਜਿਹੀ ਕੋਈ ਹੋਰ ਹੈ ਤਾਂ ਲਿਆ ਕੇ ਦਿਓ।" ਅਰਥਾਤ ਉਹੋ ਜਿਹੇ ਕੇਵਲ ਉਹੀ ਸਨ।

**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿਗਰਾਨੀ ਤੇ ਧਿਆਨ ਹੇਠ:**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੇਅੰਤ ਜੀ ਨੂੰ ਸ਼ੁਰੂ ਤੋਂ ਹੀ ਆਪਣੀ ਨਿਗਰਾਨੀ ਤੇ ਧਿਆਨ ਹੇਠ ਰਖਿਆ। ਸੱਚੇ ਪਾਤਸ਼ਾਹ ਜੀ ਨੇ ਪੰਜਾਬੀ ਦੇ ਪਹਿਲੇ ਅੱਖਰ ੳ, ਅ, ੲ ਆਪ ਫੱਟੀ 'ਤੇ ਲਿਖ ਕੇ ਬੇਅੰਤ ਜੀ ਨੂੰ ਸਿਖਾਏ।

ਸ੍ਰੀ ਸਤਿਗੁਰੂ ਜੀ ਨੇ ਖ਼ੁਦ, ਚਾਰ ਸਾਲ ਦੀ ਉਮਰ ਦੇ ਬੇਅੰਤ ਜੀ ਨੂੰ ਸੰਗੀਤ ਸਿਖਾਉਣਾ ਸ਼ੁਰੂ ਕੀਤਾ। ਦਿਲਰੁਬਾ ਦੀਆਂ ਸੁਰਾਂ ਆਪ ਭਰਾਈਆਂ। ਸ੍ਰੀ ਭੈਣੀ ਸਾਹਿਬ ਵਿਖੇ, ਸਾਢੇ ਚਾਰ ਸਾਲ ਦੀ ਉਮਰ ਦੇ ਬੇਅੰਤ ਜੀ ਨੂੰ ਸ੍ਰੀ ਸਤਿਗੁਰੂ ਜੀ ਨੇ, ਉਸਤਾਦ ਹਰਨਾਮ ਸਿੰਘ ਪਿੰਡ ਚਵਿੰਡਾ ਜ਼ਿਲ੍ਹਾ ਅੰਮ੍ਰਿਤਸਰ ਕੋਲ ਸੰਗੀਤ ਸਿੱਖਣ ਲਾਇਆ। ਉਸਤਾਦ ਜੀ ਲਈ ਬਸਤਰ, ਮਾਇਆ ਤੇ ਪਦਾਰਥ ਭੇਟਾ ਧਰ, ਮੱਥਾ ਟਿਕਾ, ਮਿਸ਼ਰੀ ਇਲਾਇਚੀਆਂ ਤੇ ਕੁਝ ਨਗਦੀ ਭੇਟ ਧਰਕੇ, ਸਾ ਰੇ ਗਾ ਮਾ ਆਦਿ ਸੱਤ ਸੁਰਾਂ ਭਰਵਾਈਆਂ ਅਤੇ ਇੰਜ ਉਸਤਾਦੀ ਸ਼ਗਿਰਦੀ ਸ਼ੁਰੂ ਕਰਵਾਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਬੇਅੰਤ ਜੀ ਆਪਣੇ ਬਚਪਨ ਵਿਚ ਕੁਝ ਸਮਾਂ ਗੜ੍ਹਦੀਵਾਲ ਵਿਖੇ ਰਹੇ। ਸੱਚੇ ਪਾਤਸ਼ਾਹ ਜੀ ਨੇ ਸੇਵਕ ਜਥੇਦਾਰ ਗੁਰਮੁਖ ਸਿੰਘ ਝੱਬਰ ਨੂੰ, ਬੇਅੰਤ ਜੀ ਨਾਲ ਇਹ ਹੁਕਮ ਕਰ ਕੇ ਭੇਜਿਆ ਸੀ, 'ਇਹ ਕਾਕਾ ਕਿਸੇ ਨੂੰ ਦੇਣਾ ਨਹੀਂ, ਆਪ ਸੰਭਾਲ ਕੇ ਰੱਖਣਾ ਹੈ ਅਤੇ ਇਨ੍ਹਾਂ ਦੀ ਸੇਵਾ ਵਿਚ ਹੀ ਰਹਿਣਾ ਹੈ ਹੋਰ ਸਾਰੇ ਕੰਮ ਛੱਡ ਕੇ।'

ਜਥੇਦਾਰ ਗੁਰਮੁਖ ਸਿੰਘ ਝੱਬਰ ਅਨੁਸਾਰ:

"ਸਾਢੇ ਚਾਰ ਸਾਲ ਦੇ ਮਹਾਰਾਜ ਜਗਜੀਤ ਸਿੰਘ, ਸ਼ਗਿਰਦ ਭਾਈ ਹਰਨਾਮ ਸਿੰਘ ਦੇ ਪਾਏ ਨੇ, ਚਵਿੰਡੇ ਰਹੇ ਨੇ ਦੋ ਮਹੀਨੇ ਭਾਈ ਹਰਨਾਮ ਸਿੰਘ ਦੇ ਪਿੰਡ। ਉਥੋਂ ਸਾਨੂੰ ਸੱਚੇ ਪਾਤਸ਼ਾਹ ਜੀ ਨੇ ਹੁਕਮ ਦਿੱਤਾ ਹੈ ਕਿ ਤੁਸੀਂ ਗੜ੍ਹਦੀਵਾਲ ਰਹਿਣਾ ਹੈ, ਉਥੇ ਚਲੋ, ਉਥੋਂ ਫਿਰ ਅਸੀਂ ਗੜ੍ਹਦੀਵਾਲ ਗਏ ਹਾਂ ਤੇ ਉਥੇ ਦੋ ਸਾਲ ਰਹੇ ਹਾਂ।"

ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੇਅੰਤ ਜੀ ਨੂੰ ਹੁਕਮ ਕਰ ਗੜ੍ਹਦੀਵਾਲ ਤੋਂ ਵਾਪਸ ਲਿਆਂਦਾ ਉਦੋਂ ਤੋਂ ਬਾਅਦ ਸੱਚੇ ਪਾਤਸ਼ਾਹ ਜੀ ਨੇ ਬੇਅੰਤ ਜੀ ਨੂੰ ਸ੍ਰੀ ਭੈਣੀ ਸਾਹਿਬ ਕੋਠੀ ਵਿਚ ਹੀ ਆਪਣੀ ਦੇਖ ਰੇਖ ਵਿਚ ਰਖਦਿਆਂ ਪਰਵਰਿਸ਼ ਕੀਤੀ।

**ਬੇਅੰਤ ਜੀ ਗੜ੍ਹਦੀਵਾਲ ਵਿਖੇ:**

ਗੜ੍ਹਦੀਵਾਲ (ਜ਼ਿਲ੍ਹਾ ਹੁਸ਼ਿਆਰਪੁਰ), ਦਸੂਹੇ ਤੋਂ ਹੁਸ਼ਿਆਰਪੁਰ ਵਾਲੀ ਸੜਕ 'ਤੇ ਬਾਰਾਂ ਕਿਲੋਮੀਟਰ ਦੀ ਵਿੱਥ 'ਤੇ ਹੈ। ਗੜ੍ਹਦੀਵਾਲ ਵਿਖੇ, ਸੰਤ ਹਰਨਾਮ ਸਿੰਘ ਨਾਮਧਾਰੀ ਦਾ ਡੇਰਾ ਹੈ, ਜੋ ਬੜੇ ਭਜਨੀਕ ਸਾਧੂ ਸਨ। ਨਾਮ ਜਪਣ ਦਾ ਹੀ ਇਹ ਪ੍ਰਤਾਪ ਸੀ ਕਿ ਉਹ ਸੋਟੀ ਲੈ ਕੇ ਚਲਦੇ ਦਰਿਆ ਦੇ ਵਗਦੇ ਪਾਣੀ ਦੇ ਵਹਿਣ ਨੂੰ ਸੋਟੀ ਨਾਲ ਇਸ਼ਾਰਾ ਕਰ ਜਿਧਰਲੇ ਪਾਸ ਨੂੰ ਵਗਣ ਲਈ ਆਖਦੇ ਸਨ ਕਿ 'ਇਧਰ ਕੋ ਹੋ ਜਾਓ' ਪਾਣੀ ਉਧਰ ਵੱਲ ਹੀ ਵਗਣ ਲੱਗ ਪੈਂਦਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਆਪਣਾ ਡੇਰਾ ਬਹੁਤਾ ਸਮਾਂ ਇਥੇ ਹੀ ਰੱਖਦੇ ਰਹੇ।

ਸੰਤ ਕੇਹਰ ਸਿੰਘ (ਦਰਜੀ ਸਿੰਘ) ਸਪੁੱਤਰ ਸੰਤ ਹੁਕਮ ਸਿੰਘ, ਇਸ ਵੇਲੇ ਲਗਭਗ 85 ਸਾਲ ਦੀ ਉਮਰ ਦੇ ਹਨ ਅਤੇ ਹੁਣ ਸੰਤਨਗਰ (ਜ਼ਿਲ੍ਹਾ ਸਰਸਾ) ਵਿਖੇ ਰਹਿੰਦੇ ਹਨ। ਛੇ ਮਾਰਚ ਸੰਨ 1996 ਨੂੰ, ਪਿੰਡ ਅੰਮ੍ਰਿਤਸਰ (ਜ਼ਿਲ੍ਹਾ ਸਰਸਾ) ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਹੇਠ ਹੋਲੇ ਦਾ ਮੇਲਾ ਚਲ ਰਿਹਾ ਸੀ। ਉਸ ਮੇਲੇ ਸਮੇਂ ਮੈਂ ਖ਼ੁਦ, ਸੰਤ ਕੇਹਰ ਸਿੰਘ ਨੂੰ ਟਿੱਬੇ ਵਾਲੇ ਖੂਹ, ਜੋ ਕਿ ਸ੍ਰੀ ਜੀਵਨ ਨਗਰ ਬਸ-ਸਟੈਂਡ ਤੋਂ ਕ੍ਰੀਬ ਦੋ ਢਾਈ ਕਿਲੋਮੀਟਰ ਦੀ ਦੂਰ 'ਤੇ ਸ੍ਰੀ ਜੀਵਨ ਨਗਰ-ਡਬਵਾਲੀ ਰੋਡ 'ਤੇ ਹੈ, ਵਿਖੇ ਮਿਲ ਕੇ ਗੜ੍ਹਦੀਵਾਲ ਡੇਰੇ ਬਾਰੇ ਕੁਝ ਜਾਣਕਾਰੀ ਲਈ। ਸੰਤ ਕੇਹਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਿੰਡ ਮਿਰਜਾਪੁਰ, ਗੜ੍ਹਦੀਵਾਲ ਤੋਂ ਦੋ ਤਿੰਨ ਕਿਲੋਮੀਟਰ 'ਤੇ ਹੈ। ਸੰਤ ਹਰਨਾਮ ਸਿੰਘ ਨਾਮਧਾਰੀ, ਗੜ੍ਹਦੀਵਾਲ ਰਹਿੰਦੇ ਸਨ ਤੇ ਉਨ੍ਹਾਂ ਦੇ ਨਾਂ ਨਾਲ ਹੀ ਇਹ ਡੇਰਾ ਮਸ਼ਹੂਰ ਸੀ। ਸ਼ਾਂਤ ਤੇ ਇਕਾਂਤ ਥਾਂ ਹੋਣ ਕਰਕੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਥੇ ਭਜਨ-ਬਾਣੀ ਕਰਨ ਆਇਆ ਕਰਦੇ ਸਨ। ਜਦੋਂ ਸ੍ਰੀ ਸਤਿਗੁਰੂ ਜੀ ਗੜ੍ਹਦੀਵਾਲ ਆਉਂਦੇ ਤਦ ਆਲੇ-ਦੁਆਲੇ ਦੇ ਸਿੱਖ ਸਾਧ ਆਉਂਦੇ, ਦੀਵਾਨ ਲਗਦਾ ਤੇ ਲੰਗਰ ਚਲਦਾ। ਦੀਵਾਨ, ਖਾਲਸਾ ਹਾਈ ਸਕੂਲ ਗੜ੍ਹਦੀਵਾਲ ਵਿਖੇ ਲਗਦਾ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਚਾਰ-ਪੰਜ ਕੁ ਸਾਲ ਦੇ ਬੇਅੰਤ ਜੀ ਨੂੰ ਲੈ ਕੇ ਗੜ੍ਹਦੀਵਾਲ ਡੇਰੇ ਵਿਚ ਆਏ। ਜਥੇਦਾਰ ਗੁਰਮੁਖ ਸਿੰਘ ਝੱਬਰ, ਸ਼ੇਰ ਸਿੰਘ ਦੌਲੇਵਾਲੀਆ, ਰਾਗੀ ਉਸਤਾਦ ਹਰਨਾਮ ਸਿੰਘ, ਸੰਤ ਲਾਲ ਸਿੰਘ ਤੁਸ਼ਈ (ਤਾਊਸ ਵਜਾਉਣ ਕਰਕੇ ਇਨ੍ਹਾਂ ਦਾ ਨਾਂ ਤੁਸ਼ਈ ਪਿਆ ਤੇ ਮਧਰੇ ਕੱਦ ਦਾ ਹੋਣ ਕਰਕੇ ਇਨ੍ਹਾਂ ਨੂੰ 'ਨਿੱਕੂ' ਵੀ ਆਖਿਆ ਜਾਂਦਾ ਸੀ, ਇਹ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ), ਬੂੜ ਸਿੰਘ (ਜਟਾਲੇ ਦੇ), ਗੁਰਦਿੱਤ ਸਿੰਘ ਤੇ ਹੋਰ ਸਿੱਖਾਂ ਸਾਧਾਂ ਸਮੇਤ ਪੰਦਰਾਂ-ਸੋਲ੍ਹਾਂ ਕੁ ਸਰੀਰ ਗੜ੍ਹਦੀਵਾਲ ਡੇਰੇ ਵਿਚ ਰਹਿੰਦੇ ਸਨ। ਆਲ੍ਹਾ ਸਿੰਘ ਤੇ ਦੂਨਾ ਸਿੰਘ ਆਦਿ ਬਹੁਤ ਬੰਦਗੀ ਕਰਨ ਵਾਲੇ ਸਿੱਖ ਵੀ ਉਥੇ ਨਿਵਾਸ ਰੱਖਦੇ ਸਨ। ਜ਼ੈਲਦਾਰ ਸੁੰਦਰ ਸਿੰਘ ਤੇ ਚੌਧਰੀ ਸ਼ਿਵਦੇਵ ਸਿੰਘ ਆਦਿ ਪਿੰਡ ਵਿਚਲੇ ਮੰਨੇ-ਪ੍ਰਮੰਨੇ ਸਿੱਖ ਸਨ।

ਗੜ੍ਹਦੀਵਾਲ ਡੇਰੇ ਵਿਚ ਉਸਤਾਦ ਹਰਨਾਮ ਸਿੰਘ ਰਾਗੀ, ਬੇਅੰਤ ਜੀ ਅਤੇ ਉਨ੍ਹਾਂ ਦੇ ਹਾਣੀ ਦਸ-ਪੰਦਰਾਂ ਮੁੰਡਿਆਂ ਨੂੰ ਪੰਜਾਬੀ ਵੀ ਪੜ੍ਹਾਉਂਦੇ ਸਨ। ਪਿੰਡ ਮਿਰਜਾਪੁਰ ਦੇ ਛੇ-ਸੱਤ ਮੁੰਡੇ ਇਥੇ ਪੜ੍ਹਦੇ ਸਨ। ਸੰਤ ਕੇਹਰ ਸਿੰਘ ਦਾ ਵੱਡਾ ਭਰਾ ਅਮਰ ਸਿੰਘ, ਬੇਅੰਤ ਜੀ ਨਾਲ ਪੜ੍ਹਦਾ ਰਿਹੈ। ਸੰਤ ਕੇਹਰ ਸਿੰਘ ਵੀ ਉਨ੍ਹੀਂ ਦਿਨੀਂ ਗੜ੍ਹਦੀਵਾਲ ਡੇਰੇ ਵਿਚ ਰਹਿੰਦੇ ਰਹੇ। ਬੇਅੰਤ ਜੀ ਨੂੰ ਪੜ੍ਹਾਉਣ ਤੇ ਸੰਗੀਤ ਸਿਖਾਉਣ ਲਈ ਉਸਤਾਦ ਹਰਨਾਮ ਸਿੰਘ ਨੇ ਵੱਖਰਾ ਸਮਾਂ ਵੀ ਰਖਿਆ ਹੋਇਆ ਸੀ।

ਡੇਰੇ ਵਿਚ ਇਕ ਲੰਗਰ ਵਾਲੀ ਜਗ੍ਹਾ ਸੀ, ਲੰਗਰ ਨਾਲ ਛੱਪਰ ਹੁੰਦੇ ਸਨ, ਬਾਹਰਵਾਰ ਜਿਥੇ ਕੁ ਹਲਟ ਲਗਿਆ ਹੈ, ਇਥੇ ਨਾਲ ਬੋਹੜ ਹੁੰਦਾ ਸੀ, ਇਥੇ ਬੇਅੰਤ ਜੀ ਪੜ੍ਹਦੇ ਹੁੰਦੇ ਸਨ। ਇਕ ਪੱਕਾ ਕਮਰਾ ਉਤੇ ਸੀ। ਡੇਰੇ ਵਿਚ ਰੁੱਖ ਬੜੇ ਹੁੰਦੇ ਸਨ। ਪੰਜਾਹ-ਸੱਠ ਤਾਂ ਟਾਲ੍ਹੀਆਂ ਲੱਗੀਆਂ ਹੋਈਆਂ ਸਨ। ਤੂਤ ਦੇ ਦਰਖਤ ਵੀ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ. ਤੇਜਾ ਸਿੰਘ ਚੰਦੋਵਾਲੀਆ ਅਤੇ ਹੋਰ ਸਿੱਖਾਂ-ਸੇਵਕਾਂ ਸਮੇਤ ਇਥੇ ਡੇਰੇ ਵਿਚ ਆਉਂਦੇ ਸਨ, ਮੇਲਾ ਲਗਿਆ ਰਹਿੰਦਾ ਸੀ। ਸ੍ਰੀ ਸਤਿਗੁਰੂ ਜੀ ਫੁੱਟਬਾਲ ਖੇਡਦੇ ਸਨ, ਰੱਸਾ ਕੱਸੀ ਦੀ ਖੇਡ ਵੀ ਹੁੰਦੀ ਸੀ। ਖਰਾਸ ਦੇ ਨੇੜੇ ਖੇਡਾਂ ਖੇਡੀਆਂ ਜਾਂਦੀਆਂ ਸਨ। ਬੇਅੰਤ ਜੀ ਆਪਣੇ ਹਾਣੀਆਂ ਨਾਲ ਲੁਕਣਮੀਟੀ, ਬੋਹੜਾਂ 'ਤੇ ਚੜ੍ਹਨਾ ਤੇ ਹੋਰ ਖੇਡਾਂ ਖੇਡਿਆ ਕਰਦੇ ਸਨ।

ਪਿੰਡ ਮਿਰਜਾਪੁਰ ਦੀ, ਇਕ ਤਿੰਨ ਕੁ ਸਾਲ ਦੀ ਨਾਈਆਂ ਦੀ ਕੁੜੀ ਸੀ। ਉਸ ਦੇ ਸਿਰ ਵਿਚ ਕੀੜੇ ਚਲਦੇ ਸਨ, ਕਿਸੇ ਨੇ ਕਿਹਾ, 'ਗੜ੍ਹਦੀਵਾਲ ਲੈ ਜਾਵੋ।' ਬੇਅੰਤ ਜੀ ਨੇ ਬਚਨ ਕੀਤਾ, 'ਨਿੰਮ ਦਾ ਤੇਲ ਲਾ ਦਿਓ, ਠੀਕ ਹੋ ਜਾਵੇਗੀ', ਪੰਜ ਚਾਰ ਦਿਨਾਂ 'ਚ ਹੀ ਉਹ ਕੁੜੀ ਬਿਲਕੁਲ ਠੀਕ ਹੋ ਗਈ। ਬੇਅੰਤ ਜੀ, ਜੋ ਵੀ ਬਚਨ ਆਪਣੇ ਮੁਖਾਰਬਿੰਦ ਵਿਚੋਂ ਕੱਢਦੇ, ਉਹ ਪੂਰੇ ਹੋ ਜਾਂਦੇ।

ਉਪਰੋਕਤ ਸਾਰਾ ਵੇਰਵਾ ਮੈਂ ਸੰਤ ਕੇਹਰ ਸਿੰਘ ਹਾਲ ਸੰਤ ਨਗਰ ਜ਼ਿਲ੍ਹਾ ਸਰਸਾ ਤੋਂ ਲਿਆ।

ਬੇਅੰਤ ਜੀ ਦੀ ਸੇਵਾ ਸੰਭਾਲ ਤੇ ਪਰਵਰਿਸ਼ ਕਰਦਿਆਂ ਕਈ ਵਾਰ ਜਥੇਦਾਰ ਗੁਰਮੁਖ ਸਿੰਘ ਝੱਬਰ ਤੋਂ ਸਖਤੀ ਵੀ ਹੋ ਜਾਇਆ ਕਰਦੀ ਸੀ ਅਤੇ ਜਦੋਂ ਕਦੇ ਇੰਜ ਹੁੰਦਾ, ਝੱਬਰ ਜੀ, ਬੇਅੰਤ ਜੀ 'ਤੇ ਕੀਤੀ ਸਖਤੀ ਦੀ ਭੁੱਲ ਨੂੰ ਦਿਲੋਂ ਮਹਿਸੂਸਦਿਆਂ ਬਾਅਦ ਵਿਚ ਬੇਅੰਤ ਜੀ ਨੂੰ ਬੜੇ ਪਿਆਰ ਨਾਲ ਸਮਝਾ ਦਿਆ ਕਰਦੇ ਸਨ, "ਉਹ ਗੁਰਮੁਖ ਕੋਈ ਹੋਰ ਸੀ, ਜਿਸ ਆਪ ਜੀ ਨੂੰ ਝਿੜਕਿਆ ਸੀ।"

ਬੇਅੰਤ ਜੀ ਨੂੰ ਬੜਾ ਸੰਭਾਲ ਸੰਭਾਲ ਕੇ ਰਖਿਆ ਜਾਂਦਾ ਸੀ, ਇਕੱਲਿਆਂ ਕਿਧਰੇ ਜਾਣ ਨਹੀਂ ਸੀ ਦਿਤਾ ਜਾਂਦਾ, ਉਨ੍ਹੀਂ ਦਿਨੀਂ ਗੜ੍ਹਦੀਵਾਲ ਵਿਚ ਜੰਗਲੀ ਜਾਨਵਰਾਂ ਦਾ ਵੀ ਖ਼ਤਰਾ ਹੁੰਦਾ ਸੀ।

ਗੜ੍ਹਦੀਵਾਲ ਵਿਖੇ ਰਹਿੰਦਿਆਂ ਬਾਲ ਬੇਅੰਤ ਜੀ ਦੀ ਸਾਂਭ-ਸੰਭਾਲ ਕਰਦਿਆਂ ਇਕ ਅਹਿਮ ਦਿੱਕਤ ਝੱਬਰ ਜੀ ਨੂੰ ਪੇਸ਼ ਆਈ। ਇਥੇ ਡੇਰੇ ਵਿਚ ਇਕ ਮੱਝ ਅਤੇ ਇਕ ਗਾਂ ਰੱਖੀ ਹੋਈ ਸੀ। ਇਕ ਦਿਨ ਗਾਂ ਉਥੇ ਰਹਿੰਦੇ ਇਕ ਬਸੰਤ ਸਿੰਘ ਅਕਾਲੀ ਨਾਮਕ ਬੰਦੇ ਦੇ ਵਾੜੇ ਵਿਚ ਜਾ ਵੜੀ। ਝੱਬਰ ਜੀ ਉਸ ਵੇਲੇ ਕੁਝ ਸੌਦਾ-ਪੱਤਾ ਲੈਣ ਸ਼ਹਿਰ ਗਏ ਹੋਏ ਸਨ। ਬਸੰਤ ਸਿੰਘ ਨੇ ਗਾਂ ਦਾ ਰੱਸਾ ਲਾਹ ਲਿਆ, ਨਾਲੇ ਬੇਅੰਤ ਜੀ ਅਤੇ ਉਨ੍ਹਾਂ ਦੇ ਨਾਲ ਗਏ ਮਧਰੇ ਜਿਹੇ ਕੱਦ ਦੇ ਲਾਲ ਸਿੰਘ ਤੁਸ਼ਈ ਨੂੰ ਗਾਂ ਲੈਣ ਗਿਆਂ ਨੂੰ, ਉਸ ਨੇ ਥੋੜ੍ਹਾ ਜਿਹਾ ਦਬਾਇਆ ਬਈ ਤੁਸੀਂ ਗਾਂ ਛੱਡ ਛੱਡਦੇ ਹੋ, ਮੈਂ ਆਹ ਕਰਾਂਗਾ, ਔਹ ਕਰਾਂਗਾ। ਬਸੰਤ ਸਿੰਘ ਬਦਮਾਸ਼ ਕਿਸਮ ਦਾ ਬੰਦਾ ਸੀ, ਜਿਹਨੂੰ ਮਰਜ਼ੀ ਜੀਅ ਕਰਦਾ ਕੁੱਟ ਛੱਡਦਾ ਸੀ, ਸਾਰੇ ਉਸ ਕੋਲੋਂ ਡਰਦੇ ਸਨ। ਬੇਅੰਤ ਜੀ ਤੇ ਲਾਲ ਸਿੰਘ ਤੁਸ਼ਈ ਉਥੋਂ ਆ ਗਏ ਤੇ ਉਨ੍ਹੇ ਚਿਰ ਨੂੰ ਝੱਬਰ ਜੀ ਵੀ ਸ਼ਹਿਰੋਂ ਮੁੜ ਆਏ ਤੇ ਪੁੱਛਿਆ ਕਿ ਕੀ ਗੱਲ ਹੈ? ਸਾਰੀ ਗੱਲ ਪਤਾ ਲੱਗਣ 'ਤੇ ਝੱਬਰ ਜੀ ਨੇ ਆਖਿਆ ਕਿ ਕੋਈ ਗੱਲ ਨਹੀਂ, ਮੈਂ ਗਊ ਦਾ ਰੱਸਾ ਲੈ ਆਉਂਦਾ ਹਾਂ। ਝੱਬਰ ਜੀ ਅਨੁਸਾਰ:

"ਜਦੋਂ ਮੈਂ ਗਿਆ, ਉਹ ਕੁਦਰਤੀ ਉਥੇ ਹੈ ਨਹੀਂ ਸੀ। ਮੈਂ ਅੰਦਰ ਵੜ੍ਹ ਕੇ ਹੱਥ ਪੱਲਾ ਮਾਰਿਆ ਤੇ ਮੈਨੂੰ ਉਥੋਂ ਰੱਸਾ ਨਾ ਲੱਭਾ, ਮੈਂ ਹਲ ਪੰਜਾਲੀ ਚੁੱਕ ਲਿਆਇਆ, ਬਈ ਰੱਸਾ ਦੇ ਦੇਵੇਗਾ ਤੇ ਇਹ ਲੈ ਜਾਵੇਗਾ।"

ਉਸਤਾਦ ਹਰਨਾਮ ਸਿੰਘ (ਬੇਅੰਤ ਜੀ ਦੇ ਸੰਗੀਤ ਦੇ ਉਸਤਾਦ) ਲੜ੍ਹਨ ਨੂੰ ਬਹੁਤ ਤਕੜੇ ਸਨ, ਲੜਾਕੇ ਮੰਨੇ ਹੋਏ ਸਨ ਪਰ ਬਸੰਤ ਸਿੰਘ ਦੇ ਸਾਹਮਣੇ ਉਸਤਾਦ ਹਰਨਾਮ ਸਿੰਘ ਵੀ ਚੁੱਪ ਕਰ ਰਹੇ। ਝੱਬਰ ਜੀ ਨੇ ਜਦ ਵੇਖਿਆ ਕਿ ਬਸੰਤਾ ਗਾਲਾਂ ਕੱਢਦਾ, ਵਧਦਾ ਆ ਰਿਹਾ ਹੈ ਤਾਂ, ਆਪ ਡਾਂਗ ਲੈ ਕੇ ਇਕ ਦਰਖਤ ਓਹਲੇ ਹੋ ਗਏ, ਜਦੋਂ ਉਹ ਦਰਖਤ ਕੋਲ ਆ ਕੇ ਮਾੜਾ ਜਿਹਾ ਅਗਾਂਹ ਹੋਇਆ ਤਾਂ ਝੱਬਰ ਜੀ ਨੇ ਉਸਨੂੰ ਡਾਂਗ ਮਾਰ ਕੇ ਸੁੱਟ ਲਿਆ ਤੇ ਉਹਦੀ ਗੰਡਾਸੀ

ਖੋਹ ਕੇ ਵਾਹਵਾ ਕੁੱਟ ਕੇ ਕਿਹਾ, 'ਭੱਜ ਜਾ ਇਥੋਂ ਨਹੀਂ ਤੇ ਮਾਰ ਦਿਆਂਗਾ।' ਇਹ ਕਹਿ ਕੇ ਭਜਾ ਦਿਤਾ। ਝੱਬਰ ਜੀ ਇਉਂ ਦਸਦੇ ਹਨ :

"ਜਿਥੇ ਲੰਗਰ ਵਾਲੀ ਖੂਹੀ ਹੈ, ਪਹਾੜ ਵਾਲੇ ਪਾਸਿਓਂ ਜਦ ਆਈਏ, ਉਥੇ ਦੋ ਤੂਤ ਨੇ, ਮੇਰੇ ਚਿੱਤ 'ਚ ਗੱਲ ਆ ਗਈ ਬਈ ਜਦੋਂ ਰਾਮਚੰਦਰ ਜੀ ਨੇ ਬਾਲੀ ਨੂੰ ਮਾਰਿਆ ਸੀ ਉਦੋਂ ਓਹਲੇ ਹੋ ਕੇ ਮਾਰਿਆ ਸੀ ਤੇ ਹੁਣ ਤੂੰ ਤੂਤ ਦੇ ਓਹਲੇ ਹੋ ਜਾ, ਇਸ ਤੇਰੇ ਵੱਲ ਵੇਖਣਾ ਨਹੀਂ, ਅਗਾਂਹ ਲੰਘਣਾ ਹੈ। ਅਗਾਂਹ ਲੰਘਦੇ ਨੂੰ ਮੈਂ ਸੋਟਾ ਮਾਰ ਕੇ ਸੁੱਟ ਲਿਆ, ਦੋ-ਤਿੰਨ ਸੋਟੇ ਹੋਰ ਮਾਰੇ ਤੇ ਉਹਨੂੰ ਤੱਤੇ ਤੱਤੇ ਘਾਅ ਹੀ ਮੈਂ ਦਬਾਇਆ ਬਈ ਨਿਕਲ ਜਾ, ਉਹ ਨਿਕਲ ਗਿਆ। ਉਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੇਰੀ ਚੌਧਰੀ ਬੂੜ ਸਿੰਘ ਨਾਲ ਜਾਣ-ਪਛਾਣ ਕਰਾ ਆਏ ਸਨ ਕਿ ਕੋਈ ਗੱਲ ਹੋਵੇ ਤਾਂ ਇਸ ਨੂੰ ਦੱਸਿਓ। ਉਹਨੂੰ ਮੈਂ ਇਤਲਾਹ ਦਿਤੀ ਬਈ ਬਸੰਤੇ ਨਾਲ ਆਹ ਗੱਲ ਹੋਈ ਹੈ ਤੇ ਮੈਂ ਉਸ ਨੂੰ ਕੁੱਟਿਆ ਹੈ। ਉਹ ਕਹਿੰਦਾ, 'ਬਸੰਤੇ ਨੂੰ ਕੁੱਟਿਆ ਹੈ, ਉਹ ਸਾਰੇ ਪਿੰਡ ਨੂੰ ਕੁੱਟਦਾ ਹੈ, ਕੋਈ ਗੱਲ ਨਹੀਂ।'

ਜਿਸ ਬਸੰਤੇ ਅੱਗੇ ਕੋਈ ਬੋਲਦਾ ਨਹੀਂ ਸੀ, ਝੱਬਰ ਜੀ ਨੇ ਉਸ ਨੂੰ ਇਸ ਲਈ ਕੁੱਟਿਆ ਸੀ ਕਿਉਂਕਿ ਉਹ ਸਾਹਿਬਜ਼ਾਦਾ ਬੇਅੰਤ ਜੀ ਨੂੰ ਵੱਧ ਘਟ ਬੋਲਿਆ ਸੀ। ਫਿਰ ਝੱਬਰ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਇਓਂ ਅਰਜ਼ ਕੀਤੀ, 'ਤੂੰ ਘਟ ਘਟ ਦੀ ਜਾਨਣ ਵਾਲਾ ਹੈਂ, ਸਾਨੂੰ ਉਥੇ ਆਹ ਤੰਗੀ ਹੈ, ਅਸੀਂ ਸਰੀਰ ਥੋੜ੍ਹੇ ਹਾਂ।'

### ਬੇਅੰਤ ਜੀ ਦੀ ਪਰਵਰਿਸ਼ ਸ੍ਰੀ ਭੈਣੀ ਸਾਹਿਬ ਕੋਠੀ ਵਿਖੇ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਝੱਬਰ ਜੀ ਨੂੰ ਹੁਕਮ ਕੀਤਾ ਕਿ ਉਹ ਗੜ੍ਹਦੀਵਾਲ ਤੋਂ ਸ੍ਰੀ ਭੈਣੀ ਸਾਹਿਬ ਆ ਜਾਣ ਤੇ ਉਦੋਂ ਤੋਂ ਹੀ ਬੇਅੰਤ ਜੀ ਅਤੇ ਜਥੇਦਾਰ ਗੁਰਮੁਖ ਸਿੰਘ ਝੱਬਰ, ਸ੍ਰੀ ਭੈਣੀ ਸਾਹਿਬ ਹੀ ਰਹੇ। ਝੱਬਰ ਜੀ ਕਈ ਸਾਲ ਸ੍ਰੀ ਭੈਣੀ ਸਾਹਿਬ ਡੇਰੇ ਦੇ ਮੁਖਤਿਆਰ ਵੀ ਰਹੇ। ਆਪ ਨੇ ਕ੍ਰੀਬ ਚੌਦਾਂ ਸਾਲ ਬੇਅੰਤ ਜੀ ਦੀ ਸੇਵਾ-ਸੰਭਾਲ ਕੀਤੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੇਅੰਤ ਜੀ ਨੂੰ ਆਪਣੇ ਨਿਵਾਸ-ਅਸਥਾਨ 'ਕੋਠੀ' ਵਿਖੇ ਆਪਣੀ ਰਹਿਨੁਮਾਈ ਵਿਚ ਰੱਖਿਆ ਅਤੇ ਉਥੇ ਹੀ ਬੇਅੰਤ ਜੀ ਦੀ ਪਰਵਰਿਸ਼ ਸ੍ਰੀ ਸਤਿਗੁਰੂ ਜੀ ਦੀ ਨਿਗਰਾਨੀ ਹੇਠ ਹੋਈ। ਬੇਅੰਤ ਜੀ ਤੇ ਹੋਰ ਬੱਚਿਆਂ ਦੀ ਵਿਦਿਆ ਪ੍ਰਾਪਤੀ ਲਈ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ 'ਨਾਮਧਾਰੀ ਵਿਦਿਆਲੇ' ਦੀ ਸਥਾਪਨਾ ਕਰ ਦਿਤੀ।

ਜਦੋਂ ਤੋਂ ਬੇਅੰਤ ਜੀ ਗੜ੍ਹਦੀਵਾਲ ਤੋਂ ਸ੍ਰੀ ਭੈਣੀ ਸਾਹਿਬ (ਸੰਨ 1926-27 ਵਿਚ) ਆ ਗਏ, ਉਦੋਂ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਥਾਈ ਰੂਪ ਵਿਚ ਸ੍ਰੀ ਭੈਣੀ ਸਾਹਿਬ ਰਹਿਣਾ ਸ਼ੁਰੂ ਕਰ ਦਿੱਤਾ ਤੇ ਬੇਅੰਤ ਜੀ ਨੂੰ ਵੀ ਕੋਲ ਰਖਿਆ। ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਆਪਣਾ

ਸਾਲਾਨਾ ਜਪ-ਪ੍ਰਯੋਗ ਕਰਨ ਕਿਧਰੇ ਨਹੀਂ ਗਏ, ਨਾ ਬੀੜ ਵਿਚ ਨਾ ਨਹਿਰ 'ਤੇ। ਆਪ ਆਪਣਾ ਸਾਲਾਨਾ ਜਪ-ਪ੍ਰਯੋਗ ਸ੍ਰੀ ਭੈਣੀ ਸਾਹਿਬ ਹੀ ਕਰਨ ਲੱਗ। ਸਿਰਫ ਦੌਰਿਆਂ ਸਮੇਂ ਹੀ ਸੱਚੇ ਪਾਤਸ਼ਾਹ ਜੀ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਂਦੇ ਸਨ।

### ਬੇਅੰਤ ਜੀ ਦੇ ਸੇਵਕ

ਮਾਤਾ ਭੁਪਿੰਦਰ ਕੌਰ ਜੀ ਦੇ ਚੜ੍ਹਾਈ ਕਰ ਜਾਣ ਕਾਰਣ, ਬੇਅੰਤ ਜੀ ਦੀ ਪਰਵਰਿਸ਼, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤਰ ਛਾਇਆ ਹੇਠ, ਨਾਨੀ ਮਾਤਾ ਰਾਮ ਕੌਰ ਜੀ (ਮਾਈ ਅੰਬੋ ਜੀ) ਅਤੇ ਦਾਦੀ ਮਾਤਾ ਜੀਵਨ ਕੌਰ ਜੀ ਦੀ ਦੇਖ-ਰੇਖ ਵਿਚ ਸੇਵਕਾਂ ਹੱਥੀਂ ਹੋਈ।

ਸਾਹਿਬਜ਼ਾਦਾ ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਦਾ ਬਚਪਨ ਅਤੇ ਸਿੱਖਿਆ ਦੀਖਿਆ ਦਾ ਸਮਾਂ ਕਿਸੇ ਸ਼ਹਿਜ਼ਾਦੇ ਵਾਂਗ ਨਿਰਾ ਐਸ਼ੋ-ਇਸ਼ਰਤ, ਸੁਖ-ਅਰਾਮ ਤੇ ਗ਼ਫ਼ਲਤ ਵਿਚ ਨਹੀਂ ਬੀਤਿਆ ਸਗੋਂ ਉਸ ਸਮੇਂ ਮਿਹਨਤ-ਮੁਸ਼ੱਕਤ, ਅਨੁਸ਼ਾਸਨ ਤੇ ਸਖ਼ਤ ਪਹਿਰੇ ਦਾ ਉਚੇਚਾ ਧਿਆਨ ਰਖਿਆ ਗਿਆ। ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਿਸੇ ਨੇ ਆਖਿਆ ਕਿ ਤੁਹਾਡੇ ਬੱਚਿਆਂ 'ਤੇ ਮੁਖਤਿਆਰ ਬੜੀ ਸਖ਼ਤੀ ਕਰਦੇ ਨੇ ਤਾਂ ਸੱਚੇ ਪਾਤਸ਼ਾਹ ਜੀ ਨੇ ਫਰਮਾਇਆ, "ਮੇਰੇ ਬੱਚੇ ਨੇ ਤੁਹਾਨੂੰ ਇਸ ਨਾਲ ਕੀ?" ਇਹ ਮੈਨੂੰ ਪਤਾ ਹੈ ਕਿ ਕੀ ਠੀਕ ਹੈ ਅਤੇ ਕੀ ਗਲਤ ਹੈ।"

ਬੇਅੰਤ ਜੀ ਦੀ ਸੇਵਾ ਅਤੇ ਸੰਭਾਲ ਕਰਦਿਆਂ, ਜਦੋਂ ਕਦੇ ਉਸਤਾਦ, ਸੰਭਾਲੂ, ਸੇਵਾਦਾਰ ਜਾਂ ਮੁਖਤਿਆਰ ਪਾਸੋਂ ਕਿਸੇ ਕਿਸਮ ਦੀ ਸਖ਼ਤੀ ਹੋ ਜਾਂਦੀ, ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਉਨ੍ਹਾਂ ਨੂੰ ਸਾਹਿਬਜ਼ਾਦੇ 'ਤੇ ਕੀਤੀ ਕਰੜਾਈ ਕਰਨ ਕਾਰਨ ਝਿੜਕਦੇ ਨਹੀਂ ਸਨ ਕਿਉਂਕਿ ਆਪ ਜਾਣਦੇ ਸਨ ਕਿ ਸੋਨਾ ਅੱਗ 'ਚ ਤਪ ਕੇ ਹੀ ਕੁੰਦਨ ਬਣਦਾ ਹੈ, ਜੋ ਅੱਜ ਸਾਡੇ ਸਾਹਮਣੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਦੇ ਰੂਪ ਵਿੱਚ ਪ੍ਰਤੱਖ ਪ੍ਰਮਾਣ ਹੈ।

ਸਮੇਂ ਸਮੇਂ 'ਤੇ ਬੇਅੰਤ ਜੀ ਦੀ ਸੇਵਾ ਵਿਚ ਰਹਿਣ ਵਾਲੇ ਸੇਵਾਦਾਰ ਸਨ—ਮਹੰਤ ਕੇਸਰ ਸਿੰਘ ਮਜਾਹਦ, ਜਥੇਦਾਰ ਗੁਰਮੁਖ ਸਿੰਘ ਝੱਬਰ, ਬਾਬਾ ਹਰਨਾਮ ਸਿੰਘ ਨੱਢਾ, ਸਰਵ ਸ੍ਰੀ ਲਾਭ ਸਿੰਘ ਫੱਤਾ, ਜੈ ਸਿੰਘ ਲੱਲੂਆਣਾ, ਗੁਰਬਖਸ਼ ਸਿੰਘ ਸ੍ਰੀ ਭੈਣੀ ਸਾਹਿਬ ਅਤੇ ਕਿਰਪਾਲ ਸਿੰਘ ਝੱਬਰ ਆਦਿ। ਸ੍ਰੀ ਭੈਣੀ ਸਾਹਿਬ ਦੇ ਸੰਤ ਪ੍ਰੀਤਮ ਸਿੰਘ (ਨਾਈ ਸਿੰਘ) ਹਜ਼ੂਰ ਦੇ ਨੌਹ ਕੱਟਿਆ ਕਰਦੇ ਸਨ। ਸੰਤ ਪ੍ਰੀਤਮ ਸਿੰਘ ਪਿੰਡ ਦੇ ਡਾਕਖਾਨੇ ਦਾ ਪ੍ਰਬੰਧ ਵੀ ਸੰਭਾਲਦੇ ਸਨ।

ਜਥੇਦਾਰ ਗੁਰਮੁਖ ਸਿੰਘ ਝੱਬਰ 4 ਅਗਸਤ, 1983 ਨੂੰ ਆਪਣੇ ਪਿੰਡ ਕਰੀਵਾਲਾ (ਜ਼ਿਲ੍ਹਾ ਸਰਸਾ) ਵਿਖੇ ਚੜ੍ਹਾਈ ਕਰ ਗਏ। ਝੱਬਰ ਜੀ ਦੇ ਦੋ ਸਪੁੱਤਰ ਹਨ। ਵੱਡੇ ਸ. ਗੁਰਚਰਨ ਸਿੰਘ ਹਨ। ਛੋਟੇ ਸ. ਸਵਰਨ ਸਿੰਘ ਵਿਰਕ ਜਿਨ੍ਹਾਂ ਨੇ ਵਕਾਲਤ ਕੀਤੀ ਹੋਈ ਹੈ, ਬਹੁਤ ਅੱਛੇ ਲਿਖਾਰੀ

ਅਤੇ ਵਕਤਾ ਹਨ, ਕਰੀਵਾਲਾ ਵਿਖੇ ਰਹਿੰਦੇ ਹਨ।

ਜਥੇਦਾਰ ਗੁਰਮੁਖ ਸਿੰਘ ਝੱਬਰ ਦੇ ਚੜ੍ਹਾਈ ਕਰਨ ਤੋਂ ਕੁਝ ਚਿਰ ਪਹਿਲੋਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਝੱਬਰ ਜੀ ਅਤੇ ਉਨ੍ਹਾਂ ਦੀ ਸੁਪਤਨੀ ਨੂੰ, ਉਚੇਚਾ ਗੱਡੀ ਭੇਜ ਕੇ ਸ੍ਰੀ ਭੈਣੀ ਸਾਹਿਬ ਬੁਲਾਇਆ। ਝੱਬਰ ਜੀ, ਸ੍ਰੀ ਭੈਣੀ ਸਾਹਿਬ ਦਾ ਵਿਕਾਸ ਤੇ ਉਸਾਰੀ, ਅਤੇ ਸਾਧ-ਸੰਗਤ ਨੂੰ ਭਜਨ ਬਾਣੀ ਕਰਦਿਆਂ ਵੇਖ ਕੇ ਬਹੁਤ ਖ਼ੁਸ਼ ਹੋਏ। ਝੱਬਰ ਜੀ ਨੇ ਸ੍ਰੀ ਸਤਿਗੁਰੂ ਜੀ ਅਗੇ ਅਰਜ਼ ਕੀਤੀ:

"ਸੱਚੇ ਪਾਤਸ਼ਾਹ ਜੀ, ਸ੍ਰੀ ਭੈਣੀ ਸਾਹਿਬ ਤਾਂ ਅੱਗੇ ਹੀ ਸਵਰਗ-ਧਾਮ ਹੈ ਪਰ ਆਪ ਜੀ ਨੇ ਤਾਂ ਇਸ ਨੂੰ ਹੋਰ ਵੀ ਚਾਰ ਚੰਨ ਲਾ ਦਿਤੇ ਹਨ। ਨਾਮਧਾਰੀ ਸਮਾਜ ਨੂੰ ਆਪ ਜੀ ਨੇ ਬਹੁਤ ਵੱਡੀ ਇਹ ਦੇਣ, ਦੇਣ ਦੀ ਕ੍ਰਿਪਾਲਤਾ ਕੀਤੀ ਹੈ ਕਿ ਇਤਿਹਾਸਕ ਅਸਥਾਨਾਂ ਦੀ ਸੰਭਾਲ ਕੀਤੀ ਹੈ ਜਿਵੇਂ ਕਿ ਅਕਾਲ-ਬੁੰਗਾ, ਰਾਮ-ਸਰੋਵਰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਮੰਦਰ, ਸਿਮ੍ਰਤੀ ਮੰਦਰ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵਾਲਾ ਚੁਬਾਰਾ, ਨਹਿਰ ਵਾਲਾ ਡੇਰਾ, ਲੋਹ ਲੰਗਰ, ਗੋਲ ਛੱਪਰ, ਤਪ-ਅਸਥਾਨ ਵਾਲਾ ਛੱਪਰ, ਵਰਨੀ, ਬਿਰਧ ਮਾਈਆਂ ਅਤੇ ਭਾਈਆਂ ਲਈ ਬਿਰਧਸ਼ਾਲਾ, ਗਊਸ਼ਾਲਾ ਆਦਿ ਸੁਰੱਖਿਅਤ ਹੀ ਨਹੀਂ ਰਖੇ ਸਗੋਂ ਇਨ੍ਹਾਂ ਨੂੰ ਬਹੁਤ ਨਿਰਾਲੀ ਦਿੱਖ ਅਤੇ ਰੂਪ ਦੇ ਦਿਤਾ ਹੈ।"

ਉਦੋਂ ਰਾਈਆਂ ਵਾਲਾ ਅਸਥਾਨ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼-ਅਸਥਾਨ) ਅਜੇ ਪੂਰਨ ਤੌਰ 'ਤੇ ਨਾਮਧਾਰੀ ਪੰਥ ਦੇ ਕਬਜ਼ੇ 'ਚ ਨਹੀਂ ਸੀ ਹੋਇਆ ਪਰ ਕ੍ਰੀਬ ਕ੍ਰੀਬ ਕੇਸ ਉਸ ਵੇਲੇ ਨਾਮਧਾਰੀਆਂ ਦੇ ਹੱਕ ਵਿਚ ਹੋ ਗਿਆ ਸੀ। ਝੱਬਰ ਜੀ ਨੇ ਅਰਜ਼ ਕੀਤੀ ਕਿ ਜਿਹੜਾ ਇਹ ਬਹੁਤ ਵੱਡਾ ਤੇ ਮਹਾਨ ਕੰਮ ਅਸੀਂ ਨਾਮਧਾਰੀ ਹੁਣ ਤਕ ਨਹੀਂ ਸਾਂ ਕਰ ਸਕੇ, ਉਹ ਆਪ ਜੀ ਨੇ ਸਰ ਕਰ ਕੇ ਰੱਖ ਦਿਤਾ ਹੈ।

ਸੇਵਕ ਸੰਤ ਜੈ ਸਿੰਘ ਲੱਲੂਆਣਾ, 11 ਜੁਲਾਈ 1995 ਨੂੰ ਸ੍ਰੀ ਜੀਵਨ ਨਗਰ ਵਿਖੇ ਚੜ੍ਹਾਈ ਕਰ ਗਏ। ਇਨ੍ਹਾਂ ਦਾ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ, ਸ੍ਰੀ ਜੀਵਨ ਨਗਰ ਵਿਖੇ, ਪਰਿਵਾਰ ਵਲੋਂ ਪਾਇਆ ਗਿਆ।

ਹਜ਼ੂਰ ਦੇ ਨੌਹ ਕੱਟਣ ਵਾਲੇ ਸੇਵਕ ਸੰਤ ਪ੍ਰੀਤਮ ਸਿੰਘ 26 ਦਸੰਬਰ, 1995 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਚੜ੍ਹਾਈ ਕੀਤੇ। ਇਨ੍ਹਾਂ ਦਾ ਭੋਗ 7 ਜਨਵਰੀ, 1996 ਨੂੰ ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ, ਪਰਿਵਾਰ ਵਲੋਂ ਪਾਇਆ ਗਿਆ। ਸੰਤ ਪ੍ਰੀਤਮ ਸਿੰਘ ਦੇ ਤਿੰਨ ਸਪੁੱਤਰ ਸਰਵ ਸ੍ਰੀ ਪਰਮਜੀਤ ਸਿੰਘ, ਰਣਜੀਤ ਸਿੰਘ ਤੇ ਗੁਰਮੀਤ ਸਿੰਘ ਹਨ। ਦੋ ਪੁੱਤਰ ਹਰਬੰਸ ਸਿੰਘ ਤੇ ਅਮਰਜੀਤ ਸਿੰਘ ਚੜ੍ਹਾਈ ਕਰ ਗਏ ਹਨ।

ਸੇਵਕ ਸੰਤ ਗੁਰਬਖਸ਼ ਸਿੰਘ 92 ਸਾਲ ਦੇ ਹੋ ਕੇ 11 ਜੁਲਾਈ 1995 ਨੂੰ ਸ੍ਰੀ ਭੈਣੀ ਸਾਹਿਬ

ਵਿਖੇ ਚੜ੍ਹਾਈ ਕਰ ਗਏ। ਇਨ੍ਹਾਂ ਦਾ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਪਾਇਆ ਗਿਆ। ਸੰਤ ਗੁਰਬਖਸ਼ ਸਿੰਘ, ਬਾਬਾ ਲਹਿਣਾ ਸਿੰਘ ਦੇ ਪੋਤੇ ਅਤੇ ਸੰਤ ਕਿਸ਼ਨ ਸਿੰਘ ਅਮਲੀ ਦੇ ਸਪੁੱਤਰ ਸਨ। ਬਾਬਾ ਲਹਿਣਾ ਸਿੰਘ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਨਿੰਨ ਸੇਵਕ ਸਨ। ਇਨ੍ਹਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰਾਈਆਂ ਤੋਂ ਸ੍ਰੀ ਭੈਣੀ ਸਾਹਿਬ ਲਿਆ ਕੇ, ਆਪਣੀ ਜ਼ਮੀਨ ਵਿਚ ਡੇਰਾ ਲਗਵਾਇਆ ਸੀ। ਸੰਤ ਗੁਰਬਖਸ਼ ਸਿੰਘ ਦੇ ਦੋ ਪੁੱਤਰ, ਸ੍ਰੀ ਅਮਰ ਸਿੰਘ ਤੇ ਸ੍ਰੀ ਚਰਨਜੀਤ ਸਿੰਘ ਸ੍ਰੀ ਭੈਣੀ ਸਾਹਿਬ ਵਿਖੇ ਰਹਿੰਦੇ ਹਨ। ਇਕ ਪੁੱਤਰ ਗੁਰਦੇਵ ਸਿੰਘ ਚੜ੍ਹਾਈ ਕਰ ਗਿਆ ਹੈ।

ਕਈ ਵਰ੍ਹੇ ਸੇਵਾ ਦਾ ਸੁਭਾਗ ਪ੍ਰਾਪਤ ਕਰਨ ਵਾਲੇ ਸੇਵਕ ਸੰਤ ਗੁਰਬਖਸ਼ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੌਤਕ ਬੜੀ ਸ਼ਰਧਾ ਨਾਲ ਸੁਣਾਇਆ ਕਰਦੇ ਸਨ। ਆਪ ਕਿਹਾ ਕਰਦੇ ਸਨ:

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਖੂੰਡਾ ਫੇਰ ਕੇ, ਗਾਲਾਂ ਕੱਢ ਕੇ, ਝਿੜਕ ਕੇ ਸਿੱਧਿਆ ਕਰ ਲੈਂਦੇ ਸਨ, ਪਰ ਏਹਨਾਂ ਆਖਣਾ ਕੁਝ ਨਹੀਂ। ਕਿਤੇ ਏਹਨਾਂ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਦਾ ਬਚਨ ਨਾ ਮੋੜਿਓ, ਜੋ ਇਨ੍ਹਾਂ ਦਾ ਬਚਨ ਮੋੜ ਦੇਊ ਉਸਦਾ ਰਹਿਣਾ ਕੁਝ ਨਹੀਂ, ਜੋ ਸ਼ਰਧਾ ਸਹਿਤ ਬਚਨ ਮੰਨੂ ਤਰ ਜਾਊ। ਆਪਣੇ ਸਤਿਗੁਰੂ ਤੋਂ ਬਿਨਾਂ ਨਾ ਕਿਸੇ 'ਤੇ ਪ੍ਰਤੀਤ ਰੱਖੋ ਨਾ ਕਿਸੇ ਤੋਂ ਕੁਛ ਮੰਗੋ।"

ਆਪ ਇਹ ਵੀ ਕਿਹਾ ਕਰਦੇ ਸਨ, "ਆਪ ਚਲ ਕੇ ਸਤਿਗੁਰੂ ਦੇ ਦਰਸ਼ਨ ਕਰਨ, ਚਰਨ-ਪਰਸਨ ਦਾ ਮਹਾਤਮ ਜ਼ਿਆਦਾ ਹੁੰਦਾ ਹੈ।"

ਸੇਵਕ ਸੰਤ ਕਿਰਪਾਲ ਸਿੰਘ ਝੱਬਰ ਦੀ ਆਰਜੀ ਤੌਰ 'ਤੇ ਰਿਹਾਇਸ਼ ਸ੍ਰੀ ਸਤਿਗੁਰੂ ਜੀ ਦੇ ਨਾਮਧਾਰੀ ਫਾਰਮ ਬੰਗਲੌਰ ਵਿਖੇ ਹੈ। ਇਨ੍ਹਾਂ ਦੇ ਦੋ ਪੁੱਤਰਾਂ, ਸਾਧੂ ਸਿੰਘ ਤੇ ਬਲਦੇਵ ਸਿੰਘ ਦੀ ਰਿਹਾਇਸ਼ ਤੇ ਜ਼ਮੀਨ ਯੂ.ਪੀ. ਵਿਚ ਗੋਲਾ ਗੋਕਰਨ ਨਾਥ ਵਿਖੇ ਹੈ। ਸੰਤ ਕਿਰਪਾਲ ਸਿੰਘ ਦੀ ਧੀ ਬੀਬੀ ਸੁਖਵਿੰਦਰ ਕੌਰ ਸੁੱਖੋ, ਬੜੇ ਸ਼ਰਧਾਲੂ ਤੇ ਸਿਦਕੀ ਸਿੱਖ, ਸੰਤ ਸੁਖਦੇਵ ਸਿੰਘ ਵੱਲ ਵਿਆਹੀ ਹੋਈ ਹੈ। ਸੰਤ ਸੁਖਦੇਵ ਸਿੰਘ ਸੁਹੇਵੇਸਾਹਿਬੀਆ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਟਿੱਬੇ ਵਾਲੇ ਖੂਹ ਸ੍ਰੀ ਜੀਵਨ ਨਗਰ (ਜ਼ਿਲ੍ਹਾ ਸਰਸਾ) ਵਿਖੇ ਪ੍ਰਬੰਧਕ ਹਨ ਤੇ ਉਥੋਂ ਦੀ ਸੇਵਾ-ਸੰਭਾਲ ਦਾ ਕੰਮ ਕਰਦੇ ਹਨ। ਸੰਤ ਕਿਰਪਾਲ ਸਿੰਘ ਝੱਬਰ ਇਥੇ ਵੀ ਕੁਝ ਸਮਾਂ ਬਤੀਤ ਕਰਦੇ ਹਨ। ਆਪ ਕਹਿੰਦੇ ਹਨ, "ਜਿਸ ਨੂੰ ਆਪਣੇ ਸਤਿਗੁਰੂ 'ਤੇ ਭਰੋਸਾ ਨਹੀਂ, ਪ੍ਰਤੀਤ ਨਹੀਂ, ਉਸਦੇ ਪੱਲੇ ਕੁਝ ਨਹੀਂ।"

## ਸਾਧੂ–ਮਹਾਤਮਾਵਾਂ ਦੀ ਸੰਗਤ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੇਅੰਤ ਜੀ ਦੀ ਬੜੀ ਉੱਚੀ ਅਵਸਥਾ ਵਾਲੇ ਸਾਧਾਂ ਨਾਲ ਸੰਗਤ ਕਰਵਾਈ।

ਸ੍ਰੀ ਭੈਣੀ ਸਾਹਿਬ ਵਿਖੇ ਬੇਅੰਤ ਜੀ ਨੂੰ ਉਸ ਵੇਲੇ ਦੇ ਇਨ੍ਹਾਂ ਸਾਧੂ–ਮਹਾਤਮਾਵਾਂ ਦੀ ਸੰਗਤ ਮਿਲੀ—

ਸਵਾਮੀ ਤਖ਼ਤ ਸਿੰਘ, ਬਾਬਾ ਗੰਡਾ ਸਿੰਘ, ਬਾਬਾ ਚੰਦਾ ਸਿੰਘ ਡੋਰਾਂ ਵਾਲਾ, ਸਰਵ ਸੰਤ ਹਾਕਮ ਸਿੰਘ, ਸੋਹਣ ਸਿੰਘ ਗੁਨੋਂ, ਸੂਰਤ ਸਿੰਘ ਭਿਖਸ਼ੂ, ਸਰਦਾਰਾ ਸਿੰਘ ਹਕੀਮ, ਜੱਸਾ ਸਿੰਘ ਸੂਫ਼ੀ, ਰਲ੍ਹਾ ਸਿੰਘ, ਬਘੇਲ ਸਿੰਘ, ਅਨੋਖ ਸਿੰਘ ਮਸਤਾਨਾ ਤੇ ਮੋਤੀਆਂ ਵਾਲਾ ਸਾਧ ਆਦਿਕ।

ਸਵਾਮੀ ਤਖ਼ਤ ਸਿੰਘ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਹੋਏ ਇਕ ਬੜੀ ਉੱਚੀ ਬਿਰਤੀ ਦੇ ਸਿੱਖ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ, ਸਵਾਮੀ ਤਖ਼ਤ ਸਿੰਘ ਬੇਅੰਤ ਜੀ ਨੂੰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸ਼ਰਧਾਲੂ ਸਿਦਕੀ ਸਿੱਖਾਂ ਦੀਆਂ ਸਾਖੀਆਂ ਸੁਣਾਇਆ ਕਰਦੇ ਸਨ। ਬੇਅੰਤ ਜੀ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਸ਼ੇਸ਼ ਹੁਕਮ ਸੀ ਕਿ ਸਵਾਮੀ ਤਖ਼ਤ ਸਿੰਘ ਕੋਲ ਬੈਠ ਕੇ ਕਾਕਾ ਰੋਜ਼ ਸਾਖੀਆਂ ਸੁਣਿਆ ਕਰੇ।

ਸਵਾਮੀ ਤਖ਼ਤ ਸਿੰਘ ਗੁੱਜਰਪੁਰਾ ਪਿੰਡ (ਗੜ੍ਹ ਸ਼ੰਕਰ ਦੇ ਕੋਲ) ਦੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ, ਢਾਕੇ ਵਾਲੇ ਪਾਸੇ ਵਲੋਂ ਰੰਗੂਨ ਨੂੰ ਜਾਣ ਦੀ ਕੋਸ਼ਿਸ਼ ਕਰਦਿਆਂ ਆਪ, ਕਲਕੱਤੇ ਵਿਖੇ ਅੰਗ੍ਰੇਜ਼ਾਂ ਹਥੋਂ ਫੜੇ ਗਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸਵਾਮੀ ਤਖ਼ਤ ਸਿੰਘ ਬਾਰੇ ਆਪਣੇ ਪ੍ਰਵਚਨਾਂ ਵਿਚ ਇਉਂ ਦੱਸਦੇ ਹਨ,

"ਇਕ ਤੇ ਉਹਨਾਂ ਦਾ ਰੰਗ ਬੜਾ ਗੋਰਾ ਸੀ, ਬੜੇ ਖ਼ੂਬਸੂਰਤ ਸਨ, ਦੂਸਰਾ ਮੂੰਹ 'ਤੇ ਦਾੜ੍ਹਾ। ਉਹ ਲੁਕ ਕਿਸ ਤਰ੍ਹਾਂ ਸਕਦੇ ਸਨ? ਉਹ ਉਥੇ ਫੜੇ ਗਏ। ਉਹਨਾਂ ਨੇ ਬੜੇ ਸਿੱਖ ਵੀ ਸਜਾਏ ਨੇ ਬੰਗਾਲ ਵਿਚ ਜਾ ਕੇ। ਜਦੋਂ ਉਹ ਫੜੇ ਗਏ ਤੇ ਹੱਥਕੜੀਆਂ ਲਾ ਦਿਤੀਆਂ। ਜਿਹੜਾ ਉਥੋਂ ਦਾ ਪੁਲਿਸ ਸੁਪਰਡੈਂਟ ਸੀ, ਉਸ ਨੇ ਆਖਿਆ, 'ਮੈਂ ਸੁਣਿਆ ਹੈ, ਤੂੰ ਉਡ ਜਾਂਦਾ ਹੈਂ।' ਉਨ੍ਹਾਂ ਆਖਿਆ, 'ਮੈਨੂੰ ਤੇ ਕੋਈ ਪਤਾ ਨਹੀਂ।' ਜਿਸ ਵੇਲੇ ਹੱਥਕੜੀਆਂ ਲਾਈਆਂ ਤੇ ਉਹਨਾਂ ਨੂੰ ਰੰਗ ਆਇਆ ਤੇ ਉਹਨਾਂ ਨੇ ਇਸ ਤਰ੍ਹਾਂ ਹੱਥਕੜੀਆਂ ਲਾਹ ਦਿਤੀਆਂ, ਐਸ ਤਰ੍ਹਾਂ ਬੇੜੀਆਂ ਲਾਹ ਦਿੱਤੀਆਂ, ਜਿਵੇਂ ਕੋਈ ਅੰਖ ਹੀ ਨਾ ਹੋਵੇ। ਆਖਣ ਲੱਗੇ 'ਲੈ ਮੈਂ ਚਲਿਆਂ।' ਇਹ ਬੜੀ ਤਾਕਤ ਹੈ ਜਿਸ ਨੂੰ ਸਤਿਗੁਰੂ ਦੇਵੇ। ਪਰ ਇਸ ਤੋਂ ਉੱਚੀ ਇਕ ਹੋਰ ਤਾਕਤ ਹੈ, ਜਿਹਦੇ ਵੱਲ ਮੈਂ ਤੁਹਾਨੂੰ ਲੈ ਜਾਣਾ ਚਾਹੁੰਦਾ ਹਾਂ, ਉਹ ਹੈ :

'ਰਿਧਿ ਸਿਧਿ ਅਵਰਾ ਸਾਦ'

"ਉਹ ਉਹਨਾਂ ਦਾ ਹੈ ਜਿਹੜੇ ਦੂਜੇ ਲੋਕ ਨੇ ਜਾਂ ਅਵਰੇ ਹੋਏ ਨੇ, ਜਿਹੜੇ ਸਤਿਗੁਰੂ ਵਾਲੇ ਨਹੀਂ। ਸਤਿਗੁਰੂ ਰਾਮ ਸਿੰਘ ਦਾ ਹੁਕਮ ਸੁਣ ਕੇ, ਕਿ ਤਖ਼ਤ ਸਿੰਘ ਇਸ ਤਰ੍ਹਾਂ ਨਹੀਂ ਕਰਨਾ, ਫਿਰ ਇਸ ਤਰ੍ਹਾਂ ਨਹੀਂ ਕੀਤਾ। ਫਿਰ ਆਪ ਕੈਦ ਹੋ ਕੇ ਡੇਢ ਸਾਲ ਪੱਥਰ ਪਸ਼ੌਰ ਵਿਚ ਜਾ ਕੇ ਕੁੱਟੇ। ਇਹ ਹੱਥ ਕੜੀਆਂ-ਬੇੜੀਆਂ ਲਾਹੁਣ ਨਾਲੋਂ ਵੀ ਸਾਧ ਸੰਗਤ ਜੀ, ਉਤੋਂ ਦੀ ਗੱਲ ਹੈ, ਜਿਸਨੇ ਸਤਿਗੁਰੂ ਦਾ ਹੁਕਮ ਮੰਨਣਾ ਹੈ।

*ਸਾਧ ਕਾ ਦਰਸਨ ਪੂਰਨ ਇਸਨਾਨ॥*
*ਸਾਧ ਕੈ ਸੰਗਿ ਨਹੀ ਕਛੁ ਘਾਲ॥*
*ਦਰਸਨੁ ਭੇਟਤ ਹੋਤ ਨਿਹਾਲ॥"*

ਆਪਣੇ ਸਤਿਗੁਰੂ ਦਾ ਹੁਕਮ ਮੰਨਣ ਵਾਲੇ ਇਹੋ ਜਿਹੇ ਸਾਧ, ਸਵਾਮੀ ਤਖ਼ਤ ਸਿੰਘ ਦੀ ਤਸਵੀਰ, ਚਿੱਤਰਕਾਰ ਸੰਤ ਵਰਿਆਮ ਸਿੰਘ ਮੁਸੱਵਰ ਪਾਸੋਂ ਬਣਵਾ ਕੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਸੇਠ ਤ੍ਰਿਲੋਕ ਸਿੰਘ ਦੀ ਕੋਠੀ (1/6-ਬੀ ਪੂਸਾ ਰੋਡ ਦਿੱਲੀ) ਵਿਖੇ ਆਪਣੇ ਨਿਵਾਸ ਕਮਰੇ ਵਿਚ ਲਗਵਾਈ ਹੋਈ ਸੀ।

ਬਾਬਾ ਗੰਡਾ ਸਿੰਘ ਸੁਨਿਆਰੇ ਸਿੱਖ ਸਨ। ਆਪ ਮਾਲ ਵਿਚ ਵੱਛੇ ਕੱਟੇ ਸਾਂਭਦੇ ਸਨ। ਭਜਨ ਬੰਦਗੀ ਬਹੁਤ ਕਰਦੇ ਸਨ। ਬੇਅੰਤ ਜੀ ਨੂੰ ਇਨ੍ਹਾਂ ਦੀ ਸੰਗਤ ਮਿਲੀ। ਬਾਅਦ ਵਿਚੋਂ ਜਦੋਂ ਬੇਅੰਤ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਬਣੇ, ਜਦੋਂ ਵੀ ਹਜ਼ੂਰ ਸ੍ਰੀ ਜੀਵਨ ਨਗਰ ਇਲਾਕੇ ਵੱਲ ਜਾਂਦੇ, ਬਾਬਾ ਗੰਡਾ ਸਿੰਘ ਬੜੀ ਖ਼ੁਸ਼ੀ ਵਿਚ ਆ, ਸ੍ਰੀ ਸਤਿਗੁਰੂ ਜੀ ਉਪਰ ਅਤਰ ਫੁਲੇਲ ਛਿੜਕਦੇ ਤੇ ਫੁੱਲ ਸੁੱਟਦੇ।

ਬਾਬਾ ਚੰਦਾ ਸਿੰਘ ਡੋਰਾਂ ਵਾਲੇ ਬੜੇ ਚਾਅ ਨਾਲ ਬੇਅੰਤ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਆਪਣੀ ਪੋਟਲੀ ਵਿਚੋਂ ਬਦਾਮ, ਮਿਸ਼ਰੀ ਆਦਿ ਖਾਣ ਦੀਆਂ ਵਸਤਾਂ ਦੇ ਕੇ ਖ਼ੁਸ਼ੀ ਅਨੁਭਵ ਕਰਿਆ ਕਰਦੇ ਸਨ।

ਬਾਬਾ ਚੰਦਾ ਸਿੰਘ ਜਦੋਂ ਗਊਆਂ ਦੀ ਸੇਵਾ ਕਰਦੇ ਸਨ, ਉਦੋਂ ਗਊ ਨੂੰ ਕਦੇ ਸੋਟੀ ਨਹੀਂ ਸਨ ਮਾਰਦੇ, ਪੱਲੇ ਨਾਲ ਮੋੜਦੇ ਸਨ ਤੇ ਰੰਗ ਵਿਚ ਆ ਕੇ ਸ਼ਬਦ ਪੜ੍ਹਿਆ ਕਰਦੇ ਸਨ:

"ਇਨ੍ਹਾਂ ਪੰਛੀਆਂ ਦਾ ਉਜਰ ਨ ਕੋਈ, ਡੋਰਾਂ ਤੇਰੇ ਹੱਥ ਮਾਲਕਾ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਨੂੰ 29 ਫਰਵਰੀ 1996 ਨੂੰ ਦੱਸਿਆ ਕਿ ਬਾਬਾ ਚੰਦਾ ਸਿੰਘ ਜੀ ਬਹੁਤ ਉੱਚੀ ਬਿਰਤੀ ਦੇ ਸਾਧ ਸਨ। ਬਾਬਾ ਚੰਦਾ ਸਿੰਘ ਜੀ ਆਪਣੀ ਬਿਰਧ ਅਵਸਥਾ ਵਿਚ, ਸ੍ਰੀ ਜੀਵਨ ਨਗਰ ਵਿਖੇ ਅਮਰੂਦਾਂ ਵਾਲੇ ਬਾਗ ਵਿਚ (ਜਿਥੇ ਸ੍ਰੀ ਸਤਿਗੁਰੂ

ਜਗਜੀਤ ਸਿੰਘ ਜੀ ਨੇ ਬਿਰਧਾਂ ਵਾਸਤੇ ਡੇਰਾ ਬਣਵਾਇਆ ਹੋਇਆ ਸੀ) ਰਹਿੰਦੇ ਸਨ। ਬਾਬਾ ਚੰਦਾ ਸਿੰਘ ਜੀ ਨੇ ਚਰਨ ਅਗਾਂਹ ਕਰ ਛੱਡਣੇ, ਪਏ ਕੀੜੇ ਖਾਈ ਜਾਣ, ਹਿਲਾਉਣੇ ਹੀ ਨਹੀਂ, ਕੋਈ ਤਕਲੀਫ ਨਹੀਂ ਮੰਨਦੇ ਸਨ। ਯਾਨੀ ਆਪ ਜੀ ਦੀ ਮਾਨਸਕ ਅਵੱਸਥਾ ਇਤਨੀ ਉਚੀ ਸੀ ਕਿ ਆਪ ਸਰੀਰ ਵਿਚ ਹੈ ਹੀ ਨਹੀਂ ਸਨ।

ਇਕ ਵਾਰ ਬਾਬਾ ਚੰਦਾ ਸਿੰਘ ਜੀ ਨੇ ਬਾਈ ਦਿਨ ਪ੍ਰਸ਼ਾਦਾ ਨਹੀਂ ਛਕਿਆ। ਇਕ ਦਿਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਦੋਂ ਬਿਰਧ ਆਸ਼ਰਮ ਵਿਚ ਦਰਸ਼ਨ ਦੇਣ ਗਏ ਤਾਂ ਕੋਲੋਂ ਸੇਵਕ ਨੇ ਅਰਜ਼ ਕੀਤੀ ਬਈ ਕਈ ਦਿਨਾਂ ਤੋਂ ਇਨ੍ਹਾਂ ਕੁਝ ਖਾਧਾ ਪੀਤਾ ਨਹੀਂ, ਖਾ ਲੈਣ, ਖਾਣ-ਪੀਣ ਨਾਲ ਅੰਦਰ ਆਸਰਾ ਰਹਿੰਦਾ ਹੈ।

"ਅੰਦਰ ਆਸਰਾ ਹੈ ਹੀ, ਤਾਂ ਹੀ ਨਹੀਂ ਖਾਂਦਾ।" ਬਾਬਾ ਚੰਦਾ ਸਿੰਘ ਡੋਰਾਂ ਵਾਲਿਆਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੱਗੇ ਅਰਜ਼ ਕੀਤੀ।

ਸੰਤ ਹਾਕਮ ਸਿੰਘ ਜੀ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੱਸਦੇ ਹਨ:

"ਸੰਤ ਹਾਕਮ ਸਿੰਘ ਹੁਰਾਂ ਦੀ ਸੰਗਤ ਮੈਨੂੰ ਸਤਿਗੁਰਾਂ ਕਰਾਈ। ਉਹ ਆਖਦੇ ਹੁੰਦੇ ਸਨ, ਪਹਿਲਾਂ ਆਦਮੀ ਝੂਠ ਦਾ ਤਿਆਗ ਕਰੇ, ਜਿਹੜਾ ਕਚਹਿਰੀਆਂ ਵਿਚ ਜਾ ਕੇ ਬੋਲਦਾ ਹੈ। ਫੇਰ ਹੌਲੀ ਹੌਲੀ ਏਥੇ ਕੁ ਆ ਜਾਵੇ...ਜਿਹੜਾ ਇਹ ਗੱਲ ਕਿ ਮੈਂ ਤੈਨੂੰ ਵੀਹ ਆਵਾਜ਼ਾਂ ਮਾਰੀਆਂ ਨੇ, ਆਵਾਜ਼ਾਂ ਦੋ ਕੁ ਮਾਰ ਕੇ ਆਖਣਾ ਕਿ ਵੀਹ ਆਵਾਜ਼ਾਂ ਮਾਰੀਆਂ ਨੇ, ਇਹ ਵੀ ਝੂਠ ਹੈ। ਇਸਦਾ ਤਿਆਗ ਕਰੇ। ਬੜਾ ਉਹਨਾਂ ਦਾ ਸੁਭਾਅ ਇਸ ਤਰ੍ਹਾਂ ਦਾ ਸੀ।"

"ਇਕ ਦਿਨ ਆਖਣ ਲਗੇ 'ਮੈਂ ਦੋ ਗੜਵੇ ਪਾ ਆਵਾਂ ਸਿਰ ਵਿੱਚ। ਇਸ਼ਨਾਨ ਕਰ ਆਵਾਂ।' ਫੇਰ ਆਂਹਦੇ 'ਮੈਂ ਬੜੀ ਗਲਤੀ ਕੀਤੀ ਹੈ, ਮੇਰਾ ਇਸ਼ਨਾਨ ਤੇ ਦੋ ਗੜਵਿਆਂ ਨਾਲ ਚੰਗੀ ਤਰ੍ਹਾਂ ਹੋਣਾ ਨਹੀਂ, ਹੁਣ ਮੈਂ ਦੋ ਗੜਵਿਆਂ ਨਾਲ ਹੀ ਇਸ਼ਨਾਨ ਕਰਕੇ ਆਉਣਾ ਹੈ, ਜਿਹੜੀ ਗੱਲ ਆਖੀ ਉਸ ਤੇ ਪੂਰਿਆਂ ਰਹਿਣਾ ਹੈ।' ਬੜੀ ਔਖੀ ਗੱਲ ਹੈ। ਉਹਨਾਂ ਨੇ ਆਪਣੇ ਆਪ ਨੂੰ ਏਨਾਂ ਬਾਰੀਕ ਕੀਤਾ ਹੈ। ਉਹ ਜਿੰਨਾ-ਜਿੰਨਾ ਬਾਰੀਕ ਕਰਦੇ ਜਾਂਦੇ ਨੇ ਓਨਾਂ ਓਨਾਂ ਉਹ ਅਕਾਲਪੁਰਖ ਦੇ ਨੇੜੇ ਹੁੰਦੇ ਜਾਂਦੇ ਨੇ। ਜਿੰਨਾ ਉਹ ਅਕਾਲ ਪੁਰਖ ਦੇ ਨੇੜੇ ਹੁੰਦੇ ਜਾਂਦੇ ਨੇ ਓਨਾਂ ਉਹ ਸੱਚੇ ਹੁੰਦੇ ਜਾਂਦੇ ਨੇ। ਜਿੰਨਾ ਦੂਰ ਹੈ ਓਨਾਂ ਹੀ ਝੂਠ ਹੈ। ਮਾਇਆ ਤੇ ਅਕਾਲ ਪੁਰਖ ਸਤਿਗੁਰੂ, ਸੱਚ ਤੇ ਝੂਠ ਦੋਵੇਂ ਰਲੇ ਹੋਏ ਨੇ। ਇਹਨਾਂ ਨੂੰ ਜੇਹੜਾ ਵੱਖਰਾ ਵੱਖਰਾ ਕਰ ਲੈਂਦਾ ਹੈ, ਜਿਹੜੇ ਹੰਸ ਨੇ, ਉਹ ਕਹਿੰਦੇ ਨੇ ਦੁੱਧ ਦੇ ਵਿਚ ਪਾਣੀ ਜਿਹੜਾ ਰਲਿਆ ਹੋਵੇ ਚੁੰਝ ਪਾ ਦੇਵੇ, ਚੁੰਝ ਵਿਚ ਐਸੀ ਤਾਸੀਰ ਹੈ ਉਹ ਦੁੱਧ ਅਤੇ ਪਾਣੀ ਨੂੰ ਵੱਖਰਾ ਵੱਖਰਾ ਕਰ ਦੇਂਦੀ ਹੈ। ਜਿਹੜੇ ਪਰਮਹੰਸ ਹਨ, ਉਹ ਮਾਇਆ ਤੋਂ ਸਤਿਗੁਰੂ ਨੂੰ ਵੱਖਰਾ ਕਰ ਦੇਂਦੇ ਹਨ।"

ਅਜਿਹੀ ਉੱਚ ਅਵਸਥਾ ਵਾਲੇ ਸਿੱਖਾਂ, ਸਾਧਾਂ ਦੀ ਬੇਅੰਤ ਜੀ ਨੂੰ ਉਸ ਵੇਲੇ ਸੰਗਤ ਮਿਲੀ।

ਬੇਅੰਤ ਜੀ ਨੂੰ ਭਾਂਤ-ਭਾਂਤ ਦੇ ਫੁੱਲ ਬੂਟੇ ਤੇ ਬੇਲਾਂ ਦਾ ਸ਼ੌਂਕ ਮੁੱਢ ਤੋਂ ਹੀ ਰਿਹਾ ਹੈ। ਉਸ ਵੇਲੇ ਕੋਠੀ ਵਿਚ ਮਾਲੀ ਸੁੱਚਾ ਸਿੰਘ ਤੇ ਅੱਲਾ-ਬਖਸ਼ ਹੋਇਆ ਕਰਦੇ ਸਨ।

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਮਿਲੀਆਂ ਸਿੱਖਿਆਵਾਂ:

ਸਾਹਿਬਜ਼ਾਦਾ ਬੇਅੰਤ ਜੀ 'ਤੇ ਜ਼ਿਆਦਾ ਪ੍ਰਭਾਵ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਖਸੀਅਤ ਦਾ ਪਿਆ। ਸੱਚੇ ਪਾਤਸ਼ਾਹ ਜੀ ਨੇ ਬੇਅੰਤ ਜੀ ਨੂੰ ਸਰਬ-ਗੁਣ ਸੰਪੰਨ ਕਰਨ ਲਈ ਸ਼ੁਰੂ ਤੋਂ ਹੀ ਸਿਖਿਅਤ ਕਰਨਾ ਸ਼ੁਰੂ ਕਰ ਦਿਤਾ ਸੀ। ਬਚਪਨ ਤੋਂ ਹੀ ਬੇਅੰਤ ਜੀ ਨੂੰ ਹਰ ਪੱਖੋਂ ਅਨੁਸ਼ਾਸਿਤ ਤਰੀਕੇ ਨਾਲ ਸਿੱਖਿਆ ਮਿਲੀ।

ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਨਿੱਤ ਕ੍ਰਿਯਾ ਤੋਂ ਬਾਅਦ ਸਣਕੇਸ਼ੀਂ ਇਸ਼ਨਾਨ, ਨਾਮ ਸਿਮਰਨ, ਗੁਰਬਾਣੀ ਦਾ ਪਾਠ ਤੇ ਕੀਰਤਨ ਦਾ ਅਜਿਹਾ ਨਿਯਮ ਬੇਅੰਤ ਜੀ ਦਾ ਬਚਪਨ ਤੋਂ ਹੀ ਬਣ ਗਿਆ, ਜਿਸ ਨੇ ਆਪ ਜੀ ਨੂੰ ਜੀਵਨ-ਭਰ ਲਈ ਇਨ੍ਹਾਂ ਕਰਮਾਂ ਦਾ ਪੱਕਾ ਨੇਮੀ ਬਣਾ ਦਿਤਾ। ਆਪ ਆਦਿ ਸ੍ਰੀ ਗ੍ਰੰਥ ਸਾਹਿਬ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ ਦੇ ਵਿਧੀਵਤ ਪਾਠ ਦੀ ਸਿੱਖਿਆ ਦਾ ਅਭਿਆਸ ਨਿਤਨੇਮ ਨਾਲ ਕਰਦੇ। ਇਸ ਤੋਂ ਇਲਾਵਾ ਸ਼ਾਸਤ੍ਰੀ ਸੰਗੀਤ ਦੀ ਸਿੱਖਿਆ, ਗੁਰਮੱਤ ਅਨੁਸਾਰ ਸੁੱਚ ਸੋਧ ਅਤੇ ਸੰਜਮ ਵਿਚ ਰਹਿੰਦਿਆਂ ਸ਼ਰੀਰ ਦੀ ਸਾਧਨਾ, ਕਸਰਤ, ਕੁਸ਼ਤੀ, ਕਬੱਡੀ, ਦੌੜ, ਘੋੜਸਵਾਰੀ, ਤੈਰਾਕੀ ਤੇ ਖੂਹ ਗੇੜਨ ਤੋਂ ਇਲਾਵਾ ਆਪਣੇ ਸਾਰੇ ਕੰਮ ਆਪ ਕਰਨੇ, ਆਪਣਾ ਲੰਗਰ ਆਪ ਕਰ ਲੈਣਾ, ਪਰਸ਼ਾਦਾ, ਦਾਲਾ-ਭਾਜਾ ਬਨਾਉਣਾ, ਭਾਂਡੇ ਮਾਂਜਣ, ਝਾੜੂ ਫੇਰਨ, ਆਪਣੇ ਕੱਪੜੇ ਆਪ ਧੋਣ ਤੇ ਸਾਧ-ਸੰਗਤ ਦੀ ਸੇਵਾ ਵਾਲੇ ਜੀਵਨ ਦੀ ਆਪ ਜੀ ਦੀ ਤਿਆਰੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਪਨ ਤੋਂ ਹੀ ਕਰਵਾ ਦਿਤੀ ਸੀ।

ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਪਣੇ ਸ਼ਬਦਾਂ ਵਿਚ:

"ਬਚਪਨ ਵਿਚ ਜਿਸ ਤਰ੍ਹਾਂ ਕੱਚੇ ਭਾਂਡੇ 'ਤੇ ਜਿਹੜੀਆਂ ਲੀਕਾਂ ਪਾ ਕੇ ਆਵੇ ਵਿਚ ਪਾ ਦਿਓ, ਉਹ ਟੁੱਟ ਤੇ ਭਾਵੇਂ ਜਾਣ, ਉਹ ਲੀਕਾਂ ਨਹੀਂ ਹਟਦੀਆਂ। ਸਤਿਗੁਰਾਂ ਨੇ ਇਸੇ ਤਰ੍ਹਾਂ ਕਿਰਪਾ ਕਰਕੇ ਸਾਡਾ ਬਚਪਨ ਸਵਾਰਿਆ, ਬਖ਼ਸ਼ਿਸ਼ ਸਾਡੇ 'ਤੇ ਕੀਤੀ, ਸੋਧ ਰੱਖਣ ਦੀ ਜਾਚ ਸਿਖਾਈ, ਸ਼ੁੱਧ ਬਾਣੀ, ਸਿਮਰਨ, ਸੰਗੀਤ ਤੋਂ ਇਲਾਵਾ ਘੋੜੇ ਦੀ ਸਵਾਰੀ ਸਿਖਾਈ, ਪੋਲੋ ਖੇਡਣ ਦੀ, ਤੈਰਨ, ਘੁਲਣ ਦੀ, ਛਾਲਾਂ ਮਾਰਨ ਦੀ ਪਤਾ ਨਹੀਂ ਕਿੰਨੀਆਂ ਕੁ ਕਿਰਪਾ ਕੀਤੀਆਂ ਹਨ, ਗਿਣੀਆਂ ਹੀ ਨਹੀਂ ਜਾਂਦੀਆਂ।"

ਇਕ ਵਾਰ ਬੇਅੰਤ ਜੀ ਨੂੰ ਸਾਧ-ਸੰਗਤ ਦੇ ਜੂਠੇ ਭਾਂਡੇ ਮਾਂਜਦਿਆਂ ਵੇਖ, ਇਕ ਸਿੱਖ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੱਗੇ ਅਰਜ਼ ਕੀਤੀ:

"ਸੱਚੇ ਪਾਤਸ਼ਾਹ ਜੀ, ਆਪ ਜੀ ਦੇ ਸਾਹਿਬਜ਼ਾਦੇ ਸਾਡੇ ਜੂਠੇ ਭਾਂਡੇ ਨਾ ਮਾਂਜਣ। ਇਸ ਸੇਵਾ

ਦੀ ਵਾਰੀ ਸਾਨੂੰ ਆਪੋ ਵਿਚ ਹੀ ਮਸਾਂ ਮਿਲਦੀ ਹੈ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ,

"ਤੁਸੀਂ ਇਨ੍ਹਾਂ ਨੂੰ ਸਾਧ-ਸੰਗਤ ਦੀ ਸੇਵਾ ਕਰਨ ਦੀ ਜਾਚ ਸਿੱਖਣ ਦਿਓ ਤੇ ਸਗੋਂ ਅਰਦਾਸ ਕਰੋ ਕਿ ਸੱਚੇ ਪਾਤਸ਼ਾਹ ਇਨ੍ਹਾਂ ਨੂੰ ਸਾਧ ਸੰਗਤ ਦੀ ਸੇਵਾ ਦਾ ਚਾਅ ਤੇ ਭਰੋਸਾ ਬਖ਼ਸ਼ਣ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੰਮ੍ਰਿਤ ਵੇਲੇ ਉਠ ਭੇਸ ਬਦਲ, ਝੁੰਭ ਮਾਰ ਆਪ ਸਿੱਖਾਂ ਦੇ ਇਸ਼ਨਾਨ ਕਰਾਉਂਦੇ ਰਹੇ, ਭਾਵੇਂ ਸਿੱਖ ਸਿਆਣ ਕੇ ਅਰਜ਼ ਕਰਦੇ ਸਨ ਕਿ 'ਸੱਚੇ ਪਾਤਸ਼ਾਹੋ, ਆਪ ਸਾਡੇ 'ਤੇ ਇਹ ਭਾਰ ਨਾ ਚਾੜ੍ਹੋ ਤਾਂ ਸਤਿਗੁਰੂ ਜੀ ਬਚਨ ਕਰਦੇ, 'ਮੈਨੂੰ ਇਹ ਸਮਾਂ ਅਮੋਲਕ ਜਾਪਦਾ ਹੈ। ਕੀ ਜਾਣੀਏ, ਇਹ ਸਮਾਂ ਫੇਰ ਨਾ ਹੀ ਮਿਲੇ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਖ਼ੁਦ ਵੀ ਹੱਥੀਂ ਸੇਵਾ ਕਰਦੇ ਸਨ। ਏਥੋਂ ਤੀਕ ਕਿ ਕਈ ਵਾਰ ਆਪ ਲੱਕੜਾਂ ਕੱਟ, ਗੱਡਿਆਂ 'ਤੇ ਲੱਦ, ਲੰਗਰ ਲਈ ਭੇਜਦੇ ਸਨ।

ਇਕ ਵਾਰ ਦੀ ਗੱਲ ਹੈ ਕਿ ਬੇਅੰਤ ਜੀ ਸਾਧ-ਸੰਗਤ ਦੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਕਰ ਰਹੇ ਸਨ। ਉਤੋਂ ਹੀ ਉਨ੍ਹਾਂ ਦੇ ਦਾਦੀ ਜੀ (ਮਾਤਾ ਜੀਵਨ ਕੌਰ) ਆ ਗਏ ਤੇ ਆਪਣੇ ਪੋਤਰੇ ਨੂੰ ਸੇਵਾ ਕਰਦਿਆਂ ਵੇਖ ਕੇ ਬੜੇ ਖ਼ੁਸ਼ ਹੋਏ। ਮਾਤਾ ਜੀਵਨ ਕੌਰ ਜੀ ਨੇ ਆਪਣੇ ਕੁੜਤੇ ਦੀਆਂ ਬਾਹਾਂ ਉੱਪਰ ਚੜ੍ਹਾ ਲਈਆਂ ਅਤੇ ਚੌਂਕੜਾ ਮਾਰ ਕੇ ਬੈਠ ਗਏ ਤੇ ਸਾਧ-ਸੰਗਤ ਦੇ ਭਾਂਡੇ ਮਾਂਜਦਿਆਂ ਦੱਸਿਆ ਕਿ, "ਮੈਨੂੰ ਮੇਰੇ ਪਿਤਾ ਜੀ (ਸੂਬਾ ਖੁਸ਼ਹਾਲ ਸਿੰਘ) ਨੇ ਮੱਤ ਦਿੱਤੀ ਸੀ ਕਿ ਜੇ ਸੇਵਕ ਬਣਨਾ ਹੈ ਤਾਂ ਸ਼ੌਕੀਨੀ ਵਾਲੀਆਂ ਚੀਜ਼ਾਂ ਨੇੜੇ ਨਹੀਂ ਆਉਣ ਦੇਣੀਆਂ ਚਾਹੀਦੀਆਂ। ਸੋ ਮੈਂ ਅੱਜ ਤੀਕ ਪਿਤਾ ਜੀ ਦੀ ਦਿੱਤੀ ਮੱਤ ਪੱਲੇ ਬੱਧੀ ਹੋਈ ਹੈ। ਸੇਵਾ ਕਰਨੀ ਬੜੀ ਕਠਿਨ ਕਾਰ ਹੈ। ਮੈਂ ਵੇਖਿਆ ਹੈ, ਇਕ ਸਾਧ ਜਿਸ ਦਿਨ ਨਵੇਂ ਸ਼ੌਕੀਨੀ ਵਾਲੇ ਬਸਤਰ ਪਾਉਂਦਾ ਹੈ ਤਾਂ ਕਹਿੰਦਾ ਹੈ, ਸੂਲੀ ਟੰਗਿਆ ਗਿਆ ਹਾਂ। ਕਿਸੇ ਸੇਵਾ ਕਰਨ ਵਾਲੀ ਚੀਜ਼ ਨੂੰ ਹੱਥ ਲਾਉਣ ਨੂੰ ਜੀਅ ਹੀ ਨਹੀਂ ਕਰਦਾ ਸਗੋਂ ਡਰਦਾ ਹੈ ਕਿ ਮੈਲ ਜਾਂ ਦਾਗ ਨਾ ਕੱਪੜਿਆਂ ਨੂੰ ਲੱਗ ਜਾਵੇ। ਸੇਵਕ ਨੂੰ ਚਾਹੀਦਾ ਹੈ ਕਿ ਬਿਨਾਂ ਮੈਲ ਤੋਂ ਸਾਦਾ ਬਾਣਾ ਪਹਿਨੇ ਅਤੇ ਆਲਸ ਤੇ ਸ਼ੌਕੀਨੀ ਤੋਂ ਦੂਰ ਰਹੇ।"

29 ਫਰਵਰੀ 1996 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ, ਲੇਖਕਾਂ ਦੀ ਇਕ ਬੈਠਕ ਵਿਚ ਬਚਨ ਕੀਤੇ ਕਿ ਸੇਵਾ ਕਰਨ ਵੇਲੇ ਸ਼ੌਕੀਨੀ ਨੂੰ ਮੁੱਖ ਨਹੀਂ ਰੱਖਣਾ ਚਾਹੀਦਾ। ਸਰੀਰ ਦੇ ਲਿਬੜਨ ਜਾਂ ਮੈਲੇ ਹੋਣ ਵੱਲ ਧਿਆਨ ਨਾ ਦੇ ਕੇ, ਤਨੋਂ-ਮਨੋਂ ਹੋ ਕੇ ਡੱਟ ਕੇ ਸੇਵਾ ਕਰਨੀ ਚਾਹੀਦੀ ਹੈ ਤੇ ਸੇਵਾ ਕਰਨ ਤੋਂ ਬਾਅਦ ਪੂਰੇ ਸਾਫ਼-ਸੁਥਰੇ ਹੋ ਕੇ ਰਹੋ। ਹਜ਼ੂਰ ਨੇ ਉਦਾਹਰਣ ਦਿੰਦਿਆਂ ਦੱਸਿਆ ਕਿ ਸਿਆਲਕੋਟ ਦੇ ਸ਼ੇਰ ਸਿੰਘ ਮੁਖ਼ਤਿਆਰ ਨੇ ਸਾਰਾ ਦਿਨ ਘਾਣੀ 'ਚ ਵੜਿਆ ਰਹਿਣਾ, ਇਹ ਸੇਵਾ ਕਰਦਿਆਂ ਸਰੀਰ ਗਾਰੇ 'ਚ ਲਿਬੜਿਆ ਰਹਿਣਾ ਅਤੇ ਸ਼ਾਮ ਨੂੰ ਸੇਵਾ ਤੋਂ ਵੇਹਲੇ ਹੋ ਕੇ ਉਸ ਨੇ ਇਸ਼ਨਾਨ ਕਰ, ਸਾਫ਼ ਸੁਥਰੇ ਸੋਹਣੇ ਬਸਤਰ ਪਾ ਕੇ,

ਵਧੀਆ ਤਿਆਰ ਹੋ ਕੇ ਬਾਹਰ ਨਿਕਲਣਾ।

### ਸੁਚੇਤ ਤੇ ਹਾਜ਼ਰਜਵਾਬ

ਬੇਅੰਤ ਜੀ ਬਚਪਨ ਤੋਂ ਹੀ ਬਹੁਤ ਹਾਜ਼ਰ ਜੁਆਬ ਅਤੇ ਸੁਚੇਤ ਬੁੱਧੀ ਦੇ ਮਾਲਕ ਰਹੇ ਹਨ। ਆਪ ਅਜੇ ਬਹੁਤ ਨਿੱਕੇ ਸਨ, ਕਿਸੇ ਮਹਾਂਪੁਰਸ਼ ਨੇ ਇਹਨਾਂ ਦਾ ਨਾਂ ਪੁੱਛਿਆ, ਉੱਤਰ ਵਿਚ ਬੇਅੰਤ ਜੀ ਨੇ 'ਅਕਾਲ ਉਸਤਤ' ਦੀਆਂ ਇਹ ਤੁਕਾਂ ਸੁਣਾਈਆਂ:

*"ਅਗਸਤ ਆਦਿ ਜੇ ਬਡੇ ਤਪਸਤਪੀ ਬਿਸੇਖੀਐ॥*
*ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ॥"*

ਜਦੋਂ ਬੇਅੰਤ ਜੀ ਨੇ ਸ੍ਰੀ ਦਸ਼ਮੇਸ਼ ਜੀ ਰਚਿਤ ਗੁਰਬਾਣੀ ਦੀਆਂ ਇਹ ਤੁਕਾਂ ਬੋਲੀਆਂ ਤਾਂ ਉਸ ਵੇਲੇ ਕੋਲ ਖੜ੍ਹੇ ਉਸਤਾਦ ਹਰਨਾਮ ਸਿੰਘ ਜੀ (ਜਿਨ੍ਹਾਂ ਪਾਸੋਂ ਬੇਅੰਤ ਜੀ ਰਾਗ ਦੀ ਸਿੱਖਿਆ ਪ੍ਰਾਪਤ ਕਰਦੇ ਰਹੇ), ਅਤੇ ਉਹ ਮਹਾਂਪੁਰਸ਼, ਬੇਅੰਤ ਜੀ ਦੀ ਹਾਜ਼ਰ ਜਵਾਬੀ ਸੁਣ ਕੇ ਬਹੁਤ ਪ੍ਰਭਾਵਿਤ ਹੋਏ। ਹੁਣ ਵੀ ਹਜ਼ੂਰ ਦੀ ਹਾਜ਼ਰਜੁਆਬੀ ਦਾ ਕੋਈ ਜਵਾਬ ਨਹੀਂ।

### ਪ੍ਰਤਿਭਾਸ਼ਾਲੀ ਸ਼ਖ਼ਸੀਅਤ

ਬੇਅੰਤ ਜੀ ਦਾ ਨਾਮ, ਬੇਅੰਤ ਜੀ ਹੈ, ਤੇ ਹੈਨ ਵੀ ਬੇਅੰਤ, ਜਿਹੜਾ ਇਨ੍ਹਾਂ ਦੇ ਦਰਸ਼ਨ ਕਰ ਲੈਂਦਾ, ਮੋਹਿਆ ਹੀ ਜਾਂਦਾ। ਆਪ ਜੀ ਦੀ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਤੋਂ ਹਰ ਦਰਸ਼ਨ ਕਰਨ ਵਾਲਾ ਪ੍ਰਭਾਵਿਤ ਹੁੰਦਾ ਹੀ।

ਬੇਅੰਤ ਜੀ ਦੇ ਚਿਹਰੇ 'ਤੇ ਅਲੌਕਿਕ ਨੂਰ ਨਜ਼ਰ ਆਉਂਦਾ ਰਿਹੈ। ਆਪ ਜੀ ਦੇ ਬਚਪਨ ਦੇ ਦੋਸਤ ਸੰਤ ਕੁੰਦਨ ਸਿੰਘ ਨਕਈ ਦੱਸਦੇ ਹਨ:

"ਬੇਅੰਤ ਜੀ ਬਚਪਨ ਵਿਚ ਇਤਨੇ ਸੋਹਣੇ ਸਨ ਕਿ ਜੀਅ ਕਰਦਾ ਸੀ ਕਿ ਵੇਖੀ ਜਾਈਏ, ਵੇਖਿਆਂ ਭੁੱਖ ਲਹਿੰਦੀ ਸੀ। ਬੇਅੰਤ ਜੀ ਹੱਥ ਲਾਇਆਂ ਮੈਲੇ ਹੁੰਦੇ ਸਨ। ਹਜ਼ੂਰ ਦੇ ਅਗਲੇ ਦੋ ਦੰਦਾਂ ਦੀ ਕੁਦਰਤੀ ਬਨਾਵਟ ਇਸ ਤਰ੍ਹਾਂ ਦੀ ਸੀ ਕਿ ਦੰਦ 'ਤੇ ਦੰਦ ਚੜ੍ਹਿਆ ਹੋਇਆ ਸੀ, ਇਹ ਦੰਦ ਆਪ ਜੀ ਦੇ ਚਿਹਰੇ 'ਤੇ ਬਹੁਤ ਫਬਦੇ ਸਨ।"

### ਸਹਿਣਸ਼ੀਲਤਾ ਤੇ ਸਾਦਗੀ

ਬੇਅੰਤ ਜੀ ਵਿਚ ਅੱਤ ਦੀ ਸਹਿਣਸ਼ੀਲਤਾ ਸ਼ੁਰੂ ਤੋਂ ਹੀ ਰਹੀ ਹੈ। ਸਖ਼ਤੀਆਂ ਝੱਲਦੇ ਹੋਏ

ਆਪ ਨੇ ਕਦੇ ਸਾਹਿਬਜ਼ਾਦੇ ਹੋਣ ਦਾ ਮਾਣ ਕਰਦਿਆਂ, ਸਹਿਣਸ਼ੀਲਤਾ ਨਹੀਂ ਸੀ ਛੱਡੀ, ਕੋਈ ਗੱਲ ਦਿਲ 'ਤੇ ਨਹੀਂ ਲਗਾਈ, ਧੀਰਜ ਵੀ ਲੋਹੜੇ ਦਾ ਸੀ, ਜੋ ਹੁਣ ਤਾਂ ਅਥਾਹ ਹੋ ਚੁੱਕਾ ਹੈ।

ਦੂਜਿਆਂ ਦੇ ਦੁੱਖ ਦੂਰ ਕਰਨ ਲਈ ਬੇਅੰਤ ਜੀ, ਖ਼ੁਦ ਕਸ਼ਟ ਸਹਿਣਾ ਪਰਵਾਨ ਕਰ ਲੈਂਦੇ। ਇਕ ਵਾਰ ਨਿੱਕੇ ਹੁੰਦਿਆਂ ਨੂੰ, ਬਾਣੀ ਕੰਠ ਨਾ ਕਰਨ 'ਤੇ ਇਕ ਅਧਿਆਪਕ, ਬੇਅੰਤ ਜੀ ਨੂੰ ਖੂਹ ਵਿਚ ਲਮਕਾ ਕੇ ਬਹੁਤ ਸਖ਼ਤ ਸਜ਼ਾ ਦੇ ਰਹੇ ਸਨ, ਸੰਤ ਸੋਹਣ ਸਿੰਘ ਜੀ ਗੁੰਨੇ ਵਾਲਿਆਂ ਨੇ ਵੇਖ ਲਿਆ ਤੇ ਉਨ੍ਹਾਂ ਨੂੰ ਸਾਹਿਬਜ਼ਾਦੇ 'ਤੇ ਕੀਤੀ ਜਾ ਰਹੀ ਇਸ ਸਖ਼ਤੀ ਅਤੇ ਬੇਅਦਬੀ 'ਤੇ ਬੜਾ ਗੁੱਸਾ ਆਇਆ ਤੇ ਜੀਅ ਕੀਤਾ ਬਈ ਮਾਸਟਰ ਨੂੰ ਮਾਰ ਦਿਆਂ ਪਰ ਜਦੋਂ ਉਨ੍ਹਾਂ ਹੱਥ ਚੁਕਿਆ, ਬੇਅੰਤ ਜੀ ਨੇ ਉਸੇ ਵੇਲੇ ਸੰਤਾਂ ਨੂੰ ਰੋਕ ਕੇ ਬਚਨ ਕੀਤਾ,

"ਸੰਤ ਜੀ, ਨਾ...!"

ਸੰਤ ਸੋਹਣ ਸਿੰਘ ਜੀ ਨੇ ਕਲਾਸ ਵਿਚ ਆ ਕੇ ਦੱਸਿਆ ਕਿ ਜੇ 'ਬੇਅੰਤ ਜੀ' ਮੈਨੂੰ ਨਾ ਰੋਕਦੇ ਤਾਂ ਖ਼ਬਰੇ ਮੈਂ ਗੁੱਸੇ ਵਿਚ ਮਾਸਟਰ ਨੂੰ ਖੂਹ ਵਿਚ ਸੁੱਟ ਦਿੰਦਾ।

ਬੇਅੰਤ ਜੀ ਦਾ ਜੀਵਨ ਬਹੁਤ ਸਾਦਗੀ ਭਰਪੂਰ ਰਿਹਾ ਹੈ। ਆਪ ਜ਼ਮੀਨ 'ਤੇ ਸੱਫ ਵਿਛਾ ਕੇ ਸੌਂਦੇ ਰਹੇ। ਕੋਠੀ ਵਿਚ ਵਿਚਕਾਰਲੇ ਕਮਰੇ 'ਚ ਸਿਰਫ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮੰਜਾ ਹੁੰਦਾ ਸੀ, ਬਾਕੀ ਸਾਰੇ ਭੁੰਜੇ ਹੀ ਸੌਂਦੇ ਸਨ। ਵਿਦਿਆਲੇ ਦੇ ਵਿਦਿਆਰਥੀ ਕਦੇ ਭੁੰਜੇ, ਕਦੇ ਬੈਂਚਾਂ 'ਤੇ ਸੌਂਇਆ ਕਰਦੇ ਸਨ। ਹੁਣ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜੀਵਨ ਹਮੇਸ਼ਾ ਵਾਂਗ ਅਤਿਅੰਤ ਸਾਦਗੀ ਭਰਪੂਰ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਰ ਸਿੱਖ ਨੂੰ ਆਪਣਾ ਪਹਿਰਾਵਾ ਅਡੰਬਰ-ਹੀਣ ਰੱਖਣ ਦੀ ਪ੍ਰੇਰਨਾ ਦਿੰਦੇ ਤੇ ਬਚਨ ਕਰਦੇ ਸਨ, "ਸ਼ਾਇਦ ਕੋਈ ਵਕਤ ਆਵੇ ਜਦੋਂ ਭੁੱਖ-ਤ੍ਰੇਹ ਵੀ ਕੱਟਣੀ ਪਵੇ, ਇਸ ਲਈ ਮਨੁੱਖ ਨੂੰ ਫੈਸ਼ਨ, ਬਹੁਤੇ ਕੱਪੜੇ ਤੇ ਬਹੁਤੇ ਪਸਾਰੇ ਨਹੀਂ ਚਾਹੀਦੇ।"

### ਬੇਅੰਤ ਜੀ ਦੇ ਦੋਸਤ

ਬੇਅੰਤ ਜੀ ਦੇ ਬਹੁਤ ਨੇੜਲੇ ਦੋਸਤਾਂ ਵਿਚੋਂ ਕੁੰਦਨ ਸਿੰਘ ਨਕਈ ਅਤੇ ਪੰਡਤ ਰਾਜਿੰਦਰ ਸਿੰਘ ਗੁਰੂਸਰ (ਬੇਅੰਤ ਜੀ ਦੇ ਮਾਮਾ ਸੂਬਾ ਨਾਹਰ ਸਿੰਘ ਜੀ ਦੇ ਪੁੱਤਰ) ਹੋਇਆ ਕਰਦੇ ਸਨ। ਇਨ੍ਹਾਂ ਤਿੰਨਾਂ ਗੂੜ੍ਹੇ ਦੋਸਤਾਂ ਦੀ ਤਿੱਕੜੀ ਮਸ਼ਹੂਰ ਸੀ। ਬੇਅੰਤ ਜੀ ਦੇ ਮਾਮਾ ਜੀ ਸੂਬਾ ਮੀਂਹਾ ਸਿੰਘ ਦੇ ਪੁੱਤਰ ਭੁਪਿੰਦਰ ਸਿੰਘ 'ਸੁਖਦੇਵ' ਵੀ ਆਪ ਜੀ ਦੇ ਸਹਿਪਾਠੀ ਅਤੇ ਦੋਸਤ ਸਨ।

ਬੇਅੰਤ ਜੀ ਦੇ ਸੇਵਾ ਕਰਨ ਦੇ ਚਾਅ ਬਾਰੇ ਸੰਤ ਕੁੰਦਨ ਸਿੰਘ ਨਕਈ ਦੱਸਦੇ ਹਨ: "ਵਿਦਿਆਰਥੀ ਕਾਲ ਵਿਚ ਸਕੂਲ ਦੇ ਉਰਲੇ ਪਾਸੇ ਇਮਲੀ ਦੇ ਦਰਖ਼ਤ ਥੱਲੇ ਬੇਅੰਤ ਜੀ ਆਪਣੀ ਵਾਰੀ 'ਤੇ ਲੰਗਰ ਬਣਾਇਆ ਕਰਦੇ ਸਨ। ਉਦੋਂ ਵਿਦਿਆਲੇ ਵਿਚ ਲਗਭਗ ਸੱਤਰ ਕੁ

ਵਿਦਿਆਰਥੀ ਹੁੰਦੇ ਸਨ। ਇਸ ਤਰ੍ਹਾਂ ਦਾ ਨਿਯਮ ਬਣਾਇਆ ਹੋਇਆ ਸੀ ਕਿ ਵਾਰੋ-ਵਾਰੀ ਦੋ ਮੁੰਡੇ ਲੰਗਰ ਬਣਾਉਂਦੇ ਸਨ ਤੇ ਫਿਰ ਸਾਰਿਆਂ ਨੂੰ ਪ੍ਰਸ਼ਾਦਾ ਛਕਾਉਂਦੇ ਸਨ। ਨਿਤਨੇਮ ਤੋਂ ਮਗਰੋਂ ਲੰਗਰ ਬਨਾਉਣਾ ਸ਼ੁਰੂ ਕੀਤਾ ਜਾਂਦਾ ਸੀ। ਜਿਸ ਦਿਨ ਬੇਅੰਤ ਜੀ ਦੀ ਵਾਰੀ ਹੁੰਦੀ, ਇਨ੍ਹਾਂ ਆਪ ਭਾਂਡੇ ਮਾਂਜਣੇ, ਆਟਾ ਗੁੰਨਣਾ, ਸਬਜ਼ੀ ਧਰਨੀ, ਪ੍ਰਸ਼ਾਦੇ ਪਕਾਉਣੇ, ਫਿਰ ਮੁੰਡੇ ਬੁਲਾ ਕੇ, ਉਨ੍ਹਾਂ ਦੇ ਹੱਥ ਧੁਆਉਣੇ, ਉਨ੍ਹਾਂ ਨੂੰ ਬੜੇ ਪ੍ਰੇਮ ਅਤੇ ਸੁਚੱਜੇ ਢੰਗ ਨਾਲ ਪ੍ਰਸ਼ਾਦਾ ਛਕਾਉਣਾ। ਬੇਅੰਤ ਜੀ ਬੜੀ ਫੁਰਤੀ ਅਤੇ ਤੇਜ਼ੀ ਨਾਲ ਲੰਗਰ ਬਣਾਉਂਦੇ। ਇਕ ਦਿਨ ਬੇਅੰਤ ਜੀ ਲੰਗਰ ਬਣਾ ਰਹੇ ਸਨ ਅਤੇ ਮੇਰੀ ਡਿਊਟੀ ਲੱਗੀ ਸੀ ਕਾਂ ਵਗੈਰਾ ਪੰਛੀ ਉਡਾਉਣ ਦੀ, ਮੈਂ ਧਿਆਨ ਰੱਖਦਾ ਸਾਂ ਕਿ ਕੋਈ ਪੰਛੀ ਦਰਖ਼ਤ ਉਤੇ ਬੈਠ ਕੇ, ਬਿੱਠ ਵਗੈਰਾ ਕਰ ਕੇ ਲੰਗਰ ਖੁੱਲ੍ਹਾ ਜਾਂ ਅਪਵਿੱਤਰ ਨਾ ਕਰ ਦੇਵੇ। ਉਸ ਦਿਨ ਇਕ ਕਾਂ ਆ ਕੇ ਦਰਖ਼ਤ 'ਤੇ ਬੈਠ ਗਿਆ ਤੇ ਮੈਂ ਢੀਮ ਮਾਰੀ, ਉਹ ਕਾਂ ਨੂੰ ਵੱਜ ਗਈ ਤੇ ਕਾਂ ਭੁੰਜੇ ਡਿਗ ਪਿਆ। ਬੇਅੰਤ ਜੀ ਇਤਨੇ ਨਰਮ ਦਿਲ ਦੇ ਮਾਲਕ, ਕਹਿਣ ਲੱਗੇ ਕਿ 'ਜੇ ਇਹ ਕਾਂ ਮਰ ਗਿਆ ਤਾਂ ਪਾਪ ਹੋ ਜਾਵੇਗਾ', ਇੰਨਾ ਕਹਿੰਦਿਆਂ ਨੂੰ ਹੀ ਕਾਂ ਉੱਡ ਗਿਆ। ਮੈਂ ਕਿਹਾ, 'ਔਹ ਵੇਖੋ, ਤੁਸਾਂ ਵੇਖਿਆ ਹੈ ਕਿ ਕਾਂ ਉੱਡ ਗਿਐ, ਬਸ ਕੰਮ ਮੁੱਕ ਗਿਐ, ਹੁਣ ਪਾਪ ਨਹੀਂ ਲਗਦਾ।"

ਬੇਅੰਤ ਜੀ ਦੇ ਦਾਨੀ ਅਤੇ ਉਦਾਰ ਸੁਭਾਅ ਬਾਰੇ ਸੰਨ 1930-31 ਦੇ ਸਮੇਂ ਦਾ ਪੰਡਤ ਰਾਜਿੰਦਰ ਸਿੰਘ ਗੁਰੂਸਰ ਇਉਂ ਵਰਨਣ ਕਰਦੇ ਹਨ,

"ਬੇਅੰਤ ਜੀ! ਬੇਅੰਤ ਜੀ ਹੀ ਸਨ। ਮੈਂ ਛੋਟੇ ਹੁੰਦਿਆਂ ਏਨ੍ਹਾਂ ਦਾ ਖਜ਼ਾਨਚੀ ਰਿਹਾ ਹਾਂ, ਜਿਸ ਵਾਸਤੇ ਮੈਨੂੰ ਹੋਰ ਵੀ ਪਤਾ ਹੈ, ਏਹਨਾਂ ਦੇ ਖੁਲ੍ਹਾਸੇਪਣ ਦਾ। ਬੇਅੰਤ ਜੀ ਨੂੰ ਕਈ ਸ਼ਰਧਾਲੂ ਪੈਸੇ ਮੱਥਾ ਟੇਕ ਦਿੰਦੇ ਸਨ। ਮੇਰੇ ਅੰਦਾਜ਼ੇ ਵਿਚ ਇਕ ਰੁਪਈਆ ਰੋਜ਼ ਬੇਅੰਤ ਜੀ ਨੂੰ ਮੱਥਾ ਟਿਕ ਜਾਂਦਾ ਸੀ, ਛੋਟੇ ਹੁੰਦਿਆਂ। ਇਸ ਰੁਪਏ ਨੂੰ ਸਾਂਭਣਾ ਬੇਅੰਤ ਜੀ ਵਾਸਤੇ ਬਹੁਤ ਵੱਡੀ ਸਮੱਸਿਆ ਸੀ। ਸੋਚ ਸੋਚ ਕੇ ਮੈਨੂੰ ਉਹਨਾਂ ਖਜ਼ਾਨਚੀ ਬਣਾ ਲਿਆ। ਖ਼ਜ਼ਾਨਾ ਮੇਰੇ ਕੋਲ ਜਮ੍ਹਾਂ ਪਿਛੋਂ ਹੁੰਦਾ ਸੀ ਤੇ ਖਾਲ੍ਹੀ ਪਹਿਲਾਂ...ਜਮ੍ਹਾਂ ਹੋਣ ਬਾਬਤ ਤਾਂ ਮੈਨੂੰ ਪਤਾ ਸੀ ਪਰ ਖਰਚ ਕਿਵੇਂ ਹੁੰਦੇ ਸਨ, ਏਸ ਦਾ ਮੈਨੂੰ ਅੱਜ ਤਕ ਪਤਾ ਨਹੀਂ ਲਗ ਸਕਿਆ ਤੇ ਨਾ ਹੀ ਮੈਂ ਪੁੱਛਣ ਦੀ ਕਦੇ ਕੋਸ਼ਿਸ਼ ਕੀਤੀ। ਬੇਅੰਤ ਜੀ ਨੇ ਤਾਂ ਧਨ ਪਦਾਰਥ ਵਰਤਾਉਣਾ ਹੀ ਸਿੱਖਿਆ ਹੈ। ਸਾਡਾ ਏਹ ਸਮਝੌਤਾ ਬੇਹੱਦ ਚੁੱਪ-ਚੁਪੀਤਾ ਸੀ। ਕਾਫੀ ਦੇਰ ਪਿਛੋਂ, ਮੇਰਾ ਖਜ਼ਾਨਚੀ ਬਣੇ ਦਾ ਕਵੀ ਪ੍ਰੀਤਮ ਸਿੰਘ (ਬੇਅੰਤ ਜੀ ਦੇ ਸਹਿਪਾਠੀ) ਨੂੰ ਪਤਾ ਲਗ ਗਿਆ। ਏਸ ਗੱਲ ਤੋਂ ਕਵੀ ਜੀ ਬੜੇ ਪਰੇਸ਼ਾਨ ਹੋ ਗਏ ਤੇ ਬੇਅੰਤ ਜੀ ਦੇ ਨਾਂ ਇਕ ਕਵਿਤਾ ਲਿਖੀ,

"ਬਿਪਰ ਬਿਲਾਵਲ ਸੋਂ ਦੇਤ ਹੋ ਰਜਤਪਣ
ਕਵੀ ਕੋ ਕੁਸ਼ਲ ਏਕ ਕਰਤੇ ਨਾ ਕਾਜ ਹੋ

ਬਿਪਰ ਮਨਾਵੋ ਦੀਨਾ ਦੀਨ ਅਤੀ ਦੀਨ ਹਵੈ ਕੇ
ਕਵੀ ਕਾਹੇ ਕੀਰਨੈ ਨਿਦਾਨ ਭੀ ਨਰਾਜ਼ ਹੋ
ਨਿਸ ਦਿਨ ਫਿਰਤ ਰਾਜ਼ਿੰਦ੍ਰ ਕੇ ਆਗੇ-ਪੀਛੇ
ਆਂਖ ਨਾ ਮਿਲਾਵੋ ਕਵੀ ਸੰਗ ਪ੍ਰਿਯ ਆਜ ਹੋ
ਕੈਸੇ ਬਨ ਆਵੈ ਤੁਮ ਸੰਗ ਕਵੀ ਪ੍ਰੀਤਮ ਕੀ
ਤੁਮ ਜਗਜੀਤ ਸਿੰਘ ਐਸੇ ਮਹਾਰਾਜ ਹੋ।"

ਸੰਤ ਗੁਰਦੇਵ ਸਿੰਘ ਰਾਮਪੁਰ ਵਾਲੇ ਵੀ ਬੇਅੰਤ ਜੀ ਦੇ ਨੇੜਲੇ ਦੋਸਤਾਂ ਵਿਚ ਸ਼ਾਮਲ ਰਹੇ ਹਨ। ਆਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿੱਜੀ ਸਕੱਤਰ ਤੇ ਡਰਾਈਵਰ ਸਨ।

**ਖੇੜੇ ਭਰਿਆ ਸੁਭਾਅ:**

ਬੇਅੰਤ ਜੀ ਦਾ ਸੁਭਾਅ ਬਚਪਨ ਤੋਂ ਹੀ ਖ਼ੁਸ਼ੀਆਂ ਤੇ ਖੇੜਿਆਂ ਭਰਪੂਰ ਰਿਹਾ ਹੈ। ਆਪ ਆਪਣੇ ਸਾਥੀਆਂ ਨਾਲ ਹਾਸ-ਰਸ ਦਾ ਵੀ ਭਰਪੂਰ ਅਨੰਦ ਉਠਾਉਂਦੇ ਰਹੇ।

ਇਕ ਬੜੀ ਦਿਲਚਸਪ ਘਟਨਾ ਬਾਰੇ ਪੰਡਤ ਰਾਜਿੰਦਰ ਸਿੰਘ ਇਉਂ ਲਿਖਦੇ ਹਨ,

"ਇਕ ਦਿਨ ਸ਼ਾਮੀਂ ਤਿੰਨ ਵਜੇ ਸਕੂਲ ਦੀ ਛੁੱਟੀ ਮਗਰੋਂ ਬੇਅੰਤ ਜੀ ਕਹਿਣ ਲੱਗੇ, 'ਰਾਜਿੰਦਰ ਆ ਤੈਨੂੰ ਇੱਕ ਗੱਲ ਦੱਸਾਂ?'

ਮੈਂ ਬੜੇ ਚਾਅ ਨਾਲ ਕੰਨ ਅੱਗੇ ਵਧਾ ਦਿਤੇ, ਕਹਿਣ ਲੱਗੇ, 'ਅੱਜ ਸੰਤ ਲਾਭ ਸਿੰਘ ਫੱਤਾ ਨੇ, ਬਲੀ ਸਿੰਘ ਕਮੋਅ ਨੂੰ ਸੱਦ ਕੇ ਕਿਹਾ, 'ਤੂੰ ਅੱਜ ਨ੍ਹਾਤਾ ਕਿਉਂ ਨਹੀਂ?'

'ਮੈਂ ਤਾਂ ਜੀ, ਸੁਵਖਤੇ ਹੀ ਇਸ਼ਨਾਨ ਕਰ ਲਿਆ ਸੀ।', ਬਲੀ ਸਿੰਘ ਕਿਹਾ।

'ਨਹੀਂ ਤੂੰ ਝੂਠ ਬੋਲਦਾ ਹੈਂ? ਤੂੰ ਬਿਲਕੁਲ ਨਹੀਂ ਨਾਤ੍ਹਾ' ਸੰਤ ਲਾਭ ਸਿੰਘ ਕਿਹਾ।

'ਮੈਂ ਝੂਠ ਕਾਸ ਵਾਸਤੇ ਬੋਲਣਾ ਹੈ। ਮੈਂ ਅੱਜ ਜ਼ਰੂਰ ਨ੍ਹਾਤਾ ਸੀ।' ਬਲੀ ਸਿੰਘ ਕਿਹਾ।

ਸੰਤ ਲਾਭ ਸਿੰਘ ਨੇ ਵੱਟ ਕੇ ਚਪੇੜ ਜੜ ਦਿਤੀ।

ਸੰਤਾਂ ਨੇ ਬਲੀ ਸਿੰਘ ਦੇ ਚਪੇੜ ਮਾਰੀ ਸੀ ਜਾਂ ਨਹੀਂ, ਬੇਅੰਤ ਜੀ ਨੇ ਗੱਲ ਦਸਦਿਆਂ ਮੇਰੇ ਵੱਟ ਕੇ ਚਪੇੜ ਜੜ ਦਿੱਤੀ। ਅੱਧਾ ਮਿੰਟ ਤਾਂ ਮੈਨੂੰ ਪਤਾ ਨਹੀਂ ਲਗਾ ਕਿ ਕੀ ਹੋਇਆ ਹੈ। ਕੰਨ ਸਾਂ ਸਾਂ ਕਰ ਰਿਹਾ ਸੀ। ਜਦੋਂ ਮੈਂ ਸੰਭਲ ਕੇ ਵੇਖਿਆ ਬੇਅੰਤ ਜੀ ਤੇਜ਼ੀ ਨਾਲ ਕੋਠੀ ਵੱਲ ਦੌੜੀ ਜਾ ਰਹੇ ਸਨ। ਮੈਂ ਵੀ ਪੂਰੀ ਤੇਜ਼ੀ ਨਾਲ ਪਿੱਛਾ ਕੀਤਾ—ਉਹ ਭੱਜੇ ਜਾਂਦੇ ਰਾਮਸਰ ਵੱਲ ਆਉਂਦੇ ਰਾਹ ਦਾ ਫਾਟਕ ਬੰਦ ਕਰ ਗਏ। ਮੈਂ ਫਾਟਕ ਖੋਲ੍ਹ ਕੇ ਹੋਰ ਤੇਜ਼ੀ ਨਾਲ ਫੜਨ ਦੀ ਕੋਸ਼ਿਸ਼ ਕੀਤੀ। ਸ੍ਰੀ ਜੀ ਨੇ ਕੋਠੀ ਅੰਦਰ ਵੜ ਕੇ ਦਰਵਾਜ਼ੇ ਬੰਦ ਕਰ ਲਏ। ਕੋਠੀ ਇਹੋ ਸੀ, ਜਿਸ ਵਿਚ ਸ੍ਰੀ

ਸਤਿਗੁਰੂ ਜਗਜੀਤ ਸਿੰਘ ਜੀ ਨਿਵਾਸ ਰਖਦੇ ਹਨ। ਮੈਂ ਆਪਣੇ ਵਰਗਾ ਮੂੰਹ ਲੈ ਕੇ ਵਾਪਸ ਸਕੂਲ ਆ ਗਿਆ।"

ਨਕਈ ਜੀ ਦਸਦੇ ਹਨ ਕਿ ਮੈਂ ਵੀ ਉਸ ਵੇਲੇ ਮਗਰ ਨਾਲ ਸਾਂ।

ਬੇਅੰਤ ਜੀ ਸਦਾ ਅਨੰਦ 'ਚ ਤੇ ਆਪਣੀ ਮੌਜ ਵਿਚ ਰਹੇ ਹਨ। ਇਕ ਵਾਰ ਆਪ ਨੇ ਕੁੰਦਨ ਸਿੰਘ ਨਕਈ ਨੂੰ ਆਖਿਆ,

"ਆਪਾਂ ਨਹੀਂ ਲੜੇ ਕਦੇ, ਬਾਕੀ ਸਾਰੇ ਲੜ ਪੈਂਦੇ ਹਨ।"

"ਜੀ, ਆਪਾਂ ਵੀ ਲੜ ਪੈਂਦੇ ਹਾਂ, ਜਿਸ ਤਰ੍ਹਾਂ ਤੁਸੀਂ ਆਖੋ।"

ਨਕਈ ਜੀ ਨੇ ਜਵਾਬ ਵਿਚ ਕਿਹਾ।

"ਚੰਗਾ ਫਿਰ ਮੈਂ ਤੇਰੇ ਨਾਲ ਨਹੀਂ ਬੋਲਣਾ" ਬੇਅੰਤ ਜੀ ਕਿਹਾ।

"ਠੀਕ ਹੈ" ਨਕਈ ਜੀ ਨੇ ਜਵਾਬ ਦਿਤਾ।

ਦੋਵੇਂ ਜਣੇਂ ਕਰੀਬ ਡੇਢ ਕੁ ਮਹੀਨਾ ਨਹੀਂ ਬੋਲੇ ਤੇ ਫਿਰ ਇਕ ਦਿਨ ਬੇਅੰਤ ਜੀ ਆਖਿਆ,

"ਹੁਣ ਆਪਾਂ ਰਾਜ਼ੀਨਾਵਾਂ ਕਰ ਲਈਏ"

'ਸਤਿਬਚਨ' ਨਕਈ ਜੀ ਨੇ ਕਿਹਾ ਤੇ ਫਿਰ ਉਸ ਮਗਰੋਂ ਦੋਵੇਂ ਕਦੇ ਨਹੀਂ ਲੜੇ। ਇਸ ਤਰ੍ਹਾਂ ਦੇ ਬਚਪਨ ਦੇ ਰੋਸੇ ਅਤੇ ਰਾਜ਼ੀਨਾਵੇਂ ਹੁੰਦੇ ਸਨ।

ਨਕਈ ਜੀ ਦੱਸਦੇ ਹਨ,

"ਇਕ ਵਾਰ ਅਸੀਂ ਕੁਝ ਵਿਦਿਆਰਥੀ ਬੇਅੰਤ ਜੀ ਨਾਲ, ਨੀਲੋਂ ਨਹਿਰ ਵਾਲੇ ਡੇਰੇ 'ਤੇ ਨਹਿਰ 'ਚ ਤੈਰਨ ਤੇ ਇਸ਼ਨਾਨ ਕਰਨ ਗਏ। ਉਥੇ ਭੁੱਖ ਲੱਗ ਗਈ, ਉਥੇ ਹੀ ਆਟਾ ਗੁੰਨਿਆ, ਰੋਟੀਆਂ ਪਕਾ ਪਕਾ ਖਾਈ ਜਾਈਏ। ਇਕ ਕੁੱਜੇ ਵਿਚ ਮਿੱਠਾ ਸੋਡਾ ਸੀ ਅਤੇ ਦੂਜੇ ਕੁੱਜੇ ਵਿਚ ਲੂਣ ਸੀ, ਇਹ ਤਾਂ ਪਤਾ ਨਾ ਲੱਗਾ ਕਿ ਕਿਹੜੇ ਵਿਚ ਸੋਡਾ ਹੈ ਅਤੇ ਕਿਹੜੇ ਵਿਚ ਲੂਣ, ਬਸ ਅਸੀਂ ਥੋੜ੍ਹਾ ਜਿਹਾ ਲੈ ਕੇ ਰੋਟੀ ਉੱਪਰ ਝੱਸ ਲਈਏ ਤੇ ਖਾਣ ਲਗ ਪਈਏ। ਭੁਲੇਖੇ ਨਾਲ ਸੋਡਾ ਪਾ ਕੇ ਰੋਟੀ 'ਤੇ ਝੱਸ ਕੇ ਸਾਰੇ ਖਾ ਗਏ। ਉਨ੍ਹਾਂ ਦਿਨਾਂ 'ਚ ਭੁੱਖ ਵੀ ਬਹੁਤ ਲਗਦੀ ਸੀ। ਖਾ ਕੇ ਨਹਿਰ 'ਚ ਨਹਾਉਣ ਲਗ ਜਾਣਾਂ, ਫਿਰ ਭੁੱਖ ਲਗਣੀ...ਆ ਕੇ ਫਿਰ ਖਾਣ ਲਗ ਜਾਣਾਂ ਤੇ ਫਿਰ ਨਹਿਰ 'ਚ ਵੜ ਜਾਣਾਂ। ਅਚਾਨਕ ਰਾਜਿੰਦਰ ਨੇ ਸੋਡੇ ਨੂੰ ਹੱਥ ਲਾ ਕੇ ਵੇਖਿਆ ਤੇ ਕਹਿਣ ਲੱਗਾ, "ਇਹ ਤਾਂ ਸੋਡਾ ਹੈ, ਫਿਰ ਲੂਣ ਵੀ ਲੱਭ ਗਿਆ ਤੇ ਉਸ ਆਖਿਆ, 'ਅੱਗੇ ਤਾਂ ਸੋਡੇ ਨਾਲ ਹੀ ਖਾ ਲਈਆਂ, ਹੁਣ ਲੂਣ ਲੱਭ ਗਿਐ।"

ਪੰਡਤ ਰਾਜਿੰਦਰ ਸਿੰਘ ਬਚਪਨ ਵਿਚ ਬੇਅੰਤ ਜੀ ਨਾਲ ਬਿਤਾਏ ਪਲਾਂ ਬਾਰੇ ਇਉਂ ਲਿਖਦੇ ਹਨ,

"ਸ਼ਾਮ ਨੂੰ ਜਿਵੇਂ ਕਥਾ ਕੀਰਤਨ ਜ਼ਰੂਰੀ ਸੀ, ਉਸੇ ਤਰ੍ਹਾਂ ਹੀ ਦੀਵਾਨ ਵਿੱਚ ਸਾਡਾ ਹਾਜ਼ਰ

ਹੋਣਾ ਵੀ ਲਾਜ਼ਮੀ ਸੀ। ਜਿਥੇ ਬੈਠਣਾ ਹੁੰਦਾ, ਅਸੀਂ ਪਹਿਲਾਂ ਹੀ ਉਹ ਥਾਂ ਤੱਕ ਲੈਂਦੇ। ਆਮ ਕਰਕੇ ਅਸੀਂ ਸਤਿਗੁਰੂ ਜੀ ਦੇ ਪਿੱਛੇ ਜਾਂ ਕਿਸੇ ਮੋਟੇ ਸੰਤ ਦੀ ਆੜ ਵਿਚ ਬੈਠਦੇ, ਜਿਥੇ ਅਸੀਂ ਲੋੜ, ਪੈਣ ਉਤੇ ਹੱਸ ਲਈਏ ਤੇ ਗੱਲਾਂ ਵੀ ਕਰ ਲਈਏ। ਸਾਡੀਆਂ ਗੱਲਾਂ ਨੂੰ ਅਸੀਂ ਹੀ ਜਾਣਦੇ ਸਾਂ ਜਾਂ ਮਾਸਟਰ ਬਲਵੰਤ ਸਿੰਘ ਜੀ।"

"ਦੀਵਾਨ ਵਿਚ ਸਾਡੇ ਲਈ ਸਭ ਤੋਂ ਵੱਡਾ ਆਕਰਸ਼ਨ ਸਤਿਗੁਰਾਂ ਦੀ ਅਵਾਜ਼ ਤੇ ਉਨ੍ਹਾਂ ਦਾ ਤਾਊਸ ਹੁੰਦੇ ਸਨ। ਅਰਦਾਸ ਪਿਛੋਂ ਜਦੋਂ ਸੰਗਤ ਅਤੇ ਸਤਿਗੁਰੂ ਜੀ ਬਚਨ ਬਿਲਾਸ ਵਿਚ ਰੁੱਝ ਜਾਂਦੇ ਤਾਂ ਅਸੀਂ ਹੌਲੀ ਦੇ ਕੇ ਖਿਸਕ ਜਾਂਦੇ। ਫੇਰ ਵੀ ਅਸੀਂ ਭਾਈ ਵਜੀਰ ਸਿੰਘ ਜੀ ਨੂੰ ਛੇੜੇ ਬਿਨਾਂ ਨਾ ਰਹਿੰਦੇ। ਭਾਈ ਜੀ ਦੀ ਸਭ ਤੋਂ ਵੱਡੀ ਕਮਜ਼ੋਰੀ ਦਾ ਸਾਨੂੰ ਪਤਾ ਸੀ। ਇਕ ਪਾਸੇ ਬੇਅੰਤ ਜੀ ਨੇ ਜਾ ਬਹਿਣਾ ਤੇ ਦੂਸਰੇ ਪਾਸੇ ਮੈਂ। ਸਾਨੂੰ ਦੂਰੋਂ ਹੀ ਵੇਖ ਕੇ ਭਾਈ ਸਾਹਿਬ ਨੇ ਆਲੇ-ਦੁਆਲੇ ਬੈਠੀ ਸੰਗਤ ਨੂੰ ਕਹਿਣਾ, 'ਤੁਸੀਂ ਹੁਣ ਪਰ੍ਹੇ ਹੋ ਜਾਵੋ ਤੇ ਮੈਨੂੰ ਇਨ੍ਹਾਂ ਨਾਲ ਨਿੱਬੜ ਲੈਣ ਦਿਓ।' ਸੱਫ ਉਤੇ ਲੰਮੇ ਪਏ ਹੀ ਭਾਈ ਜੀ ਸਾਡੇ ਕਾਬੂ ਔਂਦੇ। ਜੇ ਬੇਅੰਤ ਜੀ ਵੱਲ ਮੂੰਹ ਕਰਦੇ ਤਾਂ ਮੈਂ ਕੱਛ ਵਿਚ ਉਂਗਲੀ ਲਾ ਦੇਣੀ ਤੇ ਜੇ ਮੇਰੇ ਵੱਲ ਮੂੰਹ ਕਰਦੇ ਤਾਂ ਬੇਅੰਤ ਜੀ ਨੇ ਕੁਤਕੁਤਾੜੀ ਕੱਢ ਦੇਣੀ। ਭਾਈ ਜੀ ਨੇ ਕੇਸੂ ਦੇ ਫੁੱਲ ਵਾਂਗੂ ਖਿੜ ਪੈਣਾ। ਭਾਈ ਜੀ ਸਾਨੂੰ ਪਿਆਰ ਬਹੁਤ ਕਰਦੇ ਸਨ, ਸਾਡੇ ਨਾਲ ਹਮੇਸ਼ਾ ਹੱਸਦੇ-ਖੇਡਦੇ ਰਹਿੰਦੇ ਤੇ ਬੱਚੇ ਸਮਝ ਕੇ ਸਾਡੀਆਂ ਨਿੱਕੀਆਂ-ਨਿੱਕੀਆਂ ਗੱਲਾਂ ਨੂੰ ਨਜ਼ਰ ਅੰਦਾਜ਼ ਵੀ ਕਰਦੇ ਰਹਿੰਦੇ ਸਨ।'

"ਤੁਹਾਨੂੰ ਕਿਹਾ ਸੀ ਨਾ ਏਹ ਜ਼ਰੂਰ ਛੇੜਨਗੇ, ਮੈਨੂੰ ਉਠਾਏ ਬਿਨਾਂ ਨਹੀਂ ਜਾਣਾ ਇਨ੍ਹਾਂ ਨੇ, ਤੇ ਸੱਚਮੁੱਚ ਹੀ ਜਦੋਂ ਭਾਈ ਜੀ ਹੋਰੀਂ ਉਠ ਬਹਿੰਦੇ, ਅਸੀਂ ਅੱਗੇ ਵੱਧ ਜਾਂਦੇ।"

ਬੱਲੋ ਜੀ, (ਬਾਬਾ ਬੀਰ ਸਿੰਘ) ਦੇ ਕੁਤਕੁਤਾੜੀਆਂ ਬਹੁਤ ਹੁੰਦੀਆਂ ਸਨ ਅਤੇ ਜਿਸਮ ਬੜਾ ਗੋਭਲਾ ਜਿਹਾ ਸੀ। ਬੇਅੰਤ ਜੀ, ਬੱਲੋ ਜੀ ਨੂੰ ਦੂਰੋਂ ਹੀ ਸੈਨਤਾਂ ਨਾਲ ਉਂਗਲਾਂ ਕਰ ਕੇ ਕੁਤਕੁਤਾੜੀਆਂ ਕੱਢ ਰਹੇ ਸਨ, ਜਦੋਂ ਦੇਰ ਤੀਕ ਛੇੜਨੋਂ ਨਾ ਹਟੇ ਤਾਂ ਗੁੱਸੇ ਵਿਚ ਆ ਕੇ ਬੱਲੋ ਜੀ ਨੇ ਬੇਅੰਤ ਜੀ ਦੇ ਦੰਦੀ ਵੱਢੀ ਤੇ ਨਾਲ ਹੀ ਰੋਣ ਲਗ ਪਏ। ਜਥੇਦਾਰ ਗੁਰਮੁਖ ਸਿੰਘ ਝੱਬਰ ਥੋੜ੍ਹੀ ਦੂਰ ਖਲੋਤੇ ਸਾਰਾ ਦ੍ਰਿਸ਼ ਵੇਖ ਰਹੇ ਸਨ। ਉਨ੍ਹਾਂ ਨੇ ਕੋਲ ਆ ਕੇ ਬੱਲੋ ਜੀ ਨੂੰ ਕਿਹਾ,

"ਨਾਲੇ ਤੁਸੀਂ ਦੰਦੀ ਵੱਢੀ ਤੇ ਨਾਲੇ ਰੋਣ ਲਗ ਪਏ ਹੋ?"

"ਮੈਨੂੰ ਤੁਸੀਂ ਫੇਰ ਜੋ ਰੁਆਣਾ ਹੈ—ਮੈਂ ਆਪੇ ਹੀ ਕਿਉਂ ਨਾ ਰੋ ਪਵਾਂ।"

ਇਸ ਤਰ੍ਹਾਂ ਦੇ ਹਾਸੇ-ਖੇਡਾਂ ਚਲਦੀਆਂ ਰਹਿੰਦੀਆਂ।

**ਕੁੱਝ ਕੁ ਕੌਤਕ**

ਬੇਅੰਤ ਜੀ ਦਾ ਬਚਪਨ ਅਨੇਕ ਕੌਤਕਾਂ ਨਾਲ ਭਰਪੂਰ ਹੈ। ਆਪ ਸਹਿਜ ਸੁਭਾਅ ਵੀ ਜੋ

ਬਚਨ ਕਰਦੇ, ਪੂਰਾ ਹੋ ਜਾਂਦਾ। ਇਹੀ ਨਹੀਂ, ਜੇ ਬੇਅੰਤ ਜੀ ਬਾਰੇ ਕਿਸੇ ਨੇ ਕੋਈ ਗੱਲ ਮਨ ਵਿਚ ਧਾਰੀ ਹੁੰਦੀ, ਉਸ ਨੂੰ ਵੀ ਬੇਅੰਤ ਜੀ ਉਸੇ ਵੇਲੇ ਪੂਰਾ ਕਰ ਦਿੰਦੇ।

ਸੰਤ ਨਗਰ ਦੇ ਉੱਘੇ ਨਾਮਧਾਰੀ ਵਿਦਵਾਨ ਬਾਬਾ ਸੁੰਦਰ ਸਿੰਘ ਜੀ ਫਰੀਦ ਦੇ ਦੱਸਣ ਅਨੁਸਾਰ ਬੇਅੰਤ ਜੀ ਜਦੋਂ ਬਹੁਤ ਛੋਟੇ ਸਨ, ਬਰਮਾ ਤੋਂ ਦੋ-ਤਿੰਨ ਸਾਧੂ ਸ੍ਰੀ ਭੈਣੀ ਸਾਹਿਬ ਆਏ। ਉਸ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹਰੀ-ਮੰਦਰ ਵਿਚ ਕੀਰਤਨ ਹੋ ਰਿਹਾ ਸੀ। ਸਾਧਾਂ ਦਾ ਆਉਣਾ ਸੁਣ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ, 'ਇਨ੍ਹਾਂ ਸਾਧਾਂ ਨੂੰ ਕੋਠੀ ਲੈ ਜਾ ਕੇ ਸਤਿਕਾਰ ਨਾਲ ਬਿਠਾਓ, ਅਸੀਂ ਆਉਂਦੇ ਹਾਂ।'

ਬਾਬਾ ਸੁੰਦਰ ਸਿੰਘ ਜੀ ਫਰੀਦ ਅਤੇ ਇਕ ਹੋਰ ਸਿੱਖ ਨੇ ਬਾਗ ਵਾਲੀ ਕੋਠੀ ਦੇ ਬਰਾਂਡੇ ਵਿਚ ਚਾਦਰ ਵਿਛਾ ਕੇ ਉਨ੍ਹਾਂ ਨੂੰ ਬਿਠਾ ਦਿੱਤਾ। ਉਸ ਵੇਲੇ ਨੇੜੇ ਹੀ ਕੁੱਝ ਬੱਚੇ ਖੇਡ ਰਹੇ ਸਨ। ਇਨ੍ਹਾਂ ਬੱਚਿਆਂ ਵਿਚ ਬੇਅੰਤ ਜੀ ਵੀ ਸਨ। ਉਨ੍ਹਾਂ ਸਾਧਾਂ ਨੇ ਬੜੇ ਧਿਆਨ ਨਾਲ ਬੇਅੰਤ ਜੀ ਵੱਲ ਵੇਖ ਕੇ ਸਿੱਖਾਂ ਤੋਂ ਪੁੱਛਿਆ,

"ਇਹ ਬੱਚਾ ਕੌਣ ਹੈ?"

"ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਸਪੁੱਤਰ ਬੇਅੰਤ ਜੀ ਹਨ।"

ਸਿੱਖਾਂ ਨੇ ਸਾਧਾਂ ਨੂੰ ਦੱਸਿਆ।

"ਜਿਹੜਾ ਤੁਸੀਂ ਆਖਦੇ ਹੋ ਬਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਸਾਨੂੰ ਕਦੋਂ ਹੋਣਗੇ, ਬੇਅੰਤ ਜੀ ਨੇ ਹੀ ਤੁਹਾਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਾਉਣੇ ਹਨ।" ਇਹ ਉਨ੍ਹਾਂ ਸਾਧਾਂ ਨੇ ਭਵਿੱਖਬਾਣੀ ਕੀਤੀ।

ਉਸ ਵੇਲੇ ਦਾ ਇਕ ਬਹੁਤ ਉੱਚੀ ਬਿਰਤੀ ਦਾ ਸਾਧ, ਅਨੋਖ ਸਿੰਘ ਸਿੱਧੂ ਬਰਾੜ, ਜਿਸ ਨੂੰ ਸਾਰੇ ਮਸਤਾਨਾ ਜੀ ਆਖ ਸੱਦਦੇ ਸਨ, ਨੇ ਵੀ ਇਹ ਭਵਿੱਖਬਾਣੀ ਕੀਤੀ:

"ਬੇਅੰਤ ਜੀ ਨੇ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਾਉਣੇ ਹਨ।"

ਸੰਤ ਗੁਰਬਖਸ਼ ਸਿੰਘ (ਸੇਵਕ) ਦੇ ਦੱਸਣ ਅਨੁਸਾਰ, ਇਕ ਵਾਰ ਇਕ ਸਿੰਘ ਦੇ ਮਨ ਵਿਚ ਇਹ ਵਿਚਾਰ ਆਇਆ, "ਜੇ ਇਹ ਮੈਨੂੰ ਆਪ ਬੁਲਾਉਣ ਤਾਂ ਮੈਂ ਜਾਣਾਂਗਾ ਕਿ ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਆਰੇ ਸਪੁੱਤਰ ਬੇਅੰਤ ਜੀ ਹਨ।" ਬੇਅੰਤ ਜੀ ਉਸ ਵੇਲੇ ਆਪਣੇ ਹਾਣੀਆਂ ਨਾਲ ਖਿੱਦੋ ਖੂੰਡੀ ਖੇਡ ਰਹੇ ਸਨ। ਜਦੋਂ ਉਸ ਸਿੰਘ ਦੇ ਮਨ ਵਿਚ ਇਹ ਫੁਰਨਾ ਆਇਆ, ਉਸੇ ਵੇਲੇ ਬੇਅੰਤ ਜੀ ਨੇ ਹਿੱਟ ਮਾਰੀ ਤੇ ਗੇਂਦ ਉਸ ਸਿੰਘ ਵਲ ਸੁੱਟੀ ਤੇ ਬਚਨ ਕੀਤਾ, 'ਬਾਬਾ ਲਿਆ ਗੇਂਦ ਚੁੱਕ ਕੇ ਮੈਨੂੰ ਫੜਾ।' ਉਹ ਸਿੱਖ ਮਸਤਾਨਾ ਹੋ ਗਿਆ ਤੇ ਉੱਚੀ ਉੱਚੀ ਹੋਕਾ ਦੇ ਸੰਗਤ ਨੂੰ ਦੱਸਿਆ ਕਿ ਇਸ ਅਲੌਕਿਕ ਬਾਲਕ ਨੇ ਮੇਰੇ ਮਨ ਵਿਚ ਆਈ ਗੱਲ ਨੂੰ ਉਸੇ ਵੇਲੇ ਪੂਰਾ ਕਰ ਦਿਤਾ ਹੈ।

ਇਸੇ ਤਰ੍ਹਾਂ, ਇਕ ਮਾਈ ਦਾ ਪੁੱਤਰ ਜੇਲ੍ਹ ਵਿਚ ਸੀ, ਉਹ ਬੜੀ ਫਿਕਰਮੰਦ ਸੀ। ਉਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਤੇ ਅਰਜ਼ ਕਰਨ ਸ੍ਰੀ ਭੈਣੀ ਸਾਹਿਬ ਆਈ। ਬੇਅੰਤ ਜੀ ਨੇ ਉਸ ਮਾਈ ਨੂੰ ਅਵਾਜ਼ ਮਾਰ ਬਚਨ ਕੀਤਾ, "ਚਿੰਤਾ ਨਾ ਕਰ ਮਾਈ ਤੇਰਾ ਪੁੱਤਰ ਛੁੱਟ ਜਾਵੇਗਾ।" ਬਚਨ ਪੂਰਾ ਹੋਇਆ ਤੇ ਜਦੋਂ ਮਾਈ ਦਾ ਪੁੱਤਰ ਬਰੀ ਹੋਇਆ, ਉਸ ਨੇ ਬੇਅੰਤ ਜੀ ਨੂੰ ਧੰਨ-ਧੰਨ ਆਖਿਆ।

ਬੇਅੰਤ ਜੀ ਦੇ ਸੇਵਕ ਸੰਤ ਗੁਰਬਖਸ਼ ਸਿੰਘ ਸਪੁੱਤਰ ਸੰਤ ਕਿਸ਼ਨ ਸਿੰਘ ਅਮਲੀ ਸ੍ਰੀ ਭੈਣੀ ਸਾਹਿਬ, ਦੀ ਸਿੰਘਣੀ ਦਾ ਗਲਾ ਸੁੱਜਿਆ ਹੋਇਆ ਸੀ। ਬੇਅੰਤ ਜੀ ਖੇਡਦੇ ਖੇਡਦੇ ਉਨ੍ਹਾਂ ਦੇ ਘਰ ਪੁੱਜ ਗਏ ਤੇ ਮਾਈ ਦੇ ਸੁੱਜੇ ਹੋਏ ਗਲੇ 'ਤੇ ਆਪਣੇ ਕਰ-ਕਮਲਾਂ ਨਾਲ ਸਪਰਸ਼ ਕਰ ਬਚਨ ਕੀਤਾ,

"ਆਹ ਕੀ ਹੋਇਐ?"

"ਗਲੇ ਨੂੰ ਬੜੀ ਤਕਲੀਫ ਹੈ" ਮਾਈ ਨੇ ਅਰਜ਼ ਕੀਤੀ।

ਬੇਅੰਤ ਜੀ ਦੇ ਕਰ-ਕਮਲਾਂ ਦੇ ਸਪਰਸ਼ ਨਾਲ, ਕੁਝ ਹੀ ਚਿਰ ਵਿਚ ਮਾਈ ਦੇ ਗਲੇ ਦੀ ਤਕਲੀਫ ਬਿਨਾਂ ਕਿਸੇ ਦਵਾਈ ਤੋਂ ਖ਼ਤਮ ਹੋ ਗਈ।

ਅਜਿਹੀਆਂ ਅਨੇਕ ਹੀ ਘਟਨਾਵਾਂ ਹੋਈਆਂ। ਜਦੋਂ ਬੇਅੰਤ ਜੀ ਅੱਠ ਕੁ ਵਰ੍ਹਿਆਂ ਦੇ ਹੋਏ, ਉਦੋਂ ਇਕ ਆਲੋਕਾਰ ਘਟਨਾ ਵਾਪਰੀ। ਪਿੰਡ ਚੱਕ, ਜ਼ਿਲ੍ਹਾ ਸ਼ੇਖੂਪੁਰਾ ਦੇ ਇਕ ਗੈਰ ਨਾਮਧਾਰੀ ਸਿੱਖ ਸ. ਕਰਮ ਸਿੰਘ ਦੇ ਦੋ ਪੁੱਤਰ ਸਨ। ਉਨ੍ਹਾਂ ਦੋਹਾਂ ਤੋਂ ਹੀ ਜ਼ਮੀਨ ਦੇ ਝਗੜੇ ਨੂੰ ਲੈ ਕੇ ਪਿੰਡ ਵਿਚ ਕਤਲ ਹੋ ਗਿਆ। ਮੁਕੱਦਮਾ ਚਲਿਆ, ਗਵਾਹੀਆਂ ਪੁਖ਼ਤਾ ਹੋਣ ਕਰ ਕੇ ਸੈਸ਼ਨ ਕੋਰਟ ਨੇ ਉਹਨਾਂ ਦੋਹਾਂ ਨੂੰ ਫਾਂਸੀ ਦਾ ਹੁਕਮ ਸੁਣਾ ਦਿਤਾ। ਗਰੀਬੀ ਦੇ ਬਾਵਜੂਦ, ਆਪਣੇ ਪੁੱਤਰਾਂ ਨੂੰ ਬਚਾਉਣ ਲਈ ਕਰਮ ਸਿੰਘ ਪਹਿਲੋਂ ਹਾਈਕੋਰਟ ਤੇ ਫਿਰ ਸੁਪਰੀਮ ਕੋਰਟ ਤੀਕ ਪੁੱਜਾ ਪਰ ਕੁੱਝ ਨਾ ਬਣਿਆ, ਫਾਂਸੀ ਦੀ ਸਜ਼ਾ ਹੀ ਬਹਾਲ ਰਹੀ।

ਕਰਮ ਸਿੰਘ ਦੇ ਮਨ ਵਿਚ ਵਿਚਾਰ ਆਇਆ ਕਿ ਕਿਉਂ ਨਾ ਸ੍ਰੀ ਭੈਣੀ ਸਾਹਿਬ ਜਾ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰ, ਆਪਣੇ ਦੁੱਖ ਬਾਰੇ ਅਰਜ਼ ਕਰਾਂ, ਸਤਿਗੁਰੂ ਦੇ ਘਰ ਵਿਚ ਕੋਈ ਘਾਟਾ ਨਹੀਂ ਹੁੰਦਾ। ਇਹ ਵਿਚਾਰ ਮਨ ਵਿਚ ਆਉਂਦਿਆਂ ਹੀ ਉਸ ਨੇ ਜੇਲ੍ਹ ਵਿਚ ਜਾ ਕੇ ਆਪਣੇ ਦੋਹਾਂ ਪੁੱਤਰਾਂ ਨਾਲ ਮੁਲਾਕਾਤ ਕੀਤੀ ਤੇ ਕਿਹਾ ਕਿ ਤੁਸੀਂ ਰਹਿਮ ਦੀ ਅਪੀਲ ਕਰੋ ਤੇ ਮੈਂ ਕੂਕਿਆਂ ਦੇ ਗੁਰੂ ਕੋਲ ਸ੍ਰੀ ਭੈਣੀ ਸਾਹਿਬ ਜਾ ਕੇ ਅਰਜ਼ ਕਰਦਾ ਹਾਂ। ਜੇ ਉਹ ਦਿਆਲ ਹੋ ਗਏ ਤਾਂ ਮੇਰੀ ਝੋਲੀ ਖੈਰ ਜ਼ਰੂਰ ਪੈ ਜਾਵੇਗੀ ਤੇ ਜੇ ਖੈਰ ਨਾ ਪਈ ਤਾਂ ਮੈਂ ਵਾਪਸ ਘਰ ਨਹੀਂ ਆਵਾਂਗਾ, ਕੁੱਝ ਖਾ ਕੇ ਮਰ ਜਾਵਾਂਗਾ।'

ਗਰਮੀਆਂ ਦੇ ਦਿਨ ਸਨ, ਪਸੀਨਾ ਪਸੀਨਾ ਹੋ ਜਦ ਕਰਮ ਸਿੰਘ ਸ੍ਰੀ ਭੈਣੀ ਸਾਹਿਬ ਪੁੱਜਾ

ਤਾਂ ਪਤਾ ਲਗਾ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਦੇਸ਼ ਦੌਰੇ 'ਤੇ ਗਏ ਹੋਏ ਹਨ, ਇਕ ਮਹੀਨੇ ਬਾਅਦ ਪਰਤਣਗੇ। ਕਰਮ ਸਿੰਘ ਦਾ ਦਿਲ ਇਹ ਸੋਚ ਕੇ ਟੁੱਟ ਗਿਆ ਕਿ ਸਤਿਗੁਰੂ ਜੀ ਦੇ ਆਉਣ ਤੀਕ ਤਾਂ ਉਸਦੇ ਪੁੱਤਰ ਫਾਂਸੀ 'ਤੇ ਲਟਕ ਜਾਣੇ ਹਨ।

ਉਦਾਸ ਤੇ ਨਿਰਾਸ਼ ਹੋਇਆ ਕਰਮ ਸਿੰਘ ਇੱਕ ਖੁਲ੍ਹੀ ਥਾਂ ਵੇਖ ਕੇ ਬੈਠ ਗਿਆ ਤੇ ਸੋਚਣ ਲੱਗਾ ਕਿ ਹੁਣ ਕੀ ਕੀਤਾ ਜਾਵੇ? ਉਥੇ ਬੱਚੇ ਖਿੱਦੋ-ਖੂੰਡੀ ਖੇਡ ਰਹੇ ਸਨ, ਸਾਹਿਬਜ਼ਾਦਾ ਬੇਅੰਤ ਜੀ ਵੀ ਉਨ੍ਹਾਂ ਵਿਚ ਸਨ। ਆਪਣੇ ਮਨ ਨੂੰ ਹੋਰ ਪਾਸੇ ਲਾਉਣ ਲਈ ਕਰਮ ਸਿੰਘ ਬੱਚਿਆਂ ਦੀ ਖੇਡ ਵੇਖਣ ਲਗ ਪਿਆ। ਬੱਚਿਆਂ ਦੀ ਖੇਡ ਵਿਚ ਅਚਾਨਕ ਗੇਂਦ ਰਿੜ੍ਹਦੀ ਰਿੜ੍ਹਦੀ ਕਰਮ ਸਿੰਘ ਕੋਲੋਂ ਹੋ ਕੇ ਅਗਾਂਹ ਨਿਕਲ ਗਈ। ਬਾਲ ਬੇਅੰਤ ਜੀ ਗੇਂਦ ਲੈਣ ਆਏ। ਉਨ੍ਹਾਂ ਰੁਕ ਕੇ ਕਰਮ ਸਿੰਘ ਵਲ ਵੇਖਿਆ ਤੇ ਬਚਨ ਕੀਤਾ,

"ਸਿੱਖਾ ਕਿਉਂ ਮਨ ਦੀਆਂ ਢੇਰੀਆਂ ਢਾਹ ਕੇ ਬੈਠਾ ਹੈਂ? ਜਾਹ ਉਠ ਗੇਂਦ ਫੜ ਕੇ ਲਿਆ, ਤੇਰੇ ਦੋਵੇਂ ਹੀ ਲੜਕੇ ਬਰੀ ਹੋ ਜਾਣਗੇ।"

ਕਰਮ ਸਿੰਘ ਹੈਰਾਨ ਜਿਹਾ ਹੋਇਆ, ਗੇਂਦ ਫੜ ਕੇ ਲੈ ਆਇਆ ਤੇ ਦੂਸਰੇ ਬੱਚਿਆਂ ਨਾਲੋਂ ਨਿਆਰੇ ਸਰੂਪ ਦੇ ਇਸ ਬਾਲਕ ਬਾਰੇ ਮਨ ਵਿਚ ਪੈਦਾ ਹੋਈ ਜਗਿਆਸਾ ਨੂੰ ਸ਼ਾਂਤ ਕਰਨ ਲਈ ਉਸ ਨੇ ਕਿਸੇ ਨੂੰ ਪੁੱਛਿਆ,

"ਇਹ ਬਾਲਕ ਕੌਣ ਹੈ?"

"ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬੇਅੰਤ ਜੀ ਹਨ।" ਉੱਤਰ ਮਿਲਿਆ।

ਕਰਮ ਸਿੰਘ ਦੇ ਮਨ ਨੂੰ ਢਾਰਸ ਬੱਝ ਗਈ ਕਿ ਸਾਹਿਬਜ਼ਾਦੇ ਨੇ ਮੇਰੇ ਮਨ ਦੀ ਗੱਲ ਬੁੱਝ ਕੇ, ਬਚਨ ਕਰ ਦਿਤਾ ਹੈ, ਹੁਣ ਮੇਰੇ ਲੜਕੇ ਅਵੱਸ਼ ਬਰੀ ਹੋ ਜਾਣਗੇ। ਉਸ ਨੇ ਆਪਣੇ ਘਰ ਪੁੱਜ ਕੇ ਪਹਿਲੋਂ ਆਪਣੀ ਪਤਨੀ ਨੂੰ ਸਾਰੀ ਗੱਲ ਦੱਸ ਕੇ ਤਸੱਲੀ ਦਿਤੀ। ਫਿਰ ਜੇਲ੍ਹ ਵਿਚ ਆਪਣੇ ਪੁੱਤਰਾਂ ਨਾਲ ਮੁਲਾਕਾਤ ਕਰ ਕੇ ਸਾਰੀ ਵਾਰਤਾ ਦੱਸਦਿਆਂ ਕਿਹਾ ਕਿ ਮੈਨੂੰ ਦ੍ਰਿੜ ਨਿਸ਼ਚਾ ਹੋ ਗਿਆ ਹੈ ਕਿ ਤੁਸੀਂ ਬਰੀ ਹੋ ਜਾਵੋਗੇ, ਹੁਣ ਤੁਹਾਨੂੰ ਦੁਨੀਆਂ ਦੀ ਕੋਈ ਵੀ ਤਾਕਤ ਫਾਹੇ ਨਹੀਂ ਲਾ ਸਕਦੀ।

ਲੜਕਿਆਂ ਨੇ ਆਪਣੇ ਸੁਪਨੇ ਬਾਰੇ ਦੱਸਦਿਆਂ ਕਿਹਾ, "ਬਾਪੂ ਜੀ, ਸਾਨੂੰ ਵੀ ਕੱਲ੍ਹ ਰਾਤ ਦੁੱਧ ਚਿਟੇ ਬਸਤਰਾਂ ਵਿਚ ਇਕ ਬੱਚਾ ਮਿਲਿਆ ਸੀ, ਉਹਨੇ ਕਿਹਾ ਸੀ ਕਿ ਤੁਸੀਂ ਬਰੀ ਹੋ ਜਾਵੋਗੇ, ਹੁਣ ਸਾਨੂੰ ਬਰੀ ਹੋ ਜਾਣ ਦੀ ਪ੍ਰਤੀਤ ਹੋ ਗਈ ਹੈ।"

ਕੁਝ ਚਿਰ ਬਾਅਦ ਰਹਿਮ ਦੀ ਅਪੀਲ ਵਿਚੋਂ ਕਰਮ ਸਿੰਘ ਦੇ ਦੋਵੇਂ ਪੁੱਤਰ ਬਰੀ ਹੋ ਗਏ।

ਰਾਗੀ ਭਜਨਾ ਸਿੰਘ (ਰਵਿਦਾਸੀਏ ਸਿੰਘ) ਜੋ ਐਸ ਵੇਲੇ ਲਗਭਗ 95 ਸਾਲ ਦੀ ਉਮਰ

ਦੇ ਹਨ ਅਤੇ ਸ੍ਰੀ ਭੈਣੀ ਸਾਹਿਬ ਵਿਖੇ ਰਹਿੰਦੇ ਹਨ, ਦੱਸਦੇ ਹਨ,

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਕਤ ਦੀ ਗੱਲ ਹੈ ਬੇਅੰਤ ਜੀ ਕ੍ਰੀਬ ਸੱਤ ਅੱਠ ਸਾਲ ਦੀ ਉਮਰ ਦੇ ਸਨ। ਇਕ ਦਿਨ ਮੈਂ ਉਸਤਾਦ ਹਰਨਾਮ ਸਿੰਘ ਜੀ ਪਾਸੋਂ ਸੰਗੀਤ ਸਿੱਖਣ ਜਾ ਰਿਹਾ ਸੀ, ਸਵੇਰ ਦੇ ਕ੍ਰੀਬ ਅੱਠ ਕੁ ਵਜੇ ਸਨ। ਮੇਰੇ ਹੱਥਾਂ ਵਿਚ ਵਾਜਾ ਫੜ੍ਹਿਆ ਹੋਇਆ ਸੀ, ਮੈਨੂੰ ਤੁਰੇ ਜਾਂਦੇ ਨੂੰ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਲ ਚਲਾ ਰਹੇ ਹਨ। ਜਿਥੇ ਐਸ ਵੇਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਿਵਾਸ ਅਸਥਾਨ ਹੈ, ਉਸਦੇ ਸਾਹਮਣੇ ਵਾਲੇ ਪਿੱਪਲ ਕੋਲ ਮੈਂ ਖੜ੍ਹੋ ਗਿਆ। ਉਸ ਵੇਲੇ ਇਹ ਸਾਰੀ ਜ਼ਮੀਨ ਖ਼ਾਲੀ ਪਈ ਸੀ।

ਸੱਚੇ ਪਾਤਸ਼ਾਹ ਜੀ ਨੇ ਪੁੱਛਿਆ, "ਤੂੰ ਖੜ੍ਹੋ ਗਿਐਂ?"

ਮੈਂ ਅਰਜ਼ ਕੀਤੀ, "ਤੁਸੀਂ ਹਲ ਵੀ ਵਾਹ ਲੈਂਦੇ ਹੋ?"

ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, "ਕਿਉਂ ਮੈਂ ਨਹੀਂ ਵਾਹ ਸਕਦਾ?"

ਮੈਂ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ, ਤੁਸੀਂ ਸਮਰੱਥ ਹੋ। ਤੁਸੀਂ ਸਭ ਕੁਝ ਕਰ ਸਕਦੇ ਹੋ।"

"ਮੈਂ ਇਥੇ ਥਾਂ ਪੱਧਰੀ ਕਰਨ ਲੱਗਾ ਹਾਂ, ਜਗ੍ਹਾ ਠੀਕ ਕਰ ਰਿਹਾ ਹਾਂ। ਏਥੇ ਕੋਠੀਆਂ ਪੈਣਗੀਆਂ" ਸੱਚੇ ਪਾਤਸ਼ਾਹ ਜੀ ਬਚਨ ਕੀਤਾ।

"ਜੀ ਕੋਠੀਆਂ ਕਦੋਂ ਪੈਣਗੀਆਂ? ਕੌਣ ਪਾਊਗਾ?" ਮੈਂ ਅਰਜ਼ ਕਰ ਪੁੱਛਿਆ।

"ਬੇਅੰਤ ਜੀ ਏਥੇ ਕੋਠੀਆਂ ਬਨਾਉਣਗੇ?" ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ।"

# ਵਿੱਦਿਆ-ਪ੍ਰਾਪਤੀ

ਮਨੁੱਖਾ ਜੀਵਨ ਧਾਰ ਕੇ, ਮਾਤ-ਲੋਕ ਵਿਚ ਆਏ ਸਮੂਹ ਸ਼ਕਤੀਆਂ ਦੇ ਸੋਮੇ, ਚਾਨਣ ਦੇ ਪੁੰਜ, ਸਰਬ-ਕਾਲ ਦਰਸ਼ੀ, ਸਤਿਗੁਰੂ ਤੇ ਮਹਾਂਪੁਰਸ਼ਾਂ ਨੂੰ ਕਿਸੇ ਵਿੱਦਿਆ-ਪ੍ਰਾਪਤੀ ਦੀ ਲੋੜ ਨਹੀਂ ਹੁੰਦੀ। ਉਨ੍ਹਾਂ ਦੀ ਸਿੱਖਿਆ ਤਾਂ ਧੁਰੋਂ ਆਈ ਹੁੰਦੀ ਹੈ। ਦੁਨਿਆਵੀ ਵਿਦਿਆਲਿਆਂ ਵਿਚ ਵਿੱਦਿਆ-ਪ੍ਰਾਪਤੀ ਲਈ ਉਸਤਾਦ ਧਾਰਨੇ ਤਾਂ ਸਿਰਫ ਸੰਸਾਰਕ ਰਸਮਾਂ ਦੀ ਪੂਰਤੀ ਦਾ ਵਿਖਾਵਾ ਮਾਤਰ ਹੀ ਹੁੰਦੇ ਹਨ। ਆਉਂਦਾ ਤਾਂ ਉਨ੍ਹਾਂ ਨੂੰ ਸਾਰਾ ਕੁਛ ਹੁੰਦੈ, ਪਰ ਉਹ ਕੁਛ ਨਾ ਕੁਛ ਬਣਾ ਲੈਂਦੇ ਨੇ, ਕਿਸੇ ਨੂੰ ਉਸਤਾਦ ਬਣਾਉਂਦੇ ਨੇ, ਕਿਸੇ ਨੂੰ ਸ਼ਗਿਰਦ ਬਣਾਉਂਦੇ ਨੇ।

## ਸ੍ਰੀ ਭੈਣੀ ਸਾਹਿਬ ਵਿਖੇ ਵਿਦਿਆਲੇ ਦੀ ਸਥਾਪਨਾ

ਸਾਹਿਬਜ਼ਾਦਾ ਬੇਅੰਤ ਜੀ ਅਤੇ ਹੋਰ ਬੱਚਿਆਂ ਦੀ ਸੁਚੱਜੀ ਵਿੱਦਿਆ-ਪ੍ਰਾਪਤੀ ਦੀ ਲੋੜ ਨੂੰ ਧਿਆਨ ਵਿਚ ਰੱਖਦਿਆਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ 'ਨਾਮਧਾਰੀ ਵਿਦਿਆਲੇ' ਦੀ ਸਥਾਪਨਾ ਕੀਤੀ। ਉਸ ਵੇਲੇ ਭਾਰਤ ਵਿਚ ਅੰਗ੍ਰੇਜ਼ਾਂ ਦਾ ਰਾਜ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਅੰਗਰੇਜ਼ਾਂ ਵਿਰੁੱਧ ਚਲਾਈ ਗਈ ਨਾਮਿਲਵਰਤਣ ਲਹਿਰ ਅਧੀਨ ਅੰਗਰੇਜ਼ਾਂ ਦੁਆਰਾ ਬਣਾਏ ਜਾਂਦੇ ਸਾਰੇ ਸਮਾਨ, ਕੱਪੜਿਆਂ, ਡਾਕ-ਤਾਰ, ਰੇਲਗੱਡੀਆਂ, ਸੜਕਾਂ, ਅਦਾਲਤਾਂ ਆਦਿ ਦੇ ਬਾਈਕਾਟ ਦੇ ਨਾਲ-ਨਾਲ ਅੰਗਰੇਜ਼ੀ ਸਕੂਲਾਂ ਦਾ ਬਾਈਕਾਟ ਵੀ ਨਾਮਧਾਰੀ ਪੰਥ ਵਲੋਂ ਕੀਤਾ ਜਾ ਰਿਹਾ ਸੀ। ਸੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਾਰਤੀ ਸੰਸਕ੍ਰਿਤੀ ਦੇ ਅਨੁਕੂਲ ਨਾਮਧਾਰੀ ਵਿਦਿਆਲੇ ਦੀ ਸਥਾਪਨਾ ਕਰ ਕੇ ਬੇਅੰਤ ਜੀ ਦੀ ਸਿੱਖਿਆ ਦਾ ਬੰਦੋਬਸਤ ਸ੍ਰੀ ਭੈਣੀ ਸਾਹਿਬ ਵਿਖੇ ਹੀ ਕਰ ਦਿਤਾ। ਬੇਅੰਤ ਜੀ ਨਾਲ ਹੋਰ ਵੀ ਬਹੁਤ ਸਾਰੇ ਵਿਦਿਆਰਥੀ ਇਸ ਵਿਦਿਆਲੇ ਵਿਚ ਪੜ੍ਹਨ ਲੱਗੇ।

ਇਹ ਨਾਮਧਾਰੀ ਵਿਦਿਆਲਾ ਉਦੋਂ, ਰਾਮ ਸਰੋਵਰ ਦੇ ਚੜ੍ਹਦੇ ਬੰਨੇ, ਪਹਾੜ ਦੀ ਗੁੱਠ ਵਿਚ, ਹਵਨ-ਕੁੰਡ ਦੇ ਨੇੜੇ, ਜਾਮਨਾਂ ਦੇ ਰੁੱਖਾਂ ਕੋਲ ਹੁੰਦਾ ਸੀ। ਇਸ ਵਿਦਿਆਲੇ ਵਿਚ ਗੁਰਮੁਖੀ ਅੱਖਰਾਂ ਰਾਹੀਂ ਸਿੱਖਿਆ ਦੀ ਵਿਵਸਥਾ ਸੀ। ਸਿੱਖਿਆ ਲਈ ਆਮ ਪ੍ਰਚਲਤ ਵਿਸ਼ਿਆਂ, ਪੰਜਾਬੀ, ਹਿੰਦੀ, ਸੰਸਕ੍ਰਿਤ ਤੇ ਅੰਗਰੇਜ਼ੀ ਪੜ੍ਹਾਉਣ ਦੇ ਨਾਲ-ਨਾਲ ਗੁਰਸਿੱਖੀ ਜੀਵਨ ਤੇ ਗੁਰਬਾਣੀ ਦਾ ਸ਼ੁੱਧ ਪਾਠ ਲਾਜ਼ਮੀ ਵਿਸ਼ੇ ਸਨ। ਸੰਗੀਤ ਦੀ ਰੁਚੀ ਰੱਖਣ ਵਾਲੇ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਸੀ।

ਪੜ੍ਹਾਈ ਦੇ ਨਾਲ ਨਾਲ ਨਾਮਧਾਰੀ ਵਿਦਿਆਲੇ ਵਿਚ ਖੇਡਾਂ, ਫੁੱਲ ਬੂਟਿਆਂ ਬਾਰੇ ਜਾਣਕਾਰੀ ਅਤੇ ਕਈ ਤਰ੍ਹਾਂ ਦੀ ਦਸਤਕਾਰੀ ਦੇ ਕੰਮ ਵੀ ਵਿਦਿਆਰਥੀਆਂ ਨੂੰ ਸਿਖਾਏ ਜਾਂਦੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਸ. ਪ੍ਰੀਤਮ ਸਿੰਘ ਪੰਛੀ ਦੇ ਦੱਸਣ ਮੁਤਾਬਕ ਇਹ ਨਾਮਧਾਰੀ ਵਿਦਿਆਲਾ ਸੰਨ 1927-28 ਤੋਂ ਲੈ ਕੇ ਸੰਨ 1940 ਤੀਕ ਚਲਿਆ।

ਨਾਮਧਾਰੀ ਵਿਦਿਆਲੇ ਦੀ ਸਥਾਪਨਾ ਤੋਂ ਪਹਿਲੋਂ, ਗੁਰਮੁਖੀ ਦੇ ਮੁੱਢਲੇ ਅੱਖਰਾਂ ਦਾ ਬੋਧ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਖ਼ੁਦ ੳ, ਅ, ੲ ਫੱਟੀ 'ਤੇ ਲਿਖ ਕੇ ਬੇਅੰਤ ਜੀ ਨੂੰ ਕਰਾਇਆ। ਅਗੋਂ ਫੱਟੀ ਲਿਖਣ ਤੇ ਅੱਖਰਾਂ ਦੀ ਸੋਧ ਸ. ਸੂਰਤ ਸਿੰਘ (ਦੁਹਤਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਨੇ ਕਰਵਾਈ।

## ਬੇਅੰਤ ਜੀ ਦੇ ਅਧਿਆਪਕ

ਨਾਮਧਾਰੀ ਵਿਦਿਆਲੇ ਦੇ ਪਹਿਲੇ ਅਧਿਆਪਕ ਜਿਨ੍ਹਾਂ ਬੇਅੰਤ ਜੀ ਨੂੰ ਪੜ੍ਹਾਇਆ, ਸੰਤ ਹਰਭਜਨ ਸਿੰਘ ਜੀ (ਮਾਲਵੇ ਦੇ) ਸਨ। ਉਸਤਾਦ ਸੰਤ ਹਰਭਜਨ ਸਿੰਘ ਜੀ ਜਤੀ-ਸਤੀ, ਮਰਿਯਾਦਾ ਦੇ ਧਾਰਨੀ ਅਤੇ ਪੂਰਨ ਸੰਤ ਸਨ। ਆਪ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ, ਸੰਤਾਂ ਮਹਾਤਮਾਂ ਦੀਆਂ ਸਾਖੀਆਂ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਮੋਲ ਬਚਨ ਸੁਣਾਉਂਦੇ ਸਨ। ਆਪ ਜੀ ਨੇ ਬੇਅੰਤ ਜੀ ਨੂੰ ਸ਼ੁੱਧ ਬਾਣੀ ਕੰਠ ਕਰਵਾਈ। ਸਵੇਰੇ ਅੰਮ੍ਰਿਤ ਵੇਲੇ ਉਸਤਾਦ ਹਰਭਜਨ ਸਿੰਘ, ਸਾਰੇ ਬੱਚਿਆਂ ਨੂੰ ਉਠਾ ਕੇ, ਸਣੇ ਕੇਸੀਂ ਇਸ਼ਨਾਨ ਕਰਵਾ ਕੇ, ਸਭ ਨੂੰ ਗੋਲ ਚੱਕਰ ਵਿਚ ਬਿਠਾ ਕੇ, ਸ਼ੁੱਧ ਪਾਠ ਕਰਨਾ ਸਿਖਾਉਂਦੇ। ਬਿਜਲੀ ਉਨ੍ਹਾਂ ਦਿਨਾਂ 'ਚ ਨਹੀਂ ਸੀ ਹੁੰਦੀ। ਰਾਤ ਨੂੰ ਦੀਵੇ ਦੇ ਚਾਨਣ ਵਿਚ ਹੀ ਪੜ੍ਹਿਆ ਜਾਂਦਾ।

ਬੁਡਾਲਾ ਦੇ ਮਾਸਟਰ ਬਲਵੰਤ ਸਿੰਘ ਵੀ ਗੁਰਬਾਣੀ ਦਾ ਸ਼ੁੱਧ ਪਾਠ ਕਰਨਾ ਸਿਖਾਉਂਦੇ। ਮਾਸਟਰ ਜੀ ਦੀ ਲਿਖਾਈ ਬਹੁਤ ਸੋਹਣੀ ਸੀ ਅਤੇ ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਵਿਦਿਆਰਥੀ ਵੀ ਉਨ੍ਹਾਂ ਦੇ ਪੂਰਨਿਆਂ 'ਤੇ ਚਲਦਿਆਂ ਖ਼ੂਬਸੂਰਤ ਅੱਖਰ ਪਾਉਣੇ ਸਿੱਖ ਲੈਣ। ਬੇਅੰਤ ਜੀ ਬੜੀ ਰੀਝ ਨਾਲ ਬਹੁਤ ਸੋਹਣੇ ਅੱਖਰ ਲਿਖਿਆ ਕਰਦੇ, ਹੁਣ ਵੀ ਆਪ ਜੀ ਦੀ ਲਿਖੀ ਲਿਖਾਈ ਬਹੁਤ ਸੁੰਦਰ ਹੁੰਦੀ ਹੈ। ਆਪ ਜੀ ਦੁਆਰਾ ਲਿਖੇ ਅੱਖਰ ਮੋਤੀਆਂ ਵਾਂਗ ਲਗਦੇ ਹਨ।

ਅਧਿਆਪਕ ਸੰਤ ਲਛਮਣ ਸਿੰਘ 'ਜਤੀ' ਵੀ ਗੁਰਬਾਣੀ ਪੜ੍ਹਾਉਂਦੇ ਸਨ।

ਪੰਡਤ ਮਨਸਾ ਸਿੰਘ 'ਕੰਮੀ' ਨੇ ਬੇਅੰਤ ਜੀ ਨੂੰ ਹਿੰਦੀ ਪੜ੍ਹਾਈ।

ਨਾਮਧਾਰੀ ਵਿਦਿਆਲਾ ਦੇ ਬੱਚਿਆਂ ਨੂੰ ਪੰਡਤ ਹਰਬੰਸ ਲਾਲ ਸ਼ਾਸਤਰੀ ਨੇ ਸੰਸਕ੍ਰਿਤ ਪੜ੍ਹਾਈ। ਸ਼ਾਸਤਰੀ ਜੀ, ਸ੍ਰੀ ਭੈਣੀ ਸਾਹਿਬ ਦੇ ਇਕ ਨੇੜਲੇ ਪਿੰਡ ਪੰਜੇਟਿਆਂ ਦੇ ਸਨ। ਆਪ ਬਨਾਰਸ ਦੇ ਪੜ੍ਹੇ ਹੋਏ ਧੁਰੰਧੁਰ ਵਿਦਵਾਨ ਸਨ।

ਸ. ਬੂਟਾ ਸਿੰਘ ਕਿਲਾ ਰਾਏਪੁਰ ਵਾਲਿਆਂ ਨੇ ਬੇਅੰਤ ਜੀ ਨੂੰ ਹਿਸਾਬ ਤੇ ਅੰਗਰੇਜ਼ੀ ਪੜ੍ਹਾਉਣੀ ਸ਼ੁਰੂ ਕੀਤੀ। ਮਾਸਟਰ ਬਾਲਕ ਰਾਮ ਗੁਜਰਾਂਵਾਲੇ ਨੇ ਵੀ ਬੇਅੰਤ ਜੀ ਤੇ ਹੋਰ ਵਿਦਿਆਰਥੀਆਂ

ਨੂੰ ਕੁਝ ਸਮਾਂ ਅੰਗਰੇਜ਼ੀ ਸਿਖਾਈ। ਪੰਡਤ ਗੁਰਦਿਆਲ ਸਿੰਘ, ਪਿੰਡ ਸੰਧਵਾਂ ਜ਼ਿਲ੍ਹਾ ਸਿਆਲਕੋਟ ਨੇ ਵੀ ਥੋੜ੍ਹਾ ਚਿਰ ਅੰਗ੍ਰੇਜ਼ੀ ਦੀ ਸਿੱਖਿਆ ਦਿੱਤੀ ਅਤੇ ਮਗਰੋਂ ਸ੍ਰੀ ਭੋਲਾ ਰਾਮ ਜੀ ਮਹਿਤਾ, ਬੇਅੰਤ ਜੀ ਦੇ ਅੰਗ੍ਰੇਜ਼ੀ ਦੇ ਅਧਿਆਪਕ ਰਹੇ।

ਸ੍ਰੀ ਭੋਲਾ ਰਾਮ ਜੀ ਮਹਿਤਾ ਅੰਗ੍ਰੇਜ਼ੀ ਦੇ ਬੜੇ ਵਿਦਵਾਨ ਸਨ। ਆਪ ਇੰਡੀਆ ਦੀ 'ਟਰੇਡ ਡਾਇਰੀ' ਲਿਖਦੇ ਹੁੰਦੇ ਸਨ। ਮਹਿਤਾ ਜੀ ਪੰਜ ਸਾਲ ਦੀ ਉਮਰ ਵਿਚ ਇੰਗਲੈਂਡ ਚਲੇ ਗਏ ਸਨ ਅਤੇ ਉਥੇ ਆਪਣੇ ਨਾਨਾ ਜੀ ਕੋਲ ਰਹਿ ਕੇ ਕੈਂਬਰਿਜ ਯੂਨੀਵਰਸਿਟੀ ਵਿਚ ਪੜ੍ਹੇ ਸਨ। ਅੰਗ੍ਰੇਜ਼ੀ ਦੀ ਐਮ.ਏ. ਆਪ ਜੀ ਨੇ ਕੀਤੀ ਹੋਈ ਸੀ।

ਮਹਿਤਾ ਜੀ ਕੇਂਦਰ ਦੇ ਵੱਡੇ ਸਰਕਾਰੀ ਅਫਸਰ ਰਹਿ ਚੁੱਕੇ ਸਨ। ਉਥੋਂ ਮਨ ਉਚਾਟ ਹੋ ਗਿਆ ਤੇ ਆਪ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ, ਮਨ ਵਿਚ ਫਿਰ ਉਪਰਾਮਤਾ ਆ ਗਈ ਤੇ ਆਪ ਸੰਨਿਆਸੀ ਬਣ ਗਏ। ਸੰਨ 1936-37 ਦੇ ਨੇੜੇ-ਤੇੜੇ ਬੇਅੰਤ ਜੀ ਦੇ ਗੱਤਕੇ ਦੇ ਉਸਤਾਦ ਨੱਥਾ ਸਿੰਘ ਜੀ, ਮਹਿਤਾ ਜੀ ਨੂੰ ਗੁਜਰਾਂਵਾਲੇ ਤੋਂ ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਲੈ ਆਏ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮਹਿਤਾ ਜੀ ਨੇ ਨਾਮਧਾਰੀ ਵਿਦਿਆਲੇ ਵਿਚ ਅੰਗ੍ਰੇਜ਼ੀ ਅਧਿਆਪਨ ਦੀ ਸੇਵਾ ਸ਼ੁਰੂ ਕੀਤੀ ਅਤੇ ਆਪਣੇ ਅੰਤਮ ਸਮੇਂ ਤੀਕ ਆਪ ਸ੍ਰੀ ਭੈਣੀ ਸਾਹਿਬ ਹੀ ਰਹੇ।

ਭਗਵੇਂ ਵਸਤਰਾਂ ਵਾਲੇ ਸੰਨਿਆਸੀ ਤਬੀਅਤ ਦੇ ਮਾਲਕ ਮਹਿਤਾ ਜੀ ਸਹਿਜਧਾਰੀ ਸਨ। ਬਾਅਦ ਵਿਚ ਆਪ ਜੀ ਨੇ ਸੰਤ ਰਲਾ ਸਿੰਘ ਜੀ ਪਾਸੋਂ ਭਜਨ ਪੁੱਛ ਕੇ ਕੇਸ ਰੱਖ ਲਏ ਸਨ।

ਪੁਸਤਕਾਂ ਬਾਰੇ ਮਹਿਤਾ ਜੀ ਨੂੰ ਬਹੁਤ ਗਿਆਨ ਸੀ ਤੇ ਅੰਗਰੇਜ਼ੀ ਵਿਚ ਛਪਿਆ ਧਾਰਮਿਕ ਸਾਹਿਤ ਆਪ ਦੇਸ਼ ਤੋਂ ਇਲਾਵਾ ਵਿਦੇਸ਼ਾਂ ਤੋਂ ਮੰਗਵਾਉਂਦੇ ਰਹੇ। ਕਿਤਾਬਾਂ ਨੂੰ ਰੀਝ ਨਾਲ ਸੰਭਾਲ ਕੇ ਰੱਖਣ ਦੀ ਆਦਤ ਮਹਿਤਾ ਜੀ ਨੇ ਬੇਅੰਤ ਜੀ ਨੂੰ ਸਿਖਾਈ। ਜਦੋਂ ਵੀ ਬੇਅੰਤ ਜੀ ਅੰਗ੍ਰੇਜ਼ੀ ਦੇ ਕਿਸੇ ਸ਼ਬਦ ਦੇ ਅਰਥ ਮਹਿਤਾ ਜੀ ਪਾਸੋਂ ਪੁੱਛਦੇ ਤਾਂ ਮਹਿਤਾ ਜੀ ਆਖਦੇ, "ਕੱਢੋ ਡਿਕਸ਼ਨਰੀ" ਅਰਥਾਤ ਖ਼ੁਦ ਡਿਕਸ਼ਨਰੀ ਵੇਖੋ ਅਤੇ ਸ਼ੁੱਧ ਅਰਥ ਸਮਝੋ, ਇੰਜ ਸ਼ਬਦ ਦਾ ਢੁਕਵਾਂ ਲਫ਼ਜ਼ ਤਾਂ ਮਿਲੇਗਾ ਹੀ, ਠੀਕ ਭਾਵ ਦਾ ਵੀ ਪਤਾ ਲੱਗ ਜਾਵੇਗਾ। ਮਹਿਤਾ ਜੀ ਦੁਆਰਾ ਪਾਈ ਗਈ ਇਸ ਆਦਤ ਅਨੁਸਾਰ, ਹੁਣ ਵੀ ਵਰਤਮਾਨ ਸ੍ਰੀ ਸਤਿਗੁਰੂ ਜੀ ਨੇ ਜਦ ਵੀ ਕਿਸੇ ਸ਼ਬਦ ਜਾਂ ਉਸ ਦੇ ਅਰਥ ਬਾਰੇ ਪੜਤਾਲ ਕਰਨੀ ਹੋਵੇ ਤਾਂ ਫੌਰਨ 'ਮਹਾਨ ਕੋਸ਼' ਜਾਂ 'ਤੁਕ-ਤਤਕਰਾ', 'ਡਿਕਸ਼ਨਰੀ' ਜਾਂ ਸਬੰਧਤ ਧਾਰਮਕ ਗ੍ਰੰਥ ਮੰਗਵਾ ਕੇ ਖ਼ੁਦ ਵੇਖਦੇ ਹਨ।

ਇਕ ਵਾਰ ਅੰਗ੍ਰੇਜ਼ੀ ਦੇ ਲਫਜ਼ਾਂ Will ਤੇ Shall ਬਾਰੇ ਮਹਿਤਾ ਜੀ ਦੀ ਇਕ ਫਿਲਾਸਫਰ ਨਾਲ ਬਹਿਸ ਹੋ ਗਈ ਤੇ ਅੰਤ ਉਸ ਫਿਲਾਸਫਰ ਨੇ ਮਹਿਤਾ ਜੀ ਪਾਸੋਂ ਹਾਰ ਮੰਨ ਲਈ। ਮਹਿਤਾ ਜੀ ਨੂੰ ਬੜਾ ਕੁਝ ਯਾਦ ਸੀ। ਹਰ ਲਫਜ਼ ਯਾਦ ਸੀ ਕਿ ਡਿਕਸ਼ਨਰੀ ਦੇ ਫਲਾਣੇ ਸਫ਼ੇ 'ਤੇ ਹੈ।

ਗੀਤਾ ਦੇ ਸਲੋਕ ਤੇ ਕੁਰਾਨ ਦੀਆਂ ਆਇਤਾਂ ਯਾਦ ਸਨ। ਹਿਕਮਤ ਦਾ ਵੀ ਗਿਆਨ ਸੀ। ਅੱਖਾਂ ਦਾ ਸੁਰਮਾ ਅਤੇ ਪੇਚਿਸ਼ ਦੀਆਂ ਦੁਆਈਆਂ ਬਣਾ ਕੇ ਰੱਖਦੇ ਸਨ। ਸੂਝਵਾਨ ਇਤਨੇ ਸਨ ਕਿ ਬਿਨਾਂ ਘੜੀ ਵੇਖਿਆਂ, ਵਕਤ ਪੁੱਛਣ 'ਤੇ ਘੜੀ ਵਾਂਗ ਠੀਕ ਸਮਾਂ ਦੱਸ ਦਿੰਦੇ ਸਨ ਕਿ ਇਤਨੇ ਵੱਜ ਗਏ ਹਨ। ਜੇ ਬਾਰਸ਼ ਬਾਰੇ ਪੁੱਛਣਾ ਕਿ ਕਦੋਂ ਹਟੇਗੀ ਤਾਂ ਇਧਰ ਉਧਰ ਵੇਖ ਕੇ ਦੱਸ ਦੇਣਾ ਕਿ ਇੰਨੇ ਚਿਰ ਨੂੰ ਹਟੇਗੀ। ਇਕ ਵਾਰ ਮੰਡੀ ਵਿਖੇ ਮਹਿਤਾ ਜੀ ਨੇ ਪ੍ਰਸ਼ਾਦਾ ਛਕਣਾ ਸੀ, ਇਕ ਸਿੱਖ ਨੇ ਕਿਹਾ, 'ਮਹਿਤਾ ਜੀ ਆਪ ਜੀ ਵਾਸਤੇ ਪ੍ਰਸ਼ਾਦਾ ਇਥੇ ਹੀ ਲੈ ਆਵਾਂ, ਬਾਹਰ ਮੀਂਹ ਪੈ ਰਿਹਾ ਹੈ।' ਮਹਿਤਾ ਜੀ ਨੇ ਦੱਸਿਆ ਕਿ ਵੀਹ ਮਿੰਟ ਤੀਕ ਮੀਂਹ ਪੈਣਾ ਬੰਦ ਹੋ ਜਾਵੇਗਾ ਤੇ ਠੀਕ ਵੀਹ ਮਿੰਟ ਬਾਅਦ ਮੀਂਹ ਪੈਣਾ ਹਟ ਗਿਆ।

ਕੁਦਰਤੀ ਜੀਵਨ ਜਿਉਣ ਵਾਲੇ, ਦਵਾਦਾਰੂ ਤੋਂ ਪਰਹੇਜ਼ਗਾਰ, ਗਰਮੀ ਹੋਵੇ ਜਾਂ ਸਰਦੀ, ਆਪ ਰੋਜ਼ਾਨਾ ਸਵੇਰੇ ਉਠ ਕੇ ਸਧਾਰਨ ਵਸਤਰਾਂ ਵਿਚ ਹੀ ਸੈਰ ਕਰਨ ਜਾਂਦੇ। ਆਪਣੇ ਨਿਯਮਾਂ ਦੀ ਪਾਲਣਾ ਮਹਿਤਾ ਜੀ ਪੂਰੀ ਤਰ੍ਹਾਂ ਕਰਦੇ ਸਨ। ਮਾਇਆ ਵਲੋਂ ਨਿਰਲੇਪ, ਮਹਿਤਾ ਜੀ ਰੁਪਏ ਪੈਸੇ ਨੂੰ ਹੱਥ ਨਹੀਂ ਸਨ ਲਗਾਉਂਦੇ। ਜਦੋਂ ਕਦੇ ਮਹਿਤਾ ਜੀ ਨੇ ਗੁਜਰਾਂਵਾਲੇ ਰੇਲਗੱਡੀ 'ਤੇ ਜਾਣਾ ਹੁੰਦਾ ਜਾਂ ਗੁਜਰਾਂਵਾਲੇ ਤੋਂ ਸ੍ਰੀ ਭੈਣੀ ਸਾਹਿਬ ਵਾਪਸ ਆਉਣਾ ਹੁੰਦਾ, ਸਫ਼ਰ ਸਮੇਂ ਹਮੇਸ਼ਾ ਇਕ ਬੰਦਾ ਮਹਿਤਾ ਜੀ ਦੇ ਨਾਲ ਹੀ ਰਹਿੰਦਾ, ਟਿਕਟ ਵੀ ਉਸ ਨਾਲ ਵਾਲੇ ਬੰਦੇ ਨੇ ਲੈਣੀ।

ਪਾਕਿਸਤਾਨ ਬਣਨ ਤੋਂ ਪਹਿਲੋਂ, ਕ੍ਰੀਬ ਸੱਤਰ ਸਾਲ ਦੀ ਆਯੂ ਵਿਚ ਅਧਿਆਪਕ ਸ੍ਰੀ ਭੋਲਾ ਨਾਥ ਮਹਿਤਾ ਸ੍ਰੀ ਭੈਣੀ ਸਾਹਿਬ ਵਿਖੇ ਚੜ੍ਹਾਈ ਕੀਤੇ।

ਸੰਤ ਪ੍ਰੀਤਮ ਸਿੰਘ ਕਵੀ ਆਪਣੀ ਪੁਸਤਕ 'ਬੀਤੇ ਦੀਆਂ ਪੈੜਾਂ' ਭਾਗ ਦੂਜਾ ਦੇ ਪੰਨਾ ਨੰਬਰ 235 'ਤੇ ਆਪਣੀ 22 ਮਾਰਚ ਸੰਨ 1978 ਦੀ ਡਾਇਰੀ ਵਿਚ ਇਉਂ ਲਿਖਦੇ ਹਨ,

"ਡਾ. ਤ੍ਰਿਲੋਕ ਸਿੰਘ ਨੂੰ ਮਿਲਿਆ ਤਾਂ ਉਨ੍ਹਾਂ ਪੁੱਛਿਆ : ਕੋਈ ਐਸਾ ਆਦਮੀ ਹੈ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਤਿਹਾਸ ਲੇਖਕ ਹੋਵੇ। ਪਿਛਲੇ 18-19 ਸਾਲਾਂ ਵਿਚ ਸਤਿਗੁਰੂ ਜੀ ਨੇ ਏਨਾ ਕੁੱਝ ਚਮਤਕਾਰੀ ਰੂਪ ਵਿਚ ਕੀਤਾ ਹੈ ਕਿ ਉਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾਣਾ ਚਾਹੀਦਾ।"

"ਫੇਰ ਪਤਾ ਨਹੀਂ ਕਿਵੇਂ ਡਾਕਟਰ ਤ੍ਰਿਲੋਕ ਸਿੰਘ ਜੀ ਨੂੰ ਸਤਿਗੁਰੂ ਜੀ ਦੇ ਅੰਗ੍ਰੇਜ਼ੀ ਦੇ ਅਧਿਆਪਕ ਮਹਿਤਾ ਭੋਲਾ ਨਾਥ ਯਾਦ ਆ ਗਏ। ਜਦੋਂ ਉਹ (ਮਹਿਤਾ ਜੀ) ਸੱਤਰ ਸਾਲ ਦੀ ਆਯੂ ਵਿਚ ਦੇਹ ਤਿਆਗਣ ਦੇ ਨਜ਼ਦੀਕ ਆਏ ਤਾਂ ਮਹਾਰਾਜ ਬੀਰ ਸਿੰਘ ਜੀ ਨੇ ਡਾਕਟਰ ਜੀ ਨੂੰ ਆਖਿਆ ਸੀ ਕਿ ਉਹ ਸ੍ਰੀ ਮਹਿਤਾ ਜੀ ਦੀ ਅੰਤਿਮ ਇੱਛਾ ਪੁੱਛ ਕੇ ਆਉਣ।"

"ਡਾਕਟਰ ਜੀ ਨੇ ਮਹਿਤਾ ਜੀ ਨੂੰ ਜਾ ਕੇ ਅੰਤਮ ਇੱਛਾ ਪੁੱਛੀ। ਉਨ੍ਹਾਂ ਨੇ ਕਿਹਾ : 'ਮੈਨੂੰ (ਸਤਿਗੁਰੂ) ਜਗਜੀਤ ਸਿੰਘ ਜੀ ਦਾ ਜੀਵਨ ਇਤਿਹਾਸ ਲਿਖਣ ਵਾਸਤੇ ਦੋਬਾਰਾ ਜਨਮ ਧਾਰਨਾ

ਪਵੇਗਾ ਅਤੇ ਮੇਰੀ ਦੂਜੀ ਇੱਛਾ ਹੈ ਕਿ ਮੈਂ ਬੇਮੁੱਖ ਹੋ ਕੇ ਨਾ ਮਰਾਂ।' ਡਾਕਟਰ ਜੀ ਨੂੰ ਮਹਾਰਾਜ ਜੀ ਨੇ ਫੇਰ ਦੋ ਚਾਰ ਦਿਨ ਬਾਅਦ 'ਅੰਤਮ ਇੱਛਾ' ਪੁੱਛਣ ਲਈ ਕਿਹਾ ਪਰ ਮਹਿਤਾ ਜੀ ਨੇ ਇਹੋ ਖਾਹਸ਼ ਹੀ ਦੁਹਰਾਈ।"

"ਡਾਕਟਰ ਤ੍ਰਿਲੋਕ ਸਿੰਘ ਨੇ ਕਿਹਾ ਕਿ ਉਹ ਤਦ ਤੋਂ ਹੀ ਉਸ ਇਤਿਹਾਸ ਲੇਖਕ ਨੂੰ ਉਡੀਕ ਰਹੇ ਹਨ ਜਿਸ ਵਿਚ ਮਹਿਤਾ ਜੀ ਦੀ ਰੂਹ ਪਰਵੇਸ਼ ਕੀਤੀ ਹੋਵੇ ਅਤੇ ਜੋ ਸਤਿਗੁਰੂ ਜੀ ਦਾ ਇਤਿਹਾਸ ਲਿਖ ਰਿਹਾ ਹੋਵੇ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਦੁਆਰਾ ਹਰ ਸਾਲ ਸਾਉਣ-ਭਾਦੋਂ ਦੇ ਮਹੀਨੇ ਵਿਚ ਕੀਤੇ ਜਾਂਦੇ ਜਪ-ਪ੍ਰਯੋਗ ਵਿਚ ਵੀ ਵਿਦਿਆਲੇ ਦੇ ਬੱਚੇ ਸ਼ਾਮਲ ਹੁੰਦੇ ਸਨ। ਉਥੇ ਵਿਦਿਆਰਥੀਆਂ ਦੀ ਗੁਰਬਾਣੀ ਦੇ ਪਾਠਾਂ ਦੀ ਸ਼ੁੱਧੀ ਵੀ ਹੁੰਦੀ ਸੀ ਤੇ ਸ੍ਰੀ ਸਤਿਗੁਰੂ ਜੀ ਅਤੇ ਸੰਤ-ਮਹਾਤਮਾਵਾਂ ਦੇ ਪ੍ਰਵਚਨ ਸਰਵਣ ਕਰਨ ਦਾ ਸੁਅਵਸਰ ਵੀ ਪ੍ਰਾਪਤ ਹੁੰਦਾ ਸੀ। ਅਜਿਹੇ ਸਮਿਆਂ 'ਤੇ ਪ੍ਰਾਪਤ ਹੋਈ ਸੁਚੱਜੀ ਮੱਤ ਕੋਮਲ ਮਨਾਂ 'ਤੇ ਜ਼ਿਆਦਾ ਅਸਰ ਕਰਦੀ ਤੇ ਜ਼ਿੰਦਗੀ ਦੀ ਸੇਧ ਵਲ ਲਿਜਾਂਦੀ ਹੈ।

ਬੇਅੰਤ ਜੀ ਅਤੇ ਹੋਰ ਵਿਦਿਆਰਥੀਆਂ ਨੂੰ ਉਸਤਾਦ ਸੰਤ ਸਿੰਘ, 'ਪਿੰਗਲ' ਸਿਖਾਇਆ ਕਰਦੇ ਸਨ। ਬੇਅੰਤ ਜੀ ਨੇ ਕਵਿਤਾਵਾਂ ਵੀ ਲਿਖੀਆਂ। ਆਪ ਆਪਣੀ ਰੋਜ਼ਾਨਾ ਡਾਇਰੀ ਵੀ ਲਿਖਦੇ ਰਹੇ।

ਸੰਤ ਕੁੰਦਨ ਸਿੰਘ ਨਕਈ ਉਸ ਵੇਲੇ ਦੇ ਨਾਮਧਾਰੀ ਵਿਦਿਆਲੇ ਦੀ ਪੜ੍ਹਾਈ ਬਾਰੇ ਇੰਜ ਦਸਦੇ ਹਨ:

"ਸਾਡੀਆਂ ਕਲਾਸਾਂ ਇਸ ਤਰ੍ਹਾਂ ਹੁੰਦੀਆਂ ਸਨ, ਪਹਿਲੋਂ ਬਾਲ ਉਪਦੇਸ਼, ਫਿਰ ਪੰਜ ਗ੍ਰੰਥੀ, ਫਿਰ ਭਗਤ ਬਾਣੀ, ਫਿਰ ਬਾਈ ਵਾਰਾਂ, ਫਿਰ ਦਸ ਗ੍ਰੰਥੀ ਤੇ ਫਿਰ ਸ੍ਰੀ ਆਦਿ ਗ੍ਰੰਥ ਸਾਹਿਬ। ਹਿੰਦੀ, ਅੰਗ੍ਰੇਜ਼ੀ ਤੇ ਸੰਸਕ੍ਰਿਤ ਵੀ ਅਸੀਂ ਪੜ੍ਹਦੇ ਸਾਂ।"

ਜਿਥੇ ਹੁਣ ਹਵਨ ਕੁੰਡ ਹੈ, ਉਥੇ ਸ਼ਾਮ ਨੂੰ ਸਾਰੇ ਵਿਦਿਆਰਥੀ ਸਫਾਂ 'ਤੇ ਬੈਠ ਕੇ ਰਹਿਰਾਸ ਦਾ ਪਾਠ ਕਰਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਕਦੇ-ਕਦੇ ਆ ਕੇ, ਉਨ੍ਹਾਂ ਵਿਚ ਬੈਠ ਕੇ ਪਾਠ ਸੁਣਦੇ ਤੇ ਸ਼ੁੱਧ ਕਰਾਉਂਦੇ ਸਨ।

ਬੇਅੰਤ ਜੀ ਦੇ ਸਹਿਪਾਠੀ ਸੰਤਾ ਸਿੰਘ ਮਹਿਸਮਪੁਰੀਆ ਜਿਨ੍ਹਾਂ ਦੇ ਸਪੁੱਤਰ ਠੇਕੇਦਾਰ ਹਰਭਜਨ ਸਿੰਘ ਔਰੰਗਾਬਾਦ ਵਾਲੇ ਹਨ, ਬੜਾ ਸ਼ੁੱਧ ਪਾਠ ਕਰਦੇ ਸਨ। ਇਕ ਹੋਰ ਸਹਿਪਾਠੀ ਸੰਤੋਖ ਸਿੰਘ ਹੈਦਰਾਬਾਦ ਬਹੁਤ ਸੋਹਣੇ ਅੱਖਰ ਲਿਖਿਆ ਕਰਦੇ ਸਨ।

ਬੁਹਤ ਸਾਰੇ ਵਿਦਿਆਰਥੀਆਂ ਨੂੰ ਅਧਿਆਪਕ ਸੰਤ ਹਰਭਜਨ ਸਿੰਘ ਨੇ ਉਪਨਾਮ ਦਿਤੇ ਸਨ, ਜਿਹੜੇ ਬਾਅਦ ਵਿਚ ਸਾਰੀ ਉਮਰ ਉਨ੍ਹਾਂ ਦੇ ਨਾਵਾਂ ਨਾਲ ਪੱਕੇ ਤੌਰ 'ਤੇ ਜੁੜੇ ਰਹੇ ਜਿਵੇਂ

ਕਿ ਵਿਦਿਆਰਥੀ ਪ੍ਰੀਤਮ ਸਿੰਘ ਦੀ ਕਾਵਿ-ਪ੍ਰਤਿਭਾ ਵੇਖ ਕੇ 'ਕਵੀ' ਦੀ ਉਪਾਧੀ ਦੇ ਦਿਤੀ। ਬਲਵੰਤ ਸਿੰਘ ਨੂੰ ਗਿਆਨਵਾਨ ਸਮਝਦਿਆਂ 'ਗਿਆਨੀ' ਦਾ ਖਿਤਾਬ ਦੇ ਦਿਤਾ। ਕਾਲਪਨਿਕ ਅਕਾਸ਼ੀ ਉਡਾਰੀਆਂ ਮਾਰਦੇ ਰਹਿਣ ਵਾਲੇ ਫਲਪੋਤੇ ਦੇ ਪ੍ਰੀਤਮ ਸਿੰਘ ਨੂੰ 'ਪੰਛੀ' ਬਣਾ ਦਿਤਾ। ਰਜਿੰਦਰ ਸਿੰਘ ਗੁਰੂਸਰ ਦੇ ਨਾਂ ਅੱਗੇ 'ਪੰਡਤ' ਸ਼ਬਦ ਲਗਾ ਦਿਤਾ ਅਤੇ ਦਲੀਪ ਸਿੰਘ ਨੂੰ 'ਧਰੂ' ਦਾ ਉਪਨਾਮ ਦੇ ਦਿਤਾ।

ਉਸ ਵੇਲੇ ਦੀ ਪੜ੍ਹਾਈ ਕਰਾਉਣ ਦੇ ਤਰੀਕੇ ਬਾਰੇ ਸ. ਪ੍ਰੀਤਮ ਸਿੰਘ ਪੰਛੀ ਇਉਂ ਲਿਖਦੇ ਹਨ,

"ਇਹ ਉਹ ਜ਼ਮਾਨਾ ਸੀ, ਜਦੋਂ ਅਧਿਆਪਕਾਂ ਨੇ ਗੱਲ ਕਰਨੀ ਹੁੰਦੀ ਤਾਂ ਡੰਡੇ ਨਾਲ ਕਰਦੇ ਸਨ। ਵਿਦਿਆਰਥੀਆਂ ਨਾਲ ਮਨੋਵਿਗਿਆਨਕ ਢੰਗ ਨਾਲ ਨਿਪਟਣ ਦਾ ਸਿਧਾਂਤ ਅਜੇ ਪ੍ਰਚਲਿਤ ਨਹੀਂ ਸੀ ਹੋਇਆ।"

ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਦੱਸਦੇ ਹਨ,

"ਸਾਡੇ ਤੇ ਸਤਿਗੁਰਾਂ ਕਿਰਪਾ ਕੀਤੀ, ਸਾਨੂੰ ਇਹੋ ਜਿਹੇ ਉਸਤਾਦ ਦਿਤੇ, ਗ਼ਜ ਉਨ੍ਹਾਂ ਦੇ ਹੱਥ ਵਿਚ ਹੁੰਦਾ ਸੀ, ਉਨ੍ਹਾਂ ਨੇ ਇਹ ਨਹੀਂ ਵੇਖਣਾ, ਸਿੱਧਾ ਮਾਰਨਾ ਹੈ, ਪੁੱਠਾ ਮਾਰਨਾ ਹੈ, ਮੂੰਹ 'ਤੇ ਵੱਜਣਾ ਹੈ ਕਿ ਲੱਕ 'ਤੇ ਵੱਜਣਾ ਹੈ, ਕਿਥੇ ਵੇਖਣਾ ਹੈ! ਜਿਥੇ ਆਵੇ ਉਨ੍ਹਾਂ ਨੇ ਮਾਰ ਦੇਣਾ ਹੈ। ਉਸ ਮਾਰ ਨੇ, ਉਸ ਸਤਿਗੁਰਾਂ ਦੀ ਕਿਰਪਾ ਨੇ ਸਾਨੂੰ ਬਣਾਇਆ।"

## ਉਚੇਰੀ ਸੰਗੀਤ-ਸਿਖਲਾਈ

ਖ਼ੁਦ ਵੀ ਸੰਗੀਤ ਵਿਚ ਗਹਿਰਾ ਲਗਾਓ ਹੋਣ ਕਾਰਣ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੇਅੰਤ ਜੀ ਦੀ ਸੰਗੀਤ-ਸਿਖਲਾਈ ਵੱਲ ਵਿਸ਼ੇਸ਼ ਧਿਆਨ ਦਿੱਤਾ, ਜਿਸ ਨਾਲ ਬੇਅੰਤ ਜੀ ਦਾ ਸੰਗੀਤ ਨਾਲ ਲਗਾਓ ਮੁੱਢਲੀ ਉਮਰ ਤੋਂ ਹੀ ਹੋ ਗਿਆ ਅਤੇ ਇਨ੍ਹਾਂ ਦੀ ਜ਼ਿੰਦਗੀ ਦੀ ਦਿਨ ਚਰਯਾ ਵਿਚ ਸੰਗੀਤ ਦਾ ਅਭਿਆਸ ਨਿਰੰਤਰ ਬਣਿਆ ਰਿਹਾ। ਚਾਰ ਸਾਲ ਦੀ ਉਮਰ ਦੇ ਬੇਅੰਤ ਜੀ ਨੂੰ ਸ੍ਰੀ ਸਤਿਗੁਰੂ ਜੀ ਨੇ ਖ਼ੁਦ ਸੰਗੀਤ ਸਿਖਾਉਣਾ ਸ਼ੁਰੂ ਕੀਤਾ। ਦਿਲਰੁਬਾ ਦੀਆਂ ਸੁਰਾਂ ਆਪ ਭਰਾਈਆਂ।

ਸਾਢੇ ਚਾਰ ਸਾਲ ਦੀ ਉਮਰ ਦੇ ਬੇਅੰਤ ਜੀ ਨੂੰ ਸੱਚੇ ਪਾਤਸ਼ਾਹ ਜੀ ਨੇ ਉਸ ਵੇਲੇ ਦੇ ਮੰਨੇ ਪਰਮੰਨੇ ਸੰਗੀਤਾਚਾਰੀਆ, ਭਾਈ ਹਰਨਾਮ ਸਿੰਘ ਜੀ ਚਵਿੰਡਾ (ਜ਼ਿਲ੍ਹਾ ਅੰਮ੍ਰਿਤਸਰ) ਦਾ ਸ਼ਗਿਰਦ ਬਣਾਇਆ। ਸੰਸਕ੍ਰਿਤ ਤੇ ਉਰਦੂ ਦੇ ਵਿਦਵਾਨ, ਸੰਗੀਤ ਆਚਾਰਯ ਉਸਤਾਦ ਹਰਨਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਸੰਗੀਤ ਵਿਦਿਆਲੇ ਦੇ ਪਹਿਲੇ ਅਧਿਆਪਕ ਸਨ। ਆਪ ਕਵਿਤਾ ਵੀ ਲਿਖਦੇ ਸਨ। ਸੰਗੀਤ ਦੀਆਂ ਬੰਦਿਸ਼ਾਂ ਬਨਾਉਣ ਵਿਚ ਆਪ ਬਹੁਤ ਕਾਮਲ ਸਨ। ਵਰਤਮਾਨ

ਸ੍ਰੀ ਸਤਿਗੁਰੂ ਜੀ ਨੇ ਵਸਤਾਂ ਸੰਭਾਲ ਕੇ ਰੱਖਣ ਵਾਲੀ ਆਪਣੀ ਆਦਤ ਅਨੁਸਾਰ ਆਪਣੇ ਉਸਤਾਦ ਭਾਈ ਸਾਹਿਬ ਭਾਈ ਹਰਨਾਮ ਸਿੰਘ ਜੀ ਦੀ ਸੰਗੀਤ ਵਾਲੀ ਕਾਪੀ ਵੀ ਹੁਣ ਤੀਕ ਬਹੁਤ ਸੰਭਾਲ ਕੇ ਰੱਖੀ ਹੋਈ ਹੈ।

ਭਾਈ ਮਸਤਾਨ ਸਿੰਘ ਪਟਿਆਲੇ ਵਾਲੇ ਵੀ ਬੇਅੰਤ ਜੀ ਦੇ ਸੰਗੀਤ ਦੇ ਉਸਤਾਦ ਸਨ। ਇਹ ਭਾਈ ਮਸਤਾਨ ਸਿੰਘ ਪਹਿਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੀ ਸੰਗੀਤ ਦੇ ਉਸਤਾਦ ਰਹੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਗੀਤ-ਸਿਖਿਆਰਥੀਆਂ ਲਈ ਚੁਣ ਚੁਣ ਕੇ ਗੁਣੀ ਉਸਤਾਦ ਲਿਆਏ।

ਭੈਣੀ ਸਾਹਿਬ ਨੇੜਲੇ ਪਿੰਡ ਰਾਮਪੁਰ (ਜ਼ਿਲ੍ਹਾ ਲੁਧਿਆਣਾ) ਦੇ ਕਲਾ-ਵੰਤ ਉਸਤਾਦ ਊਧੋ ਖਾਂ ਸਾਹਿਬ ਅਤੇ ਇਨ੍ਹਾਂ ਦੇ ਸਪੁੱਤਰ ਉਸਤਾਦ ਰਹੀਮ ਬਖ਼ਸ਼ ਵੀ, ਬੇਅੰਤ ਜੀ ਨੂੰ ਸੰਗੀਤ ਦੀਆਂ ਵਧੇਰੇ ਬਾਰੀਕੀਆਂ ਸਮਝਾਉਣ ਸਿਖਾਉਣ ਲਈ ਆਇਆ ਕਰਦੇ। ਉਪਰੋਕਤ ਤਿੰਨਾਂ ਉਸਤਾਦਾਂ ਤੋਂ ਸੈਂਕੜੇ ਬੰਦਸ਼ਾਂ, ਰਾਗਾਂ ਤੇ ਤਾਲਾਂ ਦਾ ਬੇਅੰਤ ਜੀ ਨੇ ਗਿਆਨ ਹਾਸਲ ਕੀਤਾ।

ਉਸਤਾਦ ਊਧੋ ਖਾਂ ਸਾਹਿਬ ਬੱਚਿਆਂ ਨੂੰ ਸੰਗੀਤ ਸਿਖਾਉਣ ਸ੍ਰੀ ਭੈਣੀ ਸਾਹਿਬ ਆਉਣੋਂ ਹਟ ਗਏ। ਸ੍ਰੀ ਸਤਿਗੁਰੂ ਜੀ ਨੇ ਕਈ ਸੁਨੇਹੇ ਭੇਜੇ ਤਾਂ ਵੀ ਨਾ ਆਏ। ਉਸਤਾਦ ਊਧੋ ਖਾਂ ਸਾਹਿਬ ਨੂੰ ਸੰਗਰਹਿਣੀ ਹੋ ਗਈ। ਉਨ੍ਹਾਂ ਨੇ ਬੜਾ ਇਲਾਜ ਕਰਵਾਇਆ ਪਰ ਠੀਕ ਨਾ ਹੋ ਸਕੇ ਤੇ ਜਦੋਂ ਹਾਲਤ ਇਸ ਤਰ੍ਹਾਂ ਦੀ ਹੋ ਗਈ ਬਈ ਹੁਣ ਨਹੀਂ ਬਚਦੇ ਤਾਂ ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਲਿਆ ਕੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਅਰਜ਼ ਕੀਤੀ ਗਈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ,

"ਬੱਚਿਆਂ ਨੂੰ ਸੰਗੀਤ ਸਿਖਾਇਆ ਕਰਨ, ਰਾਜ਼ੀ ਹੋ ਜਾਣਗੇ।"

ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਉਸਤਾਦ ਊਧੋ ਖਾਂ ਸਾਹਿਬ, ਬੇਅੰਤ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਬੜੀ ਨੇਕ ਨੀਅਤੀ ਨਾਲ ਸੰਗੀਤ ਸਿਖਾਉਣ ਲੱਗੇ ਤੇ ਤੰਦਰੁਸਤ ਹੋ ਗਏ। ਜਿਸ ਵੇਲੇ ਠੀਕ ਹੋ ਗਏ, ਕਹਿਣ ਲੱਗੇ, 'ਇਓਂ ਲਗਦਾ ਹੈ ਜਿਵੇਂ ਬੀਮਾਰੀ ਕਿਸੇ ਹੋਰ ਨੂੰ ਸੀ।'

ਭਾਈ ਤਾਬਾ ਜੀ (ਗਾਇਕੀ) ਤੇ ਭਾਈ ਨਸੀਰ ਜੀ (ਤਬਲਾ) ਨੇ ਵੀ ਲੰਮਾ ਸਮਾਂ ਬੇਅੰਤ ਜੀ ਨੂੰ ਸੰਗੀਤ ਸਿਖਾਇਆ। ਇਹ ਦੋਵੇਂ ਰਬਾਬੀ ਭਾਈ ਆਪਣੇ ਸ਼ਹਿਰ ਅੰਮ੍ਰਿਤਸਰੋਂ ਸ੍ਰੀ ਭੈਣੀ ਸਾਹਿਬ ਆ ਕੇ, ਹਰ ਮਹੀਨੇ ਕੁਝ ਦਿਨ ਲਗਾ ਕੇ, ਸੰਗੀਤ ਸਿਖਾਉਂਦੇ।

ਇੰਜ ਬੇਅੰਤ ਜੀ ਨੇ ਸੰਗੀਤ ਦੀ ਸਿੱਖਿਆ ਮੁਖ ਰੂਪ 'ਚ ਇਨ੍ਹਾਂ ਗੁਣੀ ਉਸਤਾਦਾਂ ਤੋਂ ਗ੍ਰਹਿਣ ਕੀਤੀ:

—ਉਸਤਾਦ ਹਰਨਾਮ ਸਿੰਘ ਚਵਿੰਡਾ, ਉਸਤਾਦ ਊਧੋ ਖਾਂ ਸਾਹਿਬ ਤੇ ਉਸਤਾਦ ਰਹੀਮ ਬਖ਼ਸ਼ ਰਾਮਪੁਰ (ਜ਼ਿਲ੍ਹਾ ਲੁਧਿਆਣਾ) ਭਾਈ ਤਾਬਾ ਜੀ (ਗਾਇਕੀ) ਤੇ ਭਾਈ ਨਸੀਰ ਜੀ (ਤਬਲਾ)

ਅੰਮ੍ਰਿਤਸਰ ਵਾਲੇ ਅਤੇ ਭਾਈ ਮਸਤਾਨ ਸਿੰਘ ਪਟਿਆਲਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਖ਼ੁਦ ਵੀ ਬੇਅੰਤ ਜੀ ਤੇ ਹੋਰ ਬੱਚਿਆਂ ਨੂੰ ਰਾਗ ਸਿਖਾਇਆ ਕਰਦੇ ਸਨ। ਹਰ ਤਿੰਨ ਮਹੀਨੇ ਪਿਛੋਂ ਰਾਗ ਦਾ ਇਮਤਿਹਾਨ ਹੁੰਦਾ ਸੀ। ਸਾਲ ਪਿਛੋਂ ਸ੍ਰੀ ਸਤਿਗੁਰੂ ਜੀ ਖ਼ੁਦ ਇਮਤਿਹਾਨ ਲੈਂਦੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਰਾਗ ਦੀ ਬੜੀ ਜਾਣਕਾਰੀ ਸੀ, ਬਾਰੀਕੀ ਬੜੀ ਸੀ। ਇਕ ਉਸਤਾਦ ਇਹ ਗੱਲ ਆਖ ਬੈਠਾ ਕਿ ਮੈਂ ਇੰਨੀਆਂ ਮਾਤਰਾ ਵਿਚ ਤਿਹਾਈ ਲਿਆਂਦੀ ਹੈ, ਉਥੇ ਹੀ ਉਸ ਦੀ ਗਲਤੀ ਪਕੜ ਲਈ ਕਿ ਏਨੀਆਂ ਮਾਤਰਾ ਵਿਚ ਤਿਹਾਈ ਆ ਨਹੀਂ ਸਕਦੀ, ਫਿਰ ਉਸਨੂੰ ਮੰਨਣਾ ਪਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਚਾਹੁੰਦੇ ਸਨ ਕਿ ਸਮਕਾਲੀ ਰਾਗੀਆਂ ਰਬਾਬੀਆਂ ਕੋਲ ਸੀਨੇ-ਬ-ਸੀਨੇ ਚਲੀਆਂ ਆਉਂਦੀਆਂ ਜੋ ਸ਼ਬਦਾਂ ਦੀਆਂ ਬੰਦਸ਼ਾਂ, ਰੀਤਾਂ ਹਨ, ਉਹ ਆਪ ਜੀ ਦੇ ਖ਼ਜ਼ਾਨੇ ਵਿਚ ਜਮ੍ਹਾਂ ਹੁੰਦੀਆਂ ਜਾਣ। ਸ੍ਰੀ ਸਤਿਗੁਰੂ ਜੀ ਨੇ ਰਾਗੀਆਂ, ਸੰਗੀਤਕਾਰਾਂ ਨੂੰ ਸੱਦ ਕੇ ਮਹੀਨਾ ਦੋ ਮਹੀਨਾ, ਸ੍ਰੀ ਭੈਣੀ ਸਾਹਿਬ ਰੱਖਣਾ, ਨਾਲੇ ਸੁਣਨਾ ਨਾਲੇ ਬੱਚਿਆਂ ਨੂੰ ਸਿਖਾਉਣਾ। ਹਿੰਦੁਸਤਾਨ ਦੇ ਚੋਟੀ ਦੇ ਸੰਗੀਤਕਾਰ, ਸ੍ਰੀ ਭੈਣੀ ਸਾਹਿਬ ਸੱਚੇ ਪਾਤਸ਼ਾਹ ਜੀ ਕੋਲ ਆਉਂਦੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬੱਚਿਆਂ ਨੂੰ ਉਸਤਾਦ ਦਾ ਅਦਬ ਕਰਨਾ ਸਿਖਾਉਂਦੇ ਸਨ। ਆਪ ਬਚਨ ਕਰਦੇ ਸਨ,

"ਉਸਤਾਦ ਨੇ ਮੁੱਢ ਬੰਨ੍ਹ ਤੋਰਨਾ ਹੁੰਦਾ ਏ, ਵਧਣਾ ਤਾਂ, ਸਿੱਖਣ ਵਾਲੇ ਦੀ ਆਪਣੀ ਮਿਹਨਤ, ਹਿੰਮਤ ਅਭਿਆਸ ਤੇ ਅਨੁਭਵ ਨਾਲ ਹੁੰਦਾ ਹੈ।"

ਬੇਅੰਤ ਜੀ ਸ਼ੁਰੂ ਤੋਂ ਹੀ ਬਹੁਤ ਮਿਹਨਤੀ ਅਤੇ ਧੁਨ ਦੇ ਪੱਕੇ ਰਹੇ ਹਨ। ਉਸਤਾਦ ਭਾਈ ਹਰਨਾਮ ਸਿੰਘ ਦੀ ਰਿਹਾਇਸ਼ ਸ੍ਰੀ ਭੈਣੀ ਸਾਹਿਬ ਦੇ ਰਾਮ-ਸਰੋਵਰ ਦੇ ਉੱਤਰ ਪੱਛਮ ਵੱਲ ਸੀ। ਇਸ ਰਿਹਾਇਸ਼ ਦੇ ਨਾਲ ਦੇ ਇਕ ਕਮਰੇ ਵਿਚ ਬੱਚੇ ਸੰਗੀਤ ਸਿੱਖਣ ਸਵੇਰੇ 4 ਵਜੇ ਤੋਂ 7 ਵਜੇ ਤੀਕ ਆਉਂਦੇ। ਬੇਅੰਤ ਜੀ ਬਾਕੀ ਵਿਦਿਆਰਥੀਆਂ ਨਾਲੋਂ ਇਕ ਘੰਟਾ ਪਹਿਲੋਂ ਉਸਤਾਦ ਭਾਈ ਹਰਨਾਮ ਸਿੰਘ ਜੀ ਪਾਸ ਵਰਨੀ ਵਾਲੀ ਕੋਠੀ ਜਾ ਕੇ ਸੰਗੀਤ ਸਿੱਖਣਾ ਸ਼ੁਰੂ ਕਰ ਦਿੰਦੇ। ਫਿਰ ਸੰਗੀਤ ਵਾਲੇ ਮੁੰਡਿਆਂ ਨਾਲ ਸੰਗੀਤ ਸਿੱਖਣਾ।

ਮੁੱਢਲੀ ਜ਼ਿੰਦਗੀ ਤੋਂ ਹੀ ਸੰਗੀਤ ਦੀ ਗਾਇਨ ਵਾਦਨ ਕਲਾ ਨਾਲ ਗੂੜ੍ਹੀ ਤਰ੍ਹਾਂ ਸੰਬੰਧਤ ਰਹਿਣ ਅਤੇ ਸੰਗੀਤ ਦਾ ਲਗਾਤਾਰ ਅਭਿਆਸ ਕਰਨ ਕਰ ਕੇ ਬੇਅੰਤ ਜੀ ਸਮਾਂ ਪਾ ਕੇ ਸੰਗੀਤ ਕਲਾ ਵਿਚ ਨਿਪੁੰਨ ਹੋ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਬਾਰੇ ਇਹ ਬਚਨ ਕੀਤਾ,

"ਤੁਹਾਡੇ ਜਿਹਾ ਹਿਸਾਬ ਤੇ ਸੁਰ ਵਿਚ ਰਹਿ ਕੋਈ ਭਾਰਤ ਵਿਚ ਗੌਂ ਨਹੀਂ ਸਕਦਾ। ਜੇ

ਅਭਿਆਸ ਰਖੋਗੇ ਤਾਂ ਹੋਰ ਵਧੋਗੇ ਇਸ ਗੁਣ ਵਿਚ।"

ਅੱਜ ਬੇਅੰਤ ਜੀ ਅਰਥਾਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਕਿਰਪਾ ਤੇ ਉੱਦਮ ਨਾਲ ਨਾਮਧਾਰੀ ਸਮਾਜ ਦਾ ਸ਼ਾਸਤ੍ਰੀ ਸੰਗੀਤ, ਸੰਗੀਤ ਦੇ ਉਸਤਾਦਾਂ ਅਤੇ ਸੰਗੀਤ ਪ੍ਰੇਮੀਆਂ ਨੂੰ ਤ੍ਰਿਪਤ ਕਰਦਿਆਂ ਉੱਘਾ ਹੋ ਗਿਆ ਹੈ।

(ਅੱਜ ਕਲ੍ਹ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ-ਸਿਖਿਆਰਥੀਆਂ ਦੇ ਸੰਗੀਤ ਸਿੱਖਣ ਵਾਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਏਅਰ-ਕੰਡੀਸ਼ਨਡ ਸੰਗੀਤ-ਹਾਲ ਬਣਵਾਇਆ ਹੈ। ਇਸ ਸੰਗੀਤ-ਹਾਲ ਵਿਚ ਪੁਰਾਣੇ ਤੇ ਨਵੇਂ ਸੰਗੀਤ ਦੇ ਉਸਤਾਦਾਂ ਦੀਆਂ ਤਸਵੀਰਾਂ ਲਗਵਾਈਆਂ ਹੋਈਆਂ ਹਨ। ਇਸ ਹਾਲ ਵਿਚ ਸ੍ਰੀ ਸਤਿਗੁਰੂ ਜੀ ਖ਼ੁਦ, ਬੱਚਿਆਂ ਨੂੰ ਸੰਗੀਤ ਸਿਖਾਉਣ ਦੀ ਕ੍ਰਿਪਾਲਤਾ ਕਰਦੇ ਹਨ।)

ਵਿਦਿਆ ਪ੍ਰਾਪਤੀ ਕਾਲ ਵਿਚ ਬੇਅੰਤ ਜੀ ਨਾਲ, ਉਨ੍ਹਾਂ ਦੇ ਛੋਟੇ ਭਰਾ ਬਲ੍ਹੋ ਜੀ ਤੋਂ ਇਲਾਵਾ ਸੰਗੀਤ ਸਿੱਖਣ ਵਾਲੇ ਉਨ੍ਹਾਂ ਦੇ ਦੋ ਮਾਮੇ ਦੇ ਪੁੱਤਰ, ਪੰਡਤ ਰਾਜਿੰਦਰ ਸਿੰਘ ਸਪੁੱਤਰ ਸੂਬਾ ਨਾਹਰ ਸਿੰਘ ਅਤੇ ਸ੍ਰੀ ਭੁਪਿੰਦਰ ਸਿੰਘ 'ਸੁਖਦੇਵ' ਸਪੁੱਤਰ ਸੂਬਾ ਮੀਹਾ ਸਿੰਘ (ਪਿੰਡ ਗੁਰੂਸਰ ਜ਼ਿਲ੍ਹਾ ਫਿਰੋਜ਼ਪੁਰ ਦੇ) ਸਨ। ਇਸ ਤੋਂ ਇਲਾਵਾ ਬੇਅੰਤ ਜੀ ਨਾਲ ਸੰਗੀਤ ਸਿੱਖਣ ਵਾਲੇ ਹੋਰ ਵਿਦਿਆਰਥੀ ਸਨ: ਸ੍ਰੀ ਤਾਰਾ ਸਿੰਘ ਸਪੁੱਤਰ ਭਾਈ ਸੁੰਦਰ ਸਿੰਘ ਪੁਜਾਰੀ (ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ), ਸ੍ਰੀ ਕੁੰਦਨ ਸਿੰਘ ਨਕਈ ਸਪੁੱਤਰ ਸੰਤ ਧਾਰਾ ਸਿੰਘ (ਪਿੰਡ ਸਹਾਰੀ, ਜ਼ਿਲ੍ਹਾ ਲਾਹੌਰ, ਹੁਣ ਕਰੀਵਾਲਾ ਜ਼ਿਲ੍ਹਾ ਸਰਸਾ ਹਰਿਆਣਾ), ਸ੍ਰੀ ਪ੍ਰੀਤਮ ਸਿੰਘ ਕਵੀ ਸਪੁੱਤਰ ਸੂਬਾ ਫੂਲਾ ਸਿੰਘ (ਪਿੰਡ ਡਫਰਕੇ, ਜ਼ਿਲ੍ਹਾ ਲਾਹੌਰ, ਹੁਣ ਰਾਜੌਰੀ ਗਾਰਡਨ ਨਵੀਂ ਦਿੱਲੀ), ਸ੍ਰੀਮਾਨ ਹਜ਼ੂਰ ਸਿੰਘ ਚੰਦਰਹਾਂਸ ਸਪੁੱਤਰ ਸੰਤ ਭਗਤ ਸਿੰਘ (ਪਿੰਡ ਕੋਟਲੀ ਅਰੂੜਾ ਜ਼ਿਲ੍ਹਾ ਗੁਜਰਾਂਵਾਲਾ ਪਾਕਿਸਤਾਨ, ਹੁਣ ਸਰਸਾ, ਹਰਿਆਣਾ), ਸ੍ਰੀ ਤ੍ਰਿਲੋਕ ਸਿੰਘ ਤੇ ਦਲੀਪ ਸਿੰਘ ਧਰੁ, ਸਪੁੱਤਰ ਸੰਤ ਗੁਰਬਖ਼ਸ਼ ਸਿੰਘ (ਪਿੰਡ ਕੋਟਲੀ ਅਰੂੜਾ ਜ਼ਿਲ੍ਹਾ ਗੁਜਰਾਂਵਾਲਾ ਪਾਕਿਸਤਾਨ ਹੁਣ ਮੰਡੀ ਹਿਮਾਚਲ), ਸ੍ਰੀ ਬਲਵੰਤ ਸਿੰਘ ਤੇ ਸੰਤੋਖ ਸਿੰਘ ਰਿਖੀ ਸਪੁੱਤਰ ਸੰਤਾ ਸਿੰਘ ਦਰੋਗਾ (ਬੀੜ ਮਰਾਰਤੂ) ਆਦਿਕ।

## ਵਿਲੱਖਣ ਤੇ ਆਕਰਸ਼ਕ ਵਿਅਕਤੀਤੱਵ

ਬੇਅੰਤ ਜੀ ਦੀ ਦਿਲ-ਖਿੱਚਵੀਂ, ਵਿਲੱਖਣ ਤੇ ਆਕਰਸ਼ਕ ਸ਼ਖ਼ਸੀਅਤ ਬਾਰੇ ਆਪ ਜੀ ਦੇ ਸਹਿਪਾਠੀ ਸ੍ਰੀ ਪ੍ਰੀਤਮ ਸਿੰਘ ਪੰਛੀ ਆਪਣੇ ਲੇਖ 'ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬੇਅੰਤ ਲੀਲ੍ਹਾ' ਵਿਚ ਇਉਂ ਲਿਖਦੇ ਹਨ।

"ਮੈਂ 1932 ਦੇ ਲਗਭਗ 'ਨਾਮਧਾਰੀ ਮਹਾਂ ਵਿਦਿਆਲਾ' ਸ੍ਰੀ ਭੈਣੀ ਸਾਹਿਬ ਵਿਚ ਪ੍ਰਵੇਸ਼ ਲਿਆ ਤਾਂ ਸਭ ਤੋਂ ਪਹਿਲਾ ਪ੍ਰਭਾਵ ਮੇਰੇ ਮਨ 'ਤੇ ਬੇਅੰਤ ਜੀ ਦਾ ਪਿਆ ਸੀ। ਬਾਗ ਵਾਲੀ

ਕੋਠਿਓਂ ਜਦੋਂ ਅਸੀਂ ਸਾਰੇ ਵਿਦਿਆਰਥੀ ਬੇਅੰਤ ਜੀ ਨੂੰ ਆਉਂਦਿਆਂ ਦੇਖਦੇ, ਤਾਂ ਇੱਕ ਹੰਗਾਮਾ ਜਿਹਾ ਖੜ੍ਹਾ ਹੋ ਜਾਂਦਾ—"ਬੇਅੰਤ ਜੀ ਆ ਗਏ। ਬੇਅੰਤ ਜੀ ਆ ਗਏ" ਅਤੇ ਫਿਰ ਬੇਅੰਤ ਜੀ ਦੇ ਆਉਂਦਿਆਂ ਹੀ ਖੇਲਾਂ ਅਤੇ ਸ਼ਰਾਰਤਾਂ ਦਾ ਦਿਨ ਭਰ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਪੜ੍ਹਾਈ ਵੀ ਹੁੰਦੀ ਅਤੇ ਵਿਦਿਆਲੇ ਦੇ ਹੋਰ ਸਾਰੇ ਕਾਰਜ ਨੇਪਰੇ ਚੜ੍ਹਦੇ ਪਰ ਇਸ ਦੌਰਾਨ ਵੀ ਬੇਅੰਤ ਜੀ ਦੀਆਂ ਸ਼ਰਾਰਤਾਂ ਜਾਰੀ ਰਹਿੰਦੀਆਂ। ਸਾਰਾ ਦਿਨ ਉਹ ਸਾਡੇ ਨਾਲ ਰਹਿੰਦੇ। ਜਦੋਂ ਸ਼ਾਮ ਨੂੰ ਰਹਿਰਾਸ ਦੇ ਪਾਠ ਮਗਰੋਂ ਬੇਅੰਤ ਜੀ ਬਾਗ ਵਾਲੀ ਕੋਠੀ ਚਲੇ ਜਾਂਦੇ ਤਾਂ ਸਾਰੇ ਵਿਦਿਆਰਥੀ ਉਦਾਸ ਹੋ ਜਾਂਦੇ ਅਤੇ ਬੇਅੰਤ ਜੀ ਦੇ ਅੰਮ੍ਰਿਤ ਵੇਲੇ ਦੀ ਆਸਾ ਦੀ ਵਾਰ ਤਕ ਆਉਣ ਦੀ ਆਸ ਲੈ ਕੇ ਸੌਂ ਜਾਂਦੇ।"

"ਵਿਦਿਆਲੇ ਦੇ ਵਿਦਿਆਰਥੀਆਂ ਨੂੰ ਅੰਮ੍ਰਿਤ ਵੇਲੇ ਉਠ ਕੇ ਪਹਿਲਾਂ ਇਸ਼ਨਾਨ ਅਤੇ ਫਿਰ ਆਸਾ ਦੀ ਵਾਰ ਵਿਚ ਜਾਣਾ ਪੈਂਦਾ ਸੀ। ਬੇਅੰਤ ਜੀ ਕੋਠੀ ਤੋਂ ਤੜਕਸਾਰ ਇਸ਼ਨਾਨ ਕਰਕੇ ਆ ਜਾਂਦੇ ਅਤੇ ਵਿਦਿਆਰਥੀਆਂ ਨੂੰ ਜਗਾਉਂਦੇ। ਜੋ ਨਾ ਜਾਗਦਾ, ਪਾਣੀ ਦੇ ਛਿੱਟੇ ਮੂੰਹ 'ਤੇ ਮਾਰਦੇ। ਵਿਦਿਆਰਥੀ ਅੱਖਾਂ ਖੋਲ੍ਹਦੇ ਤਾਂ ਸਾਹਮਣੇ ਬੇਅੰਤ ਜੀ ਨੂੰ ਖਲੋਤਾ ਦੇਖਦੇ। ਉਹ ਅਭੜਵਾਹੇ ਉਠ ਬੈਠਦੇ। ਫਿਰ ਉਹਨਾਂ ਦੀ ਸੌਣ ਦੀ ਹਿੰਮਤ ਨਾ ਹੁੰਦੀ।"

ਸ੍ਰੀ ਪ੍ਰੀਤਮ ਸਿੰਘ ਪੰਛੀ ਦੇ ਲੇਖ 'ਕੀਲ ਲੈਣ ਵਾਲੀ ਮੁਸਕਰਾਹਟ' ਅਨੁਸਾਰ,

"ਬਚਪਨ ਵਿਚ ਈਰਖਾ, ਦਵੈਖ ਅਤੇ ਆਪੋ ਵਿਚ ਛੋਟੇ ਮੋਟੇ ਟਕਰਾਓ ਵੀ ਹੁੰਦੇ ਹਨ ਪਰ ਮੇਰੀ ਯਾਦ ਵਿਚ ਅਜਿਹਾ ਕੋਈ ਲਮਹਾ ਨਹੀਂ ਕਿ ਸਾਡਾ ਕਦੇ ਸਤਿਗੁਰੂ ਜਗਜੀਤ ਸਿੰਘ ਨਾਲ ਟਕਰਾਓ ਹੋਇਆ ਹੋਵੇ। ਉਦੋਂ ਉਹਨਾਂ ਦੀ ਵਿਕਸਤ ਹੋ ਰਹੀ ਸ਼ਖ਼ਸੀਅਤ ਵਿਚੋਂ ਜਿਨ੍ਹਾਂ ਵਿਲੱਖਣਤਾਵਾਂ ਦਾ ਝਾਉਲਾ ਪੈਂਦਾ ਸੀ, ਉਹਨਾਂ ਅੱਗੇ ਛੋਟੇ ਮੋਟੇ ਰੋਸੇ ਜਾਂ ਮਨ ਵਿਚ ਉਠੀ ਈਰਖਾ ਦੇ ਕੋਈ ਅਰਥ ਨਹੀਂ ਰਹਿ ਜਾਂਦੇ।"

**ਨਿਯਮਬੱਧਤਾ, ਅਨੁਸਾਸ਼ਨ ਤੇ ਮਿਹਨਤ**

ਬੇਅੰਤ ਜੀ ਬਚਪਨ ਤੋਂ ਹੀ ਕਰੜੇ ਅਨੁਸਾਸ਼ਨ ਅਤੇ ਨਿਯਮਬੱਧਤਾ ਵਿਚ ਰਹੇ ਹਨ। ਆਪ ਨੇ ਹਮੇਸ਼ਾ ਆਪਣੇ ਸਾਰੇ ਨਿਯਮ ਪੂਰੇ ਰਖੇ, ਕਦੇ ਖੁੰਝਾਏ ਨਹੀਂ।

ਰਾਗ ਤੋਂ ਬਾਅਦ ਅਖਾੜਾ, ਘੁਲਣਾ, ਫਿਰ ਇਸ਼ਨਾਨ ਕਰਨਾ, ਇਕ ਮਾਲਾ ਭਜਨ ਦੀ, ਇਕ ਮਾਲਾ ਭਗਉਤੀਆਂ ਦੀ, ਪੰਜ ਤੋਂ ਸੱਤ ਬਾਣੀਆਂ ਦਾ ਪਾਠ ਕਰਨਾ, ਨਾਮ ਸਿਮਰਨ ਦਾ ਨਿਤਨੇਮ ਕਰਨਾ, ਫਿਰ ਪੜ੍ਹਨਾ, ਸਾਰੇ ਦਿਨ ਦਾ ਨਿਯਮਿਤ ਰੁਝੇਵਾਂ (ਰੂਟੀਨ) ਬਣਿਆ ਹੋਇਆ ਸੀ। ਹੁਣ ਤੀਕ ਆਪ ਜੀ ਦੀ ਜ਼ਿੰਦਗੀ ਨਿਯਮ-ਬੱਧ ਚਲਦੀ ਆ ਰਹੀ ਹੈ।

ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੁਵਖਤੇ ਰੇਸ ਵੇਖਣ ਲਾਹੌਰ ਜਾਣ ਲਈ ਚਲ

ਪਏ। ਲਗਾਤਾਰ  ਦੇ ਆਪਣੇ ਸਵੇਰੇ ਜਲਦੀ ਉਠਣ ਦੇ ਨਿਯਮ ਮੁਤਾਬਕ ਬੇਅੰਤ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਾਣ ਸਮੇਂ, ਇਸ਼ਨਾਨ ਕਰ ਲਿਆ ਤੇ ਬਾਕੀ ਇਨ੍ਹਾਂ ਦੇ ਨਾਲ ਦੇ ਸਾਥੀ ਸੁੱਤੇ ਪਏ ਰਹੇ। ਅਚਾਨਕ ਸ੍ਰੀ ਸਤਿਗੁਰੂ ਜੀ ਨੂੰ ਕਿਸੇ ਕਾਰਣਵਸ ਵਾਪਸ ਆਉਣਾ ਪਿਆ। ਬੇਅੰਤ ਜੀ ਜਾਗਦੇ ਸਨ, ਡਿਉੜੀ ਵਿਚ ਗੱਡੀ ਖਲਾਰਨ ਦੀ ਅਵਾਜ਼ ਸੁਣ, ਆਪ ਜੀ ਨੇ ਸਾਰਿਆਂ ਨੂੰ ਉਠਾਇਆ। ਬੱਲੋ ਜੀ, ਨਕਈ ਜੀ, ਪੰਡਤ ਰਾਜਿੰਦਰ ਸਿੰਘ ਗੁਰੂਸਰ ਆਦਿ ਸਾਰੇ ਉੱਠ ਨੱਸੇ, ਕੋਈ ਕਿਸੇ ਬੂਹੇ ਦੌੜਿਆ, ਕੋਈ ਕਿਸੇ ਬੂਹੇ। ਦਿਨ ਚੜ੍ਹ ਗਿਆ ਸੀ, ਕੋਈ ਤਲਾਅ ਵੱਲ ਨੱਸਾ, ਕੋਈ ਖੂਹ ਵੱਲ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਦਰ ਆਉਂਦਿਆਂ ਨੂੰ ਸਾਰੇ ਇਸ਼ਨਾਨ ਕਰ ਕੇ ਮਾਲਾ ਫੜ ਕੇ ਇੰਜ ਤੁਰੇ ਆਉਣ ਜਿਵੇਂ ਦੇਰ ਦੇ ਜਾਗੇ ਹੋਏ ਹੋਣ।

ਬੇਅੰਤ ਜੀ ਕਦੇ ਵੀ ਅਰਾਮ-ਪ੍ਰਸਤ ਨਹੀਂ ਹੋਏ ਬਲਕਿ ਸੰਘਰਸ਼ ਤੇ ਮਿਹਨਤ ਨੂੰ ਆਪਣੇ ਜੀਵਨ ਦਾ ਲਖਸ਼ ਰਖਿਆ ਹੈ।

### ਤੀਖਣ ਯਾਦ ਸ਼ਕਤੀ

ਬੇਅੰਤ ਜੀ ਦੀ ਯਾਦ ਸ਼ਕਤੀ ਤੇ ਬੁੱਧੀ ਸ਼ੁਰੂ ਤੋਂ ਹੀ ਅਸਾਧਾਰਣ ਤੌਰ 'ਤੇ ਤੇਜ਼ ਰਹੀ। ਆਪ ਹਰ ਗੱਲ ਨੂੰ ਬੜੀ ਛੇਤੀ ਗ੍ਰਹਿਣ ਕਰ ਲੈਂਦੇ। ਸਬਕ ਇਕ ਵਾਰ ਪੜ੍ਹਿਆਂ ਹੀ ਯਾਦ ਹੋ ਜਾਣਾ, ਕਦੇ ਦੋਹਰਾਓ ਦੀ ਲੋੜ ਨਹੀਂ ਪਈ। ਉਤਕੰਠਾ, ਜਗਿਆਸਾ ਤੇ ਗ੍ਰਹਿਣ ਕਰਨ ਦੀ ਸ਼ਕਤੀ, ਹਰ ਗੱਲ ਦੀ ਤਹਿ ਤਕ ਜਾਣਾ, ਹੁਣ ਤੱਕ ਜਿਓਂ ਕੀ ਤਿਓਂ ਬਣਿਆ ਹੋਇਆ ਹੈ। ਬਚਪਨ ਵਿਚ ਬਾਲ-ਸੁਲਭ ਚੰਚਲਤਾ ਦੀ ਅਵਸਥਾ ਵਿਚ ਵੀ ਗਹਿਰਾਈ ਤਕ ਜਾ ਕੇ ਤੱਥਾਂ ਨੂੰ ਘੋਖਣ ਸਮਝਣ ਦੀ ਆਦਤ ਰਹੀ।

ਸ. ਪ੍ਰੀਤਮ ਸਿੰਘ ਪੰਛੀ (ਬੇਅੰਤ ਜੀ ਦੇ ਸਹਿਪਾਠੀ) ਆਪਣੇ ਲੇਖ, 'ਸਤਿਗੁਰੂ ਜਗਜੀਤ ਸਿੰਘ ਜੀ ਦੀ ਬੇਅੰਤ ਲੀਲ੍ਹਾ' ਵਿਚ ਇਉਂ ਲਿਖਦੇ ਹਨ:

"ਸੰਸਕ੍ਰਿਤ ਦੀ ਮੁੱਢਲੀ ਪੜ੍ਹਾਈ ਵਿਆਕਰਨ 'ਲਘੂ ਸਿਧਾਂਤ ਕੌਮੁਦੀ' ਤੋਂ ਸ਼ੁਰੂ ਹੁੰਦੀ ਹੈ। ਇਸਦੇ ਕੁਝ ਸ਼ਲੋਕ ਹੀ ਨਹੀਂ, ਸਗੋਂ ਸਾਰੀ ਪੋਥੀ ਕੰਠ ਕਰਨੀ ਸੀ। ਸ਼ਾਸਤਰੀ ਜੀ ਤਿੰਨ ਚਾਰ ਸ਼ਲੋਕ ਵਿਦਿਆਰਥੀਆਂ ਨੂੰ ਦੁਹਰਾਂਦੇ। ਦੂਜੇ ਦਿਨ ਉਹ ਸ਼ਲੋਕ, ਸ਼ਾਸਤਰੀ ਜੀ ਨੂੰ ਸੁਣਾਉਣੇ ਹੁੰਦੇ ਸਨ। ਬੇਅੰਤ ਜੀ ਇਕੋ ਸਾਹ ਕੰਠ ਕੀਤੇ ਸ਼ਲੋਕ ਸੁਣਾ ਦਿੰਦੇ ਅਤੇ ਬਾਕੀ ਵਿਦਿਆਰਥੀ ਸ਼ਾਸਤਰੀ ਜੀ ਦੇ ਸਾਹਮਣੇ ਪ੍ਰਸ਼ਨ-ਚਿੰਨ੍ਹ ਬਣੇ ਖਲੋਤੇ ਰਹਿੰਦੇ। ਸਰਬ ਗੁਣ ਸੰਪਨ, ਬੇਅੰਤ ਜੀ ਦੀ ਬੁੱਧੀ ਅਤੇ ਯਾਦ ਸ਼ਕਤੀ ਏਨੀ ਤੀਖਣ ਹੈ ਕਿ ਵੱਡਿਆਂ ਵੱਡਿਆਂ ਦੇ ਛਿੱਕੇ ਛੁਟ ਜਾਂਦੇ।"

ਸੰਤ ਗੁਰਦੇਵ ਸਿੰਘ ਰਾਮਪੁਰ, ਜਿਹੜੇ ਕਦੇ ਕਦੇ ਬੇਅੰਤ ਜੀ ਤੇ ਉਨ੍ਹਾਂ ਦੇ ਸਾਥੀਆਂ ਦੇ ਅੰਗ੍ਰੇਜ਼ੀ ਦੇ ਟੈਸਟ ਲਿਆ ਕਰਦੇ ਸਨ, ਦੱਸਦੇ ਹਨ, 'ਬੇਅੰਤ ਜੀ ਬਚਪਨ ਤੋਂ ਹੀ ਬਹੁਤ ਤੀਖਣ

ਬੁੱਧੀ ਦੇ ਮਾਲਕ ਹਨ। ਆਪ ਜੀ ਦੀ ਯਾਦਦਾਸ਼ਤ ਬੜੀ ਤੇਜ਼ ਹੈ।"

ਪੜ੍ਹਾਈ ਦੇ ਨਾਲ-ਨਾਲ ਬੇਅੰਤ ਜੀ ਰਾਗ, ਨਾਮ ਸਿਮਰਨ, ਬਾਣੀਆਂ ਦਾ ਪਾਠ ਤੇ ਕਸਰਤ ਆਦਿ ਨਿਯਮ ਅਨੁਸਾਰ ਕਰਦੇ ਸਨ। ਆਪ ਆਪਣੇ ਅਭਿਆਸ ਨਾਲ ਛੇਤੀ ਹੀ ਸ੍ਰੀ ਆਦਿ ਗ੍ਰੰਥ ਤੇ ਸ੍ਰੀ ਦਸਮ ਗ੍ਰੰਥ ਦੇ ਪਾਠੀ ਬਣ ਗਏ। ਬੇਅੰਤ ਜੀ ਦੀ ਅਖੰਡ ਬੁੱਧੀ ਬਾਰੇ ਪੰਡਤ ਰਾਜਿੰਦਰ ਸਿੰਘ ਇਉਂ ਦੱਸਦੇ ਸਨ, "ਪੜ੍ਹਾਈ ਵਿਚ ਬੇਅੰਤ ਜੀ ਮੈਥੋਂ ਕਾਫੀ ਅੱਗੇ ਸਨ ਤੇ ਬਾਣੀ ਵੀ ਉਹਨਾਂ ਨੂੰ ਓੜਕਾਂ ਦੀ ਯਾਦ ਸੀ।"

### ਛੁੱਟੀਆਂ ਤੇ ਸੈਰ

ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਵਿਖੇ ਹਰ ਵੀਰਵਾਰ ਨੂੰ ਛੁੱਟੀ ਹੋਇਆ ਕਰਦੀ ਸੀ ਤੇ ਸਾਰੇ ਵਿਦਿਆਰਥੀ ਇਸ ਨੂੰ ਹੁਣ ਦੇ ਐਤਵਾਰ ਵਾਂਗੂੰ ਮਨਾਇਆ ਕਰਦੇ ਸਨ। ਵੀਰਵਾਰ ਨੂੰ, ਸੰਗੀਤ ਦੀ ਵੀ ਛੁੱਟੀ ਹੋਇਆ ਕਰਦੀ ਸੀ। ਉਸ ਦਿਨ ਸਵੇਰੇ ਚਾਰ ਵਜੇ ਰਾਗ ਵਾਲੇ ਵਕਤ ਵੇਲੇ, ਬੇਅੰਤ ਜੀ ਆਪਣੇ ਹਾਣੀਆਂ ਮਿੱਤਰਾਂ ਕੋਲ ਆ ਕੇ ਕੁੱਝ ਚਿਰ ਬੈਠਿਆ ਕਰਦੇ ਸਨ। ਸਾਖੀਆਂ ਯਾਦ ਕਰਨੀਆਂ, ਇਕ ਦੂਜੇ ਨੂੰ ਸੁਨਾਉਣੀਆਂ, ਹਾਸਾ-ਮਖੌਲ ਵੀ ਚਲਦਾ ਅਤੇ ਖੇਡਣ ਦਾ ਪ੍ਰੋਗ੍ਰਾਮ ਵੀ ਬਣਾਇਆ ਜਾਂਦਾ। ਚੰਡੀ ਦੀ ਵਾਰ ਦਾ ਪਾਠ ਕਰਨ ਉਪ੍ਰੰਤ ਬੇਅੰਤ ਜੀ ਨੇ ਕੋਠੀ ਚਲੇ ਜਾਣਾ। ਬੇਅੰਤ ਜੀ ਕੋਠੀ ਵਿਖੇ ਰਹਿੰਦੇ ਸਨ। ਆਪ ਜੀ ਦੀ ਪਾਲਣਾ-ਪੋਸਣਾ ਕੋਠੀ 'ਚ ਹੋਈ।

ਵਿਸਾਖ ਦੇ ਮਹੀਨੇ ਵਿਚ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀਆਂ ਨੂੰ ਛੁੱਟੀਆਂ ਹੋਇਆ ਕਰਦੀਆਂ ਸਨ।

ਬੇਅੰਤ ਜੀ ਅਤੇ ਨਾਮਧਾਰੀ ਵਿਦਿਆਲੇ ਦੇ ਵਿਦਿਆਰਥੀਆਂ ਨੂੰ ਕਦੇ-ਕਦੇ ਸੇਵਕਾਂ ਅਤੇ ਅਧਿਆਪਕਾਂ ਨਾਲ ਬਾਹਰ ਸੈਰ ਕਰਨ ਜਾਣ ਅਤੇ ਕੁਦਰਤੀ ਨਜ਼ਾਰਿਆਂ ਨੂੰ ਮਾਨਣ ਦਾ ਮੌਕਾ ਵੀ ਬਣਦਾ ਰਹਿੰਦਾ ਸੀ।

ਸੰਨ 1937 ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅੱਸੂ ਦੇ ਸਾਲਾਨਾ ਜਪ-ਪ੍ਰਯੋਗ ਦਾ ਚਾਲੀਹਾ, ਪਹਾੜਾਂ 'ਚ ਕੱਟਣ ਦਾ ਮਨ ਬਣਾ ਲਿਆ। ਸੱਚੇ ਪਾਤਸ਼ਾਹ ਜੀ ਦੇ ਇਸ ਪਾਲਮਪੁਰ, ਮੰਡੀ ਤੇ ਮਨਾਲੀ ਆਦਿ ਦੇ ਦੌਰੇ ਸਮੇਂ, ਬੇਅੰਤ ਜੀ ਦਾ ਵੀ ਆਪਣੇ ਕੁਝ ਸਹਿਪਾਠੀਆਂ ਨਾਲ ਜਾਣ ਦਾ ਪ੍ਰੋਗ੍ਰਾਮ ਬਣਿਆ ਤੇ ਸਾਰਿਆਂ ਨੇ ਇਸ ਸੁਹਾਵਣੇ ਸਫਰ ਵਿਚ ਕੁਦਰਤੀ ਨਜ਼ਾਰਿਆਂ ਦੇ ਦ੍ਰਿਸ਼ਾਂ ਨੂੰ ਭਰਪੂਰ ਮਾਣਿਆ।

ਸੰਤ ਗੁਰਦੇਵ ਸਿੰਘ ਰਾਮਪੁਰ, ਜੋ ਇਸ ਦੌਰੇ ਸਮੇਂ ਨਾਲ ਸਨ ਦੇ ਦੱਸਣ ਮੁਤਾਬਕ, ਇਸ ਦੌਰੇ ਸਮੇਂ 20 ਜੂਨ ਸੰਨ 1937 ਨੂੰ ਬੇਅੰਤ ਜੀ ਪਹਿਲੀ ਵਾਰ ਰੇਲਗੱਡੀ 'ਤੇ ਚੜ੍ਹੇ। ਲੁਧਿਆਣੇ

ਤੋਂ ਹੁਸ਼ਿਆਰਪੁਰ ਤਕ ਰੇਲਗੱਡੀ 'ਤੇ ਗਏ, ਰਾਤ ਸਗੁਂ 'ਚ ਹੁਸ਼ਿਆਰਪੁਰ ਰਹੇ ਅਤੇ 21 ਜੂਨ ਨੂੰ ਹੁਸ਼ਿਆਰਪੁਰ ਤੋਂ ਕਾਂਗੜਾ ਤੇ ਉਥੋਂ ਪਾਲਮਪੁਰ ਪਹੁੰਚੇ ਅਤੇ 11 ਜੁਲਾਈ ਤਕ ਪਾਲਮਪੁਰ ਸ. ਥਾਣੇਦਾਰ ਅਨੂਪ ਸਿੰਘ ਰਾਜੇ ਜੰਗੀਏ ਅਤੇ ਬੀਬੀ ਸੰਤ ਕੌਰ (ਬੇਅੰਤ ਜੀ ਦੇ ਦਾਦੀ ਮਾਤਾ ਜੀਵਨ ਕੌਰ ਜੀ ਦੇ ਭਰਾ ਸ. ਚੂੜ ਸਿੰਘ ਦੀ ਪੋਤਰੀ ਅਤੇ ਸ. ਦਿਆਲ ਸਿੰਘ ਦੀ ਧੀ) ਦੇ ਘਰ ਰਹੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਕਸਰ ਸਾਧ-ਸੰਗਤ ਸਮੇਤ ਇਨ੍ਹਾਂ ਦੇ ਘਰ ਜਾਇਆ ਕਰਦੇ। ਸੰਨ 1936 ਵਿਚ ਸ. ਅਨੂਪ ਸਿੰਘ ਅੰਬਾਲਾ ਕਾਲਕਾ ਰੋਡ 'ਤੇ, ਥਾਣਾ ਮੁਬਾਰਕਪੁਰ ਵਿਖੇ ਆ ਗਏ ਅਤੇ ਇਥੇ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਨ੍ਹਾਂ ਦੇ ਘਰ ਚਰਨ ਪਾਏ। ਇਹ ਪਰਿਵਾਰ ਹੁਣ ਚੰਡੀਗੜ੍ਹ 236, 18-ਏ, ਸੈਕਟਰ ਵਿਖੇ ਰਹਿੰਦਾ ਹੈ।

ਪਾਲਮਪੁਰ ਦੌਰੇ ਸਮੇਂ ਕਾਂਗੜੇ ਤੋਂ ਪਾਲਮਪੁਰ ਜਾਣ ਵਾਲੀ ਬੱਸ ਵਿਚ ਸਫ਼ਰ ਸ਼ੁਰੂ ਕਰਨ ਤੋਂ ਪਹਿਲੋਂ ਬੇਅੰਤ ਜੀ ਦੇ ਹੰਢੇ ਵਰਤੇ ਤੇ ਸਿਆਣੇ ਸੇਵਕ ਸੰਤ ਗੁਰਬਖਸ਼ ਸਿੰਘ ਨੇ ਪਹਾੜੀ ਡਰਾਈਵਰ ਨੂੰ ਸਮਝਾਇਆ ਕਿ ਸਾਡੇ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋ ਸਾਹਿਬਜ਼ਾਦੇ ਹਨ, ਇਸ ਵਾਸਤੇ ਬਸ ਦੀਆਂ ਸਭ ਤੋਂ ਅੱਗੇ ਦੀਆਂ ਦੋ ਸੀਟਾਂ 'ਤੇ ਉਹ ਬੈਠਣਗੇ ਅਤੇ ਉਸ ਤੋਂ ਪਿਛਲੀਆਂ ਅੱਠ ਸੀਟਾਂ 'ਤੇ ਉਨ੍ਹਾਂ ਦੇ ਨਾਲ ਆਏ ਬਾਕੀ ਜਣੇ ਬੈਠਣਗੇ। ਇਸ ਲਈ ਇਹ ਸੀਟਾਂ ਕਿਸੇ ਵੀ ਹਾਲਤ ਵਿਚ ਰੁਕਣੀਆਂ ਨਹੀਂ ਚਾਹੀਦੀਆਂ। ਬੱਸ ਦੇ ਡਰਾਈਵਰ ਨੇ ਹੱਥ ਜੋੜ ਕੇ ਆਪਣੀ ਮਜਬੂਰੀ ਬਿਆਨ ਕਰਦਿਆਂ ਆਖਿਆ ਕਿ 'ਅਗਲੀਆਂ ਦੋ ਸੀਟਾਂ 'ਤੇ ਇਸ ਇਲਾਕੇ ਦੇ ਥਾਣੇਦਾਰ ਤੇ ਥਾਣੇਦਾਰਨੀ ਜਾ ਰਹੇ ਹਨ, ਜਿਨ੍ਹਾਂ ਨਾਲ ਸਾਨੂੰ ਰੋਜ਼ਾਨਾ ਵਾਹ ਪੈਂਦਾ ਹੈ, ਸੋ ਅਗਲੀਆਂ ਦੋਹ ਸੀਟਾਂ ਤੋਂ ਬਿਨਾਂ ਸਾਰੀ ਬੱਸ ਤੁਹਾਡੀ ਹੈ।'

ਡਰਾਈਵਰ ਦੀ ਮਜਬੂਰੀ ਨੂੰ ਸਮਝਿਆਂ ਬੇਅੰਤ ਜੀ ਬਾਕੀ ਸਹਿਪਾਠੀਆਂ ਵਿਚਾਲੇ ਆਣ ਬੈਠੇ। ਨਿੱਕੀਆਂ ਨਿੱਕੀਆਂ ਸ਼ਰਾਰਤਾਂ ਕਰਦਿਆਂ ਸਭਨਾਂ ਸਫ਼ਰ ਜਾਰੀ ਰਖਿਆ। ਪਹਾੜਾਂ ਦੇ ਥਾਂ-ਥਾਂ ਦੇ ਮੋੜ-ਘੋੜ ਕੱਟਦੀ ਬੱਸ ਦੇ ਲੰਮੇ ਸਫ਼ਰ ਦਰਮਿਆਨ ਥੋੜ੍ਹੀ ਦੇਰ ਬਾਅਦ, ਸਭ ਨੂੰ ਊਂਘ ਆਉਣ ਲਗ ਪਈ। ਉਸ ਵੇਲੇ ਹੋਈ ਇਕ ਬੜੀ ਦਿਲਚਸਪ ਘਟਨਾ ਦਾ ਪੰਡਤ ਰਾਜਿੰਦਰ ਸਿੰਘ ਇਉਂ ਬਿਆਨ ਕਰਦੇ ਹਨ,

"ਤੇ ਅਸੀਂ ਹੁਣ ਫੇਰ ਉਬਾਸੀਆਂ ਲੈਣ ਲੱਗ ਪਏ ਸਾਂ। ਅਚਾਨਕ ਬੱਸ ਅੱਗੇ ਗਧਿਆਂ ਦਾ ਟੱਬਰ ਆਣ ਖਲੋਤਾ। ਮੈਂ ਆ ਵੇਖਿਆ ਨਾ ਤਾਅ, ਸੁਤ ਉਣੀਂਦੇ ਨੇ ਰੌਲਾ ਪਾ ਦਿਤਾ,

'ਥਾਣੇਦਾਰ ਆ ਗਏ, ਥਾਣੇਦਾਰ ਆ ਗਏ।'

ਬੇਅੰਤ ਜੀ ਨੇ ਮੇਰੀ ਹੁਜਾਂ ਮਾਰ ਕੇ ਚੰਗੀ ਸੇਵਾ ਕੀਤੀ ਤੇ ਨਾਲ ਹੀ ਇਸ਼ਾਰਾ ਕੀਤਾ— 'ਅੱਗੇ ਥਾਣੇਦਾਰ ਅਤੇ ਥਾਣੇਦਾਰਨੀ ਬੈਠੇ ਹਨ। ਤੂੰ ਕੀ ਲੋਹੜਾ ਮਾਰਿਆ?'

ਥਾਣੇਦਾਰ ਤਾਂ ਕਚੂਚ ਹੋਇਆ, ਨੀਵੀਂ ਪਾ ਗਿਆ ਅਤੇ ਥਾਣੇਦਾਰਨੀ ਸਾਡੇ ਮੂੰਹਾਂ ਵਲ ਵੇਖਣ

ਲਗ ਪਈ। ਮੇਰੀ ਸੇਵਾ ਹੁੰਦੀ ਵੇਖ ਕੇ ਕੁਝ ਤਾਂ ਵਿਚਾਰੀ ਨੂੰ ਤਸੱਲੀ ਹੋ ਗਈ ਹੋਵੇਗੀ। ਮੈਂ ਬੇਅੰਤ ਜੀ ਨੂੰ ਗੁੱਸੇ ਹੋ ਕੇ ਆਖਿਆ,

'ਮੈਂ ਨਹੀਂ ਤੁਹਾਡੇ ਕੋਲ ਬਹਿਣਾ, ਤੁਸੀਂ ਮੈਨੂੰ ਮਾਰਦੇ ਹੋ।'

'ਬਹਿ ਜਾ, ਬਹਿ ਜਾ! ਜੋ ਹੋਣਾ ਸੀ ਹੋ ਗਿਆ। ਹੁਣ ਨਹੀਂ ਮੈਂ ਤੈਨੂੰ ਕੁਝ ਕਹਿੰਦਾ', ਬੇਅੰਤ ਜੀ ਨੇ ਕਿਹਾ।

ਕਾਂਗੜਾ ਆ ਗਿਆ ਤੇ ਥਾਣੇਦਾਰ-ਥਾਣੇਦਾਰਨੀ ਉਤਰ ਗਏ। ਇਸ ਤੋਂ ਅਗਲੀ ਰਿਆਸਤ ਸਾਡੀ ਆਪਣੀ ਸੀ ਕਿਉਂਕਿ ਪਾਲਮਪੁਰ ਸ. ਅਨੂਪ ਸਿੰਘ ਜੀ ਥਾਣੇਦਾਰ ਲੱਗੇ ਹੋਏ ਸਨ ਤੇ ਉਹਨਾਂ ਦੇ ਘਰ ਵਿਚ ਸਾਡਾ ਸਾਰਿਆਂ ਦਾ ਡੇਰਾ ਸੀ।"

ਸੰਤ ਗੁਰਦੇਵ ਸਿੰਘ ਰਾਮਪੁਰ ਦੇ ਦੱਸਣ ਮੁਤਾਬਕ, 1 ਅਪ੍ਰੈਲ ਸੰਨ 1938 ਨੂੰ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਨਾਲ ਡੌਜ਼ ਗਡੀ ਤੇ, ਬੇਅੰਤ ਜੀ ਹਰਿਦੁਆਰ ਕੁੰਭ 'ਤੇ ਗਏ। ਉਸ ਵੇਲੇ ਡਰਾਈਵਰ ਸੰਤ ਲਾਲ ਸਿੰਘ, ਸੰਤ ਤੇਜਾ ਸਿੰਘ ਨਾਲ ਸਨ।

12 ਅਕਤੂਬਰ ਸੰਨ 1938 ਨੂੰ ਬੇਅੰਤ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਪੇਸ਼ਾਵਰ (ਹੁਣ ਪਾਕਿਸਤਾਨ) ਦੌਰੇ 'ਤੇ ਗਏ ਤੇ 21 ਅਕਤੂਬਰ ਨੂੰ ਵਾਪਸ ਆਏ। ਲਾਰੀ 'ਤੇ ਗਏ ਸਨ ਤੇ ਡਰਾਈਵਰ ਸੰਤ ਲਾਲ ਸਿੰਘ ਨਾਲ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਨੂੰ ਦੱਸਿਆ ਕਿ ਇਹ load & Passanger ਲਾਰੀ ਸੀ, ਜਿਸ ਦਾ 150 ਰੁ: ਸਾਰੀ ਉਮਰ ਦਾ ਟੈਕਸ ਭਰਿਆ ਸੀ ਤੇ ਇਸ ਲਾਰੀ ਦਾ ਨੰਬਰ ਸੀ-P.S. 1356

ਵਿਦਿਆਲੇ ਵਿਚ ਪੜ੍ਹਦਿਆਂ ਸਮੇਂ ਕਵੀ ਪ੍ਰੀਤਮ ਸਿੰਘ ਜੀ ਨੂੰ ਵੀ ਬੇਅੰਤ ਜੀ ਦੀ ਨੇੜਤਾ ਪ੍ਰਾਪਤ ਸੀ। ਕਵੀ ਜੀ ਦੱਸਦੇ ਹਨ ਕਿ ਮੈਂ ਬੇਅੰਤ ਜੀ ਨੂੰ ਕਹਾਣੀਆਂ ਸੁਣਾਉਂਦਾ ਹੁੰਦਾ ਸੀ ਤੇ ਆਪ ਬੜੀ ਦਿਲਚਸਪੀ ਨਾਲ ਸੁਣਦੇ ਸਨ। ਕਵੀ ਜੀ ਨੇ ਆਪਣੀ ਪੁਸਤਕ 'ਸਿਮਰਨ' ਵਿਚ ਇਸ ਬਾਰੇ ਇਉਂ ਲਿਖਿਆ ਹੈ,

"ਬਾਲ ਪ੍ਰੀਤਮ ਠੋਡੀ ਹੱਥ ਧਰ, ਧਰ ਤੇ ਲੰਮਾ ਪੈ ਕੇ
ਸੁਣਦਾ ਰਿਹਾ ਕਹਾਣੀ ਕੁਦਰਤ ਰੋਜ ਬਰੋਜ਼ੀ ਕਹਿ ਕੇ
ਤਖ਼ਤ ਬਖ਼ਤ ਦਾ ਮਾਲਕ ਬਣ ਹੁਣ ਸੈਰ ਜਗਤ ਦੇ ਕਰਦਾ
ਕਥਾਕਾਰ ਵਿੰਹਦਾ ਹੀ ਰਹਿੰਦਾ ਕਦ ਜਾਵੇਗਾ ਲੈ ਕੇ।"

ਇਸ ਰੁਬਾਈ ਲਿਖਣ ਤੋਂ ਬਾਅਦ ਕਵੀ ਪ੍ਰੀਤਮ ਸਿੰਘ ਜੀ ਅਨੇਕਾਂ ਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਵਿਦੇਸ਼ ਦੌਰਿਆਂ 'ਤੇ ਗਏ। (ਵਰਤਮਾਨ ਸ੍ਰੀ ਸਤਿਗੁਰੂ ਜੀ ਵੱਡੇ ਬਾਬਾ ਜੀ ਦੇ ਰੂਪ ਵਿਚ ਸੰਨ 1950 ਤੋਂ ਬਾਅਦ ਪਹਿਲੀ ਵਾਰ ਵਿਦੇਸ਼ ਦੌਰੇ 'ਤੇ ਗਏ।)

ਮਾਤਾ ਨਿਕਲੀ

ਵਿਦਿਆਲੇ ਵਿਚ ਪੜ੍ਹਦਿਆਂ, ਸੰਨ 1939 ਵਿਚ ਉਨੀਂ ਵਰ੍ਹਿਆਂ ਦੀ ਉਮਰ ਦੇ ਬੇਅੰਤ ਜੀ ਦੇ ਮਾਤਾ (ਚੇਚਕ) ਨਿਕਲੀ। ਆਪ ਜੀ ਦੇ ਹੋਰ ਸਹਿਪਾਠੀਆਂ ਦੇ ਵੀ ਮਾਤਾ ਨਿਕਲੀ। ਉਨੀਂ ਦਿਨੀਂ ਬੇਅੰਤ ਜੀ ਦੇ ਸੇਵਕ ਸੰਤ ਗੁਰਬਖਸ਼ ਸਿੰਘ, ਸ੍ਰੀ ਭੈਣੀ ਸਾਹਿਬ ਸਨ। ਸੰਤ ਕਿਰਪਾਲ ਸਿੰਘ ਝੱਬਰ ਵੀ ਸੇਵਕ ਸਨ, ਜਿਹੜੇ ਬੇਅੰਤ ਜੀ ਦੇ ਵਸਤਰ ਧੋਣ ਦੀ ਸੇਵਾ ਕਰਦੇ ਸਨ। ਸੰਤ ਗੁਰਦੇਵ ਸਿੰਘ ਰਾਮਪੁਰ ਵੀ ਉਸ ਵੇਲੇ ਸੇਵਾ ਵਿਚ ਸਨ। ਬੇਅੰਤ ਜੀ ਦਾ ਸਾਰਾ ਸਰੀਰ ਮਾਤਾ ਨਾਲ ਭਰ ਗਿਆ ਸੀ। ਆਪ ਜੀ ਨੂੰ ਏਰਨੇ ਗੋਹਿਆਂ ਦੀ ਨਰਮ ਸੁਆਹ 'ਤੇ ਪਾਇਆ ਜਾਂਦਾ ਸੀ। ਬੇਅੰਤ ਜੀ ਦਾ ਇਲਾਜ ਵੈਦ ਸੰਤ ਰਾਮ ਖੁੱਡੀ (ਜ਼ਿਲ੍ਹਾ ਸੰਗਰੂਰ) ਨੇ ਕੀਤਾ ਸੀ।

ਸ੍ਰੀ ਪ੍ਰੀਤਮ ਸਿੰਘ ਪੰਛੀ ਲਿਖਦੇ ਹਨ,

"ਇਕ ਹੋਰ ਛੋਟੀ ਜਿਹੀ ਅਭੁੱਲ ਘਟਨਾ ਹੈ ਜੋ ਬੇਅੰਤ ਜੀ ਨਾਲ ਸਾਡੇ ਅਪਾਰ ਸਨੇਹ ਨੂੰ ਦਰਸਾਉਂਦੀ ਹੈ। ਇੱਕ ਵਾਰ ਸ੍ਰੀ ਭੈਣੀ ਸਾਹਿਬ ਚੇਚਕ ਦਾ ਪ੍ਰਕੋਪ ਹੋਇਆ ਜਿਸਦਾ ਸ਼ਿਕਾਰ ਕਈ ਲੋਕ ਹੋਏ। ਉਹਨਾਂ ਵਿਚ ਵੱਡੇ ਬਾਬਾ ਜੀ (ਬੇਅੰਤ ਜੀ) ਅਤੇ ਛੋਟੇ ਬਾਬਾ ਜੀ (ਬਲੋ ਜੀ) ਵੀ ਸ਼ਾਮਲ ਸਨ। ਇਸ ਸਥਿਤੀ 'ਤੇ ਵਿਦਿਆਰਥੀ ਬਹੁਤ ਦੁਖੀ ਸਨ। ਜਿਨ੍ਹਾਂ ਕੁਆਰਟਰਾਂ ਵਿਚ ਬੇਅੰਤ ਜੀ ਤੇ ਬਲੋ ਜੀ ਨੂੰ ਰੱਖਿਆ ਗਿਆ ਸੀ, ਉਥੇ ਜਾਣ 'ਤੇ ਪਾਬੰਦੀ ਸੀ। ਫਿਰ ਵੀ ਵਿਦਿਆਰਥੀ ਸੇਵਕਾਂ ਤੋਂ ਅੱਖ ਬੱਚਾ ਕੇ ਉਹਨਾਂ ਕੁਆਰਟਰਾਂ ਤੱਕ ਪਹੁੰਚ ਹੀ ਜਾਂਦੇ ਅਤੇ ਉਹਨਾਂ ਨਾਲ ਮੁਕਸਾਨ ਵਟਾ ਵਾਪਸ ਆ ਜਾਂਦੇ।"

"ਪੰਡਤ ਖੁੱਡੀ ਵਾਲੇ ਰਾਜ ਵੈਦ ਸਨ। ਉਹਨਾਂ ਨੂੰ ਤੁਰੰਤ ਬੁਲਾਇਆ ਗਿਆ ਸੀ। ਉਹਨਾਂ ਨੇ ਆਉਂਦਿਆਂ ਹੀ ਕਿਹਾ 'ਗੁਲਾਬ ਦਾ ਅਰਕ ਚਾਹੀਦਾ ਹੈ ਪਰ ਉਹ ਮਿਲੇਗਾ ਸਿਰਫ ਸੰਗਰੂਰ ਦੀ ਇੱਕ ਵਿਸ਼ੇਸ਼ ਦੁਕਾਨ ਤੋਂ।' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਹ ਸੇਵਾ ਕਿਸੇ ਵਿਦਿਆਰਥੀ ਤੋਂ ਲੈਣਾ ਚਾਹੁੰਦੇ ਸਨ। ਉਹਨਾਂ ਨੇ ਮੈਨੂੰ ਬੁਲਾਇਆ ਅਤੇ ਹੁਕਮ ਕੀਤਾ ਕਿ ਰਾਤੋ ਰਾਤ ਸੰਗਰੂਰ ਜਾਣਾ ਹੈ ਤੇ ਉਥੋਂ ਦੀ ਫਲਾਣੀ ਦੁਕਾਨ ਤੋਂ ਗੁਲਾਬ ਦੇ ਅਰਕ ਦੀਆਂ ਦੋ ਬੋਤਲਾਂ ਲਿਆਉਣੀਆਂ ਹਨ।"

ਪੋਹ ਮਾਘ ਦੇ ਸਰਦੀਆਂ ਦੇ ਦਿਨ ਸਨ ਤੇ ਸ. ਪ੍ਰੀਤਮ ਸਿੰਘ ਪੰਛੀ, ਇਹ ਗੁਲਾਬ ਦਾ ਅਰਕ ਸੰਗਰੂਰ ਤੋਂ ਜਾ ਕੇ ਲਿਆਏ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਬੇਅੰਤ ਜੀ ਦੇ ਠੀਕ ਹੋਣ ਉਪ੍ਰੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਬੇਅੰਤ ਜੀ ਅਤੇ ਵਿਦਿਆਲੇ ਦੇ ਪੱਚੀ-ਤੀਹ ਹੋਰ ਬੱਚਿਆਂ ਨੂੰ ਮੋਟਰ 'ਤੇ ਆਪਣੇ ਨਾਲ ਲੈ ਸ੍ਰੀ ਭੈਣੀ ਸਾਹਿਬੋਂ, ਗੁਜਰਾਂਵਾਲੇ ਹੁੰਦੇ ਹੋਏ ਰਾਵਲ ਪਿੰਡੀ, ਐਬਟਾਬਾਦ, ਕੈਮਲਪੁਰ, ਹਜ਼ਰੋ, ਜਮਰੌਦ ਦਾ ਕਿਲਾ ਤੇ ਪੰਜਾ ਸਾਹਿਬ ਦਿਖਾ ਕੇ ਸ੍ਰੀ ਭੈਣੀ ਸਾਹਿਬ ਵਾਪਸ ਲੈ ਆਏ।

# ਖੇਡਾਂ ਤੇ ਕਸਰਤ

ਖੇਡਾਂ ਤੇ ਕਸਰਤ, ਸਰੀਰ ਨੂੰ ਨਰੋਆ ਰਖਣ ਵਿਚ ਸਹਾਇਕ ਹੁੰਦੀਆਂ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਅਨੁਸਾਰ, 'ਦੇਹ ਦੇ ਨਰੋਏ ਹੋਣ ਬਾਝੋਂ ਨਾ ਆਪਣਾ ਕੋਈ ਧਰਮ-ਕਰਮ ਹੋ ਸਕਦਾ ਹੈ ਤੇ ਨਾ ਹੀ ਲੋੜਵੰਦ ਦੀ ਸੇਵਾ ਤੇ ਗਰੀਬ ਦੀ ਮਦਦ ਹੋ ਸਕਦੀ ਹੈ।'

ਪੜ੍ਹਾਈ ਦੇ ਨਾਲ-ਨਾਲ ਬੇਅੰਤ ਜੀ ਦੇ ਖੇਡਣ ਤੇ ਵਰਜਿਸ਼ ਕਰਨ ਅਤੇ ਘੋਲ ਕਰਨ ਦੇ ਵਕਤ ਵੀ ਨਿਸ਼ਚਿਤ ਕੀਤੇ ਹੋਏ ਸਨ ਤਾਂ ਜੋ ਸਰੀਰ ਰਿਸ਼ਟ ਪੁਸ਼ਟ ਰਹੇ।

**ਉਸ ਵਕਤ ਦੀਆਂ ਖੇਡਾਂ**

ਉਸ ਵਕਤ ਦੀਆਂ ਖੇਡਾਂ ਸਨ—ਲੁਕਣਮੀਟੀ, ਖਿੱਦੋਖੂੰਡੀ, ਛਾਲਾਂ ਮਾਰਨੀਆਂ, ਦੌੜਾਂ, ਕਬੱਡੀ ਗੱਤਕਾ, ਤੈਰਾਕੀ, ਰੱਸਾ ਖਿੱਚਣਾ, ਰੱਸਾ ਟੱਪਣਾ, ਘੋੜ ਸਵਾਰੀ, ਪੋਲੋ ਖੇਡਣੀ, ਫੁੱਟਬਾਲ ਖੇਡਣੀ, ਡੰਡ ਬੈਠਕਾਂ ਕੱਢਣੀਆਂ, ਚੱਕਰ ਘੁਮਾਉਣਾ, ਗੋਲਾ ਸੁੱਟਣਾ, ਪੀਂਘ ਝੂਟਣੀ, ਗੀਟਿਆਂ ਦੀ ਖੇਡ, ਸਾਇਕਲਾਂ ਤੇ ਰੇਸ ਲਾਉਣੀ ਆਦਿਕ।

ਜਦੋਂ ਬੇਅੰਤ ਜੀ ਬਹੁਤ ਛੋਟੀ ਉਮਰ ਦੇ ਸਨ, ਉਦੋਂ ਬਾਰੇ ਸੰਤ ਧਾਰਾ ਸਿੰਘ ਵਲਟੋਹਾ (ਪੁੱਤਰ ਬਾਬਾ ਕਪੂਰ ਸਿੰਘ) ਜੋ ਅੱਜ ਕੱਲ ਟਿੱਬੀ (ਰਾਜਸਥਾਨ) ਵਿਖੇ ਰਹਿੰਦੇ ਹਨ, ਨੇ ਮੈਨੂੰ ਮਾਰਚ 1996 ਨੂੰ ਹੋਲੇ ਦੇ ਮੇਲੇ ਸਮੇਂ ਟਿੱਬੇ (ਸ੍ਰੀ ਜੀਵਨ ਨਗਰ) ਵਿਖੇ ਦੱਸਿਆ,

"ਅਸੀਂ ਹਾਣੀ ਸਾਂ। ਛੋਟੇ ਛੋਟੇ ਹੁੰਦੇ ਸਾਂ, ਇਕੱਠੇ ਖੇਡਿਆ ਕਰਦੇ ਸਾਂ। ਬੇਅੰਤ ਜੀ ਨੇ ਕੇਸ ਪਿਛਾਂਹ ਸੁੱਟੇ ਹੁੰਦੇ ਸਨ। ਸ੍ਰੀ ਭੈਣੀ ਸਾਹਿਬ ਵਿਖੇ, ਬਾਲ ਬੇਅੰਤ ਜੀ ਜਿਸ ਵੇਲੇ ਲੁਕਣ-ਮੀਟੀ ਖੇਡਦੇ ਹੁੰਦੇ ਸਨ, ਸੰਤ ਮੇਜਾ ਸਿੰਘ ਚੀਮਿਆਂ ਦੇ (ਨਾਈ ਸਿੰਘ) ਜੋ ਉਸ ਵੇਲੇ ਘੋੜਿਆਂ ਦੀ ਸੇਵਾ 'ਤੇ ਸਨ, ਬੇਅੰਤ ਜੀ ਨੂੰ ਚੁੱਕ ਕੇ ਲਟੈਣ 'ਤੇ ਬਿਠਾ ਦਿੰਦੇ ਸਨ। ਬੇਅੰਤ ਜੀ ਨੇ ਲਟੈਣ 'ਤੇ ਲੰਮਿਆਂ ਪੈ ਜਾਣਾ ਤੇ ਦੂਜਿਆਂ ਨੇ ਲੱਭਦੇ ਫਿਰਨਾ, ਪਰ ਬੇਅੰਤ ਜੀ ਲੱਭਣੇ ਹੀ ਨਾ। ਇਕ ਡਰੰਮ ਜਿਸ ਦਾ ਮੂੰਹ ਖੁੱਲ੍ਹਾ ਹੁੰਦਾ ਸੀ, ਸੰਤ ਮੇਜਾ ਸਿੰਘ ਨੇ ਬੇਅੰਤ ਜੀ ਨੂੰ ਲੁਕਣ ਲਈ, ਥੱਲੇ ਬਿਠਾ ਕੇ, ਉਪਰ ਉਹ ਡਰੰਮ ਮੂਧਾ ਮਾਰ ਦੇਣਾ, ਹਾਣੀਆਂ ਨੇ ਲੱਭਦੇ ਹੀ ਫਿਰਨਾ ਕਿ ਬੇਅੰਤ ਜੀ ਕਿਥੇ ਹਨ ਪਰ ਬੇਅੰਤ ਜੀ ਦਾ ਪਤਾ ਨਾ ਲੱਗਣਾ।"

ਬੇਅੰਤ ਜੀ ਵੱਖ-ਵੱਖ ਖੇਡਾਂ ਆਪਣੇ ਸਾਥੀਆਂ ਨਾਲ ਖੇਡਦੇ ਰਹੇ। ਖੇਡ ਵਿਚ ਦੋ ਗਰੁੱਪ ਬਣਾ ਲਏ ਜਾਂਦੇ ਸਨ। ਸੰਤ ਕੁੰਦਨ ਸਿੰਘ ਨਕਈ ਦੱਸਦੇ ਹਨ,

"ਮੈਂ ਹਮੇਸ਼ਾ ਬੇਅੰਤ ਜੀ ਵਾਲੀ ਟੀਮ ਵਿਚ ਹੁੰਦਾ ਸਾਂ।"

ਦੌੜਾਂ, ਤੇਜ਼ ਤੁਰਨਾ, ਛਾਲਾਂ ਮਾਰਨੀਆਂ

"ਵੇਖਣ ਨੂੰ ਇਹਨਾਂ ਦਾ ਸਰੀਰ ਭਾਵੇਂ ਸਾਥੀ ਬੱਚਿਆਂ ਨਾਲੋਂ ਕੁਝ ਪਤਲਾ ਹੀ ਪ੍ਰਤੀਤ ਹੁੰਦਾ ਪਰ ਨੱਸਣ, ਭੱਜਣ ਤੇ ਖੇਲਣ ਕੁੱਦਣ ਅਥਵਾ ਬਾਲਪਨ ਦੀਆਂ ਸਾਰੀਆਂ ਹਰਕਤਾਂ ਵਿਚ ਇਹ ਮੋਟੇ ਮੋਟੇ ਹਾਣੀਆਂ ਨੂੰ ਪਛਾੜ ਜਾਂਦੇ ਹਾਲਾਂਕਿ ਇਨ੍ਹਾਂ ਉਤੇ ਡੇਰੇ ਦੇ ਪ੍ਰਬੰਧਕਾਂ, ਵਿਦਿਆ ਤੇ ਸੰਗੀਤ ਦੇ ਉਸਤਾਦਾਂ ਦੀ ਨਿਗਰਾਨੀ ਤੇ ਕਰੜਾਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਬਾਕੀ ਦੇ ਸਾਥੀ ਬੱਚਿਆਂ ਨਾਲੋਂ ਕਿਤੇ ਜ਼ਿਆਦਾ ਹੁੰਦੀ।"

—ਸ੍ਰੀ ਆਤਮਾ ਸਿੰਘ ਸਨਖਤ੍ਰਵੀ ਦੇ ਲੇਖ 'ਬਿਅੰਤ ਪ੍ਰਗਤੀਆਂ ਦੇ ਸੁਆਮੀ' ਵਿਚੋਂ।

ਸਰੀਰੋਂ ਪਤਲੇ ਪਰ ਫੁਰਤੀਲੇ ਬੇਅੰਤ ਜੀ ਦੌੜਦੇ ਬਹੁਤ ਤੇਜ਼ ਸਨ। ਦੌੜਦਿਆਂ ਦੇ ਧਰਤੀ 'ਤੇ ਪੈਰ ਲਗਦੇ ਨਜ਼ਰ ਨਹੀਂ ਸਨ ਆਉਂਦੇ। ਆਪ ਪੰਦਰਾਂ ਮਿੰਟ ਵਿਚ ਤਿੰਨ ਮੀਲ ਦੌੜ ਲੈਂਦੇ ਸਨ, ਕਿਸੇ ਨੂੰ ਅੱਗੇ ਨਹੀਂ ਸਨ ਲੰਘਣ ਦਿੰਦੇ। ਜਦੋਂ ਸ਼ਾਮ ਨੂੰ ਚਾਰ ਵਜੇ ਸਕੂਲ ਤੋਂ ਛੁੱਟੀ ਹੁੰਦੀ ਸੀ, ਉਦੋਂ ਬੇਅੰਤ ਜੀ, ਆਪਣੇ ਸਾਥੀਆਂ ਨਾਲ ਦੌੜ ਕੇ ਨਹਿਰ ਵਾਲੇ ਡੇਰੇ 'ਤੇ ਜਾਇਆ ਕਰਦੇ ਸਨ। ਬੇਅੰਤ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘੋੜਿਆਂ ਨਾਲ ਵੀ ਕਈ ਮੀਲ ਦੌੜ ਲੈਂਦੇ ਸਨ। ਸੱਚੇ ਪਾਤਸ਼ਾਹ ਜੀ ਨਹਿਰ ਵਾਲੇ ਡੇਰੇ 'ਤੇ ਘੋੜਿਆਂ 'ਤੇ ਜਾਇਆ ਕਰਦੇ ਸਨ।

ਕਈ ਵਾਰ ਬੇਅੰਤ ਜੀ ਤੇ ਸਾਥੀਆਂ ਨੇ ਕੁੱਤਿਆਂ ਨੂੰ ਛੇੜ ਕੇ ਦੌੜਨ ਲਾ ਦੇਣਾ ਤੇ ਫਿਰ ਆਪ ਉਨ੍ਹਾਂ ਕੁੱਤਿਆਂ ਨਾਲ ਉਦੋਂ ਤਕ ਦੌੜਨਾ ਜਦੋਂ ਤੀਕ ਕੁੱਤੇ ਥੱਕ, ਹਫ ਕੇ ਖੜੇ ਨਹੀਂ ਸਨ ਜਾਂਦੇ।

ਬੇਅੰਤ ਜੀ ਦੀ ਤੋਰ ਵਿਚ ਵੀ ਬਹੁਤ ਤੇਜ਼ੀ ਅਤੇ ਚੁਸਤੀ ਫੁਰਤੀ ਹੋਇਆ ਕਰਦੀ ਸੀ। ਆਪ ਇਤਨੀ ਤੇਜ਼ ਤੁਰਦੇ ਸਨ ਕਿ ਕੋਈ ਬਰਾਬਰ ਨਹੀਂ ਸੀ ਚਲ ਸਕਦਾ, ਨਾਲ ਤੁਰਨ ਵਾਲੇ ਨੂੰ ਕਿਤੇ ਦੀ ਕਿਤੇ ਛੱਡ ਕੇ ਅਗਾਂਹ ਲੰਘ ਜਾਂਦੇ। ਹੁਣ ਲਗਭਗ 77 ਸਾਲ ਦੀ ਉਮਰ ਵਿਚ ਵੀ ਆਪ ਜੀ ਦੀ ਚਾਲ ਵਿਚ ਚੁਸਤੀ, ਫੁਰਤੀ ਤੇ ਤੇਜ਼ੀ ਬਰਕਰਾਰ ਹੈ।

ਦਰਖਤਾਂ ਤੋਂ ਛਾਲਾਂ ਵੀ ਮਾਰੀਆਂ ਜਾਂਦੀਆਂ ਤੇ ਪੀਂਘ ਵੀ ਝੂਟੀ ਜਾਂਦੀ। ਸ. ਸਾਧੂ ਸਿੰਘ ਕਿਸਾਨ ਸਪੁੱਤਰ ਸੰਤ ਤਰਨ ਸਿੰਘ ਵਹਿਮੀ ਦੱਸਦੇ ਹਨ, "ਅਖੰਡ ਵਰਨੀ ਤੋਂ ਗੋਲ ਛੱਪਰ ਵਾਲੇ ਪਾਸੇ ਨੂੰ ਬੋਹੜ ਦੇ ਦਰਖਤ 'ਤੇ ਪੀਂਘ ਪਾਈ ਹੁੰਦੀ ਸੀ। ਇਸ ਪੀਂਘ 'ਤੇ ਬੈਠ ਕੇ ਬਹੁਤ ਜ਼ੋਰ ਦੀ ਝੂਟਾ ਦਿਤਾ ਜਾਂਦਾ। ਅਗਲੇ ਪਾਸੇ ਥਾਂ ਗੋਡਿਆ ਹੁੰਦਾ ਸੀ। ਜਦ ਪੀਂਘ ਇਸ ਥਾਂ ਕੋਲ ਪਹੁੰਚਦੀ ਤਾਂ ਝੂਟੇ ਵਿਚੋਂ ਇਕਦਮ ਇਸ 'ਗੋਡੇ ਹੋਏ ਥਾਂ' ਵਿਚ ਛਾਲ ਮਾਰ ਦਿਤੀ ਜਾਂਦੀ ਸੀ। ਬੇਅੰਤ ਜੀ ਨਾਲ, ਮਹਿੰਦਰ ਸਿੰਘ ਘੋੜਿਆਂ ਵਾਲਾ ਕੱਕੜਾਂ ਵਾਲਾ (ਜਥੇਦਾਰ ਗੁਰਮੁਖ ਸਿੰਘ ਝੱਬਰ ਦਾ ਜਵਾਈ), ਜਿਹੜਾ ਅੱਜ ਕਲ੍ਹ ਸੰਤ ਨਗਰ ਰਹਿੰਦਾ ਹੈ, ਇਕ ਮੈਂ ਹੁੰਦਾ ਸਾਂ, ਕਈ ਜਣੇ ਹੋਰ ਵੀ ਹੁੰਦੇ ਸਨ। ਬੇਅੰਤ ਜੀ ਉਦੋਂ ਵੀ ਬਹੁਤ ਛੂਹਲੇ ਹੁੰਦੇ ਸਨ।"

**ਖਿੱਦੋ-ਖੂੰਡੀ, ਕਬੱਡੀ, ਲੁਕਣਮੀਟੀ**

ਬੇਅੰਤ ਜੀ ਆਪਣੇ ਹਾਣੀਆਂ ਨਾਲ ਖਿੱਦੋ-ਖੂੰਡੀ ਦੀ ਖੇਡ ਵੀ ਖੇਡਿਆ ਕਰਦੇ। ਕਬੱਡੀ ਦੀ ਖੇਡ ਵੀ ਖੇਡੀ ਜਾਇਆ ਕਰਦੀ ਸੀ। ਲੰਮੀ ਕਬੱਡੀ ਵੀ ਖੇਡੀ ਜਾਂਦੀ ਸੀ, ਇਕ ਦੂਜੇ ਨੂੰ ਮਾਰ ਕੇ ਆਉਣਾ ਭਾਵ ਹੱਥ ਲਾ ਕੇ ਆਉਣਾ। ਬੇਅੰਤ ਜੀ ਦਾ ਕਬੱਡੀ 'ਚ ਬੜਾ ਲੰਮਾ ਦਮ ਹੋਇਆ ਕਰਦਾ ਸੀ।

(ਨੰਬਰਦਾਰ) ਹਰੀ ਸਿੰਘ ਵਡਾਣੀਆਂ ਜਿਨ੍ਹਾਂ ਦੀ ਬੇਅੰਤ ਜੀ ਨਾਲ ਕਾਫੀ ਨੇੜਤਾ ਰਹੀ ਹੈ, ਦੱਸਦੇ ਹਨ:

"ਸਾਡਾ ਦੋਹਾਂ ਦਾ ਕਾਫੀ ਮੇਲ-ਜੋਲ ਸੀ। ਅਸੀਂ ਇਕੱਠੇ ਕਬੱਡੀ ਵੀ ਖੇਡਦੇ ਰਹੇ ਹਾਂ, ਘੁਲਦੇ ਵੀ ਰਹੇ ਹਾਂ, ਲੁਕਣਮੀਟੀ ਵੀ ਖੇਡਦੇ ਰਹੇ ਹਾਂ। ਇਕ ਪਾਸੇ ਘੋੜਿਆਂ ਵਾਲੇ ਹੁੰਦੇ ਸਨ, ਇਕ ਪਾਸੇ ਅਸੀਂ ਚਾਰ-ਪੰਜ ਜਣੇ, ਬੇਅੰਤ ਜੀ, ਮੈਂ, ਕੁੰਦਨ ਸਿੰਘ ਨਕਈ, ਪੰਡਤ ਰਾਜਿੰਦਰ ਸਿੰਘ ਆਦਿ ਹੁੰਦੇ ਸਾਂ। ਇਕ ਹੋਰ ਕੁੰਦਨ ਸਿੰਘ ਹੁੰਦਾ ਸੀ, ਉਹ ਵੀ ਪਿਛੋਂ ਜ਼ਿਲ੍ਹਾ ਲਾਹੌਰ ਦਾ ਸੀ। ਬੇਅੰਤ ਜੀ ਬੜੇ ਖੁਸ਼ਮਿਜ਼ਾਜ਼ ਸੁਭਾਅ ਦੇ ਹੋਣ ਕਰਕੇ ਹਾਸਾ ਮਖੌਲ ਕਰਦੇ ਰਹਿੰਦੇ, ਹੱਸਣ ਹਸਾਉਣ ਦੀਆਂ ਗੱਲਾਂ ਆਪ ਨੇ ਕਰਦੇ ਰਹਿਣਾ। ਅਸੀਂ ਕੋਠੀ ਵਿਚ ਲੁਕਣਮੀਟੀ ਖੇਡਦੇ ਹੁੰਦੇ ਸਾਂ (ਇਹੋ ਕੋਠੀ ਜਿਥੇ ਅੱਜ ਕਲ੍ਹ ਵਰਤਮਾਨ ਸ੍ਰੀ ਸਤਿਗੁਰੂ ਜੀ ਦਾ ਨਿਵਾਸ ਹੈ) ਕਦੇ ਇਧਰਲੇ ਕਮਰੇ 'ਚ ਲੁਕ ਜਾਣਾ, ਕਦੇ ਉਧਰਲੇ ਕਮਰੇ 'ਚ ਲੁਕ ਜਾਣਾ। ਭੱਜੇ ਫਿਰਨਾ ਇਕ ਦੂਜੇ ਦੇ ਮਗਰ। ਇਕ ਇੰਦਰ ਸਿੰਘ 'ਮੱਛਰ' ਹੁੰਦਾ ਸੀ, ਭੂਰੇ ਗਿਲਾਂ ਦਾ, ਬੜਾ ਚਲਾਕ ਸੀ, ਉਹ ਭੱਜਿਆ ਡਾਹ ਨਹੀਂ ਸੀ ਦਿੰਦਾ।"

"ਬੇਅੰਤ ਜੀ ਦੀ ਇਸੇ ਇੰਦਰ ਸਿੰਘ 'ਮੱਛਰ' ਨਾਲ ਇਕ ਦਿਲਸਚਪ ਘਟਨਾ ਇਉਂ ਹੋਈ। ਇਕ ਦਿਨ ਹਨੇਰੇ ਦੇ ਸਮੇਂ, ਕੋਠੀ ਦੇ ਕਮਰੇ ਵਿਚ ਬੇਅੰਤ ਜੀ ਤੇ ਸਾਥੀ ਬੈਠੇ ਹੋਏ ਸਨ, ਦੀਵਾ ਜਗ ਰਿਹਾ ਸੀ, ਬੜਾ ਚਿਰ ਬੈਠੇ ਰਹੇ। ਇੰਦਰ ਸਿੰਘ 'ਮੱਛਰ' ਨੂੰ ਪਤਾ ਨਹੀਂ ਕਿਵੇਂ ਪਤਾ ਲਗ ਗਿਆ ਕਿ ਅੰਦਰ ਸਾਰੇ ਬੈਠੇ ਨੇ, ਉਹ ਅੰਦਰ ਆ ਗਿਆ। ਉਸ ਦੇ ਅੰਦਰ ਵੜਦਿਆਂ ਹੀ ਬੇਅੰਤ ਜੀ ਨੇ ਦੀਵਾ ਬੁਝਾ ਦਿਤਾ। ਹਨੇਰੇ ਵਿਚ ਉਸ ਨੂੰ ਪਤਾ ਨਹੀਂ ਲੱਗਾ ਕਿ ਮੈਂ ਕਿਹਦੇ ਨਾਲ ਲੱਗਾ ਹਾਂ, ਉਹ ਬੇਅੰਤ ਜੀ ਨਾਲ ਹੀ ਉਲਝ ਗਿਆ। ਬੇਅੰਤ ਜੀ ਨੇ ਉਹਨੂੰ ਫੜ ਕੇ ਢਾਹ ਲਿਆ, ਉਸਨੂੰ ਥੱਲੇ ਰੱਖ ਕੇ ਪਿਛਲੇ ਪਾਸਿਉਂ ਬਾਂਹ ਤੋਂ ਫੜ ਕੇ ਝੱਟ ਪਿਛੋਂ ਦਾਅ ਮਾਰਨ, ਕਦੇ ਏਧਰ ਮਾਰਨ, ਫਿਰ ਦਾਅ ਮਾਰਨ ਤੇ ਉਧਰ ਮਾਰਨ, ਬੜਾ ਉਸ ਨੂੰ ਰੋਲਿਆ ਤੇ ਫਿਰ ਬੇਅੰਤ ਜੀ ਭੱਜ ਕੇ ਬਾਹਰ ਨਿਕਲ ਗਏ। ਬਾਕੀ ਸਾਰੇ ਸਾਥੀਆਂ ਨੂੰ ਇਸ ਗੱਲ ਦਾ ਪਤਾ ਸੀ। ਜਿਥੇ ਕੋਠੀ 'ਚ ਛਾਂ ਵਾਲੀ ਵੇਲ ਸੀ, ਉਹਦੇ ਥੱਲੇ ਤਖ਼ਤਪੋਸ਼ ਡੱਠਾ ਸੀ ਤੇ ਉਥੇ ਸਾਰੇ ਮੁੰਡੇ ਬੈਠੇ ਸਨ। ਬੇਅੰਤ ਜੀ ਬਾਹਰ ਨਿਕਲਦਿਆਂ ਸਾਰ ਹੀ ਫਟਾਫਟ, ਦਮ ਵੱਟ ਕੇ ਉਥੇ ਬੈਠ ਗਏ, ਤਖ਼ਤਪੋਸ਼

'ਤੇ। ਇਹ ਸਾਰੀ ਗੱਲ ਬੜੀ ਤੇਜ਼ੀ ਨਾਲ ਹੋਈ। ਇੰਦਰ ਸਿੰਘ 'ਮੱਛਰ' ਵੀ ਭੱਜ ਕੇ ਬਾਹਰ ਆਇਆ ਤੇ ਕਹਿਣ ਲੱਗਾ, 'ਅੰਦਰ ਪਤਾ ਨਹੀਂ ਕਿਹੜਾ ਮੁੰਡਾ ਸੀ, ਦੀਵਾ ਬੁਝਾ ਕੇ ਉਸ ਨੇ ਮੇਰੇ ਨਾਲ ਐਸ ਤਰ੍ਹਾਂ ਕੀਤਾ, ਐਸ ਤਰ੍ਹਾਂ ਮੈਨੂੰ ਰਗੜਿਆ, ਉਹਨੇ ਮੈਨੂੰ ਬੜਾ ਚੁੱਕ ਚੁੱਕ ਕੇ ਮਾਰਿਆ, ਬੜੇ ਦਾਅ ਜਾਣਦਾ ਹੈ ਉਹ, ਇਹ ਕੋਈ ਤਰੀਕਾ ਥੋੜ੍ਹਾ ਹੈ, ਇਸ ਤਰ੍ਹਾਂ ਨਹੀਂ ਸੀ ਉਸ ਨੂੰ ਕਰਨਾ ਚਾਹੀਦਾ।'

ਬੇਅੰਤ ਜੀ ਚੁੱਪ ਕਰ ਕੇ ਸੁਣਦੇ ਰਹੇ।

ਇੰਦਰ ਸਿੰਘ 'ਮੱਛਰ' ਨੇ ਕਿਹਾ, 'ਮੈਂ ਦੱਸ ਨਹੀਂ ਸਕਦਾ ਕਿ ਉਹ ਕੌਣ ਸੀ ਪਰ ਮੈਨੂੰ ਲਗਦਾ ਹੈ ਕਿ ਉਹ ਨਕਈ ਸੀ।'

ਕਈ ਦਿਨ ਇੰਦਰ ਸਿੰਘ ਨੂੰ ਪਤਾ ਨਹੀਂ ਲੱਗਾ ਕਿ ਉਹ ਕੌਣ ਸੀ, ਕਿਸੇ ਨੇ ਦੱਸਿਆ ਹੀ ਨਹੀਂ, ਫਿਰ ਇਕ ਦਿਨ ਜਦੋਂ ਉਸ ਨੂੰ ਪਤਾ ਲੱਗਾ, ਫਿਰ ਉਸ ਨੇ ਬੇਅੰਤ ਜੀ ਕੋਲੋਂ ਮਾਫ਼ੀ ਮੰਗੀ।"

**ਡੰਡ ਬੈਠਕਾਂ, ਗੱਤਕਾ, ਫੁੱਟਬਾਲ**

ਬੇਅੰਤ ਜੀ ਨੇ ਰੋਜ਼ਾਨਾ ਡੰਡ ਬੈਠਕਾਂ ਕੱਢਣੀਆਂ। ਡੰਡ ਕੱਢਣ ਸਮੇਂ ਦੋਹਾਂ ਹੱਥਾਂ ਹੇਠ ਇਕ ਇਕ ਇੱਟ ਰੱਖੀ ਜਾਂਦੀ। ਇੱਟ ਤੋਂ ਇੱਟ ਤਕ ਚਾਰ ਗਿੱਠਾਂ ਦਾ ਫਾਸਲਾ ਹੁੰਦਾ। ਪੈਰਾਂ ਵਾਲੀ ਥਾਂ ਉੱਚੀ ਰੱਖ ਕੇ ਅਤੇ ਛਾਤੀ ਵਾਲਾ ਥਾਂ ਨੀਵਾਂ ਰੱਖ ਕੇ ਡੰਡ ਕਢਦੇ ਸਨ। ਹਿੱਕ ਵਾਲਾ ਥਾਂ ਨੀਵਾਂ ਰੱਖਣ ਲਈ ਥੱਲੇ ਟੋਇਆ ਕੱਢਿਆ ਹੁੰਦਾ ਸੀ, ਇਸ ਤਰ੍ਹਾਂ ਕਰਨ ਨਾਲ ਜ਼ੋਰ ਜ਼ਿਆਦਾ ਲਗਦਾ ਹੈ।

ਜਿੱਥੇ ਅੱਜ ਕਲ੍ਹ ਵਰਨੀ ਚਲਦੀ ਹੈ, ਇਸ ਦੇ ਪਿਛਲੇ ਪਾਸੇ ਬੇਅੰਤ ਜੀ ਫੁੱਟਬਾਲ ਖੇਡਿਆ ਕਰਦੇ ਸਨ। ਘੋੜਿਆਂ ਦੀ ਸੇਵਾ ਕਰਨ ਵਾਲੇ ਵੀ ਨਾਲ ਖੇਡਿਆ ਕਰਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੁਰਸੀ 'ਤੇ ਸੁਸ਼ੋਭਿਤ ਹੋ, ਬੇਅੰਤ ਜੀ ਤੇ ਸਾਥੀ ਬੱਚਿਆਂ ਦੀ ਖੇਡ ਵੇਖਿਆ ਕਰਦੇ ਸਨ। ਬੇਅੰਤ ਜੀ ਫੁੱਟਬਾਲ ਇਤਨਾ ਵਧੀਆ ਖੇਡਦੇ ਸਨ ਕਿ ਦੂਜੇ ਪਿੰਡ ਦੀਆਂ ਟੀਮਾਂ, ਫੁੱਟਬਾਲ ਖੇਡਣ ਲਈ ਆਪ ਜੀ ਨੂੰ ਮੰਗ ਕੇ ਲੈ ਜਾਂਦੀਆਂ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਬੇਅੰਤ ਜੀ ਨੂੰ ਗੱਤਕਾ ਖੇਡਣਾ, ਉਸਤਾਦ ਨੱਥਾ ਸਿੰਘ ਜੀ ਮੰਜੂ ਖੇੜੇ (ਜ਼ਿਲ੍ਹਾ ਸਰਸਾ) ਵਾਲਿਆਂ ਨੇ ਅਤੇ ਘੁਲਣਾ ਭਾਈ ਪ੍ਰੇਮ ਸਿੰਘ ਗੜ੍ਹਦੀਵਾਲ ਨੇ ਸਿਖਾਇਆ। ਬੇਅੰਤ ਜੀ ਨੇ ਗੱਤਕੇ 'ਚ ਚੱਕਰ ਚਲਾਉਣਾ, ਦੋ ਤਲਵਾਰਾਂ ਫੜ ਕੇ ਚਲਾਉਣੀਆਂ, ਲੰਮੀਆਂ ਪੱਤੀਆਂ ਵਾਲਾ ਪਟਾ ਫੜ ਕੇ ਗੱਤਕੇ ਨਾਲ ਘੁਮਾਉਣਾ ਤੇ ਹੋਰ ਗੱਤਕੇ ਦੀਆਂ ਬੜੀ ਚੁਸਤੀ ਫੁਰਤੀ ਵਾਲੀਆਂ ਖੇਡਾਂ ਸਿੱਖੀਆਂ। ਮਾਨ ਸਿੰਘ ਜੀ ਮੰਡੀ ਵਾਲੇ, ਬੇਅੰਤ ਜੀ ਨਾਲ ਸੰਨ 1938 ਵਿਚ ਗੱਤਕਾ ਸਿੱਖਦੇ ਰਹੇ ਹਨ।

(ਵਰਤਮਾਨ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੁਣ ਇਹੀ ਉਸਤਾਦ ਮਾਨ ਸਿੰਘ, ਸ੍ਰੀ ਭੈਣੀ ਸਾਹਿਬ ਵਿਖੇ, ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਨੂੰ ਤੇ ਹੋਰ ਨਾਮਧਾਰੀ ਯੁਵਕਾਂ ਨੂੰ ਗੱਤਕਾ ਖੇਡਣ ਦੀ ਸਿਖਲਾਈ ਦੇ ਰਹੇ ਹਨ। ਗੱਤਕੇ ਦੀਆਂ ਸਾਰੀਆਂ ਖੇਡਾਂ ਸਿਖਾ ਕੇ ਇਸ ਪ੍ਰਥਾ ਨੂੰ ਜਾਰੀ ਰਖਿਆ ਜਾ ਰਿਹਾ ਹੈ। ਨਾਮਧਾਰੀ ਨੌਜਵਾਨ ਅਤੇ ਬੱਚੇ, ਉਸਤਾਦ ਮਾਨ ਸਿੰਘ ਦੀ ਅਗਵਾਈ ਹੇਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਿਆਂ ਅਤੇ ਹੋਰ ਸਮਾਗਮਾਂ ਦੇ ਅਵਸਰ 'ਤੇ ਗੱਤਕੇਬਾਜ਼ੀ ਦਾ ਪ੍ਰਦਰਸ਼ਨ ਕਰਦੇ ਹਨ)

### ਘੋੜਸਵਾਰੀ ਅਤੇ ਅਪੋਲੋ:

ਉਨ੍ਹੀਂ ਦਿਨੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੌਰੇ ਘੋੜਿਆਂ 'ਤੇ ਹੀ ਹੋਇਆ ਕਰਦੇ ਸਨ, ਕਿਉਂਕਿ ਆਉਣ-ਜਾਣ ਦੇ ਹੋਰ ਸਾਧਨ ਘੱਟ ਸਨ। ਬਖਸ਼ੀ ਦੇਵਾ ਸਿੰਘ ਚੰਗੀ ਨਸਲ ਦੇ ਘੋੜੇ ਲਿਆ ਕੇ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਿਆ ਕਰਦੇ ਸਨ। ਬਖਸ਼ੀ ਜੀ, ਸ੍ਰੀ ਭੈਣੀ ਸਾਹਿਬ ਦੇ ਪੰਡਤਾਂ ਦੇ ਪੁੱਤਰ ਸਨ, ਆਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲੋਂ 4-5 ਕੁ ਸਾਲ ਵੱਡੇ ਸਨ। ਆਪ ਦਾ ਬਚਪਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਪਨ ਨਾਲ ਬੀਤਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਖ਼ੁਦ, ਬੇਅੰਤ ਜੀ ਨੂੰ ਘੋੜ ਸਵਾਰੀ ਬਾਰੇ ਜਾਣਕਾਰੀ ਦਿੱਤੀ। ਛੋਟੇ ਹੁੰਦਿਆਂ ਨੂੰ ਬੇਅੰਤ ਜੀ ਨੂੰ ਘੋੜੇ 'ਤੇ ਬਿਠਾ ਲੈਣਾ ਤੇ ਫਿਰ ਲਗਾਮ ਆਪ ਫੜ ਲੈਣੀ। ਫਿਰ ਸ੍ਰ. ਭਗਤ ਸਿੰਘ ਨੂੰ ਹੁਕਮ ਕੀਤਾ ਕਿ ਵੱਡੇ ਕਾਕੇ ਨੂੰ ਘੋੜ ਸਵਾਰੀ ਵਿਚ ਪੂਰਾ ਨਿਪੁੰਨ ਕਰੇ। ਸ੍ਰ. ਭਗਤ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘੋੜਿਆਂ ਦੇ ਯਾਕੀ ਸਨ, ਇਹ ਸ੍ਰੀ ਸਤਿਗੁਰੂ ਜੀ ਦੇ ਘੋੜੇ ਰੇਸਾਂ ਵਿਚ ਦੁੜਾਇਆ ਕਰਦੇ ਸਨ।

ਬੇਅੰਤ ਜੀ ਸਮਾਂ ਪਾ ਕੇ ਬਹੁਤ ਵਧੀਆ ਘੋੜ ਸਵਾਰ ਬਣ ਗਏ। ਅੱਥਰੇ ਤੇ ਬੇਕਾਬੂ ਹੋਏ ਘੋੜਿਆਂ ਨੂੰ ਆਪ ਬਹੁਤ ਢੰਗ ਤਰੀਕੇ ਨਾਲ ਕਾਬੂ ਕਰ ਲੈਣ ਦਾ ਹੁਨਰ ਜਾਣਦੇ ਸਨ।

ਇਕ ਵਾਰ ਬੇਅੰਤ ਜੀ 'ਬਹਾਰ' ਨਾਂ ਦੀ ਘੋੜੀ 'ਤੇ ਸਵਾਰ ਸਨ। ਇਹ 'ਬਹਾਰ' ਘੋੜੀ ਇੰਗਲੈਂਡ ਦੇ ਇਕ ਬਹੁਤ ਵਧੀਆ ਅਤੇ ਤਕੜੀ ਨਸਲ ਦੇ ਘੋੜੇ ਯੂਹੋ (Yoho). ਦੀ ਬੇਟੀ ਸੀ। ਰਾਮਸਰ ਵਲੋਂ ਘੋੜੇ ਲਿਜਾ ਕੇ ਉੱਪਲਾਂ ਵੱਲ ਨੂੰ ਭਜਾਉਂਣ ਸਨ। ਪਰ੍ਹਾਂ ਨੂੰ ਲਿਜਾਂਦਿਆਂ ਅਚਾਨਕ 'ਬਹਾਰ 'ਦੇ ਮੂੰਹ ਵਿਚੋਂ ਲਗਾਮ ਟੁੱਟ ਗਈ ਤੇ ਘੋੜੀ ਅੱਥਰੀ ਤੇ ਬੇਕਾਬੂ ਹੋ ਗਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੇਖ ਲਿਆ ਤੇ ਇਹ ਸੋਚ ਕੇ ਕਿ ਜੇ ਘੋੜੀ ਆਪ ਉਤੋਂ ਸੁੱਟੇਗੀ ਤਾਂ ਸੱਟ ਜ਼ਿਆਦਾ ਲੱਗੇਗੀ, ਸੱਚੇ ਪਾਤਸ਼ਾਹ ਜੀ ਨੇ ਬੇਅੰਤ ਜੀ ਨੂੰ ਅਵਾਜ਼ ਮਾਰ ਹੁਕਮ ਕੀਤਾ, 'ਉਤੋਂ ਛਾਲ ਮਾਰ ਦਿਉ', ਪਰ ਕੁਦਰਤੀ ਬੇਅੰਤ ਜੀ ਨੂੰ ਸ੍ਰੀ ਸਤਿਗੁਰੂ ਜੀ ਦਾ ਇਹ ਹੁਕਮ ਸੁਣਿਆ ਨਹੀਂ। ਬੇਅੰਤ ਜੀ ਨੇ ਘੋੜੀ ਨੂੰ ਕਾਬੂ ਕਰਨ ਲਈ ਬੜੀ ਫੁਰਤੀ ਨਾਲ ਘੋੜੀ ਦੇ ਕੰਨ ਮਰੋੜ ਦਿਤੇ। ਪਹਿਲੋਂ

ਇਕ ਕੰਨ ਮਰੋੜਿਆ ਫਿਰ ਦੂਜਾ ਤੇ ਜਦੋਂ ਘੋੜੀ ਖੜ੍ਹ ਗਈ ਤਾਂ ਆਪ ਜੀ ਨੇ ਇਕ ਦਮ ਹੇਠਾਂ ਛਾਲ ਮਾਰ ਕੇ, ਇਕ ਹੱਥ ਘੋੜੀ ਦੇ ਨੱਕ ਉਤੇ ਪਾ ਲਿਆ ਤੇ ਦੂਜੇ ਹੱਥ ਨਾਲ ਲੱਤ ਚੁਕ ਲਈ ਤੇ ਇੰਜ ਘੋੜੀ ਨੂੰ ਕਾਬੂ ਕਰ ਲਿਆ ਤੇ ਖਲਿਆਰ ਲਿਆ। ਇਤਨੇ ਚਿਰ ਨੂੰ ਸੇਵਕਾਂ ਨੇ ਆ ਕੇ ਘੋੜੀ ਨੂੰ ਫੜ ਲਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਬੇਅੰਤ ਜੀ ਦੀ ਫੁਰਤੀ, ਦਲੇਰੀ ਅਤੇ ਸਿਆਣਪ ਵੇਖ ਕੇ ਬਹੁਤ ਖ਼ੁਸ਼ ਹੋਏ ਤੇ ਬੜੀਆਂ ਖ਼ੁਸ਼ੀਆਂ ਦਿੰਦਿਆਂ ਬਚਨ ਕੀਤਾ,

"ਤੂੰ ਬਹੁਤ ਵਧੀਆ ਕੀਤਾ ਹੈ, ਇਉਂ ਕਰਨਾ ਬਹੁਤ ਔਖਾ ਹੈ, ਪਰ ਮੈਂ ਤਾਂ ਤੈਨੂੰ ਅਵਾਜ਼ ਮਾਰੀ ਸੀ ਕਿ ਉਤੋਂ ਛਾਲ ਮਾਰ ਦੇ।"

ਬੇਅੰਤ ਜੀ ਨੇ ਅਤੀ ਨਿਮਰਤਾ ਸਹਿਤ ਅਰਜ਼ ਕੀਤੀ, "ਜੀ, ਮੈਂ ਸੁਣਿਆ ਨਹੀਂ ਸੀ, ਜੇ ਮੈਂ ਸੁਣ ਲੈਂਦਾ ਤਾਂ ਜ਼ਰੂਰ ਛਾਲ ਮਾਰ ਦਿੰਦਾ।"

ਬੇਅੰਤ ਜੀ ਜਾਨਵਰਾਂ ਨੂੰ ਮਾਰਣ-ਕੁੱਟਣ ਦੇ ਹੱਕ ਵਿਚ ਨਹੀਂ ਹਨ। ਲੋੜ ਪੈਣ 'ਤੇ ਆਪ ਘੋੜਿਆਂ ਅਤੇ ਹੋਰ ਜਾਨਵਰਾਂ ਨੂੰ ਪਿਆਰ ਨਾਲ ਹੀ ਕਾਬੂ ਕਰ ਲੈਂਦੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੇਅੰਤ ਜੀ ਲਈ ਟਾਂਗਾ ਬਣਵਾਇਆ। ਸੰਨ 1937 (ਸੰਮਤ 1993) ਨੂੰ (ਸੂਬਾ) ਗੰਡਾ ਸਿੰਘ ਗੁਜਰਾਂਵਾਲਾ (ਬਾਅਦ 'ਚ ਦਿੱਲੀ) ਨੇ 2 ਮਾਰਚ ਤੋਂ 7 ਮਾਰਚ (20 ਫੱਗਣ ਤੋਂ 25 ਫੱਗਣ) ਤਕ, ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਸ੍ਰੀ ਭੈਣੀ ਸਾਹਿਬ ਵਿਖੇ, ਆਪਣੇ ਹੱਥੀਂ ਟਾਂਗਾ ਬਣਾ ਦਿਤਾ। 8 ਮਾਰਚ ਤੋਂ ਇਸ ਟਾਂਗੇ ਦੀ ਵਰਤੋਂ ਸ਼ੁਰੂ ਹੋ ਗਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਟਾਂਗੇ ਵਿਚ ਬੈਠ ਕੇ, ਰੋਜ਼ਾਨਾ ਨਹਿਰ ਵਾਲੇ ਡੇਰੇ ਜਾਇਆ ਕਰਦੇ ਸਨ। ਇਸੇ ਟਾਂਗੇ ਵਿਚ ਬੇਅੰਤ ਜੀ ਆਪਣੇ ਸਾਥੀਆਂ ਨਾਲ ਨਹਿਰ ਵਾਲੇ ਡੇਰੇ 'ਤੇ ਜਾਂ ਹੋਰ ਕਿਧਰੇ ਘੁੰਮਣ ਫਿਰਨ ਜਾਣ ਲਗੇ।

ਬੇਅੰਤ ਜੀ ਵਿਚ ਸ਼ੁਰੂ ਤੋਂ ਹੀ ਓੜਕ ਦੀ ਸਹਿਨਸ਼ੀਲਤਾ ਹੈ। ਆਪ ਜੀ ਦੇ ਸੁਭਾਅ ਦੀ ਸ਼ਾਂਤੀ ਤੇ ਜੇਰਾਂਦ ਦਰਸਾਉਂਦੀ ਇਕ ਘਟਨਾ ਉਸ ਵੇਲੇ ਇੰਜ ਹੋਈ। ਇਕ ਦਿਨ ਬੇਅੰਤ ਜੀ ਟਾਂਗੇ 'ਤੇ ਸਵਾਰ ਹੋ, ਸੇਵਕ ਲਾਭ ਸਿੰਘ ਫੱਤਾ ਨਾਲ ਨਹਿਰ ਵਾਲੇ ਡੇਰੇ 'ਤੇ ਜਾਣ ਲਈ ਚਲ ਪਏ। ਟਾਂਗੇ ਅੱਗੇ 'ਜੈ ਭਾਰਤ' ਨਾਂ ਦਾ ਘੋੜਾ ਜੁਤਿਆ ਹੋਇਆ ਸੀ, ਜੋ ਅਨੇਕ ਘੋੜ-ਦੌੜਾਂ ਵਿਚ ਜੇਤੂ ਰਹਿ ਚੁੱਕਿਆ ਸੀ। ਸ੍ਰੀ ਭੈਣੀ ਸਾਹਿਬ ਤੋਂ ਉਸ ਵੇਲੇ ਵਾਲਾ ਨਹਿਰ ਵਾਲਾ ਡੇਰਾ ਲਗਭਗ ਛੇ ਮੀਲ ਦੀ ਦੂਰੀ 'ਤੇ ਸੀ। ਜਾਂਦਿਆਂ ਸਮੇ ਵਾਹਣਾਂ ਵਿਚ, ਕਿਸੇ ਚੀਜ਼ ਤੋਂ ਡਰ ਕੇ ਘੋੜਾ ਖੜੋ ਗਿਆ। ਘੋੜਾ ਅੜ ਗਿਆ, ਤੁਰੇ ਹੀ ਨਾ।

ਘੋੜੇ ਦੀ ਇਸ ਹਰਕਤ ਉਤੇ ਸੇਵਕ ਲਾਭ ਸਿੰਘ ਨੂੰ ਬੜਾ ਗੁੱਸਾ ਚੜ੍ਹਿਆ। ਉਸ ਦਾ ਜੀਅ ਕੀਤਾ ਕਿ ਘੋੜੇ ਨੂੰ ਡਾਂਗਾਂ ਨਾਲ ਕੁੱਟੇ। ਉਸ ਦਾ ਇਹ ਇਰਾਦਾ ਵੇਖ ਕੇ ਬੇਅੰਤ ਜੀ ਹੁਕਮ ਕੀਤਾ,

"ਲਾਭ ਸਿਆਂ, ਨਾ ਘੋੜੇ ਨੂੰ ਮਾਰਨਾ ਨਹੀਂ"

ਬੇਅੰਤ ਜੀ ਤੇ ਸੇਵਕ ਲਾਭ ਸਿੰਘ ਟਾਂਗੇ 'ਚੋਂ ਉੱਤਰ ਕੇ ਲਾਂਭੇ ਬੈਠ ਗਏ। ਥੋੜ੍ਹੇ ਚਿਰ ਬਾਅਦ ਲਾਭ ਸਿੰਘ ਨੇ ਪਰੇਸ਼ਾਨ ਹੋ ਕੇ ਫਿਰ ਅਰਜ਼ ਕੀਤੀ,

"ਪੰਦਰਾਂ ਮਿੰਟ ਹੋ ਚਲੇ ਹਨ ਘੋੜੇ ਖਲੋਤੇ ਨੂੰ, ਇਸ ਤਰ੍ਹਾਂ ਤਾਂ ਇਸ ਨੇ ਚਲਣਾ ਹੀ ਨਹੀਂ। ਤੁਹਾਡੇ ਪ੍ਰਸ਼ਾਦੇ ਦਾ ਵਕਤ ਹੋ ਗਿਐ।"

"ਕੋਈ ਗੱਲ ਨਹੀਂ, ਇਹਨੂੰ ਵੀ ਤਾਂ ਭੁੱਖ ਲਗਣੀ ਹੀ ਹੈ।" ਬੇਅੰਤ ਜੀ ਨੇ ਬੜੀ ਸ਼ਾਂਤੀ ਨਾਲ ਜਵਾਬ ਦਿਤਾ।

ਲਾਭ ਸਿੰਘ ਚੁੱਪ ਕਰ ਗਿਆ ਪਰ ਉਸਦੇ ਚਿਹਰੇ 'ਤੇ ਬੇਚੈਨੀ ਵਧਦੀ ਵੇਖ ਕੇ ਬੇਅੰਤ ਜੀ ਨੇ ਫਿਰ ਹੁਕਮ ਕੀਤਾ,

"ਘਬਰਾਉਣ ਦੀ ਲੋੜ ਨਹੀਂ—ਜਦੋਂ ਆਪਣੀ ਮਰਜ਼ੀ ਨਾਲ ਤੁਰੇਗਾ, ਉਦੋਂ ਹੀ ਸਹੀ। ਘੋੜੇ ਨੂੰ ਕੁਝ ਨਹੀਂ ਕਹਿਣਾ।"

ਸੇਵਕ ਲਾਭ ਸਿੰਘ ਫੱਤਾ ਨੇ 'ਸਤਿਬਚਨ' ਆਖਿਆ ਪਰ ਜਦੋਂ ਅੱਧਾ ਘੰਟਾ ਹੋ ਗਿਆ ਤਾਂ ਉਸ ਤੋਂ ਰਿਹਾ ਨਾ ਗਿਆ, ਉਹ ਫਿਰ ਬੋਲਿਆ,

"ਡਾਂਗਾਂ ਤੋਂ ਬਿਨਾਂ ਏਸ, ਕਦੋਂ ਠੀਕ ਹੋਣਾ ਹੈ?"

"ਨਹੀਂ, ਇਸ ਤਰ੍ਹਾਂ ਨਹੀਂ ਕਰਨਾ (ਭਾਵ ਮਾਰਨਾ ਨਹੀਂ)"

ਬੇਅੰਤ ਜੀ ਮੁੜ ਹੁਕਮ ਕੀਤਾ।

ਪੌਣੇ ਕੁ ਘੰਟੇ ਪਿਛੋਂ ਘੋੜਾ ਤੁਰ ਪਿਆ, ਬੇਅੰਤ ਜੀ ਤੇ ਸੇਵਕ ਲਾਭ ਸਿੰਘ ਟਾਂਗੇ ਵਿਚ ਬੈਠ ਗਏ। ਸੰਤ ਲਾਭ ਸਿੰਘ ਨੇ ਬੇਅੰਤ ਜੀ ਦੀ ਸ਼ਾਂਤੀ ਵੀ ਧੀਰਜ ਵੇਖਦਿਆਂ ਦੋਵੇਂ ਹੱਥ ਜੋੜ ਸਿਰ ਝੁਕਾਉਂਦਿਆਂ ਆਖਿਆ,

"ਮਹਾਰਾਜ ਤੁਸੀਂ ਧੰਨ ਹੋ। ਮੈਂ ਤਾਂ ਗੁੱਸੇ ਵਿਚ ਘੋੜੇ ਨੂੰ ਕੁੱਟ ਕੇ ਨਿੱਸਲ ਕਰ ਦੇਣਾ ਸੀ। ਤੁਹਾਡੀ ਰਹਿਮਤ ਤੁਹਾਡੇ ਨਾਲ ਹੀ ਹੈ।"

ਉਨ੍ਹਾਂ ਦਿਨਾਂ ਦੀ ਹੀ ਸੰਨ 1937 ਦੀ ਇਕ ਹੋਰ ਘਟਨਾ ਇੰਜ ਹੈ, ਇਕ ਦਿਨ ਸ਼ਾਮ ਦੇ ਵਕਤ ਬੇਅੰਤ ਜੀ ਆਪਣੇ ਸਾਥੀਆਂ ਕੁੰਦਨ ਸਿੰਘ ਨਕਈ, ਪੰ. ਰਾਜਿੰਦਰ ਸਿੰਘ ਤੇ ਗੁਰਦੇਵ ਸਿੰਘ ਰਾਮਪੁਰ ਆਦਿ ਨਾਲ ਸ਼ਾਮ ਦੇ ਵਕਤ ਨਹਿਰ 'ਤੇ ਇਸ਼ਨਾਨ ਕਰ ਪ੍ਰਸ਼ਾਦਾ ਛਕਣ ਉਪ੍ਰੰਤ ਇਸੇ ਟਾਂਗੇ 'ਤੇ ਰੋਪੜ ਵਾਲੇ ਪਾਸਿਓਂ, ਨੀਲੋਂ ਦੇ ਪੁਲ ਵੱਲ ਆ ਰਹੇ ਸਨ। ਸੰਤ ਗੁਰਬਖਸ਼ ਸਿੰਘ ਸੇਵਕ ਉਸ ਦਿਨ ਕੋਚਵਾਨ ਸਨ। ਉਧਰੋਂ ਪੁਲ ਵਲੋਂ ਲਾਟੋਂ ਦਾ ਇਕ ਟਾਂਗਾ ਆ ਰਿਹਾ ਸੀ, ਜਿਸ 'ਤੇ ਲੱਗਾ ਘੋੜਾ ਤੇਜ਼, ਤਰਾਰ ਤੇ ਨਰੋਆ ਸੀ। ਬੇਅੰਤ ਜੀ ਵਾਲੇ ਟਾਂਗੇ ਦੀ ਘੋੜੀ ਕੁੱਝ ਕਮਜ਼ੋਰ ਸੀ। ਦੂਜੇ ਟਾਂਗੇ ਵਾਲਾ ਆਪਣਾ ਟਾਂਗਾ ਅੱਗੇ ਕੱਢਣਾ ਚਾਹੁੰਦਾ ਸੀ, ਪਰ ਬੇਅੰਤ ਜੀ

ਹੁਕਮ ਕੀਤਾ.

"ਆਪਾਂ ਇਹ ਟਾਂਗਾ ਅੱਗੇ ਨਹੀਂ ਲੰਘਣ ਦੇਣਾ।"

"ਆਪ ਜੀ ਦੀ ਕਿਰਪਾ ਨਾਲ ਇਵੇਂ ਹੀ ਹੋਵੇਗਾ।"

ਸੰਤ ਗੁਰਬਖਸ਼ ਸਿੰਘ 'ਸਤਿਬਚਨ' ਆਖਦਿਆਂ ਚੁਕੰਨੇ ਹੋ ਗਏ। ਜਦੋਂ ਟਾਂਗੇ ਵਾਲੇ ਘੋੜੇ ਨੇ ਅੱਗੇ ਲੰਘਣ ਲਗਣਾ, ਸੰਤਾਂ ਸੋਟੀ ਨਾਲ ਘੋੜੇ ਨੂੰ ਦਬਕਾ ਮਾਰ ਪਿੱਛੇ ਕਰ ਦੇਣਾ। ਕਟਾਣੀ ਤੱਕ ਜਿਥੋਂ ਸ੍ਰੀ ਭੈਣੀ ਸਾਹਿਬ ਵੱਲ ਮੋੜ ਮੁੜਦਾ ਹੈ, ਉਥੋਂ ਤੀਕ ਟਾਂਗੇ ਨੂੰ ਨਾਲ ਰਲਣ ਨਹੀਂ ਦਿੱਤਾ, ਅਜਿਹੀਆਂ ਖੇਡਾਂ ਵੀ ਬੇਅੰਤ ਜੀ ਖੇਡਦੇ ਰਹੇ।

ਬੇਅੰਤ ਜੀ (ਵੱਡੇ ਬਾਬਾ ਜੀ) ਦੇ ਇਕ ਹਾਣੀ ਪ੍ਰੀਤਮ ਸਿੰਘ ਬੀੜ ਸਪੁੱਤਰ ਸੰਤ ਪਰਤਾਪ ਸਿੰਘ ਗੋਬਿੰਦ, ਇਸੇ ਟਾਂਗੇ ਨਾਲ ਜੁੜੀ, ਉਸੇ ਵੇਲੇ ਦੀ ਇਕ ਘਟਨਾ, ਜੋ ਬੇਅੰਤ ਜੀ ਦੀ ਅਲੌਕਿਕਤਾ ਅਤੇ ਅੰਤਰਯਾਤਰਾ ਨੂੰ ਦਰਸਾਉਂਦੀ ਹੈ, ਦਾ ਜ਼ਿਕਰ ਇਉਂ ਕਰਦੇ ਹਨ,

"ਘੋੜੀ ਫੇਰਨ ਮੈਂ ਲਿਜਾਇਆ ਕਰਦਾ ਸੀ। ਇਕ ਦਿਨ ਵੱਡੇ ਬਾਬਾ ਜੀ ਨੇ ਸੁਨੇਹਾ ਘੱਲਿਆ ਕਿ 'ਅੱਜ ਘੋੜੀ ਰੌਲ ਕਰਾਉਣ ਨਹੀਂ ਲਿਜਾਣੀ। ਜਦ ਅਸੀਂ ਨਹਿਰ 'ਤੇ ਜਾਣਾ ਹੋਵੇਗਾ, ਉਦੋਂ ਘੋੜੀ ਟਾਂਗੇ ਨਾਲ ਜੋੜ ਕੇ ਲੈ ਆਵੀਂ', ਫਿਰ ਜਦੋਂ ਵੱਡੇ ਬਾਬਾ ਜੀ ਨੇ ਮੈਨੂੰ ਸੁਨੇਹਾ ਘੱਲਿਆ ਬਈ ਘੋੜੀ ਜੋੜ ਕੇ, ਟਾਂਗਾ ਇਥੇ ਕੋਠੀ ਲਿਆਵੇ, ਟਾਂਗਾ ਮੈਂ ਕੋਠੀ ਲੈ ਗਿਆ। ਮੈਂ ਤੇ ਵੱਡੇ ਬਾਬਾ ਜੀ ਟਾਂਗੇ 'ਚ ਬੈਠ ਕੇ ਨਹਿਰ ਵੱਲ ਚਲ ਪਏ। ਇਨ੍ਹਾਂ ਦੇ ਨਾਲ ਹੁੰਦਾ ਸੀ ਸੋਹਣ ਸਿੰਘ ਥਰਾਜੀਆ (ਮਾਤਾ ਜੀਵਨ ਕੌਰ ਜੀ ਦੇ ਭਤੀਜੇ ਦਾ ਪੁੱਤਰ) ਅਸੀਂ ਤਿੰਨੋਂ ਸਾਂ ਟਾਂਗੇ ਵਿਚ। ਮੈਂ ਤੇ ਸੋਹਣ ਸਿੰਘ ਥਰਾਜੀਆ ਪਿੱਛੇ ਬੈਠੇ ਸਾਂ, ਵੱਡੇ ਬਾਬਾ ਜੀ ਅੱਗੇ ਬੈਠ ਆਪ ਹੀ ਵਾਗਾਂ ਫੜ ਲਈਆਂ। ਨਹਿਰ 'ਤੇ ਜਾਂਦਿਆਂ ਰਸਤੇ ਵਿਚ ਜਦੋਂ ਅਸੀਂ ਕਿਸ਼ਤੀ ਤੋਂ ਥੋੜ੍ਹਾ ਉਰ੍ਹਾਂ ਹੀ ਸਾਂ ਕਿ ਘੋੜੀ ਪਤਾ ਨਹੀਂ ਕਾਹਦੇ ਤੋਂ ਡਰ ਕੇ ਅਚਾਨਕ ਹੀ ਟਾਂਗੇ ਨੂੰ ਡੱਕ ਕੇ ਨਹਿਰ ਦੇ ਵਿਚ ਜਾ ਕੇ ਖਲ੍ਹੋ ਗਈ। ਵੱਡੇ ਬਾਬਾ ਜੀ ਨੇ ਸੋਹਣ ਸਿੰਘ ਨੂੰ ਆਖਿਆ, 'ਇਕਦਮ ਟਾਂਗੇ ਵਿਚੋਂ ਉਤਰ ਜਾ।' ਸੋਹਣ ਠਠੰਬਰ ਗਿਆ ਸੀ, ਨਿਆਣਾ ਹੁੰਦਾ ਸੀ, ਟਾਂਗੇ ਵਿਚੋਂ ਨਿਕਲੇ ਨਾ। ਵੱਡੇ ਬਾਬਾ ਜੀ ਨੇ ਉਸ ਨੂੰ ਬਾਂਹੋਂ ਫੜ ਕੇ ਟਾਂਗੇ ਵਿਚੋਂ ਬਾਹਰ ਕੱਢਿਆ। ਮੈਂ ਆਪ ਹੀ ਪਿਛਾਂਹ ਨੂੰ ਛਾਲ ਮਾਰ ਦਿਤੀ। ਮੈਨੂੰ ਵੱਡੇ ਬਾਬਾ ਜੀ ਨੇ ਹੁਕਮ ਕੀਤਾ ਬਈ ਘੋੜੀ ਦਾ ਸਾਰਾ ਸਾਜ ਜਲਦੀ ਖੋਲ੍ਹ ਦੇ। ਮੈਂ ਸਾਰਾ ਸਾਜ ਖੋਲ੍ਹ ਦਿਤਾ, ਇਕ ਤੰਗ ਅਜੇ ਵਿੱਚੇ ਰਹਿ ਗਿਆ ਸੀ ਕਿ ਘੋੜੀ ਨਹਿਰ ਵਿਚ ਹੋਰ ਅਗਾਂਹ ਤੁਰ ਗਈ, ਘੋੜੀ ਛਾਲ ਮਾਰ ਡੂੰਘੇ ਪਾਣੀ 'ਚ ਵੜ ਗਈ ਤੇ ਡੁੱਬਣ ਲੱਗੀ। ਜਦੋਂ ਮੈਂ ਘੋੜੀ ਫੜ ਕੇ ਖਿੱਚਣ ਲੱਗਾ ਤਾਂ ਘੋੜੀ ਦੀਆਂ ਲੱਤਾਂ ਮੇਰੇ 'ਤੇ ਵੱਜੀਆਂ ਤੇ ਉਹ ਮੈਨੂੰ ਵੀ ਹੇਠਾਂ ਡੋਬਣ ਲੱਗੀ। ਵੱਡੇ ਬਾਬਾ ਜੀ ਨੇ ਇਹ ਵੇਖ ਕੇ ਮੈਨੂੰ ਹੁਕਮ ਕੀਤਾ,

'ਘੋੜੀ ਨੂੰ ਛੱਡ ਦੇ, ਤੂੰ ਬਚ, ਘੋੜੀ ਨੂੰ ਬਚਾਉਂਦਾ-ਬਚਾਉਂਦਾ ਤੂੰ ਨਾ ਡੁੱਬ ਜਾਵੀਂ ਕਿਉਂਕਿ

ਘੋੜੀ ਤੈਥੋਂ ਬਚਾਈ ਨਹੀਂ ਜਾਣੀ. ਇਸ ਨੇ ਅੱਜ ਮਰਨਾ ਹੀ ਹੈ।'

"ਮੈਂ ਵੱਡੇ ਬਾਬਾ ਜੀ ਦਾ ਹੁਕਮ ਮੰਨ ਘੋੜੀ ਨੂੰ ਛੱਡ ਦਿਤਾ ਤੇ ਟਾਂਗੇ ਸਮੇਤ ਘੋੜੀ ਉਸੇ ਵੇਲੇ ਪਾਣੀ 'ਚ ਡੁੱਬ ਗਈ।

"ਅਸੀਂ ਫਿਰ ਵੀ ਕੱਪੜੇ ਲਾਹ ਕੇ. ਪਾਣੀ 'ਚ ਵੜ ਟੁੱਬੀਆਂ ਮਾਰ ਕੇ ਘੋੜੀ ਨੂੰ ਲੱਭਣ ਦੀ ਕੋਸ਼ਿਸ਼ ਕੀਤੀ। ਪਰ ਘੋੜੀ ਬਹੁਤ ਡੂੰਘੇ ਪਾਣੀ 'ਚ ਡੁੱਬ ਕੇ ਮਰ ਗਈ ਸੀ। ਫਿਰ ਅਸੀਂ ਕਿਸ਼ਤੀ 'ਤੇ ਆ ਗਏ। ਕਿਸ਼ਤੀ 'ਤੇ ਤੱਖਰਾਂ ਦੇ ਸੁੱਖੂ ਤੇ ਚੰਦਾ ਹੁੰਦੇ ਸਨ। ਉਨ੍ਹਾਂ ਨੂੰ ਅਸੀਂ ਆਖਿਆ ਕਿ ਨਹਿਰ 'ਤੇ ਜਾ ਕੇ ਆਪਣੇਂ ਬੰਦਿਆਂ ਨੂੰ ਕਹਿ ਦਿਓ ਬਈ ਇਸ ਤਰ੍ਹਾਂ ਕਰ ਕੇ ਟਾਂਗਾ ਡੁੱਬ ਗਿਐ ਤੇ ਘੋੜੀ ਵੀ ਡੁੱਬ ਗਈ ਹੈ। ਉਹ ਨੀਲੋਂ ਦੇ ਪੁਲ ਕੋਲ ਚਲੇ ਜਾਣ ਤੇ ਘੋੜੀ ਦੀ ਤੈਰਦੀ ਲਾਸ਼ ਫੜ ਕੇ ਬਾਹਰ ਕੱਢਣ ਦੇਣ। ਉਨ੍ਹਾਂ ਨੂੰ ਕਹਿ ਕੇ ਅਸੀਂ ਸ੍ਰੀ ਭੈਣੀ ਸਾਹਿਬ ਨੂੰ ਪੈਦਲ ਹੀ ਆ ਗਏ। ਜਿਸ ਵੇਲੇ ਅਸੀਂ ਕਟਾਣੀ ਤੋਂ ਸਿੱਧੇ ਤੁਰੇ ਆਉਂਦੇ ਸਾਂ, ਸਾਰੇ ਆਖਣ ਲੱਗ ਬਈ ਬਾਬਾ ਜੀ.ਪ੍ਰੀਤਮ ਤੇ ਸੋਹਣ ਪੈਦਲ ਤੁਰੇ ਆਉਂਦੇ ਹਨ, ਗਏ ਤਾਂ ਟਾਂਗੇ 'ਤੇ ਸੀ। ਸਾਨੂੰ ਜਦੋਂ ਪੁੱਛਿਆ ਗਿਆ ਬਈ ਕੀ ਗੱਲ ਹੋਈ ਹੈ. ਅਸੀਂ ਸਾਰੀ ਗੱਲ ਦੱਸੀ।"

ਬੇਅੰਤ ਜੀ ਅਥਵਾ ਵੱਡੇ ਬਾਬਾ ਜੀ ਗੁਰਸਿੱਖੀ ਦੇ ਸੰਜਮੀ ਜੀਵਨ 'ਚ ਰਹਿੰਦਿਆਂ, ਸੇਵਾ ਵਾਲਾ ਸੁਭਾਅ ਰਖਦਿਆਂ, ਉੱਚੇ ਵਿਚਾਰਾਂ ਦੇ ਧਾਰਨੀ ਤਾਂ ਹੈ ਹੀ ਸਨ. ਨਾਲ ਹੀ ਬਾਦਸ਼ਾਹਾਂ ਵਾਲੇ ਸ਼ੌਕ ਵੀ ਰੱਖਦੇ ਸਨ ਜਿਵੇਂ ਕਿ ਤੇਜ਼ ਗੱਡੀ ਚਲਾਉਣਾ, ਰੇਸ ਵਾਲੇ ਘੋੜਿਆਂ ਨੂੰ ਬਾਹਰ ਟਿੱਬਿਆਂ ਵਿੱਚ ਦੁੜਾਉਣਾਂ. ਨਹਿਰ ਅਤੇ ਨਾਭੇ ਵਾਲੀ ਬੀੜ 'ਤੇ ਜਾ ਕੇ ਆਪਣੇ ਸਾਥੀਆਂ ਨਾਲ ਜੀ ਭਰ ਕੇ ਘੁੰਮਣਾ ਅਤੇ ਹਾਸਾ ਮਖੌਲ ਕਰਨਾ।

ਵੱਡੇ ਬਾਬਾ ਜੀ ਘੋੜਿਆਂ 'ਤੇ ਅਪੋਲੋ ਵੀ ਖੇਡਦੇ ਰਹੇ। ਅਪੋਲੋ ਦੇ ਖੇਲ ਸਿਖਾਉਣ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵਿਸ਼ੇਸ਼ ਕੋਚ ਦਾ ਪ੍ਰਬੰਧ ਕੀਤਾ ਸੀ।

## ਸਾਈਕਲ, ਮੋਟਰਸਾਈਕਲ ਤੋਂ ਕਾਰ ਚਲਾਉਣ ਤਕ

ਵੱਡੇ ਬਾਬਾ ਜੀ ਨੇ ਲਾਹੌਰ ਮੀਆਂ ਮੀਰ ਵਾਲੀ ਸੜਕ 'ਤੇ ਸਾਈਕਲ ਚਲਾਉਣਾ ਸਿੱਖਿਆ। ਇਥੇ ਮਹਾਰਾਜ ਨਿਹਾਲ ਸਿੰਘ ਜੀ ਦੇ ਸੌਹਰੇ ਸੰਤ ਧਿਆਨ ਸਿੰਘ ਦੀ ਕੋਠੀ ਸੀ। ਸੰਤ ਧਿਆਨ ਸਿੰਘ ਪੱਥਰਾਂ ਦੇ ਵਪਾਰੀ (ਮਾਰਬਲ ਮਰਚੈਂਟ) ਸਨ ਅਤੇ 'ਪੱਥਰਾਂ ਵਾਲੇ' ਨਾਂ ਨਾਲ ਜਾਣੇਂ ਜਾਂਦੇ ਸਨ।

ਵੱਡੇ ਬਾਬਾ ਜੀ ਆਪਣੇ ਸਾਥੀਆਂ ਨਾਲ ਸਾਇਕਲਾਂ 'ਤੇ ਰੇਸ ਲਗਾਉਂਦੇ ਸਨ। ਕਈ ਵਾਰੀ ਸਾਈਕਲਾਂ ਪਿਛੇ ਸਵਾਰੀ ਬਿਠਾ ਕੇ ਰੇਸ ਲਗਾਈ ਜਾਂਦੀ। ਉਦੋਂ ਰਸਤੇ ਕੱਚੇ ਹੁੰਦੇ ਸਨ. ਡੰਡੀ ਡੰਡੀ ਸਾਇਕਲ ਚਲਾਉਂਦੇ ਸਨ।

ਵੱਡੇ ਬਾਬਾ ਜੀ ਸਰਸੇ ਤੋਂ ਸ੍ਰੀ ਜੀਵਨ ਨਗਰ, ਸਾਇਕਲ 'ਤੇ ਇਕ ਘੰਟਾ ਪੰਦਰਾਂ ਮਿੰਟ ਵਿਚ ਪਹੁੰਚ ਜਾਇਆ ਕਰਦੇ ਸਨ ਤੇ ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣੇ ਰੇਲਵੇ ਸਟੇਸ਼ਨ 'ਤੇ ਆਪ ਸਿਰਫ 57 ਮਿੰਟਾਂ ਵਿਚ ਪੁੱਜ ਜਾਂਦੇ ਸਨ।

ਉਸਤਾਦ ਨੱਥਾ ਸਿੰਘ ਜੀ ਦੱਸਦੇ ਹਨ ਕਿ ਇਕ ਵਾਰ ਉਨ੍ਹਾਂ ਨੇ ਵੱਡੇ ਬਾਬਾ ਜੀ ਨਾਲ ਸਰਸੇ ਤੋਂ ਸ੍ਰੀ ਜੀਵਨ ਨਗਰ, ਇਕ ਸਾਇਕਲ 'ਤੇ ਜਾਣਾ ਸੀ। ਉਸਤਾਦ ਜੀ ਨੇ ਵੱਡੇ ਬਾਬਾ ਜੀ ਨੂੰ ਆਖਿਆ, 'ਤੁਸੀਂ ਸਾਈਕਲ ਦੇ ਅਗਲੇ ਡੰਡੇ 'ਤੇ ਬੈਠੋ ਮੈਂ ਸਾਇਕਲ ਚਲਾਉਂਦਾ ਹਾਂ।' ਪਰ ਵੱਡੇ ਬਾਬਾ ਜੀ ਆਖਣ ਕਿ ਉਸਤਾਦ ਜੀ ਬੈਠਣ ਅਤੇ ਮੈਂ ਸਾਈਕਲ ਚਲਾਵਾਂ, ਅੰਤ ਉਸਤਾਦ ਜੀ ਨੂੰ ਹਾਰ ਮੰਨਣੀ ਪਈ ਅਤੇ ਸਾਈਕਲ ਵੱਡੇ ਬਾਬਾ ਜੀ ਨੇ ਹੀ ਚਲਾਇਆ।

ਪਿੰਡ ਸਿਆੜ੍ਹ ਦੇ (ਸਵਰਗੀ) ਪਹਿਲਵਾਨ ਚਰਨ ਸਿੰਘ ਜਿਹੜੇ ਵੱਡੇ ਬਾਬਾ ਜੀ ਨੂੰ ਘੁਲਣ ਦੇ ਦਾਅ-ਪੇਚ ਸਿਖਾਉਣ ਕਦੇ-ਕਦਾਈਂ ਕੁੱਝ ਦਿਨਾਂ ਲਈ ਸ੍ਰੀ ਭੈਣੀ ਸਾਹਿਬ ਆਇਆ ਕਰਦੇ ਸਨ, ਨੇ ਮੈਨੂੰ (ਲੇਖਿਕਾ ਸੂਬਾ ਸੁਰਿੰਦਰ ਕੌਰ ਨੂੰ ) ਫਰਵਰੀ 1994 ਨੂੰ (ਜਦੋਂ ਉਹ ਬੀਮਾਰ ਸਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਨ੍ਹਾਂ ਦਾ ਇਲਾਜ ਕਰਵਾਉਣ, ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਲੈ ਆਏ ਸਨ) ਸਾਈਕਲਾਂ ਬਾਰੇ ਇਕ ਦਿਲਚਸਪ ਘਟਨਾ (ਚੜ੍ਹਾਈ ਕਰਨ ਤੋਂ ਪਹਿਲੋਂ) ਆਪਣੀ ਜੁਬਾਨੀਂ ਇਸ ਤਰ੍ਹਾਂ ਸੁਣਾਈ,

"ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇੰਗਲੈਂਡ ਦੇ ਬਣੇ ਹੋਏ ਵੀਹ ਸਾਈਕਲ ਮੱਥਾ ਟਿਕੇ। ਬੜੇ ਫੈਂਸੀ ਤੇ ਸੋਹਣੇ ਸਾਈਕਲ ਸਨ। ਮੈਂ ਛੋਟੇ ਬਾਬਾ ਜੀ (ਬਾਬਾ ਬੀਰ ਸਿੰਘ) ਨੂੰ ਅਰਜ਼ ਕੀਤੀ ਕਿ ਮੈਨੂੰ ਇਨ੍ਹਾਂ ਵਿਚੋਂ ਇਕ ਸਾਈਕਲ ਮੁੱਲ ਦੇ ਦੇਣ। ਉਨ੍ਹਾਂ ਕਿਹਾ,

'ਇਨ੍ਹਾਂ ਵਿਚੋਂ ਨਹੀਂ ਦੇਣਾ, ਤੈਨੂੰ ਕੋਈ ਹੋਰ ਸਾਈਕਲ ਲੈ ਦਿੰਦੇ ਹਾਂ।'

'ਨਹੀਂ ਜੀ ਮੈਂ ਇਨ੍ਹਾਂ ਵਿਚੋਂ ਹੀ ਸਾਈਕਲ ਲੈਣਾਂ ਹੈ।' ਮੈਂ ਆਖਿਆ।

"ਛੋਟੇ ਬਾਬਾ ਜੀ ਮੰਨੇ ਨਹੀਂ। ਕੁਝ ਦਿਨਾਂ ਮਗਰੋਂ ਉਨ੍ਹਾਂ ਦਾ ਲਾਂਗਰੀ ਉਨ੍ਹਾਂ ਸਾਈਕਲਾਂ ਵਿਚੋਂ, ਇਕ ਸਾਈਕਲ ਲਈ ਜਾ ਰਿਹਾ ਸੀ। ਉਸ ਤੋਂ ਸਾਈਕਲ ਟਾਹਲੀ 'ਚ ਵੱਜਿਆ ਅਤੇ ਵਿੰਗਾ ਹੋ ਗਿਆ। ਛੋਟੇ ਬਾਬਾ ਜੀ ਨੇ ਸੋਚਿਆ ਕਿ ਪਹਿਲਵਾਨ ਚਰਨ ਸਿੰਘ ਸਾਈਕਲ ਮੰਗਦਾ ਸੀ, ਇਹ ਸਾਈਕਲ ਉਸ ਨੂੰ ਦੇ ਦਿੰਦੇ ਹਾਂ। ਛੋਟੇ ਬਾਬਾ ਜੀ ਨੇ ਮੈਨੂੰ ਬੁਲਾ ਕੇ ਪੁੱਛਿਆ,

'ਕਿਉਂ ਬਈ ਸਾਈਕਲ ਲੈਣਾਂ ਹੈ ਕੋਈ?'

'ਸਾਈਕਲ ਤਾਂ ਲੈਣਾਂ ਹੈ, ਪਰ ਲੈਣਾ ਉਨ੍ਹਾਂ ਵਿਚੋਂ ਹੀ ਹੈ ਲਾਹੌਰ ਵਾਲਿਆਂ ਵਿਚੋਂ' ਮੈਂ ਕਿਹਾ।

'ਚਲੋ ਉਨ੍ਹਾਂ ਵਿਚੋਂ ਹੀ ਦੇ ਦਿੰਦੇ ਹਾਂ, ਬੇਸ਼ਕ ਕਿਹੋ ਜਿਹਾ ਹੋਵੇ, ਤੈਨੂੰ ਮਨਜੂਰ ਕਰਨਾ ਪਵੇਗਾ।' ਛੋਟੇ ਬਾਬਾ ਜੀ ਨੇ ਫਰਮਾਇਆ।

'ਬਸ ਕਿਹੋ ਜਿਹਾ ਹੋਵੇ, ਹੋਵੇ ਉਨ੍ਹਾਂ 'ਚੋਂ ਹੀ' ਮੈਂ ਫਿਰ ਆਖਿਆ।

'ਅੰਨੀ-ਕਾਣੀ ਕਬੂਲ' ਉਨ੍ਹਾਂ ਫਿਰ ਪੁੱਛਿਆ।

'ਹਾਂ ਜੀ ਕਬੂਲ' ਮੈਂ ਮੰਨ ਗਿਆ।

"ਸੌਦਾ 180 ਰੁ: ਵਿਚ ਹੋ ਗਿਆ। ਜਦ ਉਨ੍ਹਾਂ ਸਾਈਕਲ ਮੰਗਵਾਇਆ, ਮੈਂ ਵੇਖਿਆ ਸਾਈਕਲ ਦੂਹਰਾ ਹੋਇਆ ਪਿਆ ਸੀ। ਕੀ ਕਰਦਾ? ਵਿੰਗਾ ਸਾਈਕਲ ਹੀ ਲੈਣਾ ਪਿਆ।

'ਮੈਂ ਪਹਿਲਵਾਨ ਚਰਨ ਸਿੰਘ ਨੂੰ ਸੌਦੇ 'ਚ ਰਗੜ ਲਿਐ।'

ਛੋਟੇ ਬਾਬਾ ਜੀ ਨੇ ਬੜੇ ਮਾਣ ਨਾਲ ਵੱਡੇ ਬਾਬਾ ਜੀ ਨੂੰ ਆਪਣੀ ਸਿਆਣਪ ਬਾਰੇ ਦੱਸਿਆ। ਮੈਂ ਉਹ ਸਾਈਕਲ ਲੈ ਕੇ ਦੋਰਾਹੇ ਮਿਸਤਰੀ ਨਰਿੰਦਰ ਸਿੰਘ ਕੋਲ ਗਿਆ ਅਤੇ ਉਸ ਨੂੰ ਆਖਿਆ,

'ਇਸ ਸਾਈਕਲ ਨੂੰ ਇਸ ਤਰ੍ਹਾਂ ਦਾ ਕਰ ਦੇ ਬਈ ਪਤਾ ਹੀ ਨਾ ਲਗੇ ਬਈ ਕਿਸੇ ਚੀਜ਼ ਨਾਲ ਟਕਰਾਇਆ ਹੈ।'

ਮਿਸਤਰੀ ਨੇ ਪੰਜ ਰੁਪਏ ਲੈ ਕੇ ਸਾਈਕਲ ਨੂੰ ਬਿਲਕੁਲ ਠੀਕ ਕਰ ਦਿਤਾ। ਮੈਂ ਦੂਸਰੇ ਦਿਨ ਸਾਈਕਲ ਨੂੰ 250 ਰੁ: ਦਾ ਵੇਚ ਦਿਤਾ ਅਤੇ ਛੋਟੇ ਬਾਬਾ ਜੀ ਨੂੰ ਆਖਿਆ,

'ਤੁਸਾਂ ਤਾਂ ਮੇਰੇ ਨਾਲ ਕੀਤੀ ਸੀ ਸੋਹਣੀ, ਪਰ ਮੈਂ ਸਤਿਗੁਰਾਂ ਦੀ ਕਿਰਪਾ ਨਾਲ ਕਮਾ ਗਿਆ ਹਾਂ।'

"ਹੁਣ ਜਦੋਂ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਿਲਦੇ ਹਨ, ਪੁਰਾਣੇ ਸਮੇਂ ਨੂੰ ਯਾਦ ਕਰਦਿਆਂ ਖ਼ੁਸ਼ ਹੋ ਆਖਦੇ ਹਨ,

"ਸੁਣਾਓ, ਸਾਈਕਲ ਵਾਲੀ ਗੱਲ!"

ਸਾਈਕਲਾਂ ਤੋਂ ਬਾਅਦ ਸਕੂਟਰਾਂ, ਮੋਟਰ ਸਾਈਕਲਾਂ, ਕਾਰਾਂ, ਜੀਪਾਂ ਆਦਿ ਦਾ ਜ਼ਮਾਨਾ ਵੀ ਆ ਗਿਆ ਤੇ ਵੱਡੇ ਬਾਬਾ ਜੀ ਸਰਸੇ ਤੋਂ ਸ੍ਰੀ ਜੀਵਨ ਨਗਰ ਮੋਟਰ ਸਾਈਕਲ 'ਤੇ ਜਾਣ ਲਗੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਸ ਜ਼ਮਾਨੇ ਦੀ ਗੱਲ ਦੱਸਦਿਆਂ ਬਚਨ ਕਰਦੇ ਹਨ,

"ਬਾਬੂ ਜੀ (ਬਾਬੂ ਬਚਨ ਸਿੰਘ ਐਸ.ਡੀ.ਓ. ਜੋ ਪਿਛਲੇ ਕਈ ਸਾਲਾਂ ਤੋਂ ਲੁਧਿਆਣੇ ਰਹਿੰਦੇ ਸਨ ਅਤੇ ਸਤੰਬਰ 1995 ਨੂੰ ਚੜ੍ਹਾਈ ਕੀਤੇ) ਉਦੋਂ ਸਰਸੇ ਨੌਕਰੀ ਲੱਗੇ ਹੋਏ ਸਨ। ਉਹਨਾਂ ਦਿਨਾਂ ਵਿਚ ਡੱਬਵਾਲੀ ਨੂੰ ਜਾਣ ਵਾਲੀ ਸੜਕ ਕੱਚੀ ਹੁੰਦੀ ਸੀ। ਜਦੋਂ ਪਾਕਿਸਤਾਨ ਬਣਿਆ ਉਦੋਂ ਬਾਬੂ ਜੀ ਕੋਲ ਇਕ ਰਾਇਲ ਇਨਫੀਲਡ ਮੋਟਰ ਸਾਈਕਲ ਹੁੰਦਾ ਸੀ। ਸਰਸੇ ਤੋਂ ਜੀਵਨ ਨਗਰ ਤਕ ਕੋਈ ਟਰਾਂਸਪੋਰਟ ਨਹੀਂ ਸੀ ਹੁੰਦੀ। ਸਾਈਕਲ ਹੁੰਦੇ ਸਨ, ਜਾਂ ਅਸੀਂ ਘੋੜਿਆਂ 'ਤੇ ਜਾਂਦੇ ਹੁੰਦੇ ਸੀ। ਕਦੇ ਕਦੇ ਬਾਬੂ ਜੀ ਦਾ ਮੋਟਰ ਸਾਈਕਲ ਮਿਲ ਜਾਂਦਾ ਸੀ। ਮੈਂ ਤੇ ਕੁੰਦਨ ਸਿੰਘ ਕਈ ਵਾਰ ਉਹਦੇ 'ਤੇ ਜਾਂਦੇ ਹੁੰਦੇ ਸੀ। ਬਾਬੂ ਜੀ ਦੇ ਧਿਆਨ ਵਿਚ ਕਦੇ ਕੋਈ ਗੱਲ ਨਹੀਂ ਆਈ ਕਿ ਮੇਰਾ ਮੋਟਰ ਸਾਈਕਲ ਖਰਾਬ ਹੋ ਜਾਵੇਗਾ ਜਾਂ ਕੋਈ ਗੱਲ ਹੋ ਜਾਵੇਗੀ। ਸਾਰੀ ਸਾਧ ਸੰਗਤ

ਦੀ ਸੰਪਤੀ ਦੀ ਚੀਜ਼ ਸਮਝ ਕੇ ਉਹਨਾਂ ਨੇ ਵਰਤੀ ਤੇ ਵਰਤਾਈ।"

ਵੱਡੇ ਬਾਬਾ ਜੀ ਨੇ ਸੰਨ 1928 ਮਾਡਲ ਦੀ ਚਾਰ ਸਿਲੰਡਰਾਂ ਵਾਲੀ ਸ਼ਿਵਰਲੇਟ ਕਾਰ ਚਲਾ ਕੇ, ਕਾਰ ਚਲਾਉਣੀ ਸਿੱਖੀ। 1936 ਮਾਡਲ ਦੀ ਸ਼ਿਵਰਲੇਟ ਲਾਰੀ (Load & Passanger) ਵੀ ਆਪ ਜੀ ਨੇ ਚਲਾਈ।

ਸੰਨ 1947 ਦੇ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਕੋਲਿਆਂ ਨਾਲ ਚਲਣ ਵਾਲੀ ਗੱਡੀ 'ਬਿਊਕ' (Buke) ਹੁੰਦੀ ਸੀ।

ਵੱਡੇ ਬਾਬਾ ਜੀ ਕੋਲ ਆਪਣੀ ਕੋਈ ਕਾਰ ਨਹੀਂ ਸੀ ਹੁੰਦੀ। ਆਪ ਬੱਸਾਂ 'ਤੇ ਸਫਰ ਕਰ ਕੇ ਹੀ ਸਾਰੇ ਕੰਮ ਕਰਿਆ ਕਰਦੇ ਸਨ। ਸੰਨ 1956-57 ਦੀ ਗੱਲ ਹੈ। ਸੇਠ ਗੁਰਬਖਸ਼ ਸਿੰਘ ਬੈਂਕੋਕ ਵਾਲਿਆਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਰਜ਼ ਕੀਤੀ ਕਿ, 'ਸੱਚੇ ਪਾਤਸ਼ਾਹ ਜੀ ਵੱਡੇ ਕਾਕੇ ਨੂੰ ਕਾਰ ਲੈ ਕੇ ਦਿਓ', ਸ੍ਰ. ਉੱਤਮ ਸਿੰਘ ਜੜ੍ਹਾਂ ਵਾਲੀਏ ਕੋਲ ਉਸ ਵੇਲੇ ਫੀਏਟ ਕਾਰ ਸੀ। ਇਹੋ ਜਿਹੀ ਫੀਏਟ ਕਾਰ ਸ੍ਰੀ ਸਤਿਗੁਰੂ ਜੀ ਨੇ ਵੱਡੇ ਬਾਬਾ ਜੀ ਲਈ ਅੰਬਾਲੇ ਤੋਂ ਲੈ ਕੇ ਦਿਤੀ। ਸੰਤ ਲਾਲ ਸਿੰਘ ਡਰਾਈਵਰ ਇਸ ਕਾਰ ਨੂੰ ਲੈ ਕੇ ਆਏ। ਇਸ ਕਾਰ ਦੀ ਕੀਮਤ Insurance ਤੇ ਰਜਿਸਟਰੇਸ਼ਨ ਵਗੈਰਾ ਸਾਰਾ ਕੁਝ ਪਾ ਕੇ, ਨੌ ਹਜ਼ਾਰ ਦੋ ਸੌ ਰੁਪਏ ਸੀ।

ਵੱਡੇ ਬਾਬਾ ਜੀ ਕਾਰ ਬਹੁਤ ਤੇਜ਼ ਚਲਾਉਂਦੇ ਸਨ। ਹੁਣ ਵੀ ਕਾਰ ਚਲਾਉਣ ਵਿਚ ਆਪ ਜੀ ਦਾ ਮੁਕਾਬਲਾ ਨਹੀਂ। ਅਜਿਹੇ ਔਖੇ ਤੇ ਉੱਚੇ ਨੀਵੇਂ ਪੰਧ, ਜਿਸ 'ਤੇ ਕੋਈ ਆਮ ਬੰਦਾ ਆਸਾਨੀ ਨਾਲ ਗੱਡੀ ਨਹੀਂ ਚਲਾ ਸਕਦਾ, ਆਪ ਕਮਾਲ ਦੀ ਫੁਰਤੀ ਤੇ ਹੁਨਰਮੰਦੀ ਨਾਲ ਆਪਣੀ ਗੱਡੀ ਲੰਘਾ ਲੈਂਦੇ ਹਨ।

ਇਕ ਵਾਰ ਦੀ ਗੱਲ ਹੈ ਵੱਡੇ ਬਾਬਾ ਜੀ, ਸ੍ਰ. ਸਾਧੂ ਸਿੰਘ ਜੜ੍ਹਾਂ ਵਾਲੀਏ, ਸ੍ਰ. ਹਰਭਜਨ ਸਿੰਘ ਮਿਸਤਰੀ, ਹਜ਼ੂਰੀ ਸੇਵਕ ਗੁਲਜਾਰ ਸਿੰਘ ਆਦਿ ਪੰਜ-ਛੇ ਜਣੇ, ਜੀਪ ਵਿਚ ਉਤਾਂਹ ਪਹਾੜਾਂ ਤੋਂ ਵਾਪਸ ਮੰਡੀ ਨੂੰ ਆ ਰਹੇ ਸਨ। ਜੀਪ ਵੱਡੇ ਬਾਬਾ ਜੀ ਚਲਾ ਰਹੇ ਸਨ। ਕੁੱਲੂ ਤੋਂ ਮੰਡੀ ਨੂੰ ਆਉਂਦਿਆਂ ਰਾਤ ਪੈ ਗਈ ਜੇ ਅੰਟ ਤੋਂ ਉਰ੍ਹਾਂ ਆ ਕੇ ਜੀਪ ਦੀ ਬਰੇਕ ਫੇਲ੍ਹ ਹੋ ਗਈ। ਵੱਡੇ ਬਾਬਾ ਜੀ ਨੇ ਕਿਸੇ ਨੂੰ ਨਾ ਦੱਸਿਆ ਤੇ ਬੜੇ ਆਤਮ-ਵਿਸ਼ਵਾਸ ਤੇ ਦਲੇਰੀ ਨਾਲ ਜੀਪ ਨੂੰ, ਗੇਅਰ ਬਦਲ-ਬਦਲ ਕੇ ਉਸੇ ਤਰ੍ਹਾਂ ਚਲਾ ਕੇ ਮੰਡੀ ਸ਼ਹਿਰ ਤੀਕ ਲੈ ਆਏ।

ਸਾਰੇ ਰਸਤੇ ਵੱਡੇ ਬਾਬਾ ਜੀ ਨੇ ਜੀਪ ਦੇ ਬਰੇਕ ਫੇਲ੍ਹ ਹੋ ਜਾਣ ਦੀ ਗੱਲ ਇਸ ਲਈ ਆਪਣੇ ਨਾਲ ਦੇ ਸਾਥੀਆਂ ਨੂੰ ਨਹੀਂ ਦੱਸੀ ਕਿਉਂਕਿ ਉਨ੍ਹਾਂ ਨੇ ਸੁਣ ਕੇ ਹੀ ਘਬਰਾ ਜਾਣਾ ਸੀ। ਬਿਨ੍ਹਾਂ ਬਰੇਕ ਤੋਂ ਕੋਈ ਵੀ ਗੱਡੀ ਚਲਾਉਣੀ ਵੈਸੇ ਹੀ ਔਖੀ ਹੈ। ਅਨੇਕਾਂ ਮੋੜਾਂ ਨਾਲ ਭਰੇ ਪਹਾੜੀ ਰਸਤਿਆਂ 'ਤੇ ਬਿਨਾਂ ਬਰੇਕ ਤੋਂ ਗੱਡੀ ਚਲਾ ਕੇ ਲੈ ਆਉਣੀ ਬਹੁਤ ਵਡੀ ਗੱਲ ਹੈ, ਇਸ ਤਰ੍ਹਾਂ ਕੋਈ ਆਮ ਬੰਦਾ ਨਹੀਂ ਕਰ ਸਕਦਾ।

ਜਦੋਂ ਮੰਡੀ ਸ਼ਹਿਰ ਵਿਚ ਪਹੁੰਚ ਕੇ ਵੱਡੇ ਬਾਬਾ ਜੀ ਨੇ ਅਗਲੇ ਪਹੀਆਂ ਵਾਲੇ ਗੇਅਰ ਲਾ ਕੇ ਜੀਪ ਖੜ੍ਹਾ ਲਈ ਤਾਂ ਸ੍ਰ. ਸਾਧੂ ਸਿੰਘ ਜੜ੍ਹਾਂ ਵਾਲੀਏ ਨੇ ਅਰਜ਼ ਕਰ ਪੁੱਛਿਆ, 'ਗੇਅਰ ਬਦਲਦੇ ਹੋ, ਬਰੇਕ ਕਿਉਂ ਨਹੀਂ ਲਾਉਂਦੇ'?

"ਗੱਡੀ ਦੀ ਬਰੇਕ ਫੇਲ੍ਹ ਹੋ ਗਈ ਹੈ" ਵੱਡੇ ਬਾਬਾ ਜੀ ਦੱਸਿਆ।

"ਕਦੋਂ ਦੀ?

"ਅੰਟ ਤੋਂ ਥੋੜ੍ਹਾ ਅੱਗੇ ਆ ਕੇ ਬਰੇਕ ਕੰਮ ਕਰਨੋਂ ਹਟ ਗਈ ਸੀ।"

"ਤੁਸੀਂ ਸਾਨੂੰ ਦੱਸਿਆ ਹੀ ਨਹੀਂ?

"ਜੇ ਦੱਸ ਦਿੰਦਾ ਤਾਂ ਤੁਸੀਂ ਆਖਣਾ ਸੀ, ਪਹਾੜੀ ਰਸਤਾ ਹੈ, ਗੱਡੀ ਖਲਿਆਰ ਲਵੋ।"

ਵੱਡੇ ਬਾਬਾ ਜੀ ਦੀ ਇਸ ਦਲੇਰੀ ਤੋਂ ਆਪ ਜੀ ਦੇ ਸਾਥੀ ਬਹੁਤ ਪ੍ਰਭਾਵਿਤ ਹੋਏ।

ਮਾਸਟਰ ਅਮਰੀਕ ਸਿੰਘ ਲਾਲੇਪੁਰੀਏ ਦੱਸਦੇ ਹਨ, "ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਦੋ ਹਵਾਈ ਜਹਾਜ਼ ਸ੍ਰੀ ਜੀਵਨ ਨਗਰ ਵਿਖੇ ਹੁੰਦੇ ਸਨ। ਇਹ ਆਪਣੇ ਨਿੱਜੀ ਜਹਾਜ਼ ਸ੍ਰੀ ਸਤਿਗੁਰੂ ਜੀ ਨੇ ਖ਼ਰੀਦੇ ਸਨ।'

ਸੰਤ ਗੁਰਦੇਵ ਸਿੰਘ ਰਾਮਪੁਰ ਮੁਤਾਬਕ ਪਹਿਲਾ ਹਵਾਈ ਜਹਾਜ਼ L-5. 2 Seaters ਡਾਲਮੀਆ ਸੀਮੈਂਟ ਕੰਪਨੀ ਤੋਂ ਪੰਜ ਹਜ਼ਾਰ ਦਾ ਖਰੀਦਿਆ ਗਿਆ ਅਤੇ ਦੂਜਾ ਹਵਾਈ ਜਹਾਜ਼ ਬੋਨਨਜ਼ਾ (Bonanza) L.T. C.Z.M., 4 seaters ਦਿੱਲੀ ਤੋਂ ਵੀਹ ਅਪ੍ਰੈਲ 1950 ਨੂੰ ਬਾਈ ਹਜ਼ਾਰ ਰੁਪਏ ਦਾ ਖਰੀਦਿਆ ਗਿਆ।

### ਘੁਲਣਾ

ਹੋਰ ਖੇਡਾਂ ਵਾਂਗ, ਵੱਡੇ ਬਾਬਾ ਜੀ ਘੁਲਣ ਵਿਚ ਵੀ ਬਹੁਤ ਮਾਹਰ ਸਨ। ਆਪ ਜੀ ਨੂੰ ਘੁਲਣ ਦਾ ਬੜਾ ਤਰੀਕਾ ਸੀ, ਬੜੇ ਦਾਅ-ਪੇਚ ਆਉਂਦੇ ਸਨ। ਕਦੇ ਕਿਸੇ ਕੋਲੋਂ ਹਾਰਦੇ ਨਹੀਂ ਸਨ। ਹਜ਼ੂਰ ਕਈ ਵਾਰ ਇਕੱਲੇ ਦੋ-ਦੋ ਜਣਿਆਂ ਨਾਲ ਕੁਸ਼ਤੀ ਕਰ ਲੈਂਦੇ ਸਨ, ਦੋਹਾਂ ਨੂੰ ਬੁੱਕਲ 'ਚ ਇਤਨੇ ਜ਼ੋਰ ਦੀ ਫੜ ਲੈਂਦੇ ਸਨ, ਕਿ ਉਹ ਦੋਵੇਂ ਛੁੱਟ ਨਹੀਂ ਸਨ ਸਕਦੇ।

ਜ਼ੋਰ ਕਰਨ ਦਾ ਸਮਾਂ ਬਦਲਦਾ ਰਹਿੰਦਾ ਸੀ। ਸਰਦੀਆਂ ਵਿਚ ਤੀਸਰੇ ਜਾਂ ਚੌਥੇ ਪਹਿਰ ਅਤੇ ਗਰਮੀਆਂ ਨੂੰ ਸਵੇਰ ਸੁਵਖਤੇ।

ਅਖਾੜੇ ਦਾ ਉਸ ਵੇਲੇ ਦਾ ਇਕ ਦ੍ਰਿਸ਼ ਵੱਡੇ ਬਾਬਾ ਜੀ ਦੇ ਸਹਿਪਾਠੀ ਪੰਡਤ ਰਾਜਿੰਦਰ ਸਿੰਘ ਗੁਰੂਸਰ ਇਉਂ ਪੇਸ਼ ਕਰਦੇ ਹਨ,

"ਸਕੂਲ ਦੀ ਹਾਜਰੀ ਭਾਵੇਂ ਕਿੰਨੀ ਵੀ ਜ਼ਰੂਰੀ ਸੀ, ਪਰ ਅਖਾੜੇ ਵਿਚ ਜ਼ੋਰ ਕਰਨਾ ਉਸ ਤੋਂ ਵੀ ਵੱਧ ਜ਼ਰੂਰੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਹ ਹੁਕਮ ਅਮੋੜ ਸੀ। ਭਾਈ

ਵਜੀਰ ਸਿੰਘ ਵੀ ਜਦੋਂ ਫੁਰਸਤ ਹੁੰਦੀ ਜ਼ਰੂਰ ਅਖਾੜੇ ਵਿਚ ਦਰਸਨ ਦਿੰਦੇ। ਭਾਈ ਪ੍ਰੇਮ ਸਿੰਘ ਜੀ ਸਾਡੇ ਉਸਤਾਦ ਸਨ। ਘੁਲਦੇ ਉਹ ਬੜੀ ਸਫ਼ਾਈ ਨਾਲ ਸਨ। ਕਲਾ ਜੰਗ ਉਹਨਾਂ ਦਾ ਮਸ਼ਹੂਰ ਦਾਅ ਸੀ। ਜਦੋਂ ਮੌਕਾ ਬਣਦਾ ਬੰਦੇ ਨੂੰ ਪਟੜੇ ਵਾਂਗ ਪਟਕਾ ਮਾਰਦੇ। ਮੇਰੇ ਉਤੇ ਭਾਈ ਸਾਹਿਬ ਏਸ ਵਾਸਤੇ ਵੀ ਕ੍ਰਿਪਾਲੂ ਸਨ, ਕਿਉਂਕਿ ਘੁਲਣ ਵਿਚ ਮੈਂ ਬਹੁਤ ਫੁਰਤੀਲਾ ਸੀ। ਭਾਈ ਸਾਹਿਬ ਨੇ ਮੇਰਾ ਤੇ ਬੇਅੰਤ ਜੀ ਦਾ ਜੋੜ ਕਾਇਮ ਕੀਤਾ ਸੀ। ਉਹਨਾਂ ਦਾ ਵਿਸ਼ਵਾਸ ਸੀ ਕਿ ਮੱਠ ਆਦਮੀ ਨਾਲ ਬੰਦਾ ਮੱਠਾ ਹੋ ਜਾਂਦਾ ਹੈ।'

'ਆ ਬਈ ਏਧਰ, ਤੇਰੇ ਵੀ ਦੋ ਧੌਲਾਂ ਜਮਾਵਾਂ', ਭਾਈ ਪ੍ਰੇਮ ਸਿੰਘ ਜੀ ਨੇ ਮੈਨੂੰ ਹੁਕਮੀਆ ਲਹਿਜ਼ੇ ਵਿਚ ਆਖਿਆ। ਮੈਂ ਤੇ ਭਾਈ ਜੀ ਗੁੱਥਮ-ਗੁੱਥਾ ਹੋ ਗਏ। ਉਹਨਾਂ ਨੇ ਅਚਾਨਕ ਹੱਥ ਨਰਮ ਕਰ ਦਿਤੇ। ਮੈਂ ਉਹਨਾਂ ਨੂੰ ਢਾਕ 'ਤੇ ਕੱਸ ਲਿਆ ਤੇ ਉਹਨਾਂ ਮਲਕੜੇ ਜੇਹੇ ਲੰਗੜੀ ਮਾਰੀ ਤੇ ਮੈਂ ਦੋ-ਤਿੰਨ ਲੇਟਣੀਆਂ ਖਾ ਗਿਆ।

'ਆਓ ਜੀ, ਤੁਸੀਂ ਵੀ ਦਰਸ਼ਨ ਦਿਓ!'

"ਭਾਈ ਪ੍ਰੇਮ ਸਿੰਘ ਜੀ ਨੇ ਮੁਸਕਰਾਉਂਦਿਆਂ ਹੋਇਆਂ ਬੇਅੰਤ ਜੀ ਨੂੰ ਲਲਕਾਰਿਆ। ਬੇਅੰਤ ਜੀ ਸਿਰ ਦੀ ਰੁਮਾਲੀ ਨੂੰ ਠੋਡੀ ਥੱਲੇ ਤਣੀਆਂ ਬੰਨ੍ਹ ਕੇ ਕਸਦੇ ਹੋਏ ਅਗਾਂਹ ਵਧੇ ਅਤੇ ਭਾਈ ਜੀ ਦੇ ਲੱਕ ਨੂੰ ਜੱਫਾ ਪਾਇਆ। ਭਾਈ ਜੀ ਨੇ ਉਹਨਾਂ ਨੂੰ ਵੀ ਲੰਗੜੀ ਲੈਣ ਦੀ ਕੋਸ਼ਿਸ਼ ਕੀਤੀ ਪਰ ਉਹ ਮੇਰੀਆਂ ਤੇਹਰ-ਵੇਹਰੀਆਂ ਤੋਂ ਸੁਚੇਤ ਹੋ ਗਏ ਸਨ ਤੇ ਉਹ ਢਾਕ ਉਤੇ ਚੜ੍ਹਨ ਦੀ ਬਜਾਏ, ਉਲਟ ਕੇ ਅੱਗੇ ਆ ਗਏ। ਭਾਈ ਜੀ ਹੁਣ ਹੋਰ ਦਾਅ ਦੀ ਉਡੀਕ ਵਿਚ ਸਨ।

"ਬੇਅੰਤ ਜੀ ਨੇ ਭਾਈ ਜੀ ਦੇ ਲੰਗੋਟ ਵਿਚ ਦੋਵੇਂ ਹੱਥ ਪਾ ਕੇ ਧੌਣ ਉਤੋਂ ਉਲਟਣ ਦੀ ਕੋਸ਼ਿਸ਼ ਕੀਤੀ। ਭਾਈ ਜੀ ਇਕ ਪਾਸੇ ਉਲਟ ਗਏ ਅਤੇ ਬੇਅੰਤ ਜੀ ਨੇ ਦੋਹਾਂ ਹੱਥਾਂ ਨੂੰ ਵਲ੍ਹੇਟ ਕੇ ਢਾਕ ਮਾਰੀ ਤੇ ਉਹ ਮੇਰੇ ਉਤੇ ਆ ਡਿਗੇ..."

ਇਕ ਹੋਰ ਘਟਨਾ ਦਾ ਜ਼ਿਕਰ ਸੰਤ ਕੁੰਦਨ ਸਿੰਘ ਨਕਈ ਅਤੇ ਪੰਡਤ ਰਾਜਿੰਦਰ ਸਿੰਘ ਇਉਂ ਕਰਦੇ ਹਨ,

"ਜਦੋਂ ਅਸੀਂ ਘੁਲਦੇ ਸਾਂ, ਸਾਡੇ ਅਖਾੜੇ ਕੋਲ ਖੜੇ ਦਰਸ਼ਕਾਂ ਦੇ ਵੀ ਡੌਲੇ ਫਰਕਨ ਲੱਗ ਜਾਂਦੇ ਸਨ। ਕਸਰਤੀ ਆਦਮੀ ਦਾ ਜਿਸਮ ਤਾਂ ਭਾਵੇਂ ਪਤਲਾ ਹੁੰਦਾ ਹੈ, ਪਰ ਹੱਡ ਲੋਹੇ ਦੇ ਹੁੰਦੇ ਹਨ। ਰਤਨ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਲਾਂਗਰੀ ਚੰਗਾ ਮੋਟੇ ਹੱਡਾਂ ਪੈਰਾਂ ਵਾਲਾ ਸੀ। ਚੜ੍ਹਦੀ ਜੁਆਨੀ ਡੌਲੇ ਤਾਂ ਫਰਕਦੇ ਹੀ ਸਨ। ਅਖਾੜੇ ਕੋਲ ਆ ਕੇ ਉਸ ਨੇ ਵੀ ਕੱਛਾ ਪਾ ਲਿਆ ਤੇ ਉਤੋਂ ਦੀ ਲੰਗੋਟ ਕਸ ਲਿਆ। ਬੇਅੰਤ ਜੀ ਨੇ ਉਸ ਨੂੰ ਹੇਠਾਂ ਦੱਬ ਲਿਆ ਤੇ ਖੂਬ ਮੰਜਾਈ ਕੀਤੀ। ਉਹ ਵੀ ਤਕੜਾ ਸੀ ਤੇ ਜਿਵੇਂ ਕਿਵੇਂ ਮੁਕਾਬਲਾ ਕਰੀ ਜਾ ਰਿਹਾ ਸੀ। ਨਕਈ ਜੀ ਸਾਰੀਆਂ ਡਿਊਟੀਆਂ ਤੋਂ ਵੇਹਲੇ ਹੋ ਕੇ ਨਹਾ ਧੋ ਕੇ ਮਲਮਲ ਦੇ ਚਿੱਟੇ ਕੱਪੜੇ ਪਹਿਨ ਕੇ

ਅਖਾੜੇ ਦੀ ਰੌਣਕ ਵੇਖਣ ਆ ਗਏ। ਅਗੇ ਬੇਅੰਤ ਜੀ ਅਤੇ ਰਤਨ ਸਿੰਘ, ਮੁੜ੍ਹਕੋ ਮੁੜ੍ਹਕੀ, ਮਿੱਟੀ ਨਾਲ ਲੱਥਪੱਥ, ਗੁਥਮਗੁੱਥਾ, ਥਾਪੀ ਤੇ ਥਾਪੀ ਮਾਰ ਕੇ ਇਕ ਦੂਸਰੇ ਨਾਲ ਜੁਟੇ ਹੋਏ ਸਨ।

ਕੁੰਦਨ ਸਿੰਘ ਜੀ ਕਹਿਣ ਲੱਗੇ, "ਏਸ ਗਰੀਬ ਨੂੰ ਕਿਉਂ ਮਧੋਲੀ ਜਾਂਦੇ ਹੋ?"

ਬੇਅੰਤ ਜੀ ਨੇ ਆ ਵੇਖਿਆ ਨਾ-ਤਾ, ਨਕਈ ਜੀ ਨੂੰ ਜਾ ਫੜਿਆ। ਘੁਲਣ ਵਿਚ ਤਾਂ ਇਹ ਵੀ ਕੋਈ ਘੱਟ ਨਹੀਂ ਸਨ। ਖੂਬ ਪਕੜ ਹੋਈ ਤੇ ਰਤਨ ਸਿੰਘ ਝੱਟ ਅਖਾੜੇ ਤੋਂ ਬਾਹਰ ਨਿਕਲ ਕੇ ਤਮਾਸ਼ਾ ਵੇਖਣ ਲਗ ਪਿਆ। ਅੱਧਾ ਘੰਟਾ ਕਸ ਕੇ ਘਸਾਈ ਪਿਟਾਈ ਹੋਈ ਦੋਹਾਂ ਦੀ। ਨਕਈ ਜੀ ਦੇ ਸਾਰੇ ਕੱਪੜੇ ਲੀਰੋਂ-ਲੀਰ ਹੋ ਗਏ। ਬੇਅੰਤ ਜੀ, ਨਕਈ ਜੀ ਨੂੰ ਢਾਹ ਕੇ ਹਿੱਕ 'ਤੇ ਬੈਠ ਗਏ। ਨਕਈ ਜੀ ਦੀ ਇਹ ਹਾਲਤ ਵੇਖ ਕੇ ਰਤਨ ਸਿੰਘ ਨੂੰ ਤਰਸ ਆ ਗਿਆ ਤੇ ਉਸ ਨੇ ਕਿਹਾ,

'ਮੈਨੂੰ ਛੱਡ ਕੇ ਹੁਣ ਨਕਈ ਨੂੰ ਫੜ ਲਿਆ ਹੈ ਬਸ ਨਹੀਂ ਕਰਦੇ?'

ਕੁੰਦਨ ਸਿੰਘ ਨੂੰ ਛੱਡ ਕੇ, ਬੇਅੰਤ ਜੀ ਖੜ੍ਹੇ ਹੋ ਕੇ ਕਹਿਣ ਲਗੇ, 'ਤੂੰ ਫਿਰ ਬੋਲ ਪਿਐਂ' ਤੇ ਰਤਨ ਸਿੰਘ ਨੂੰ ਫੜ ਲਿਆ, ਇਤਨੇ ਚਿਰ ਵਿਚ ਨਕਈ ਜੀ ਨੇ ਸਾਹ ਲੈ ਲਿਆ ਤੇ ਰਤਨ ਸਿੰਘ ਨੂੰ ਛੁਡਾ ਦਿਤਾ ਤੇ ਜਦ ਬੇਅੰਤ ਜੀ ਨਕਈ ਜੀ ਵੱਲ ਆਏ ਤਾਂ ਨਕਈ ਜੀ ਥੱਲੇ ਪੈ ਗਏ ਤੇ ਆਖਿਆ, 'ਤੁਸੀਂ ਹੁਣ ਥੱਕ ਗਏ ਜੇ, ਤੁਹਾਡਾ ਬਹੁਤ ਜ਼ੋਰ ਹੋ ਗਿਐ, ਅਸੀਂ ਹਾਰੇ ਤੇ ਤੁਸੀਂ ਜਿੱਤੇ। ਤੁਸੀਂ ਹੁਣ ਲੰਮੇ ਪਵੋ ਤੇ ਅਰਾਮ ਕਰੋ।'

ਨਕਈ ਜੀ ਨੇ ਬੇਅੰਤ ਜੀ ਨੂੰ ਲਿਜਾ ਕੇ ਲੰਮੇ ਪਾਇਆ ਤੇ ਘੁੱਟਿਆ ਤੇ ਨਾਲ ਹੀ ਸੇਵਕ ਜੈ ਸਿੰਘ ਨੂੰ ਆਖਿਆ, "ਜੈ ਸਿੰਘ, (ਲੱਲੂਆਣੀਆਂ) ਜਾ ਕੇ ਗਰਮ ਪਾਣੀ ਕਰ, ਬਾਬਾ ਜੀ ਹੁਣ ਗਰਮ ਪਾਣੀ ਨਾਲ ਇਸ਼ਨਾਨ ਕਰਨਗੇ।"

ਵੱਡੇ ਬਾਬਾ ਜੀ ਸਰੀਰੋਂ ਚੁਸਤ, ਤਕੜੇ ਅਤੇ ਫੁਰਤੀਲੇ ਸਨ। ਰਾਤ ਨੂੰ ਸੌ ਗਿਰੀਆਂ ਬਦਾਮਾਂ ਦੀਆਂ ਭਿਉਂ ਕੇ, ਸਵੇਰੇ ਉਨ੍ਹਾਂ ਗਿਰੀਆਂ ਨੂੰ ਛਿੱਲ ਕੇ, ਛਾਣਾਂ ਲਾਏ ਬਿਨਾਂ ਰਗੜੀਆਂ ਹੋਈਆਂ ਨੂੰ, ਬਗੈਰ ਮਿੱਠਾ ਪਾਏ ਹੋਏ ਦੁੱਧ ਵਿੱਚ ਘੋਲ ਕੇ ਛਕਦੇ ਸਨ। ਦੋ ਕਿਲੋ ਦੁੱਧ ਸਵੇਰੇ ਅਤੇ ਦੋ ਕਿਲੋ ਦੁੱਧ ਸ਼ਾਮ ਨੂੰ ਆਪ ਛਕ ਲੈਂਦੇ ਸਨ, ਇਸ ਤਰ੍ਹਾਂ ਦੀ ਆਪ ਜੀ ਦੀ ਖ਼ੁਰਾਕ ਕਈ ਵਰ੍ਹੇ ਚਲਦੀ ਰਹੀ।

ਸਮਰਾਲੇ ਲਾਗੇ ਦੇ ਪਿੰਡ ਲੱਧੜਾਂ ਚਹਿਲਾਂ ਦੇ ਪਹਿਲਵਾਨ ਸ. ਦਰਬਾਰਾ ਸਿੰਘ ਜਿਹੜੇ ਕਦੇ-ਕਦੇ ਵੱਡੇ ਬਾਬਾ ਜੀ ਨੂੰ ਜ਼ੋਰ ਕਰਾਉਣ ਸ੍ਰੀ ਭੈਣੀ ਸਾਹਿਬ ਆਇਆ ਕਰਦੇ ਸਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਰਜ਼ ਕਰ ਦੱਸਦੇ ਸਨ,

"ਬਾਬਿਆਂ ਦਾ ਸਰੀਰ ਬਹੁਤ ਤਕੜਾ, ਗੁੰਦਵਾਂ ਅਤੇ ਸ਼ਾਨਦਾਰ ਹੈ, ਘੁਲਦੇ ਵੀ ਵਧੀਆ ਹਨ।"

(ਪਹਿਲਵਾਨ ਦਰਬਾਰਾ ਸਿੰਘ ਸੰਨ 1994 ਵਿਚ ਚੜ੍ਹਾਈ ਕੀਤੇ। ਆਪਣੇ ਅਖੀਰਲੇ ਵਕਤ ਤੀਕ, ਉਹ ਜਦੋਂ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਆਉਂਦੇ ਰਹੇ, ਜਿੰਨਾ ਚਿਰ ਬੈਠੇ ਰਹਿੰਦੇ, ਇਧਰ-ਉਧਰ ਨਹੀਂ ਸਨ ਵੇਖਦੇ, ਟਿਕਟਿਕੀ ਲਗਾ ਕੇ ਦਰਸ਼ਨ ਕਰਦਿਆਂ, ਅੱਖ ਨਹੀਂ ਸਨ ਝਪਕਦੇ। ਪਹਿਲਵਾਨ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਆਪਣੇ ਘਰ ਪਵਾਏ ਅਤੇ ਆਪਣੇ ਬੱਚਿਆਂ ਨੂੰ ਭਜਨ ਪੁਛਵਾਇਆ ਤੇ ਆਖਿਆ ਕਿ ਇਨ੍ਹਾਂ ਸਤਿਗੁਰਾਂ ਦੇ ਲੜ ਲੱਗੋ।)

ਜਦੋਂ ਵੱਡੇ ਬਾਬਾ ਜੀ 20-22 ਕੁ ਸਾਲ ਦੀ ਅਵਸਥਾ ਵਿਚ ਸਨ, ਇਕ ਦਿਨ ਆਪ ਅਖਾੜੇ ਵਿਚੋਂ ਘੁਲ ਕੇ ਹਟੇ ਸਨ, ਘੁਲਣ ਵਾਲਾ ਛੋਟਾ ਕਛਹਿਰਾ ਪਾਇਆ ਹੋਇਆ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੱਡੇ ਬਾਬਾ ਜੀ ਨੂੰ ਹੁਕਮ ਕੀਤਾ ਕਿ ਉਹ ਕੈਮਰਾ ਜਿਹੜਾ ਸ੍ਰੀ ਕੇਸ਼ੋਦਾਸ ਲਾਹੌਰ ਤੋਂ ਲਿਆ ਹੋਇਆ ਸੀ, ਲੈ ਆਉਣਾ। ਵੱਡੇ ਬਾਬਾ ਜੀ ਕੈਮਰਾ ਲੈ ਆਏ। ਇਸ ਕੈਮਰੇ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਕਰ-ਕਮਲਾਂ ਨਾਲ ਵੱਡੇ ਬਾਬਾ ਜੀ ਦੀ ਫੋਟੋ ਖਿੱਚ ਬਚਨ ਕੀਤਾ,

"ਜਦੋਂ ਮੈਂ ਤੇਰੀ ਉਮਰ ਦਾ ਸੀ, ਮੇਰਾ ਸਰੀਰ ਬਿਲਕੁਲ ਤੇਰੇ ਵਰਗਾ ਸੀ।"

### ਤੈਰਾਕੀ

ਵੱਡੇ ਬਾਬਾ ਜੀ ਤੈਰਾਕੀ ਵਿਚ ਬੜੇ ਮਾਹਰ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਵਿਦਿਆਲਾ ਦੇ ਬੱਚਿਆਂ ਨੂੰ ਤਲਾਅ ਰਾਮ ਸਰੋਵਰ ਵਿਚ ਇਸ਼ਨਾਨ ਕਰਨ ਤੇ ਖੇਡਣ-ਮੱਲਣ ਦੀ ਪੂਰੀ ਖੁੱਲ੍ਹ ਦਿਤੀ ਹੋਈ ਸੀ। ਸਰੋਵਰ ਦਾ ਪਾਣੀ ਉਸ ਵੇਲੇ ਗਲ-ਗਲ ਤੀਕ ਹੁੰਦਾ ਸੀ। ਘੁਲ ਕੇ ਆਉਣ ਮਗਰੋਂ, ਵੱਡੇ ਬਾਬਾ ਜੀ ਅਤੇ ਸਾਥੀ ਮੁੜ੍ਹਕੋ ਮੁੜ੍ਹਕੀ ਹੋਣ ਦੇ ਬਾਵਜੂਦ ਪਾਣੀ ਵਿਚ ਸਿਰ ਪਰਨੇ ਛਾਲਾਂ ਮਾਰਦੇ ਅਤੇ ਪਾਣੀ ਵਿਚ ਹੀ ਮੁੜ੍ਹਕਾ ਸੁਕਾਉਂਦੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੱਚਿਆਂ ਨੂੰ ਇਕ ਗੁਰ ਸਮਝਾ ਦਿਤਾ ਸੀ ਕਿ ਜਦੋਂ ਵੀ ਤੁਸੀਂ ਮੁੜ੍ਹਕੇ ਨਾਲ ਭਿੱਜੇ ਹੋਵੋ, ਪਹਿਲਾਂ ਪਾਣੀ ਵਿਚ ਸਿਰ ਡੁਬੋਵੋ ਤੇ ਫਿਰ ਬਾਕੀ ਜਿਸਮ। ਜਿਵੇਂ ਲੁਹਾਰ ਲੋਹੇ ਨੂੰ ਲਾਲ ਕਰ ਕੇ ਪਾਣੀ ਵਿਚ ਡੁਬੋ ਦਿੰਦਾ ਹੈ ਤੇ ਫਿਰ ਲੋਹਾ ਇਸਪਾਤ ਬਣ ਜਾਂਦਾ ਹੈ, ਇਵੇਂ ਹੀ ਆਦਮੀ ਜਦੋਂ ਪੂਰੀ ਤਰ੍ਹਾਂ ਗਰਮ ਗਰਮ, ਠੰਡੇ ਪਾਣੀ ਵਿਚ ਛਲਾਂਗ ਲਗਾ ਕੇ ਸਿਰ ਡੁਬੋ ਲੈਂਦਾ ਹੈ, ਇਸਪਾਤ ਦੀ ਤਰ੍ਹਾਂ ਸਖ਼ਤ ਤੇ ਮਜ਼ਬੂਤ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਗਰਮ ਸਰਦ ਇਸ਼ਨਾਨ ਨਾਲ ਕੋਈ ਨੁਕਸਾਨ ਨਹੀਂ ਹੁੰਦਾ।

ਰਾਮ ਸਰੋਵਰ ਦੇ ਪਾਣੀ ਵਿਚ ਛੋਟੇ ਹੁੰਦਿਆਂ ਵੱਡੇ ਬਾਬਾ ਜੀ ਆਪਣੇ ਸਾਥੀਆਂ ਨਾਲ ਕਈ ਤਰ੍ਹਾਂ ਦੀਆਂ ਖੇਡਾਂ ਖੇਡਿਆ ਕਰਦੇ ਸਨ ਜਿਵੇਂ ਕਿ ਪਾਣੀ ਵਿਚ ਲੜਾਈ ਦੀ ਖੇਡ, ਜਿਸ ਵਿਚ

ਦੋ ਪਾਰਟੀਆਂ ਬਣਾ ਲਈਆਂ ਜਾਂਦੀਆਂ ਸਨ। ਦੋਵੇਂ ਹੱਥ ਜੋੜ ਕੇ ਬੜੇ ਜ਼ੋਰ ਦੀ ਇਕ ਦੂਜੇ ਦੇ ਮੂੰਹ 'ਤੇ ਪਾਣੀ ਦੀ ਬਾਛੜ ਸੁੱਟੀ ਜਾਂਦੀ ਸੀ। ਇਕ ਦੂਜੇ ਨੂੰ ਗੋਤੇ ਦਿਤੇ ਜਾਂਦੇ ਸਨ। ਕਦੇ ਪਾਣੀ ਵਿਚ ਚੁੱਭੀਆਂ ਮਾਰ ਕੇ ਇਕ ਦੂਜੇ ਨੂੰ ਫੜਨਾ ਅਤੇ ਕਈ ਵਾਰੀ ਸਮੇਤ ਕੱਪੜਿਆਂ ਵੀ ਖੜ੍ਹੇ ਖੜ੍ਹੋਤੇ ਇਕ ਦੂਜੇ ਨਾਲ ਘੁਲ ਲੈਣਾਂ। ਪਾਣੀ ਵਿਚ ਇਹ ਖੇਡਾਂ, ਸਾਹਾਂ ਦੀ ਸਾਧਨਾ ਨਾਲ ਹੀ ਕੀਤੀਆਂ ਜਾ ਸਕਦੀਆਂ ਹਨ। ਡੇਢ ਤੋਂ ਦੋ ਮਿੰਟ ਤਕ ਸਾਹ ਰੋਕਣਾ ਪੈਂਦਾ ਹੈ।

ਵੱਡੇ ਬਾਬਾ ਜੀ ਤੈਰਨ ਲਈ ਆਪਣੇ ਸਾਥੀਆਂ ਨਾਲ ਰੋਪੜ ਵਾਲੀ ਨਹਿਰ 'ਤੇ ਜਾਇਆ ਕਰਦੇ ਸਨ। ਆਪ ਨਹਿਰ ਵਾਲੇ ਡੇਰੇ ਤੋਂ ਨੀਲੋਂ ਦੇ ਪੁਲ ਤਕ ਤੈਰ ਕੇ ਆਉਂਦੇ-ਜਾਂਦੇ। ਜਿਨ੍ਹਾਂ ਨੂੰ ਤੈਰਨਾ ਨਹੀਂ ਸੀ ਆਉਂਦਾ, ਉਨ੍ਹਾਂ ਲਈ ਟਿਊਬ ਰੱਖੀ ਹੋਈ ਸੀ। ਜਿਸ ਕਿਸੇ ਨੂੰ ਤੈਰਨਾ ਨਹੀਂ ਸੀ ਆਉਂਦਾ, ਵੱਡੇ ਬਾਬਾ ਜੀ ਨੇ ਉਸ ਥਲਿਓਂ ਟਿਊਬ ਕੱਢ ਲੈਣੀ ਤੇ ਜਦੋਂ ਉਸ ਰੌਲਾ ਪਾਉਣ ਲੱਗ ਜਾਣਾ, ਵੱਡੇ ਬਾਬਾ ਜੀ ਨੇ ਉਸ ਨੂੰ ਟਿਊਬ ਫਿਰ ਦੇ ਦੇਣੀਂ।

ਨੀਲੋਂ ਦੇ ਪੁਲ ਤੋਂ ਮਾਛੀਵਾੜੇ ਦੇ ਪੁਲ ਵੱਲ ਜਾਂਦਿਆਂ ਢਾਈ ਮੀਲ 'ਤੇ ਕਿਸ਼ਤੀ ਹੈ। ਇਕ ਵਾਰ ਕਰੀਬ ਪੰਜਾਹ ਮੁੰਡਿਆਂ ਨੇ ਮਾਛੀਵਾੜੇ ਦੇ ਪੁਲ ਤੋਂ ਨਹਿਰ ਵਿਚ ਛਾਲਾਂ ਮਾਰੀਆਂ ਅਤੇ ਲਗਭਗ ਪੰਜ ਮੀਲ ਲੰਮੀ ਤਾਰੀ ਉਪ੍ਰੰਤ ਨੀਲੋਂ ਦੇ ਪੁਲ 'ਤੇ ਆ ਕੇ ਨਹਿਰ ਵਿਚੋਂ ਨਿਕਲੇ। ਇਕ ਟਿਊਬ ਵੀ ਰਖੀ ਹੋਈ ਸੀ, ਜਿਹੜੀ ਨਾਲ ਤੈਰਦੀ ਸੀ, ਤਾਂ ਜੋ ਜਿਹੜਾ ਕੋਈ ਕਮਜ਼ੋਰ ਪੈ ਜਾਵੇ, ਉਹ ਟਿਊਬ ਨੂੰ ਹੱਥ ਪਾ ਲਵੇ। ਵੱਡੇ ਬਾਬਾ ਜੀ ਨੇ ਕਦੇ ਟਿਊਬ ਨੂੰ ਹੱਥ ਨਹੀਂ ਪਾਇਆ, ਕਦੇ ਸਿੱਧੇ ਤੇ ਕਦੇ ਮੂਧੇ ਤੈਰਦੇ ਰਹੇ।

ਹੇਠ ਲਿਖੀਆਂ ਕਿਸਮਾਂ ਦੀ ਤੈਰਾਕੀ ਵੱਡੇ ਬਾਬਾ ਜੀ ਕਰ ਲਿਆ ਕਰਦੇ ਸਨ, ਜੋ ਆਮ ਇਨਸਾਨ ਨਹੀਂ ਕਰ ਸਕਦਾ (ਹੁਣ ਵੀ ਕਰ ਲੈਂਦੇ ਹਨ)।

**1. ਚੁੱਭੀ ਮਾਰਨੀ**

ਸਾਹ ਰੋਕ ਕੇ ਪਾਣੀ ਵਿਚ ਇਕ ਮਿੰਟ ਵੀ ਚੁੱਭੀ ਮਾਰਨੀ ਬਹੁਤ ਔਖੀ ਹੁੰਦੀ ਹੈ। ਵੱਡੇ ਬਾਬਾ ਜੀ ਦੋ ਮਿੰਟ ਸਤਾਰਾਂ ਸਕਿੰਟ ਚੁੱਭੀ ਮਾਰ ਲੈਂਦੇ ਸਨ, ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਢਾਈ ਮਿੰਟ ਚੁੱਭੀ ਮਾਰ ਲੈਂਦੇ ਹਨ। ਢਾਈ ਮਿੰਟ ਚੁੱਭੀ ਮਾਰਨੀ ਬਹੁਤ ਜ਼ਿਆਦਾ ਹੁੰਦੀ ਹੈ।

**2. ਮੁਰਦਾ ਤਾਰੀ**

ਸਰੀਰ ਨੂੰ ਢਿੱਲਾ ਛੱਡ ਕੇ ਪਾਣੀ ਵਿਚ ਤੈਰੀ ਜਾਣਾ ਤੇ ਕਦੇ-ਕਦੇ ਪਾਣੀ ਉਤੇ ਹੀ ਚੌਂਕੜੀ ਮਾਰ ਲੈਣੀ ਤੇ ਹੋਰ ਆਸਣ ਲਾ ਲੈਣੇਂ।

3. **ਚੜ੍ਹਦੇ ਪਾਣੀ ਨੂੰ ਜਾਣਾ**

ਇਹ ਕਾਫੀ ਔਖਾ ਕੰਮ ਹੈ। ਅਰਥਾਤ ਜਿਧਰੋਂ ਪਾਣੀ ਆ ਰਿਹਾ ਹੋਵੇ, ਉੱਧਰ ਨੂੰ ਤੈਰਨਾ।

4. **ਪਾਣੀ ਵਿਚ ਬਾਲ (ਗੇਂਦ) ਖੇਡਣੀ**

ਪਾਣੀ ਵਿਚ ਤੈਰਦੇ-ਤੈਰਦੇ ਇਕ ਦੂਜੇ ਵੱਲ ਬਾਲ ਸੁੱਟਣੀ।

5. **ਇਕ ਕਿਨਾਰੇ ਤੋਂ ਦੂਜੇ ਕਿਨਾਰੇ ਵੱਲ**

ਨਹਿਰ ਨੂੰ, ਇਕ ਕਿਨਾਰੇ ਤੋਂ ਦੂਜੇ ਕਿਨਾਰੇ ਤੀਕ ਪਾਰ ਕਰ ਜਾਣਾ।

6. **ਨਹਿਰ ਥਲਿਉਂ ਮਿੱਟੀ ਕੱਢਣੀ**

ਨਹਿਰ ਵਿਚ ਚੁੱਭੀ ਮਾਰ ਕੇ ਥਲਿਉਂ ਮਿੱਟੀ ਲੈ ਆਉਣੀ।

7. **ਦਰਖਤ ਤੋਂ ਪਾਣੀ ਵਿਚ ਛਾਲ ਮਾਰਨੀ**

ਉੱਚੇ ਦਰਖਤ ਤੋਂ ਨਹਿਰ ਵਿਚ ਛਾਲਾਂ ਮਾਰਨੀਆਂ।

**ਗੀਟਿਆਂ ਦੀ ਖੇਡ**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਗੀਟਿਆਂ ਦੀ ਇਕ ਖੇਡ ਸਿਖਾਈ ਸੀ, ਜਿਹੜੀ ਹਜ਼ੂਰ ਹੁਣ ਵੀ ਕਦੇ ਕਦਾਈਂ ਖੇਡ ਕੇ ਵਿਖਾਉਂਦੇ ਹਨ। ਮੈਂ 4 ਦਸੰਬਰ 1996 ਨੂੰ ਛੰ-ਅੰਮ (ਥਾਈਲੈਂਡ) ਸਮੁੰਦਰ ਕਿਨਾਰੇ ਬਣੀ 21 ਮੰਜ਼ਿਲਾ ਇਮਾਰਤ ਦੀ 14ਵੀਂ ਮੰਜ਼ਿਲ (ਸੇਠ ਹਰਭਜਨ ਸਿੰਘ ਕੋਮਲ ਅਤੇ ਬੀਬੀ ਤੇਜਿੰਦਰ ਕੌਰ ਕੋਮਲ ਦਾ ਘਰ) 'ਤੇ ਇਹ ਖੇਡ ਸ੍ਰੀ ਸਤਿਗੁਰੂ ਜੀ ਨੂੰ ਖੇਡਦਿਆਂ ਵੇਖਿਆ।

ਇਸ ਖੇਡ ਵਿਚ ਗੀਟਿਆਂ ਨੂੰ ਤਿੰਨ ਲਾਈਨਾਂ ਵਿਚ ਲਗਾ ਕੇ, ਇਕ ਵਿਅਕਤੀ ਨੂੰ ਕੋਈ ਇਕ ਗੀਟਾ ਆਪਣੇ ਮਨ ਵਿਚ ਸੋਚਣ ਲਈ ਕਿਹਾ ਜਾਂਦਾ ਹੈ। ਫਿਰ ਲਾਈਨਾਂ ਦੇ ਗੀਟੇ ਅਦਲ-ਬਦਲ ਕੇ, ਨਵੀਆਂ ਲਾਈਨਾਂ ਲਗਾਈਆਂ ਜਾਂਦੀਆਂ ਹਨ ਤੇ ਪੁੱਛਿਆ ਜਾਂਦਾ ਹੈ ਕਿ ਸੋਚਿਆ ਹੋਇਆ ਗੀਟਾ ਕਿਹੜੀ ਲਾਈਨ 'ਚ ਹੈ। ਤਿੰਨ ਵਾਰ ਇਸ ਤਰ੍ਹਾਂ ਕਰਨ ਉਪਰੰਤ ਸੋਚਿਆ ਗੀਟਾ ਸਫ਼ਲਤਾਪੂਰਵਕ ਲਾਈਨ 'ਚੋਂ ਬਾਹਰ ਕੱਢ ਕੇ ਵਿਖਾ ਦਿੱਤਾ ਜਾਂਦਾ ਹੈ।

## ਵਰਤਮਾਨ ਸਮੇਂ 'ਚ ਖੇਡਾਂ

ਅੱਜ ਵੱਡੇ ਬਾਬਾ ਜੀ ਜਿਹੜੇ ਵਰਤਮਾਨ ਸ੍ਰੀ ਸਤਿਗੁਰੂ ਜੀ ਦੇ ਰੂਪ ਵਿਚ ਸਾਡੇ ਸਾਹਮਣੇ ਹਨ, ਅਣਗਿਣਤ ਰੁਝੇਵਿਆਂ ਦੇ ਬਾਵਜੂਦ ਰੋਜ਼ਾਨਾ ਖੇਡਣ ਦੇ ਨਿਯਮ ਨੂੰ ਕਦੇ ਨਹੀਂ ਖੁੰਜਾਉਂਦੇ। ਆਪ ਜੀ ਦੀ ਕੋਠੀ ਵਿਚ ਕਸਰਤ ਕਰਨ ਲਈ ਇਕ Exercise Room ਬਣਿਆ ਹੋਇਆ ਹੈ। ਆਪ ਨਹਿਰ ਵਿਚ ਤੈਰਨ ਜਾਂਦੇ ਹਨ। ਪੂਰੀ ਚੁਸਤੀ ਅਤੇ ਫੁਰਤੀ ਨਾਲ ਬੈਡਮਿੰਟਨ, ਫੁੱਟਬਾਲ, ਬਾਲੀਵਾਲ, ਕੈਰਮ ਬੋਰਡ ਆਦਿ ਖੇਡਾਂ ਖੇਡਦੇ ਹਨ। ਆਪ ਚੱਕਰ ਵੀ ਚਲਾਉਂਦੇ ਹਨ। ਆਪ ਗ਼ਜਬ ਦੀ ਫੁਰਤੀ ਤੇ ਚੁਸਤੀ ਨਾਲ ਉੱਚੇ ਨੀਵੇਂ ਥਾਵਾਂ 'ਤੇ ਕਾਰ ਚਲਾਉਂਦੇ ਹਨ।

ਸ੍ਰੀ ਸਤਿਗੁਰੂ ਜੀ ਨੌਜਵਾਨਾਂ ਅਤੇ ਬੱਚਿਆਂ ਵਿਚ ਸਾਰੇ ਕਿਸਮਾਂ ਦੀਆਂ ਖੇਡਾਂ ਤੇ ਕਸਰਤਾਂ ਨੂੰ ਵਿਕਸਿਤ ਕਰਨ ਵਿਚ ਰੁਚੀ ਲੈ ਰਹੇ ਹਨ। ਨਾਮਧਾਰੀ ਨੌਜਵਾਨਾਂ ਦੀ ਬਣਾਈ ਜੂਨੀਅਰ ਤੇ ਸੀਨੀਅਰ ਹਾਕੀ ਦੀ ਟੀਮ, ਜਿਹੜੀ ਕਿ ਨਾਮਧਾਰੀ ਪਹਿਰਾਵੇ ਵਿਚ ਖੇਡਦੀ ਹੈ, ਅੱਜ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਲ ਕਰ ਰਹੀ ਹੈ। ਇਸੇ ਤਰ੍ਹਾਂ ਬੈਡਮਿੰਟਨ, ਸਕੇਟਿੰਗ ਤੇ ਹੋਰ ਖੇਡਾਂ ਵਿਚੋਂ ਨਾਮਧਾਰੀ ਨੌਜਵਾਨ ਜਿੱਤਾਂ ਜਿੱਤ ਕੇ ਪੰਥ ਦਾ ਨਾਂ ਉੱਚਾ ਕਰ ਰਹੇ ਹਨ।

# ਯੁਵਾ-ਅਵੱਸਥਾ

ਯੁਵਾ-ਅਵੱਸਥਾ ਉਮਰ ਦਾ ਇਕ ਅਜਿਹਾ ਸਮਾਂ ਹੁੰਦਾ ਹੈ, ਜਿਸ ਵਿਚ ਹਰ ਪੱਖੋਂ ਬਹੁਤ ਸੋਚ ਸਮਝ ਨਾਲ, ਸੰਭਲ ਕੇ ਚਲਣ ਦੀ ਲੋੜ ਹੁੰਦੀ ਹੈ।

ਉੱਚੇ ਤੇ ਸੁੱਚੇ ਆਚਰਣ ਦੇ ਧਾਰਨੀ ਵੱਡੇ ਬਾਬਾ ਜੀ ਨੇ ਸੇਵਾ ਅਤੇ ਧਰਮ ਨੂੰ ਮੁੱਖ ਰੱਖਿਆ ਅਤੇ ਸੰਜਮ ਅਤੇ ਧੀਰਜ ਵਿਚ ਰਹਿੰਦਿਆਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਅਨੁਸਾਰ ਆਪਣੇ ਜੀਵਨ ਨੂੰ ਢਾਲਿਆ।

## ਸਿੱਖੀ ਵਿਚ ਪਰਪੱਕਤਾ

ਵੱਡੇ ਬਾਬਾ ਜੀ ਅਧਿਆਤਮਕ ਚੇਤਨਤਾ, ਤਪ-ਸਾਧਨਾਂ, ਸੰਸਾਰਕ ਸਿੱਖਿਆ, ਸਿਰੜ, ਸਿਦਕ ਅਤੇ ਮਰਿਯਾਦਾ ਵਿਚ ਸਤਿਗੁਰੂ ਜੀ ਦੇ ਆਗਿਆਕਾਰ ਸਿੱਖਾਂ ਤੋਂ ਵੱਧ ਪਰਪੱਕ ਹੁੰਦੇ ਗਏ। ਭਜਨ-ਬੰਦਗੀ ਕਰਨਾ, ਗੁਰਬਾਣੀ ਦਾ ਪਾਠ ਕਰਨਾ, ਸ਼ਾਸਤ੍ਰੀ ਸੰਗੀਤ ਵਿਚ ਮੁਹਾਰਤ ਹਾਸਲ ਕਰਨੀ, ਸਰੀਰਕ ਸਾਧਨਾਂ ਲਈ ਕਸਰਤ ਤੇ ਘੋੜ ਸਵਾਰੀ ਕਰਨੀ, ਤੈਰਨਾ, ਕੁਸ਼ਤੀ, ਕਬੱਡੀ, ਗੱਤਕਾ ਖੇਡਣਾ, ਫੁੱਟਬਾਲ ਆਦਿਕ ਖੇਡਾਂ ਖੇਡਣਾਂ ਸਭ ਆਪ ਲਈ ਸਹਿਜ ਕਾਰਜ ਸਨ ਅਤੇ ਇਹ ਸਭ ਕੁਝ ਆਪ ਨਿਯਮਾਨੁਸਾਰ ਕਰਦੇ। ਸਰਦੀ-ਗਰਮੀ, ਭੁੱਖ-ਤ੍ਰੇਹ ਆਪ ਦੇ ਵੱਸ ਵਿਚ ਸਨ। ਆਪ ਸਦਾ ਖ਼ੁਸ਼-ਖ਼ੁਸ਼ ਅਤੇ ਖਿੜੇ ਮੱਥੇ ਰਹਿੰਦੇ ਅਤੇ ਹੋਰਨਾਂ ਨੂੰ ਵੀ ਖ਼ੁਸ਼ ਰੱਖਦੇ।

ਸੰਤ ਤਰਨ ਸਿੰਘ ਵਹਿਮੀ ਦੱਸਦੇ ਹਨ ਕਿ ਉਨ੍ਹਾਂ ਦੇ ਅਰਜ਼ ਕਰ ਕੇ ਪੁੱਛਣ 'ਤੇ ਵੱਡੇ ਬਾਬਾ ਜੀ ਬਚਨ ਕੀਤਾ, "ਸਿੱਖ ਮਾਸੂਮ ਬਾਲਕ ਵਾਂਗੂੰ ਹੈ, ਸਤਿਗੁਰੂ ਜੀ ਬਾਪ ਵਾਂਗੂੰ ਉਂਗਲੀ ਲਾ ਲਈ ਜਾਂਦੇ ਹਨ, ਪਰ ਜਿਥੋਂ ਉਂਗਲੀ ਉਸ ਦੇ ਹੱਥ ਵਿਚੋਂ ਖਿੱਚ ਲੈਣ, ਉਹ ਡਿੱਗ ਪੈਂਦਾ ਹੈ, ਤਿਵੇਂ ਹੀ ਸਿੱਖ ਹੈ।"

—ਜੱਸ ਜੀਵਨ ਭਾਗ ਚੌਥਾ ਪੰਨਾ ੧੪੨

ਵੱਡੇ ਬਾਬਾ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਹੁਤ ਅਦਬ ਕਰਦੇ ਸਨ ਤੇ ਹਰ ਹੁਕਮ ਫੌਰਨ ਖਿੜੇ ਮੱਥੇ ਮੰਨਦੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਵੀ ਵੱਡੇ ਬਾਬਾ ਜੀ 'ਤੇ ਬਹੁਤ ਖ਼ੁਸ਼ੀਆਂ ਸਨ।

"ਸ੍ਰੀ ਗੁਰਦੇਵ ਪਿਤਾ ਜੀ ਦੇ ਹੁਕਮ ਦੀ ਸੀਮਾ ਦਾ ਇਨ੍ਹਾਂ (ਬਾਬਾ ਜਗਜੀਤ ਸਿੰਘ) ਨੇ ਆਪਣੇ ਦੁਆਲੇ ਉਹ ਭੋਰਾ ਬਣਾ ਰਖਿਆ ਸੀ, ਜਿਸ ਦਾ ਮੁਕਾਬਲਾ ਸ਼ਾਇਦ ਕਿਸੇ ਕਿਲ੍ਹੇ ਵਿਚਲਾ ਭੋਰਾ ਨਾ ਕਰ ਸਕੇ, ਸਗੋਂ ਇਸ ਹੁਕਮ ਦੀ ਸੀਮਾ ਵਾਲੇ ਭੋਰੇ ਵਿਚ ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਤਲੇ ਸਵਾਸ ਤਕ ਹੀ ਨਿਵਾਸ ਰਖਦੇ ਰਹੇ।"

—ਸ੍ਰੀ ਆਤਮਾ ਸਿੰਘ ਸਨਖਤ੍ਰਵੀ ਦੇ ਲੇਖ 'ਬਿਅੰਤ ਪ੍ਰਗਤੀਆਂ ਦੇ ਸੁਆਮੀ' ਵਿਚੋਂ

**ਨੂਰ-ਭਰੀ ਦਿੱਖ**

ਚੁਸਤ ਅਤੇ ਬਲਵਾਨ ਸਰੀਰ ਅਤੇ ਆਕਰਸ਼ਕ ਨੂਰ ਭਰੀ ਸ਼ਖ਼ਸੀਅਤ ਵਾਲੇ ਵੱਡੇ ਬਾਬਾ ਜੀ, ਆਪਣੀ ਯੁਵਾ-ਅਵਸਥਾ ਵਿਚ ਵੇਖਣ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਰਗੀ ਦਿੱਖ ਅਤੇ ਸ਼ਕਲ-ਸੂਰਤ ਵਾਲੇ ਨਜ਼ਰ ਆਉਣ ਲੱਗੇ।

ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਭੈਣੀ ਸਾਹਿਬ ਵਿਖੇ ਰਾਮਸਰ ਕੋਠੀ ਵਿਚ ਬੈਠੇ ਸਨ। ਮਹੰਤ ਪ੍ਰਤਾਪ ਸਿੰਘ ਪਿੰਡ ਸੈਦੋ ਜ਼ਿਲ੍ਹਾ ਮੋਗਾ ਵਾਲੇ, ਜੋ ਕਿ ਸ੍ਰੀ ਭੈਣੀ ਸਾਹਿਬ ਹੀ ਰਹਿੰਦੇ ਸਨ, ਆਪ ਕੋਲ ਬੈਠੇ ਸਨ। ਇਨ੍ਹਾਂ ਮਹੰਤ ਪ੍ਰਤਾਪ ਸਿੰਘ ਸੈਦੋ ਵਾਲਿਆਂ ਬਾਰੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ ਸਨ,

"ਬੜਾ ਪੰਥ ਦਾ ਹਿਤੀ ਤੇ ਦਲੇਰ ਪੁਰਸ਼ ਸੀ। ਬਟਵਾਰੇ ਸਮੇਂ ਅਮਰਾਸਰ ਵੜੇ ਕੋਈ ਨਾ ਟਿਕਦਾ ਸੀ, ਉਹ ਕੁਝ ਸਰੀਰਾਂ ਸਮੇਤ ਰਿਹਾ ਸੀ, ਅਜਿਹੇ ਵਿਰਲੇ ਹੁੰਦੇ ਹਨ।

—ਜੱਸ ਜੀਵਨ ਭਾਗ ੫ ਪੰਨਾ ੧੮੨

ਵੱਡੇ ਬਾਬਾ ਜੀ ਆਏ ਤੇ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਵਾਪਸ ਚਲੇ ਗਏ। ਜਦੋਂ ਵਾਪਸ ਜਾ ਰਹੇ ਸਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ,

"ਵੇਖ ਮਹੰਤਾ, ਮੇਰੇ ਤੇ ਕਾਕੇ ਵਿਚ ਹੈ ਕੋਈ ਅੰਤਰ, ਇਹਨਾਂ ਦਾ ਚਿਹਨ ਚੱਕਰ ਮੇਰੇ ਵਰਗਾ ਹੈ।"

"ਸੱਚੇ ਪਾਤਸ਼ਾਹ ਜੀ ਬਿਲਕੁਲ ਸਤਿ ਹੈ" ਮਹੰਤ ਜੀ ਅਰਜ਼ ਕੀਤੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਹ ਬਚਨ ਮੈਨੂੰ (ਲੇਖਿਕਾ ਸੂਬਾ ਸੁਰਿੰਦਰ ਕੌਰ ਨੂੰ) ਮਹੰਤ ਪ੍ਰਤਾਪ ਸਿੰਘ ਦੇ ਭਤੀਜੇ ਸਵਰਗੀ ਸੰਤ ਜੈ ਸਿੰਘ ਸੈਦੋ ਵਾਲਿਆਂ ਨੇ ਦੱਸੇ। ਸੰਤ ਜੈ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਕਤ ਵਾਹੀ ਦੀ, ਉਗਰਾਹੀ ਦੀ ਅਤੇ ਪਾਠਾਂ ਦੀ ਸੇਵਾ ਕਰਦੇ ਰਹੇ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਕਤ, ਸ੍ਰੀ ਜੀਵਨ ਨਗਰ ਵਿਖੇ ਕਈ ਸਾਲ ਹੱਟੀ 'ਤੇ ਸੇਵਾ ਕਰਦੇ ਰਹੇ। ਸੰਤ ਜੈ ਸਿੰਘ ਦੀ ਇੱਛਾ ਸੀ 'ਮਰਉ ਤ ਹਰਿ ਕੈ ਦੁਆਰ'। 23 ਫਰਵਰੀ 1995 ਨੂੰ ਆਪ ਇਸੇ ਇੱਛਾ ਅਨੁਸਾਰ ਚੜ੍ਹਾਈ ਕੀਤੇ। ਉਸ ਦਿਨ ਪਿੰਡ ਅੰਮ੍ਰਿਤਸਰ ਕਲਾਂ ਜ਼ਿਲ੍ਹਾ ਸਰਸਾ ਵਿਖੇ ਸੰਤ ਜੈ ਸਿੰਘ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਗਏ। ਮੱਥਾ ਟੇਕਣ ਉਪਰੰਤ ਆਪ ਨੇ ਸੁਆਸ ਤਿਆਗ ਦਿਤੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵੱਡੇ ਬਾਬਾ ਜੀ ਬਾਰੇ ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ:

"ਸਤਿਗੁਰੂ ਜੀ (ਸਤਿਗੁਰੂ ਪ੍ਰਤਾਪ ਸਿੰਘ ਜੀ) ਤੇ ਬਾਬਾ ਜੀ ਵੱਡੇ ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਵਿਚ ਸਾਥ ਹੋ ਸ਼ਬਦ ਪੜ੍ਹਦੇ। ਸਫੈਦ ਬਸਤਰ ਹੰਸ ਦੀ ਚੋਟੀ ਤਰ੍ਹਾਂ ਗੋਲ ਸਿੱਧੇ ਦਸਤਾਰੇ, ਗਲੀਂ ਰੁਮਾਲੀਆਂ ਪਾਈ ਪਾਠਾਂ ਦੇ ਭੋਗਾਂ ਵਿਚ ਹੱਥ ਜੋੜ ਖੜ੍ਹੋਂਦੇ। ਮੁਖ 'ਤੇ ਠੰਡੀ ਦੇ ਦਾਗ, ਸਰਲ ਦਾੜ੍ਹੇ, ਉਚੇਚੇ ਸਵਾਰੇ ਮੁਛਹਿਰੇ, ਸੁੰਦਰਤਾ, ਸੁਚੱਜਤਾ ਤੇ ਸਰੂਪ ਉਪਮਾ ਅਨੂਪ ਸੋਹੰਦੇ। ਘੰਟਾ ਨਾਮ-ਸਿਮਰਨ, ਕੀਰਤਨ ਕਥਾ, ਪਾਠਾਂ ਤੋਂ ਉੱਪਰ ਆਪਣਾ ਗੁਰਬਾਣੀ ਦਾ ਨੇਮ, ਚੰਡੀ ਦੀ ਵਾਰ, ਉਗ੍ਰਦੰਤੀ, ਆਸਾ ਦੀ ਵਾਰ, ਸੂਰਜ ਉੱਗਣ ਤੋਂ ਪਹਿਲੋਂ ਕਰਦੇ। ਜਪੁ-ਜਾਪ, ਛੱਕੇ, ਸੁਖਮਨੀ, ਅਨੰਦ ਸਾਰਾ ਤੇ ਭਗਉਤੀ ਦਾ ਮਾਲਾ ਬਾਅਦ ਕਰਦੇ...!"

—ਜੱਸ ਜੀਵਨ ਭਾਗ ਪੰਜਵਾਂ ਪੰਨਾ ੧੧੩

ਸ੍ਰੀ ਗੁਰਦੇਵ ਸਿੰਘ ਰਾਮਪੁਰ ਦੇ ਦੱਸਣ ਮੁਤਾਬਕ,

"ਵੱਡੇ ਬਾਬਾ ਜੀ ਦਾ ਚਿਹਰਾ ਇਤਨਾ ਸੁੰਦਰ ਸੀ ਕਿ ਮਿਸਾਲ ਨਹੀਂ ਦਿਤੀ ਜਾ ਸਕਦੀ, ਬਹੁਤ ਖ਼ੂਬਸੂਰਤ ਅਤੇ ਤੇਜ ਭਰਿਆ ਚਿਹਰਾ ਸੀ ਅਤੇ ਜਿਸਮ ਵੀ ਬਹੁਤ ਸ਼ਾਨਦਾਰ ਤੇ ਸੋਹਣਾ ਫਬਵਾਂ ਸੀ। ਮਾਤਾ ਨਿਕਲਣ ਤੋਂ ਬਾਅਦ ਆਪ ਜੀ ਦੇ ਚਿਹਰੇ ਦੀ ਦਿੱਖ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਿਹਰੇ ਵਾਂਗ ਹੋ ਗਈ ਤੇ ਹੁਣ ਦੀ ਅਵਸਥਾ ਵਿਚ ਤਾਂ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੂਬਹੂ ਆਪਣੇ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਰਗੇ ਲਗਦੇ ਹਨ।"

## ਹੱਥੀਂ ਕੰਮ ਕਰਨੇ, ਸੇਵਾ ਕਰਨੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੱਡੇ ਬਾਬਾ ਜੀ ਨੂੰ ਦਾਲਾ-ਭਾਜਾ ਬਨਾਉਣ, ਪ੍ਰਸ਼ਾਦੇ ਪਕਾਉਣ, ਭਾਂਡੇ ਮਾਂਜਣ ਤੇ ਝਾੜੂ ਫੇਰਨ ਤੋਂ ਇਲਾਵਾ ਘੋੜੇ ਨੂੰ ਕਾਠੀ ਪਾਉਣ ਤੋਂ ਲੈ ਕੇ ਸਵਾਰੀ ਕਰਨ ਤੀਕ ਦੇ ਸਾਰੇ ਕੰਮ ਖ਼ੁਦ ਸਿਖਾਏ। ਆਪ ਹੁਕਮ ਕਰਦੇ ਸਨ ਕਿ ਹਰ ਕੰਮ ਸਿੱਖਣਾ ਚਾਹੀਦਾ ਹੈ। ਇੰਜ ਸਕੂਲੀ ਵਿੱਦਿਆ ਦੇ ਨਾਲ-ਨਾਲ ਸ੍ਰੀ ਸਤਿਗੁਰੂ ਜੀ ਨੇ ਵੱਡੇ ਬਾਬਾ ਜੀ ਨੂੰ ਸਾਧ ਸੰਗਤ ਦੀ ਸੇਵਾ ਕਰਨ ਅਤੇ ਹੋਰ ਰੋਜ਼ਾਨਾ ਲੋੜੀਂਦੇ ਵਿਹਾਰਾਂ ਦੀ ਸਿੱਖਿਆ ਦੇਣ ਵਲ ਵੀ ਉਚੇਚਾ ਧਿਆਨ ਦਿੱਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਦਾ ਜ਼ਿਕਰ ਕਰਦਿਆਂ, ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇੰਜ ਫਰਮਾਉਂਦੇ ਹਨ:

"ਦੁਨਿਆਵੀ ਸੁਖ ਬਹੁਤ ਸਨ, ਕਿਸੇ ਗੱਲ ਦੀ ਕਮੀ ਨਹੀਂ ਸੀ, ਲੇਕਿਨ ਸਤਿਗੁਰੂ ਜੀ ਨੇ ਮੈਨੂੰ ਐਸਾ ਬਣਾ ਦਿਤਾ ਕਿ ਗਊ ਦਾ ਦੁੱਧ ਆਪਣੇ ਹਥੀਂ ਚੋਣਾ, ਗਊ ਨੂੰ ਚਾਰਾ ਆਪਣੇ ਹੱਥੀਂ ਦੇਣਾ, ਦਵਾਈ ਆਪ ਦੇਣੀ, ਚਾਰਾ ਕੱਟ ਕੇ ਲਿਆਉਣਾ, ਆਪਣੇ ਕੱਪੜੇ ਆਪਣੇ ਹੱਥੀਂ ਧੋਣੇ, ਆਪਣਾ ਬਿਸਤਰਾ ਆਪ ਵਿਛਾਉਣਾ, ਘੋੜੇ ਦੀ ਸਵਾਰੀ ਕਰਨੀ, ਅਪੋਲੋ ਖੇਡਣੀ, ਸਭ ਸਤਿਗੁਰੂ

ਜੀ ਨੇ ਮੈਨੂੰ ਸਿਖਾਇਆ। ਘੋੜੇ ਨੂੰ ਟਾਂਗੇ ਨਾਲ ਜੋੜਨਾ ਸਭ ਮੈਥੋਂ ਹੱਥੀਂ ਕਰਵਾਇਆ। ਮਿਸ਼ਰੀ ਬਨਾਉਣੀ, ਪਤਾਸੇ ਬਨਾਉਣੇ, ਸਤਿਗੁਰੂ ਜੀ ਨੇ ਮੈਨੂੰ ਆਪ ਸਿਖਾਏ। ਦੌੜਨਾ, ਕੁਸ਼ਤੀ ਕਰਨੀ, ਛਲਾਂਗ ਲਗਾਉਣੀ, ਰਾਗ ਵਿਦਿਆ, ਸੰਸਕ੍ਰਿਤ ਆਦਿ, ਸ੍ਰੀ ਸਤਿਗੁਰੂ ਜੀ ਨੇ ਸਿਖਾਈ। ਸਕੂਲ ਦੇ ਛੇ-ਸੱਤ ਲੜਕਿਆਂ ਨਾਲ ਅਸੀਂ ਰਹਿੰਦੇ ਸਾਂ। ਸਤਿਗੁਰੂ ਜੀ ਨੇ ਸਾਨੂੰ ਖੱਡੀ ਉੱਤੇ ਕੱਪੜਾ ਬਨਾਉਣ ਦੀ ਜਾਚ ਸਿਖਾਈ। ਬਹੁਤ ਅੱਛੀ ਤਰ੍ਹਾਂ ਅਸੀਂ ਕੱਪੜਾ ਬਣਾ ਲੈਂਦੇ ਸਾਂ। ਇਕ ਵਾਰ ਕੱਪੜਾ (ਖਾਕੀ ਟਾਸਾ) ਐਸਾ ਬਣਿਆ ਕਿ ਸੱਤ ਸਾਲ ਅਸੀਂ ਪਹਿਨਦੇ ਰਹੇ, ਫਟਿਆ ਨਹੀਂ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਦਿੱਤੀ ਸਿੱਖਿਆ ਅਨੁਸਾਰ, ਅਨੇਕ ਸੇਵਕਾਂ ਦੇ ਹੁੰਦਿਆਂ, ਵੱਡੇ ਬਾਬਾ ਜੀ, ਆਪਣੇ ਸਾਰੇ ਕੰਮ ਆਪਣੇ ਹੱਥੀਂ ਕਰਨ ਤੋਂ ਇਲਾਵਾ ਸਾਧ-ਸੰਗਤ ਵਿਚ ਆ ਕੇ ਵੀ ਸੇਵਾ ਕਰਦੇ ਰਹੇ। ਵੱਡੇ ਬਾਬਾ ਜੀ ਸਾਰੀ ਸਾਧ-ਸੰਗਤ ਦਾ ਭਲਾ ਲੋੜਦੇ ਅਤੇ ਸਭਨਾਂ ਦੇ ਦੁੱਖ-ਸੁਖ ਦਾ ਧਿਆਨ ਰੱਖਦੇ। ਸਾਧ-ਸੰਗਤ ਵੀ ਵੱਡੇ ਬਾਬਾ ਜੀ ਦਾ ਬਹੁਤ ਸਤਿਕਾਰ ਕਰਦੀ, ਸਾਰੇ ਆਪ ਜੀ ਦੇ ਹੁਕਮ ਖਿੜੇ ਮੱਥੇ ਮੰਨਦੇ।

### ਡੇਰੇ ਦੇ ਪ੍ਰਬੰਧ 'ਚ ਸਹਿਯੋਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਵਿਦਿਆਲੇ ਵਿਖੇ ਵਿਦਿਆ-ਪ੍ਰਾਪਤੀ ਉਪ੍ਰੰਤ, ਵੱਡੇ ਬਾਬਾ ਜੀ, ਡੇਰੇ ਦੇ ਪ੍ਰਬੰਧ ਵਿਚ ਸਹਿਯੋਗ ਵੀ ਦਿੰਦੇ। ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ,

"ਦਸਤਖ਼ਤ ਰਸਤ ਖਰਚ ਜੋਗ ਇੰਸ ਸਮੇਂ ਬਾਬੇ ਜਗਜੀਤ ਸਿੰਘ ਦੇ ਚਲਦੇ ਸੀ ਤੇ ਬਾਬਾ ਬੀਰ ਸਿੰਘ ਨਾਲ ਵਡਿਆਂ ਦੇ ਸਾਥ ਦੇਂਦੇ।"

—ਜੱਸ ਜੀਵਨ ਭਾਗ ਤੀਜਾ ਪੰਨਾ ੧੯੦

ਇਸੇ ਤਰ੍ਹਾਂ ਇਕ ਵਾਰ ਬਰਾਜ ਨੂੰ ਤੁਰਨ ਲਗਿਆ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਡੇਰੇ ਦਾ ਪ੍ਰਬੰਧ ਬਾਬਾ ਜਗਜੀਤ ਸਿੰਘ ਜੀ ਦੇ ਸਪੁਰਦ ਕਰਦਿਆਂ ਬਚਨ ਕੀਤਾ,

"ਸਭ ਸੰਗਤ ਕਾਕੇ ਦੇ ਕਹੇ ਵਿਚ ਚਲੇ"

—ਜੱਸ ਜੀਵਨ ਭਾਗ ਤੀਜਾ ਪੰਨਾ ੧੯੨

### ਤਪੱਸਵੀ

ਵੱਡੇ ਬਾਬਾ ਜੀ ਆਪਣੀ ਯੁਵਾ-ਅਵਸਥਾ ਵਿਚ ਗੁਪਤ ਰੂਪ ਵਿਚ ਕਠਿਨ ਤਪ, ਭਜਨ-ਸਿਮਰਨ ਕਰਦੇ ਰਹੇ। ਇਸ ਦਾ ਜ਼ਿਕਰ ਵੇਰਵੇ ਨਾਲ 'ਨਾਮ ਸਿਮਰਨ ਦਾ ਪ੍ਰਵਾਹ' (ਚੈਪਟਰ) ਵਿਚ ਆਵੇਗਾ ਕਿ ਕਿਵੇਂ ਆਪ ਸ੍ਰੀ ਜੀਵਨ ਨਗਰ ਵਿਖੇ ਗੁਰ ਪ੍ਰਤਾਪ ਸਰੋਵਰ ਵਿਚ ਅਤੇ ਸ੍ਰੀ ਭੈਣੀ ਸਾਹਿਬ ਵਿਖੇ ਕਰੁੰਡੇ ਦੇ ਦਰਖਤ ਥੱਲੇ, ਗੁਪਤ ਰੂਪ ਵਿਚ ਤਪੱਸਿਆ ਕਰਦੇ ਰਹੇ।

ਸੁੱਚ, ਸੋਧ, ਮਰਿਯਾਦਾ, ਪਵਿੱਤਰਤਾ ਤੇ ਸਾਦਗੀ ਦੀ ਸਾਖਿਆਤ ਮੂਰਤ, ਵੱਡੇ ਬਾਬਾ ਜੀ ਬਾਰੇ ਆਪ ਜੀ ਦੇ ਸਹਿਪਾਠੀ ਤੇ ਦੋਸਤ ਸੰਤ ਕੁੰਦਨ ਸਿੰਘ ਨਕਈ ਦੱਸਦੇ ਹਨ, "ਮੈਂ ਤਾਂ ਇਨ੍ਹਾਂ ਨੂੰ ਹਮੇਸ਼ਾ ਸੋਧ ਵਿਚ ਹੀ ਵੇਖਿਆ ਹੈ, ਸਾਰੀ ਉਮਰ ਸੋਧ ਵਿਚ ਹੀ ਰਹੇ ਹਨ।"

ਸ੍ਰੀ ਆਤਮਾ ਸਿੰਘ ਸਨਖਤ੍ਰਵੀ ਅਨੁਸਾਰ ਵੱਡੇ ਬਾਬਾ ਜੀ ਦਾ ਸ੍ਰੀ ਭੈਣੀ ਸਾਹਿਬ ਨਿਵਾਸ ਸਮੇਂ ਦਾ ਜੀਵਨ ਇਕ ਭੋਰੇ ਦਾ ਤਪੱਸਵੀ ਜੀਵਨ ਰਿਹਾ ਹੈ।

ਸ੍ਰੀ ਪ੍ਰੀਤਮ ਸਿੰਘ ਪੰਛੀ ਆਪਣੇ ਲੇਖ 'ਕੀਲ ਲੈਣ ਵਾਲੀ ਮੁਸਕਰਾਹਟ' ਵਿਚ ਲਿਖਦੇ ਹਨ, "ਬਚਪਨ ਨੂੰ ਛੱਡ ਕੇ ਅਸੀਂ ਜ਼ਿੰਦਗੀ ਦੇ ਵਿਸ਼ਾਲ ਖੇਤਰ ਵਿਚ ਕੁੱਦਣ ਲਈ ਜਦੋਂ ਬਹੁਤ ਕੁਝ ਪੁਰਾਣਾ ਛੱਡ ਕੇ ਅਤੇ ਨਵਾਂ ਕੁਝ ਗ੍ਰਹਿਣ ਕਰਕੇ ਜ਼ਿੰਦਗੀ ਦੇ ਦੌਰਾਹੇ ਉਤੇ ਆ ਕੇ ਖਲੋਤੇ ਤਾਂ ਬੇਅੰਤ ਜੀ (ਭਵਿੱਖ ਦੇ ਸਤਿਗੁਰੂ ਜਗਜੀਤ ਸਿੰਘ) ਦੀ ਉਭਰਦੀ ਸ਼ਖ਼ਸੀਅਤ ਵਿਚੋਂ ਸਾਨੂੰ ਹੋਰ ਵੀ ਚੀਕਨੇ ਚੀਕਨੇ ਪਾਤ ਦਿਖਾਈ ਦੇਣ ਲੱਗੇ।"

## ਅਲੌਕਿਕ ਸ਼ਕਤੀਆਂ ਦੇ ਮਾਲਕ

ਐਸ ਵੇਲੇ ਕਰੀਬ 90 ਸਾਲ ਦੀ ਉਮਰ ਦੇ ਉੱਘੇ ਇਤਿਹਾਸਕਾਰ ਸ. ਨਾਹਰ ਸਿੰਘ ਐਮ.ਏ. ਚੰਡੀਗੜ੍ਹ ਵਿਖੇ ਨਿਵਾਸ ਰੱਖਦੇ ਹਨ। ਸ੍. ਨਾਹਰ ਸਿੰਘ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਕਤ ਵਿਚ, ਡਾਕੂਮੈਂਟਸ ਦੇ ਆਧਾਰ 'ਤੇ ਬੜੀ ਖੋਜ ਕਰ ਕੇ ਨਾਮਧਾਰੀ ਇਤਿਹਾਸ ਬਾਰੇ ਅਨੇਕ ਪੁਸਤਕਾਂ ਲਿਖੀਆਂ ਹਨ। ਸ੍. ਨਾਹਰ ਸਿੰਘ ਨੇ ਮੈਨੂੰ ਚੰਡੀਗੜ੍ਹ ਆਪਣੇ ਘਰ ਵਿਖੇ 30 ਅਪ੍ਰੈਲ ਸੰਨ 1996 ਨੂੰ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਵੱਡੇ ਬਾਬਾ ਜੀ ਦੀਆਂ ਅਲੌਕਿਕ ਤੇ ਅਸਧਾਰਣ ਸ਼ਕਤੀਆਂ ਬਾਰੇ ਕੀਤੇ ਬਚਨਾਂ ਬਾਰੇ ਇਉਂ ਦੱਸਿਆ:

"ਚਿੱਤਰ ਗੁਪਤ ਰੋਡ ਦਿੱਲੀ ਵਿਖੇ ਸ. ਸੁੱਚਾ ਸਿੰਘ, (ਜਿਹੜੇ ਉਦੋਂ ਡਿਫੈਂਸ ਡਿਪਾਰਟਮੈਂਟ ਵਿਚ ਅਸਿਸਟੈਂਟ ਹੁੰਦੇ ਸਨ), ਦੇ ਘਰ ਦੀ ਸੰਨ 1954 ਦੀ ਗੱਲ ਹੈ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉਥੇ ਸਨ। ਮੈਂ ਵੀ ਕੋਲ ਸਾਂ, ਮੈਂ ਗੱਲਾਂ ਕਰਦਿਆਂ ਕਰਦਿਆਂ, ਸਤਿਗੁਰਾਂ ਨੂੰ ਅਰਜ਼ ਕਰ ਪੁੱਛਿਆ, 'ਸਤਿਗੁਰੂ ਜੀ, ਗੱਲ ਇਹ ਹੈ ਬਈ ਹੁਣ ਤੀਕ ਤੁਸੀਂ ਤਾਂ ਦੁੱਖ ਹੀ ਝੱਲਦੇ ਰਹੇ ਹੋ', ਮੈਨੂੰ ਪਤਾ ਹੈ ਬਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬੜੇ ਦੁੱਖਾਂ ਥਾਈਂ ਲੰਘਣਾ ਪਿਆ। ਬਾਬਾ ਜਗਜੀਤ ਸਿੰਘ ਪਰ੍ਹੇ ਬੈਠੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ:

'ਨਾਹਰ ਸਿਆਂ, ਇਹ ਜਿਹੜਾ ਵੱਡਾ ਕਾਕਾ ਹੈ, ਇਹਦਾ ਜੋ ਵੀ ਪੂਰਬਲਾ ਕਰਮ ਹੈ, ਇਹ ਬੜੀ ਅਜੀਬ ਜਿਹੀ Personality (ਸ਼ਖ਼ਸੀਅਤ) ਸਾਡੇ ਘਰ ਪੈਦਾ ਹੋਇਆ ਹੈ।'

'ਜੀ ਉਹ ਕਿਵੇਂ?' ਮੈਂ ਪੁੱਛਿਆ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਬਚਨ ਕੀਤੇ:

"ਰਿੱਧੀ ਸਿੱਧੀ ਤਾਂ ਕਮਾਈ ਜਾ ਸਕਦੀ ਹੈ। ਇਹ ਆਮ ਵਿਅਕਤੀ ਵੀ ਕਮਾ ਸਕਦਾ ਹੈ। ਲੇਕਿਨ ਜਿਹੜੀਆਂ ਸ਼ਕਤੀਆਂ ਹੁੰਦੀਆਂ ਹਨ, ਉਹ ਪੂਰਬਲੇ ਕਰਮਾਂ ਨਾਲ ਪ੍ਰਮਾਤਮਾ ਦੁਆਰਾ ਬਖ਼ਸ਼ੀਆਂ ਹੁੰਦੀਆਂ ਹਨ। ਸ਼ਕਤੀ ਬਣਾਈ ਨਹੀਂ ਜਾ ਸਕਦੀ। ਵੱਡਾ ਕਾਕਾ ਚੇਤੰਨ ਚਿਤਵਨ ਸ਼ਕਤੀ ਦਾ ਮਾਲਕ ਹੈ। ਇਹ ਸ਼ਕਤੀ ਆਮ ਤੌਰ 'ਤੇ ਕਿਸੇ ਵਿਚ ਨਹੀਂ ਹੁੰਦੀ। ਇਹ ਸ਼ਕਤੀ ਅੰਧ ਹੁੰਦੀ ਹੈ। ਚੇਤੰਨ ਚਿਤਵਨ ਸ਼ਕਤੀ ਕੁਦਰਤੀ ਜਨਮ ਨਾਲ ਹੁੰਦੀ ਹੈ। ਪ੍ਰਮਾਤਮਾ ਦੁਆਰਾ ਬਖ਼ਸ਼ੀ ਹੁੰਦੀ ਹੈ। ਰਿੱਧੀ ਸਿੱਧੀ ਇਹਦੇ ਸਾਹਮਣੇ ਕੋਈ ਚੀਜ਼ ਨਹੀਂ ਹੈ, ਇਹ ਤਾਂ ਕਮਾਈਆਂ ਜਾ ਸਕਦੀਆਂ ਹਨ। ਵੱਡਾ ਕਾਕਾ ਸਾਰੀਆਂ ਚੀਜ਼ਾਂ ਨਵੀਆਂ ਕਰੇਗਾ, ਅਸੀਂ ਤਾਂ ਛੱਪਰਾਂ 'ਚ ਹੀ ਕੱਟ ਗਏ ਹਾਂ, ਇਹ ਤਾਂ ਸਭ ਕੁਝ ਹੀ ਬਦਲਾ ਦੇਵੇਗਾ।"

ਸ. ਨਾਹਰ ਸਿੰਘ ਦੀ 14 ਦਸਬੰਰ 1996 ਦੀ ਲਿਖਤ ਅਨੁਸਾਰ:

"ੴ

ਸਤਿਗੁਰ ਪ੍ਰਸਾਦਿ

ਸੰਨ ੧੯੫੪ ਈਸਵੀ ਦੀ ਗੱਲ ਹੈ, ਚਿੱਤਰਗੁਪਤ ਰੋਡ ਦਿੱਲੀ, ਸ. ਸੁੱਚਾ ਸਿੰਘ ਦੇ ਘਰ ਦੇ ਨਾਲ ਦੀਵਾਨ ਸਜਿਆ ਸੀ, ਉਸ ਦੌਰਾਨ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਸ ਅਸੀਂ ਕਈ ਬੰਦੇ ਬੈਠੇ ਸਾਂ, ਤਦ ਸਤਿਗੁਰਾਂ, ਮਹਾਰਾਜ ਜਗਜੀਤ ਸਿੰਘ ਜੀ ਨੂੰ ਦੀਵਾਨ ਵਿਚੋਂ ਉਠ ਕੇ ਜਾਂਦਿਆਂ ਦੇਖ ਕੇ ਆਪਣੇ ਮੁਖ਼ਾਰਬਿੰਦ ਤੋਂ ਇਹ ਬਚਨ ਮੈਨੂੰ ਦੱਸਦਿਆਂ ਹੋਏ, ਫਰਮਾਏ ਸਨ:

"ਭਾਈ ਨਾਹਰ ਸਿੰਘ ਜੀ, ਵੱਡਾ ਕਾਕਾ ਇਨਸਾਨ ਹੀ ਨਹੀਂ, ਸਗੋਂ ਕਲਾਧਾਰੀ ਚਿੰਤਨਵਾਨ ਹੈ। ਸਾਡੇ ਪਾਸ ਤਾਂ ਸਿਰਫ ਰੱਬ ਦਾ ਦਿੱਤਾ ਹੋਇਆ ਵਰ ਅਤੇ ਸਰਾਪ ਹੀ ਹੈ, ਪਰ ਇਹ ਕਾਕਾ ਅਲੌਕਿਕ ਸ਼ਕਤੀਆਂ ਦਾ ਮਾਲਕ ਹੈ। ਇਹਦੇ ਸਮੇਂ ਸਿੱਖੀ ਬਹੁਤ ਵਧੇਗੀ।"

ਉਸ ਸਮੇਂ ਮਹਾਰਾਜ ਬੀਰ ਸਿੰਘ ਜੀ ਭੀ ਸਾਡੇ ਕੋਲ ਉਥੇ ਬੈਠੇ ਹੋਏ ਸਨ। ਜਦੋਂ ਸਿੱਖਾਂ ਨੇ ਦੱਸਿਆ ਕਿ ਭੈਣੀ ਸਾਹਿਬ ਦਰਵਾਜ਼ੇ ਦੇ ਨਾਲ ਲਗਦੀ ਜਗ੍ਹਾ ਨੂੰ ਪੱਕਾ ਕਰਵਾ ਆਏ ਹਨ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਰਮਾਇਆ,

"ਕਾਕੇ (ਵੱਡੇ) ਨੇ ਬਹੁਤ ਕਾਹਲੀ ਕੀਤੀ ਹੈ। ਜੋ ਅਸੀਂ ਉਥੇ ਤਿੰਨ ਪੁਸ਼ਤਾਂ ਤੋਂ ਨਹੀਂ ਕੀਤਾ, ਇਹਦੇ ਸਮੇਂ ਸਾਰਾ ਭੈਣੀ ਸਾਹਿਬ ਪੱਕਾ ਹੋ ਜਾਵੇਗਾ।"

'ਚਿੰਤਨਵਾਨ' ਬਾਰੇ ਅਰਥ ਪੁੱਛਣ 'ਤੇ ਆਪ ਨੇ ਫਰਮਾਇਆ ਕਿ 'ਚਿੰਤਨਵਾਨ' ਜੋ ਕੁਝ ਭੀ ਚਿਤਵੇਗਾ ਅਤੇ ਤੁਰੇ ਜਾਂਦੇ ਕਿਸੇ ਵੱਲ ਹੱਥ ਦਾ ਇਸ਼ਾਰਾ ਵੀ ਕਰ ਦੇਵੇਗਾ, ਉਹ ਪੂਰਾ ਹੋ ਜਾਇਆ ਕਰੇਗਾ।"

ਨਾਹਰ ਸਿੰਘ

੧੪ ਦਸੰਬਰ, ੧੯੯੬

ਮਾਨਸਿਕ ਨਿਰਾਸ਼ਤਾ ਦਾ ਨਤੀਜਾ ਹੈ.
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]

ਨਾਨਕ ਸਿੰਘ
[illegible]

੧ੴ ਸਤਿਗੁਰਪ੍ਰਸਾਦਿ

ਸ੍ਰੀ ੧ਪਿਤਾ ਜੀਆਂ ਦਾ ਕੱਠ ਹੈ।
(ਸ੍ਰੀ ਕਰਤਾਰਪੁਰ ਵੱਲ (ਪੱਕੀ) ਸ: ਸੁੰਦਰ ਸਿੰਘ ਦੇ
ਘਰ ਦੇ ਨਾਲ ਕੀਤਾ ਲਗਿਆ ਸੀ। ਉਸ ਵੇਲੇ
ਜਦੋਂ ਸਤਿਗੁਰੂ ਪਰਮ ਸਿੰਘ ਜੀ ਦੇ
ਪਾਸ ਆਈ ਤਾਂ ਘਟੇ ਸੈਰ ... ੩੨
ਸਤਿਗੁਰਾਂ ਨਾਨਕਨਾਥ ਗੁਰਪ੍ਰਤਾਪ ਸਿੰਘ ਜੀ
ਨੇ ਕੀਤਾ ਟੋਕੇ ਉਸਦੇ ਬਾਂਹਿਆ ਦੇਖਕੇ
ਆਪਣੇ ਨਾਮ ਰਖਿਆ ਤੇ (ਇਹ ਧੁਰਾ
ਜੀਤੂ ਦਸਵਿਆਂ ਜੈਂ ਰਹਨਾਦੇ ਸਨ"
"ਕਾਹੀ ਨਾਨਕ ਸਿੰਘ ਜੀ, ਦੇਵਾ ਕਾਦਾ
(ਇਹਨਾਂਮ ਦੀ ਨਾਮ; ਜਦੋਂ ਵੱਡੇਪਾਰ;
(ਕਰਿਸਾਨ" ਹੈ। "ਅਸੀਂ ਪਾਸ ਤੋਂ ਜਾਣਾ
ਰੱਖ ਦਾ ਇਹ ਲੁਟਿਆ ਦੇਰ ਸਾਡੇ
ਜਦਾਂ ਦੀ ਨ. ਪਰ ਕਰ ਕਾਰਾ

## ਸ਼ਾਂਤ ਸੁਭਾਅ

ਸ. ਨਾਹਰ ਸਿੰਘ ਦੱਸਦੇ ਹਨ, "ਮੇਰਾ ਆਪਣਾ ਤਜ਼ਰਬਾ ਹੈ ਕਿ ਜੇ ਇਹ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਤੁਰੇ ਤੁਰੇ ਜਾਂਦੇ, ਕਿਸੇ ਵੱਲ ਵੇਖ ਲੈਣ...ਜਾਂ ਸਹਿਜ ਸੁਭਾਅ ਵੀ ਜੇ ਮੂੰਹੋਂ ਕਿਸੇ ਨੂੰ ਕੋਈ ਬਚਨ ਕੱਢ ਦੇਣ ਤਾਂ ਉਹ ਪੂਰਾ ਹੋ ਜਾਂਦਾ ਹੈ। ਇਹ ਬਹੁਤ ਵੱਡੀ ਸ਼ਕਤੀ ਦੇ ਮਾਲਕ ਹਨ। ਇਹ ਕਿਸੇ ਨੂੰ ਵਰ ਜਾਂ ਸਰਾਪ ਨਹੀਂ ਦਿੰਦੇ ਚੁੱਪ ਰਹਿੰਦੇ ਹਨ, ਇਨ੍ਹਾਂ ਦੀ ਚੁੱਪ ਹੀ ਫੱਕੀਆਂ ਉਡਾ ਦਿੰਦੀ ਹੈ। ਇਹ ਤਾਂ ਕੇਰਾਂ ਐਨ ਸਿਰੇ 'ਤੇ ਲੈ ਗਏ ਹਨ। ਸਤਿਗੁਰੂ ਹਰੀ ਸਿੰਘ ਨੂੰ ਬੀਬੀ ਨੰਦਾ ਕਿੰਨੀਆਂ ਗਾਲ੍ਹਾਂ ਕੱਢਦੀ ਸੀ ਪਰ ਸਤਿਗੁਰੂ ਸ਼ਾਂਤ ਰਹਿੰਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵਾਂਗ ਸ਼ਾਂਤ ਰਹਿੰਦੇ ਹਨ। ਇਨ੍ਹਾਂ 'ਚ ਗੁੱਸਾ ਤਾਂ ਹੈ ਹੀ ਨਹੀਂ।"

ਕਵੀ ਪ੍ਰੀਤਮ ਸਿੰਘ ਆਪਣੀ ੨ ਨਵੰਬਰ ੧੯੫੧ ਦੀ ਡਾਇਰੀ ਵਿਚ ਲਿਖਦੇ ਹਨ,

"ਸ੍ਰ. ਕੇਹਰ ਸਿੰਘ ਮਾਨ ਨੇ, ਜਦੋ ਮੈਂ ਰਾਤ ਉਨ੍ਹਾਂ ਦੇ ਕਮਰੇ ਵਿਚ ਹੀ ਸੁੱਤਾ, ਮੈਨੂੰ ਦੱਸਿਆ : ਬਾਬਾ ਜੀ ਵੱਡੇ ਬਹੁਤ ਹੀ ਬੀਬੇ ਸੁਭਾਅ ਦੇ ਹਨ ਤੇ ਉਹਨਾਂ ਵਿਚ ਅੱਸੀ ਫੀਸਦੀ ਇਸਤਰੀ ਦੀ ਕੋਮਲਤਾ ਅਤੇ ਤਰਸ ਹੈ।"

—ਬੀਤੇ ਦੀਆਂ ਪੈੜਾਂ, ਭਾਗ ਪਹਿਲਾ ਪੰਨਾ ੨੭

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਖਿਮਾਸ਼ੀਲਤਾ ਤੇ ਸ਼ਾਂਤ ਸੁਭਾਅ ਨੂੰ ਵੇਖ ਕੇ ਹਜ਼ੂਰ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਦਾ ਅਵਤਾਰ ਹੀ ਮੰਨਿਆ ਜਾਂਦਾ ਹੈ। ਇਨ੍ਹਾਂ ਦੀ ਉਦਾਰਤਾ ਤੇ ਗਹਿਰਾਈ ਦਾ ਕੋਈ ਹੰਨਾ-ਬੰਨਾ ਨਹੀਂ।

## ਨਿਮਰ ਤੇ ਮਿਲਣਸਾਰ

ਵੱਡੇ ਬਾਬਾ ਜੀ ਨੇ ਕਦੇ ਸਾਹਿਬਜ਼ਾਦਾ ਹੋਣ ਦਾ ਹੰਕਾਰ ਨਹੀਂ ਕੀਤਾ। ਉਦਾਰਤਾ, ਨਿਮਰਤਾ ਅਤੇ ਸਹਿਨਸ਼ੀਲਤਾ ਵੱਡੇ ਬਾਬਾ ਜੀ ਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ ਰਹੇ। ਸਰਬੱਤ ਦਾ ਭਲਾ ਮੰਗਣ ਵਾਲੇ ਬਾਬਾ ਜਗਜੀਤ ਸਿੰਘ ਜੀ ਦੇ ਉਦਾਰ, ਹਮਦਰਦ, ਤੇ ਖੇੜ੍ਹੇ ਭਰੇ ਸੁਭਾਅ ਕਾਰਣ ਆਪ ਜੀ ਦੇ ਦੋਸਤ ਅਤੇ ਸੇਵਕ, ਆਪ ਜੀ ਦਾ ਹੁਕਮ ਮੰਨਣ ਅਤੇ ਸੇਵਾ ਕਰਨ ਵਿਚ ਮਾਣ ਮਹਿਸੂਸ ਕਰਦੇ। ਇਨ੍ਹਾਂ ਗੁਣਾਂ ਕਾਰਣ ਆਪ ਜੀ ਦੇ ਮਿੱਤਰ-ਮੰਡਲ ਦਾ ਘੇਰਾ ਚੌਰੇੜਾ ਹੋ ਗਿਆ। ਅੱਜ ਵੀ ਆਪ ਜੀ ਦੇ ਅਨੰਤ ਗੁਣਾਂ ਦਾ ਅਧਿਐਨ ਕਰਨ ਵਾਲਾ ਆਪ ਨੂੰ ਧੰਨ-ਧੰਨ ਆਖਦਾ ਹੈ।

ਵੱਡੇ ਬਾਬਾ ਜੀ ਦਾ ਸੁਭਾਅ ਸਦਾ ਮਿਲਣਸਾਰ ਰਿਹਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ,

ਸ. ਅਮਰ ਸਿੰਘ ਮਾਲੂਵਾਲ ਵਾਲੇ ਨਾਲ ਨਹੀਂ ਸਨ ਬੋਲਦੇ। ਹਜ਼ੂਰ ਨੇ ਵੱਡੇ ਬਾਬਾ ਜੀ ਨੂੰ ਹੁਕਮ ਕੀਤਾ,

"ਮੈਂ ਨਹੀਂ ਬੋਲਦਾ, ਤੂੰ ਜਾ ਆਇਆ ਕਰ, ਗੱਲ ਕਰਿਆ ਕਰ, ਮਿਲਿਆ ਕਰ ਤੂੰ।"

ਵੱਡੇ ਬਾਬਾ ਜੀ ਮਿਲ ਆਉਂਦੇ ਸਨ। ਬੀਬੀ ਸੰਤ ਕੌਰ ਦੱਸਦੇ ਹਨ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਡੇ ਬਾਬਾ ਜੀ ਬਾਰੇ ਬਚਨ ਕੀਤਾ ਕਰਦੇ ਸਨ:

"ਉਹ ਆਵਦਾ ਗੁਣ ਨਹੀਂ ਗਵਾਉਂਦਾ, ਸਭ ਨੂੰ ਮਿਲ ਆਉਂਦਾ ਹੈ।"

ਹੁਣ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਅਤੇ ਮਿਲਣ ਆਉਣ ਵਾਲੇ ਨੂੰ ਹਜ਼ੂਰ ਇਤਨੇ ਸਹਿਜ ਰੂਪ 'ਚ ਮਿਲਦੇ ਹਨ ਕਿ ਓਪਰਾਪਨ ਕਿਧਰੇ ਨੇੜੇ ਤੇੜੇ ਵੀ ਨਜ਼ਰ ਨਹੀਂ ਆਉਂਦਾ।

### ਦਾਨੀ ਤੇ ਉਦਾਰ

ਸ਼ੁਰੂ ਤੋਂ ਹੀ ਵੱਡੇ ਬਾਬਾ ਜੀ ਦਾ ਸੁਭਾਅ ਬਹੁਤ ਦਾਨੀ ਅਤੇ ਉਦਾਰਤਾ ਭਰਪੂਰ ਰਿਹਾ। ਆਪ ਜੀ ਦੀ ਉਦਾਰਤਾ ਬਾਰੇ ਮਸ਼ਹੂਰ ਹੈ ਕਿ ਜੇ ਮਾਇਆ ਦਾ ਢੇਰ ਲੱਗਾ ਹੋਵੇ ਤਾਂ ਆਪ ਉਸ ਨੂੰ ਸ਼ਾਮ ਤੀਕ ਲੋੜਵੰਦਾਂ ਵਿਚ ਵੰਡ ਕੇ ਕਹਿਣਗੇ, ਕੁਝ ਲੱਖ ਰੁਪਏ ਹੋਰ ਹੁੰਦੇ ਤਾਂ ਚੰਗਾ ਸੀ। ਵੱਡੇ ਬਾਬਾ ਜੀ ਦੇ ਉਦਾਰ ਸੁਭਾਅ ਬਾਰੇ ਸੰਤ ਤਰਨ ਸਿੰਘ ਵਹਿਮੀ 'ਜੱਸ ਜੀਵਨ' ਵਿਚ ਇਕ ਘਟਨਾ ਦਾ ਜ਼ਿਕਰ ਇਉਂ ਕਰਦੇ ਹਨ:

"ਫੌਜਾ ਸਿੰਘ ਗੱਲਾ ਵਰਤਾਣ ਦੇ ਹਿਸਾਬ ਦੇਣ, ਦਾਣਿਆਂ 'ਤੇ, ਗੀਗੇਵਾਲੀ ਜ਼ਿਲ੍ਹਾ ਸਿਆਲਕੋਟ ਦਾ ਸੀ ਤੇ ਕੱਪੜੇ ਦੇਣ 'ਤੇ ਮਾਸਟਰ ਬਲਵੰਤ ਸਿੰਘ ਸੀ। ਫੌਜਾ ਸਿੰਘ ਸਤਿਗੁਰੂ ਜੀ ਪਾਸ ਅਰਜ਼ ਕੀਤੀ, 'ਸਿੱਖ ਆਖਦੇ ਹਨ, ਮਾਸਟਰ ਆਪ ਵਲੋਂ ਹੁਕਮ ਹੋਏ ਤੋਂ ਭੀ ਹੱਥ ਘੁੱਟ ਕੱਪੜਾ ਦੇਂਦਾ ਏ। ਆਪ ਕਿਸੇ ਵੱਡੇ ਉਦਾਰ ਦਿਲ ਵਾਲੇ ਨੂੰ ਲਾਓ।' ਸਤਿਗੁਰੂ ਜੀ ਪੁੱਛਿਆ, 'ਤੂੰ ਈ ਦੱਸ ਕਿਸ ਨੂੰ ਲਾਵਾਂ?' ਉਸ ਕਿਹਾ 'ਵੱਡੇ ਬਾਬਾ ਜੀ ਨੂੰ।' ਸਤਿਗੁਰੂ ਜੀ ਵੱਡਿਆਂ ਨੂੰ ਕੱਪੜੇ ਦੇਣ 'ਤੇ ਲਾਇਆ। ਸਿੱਖਾਂ ਨੂੰ ਖੁੱਲ੍ਹਾ ਕੱਪੜਾ ਵਰਤਦਾ ਵੇਖ ਮਾਸਟਰ, ਸਤਿਗੁਰੂ ਜੀ ਪਾਸ ਅਰਜ਼ ਕੀਤੀ, 'ਇਸ ਤਰ੍ਹਾਂ ਵਰਤਿਆਂ ਮਤ ਥੋੜ੍ਹ ਆਵੇ। ਅੰਦਰ ਹੁਣ ਘੱਟ ਹੀ ਹੈ ਕੱਪੜਾ।' ਸਤਿਗੁਰੂ ਜੀ ਵੱਡਿਆਂ ਨੂੰ ਸੱਦ ਪੁੱਛਿਆ, 'ਕੱਪੜਾ ਕਮ ਹੀ ਹੈ, ਮਾਸਟਰ ਕਹਿੰਦਾ ਹੈ, ਸੰਕੋਚ ਵਰਤੋ।' ਬਾਬਾ ਜਗਜੀਤ ਸਿੰਘ ਜੀ ਕਿਹਾ, 'ਨਹੀਂ, ਸੱਚੇ ਪਾਤਸ਼ਾਹੋ, ਆਪ ਦੀ ਕਿਰਪਾ ਨਾਲ ਅਜੇ ਸੰਦੂਕ ਭਰੇ ਹੋਏ ਨੇ ਸੁੱਚਿਆਂ ਦੇ, ਸਿਆਮੋ ਆਂਦੇ ਸੀ।' ਸਤਿਗੁਰੂ ਜੀ ਮੁਸਕਰਾਏ ਤੇ ਕਿਹਾ, 'ਕਿਉਂ ਭਾਈ, ਜਾਪਦਾ ਏ ਇਹ ਸਾਡੇ ਗਲਾਂ ਦੇ ਭੀ ਵੰਡੇਗਾ।' ਤੇ ਕਿਹਾ, 'ਮਾਸਟਰ ਜੀ ਤੇਰੇ ਚੇਲੇ ਏਸ ਪੱਖੋਂ ਨਿੱਕੇ ਹੀ ਹਨ। ਤੇ ਇਹ ਮੇਰਾ ਸੁਭਾ ਹੀ ਵਰਤਦਾ ਹੈ', ਸੁਣ ਸਭ ਸੰਗਤ ਖੁਸ਼

ਹੋ ਹੱਸਣ ਲਗੀ ਤੇ ਕਿਹੋ ਨੇ, 'ਮੈਂ ਠੀਕ ਹੀ ਕਿਹਾ ਹੈ।"

### ਦਲੇਰ ਤੇ ਆਤਮ ਵਿਸ਼ਵਾਸੀ

ਨਿਡਰ, ਹਾਜ਼ਰਜੁਆਬ ਅਤੇ ਆਤਮ ਵਿਸ਼ਵਾਸੀ ਵੱਡੇ ਬਾਬਾ ਜੀ ਸਦਾ ਸੱਚਾਈ 'ਤੇ ਦਲੇਰੀ ਨਾਲ ਡਟੇ ਰਹਿੰਦੇ। ਆਪ ਅਨਿਆਂ ਜਾਂ ਗਲਤ ਗੱਲ ਅੱਗੇ ਕਦੇ ਨਾ ਝੁਕਦੇ। ਜੇ ਕਦੇ ਕੋਈ ਅਫਸਰ ਜਾਂ ਕੋਈ ਮੁਲਾਜ਼ਮ ਆਪਣੇ ਕੰਮ ਵਿਚ ਅਣਗਹਿਲੀ ਕਰ ਜਾਵੇ ਜਾਂ ਨਜ਼ਾਇਜ ਰੋਅਬ ਪਾਉਣ ਦੀ ਕੋਸ਼ਿਸ਼ ਕਰੇ ਤਾਂ ਵੱਡੇ ਬਾਬਾ ਜੀ ਫੌਰਨ ਉਸ ਦੀ ਗਲਤ ਗੱਲ ਵਿਰੁੱਧ ਕਾਰਵਾਈ ਕਰਦੇ।

ਆਪਣੀ ਧੁਨ ਦੇ ਪੱਕੇ, ਦੂਰ ਅੰਦੇਸ਼ ਤੇ ਦ੍ਰਿੜ ਵਿਸ਼ਵਾਸੀ ਵੱਡੇ ਬਾਬਾ ਜੀ ਜੋ ਵੀ ਕੰਮ ਕਰਨ ਦੀ ਠਾਨ ਲੈਂਦੇ, ਕਰ ਕੇ ਵਿਖਾਉਂਦੇ। ਜਿਸ ਕੰਮ ਦਾ ਜ਼ਿੰਮਾ ਲੈਂਦੇ, ਧਿਆਨ ਨਾਲ ਪੂਰਾ ਕਰਦੇ।

ਦੇਸ਼ ਦੀ ਵੰਡ ਅਰਥਾਤ ਪਾਕਿਸਤਾਨ ਬਣਨ ਤੋਂ ਪਹਿਲੋਂ ਦੀ ਗੱਲ ਹੈ, ਇਕ ਵਾਰ ਵੱਡੇ ਬਾਬਾ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਲਾਹੌਰ ਰੇਲਵੇ ਸਟੇਸ਼ਨ 'ਤੇ ਮੀਆਂ-ਮੀਰ ਛਾਉਣੀ ਵਿਖੇ ਰੇਲਗੱਡੀ 'ਤੇ ਆ ਰਹੇ ਸ. ਭਗਤ ਸਿੰਘ ਨੂੰ ਆਪਣੇ ਨਾਲ ਲਿਆਉਣ, ਸਾਈਕਲ 'ਤੇ ਗਏ। ਸ. ਭਗਤ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੇਸ ਵਾਲੇ ਘੋੜਿਆਂ ਦੇ ਯਾਕੀ ਅਰਥਾਤ ਘੋੜ ਸਵਾਰ (Gentleman Rider) ਸਨ।

ਵੱਡੇ ਬਾਬਾ ਜੀ ਰੇਲਵੇ ਸਟੇਸ਼ਨ ਦੇ ਪਲੇਟਫਾਰਮ 'ਤੇ ਸਾਈਕਲ ਚਲਾ ਕੇ ਲੈ ਗਏ। ਉਥੇ ਖੜੋਤੇ ਇਕ ਹੌਲਦਾਰ ਅਤੇ ਇਕ ਸਿਪਾਹੀ ਨੇ ਬੜੇ ਰੋਅਬ ਨਾਲ ਵੱਡੇ ਬਾਬਾ ਜੀ ਨੂੰ ਆਖਿਆ,

"ਤੁਸੀਂ ਇਥੇ ਸਾਈਕਲ ਕਿਉਂ ਚਲਾ ਕੇ ਲਿਆਏ ਹੋ? ਇਥੇ ਸਾਈਕਲ ਚਲਾਉਣ ਦਾ ਹੁਕਮ ਨਹੀਂ।"

"ਮੈਨੂੰ ਤਾਂ ਇਸ ਗੱਲ ਦਾ ਪਤਾ ਨਹੀਂ ਸੀ।" ਵੱਡੇ ਬਾਬਾ ਜੀ ਨੇ ਨਰਮੀ ਨਾਲ ਜਵਾਬ ਦਿੱਤਾ।

ਇਸ ਦੇ ਬਾਵਜੂਦ ਹੌਲਦਾਰ ਤੇ ਸਿਪਾਹੀ ਨੇ ਵੱਡੇ ਬਾਬਾ ਜੀ 'ਤੇ ਨਜ਼ਾਇਜ ਰੋਅਬ ਪਾਇਆ ਤੇ ਗਲਤ ਵਿਵਹਾਰ ਕਰਦਿਆਂ ਕਿਹਾ, "ਚੌਕੀ ਚੱਲੋ।"

ਵੱਡੇ ਬਾਬਾ ਜੀ ਉਸ ਵੇਲੇ ਤਾਂ ਚੁੱਪ ਕਰ ਗਏ, ਪਰ ਦੋਹਾਂ ਦੇ ਪੇਟੀ ਨੰਬਰ ਨੋਟ ਕਰ ਲਏ ਤੇ ਫੌਰਨ ਅੰਦਰ ਦਫਤਰ ਵਿਚ ਜਾ ਕੇ ਉਸ ਵੇਲੇ ਦੇ ਰੇਲਵੇ ਦੇ ਡੀ. ਆਈ. ਜੀ., ਸ੍. ਸੰਤ ਪ੍ਰਕਾਸ਼ ਸਿੰਘ ਕੋਲ ਜਾ ਕੇ ਉਸ ਨੂੰ ਸਾਰੀ ਗੱਲ ਦੱਸੀ। ਸ. ਸੰਤ ਪ੍ਰਕਾਸ਼ ਸਿੰਘ ਨੇ ਉਸੇ ਵੇਲੇ ਐਕਸ਼ਨ ਲਿਆ ਤੇ ਹੌਲਦਾਰ ਤੇ ਸਿਪਾਹੀ ਨੂੰ ਚੱਕੀ ਪੀਹਣ ਦੀ ਸਜ਼ਾ ਲਗਾ ਦਿਤੀ। ਉਹ ਦੋਵੇਂ ਹੈਰਾਨ ਹੋ ਗਏ, ਦਫਤਰ ਵਿਚ ਡਿਊਟੀ 'ਤੇ ਬੈਠੇ ਇੰਸਪੈਕਟਰ ਨੇ ਉਨ੍ਹਾਂ ਨੂੰ ਦੱਸਿਆ ਕਿ ਵੱਡੇ ਬਾਬਾ ਜੀ ਨੂੰ ਤੰਗ ਕਰਨ ਅਤੇ ਅਨਉਚਿਤ ਵਿਵਹਾਰ ਕਰਨ ਕਾਰਨ ਇੰਜ ਹੋਇਆ ਹੈ, ਉਨ੍ਹਾਂ ਨੂੰ ਵੱਡੇ ਬਾਬਾ ਜੀ ਪਾਸੋਂ ਮਾਫੀ ਮੰਗਣੀ ਚਾਹੀਦੀ ਹੈ ਤਾਂ ਹੀ ਸਜ਼ਾ ਤੋਂ ਬਚ ਸਕਣਗੇ। ਉਹ ਇੰਸਪੈਕਟਰ

ਨੂੰ ਨਾਲ ਲੈ ਕੇ ਸੰਤ ਧਿਆਨ ਸਿੰਘ ਦੀ ਕੋਠੀ ਪਹੁੰਚੇ, ਜਿਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਡੇਰਾ ਸੀ ਤੇ ਪੁੱਛਣ ਲੱਗੇ ਕਿ ਜਿਸ ਦੇ ਮੂੰਹ 'ਤੇ ਮਾਤਾ ਦੇ ਦਾਗ ਹਨ, ਉਨ੍ਹਾਂ ਨੂੰ ਮਿਲਣਾ ਹੈ। ਵੱਡੇ ਬਾਬਾ ਜੀ ਦੇ ਉਨ੍ਹੀਂ ਦਿਨੀਂ ਮਾਤਾ ਨਿਕਲ ਕੇ ਹਟੀ ਸੀ ਤੇ ਚਿਹਰੇ 'ਤੇ ਮਾਤਾ ਦੇ ਦਾਗ ਪੈ ਗਏ ਸਨ। ਵੱਡੇ ਬਾਬਾ ਜੀ ਨੂੰ ਮਿਲ ਕੇ ਉਨ੍ਹਾਂ ਮਾਫੀ ਮੰਗ ਲਈ ਤੇ ਅਰਜ਼ ਕੀਤੀ ਕਿ ਕਿਰਪਾ ਕਰ ਕੇ ਉਨ੍ਹਾਂ ਦੀ ਸਜ਼ਾ ਮਾਫ ਕਰ ਕੇ ਬਹਾਲ ਕਰਵਾ ਦੇਣ। ਵੱਡੇ ਬਾਬਾ ਜੀ ਨੇ ਆਖਿਆ ਕਿ 'ਤੁਸੀਂ ਜਾਵੋ ਮੈਂ ਟੈਲੀਫੋਨ ਕਰ ਦਿੰਦਾ ਹਾਂ।'

ਵੱਡੇ ਬਾਬਾ ਜੀ ਨੇ ਡੀ.ਆਈ.ਜੀ. ਸ੍ਰ. ਸੰਤ ਪ੍ਰਕਾਸ਼ ਨੂੰ ਟੈਲੀਫੋਨ ਕੀਤਾ ਪਰ ਉਸ ਜਵਾਬ ਦਿਤਾ ਕਿ 'ਇਹ ਲੋਕਾਂ ਨੂੰ ਬਹੁਤ ਤੰਗ ਕਰਦੇ ਹਨ, ਇਨ੍ਹਾਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ।'

ਜਦੋਂ ਹੌਲਦਾਰ ਤੇ ਸਿਪਾਹੀ ਦੀ ਸਜ਼ਾ ਮਾਫ ਨਾ ਹੋਈ ਤਾਂ ਉਹ ਦੁਬਾਰਾ ਫਿਰ ਵੱਡੇ ਬਾਬਾ ਜੀ ਕੋਲ ਕੋਠੀ ਆਏ ਤੇ ਮੁੜ ਅਰਜ਼ ਕੀਤੀ। ਵੱਡੇ ਬਾਬਾ ਜੀ ਕਿਹਾ, "ਮੈਂ ਟੈਲੀਫੋਨ ਤਾਂ ਕਰ ਦਿਤਾ ਸੀ।"

ਨਾਲ ਵਾਲੇ ਕਮਰੇ ਵਿਚੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਨ੍ਹਾਂ ਦੀ ਗੱਲ ਬਾਤ ਸੁਣ ਲਈ ਅਤੇ ਵੱਡੇ ਬਾਬਾ ਜੀ ਨੂੰ ਬੁਲਾ ਕੇ ਹੁਕਮ ਕੀਤਾ,

"ਕਾਕਾ ਤੂੰ ਆਪ ਇਨ੍ਹਾਂ ਨਾਲ ਜਾ ਕੇ ਇਨ੍ਹਾਂ ਦਾ ਕੰਮ ਕਰਵਾ, ਹੁਣ ਇਨ੍ਹਾਂ ਨਾਲ ਬਹੁਤ ਹੋ ਗਈ ਹੈ।"

ਸਤਿਗੁਰੂ ਜੀ ਦਾ ਹੁਕਮ ਮੰਨ ਕੇ ਵੱਡੇ ਬਾਬਾ ਜੀ ਉਨ੍ਹਾਂ ਨਾਲ ਗਏ ਤੇ ਡੀ.ਆਈ.ਜੀ. ਨੂੰ ਆਖ ਸਜ਼ਾ ਮੁਆਫ ਕਰਵਾ ਮੁੜ ਬਹਾਲ ਕਰਵਾਇਆ।

## ਸਮੇਂ ਅਨੁਸਾਰ ਲਚਕਤਾ

ਇਕ ਵਾਰ ਸੰਤ ਅਮਰ ਸਿੰਘ ਨਿਰਮਾਣ ਅਤੇ ਛੋਟੇ ਬਾਬਾ ਜੀ ਦਿੱਲੀ ਕਿਸੇ ਅਫਸਰ ਨੂੰ ਮਿਲਣ ਗਏ। ਉਸ ਨੇ ਇਨ੍ਹਾਂ ਨਾਲ ਠੀਕ ਵਰਤਾਓ ਨਾ ਕੀਤਾ ਜਾਂ ਕੋਈ ਗਲਤ ਗੱਲ ਆਖੀ। ਛੋਟੇ ਬਾਬਾ ਜੀ ਚੁੱਪ ਕਰ ਕੇ ਤੁਰ ਆਏ, ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਤਾ ਲਗਾ ਤਾਂ ਉਨ੍ਹਾਂ ਬਚਨ ਕੀਤਾ,

"ਉਹ ਛੋਟਾ ਕਾਕਾ ਸੀ ਨਾ, ਵੱਡਾ ਹੁੰਦਾ ਤਾਂ ਉਸ ਨੇ ਚੁਪੇੜ ਉਸ ਅਫਸਰ ਨੂੰ ਮਾਰ ਦੇਣੀ ਸੀ। ਅੱਗੋਂ ਜੋ ਕੁਝ ਹੁੰਦਾ ਵੇਖੀ ਜਾਂਦੀ।"

ਵੱਡੇ ਬਾਬਾ ਜੀ ਮੌਕੇ ਮੁਤਾਬਕ ਨਰਮੀ ਵਾਲੀ ਥਾਂ ਨਰਮੀ ਵਰਤਦੇ ਅਤੇ ਸਖਤੀ ਵਾਲੀ ਥਾਂ ਸਖ਼ਤ ਹੋ ਜਾਂਦੇ। ਸ. ਪ੍ਰੀਤਮ ਸਿੰਘ ਪੰਛੀ ਅਨੁਸਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ ਕਰਦੇ ਸਨ,

"ਵੱਡੇ ਕਾਕੇ ਵਿਚ ਬੜੀ ਲਚਕ ਹੈ।"

ਵੱਡੇ ਬਾਬਾ ਜੀ ਮੌਕਾ ਤੇ ਹਾਲਾਤ ਵੇਖ ਕੇ ਗੱਲ ਸਾਂਭ ਲੈਂਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਬਾਬਾ ਜੀ ਬਾਰੇ ਕੀਤੇ ਬਚਨਾਂ ਬਾਰੇ ਸੰਤ ਤਰਨ ਸਿੰਘ ਵਹਿਮੀ ਇਉਂ ਲਿਖਦੇ ਹਨ,

"...ਲਾਭ ਸਿੰਘ ਕਮਾਈ ਵਾਲਾ ਸਿੱਖ ਹੈ। ਬਹੁਤ ਦੁਖੀ ਹੋ ਕੇ ਇਥੋਂ ਨਿਕਲਿਆ ਸੀ। ਸੋ ਵਧੀਕੀ ਕੀਤੀ ਭੀ ਸੀ ਸਾਨੂੰ ਹੀ ਭੁਗਤਣੀ ਪੈਣੀ ਸੀ। ਮੈਂ ਸੁਨੇਹਾ ਦੌਰੇ ਵਿਚੋਂ ਭੇਜਿਆ ਸੀ। ਕਾਕੇ ਬੀਰ ਸਿੰਘ ਨੇ ਭਗਤ ਸਿੰਘ ਦੀ ਗੱਲ ਮੰਨ ਲਈ। ਮੈਂ ਹੀ ਜੇ ਨਾ ਸੁਨੇਹਾ ਭੇਜਦਾ; ਜਾਂ ਨਾਲ ਕਹਿੰਦਾ, ਸਮਾਂ ਭੀ ਵਿਚਾਰ ਲੈਣਾ ਜੇ ਜੋਗ ਨਾ ਹੋਵੇ ਤਾਂ ਮੇਰੇ ਆਉਣ ਤਕ ਕਾਹਲ ਨਾ ਕਰਨੀ। ਜੇ ਵੱਡਾ ਕਾਕਾ ਹੁੰਦਾ ਤਾਂ ਜ਼ਰੂਰ ਜੇਰਾ ਕਰ ਵੇਲਾ ਟਾਲ ਦਿੰਦਾ, ਭਾਵੇਂ ਆਪ ਘੂਰੀ ਭੀ ਜਰ ਲੈਂਦਾ। ਨਿਕਾ ਕਾਕਾ ਜ਼ਿਆਦਾ ਸਤ ਬਚਨੀ ਮੇਰਾ ਬਣਦਾ ਹੈ! ਤਾਂ ਹੀ ਇਹ ਉਕ ਕੀਤੀ ਸੀ।"

—ਜੱਸ ਜੀਵਨ ਭਾਗ ਪੰਜਵਾਂ, ਪੰਨਾ ੨੪੩

ਜਦੋਂ ਕਦੇ ਵੱਡੇ ਬਾਬਾ ਜੀ ਕਿਸੇ ਝਗੜੇ ਦਾ ਫੈਸਲਾ ਕਰਦੇ, ਕਿਸੇ ਦਾ ਪੱਖ ਨਾ ਪੂਰਦੇ ਸਗੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਹਮੇਸ਼ਾ ਪੂਰਾ ਪੂਰਾ ਇਨਸਾਫ ਕਰਦੇ।

## ਸਤਿਗੁਰੂ ਜੀ ਦੇ ਅਦਬ ਪ੍ਰਤੀ ਸੁਚੇਤ

ਵੱਡੇ ਬਾਬਾ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ, ਜੇ ਕੋਈ ਸੱਚੇ ਪਾਤਸ਼ਾਹ ਜੀ ਦਾ ਪੂਰਾ ਅਦਬ ਕਰਨ ਵਿਚ ਅਣਗਹਿਲੀ ਕਰਦਾ ਤਾਂ ਆਪ ਕਦੇ ਬਰਦਾਸ਼ਤ ਨਾ ਕਰਦੇ।

ਦੇਸ਼ ਦੀ ਵੰਡ ਅਰਥਾਤ ਪਾਕਿਸਤਾਨ ਬਣਨ ਤੋਂ ਬਾਅਦ ਦੀ ਗੱਲ ਹੈ। ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਜਲੰਧਰ ਸੈਕਟਰੀਏਟ ਵਿਖੇ ਸ੍ਰ. ਸੰਤ ਪ੍ਰਕਾਸ਼ ਸਿੰਘ ਆਈ.ਜੀ. ਪੁਲਿਸ (ਜਿਹੜੇ ਪਹਿਲੋਂ ਰੇਲਵੇ ਵਿਚ ਡੀ.ਆਈ.ਜੀ. ਸਨ) ਨੂੰ, ਕਿਸੇ ਕੰਮ ਲਈ ਮਿਲਣ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਹਰ ਕਾਰ ਵਿਚ ਬੈਠੇ ਰਹੇ ਉਹ ਕਾਫੀ ਚਿਰ ਨਹੀਂ ਮਿਲਿਆ। ਜਦੋਂ ਵੱਡੇ ਬਾਬਾ ਜੀ ਨੂੰ ਇਸ ਗੱਲ ਦਾ, ਹਜ਼ੂਰੀ ਸੇਵਕ ਸੰਤ ਰਤਨ ਸਿੰਘ ਪਾਸੋਂ ਪਤਾ ਲੱਗਾ ਕਿ ਸ੍ਰ. ਸੰਤ ਪ੍ਰਕਾਸ਼ ਸਿੰਘ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਠੀਕ ਤਰ੍ਹਾਂ ਸਤਿਕਾਰ ਨਹੀਂ ਕੀਤਾ ਤਾਂ ਆਪ ਤੋਂ ਇਹ ਗੱਲ ਬਰਦਾਸ਼ਤ ਨਾ ਹੋਈ ਤੇ ਆਪ ਉਸ ਅਫਸਰ ਕੋਲ ਗਏ ਤੇ ਉਸ ਨੂੰ ਕਿਹਾ ਕਿ 'ਤੁਹਾਨੂੰ ਇਸ ਤਰ੍ਹਾਂ ਦਾ ਵਿਵਹਾਰ ਪਰਮ-ਪੂਜ ਸ੍ਰੀ ਸਤਿਗੁਰੂ ਜੀ ਨਾਲ ਕਰਦਿਆਂ ਸ਼ਰਮ ਨਹੀਂ ਆਈ।' ਸ੍ਰ. ਸੰਤ ਪ੍ਰਕਾਸ਼ ਸਿੰਘ ਨੇ ਦੱਸਿਆ, 'ਸ. ਸਵਰਨ ਸਿੰਘ ਮਨਿਸਟਰ ਦੀ ਮੇਰੇ ਨਾਲ ਬਣਦੀ ਨਹੀਂ, ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੇਰੇ ਕੋਲ ਆਏ, ਉਸ ਵੇਲੇ ਸ. ਸਵਰਨ ਸਿੰਘ ਨਾਲ ਮੇਰੀ

ਟੈਲੀਫੋਨ 'ਤੇ ਗੱਲ ਚਲ ਰਹੀ ਸੀ. ਮੈਂ ਚਪੜਾਸੀ ਨੂੰ ਆਖ ਦਿਤਾ ਸੀ ਕਿ ਸ੍ਰੀ ਸਤਿਗੁਰੂ ਜੀ ਨੂੰ ਬਿਠਾਵੇ।' ਵੱਡੇ ਬਾਬਾ ਜੀ ਸ. ਸੰਤ ਪ੍ਰਕਾਸ਼ ਸਿੰਘ ਨਾਲ ਬਹੁਤ ਲੜੇ ਕਿ ਉਨ੍ਹਾਂ ਸ੍ਰੀ ਸਤਿਗੁਰੂ ਜੀ ਦੀ ਬੇਅਦਬੀ ਕੀਤੀ ਹੈ। ਉਸ ਨੂੰ ਅਜਿਹੀ ਝਾੜ ਪਾਈ ਕਿ ਉਸ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਰਜ਼ ਕੀਤੀ ਕਿ ਮੇਰਾ ਇਨ੍ਹਾਂ ਤੋਂ (ਵੱਡੇ ਬਾਬਾ ਜੀ) ਖਹਿੜਾ ਛੁਡਾਵੋ। ਵੱਡੇ ਬਾਬਾ ਜੀ ਅਨੁਸਾਰ, ਸਾਡੇ ਸਾਹਮਣੇ ਸਾਡੇ ਸਤਿਗੁਰੂ ਜੀ ਦੀ ਬੇਅਦਬੀ ਕੋਈ ਕਰ ਕਿਵੇਂ ਜਾਵੇ? ਇਹ ਸਾਡੀ ਕਮਜ਼ੋਰੀ ਹੋਵੇਗੀ. ਉਸ ਬੰਦੇ ਨੂੰ ਬਖ਼ਸ਼ੋ ਨਾ, ਉਸ ਨੂੰ ਉਸ ਦੀ ਗਲਤੀ ਦਾ ਅਹਿਸਾਸ ਦੁਆਓ ਤੇ ਉਸ ਦੇ ਪਿੱਛੇ ਇੰਜ ਪੈ ਜਾਓ ਕਿ ਉਹ ਆਪਣਾ ਖਹਿੜਾ ਮਸੀਂ ਛੁਡਾਵੇ।

### ਰੂਹਾਨੀ ਸ਼ਖ਼ਸੀਅਤ

ਵੱਡੇ ਬਾਬਾ ਜੀ ਦੀ ਪਵਿੱਤਰ ਤੇ ਰੂਹਾਨੀ ਸ਼ਖਸੀਅਤ ਤੇ ਤੇਜ਼ ਦੇ ਪ੍ਰਭਾਵ ਨਾਲ, ਉਸ ਵੇਲੇ ਦੇ ਸਾਰੇ ਅਫਸਰ ਤੇ ਮੰਤਰੀ ਆਪ ਜੀ ਨੂੰ ਸਤਿਕਾਰ ਵਜੋਂ ਨਿਉਂ ਕੇ ਮਿਲਦੇ, ਮੱਥਾ ਟੇਕਦੇ ਤੇ ਆਪ ਜੀ ਦੇ ਹੁਕਮ ਮੰਨਦੇ। ਉਸ ਵੇਲੇ ਦੇ ਪੰਜਾਬ ਦੇ ਮੁਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਵੀ ਵੱਡੇ ਬਾਬਾ ਜੀ ਨੂੰ ਮੱਥਾ ਟੇਕਦੇ ਸਨ।

ਪਾਕਿਸਤਾਨ ਬਣਨ ਤੋਂ ਪਹਿਲੋਂ, ਉਸ ਸਮੇਂ ਅਤੇ ਬਾਅਦ ਵਿਚ, ਵੱਡੇ ਬਾਬਾ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਅਨੁਸਾਰ ਕਿਵੇਂ ਤਨੋਂ, ਮਨੋਂ ਸੇਵਾ ਕੀਤੀ ਇਸ ਦਾ ਜਿਕਰ ਇਸੇ ਪੁਸਤਕ ਵਿਚ 'ਦੇਸ਼ ਦੀ ਵੰਡ ਸਮੇਂ' ਦੇ ਅਧਿਆਏ (ਚੈਪਟਰ) ਵਿਚ ਆਵੇਗਾ।

## ਵਿਆਹ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਜ਼ਾ ਸੀ ਕਿ ਵੱਡੇ ਬਾਬਾ ਜੀ ਦਾ ਵਿਆਹ ਪੱਚੀ ਸਾਲਾਂ ਦੀ ਉਮਰ ਵਿਚ ਕੀਤਾ ਜਾਵੇ ਪਰ ੩੦ ਫੱਗਣ ੧੯੯੯ ਨੂੰ ਮਾਤਾ ਜੀਵਨ ਕੌਰ ਜੀ ਦੇ ਚੜ੍ਹਾਈ ਕਰ ਜਾਣ ਕਾਰਣ, ਵੱਡੇ ਬਾਬਾ ਜੀ ਦਾ ਵਿਆਹ ੧੧ ਚੇਤਰ ੨੦੦੧ (21 ਮਾਰਚ 1944) ਨੂੰ, ਸਾਢੇ ਚੌਵੀ ਸਾਲ ਦੀ ਉਮਰ ਵਿਚ ਹੀ ਕਰ ਦਿਤਾ।

ਵੱਡੇ ਬਾਬਾ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹਰ ਹੁਕਮ 'ਸਤਿਬਚਨ' ਆਖ ਮੰਨਦੇ ਸਨ। ਜਿਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਜੀ ਦਾ ਰਿਸ਼ਤਾ ਆਪਣੀ ਰਜ਼ਾ ਨਾਲ ਤੈਅ ਕੀਤਾ, ਉਥੇ ਹੀ ਆਪ ਜੀ ਨੇ ਮਨਜ਼ੂਰ ਕਰ ਲਿਆ। ਵਿਆਹ ਤੋਂ ਪਹਿਲੋਂ ਆਪਣੀ ਹੋਣ ਵਾਲੀ ਸੁਪਤਨੀ ਨੂੰ ਆਪ ਜੀ ਨੇ ਵੇਖਿਆ ਨਹੀਂ।

ਹੁਸ਼ਿਆਰਪੁਰ ਵਿਖੇ ਸ. ਅਨੂਪ ਸਿੰਘ ਰਾਜੇਜੰਗੀਏ ਐੱਸ.ਪੀ. ਲੱਗੇ ਹੋਏ ਸਨ। ਕਾਲੂ ਵਾਹਿਰ ਪਿੰਡ ਉਥੋਂ ਨੇੜ੍ਹੇ ਹੀ ਸੀ, ਜਿਥੇ ਵੱਡੇ ਬਾਬਾ ਜੀ ਦਾ ਰਿਸ਼ਤਾ ਹੋਇਆ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੁਸ਼ਿਆਰਪੁਰ ਸ. ਅਨੂਪ ਸਿੰਘ ਦੇ ਘਰ ਦਰਸ਼ਨ ਦਿਆ ਕਰਦੇ ਸਨ। ਇਕ ਦਿਨ ਸ੍ਰੀ ਸਤਿਗੁਰੂ ਜੀ ਇਸ ਘਰ ਵਿਚ ਪ੍ਰਸ਼ਾਦਾ ਛਕਣ ਉਪ੍ਰੰਤ ਬੈਠੇ ਸਨ, ਸ. ਅਨੂਪ ਸਿੰਘ ਦੀ ਸੁਪਤਨੀ ਬੀਬੀ ਸੰਤ ਕੌਰ (ਮਾਤਾ ਜੀਵਨ ਕੌਰ ਜੀ ਦੇ ਭਰਾ ਸ. ਚੂੜ ਸਿੰਘ ਦੀ ਪੋਤੀ ਅਤੇ ਸ. ਦਿਆਲ ਸਿੰਘ ਦੀ ਧੀ) ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਅਰਜ਼ ਕੀਤੀ,

"ਸੱਚੇ ਪਾਤਸ਼ਾਹ ਜੀ, ਆਪਾਂ ਵੱਡੇ ਬਾਬਾ ਜੀ ਨੂੰ ਕੁੜੀ ਵਿਖਾ ਤਾਂ ਲਈਏ, ਇਕ ਵਾਰ ਝਾਤੀ ਮਾਰ ਲੈਣ..."

"ਉਸ ਨੇ ਤਾਂ ਨਾਂ ਵੀ ਨਹੀਂ ਲੈਣਾ ਵੇਖਣ ਦਾ, ਜਿਥੇ ਮੈਂ ਕਰ ਦਿਆਂਗਾ, ਉਥੇ ਹੀ ਕਰਵਾ ਲਵੇਗਾ।" ਸ੍ਰੀ ਸਤਿਗੁਰੂ ਜੀ ਨੇ ਹੱਸ ਕੇ ਬਚਨ ਕੀਤਾ।

### ਪਹਿਲਾ ਅਨੰਦ-ਕਾਰਜ

ਵੱਡੇ ਬਾਬਾ ਜੀ ਦੇ ਅਨੰਦ-ਕਾਰਜ 21 ਮਾਰਚ ਸੰਨ 1944 (੧੧ ਚੇਤਰ ਸੰਮਤ ੨੦੦੧) ਨੂੰ ਸਾਢੇ ਚੌਵੀ ਸਾਲ ਦੀ ਉਮਰ ਵਿਚ, ਪਿੰਡ ਕਾਲੂਵਾਹਿਰ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਪਿਤਾ ਜਗੀਰਦਾਰ ਊਧਮ ਸਿੰਘ ਰੰਧਾਵਾ ਅਤੇ ਮਾਤਾ ਜਗਤ ਕੌਰ ਦੀ ਸਪੁੱਤਰੀ ਬੀਬੀ ਰਾਜਿੰਦਰ ਕੌਰ ਜੀ ਨਾਲ ਗੁਰਮਰਿਯਾਦਾ ਨਾਲ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ, ਮੁਠੱਡਿਆਂ ਦੇ ਮੇਲੇ 'ਤੇ ਹੋਏ। ਬੀਬੀ ਰਾਜਿੰਦਰ ਕੌਰ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਆਦਿ ਸ੍ਰੀ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ। ਫਿਰ ਹਵਨ ਕੋਲ ਸਾਦਾ ਸਫੈਦ ਬਸਤਰਾਂ 'ਚ ਸੁਸ਼ੋਭਿਤ

ਚੌਂਕੜਾ ਮਾਰ ਬਿਰਾਜਮਾਨ ਵੱਡੇ ਬਾਬਾ ਜੀ ਨੂੰ ਨਮਸਕਾਰ ਕੀਤੀ। ਉੱਨ ਦੀ ਸਫੈਦ ਮਾਲਾ ਅਤੇ ਫੁੱਲਾਂ ਦਾ ਹਾਰ ਬਾਬਾ ਜਗਜੀਤ ਸਿੰਘ ਜੀ ਦੇ ਗਲੇ ਵਿਚ ਪਹਿਨਾ ਕੇ ਬੀਬੀ ਰਾਜਿੰਦਰ ਕੌਰ, ਬਾਬਾ ਜੀ ਦੇ ਖੱਬੇ ਪਾਸੇ ਬੈਠ ਗਏ। ਉਦੋਂ ਦੇ ਰਿਵਾਜ਼ ਮੁਤਾਬਕ ਵੱਡੇ ਬਾਬਾ ਜੀ ਦੇ ਗਲ ਵਿਚ ਫੁੱਲਾਂ ਦੇ ਹਾਰ ਪਾਏ ਗਏ। ਅੱਜ ਕਲ੍ਹ ਅਨੰਦ-ਕਾਰਜਾਂ ਸਮੇਂ ਫੁੱਲਾਂ ਦੇ ਹਾਰ ਨਹੀਂ ਪਾਏ ਜਾਂਦੇ ਸਿਰਫ ਸਫੇਦ ਉੱਨ ਦੀ ਮਾਲਾ ਹੀ ਪਾਈ ਜਾਂਦੀ ਹੈ। ਸੰਤ ਮੋਹਣ ਸਿੰਘ ਜੀ ਅਤੇ ਸੰਤ ਆਲਾ ਸਿੰਘ ਜੀ ਨੇ ਅੰਮ੍ਰਿਤ ਛਕਾਇਆ। ਸੰਤ ਬਹਾਦਰ ਸਿੰਘ ਜੀ ਨੇ ਭਜਨ ਦੱਸਿਆ। ਲਾਵਾਂ ਆਦਿ ਸ੍ਰੀ ਗ੍ਰੰਥ ਸਾਹਿਬ ਤੋਂ ਸੂਬਾ ਇੰਦਰ ਸਿੰਘ ਨੇ ਪੜ੍ਹੀਆਂ। ਅਨੰਦ-ਕਾਰਜਾਂ ਉਪ੍ਰੰਤ ਵਖਿਆਨ ਹੋਏ ਤੇ ਕਵਿਤਾਵਾਂ ਪੜ੍ਹੀਆਂ ਗਈਆਂ। ਇਸ ਸ਼ੁਭ ਮੌਕੇ 'ਤੇ ਸੰਗਤਾਂ ਬੜੀ ਖੁਸ਼ੀ ਨਾਲ ਹੁੰਮ-ਹੁਮਾ ਕੇ ਪਹੁੰਚੀਆਂ, ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਸੇ ਨੂੰ ਕੋਈ ਉਚੇਚ ਨਹੀਂ ਕਰਨ ਦਿੱਤਾ।

ਨੰਬਰਦਾਰ ਹਰੀ ਸਿੰਘ ਵਡਾਣੀਆਂ ਦੱਸਦੇ ਹਨ, "ਬੇਦੀ ਨਾਲ ਕੇਲੇ ਗੱਡੇ ਹੋਏ ਸਨ, ਉੱਪਰ ਫੁੱਲਾਂ ਦੇ ਹਾਰ ਪਾਏ ਹੋਏ ਸਨ। ਨਾਮਧਾਰੀ ਪੰਥ ਦੀ ਉੱਘੀ ਸ਼ਖ਼ਸੀਅਤ ਸ. ਦਯਾ ਸਿੰਘ ਲਾਹੌਰ ਵਾਲਿਆਂ ਨੇ ਹੀ ਸਾਰਾ ਕੁਝ ਬਣਵਾਇਆ ਸੀ, ਹਰ ਦੀਵਾਨ 'ਚ ਉਨ੍ਹਾਂ ਦਾ ਇੰਤਜ਼ਾਮ ਹੁੰਦਾ ਸੀ। ਸ. ਦਯਾ ਸਿੰਘ, ਉਸ ਵੇਲੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਹੁੰਦੇ ਸਨ (ਇਨ੍ਹਾਂ ਦੇ ਦੋ ਪੁੱਤਰ ਸ. ਗੁਰਮੇਲ ਸਿੰਘ ਤੇ ਸ. ਬੂਟਾ ਸਿੰਘ ਅੱਜ ਕਲ੍ਹ ਰਾਮਪੁਰਾ ਫੂਲ ਜ਼ਿਲ੍ਹਾ ਬਠਿੰਡਾ ਵਿਖੇ ਰਹਿੰਦੇ ਹਨ)। ਸ੍ਰ. ਦਯਾ ਸਿੰਘ ਜੀ ਨੇ ਦੋ-ਤਿੰਨ ਟੋਕਰੇ ਫੁੱਲਾਂ ਦੇ ਮੰਗਵਾਏ ਅਤੇ ਸਾਨੂੰ ਆਖਿਆ ਬਈ ਜਦੋਂ ਅਨੰਦ ਹੋਣਾਂ ਹੈ, ਤੁਸੀਂ ਵੱਡੇ ਬਾਬਾ ਜੀ ਉੱਤੇ ਫੁੱਲਾਂ ਦੀ ਵਰਖਾ ਕਰਨੀ ਹੈ। ਮੈਂ ਤੇ ਦੋ ਜਣੇ ਹੋਰ, ਅਸੀਂ ਤਿੰਨੇ ਜਣੇ ਅੱਡੋ ਅੱਡ ਫੁੱਲਾਂ ਦੀਆਂ ਟੋਕਰੀਆਂ ਲੈ ਕੇ ਵੱਡੇ ਬਾਬਾ ਜੀ ਉੱਪਰ ਫੁੱਲ ਸੁੱਟਦੇ ਰਹੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਆਖ ਕੇ ਕਿ ਤੁਸੀਂ ਸ਼ਰਾਰਤ ਕਰਦੇ ਹੋ, ਸਾਨੂੰ ਫੁੱਲ ਸੁੱਟਣ ਤੋਂ ਮਨ੍ਹਾਂ ਕੀਤਾ। ਪਟਿਆਲੇ ਦੇ ਇਕ ਕਵੀ ਨੇ ਲੰਮੀ ਕਵਿਤਾ ਪੜ੍ਹੀ, ਜਿਸ ਦੇ ਬੋਲ ਸਨ,

'ਜਗਜੀਤ ਜੀ ਜੱਗ ਨੂੰ ਜਿੱਤਣਗੇ।"

ਅਤੀ ਸੁੰਦਰ ਸਰੂਪ ਵਾਲੇ ਮਾਤਾ ਰਾਜਿੰਦਰ ਕੌਰ ਜੀ, ਆਗਿਆਕਾਰ, ਹੱਸਮੁਖ, ਮਿਲਣਸਾਰ ਅਤੇ ਖੇੜ੍ਹੇ ਭਰੇ ਸੁਭਾਅ ਵਾਲੇ ਸਨ। ਆਪ ਸੁਵਖਤੇ ਉਠ, ਸ੍ਰੀ ਭੈਣੀ ਸਾਹਿਬ ਡੇਰੇ ਵਿਚ ਝਾੜੂ ਫੇਰਦੇ, ਚੱਕੀ ਨਾਲ ਆਟਾ ਪੀਂਹਦੇ ਅਤੇ ਲੰਗਰ ਵਿਚ ਸੇਵਾ ਕਰਦੇ ਸਨ।

ਬੀਬੀ ਸੰਤ ਕੌਰ ਦੱਸਦੇ ਹਨ, "ਬੀਬੀ ਰਾਜਿੰਦਰ ਕੌਰ ਜੀ ਰੱਜ ਕੇ ਸੋਹਣੇ ਸਨ। ਇੰਨੀ ਸੋਹਣੀ ਇਸਤਰੀ ਮੈਂ ਦੁਨੀਆ ਦੇ ਤਖ਼ਤੇ 'ਤੇ ਨਹੀਂ ਵੇਖੀ। ਕੋਈ ਕਜ ਨਹੀਂ ਸੀ। ਬੋਲਦੇ ਸੀ ਤਾਂ ਜਿਵੇਂ ਮੂੰਹ ਵਿਚੋਂ ਫੁੱਲ ਕਿਰਦੇ ਸਨ, ਖੁਸ਼ ਰਹਿੰਦੇ ਸਨ, ਸੁਭਾਅ ਬੜਾ ਚੰਗਾ ਸੀ। ਆਗਿਆਕਾਰ ਅਤੇ ਸੇਵਾ ਕਰਨ ਵਾਲੇ ਸਨ। ਮਹੰਤ ਸੇਵਾ ਸਿੰਘ ਕੋਲ ਸਫ ਵਿਛਾ ਕੇ ਬੈਠਿਆ ਕਰਦੇ ਸਨ, ਕਹਿੰਦੇ

ਸਨ ਕਿ ਮੈਨੂੰ ਮਾਈ ਜੀ (ਮਾਤਾ ਜੀਵਨ ਕੌਰ ਜੀ) ਦੇ ਬਚਨ ਸੁਣਾਓ।"

ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਨੂੰਹ ਬੀਬੀ ਰਾਜਿੰਦਰ ਕੌਰ ਨੂੰ ਤ੍ਰਿਫਲੇ ਦੀ ਸਬਜ਼ੀ ਬਨਾਉਣ ਦਾ ਹੁਕਮ ਕੀਤਾ। ਬੀਬੀ ਰਾਜਿੰਦਰ ਕੌਰ ਨੇ ਕਦੇ ਤ੍ਰਿਫਲੇ ਦੀ ਸਬਜ਼ੀ ਬਣਾਈ ਨਹੀਂ ਸੀ। ਵੱਡੇ ਬਾਬਾ ਜੀ ਨੇ ਖ਼ੁਦ ਤ੍ਰਿਫਲੇ ਦੀ ਸਬਜ਼ੀ ਬਣਾ ਕੇ ਸੱਚੇ ਪਾਤਸ਼ਾਹ ਜੀ ਨੂੰ ਛਕਾਈ ਅਤੇ ਆਪਣੀ ਸਿੰਘਣੀ ਨੂੰ ਵੀ ਜਾਚ ਦੱਸੀ ਕਿ ਇਹ ਸਬਜ਼ੀ ਕਿਸ ਤਰ੍ਹਾਂ ਬਣਦੀ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੱਡੇ ਬਾਬਾ ਜੀ ਅਤੇ ਬੀਬੀ ਰਾਜਿੰਦਰ ਕੌਰ ਨੂੰ ਜੇਠ ਵਿਚ ਮੰਡੀ ਸਕੇਤ ਭੇਜਿਆ। ਹੋਰ ਸਾਧ-ਸੰਗਤ ਵੀ ਨਾਲ ਭੇਜੀ ਅਤੇ ਵੱਡੇ ਬਾਬਾ ਜੀ ਨੂੰ ਹੁਕਮ ਕੀਤਾ ਕਿ ਨਾਲ ਗਈ ਸਾਰੀ ਸੰਗਤ ਦੇ ਸੁਖ ਦਾ ਧਿਆਨ ਰੱਖਣ।

## ਬੀਬੀ ਰਾਜਿੰਦਰ ਕੌਰ ਜੀ ਚੜ੍ਹਾਈ ਕੀਤੇ

ਬੀਬੀ ਰਾਜਿੰਦਰ ਕੌਰ ਜੀ ਨੂੰ ਮੰਡੀ ਸੰਕੇਤ ਵਿਖੇ ਦਸਤ ਲਗ ਗਏ। ਉਸ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਉਥੇ ਹੀ ਸਨ। ਜਦੋਂ ਇਕ ਦਿਨ ਬੀਬੀ ਰਾਜਿੰਦਰ ਕੌਰ ਬਹੁਤ ਜ਼ਿਆਦਾ ਢਿੱਲੇ ਹੋ ਗਏ ਤਾਂ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕੀਤੀ ਗਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੋਹਾਂ ਕਰ-ਕਮਲਾਂ ਵਿਚ ਬੀਬੀ ਦਾ ਸਿਰ ਫੜ ਕੇ ਅਵਾਜ਼ ਮਾਰੀ ਤੇ ਬੀਬੀ ਰਾਜਿੰਦਰ ਕੌਰ, ਸੱਚੇ ਪਾਤਸ਼ਾਹ ਜੀ ਦੇ ਕਰ-ਕਮਲਾਂ ਵਿਚ ਹੀ ੧੦ ਭਾਦਰੋਂ ੨੦੦੨ ਨੂੰ ਮੰਡੀ ਵਿਖੇ ਸੁਆਸ ਤਿਆਗ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਬੀਬੀ ਰਾਜਿੰਦਰ ਕੌਰ ਜੀ ਦੀ ਦੇਹ ਦਾ ਸਸਕਾਰ ਮੰਡੀ ਵਿਖੇ ਦਰਿਆ ਦੇ ਕੰਢੇ ਕੀਤਾ ਗਿਆ। ਉਸ ਵਕਤ ਵੱਡੇ ਬਾਬਾ ਜੀ ਦੇ ਸੱਜੇ ਗਿੱਟੇ ਉਤੇ ਸੱਜੇ ਪਾਸੇ ਸੱਟ ਵੱਜੀ ਹੋਈ ਸੀ ਤੇ ਆਪ ਤੁਰ ਨਹੀਂ ਸਕਦੇ ਸਨ। ਆਪ ਜੀ ਨੂੰ ਚੁੱਕ ਕੇ ਹੀ ਦਰਿਆ ਦੇ ਕੰਢੇ ਸਸਕਾਰ ਵਾਲੀ ਥਾਂ ਲਿਜਾਇਆ ਗਿਆ।

੩੦ ਭਾਦਰੋਂ ੨੦੦੨ ਨੂੰ ਬੀਬੀ ਰਾਜਿੰਦਰ ਕੌਰ ਜੀ ਨਮਿਤ ਸ੍ਰੀ ਭੈਣੀ ਸਾਹਿਬ ਵਿਖੇ ਪਾਠਾਂ ਦੇ ਭੋਗ ਪਾਏ ਗਏ। ਇਸ ਮੌਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਆਪਣੇ ਮੁਖਾਰਬਿੰਦ ਤੋਂ ਇਹ ਸ਼ਬਦ ਪੜ੍ਹਿਆ

"ਜੋ ਦਿਨ ਆਵਹਿ ਸੋ ਦਿਨ ਜਾਹੀ
ਕਰਨਾ ਕੂਚ ਰਹਨਾ ਥਿਰੁ ਨਾਹੀ"

ਸ੍ਰੀ ਆਦਿ ਗ੍ਰੰਥ, ਪੰਨਾ ਨੰ: ੭੯੩

ਇਸ ਦੀ Nutition (ਸੁਰ ਲਿਪੀ ਅੰਕਣ) ਉਸਤਾਦ ਹਰਭਜਨ ਸਿੰਘ ਜੀ ਦੇ ਦੱਸਣ ਮੁਤਾਬਕ

ਇਸ ਪ੍ਰਕਾਰ ਹੈ :

"ਜੋ ਦਿਨ ਆਵਹਿ ਸੋ ਦਿਨ ਜਾਹੀ
ਕਰਨਾ ਕੂਚ ਰਹਨਾ ਥਿਰੁ ਨਾਹੀ।"

ਰਾਗ ਜ਼ਿਲਾ ਤਾਲ ਕਹਿਰਵਾ 8 ਮਾਤ੍ਰ

**ਸਥਾਈ**

| 1 | 2 | 3 | 4 | 5 | 6 | 7 | 8 |
|---|---|---|---|---|---|---|---|
| | | | | | | ਸ | ਸਸ |
| | | | | | | ਜੋ | ਦਿਨ |
| ਸ | ਰਗ਼ | ਰ | — | — | ਰਗ਼ | ਗ਼ਰ | ਸਨ |
| ਆ | SS | ਵਹਿ | S | S | SS | ਸੋ S | ਦਿਨ |
| ਸ | ਰਗ਼ | ਰ | — | — | — | ਰਮ | ਗ਼ਰ |
| ਜਾ | SS | ਹੀ | S | S | S | ਕਰ | ਨਾ S |
| ਸ | S | .ਨ਼.ਧ | .ਨ਼ਪ | — | ਪਾ | .ਧ.ਧ | ਸਸ |
| ਕੂ | S | ਚ S | SS | S | S ਰ | ਹਨ | ਥਿਰੁ |
| ਰ | ਰਪ | ਪਮ | ਗ਼ | — | — | ਗ਼ | ਗ਼ਗ਼ |
| ਨਾ | SS | ਹੀ S | S | S | S | ਜੋ | ਦਿਨ |
| ਗ਼ | ਮਪ | ਪਰ | ਰ | ਰ | ਰਗ਼ | ਰਸ | .ਨ਼.ਧ਼ |
| ਆ | SS | ਵਹਿ S | S | S | SS | ਜੋ S | ਦਿਨ |
| ਨ | .ਨ਼ਰ | ਸ | — | — | — | | |
| ਆ | SS | ਵਹਿ | S | S | S | | |

**ਅੰਤਰਾ**

| | | | | | | | |
|---|---|---|---|---|---|---|---|
| | | | | | | ਸ | ਸਸ |
| | | | | | | ਸੰ | ਗੁਚ |
| ਰਮ | ਮ | ਪ | — | — | — | ਪਪ | ਪਧ਼ |
| ਲਤ | S | ਹੈ | S | S | S | ਹਮ | ਭੀ S |
| ਮ | –ਮ | ਪਗ਼ | –ਰ | ਗ਼ਰ | ਸ | ਰਮ | ਗ਼ਰ |
| S | S ਚ | ਲਨਾ | SS | SS | S | ਦੂ S | ਰਿਗ |
| ਸਸ | -- | .ਨ਼.ਧ | .ਨ਼ਪ | — | — | .ਪ.ਧ | .ਧਸ |
| ਵਨੁ | S | ਸਿ S | ਰ S | S | S | ਊ S | ਪਰਿ |
| ਸਰ | ਰਪ | ਪਮ | ਗ਼ | — | — | ਗ਼ | ਗ਼ਗ਼ |
| ਮਰ | SS | ਨਾ S | S | S | S | ਜੋ | ਦਿਨ |
| ਗ਼ | ਮਪ | ਪਰ | ਰ | ਰ | ਰਗ਼ | ਰਸ | .ਨ਼.ਧ਼ |
| ਆ | SS | ਵਹਿ S | S | S | SS | ਜੋ S | ਦਿਨ |
| .ਨ਼ | .ਨ਼ਰ | ਸ | — | — | — | | |
| ਆ | SS | ਵਹਿ | S | S | S | | |

ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ,

"ਸਤਿਗੁਰ ਜੀ ਭੈਣੀ ਸਾਹਿਬ ਰਾਜਿੰਦਰ ਕੌਰ ਜੀ ਨਮਿਤ ੩੦ ਭਾਦਰੋਂ ੧੯ ਭੋਗ ਆਦਿ ਗ੍ਰੰਥ ਸਾਹਿਬ ਦੇ ਪਾਏ। ਤੇ ਦੋ ਭੋਗ ੩੧ ਨੂੰ ਪਾਏ। ਬਿਹੰਗਮ ਸਾਧਾਂ ਨੂੰ ਗੜਵੇ, ਡੋਰੀਆਂ, ਪਊਏ, ਮਾਲਾ, ਕੰਘੇ, ਬਸਤਰ ਦਿੱਤੇ। ਸਤਿਜੁਗ ਤੋਂ ਪੜ੍ਹ ਸੰਗਤ ਬਹੁਤ ਆਈ ਸੀ, ਭੋਗ ਦਾ ਮੇਲਾ ਜਾਣ...।"

—ਜੱਸ ਜੀਵਨ ਭਾਗ ਤੀਜਾ ਪੰਨਾ ੩੪੯

"ਬਾਬਾ ਜਗਜੀਤ ਸਿੰਘ ਜੀ ਦੀ ਲੱਤ 'ਤੇ ਸੱਟ ਵੱਜੀ ਕਰ ਪੱਟੀ ਦੇਖ ਉਨ੍ਹਾਂ ਦੀ ਸੱਸ ਜਗਤ ਕੌਰ ਕਿਹਾ, "ਪੀੜ ਹੁੰਦੀ ਹੋਵੇਗੀ।' ਬਾਬਾ ਜੀ ਉੱਤਰ ਦਿੱਤਾ, 'ਮੰਨੂੰ ਜੋ ਅਗੇ ਸੱਟ ਵਜੀ ਹੈ, ਉਸ ਤੋਂ ਇਹ ਵੱਡੀ ਨਹੀਂ। ਸੋ ਭੀ ਤਾਂ ਜਰ ਹੀ ਲਈ ਏ। ਸਭ ਕੁਝ ਕਰਤੇ ਦਾ ਦਿੱਤਾ ਸਹਿਣਾ ਹੀ ਪੈਂਦਾ ਹੈ। ਜਗਤ ਕੌਰ ਜੀ ਸੁਣ ਸਮਝ ਗਏ ਕਿ ਇਨ੍ਹਾਂ ਰਾਜਿੰਦਰ ਕੌਰ ਦੇ ਚੜ੍ਹਨ ਦੀ ਸੱਟ ਕਹੀ ਹੈ। ਮਾਵਾਂ ਦੇ ਮਨ ਬੜੇ ਨਰਮ ਹੁੰਦੇ ਹਨ, ਹੰਝੂ ਭਰ ਚੁੱਪ ਹੀ ਹੋ ਗਏ 'ਹੇ ਰਾਮ' ਕਹਿ ਕੇ।"

—ਜੱਸ ਜੀਵਨ ਭਾਗ ਚੌਥਾ ਪੰਨਾ ੧੪

ਬੀਬੀ ਰਾਜਿੰਦਰ ਕੌਰ ਜੀ ਜਦੋਂ ਚੜ੍ਹਾਈ ਕੀਤੇ, ਉਸ ਵੇਲੇ ਉਨ੍ਹਾਂ ਦੇ ਪਿਤਾ ਸ. ਊਧਮ ਸਿੰਘ, ਜੋ ਕਿ ਇਕ ਸੁਤੰਤਰਤਾ-ਸੰਗ੍ਰਾਮੀ ਸਨ, ਲਾਹੌਰ ਜੇਲ੍ਹ ਵਿਚ ਸਨ। ਸ. ਊਧਮ ਸਿੰਘ ਹੋਰੀਂ ਚਾਰ ਭਰਾ ਸਨ, ਸਾਰੇ ਸੁਤੰਤਰਤਾ ਸੰਗ੍ਰਾਮੀ ਸਨ। ਆਪ ਦੇਸ਼ ਦੀ ਵੰਡ ਤੋਂ ਪਹਿਲੋਂ ਤੋਂ ਹੀ ਪਿੰਡ ਕਾਲੂਵਾਹਿਰ ਵਿਖੇ ਰਹਿੰਦੇ ਸਨ। ਆਪ ਜੀ ਨੂੰ ਆਪ ਦੇ ਪਿੰਡ ਵਿਖੇ ਹੀ ਨਜ਼ਰਬੰਦ ਰਖਿਆ ਜਾਂਦਾ ਸੀ। ਆਪ ਨੂੰ ਰੋਜ਼ ਥਾਣੇ ਜਾ ਕੇ ਹਾਜ਼ਰੀ ਭਰਨੀ ਪੈਂਦੀ ਸੀ। ਸ. ਊਧਮ ਸਿੰਘ ਸੰਨ 1978 ਵਿਚ ਚੜ੍ਹਾਈ ਕਰ ਗਏ।

ਸ. ਊਧਮ ਸਿੰਘ ਦੇ ਤਿੰਨ ਪੁੱਤਰ ਕੁੰਦਨ ਸਿੰਘ, ਮਲੂਕ ਸਿੰਘ ਤੇ ਜੀਤ ਸਿੰਘ ਹਨ। ਮਲੂਕ ਸਿੰਘ ਤੇ ਜੀਤ ਸਿੰਘ ਇੰਗਲੈਂਡ ਰਹਿੰਦੇ ਹਨ। ਸ. ਕੁੰਦਨ ਸਿੰਘ, ਸੰਨ 1970 ਵਿਚ ਚੜ੍ਹਾਈ ਕਰ ਗਏ, ਆਪ ਪੁਲਿਸ ਵਿਚ ਸਨ। ਸ. ਕੁੰਦਨ ਸਿੰਘ ਦੇ ਦੋ ਪੁੱਤਰ ਤੇ ਦੋ ਧੀਆਂ ਹਨ। ਵੱਡਾ ਪੁੱਤਰ ਸ. ਜਸਪਾਲ ਸਿੰਘ ਰੰਧਾਵਾ, ਖਾਲਸਾ ਕਾਲਜ ਜਲੰਧਰ ਵਿਖੇ ਪੰਜਾਬੀ ਵਿਭਾਗ ਦਾ ਮੁਖੀ ਹੈ। ਸ. ਕੁੰਦਨ ਸਿੰਘ ਦੀ ਸੁਪਤਨੀ ਬੀਬੀ ਹਰਬੰਸ ਕੌਰ, ਆਪਣੇ ਛੋਟੇ ਪੁੱਤਰ ਕੋਲ ਅਮਰੀਕਾ ਰਹਿੰਦੇ ਹਨ।

ਸ. ਕੁੰਦਨ ਸਿੰਘ ਦੀ ਵੱਡੀ ਧੀ ਅਮਨਦੀਪ ਕੌਰ ਤੇ ਉਸ ਦੇ ਪਤੀ ਸ. ਭੁਪਿੰਦਰ ਪਾਲ ਸਿੰਘ ਇੰਜੀਨੀਅਰ, ਤੇ ਉਨ੍ਹਾਂ ਦੇ ਦੋ ਬੱਚੇ, ਮੁਹਾਲੀ ਵਿਖੇ ਸੈਕਟਰ 71, 183 ਐਚ.ਆਈ. ਜੀ. ਫਲੈਟ 'ਚ ਰਹਿੰਦੇ ਹਨ। ਬੀਬੀ ਅਮਨਦੀਪ ਕੌਰ, ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਚ ਲੈਕਚਰਾਰ ਹੈ।

ਸ. ਊਧਮ ਸਿੰਘ ਦੀ ਛੋਟੀ ਧੀ, (ਬੀਬੀ ਰਾਜਿੰਦਰ ਕੌਰ ਦੀ ਛੋਟੀ ਭੈਣ), ਬੀਬੀ ਜੀਤ ਕੌਰ, ਜਿਸ ਦਾ ਵਿਆਹ ਸ੍ਰੀ ਭੈਣੀ ਸਾਹਿਬ ਵਿਖੇ ਸੰਨ 1963 ਵਿਚ ਸ੍ਰ. ਆਤਮਾ ਸਿੰਘ ਨਾਲ ਹੋਇਆ, ਪਿੰਡ ਕਾਲੂਵਾਹਿਰ ਵਿਖੇ, ਆਪਣੇ ਪਿਤਾ ਦੇ ਫਾਰਮ ਵਿਚ ਰਹਿੰਦੀ ਹੈ। ਉਥੇ ਇਨ੍ਹਾਂ ਦਾ ਇਕ ਕੋਲਡ ਸਟੋਰ ਵੀ ਹੈ।

ਮਾਤਾ ਰਾਜਿੰਦਰ ਕੌਰ ਜੀ ਦੇ ਚੜ੍ਹਾਈ ਕਰਨ ਮਗਰੋਂ ਵੱਡੇ ਬਾਬਾ ਜੀ ਲਈ ਕਈ ਹੋਰ ਰਿਸ਼ਤੇ ਆਏ। ਇਕ ਵਾਰ ਸ. ਅਰਜਨ ਸਿੰਘ ਬਾਗੜੀਆ ਨੇ ਆਪਣੀ ਧੀ ਦਾ ਰਿਸ਼ਤਾ ਬਾਬਾ ਜਗਜੀਤ ਸਿੰਘ ਨਾਲ ਕਰਨ ਦਾ ਆਪਣਾ ਵਿਚਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਰੱਖਿਆ। ਸ੍ਰੀ ਸਤਿਗੁਰੂ ਜੀ ਨੇ ਨਿਮਰਤਾ ਸਹਿਤ ਬਚਨ ਕੀਤਾ, "ਮਹਾਰਾਜ, ਤੁਹਾਡਾ ਬਹੁਤ ਬਹੁਤ ਧੰਨਵਾਦ! ਤੁਹਾਡੀ ਧੀ ਮਹਿਲਾਂ ਵਿਚ ਪਲੀ ਹੋਈ ਹੈ। ਅਨੇਕਾਂ ਨੌਕਰ ਚਾਕਰ ਹਰ ਵਕਤ ਸੇਵਾ ਵਿਚ ਰਹਿੰਦੇ ਹਨ। ਮੇਰੀ ਇੱਛਾ ਹੈ ਕਿ ਮੇਰੀ ਨੂੰਹ ਅਜਿਹੀ ਆਵੇ ਜਿਸ ਦੇ ਹੱਥ ਅਰਕਾਂ ਤੀਕ ਸੁਆਹ ਨਾਲ ਲਿਬੜੇ ਰਹਿਣ ਤੇ ਉਹ ਸਾਧ ਸੰਗਤ ਦੇ ਭਾਂਡੇ ਮਾਂਜਣ ਵਾਲੀ, ਤੇ ਸੇਵਾ ਕਰਨ ਵਾਲੀ ਹੋਵੇ।"

## ਦੂਜਾ ਅਨੰਦ-ਕਾਰਜ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਜ਼ਾ ਅਨੁਸਾਰ ਵੱਡੇ ਬਾਬਾ ਜੀ ਦਾ ਦੂਜਾ ਅਨੰਦ ੧੯ ਮਾਘ ੨੦੦੨ (ਸੰਨ 1945) ਨੂੰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਰੋਡੇ ਵਿਖੇ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ, ਬਾਜਾਖਾਨਾ ਰਿਆਸਤ ਫਰੀਦਕੋਟ (ਹੁਣ ਜ਼ਿਲ੍ਹਾ ਬਠਿੰਡਾ) ਦੇ ਪਿਤਾ ਸ. ਸਰਵਣ ਸਿੰਘ ਸਿੱਧੂ ਬਰਾੜ ਅਤੇ ਮਾਤਾ ਸਮਾਂ ਕੌਰ ਦੇ ਘਰ ਸੰਮਤ 1989 ਨੂੰ ਜਨਮੀ ਧੀ ਕਰਤਾਰ ਕੌਰ ਨਾਲ ਹੋਇਆ। ਸੰਤ ਪ੍ਰੀਤਮ ਸਿੰਘ ਜੀ ਚੇਲੇਕਿਆਂ ਵਾਲਿਆਂ ਨੇ ਅੰਮ੍ਰਿਤ ਛਕਾਇਆ। ਮਹਾਨ ਤਪੱਸਵੀ ਸੰਤ ਰਲਾ ਸਿੰਘ ਨੇ ਭਜਨ ਦੱਸਿਆ। ਅਨੰਦ-ਕਾਰਜਾਂ ਉਪਰੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀਬੀ ਕਰਤਾਰ ਕੌਰ ਦਾ ਨਾਂ ਬਦਲ ਕੇ 'ਚੰਦ ਕੌਰ' ਰੱਖ ਦਿਤਾ। ਇਹੀ ਮਾਤਾ ਚੰਦ ਕੌਰ ਜੀ ਹਨ, ਜਿਨ੍ਹਾਂ ਦੇ ਅੱਜ ਅਸੀਂ ਦਰਸ਼ਨ ਕਰ ਰਹੇ ਹਾਂ।

ਮਾਤਾ ਚੰਦ ਕੌਰ ਜੀ ਆਪਣੇ ਵਿਆਹ ਤੋਂ ਪਹਿਲੋਂ ਆਪਣੀ ਮਾਤਾ ਸਮਾਂ ਕੌਰ ਦੇ ਮਾਮਾ ਜੀ ਸੂਬਾ ਇੰਦਰ ਸਿੰਘ ਜੀ (ਰੋਡਿਆਂ ਵਾਲੇ) ਨਾਲ, ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੱਥਾ ਟੇਕਣ ਆਏ। ਸੱਚੇ ਪਾਤਸ਼ਾਹ ਜੀ ਨੇ ਸੇਵਾ ਕਰਨ ਦਾ ਆਦੇਸ਼ ਦੇ ਦਿੱਤਾ। ਉਨ੍ਹੀਂ ਦਿਨੀਂ ਸ੍ਰੀ ਭੈਣੀ ਸਾਹਿਬ ਵਿਖੇ ਚਾਲੀ ਦਿਨਾਂ ਦਾ ਜਪ-ਪ੍ਰਯੋਗ ਚਲ ਰਿਹਾ ਸੀ। ਬੀਬੀ ਜੀ (ਮਾਤਾ ਚੰਦ ਕੌਰ) ਨੇ ਸੇਵਾ ਦੁਆਰਾ ਸਭ ਦੇ ਦਿਲਾਂ ਨੂੰ ਮੋਹ ਲਿਆ ਤੇ ਪ੍ਰਬੰਧਕਾਂ ਦੇ ਅਰਜ਼ ਕਰਨ ਤੇ ਸੱਚੇ ਪਾਤਸ਼ਾਹ ਜੀ ਨੇ ਵੱਡੇ ਬਾਬਾ ਜੀ ਨਾਲ ਇਸ ਬੀਬੀ ਦੇ ਅਨੰਦ ਦੀ ਪ੍ਰਵਾਨਗੀ ਦੇ ਦਿਤੀ। ਅਨੰਦ-ਕਾਰਜਾਂ ਸਮੇਂ ਸਾਧ-ਸੰਗਤ ਨੇ ਬਹੁਤ ਖੁਸ਼ੀਆਂ ਮਨਾਈਆਂ, ਪਰ ਸ੍ਰੀ ਸਤਿਗੁਰੂ

ਪ੍ਰਤਾਪ ਸਿੰਘ ਜੀ ਨੇ ਕਿਸੇ ਨੂੰ ਕੋਈ ਉਚੇਚ ਨਹੀਂ ਕਰਨ ਦਿੱਤਾ।

ਸੂਬਾ ਇੰਦਰ ਸਿੰਘ ਜੀ ਰੋੜਿਆਂ ਵਾਲੇ ਦੀ ਭੈਣ ਦਯਾ ਕੌਰ ਅਤੇ ਭਣੋਈਏ ਮੰਨਾ ਸਿੰਘ ਦੀ ਧੀ ਸਮਾਂ ਕੌਰ (ਮਾਤਾ ਚੰਦ ਕੌਰ ਜੀ ਦੇ ਮਾਤਾ ਜੀ) ਦਾ ਵਿਆਹ ਗੁਰਦਿਆਲ ਸਿੰਘ ਬਾਜੇਖਾਨੇ ਦੇ ਨੇ ਸ. ਸਰਵਣ ਸਿੰਘ ਵੱਲ, ਜੋ ਕਿ ਖੁੱਲ੍ਹੇ ਸਿੱਖ ਸਨ, ਕਰਵਾ ਦਿਤਾ ਸੀ। ਸੂਬਾ ਇੰਦਰ ਸਿੰਘ ਜੀ ਇਸ ਗੱਲ 'ਤੇ ਨਰਾਜ਼ ਸਨ।

"ਬਾਬਾ ਬਦਨ ਸਿੰਘ ਚੜਿਕ ਨੇ ਅਨੰਦ ਕਰਵਾਇਆ। ਸਤਿਗੁਰ ਜੀ ਨੇ ਗੁਰਦਿਆਲ ਸਿੰਘ ਤੇ ਬਦਨ ਸਿੰਘ ਜੀ ਨੂੰ ਡੰਨ ਲਾਇਆ ਤੇ ਕਿਹਾ, 'ਸਰਵਣ ਸਿੰਘ ਕੂਕੇ ਦੀ ਧੀ ਲੈ ਕੇ ਸਨਮੁਖ ਭੀ ਰਹੇਗਾ ਤੇ ਸਾਨੂੰ ਧੀ ਦੇਵੇਗਾ ਭੀ।"

—ਜੱਸ ਜੀਵਨ ਭਾਗ ਚੌਥਾ ਪੰਨਾ ੨੪-੨੫

ਸਮਾਂ ਪਾ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਹ ਬਚਨ ਪੂਰਾ ਹੋ ਗਿਆ ਸੀ।

ਮਾਤਾ ਚੰਦ ਕੌਰ ਜੀ ਖ਼ੁਦ ਹੱਥੀਂ ਸੇਵਾ ਕਰਦੇ ਹਨ। ਡੰਗਰਾਂ ਵਾਲੀ ਥਾਂ ਆਪ ਗੋਹਾ ਚੁੱਕਣਾ, ਸਫਾਈ ਕਰਨੀ, ਦੁੱਧ ਚੋਣਾਂ, ਲੰਗਰ ਵਿਚ ਮਾਈਆਂ ਬੀਬੀਆਂ ਨੂੰ ਨਾਲ ਲਾ, ਦਾਲਾਂ ਚੁਗਣੀਆਂ, ਭਾਜੇ ਕੱਟਣ ਦੀ ਸੇਵਾ ਕਰਨੀ, ਭਾਂਡੇ ਮਾਂਜਣੇ, ਹਰ ਤਰ੍ਹਾਂ ਨਾਲ ਸੇਵਾ ਦੇ ਖੇਤਰ ਵਿਚ ਰੁੱਝੇ ਰਹਿੰਦੇ ਹਨ।

ਸ੍ਰੀ ਭੈਣੀ ਸਾਹਿਬ ਡੇਰੇ ਵਿਚ ਰਹਿਣ ਵਾਲੇ ਸਰੀਰਾਂ ਦਾ ਧਿਆਨ ਰੱਖਣ ਦੇ ਨਾਲ-ਨਾਲ ਮਾਤਾ ਚੰਦ ਕੌਰ ਜੀ, ਬਾਹਰੋਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈ ਸਾਧ-ਸੰਗਤ ਦੀਆਂ ਸੁਖ-ਸੁਵਿਧਾਵਾਂ ਦਾ ਵੀ ਉਚਿਤ ਪ੍ਰਬੰਧ ਕਰਦੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ਜਿਥੇ ਮਾਤਾ ਜੀ ਸਾਰੇ ਡੇਰੇ ਵਿਚ ਰਹਿਣ ਵਾਲੇ ਸੇਵਾਦਾਰਾਂ ਨੂੰ, ਕੱਪੜੇ, ਦੁੱਧ ਅਤੇ ਹੋਰ ਲੋੜੀਂਦੀਆਂ ਵਸਤਾਂ ਪ੍ਰਦਾਨ ਕਰਦੇ ਹਨ ਉਥੇ ਆਪ ਬਿਰਧਸ਼ਾਲਾ ਵਿਚ ਬਿਰਧਾਂ ਅਤੇ ਬੀਮਾਰਾਂ ਦਾ ਖਾਸ ਧਿਆਨ ਰੱਖਦੇ ਹਨ।

ਸ੍ਰੀ ਭੈਣੀ ਸਾਹਿਬ ਜਾਂ ਹੋਰ ਕਿਧਰੇ ਵੀ ਜਦੋਂ ਕੋਈ ਵੱਡਾ ਸਮਾਗਮ ਹੋਵੇ, ਮਾਤਾ ਜੀ ਲੰਗਰ ਵਿਚ ਮੋਹਰੀ ਹੁੰਦੇ ਹਨ। ਹਰ ਮੇਲੇ ਸਮੇਂ ਆਪ ਚਾਹਟਾ, ਦੁੱਧ ਵਰਤਾਉਣ ਦੀ ਸੇਵਾ ਕਰਦੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਜਿਥੇ ਕਿਧਰੇ ਉਸਾਰੀ ਦਾ ਕੰਮ ਚਲ ਰਿਹਾ ਹੋਵੇ, ਚਾਹੇ ਉਹ ਰਾਮਸਰੋਵਰ ਬਣਿਆ, ਸਿਮ੍ਰਤੀ-ਮੰਦਰ ਤੇ ਜਾਂ ਸਾਧ-ਸੰਗਤ ਤੇ ਸੇਵਕਾਂ ਲਈ ਰਿਹਾਇਸ਼ੀ ਡੇਰੇ ਤੇ ਜਾਂ ਕੋਈ ਹੋਰ ਉਸਾਰੀ ਦਾ ਕੰਮ, ਮਾਤਾ ਚੰਦ ਕੌਰ ਜੀ ਮੂਹਰੇ ਹੋ ਵੱਧ ਚੜ੍ਹ ਕੇ ਸੇਵਾ ਕਰਨ ਦਾ ਆਪਣਾ ਯੋਗਦਾਨ ਪਾਉਂਦੇ ਹਨ ਅਤੇ ਹੋਰਨਾਂ ਨੂੰ ਵੀ ਸੇਵਾ ਕਰਨ ਲਈ ਪ੍ਰੇਰਨਾ ਦੇ, ਉਤਸ਼ਾਹਿਤ ਕਰਦੇ ਹਨ।

ਮਾਤਾ ਚੰਦ ਕੌਰ ਜੀ ਦਾ ਸਾਰਾ ਪੇਕਾ ਪਰਿਵਾਰ, ਜਗਜੀਤ ਨਗਰ (ਜ਼ਿਲ੍ਹਾ ਸਰਸਾ) ਵਿਖੇ

ਰਹਿੰਦਾ ਹੈ। ਆਪ ਜੀ ਦੀਆਂ ਦੋ ਭੈਣਾਂ ਤੇ ਤਿੰਨ ਭਰਾ ਹਨ। ਆਪ ਜੀ ਦੇ ਭਰਾ ਸਰਵ ਸ੍ਰੀ ਬਲੀ ਸਿੰਘ, ਗੁਰਦੇਵ ਸਿੰਘ ਤੇ ਗੁਰਨਾਮ ਸਿੰਘ ਹਨ। ਸੰਤ ਬਲੀ ਸਿੰਘ ਦੇ ਤਿੰਨ ਧੀਆਂ ਤੇ ਦੋ ਪੁੱਤਰ ਬਲਦੇਵ ਸਿੰਘ 'ਕਾਕੂ' ਤੇ ਅਮਰ ਸਿੰਘ 'ਅੰਬਾ' ਹਨ। ਅੰਬਾ ਦੇ ਘਰ ਇਕ ਪੁੱਤਰ ਅਤੇ ਕਾਕੂ ਦੇ ਘਰ ਇਕ ਗੁੱਡੀ ਹੈ। ਸੰਤ ਗੁਰਨਾਮ ਸਿੰਘ ਦੇ ਘਰ ਇਕ ਧੀ ਹੈ ਅਤੇ ਸੰਤ ਗੁਰਦੇਵ ਸਿੰਘ ਦੇ ਘਰ ਇਕ ਪੁੱਤਰ ਤੇ ਦੋ ਧੀਆਂ ਹਨ। ਮਾਤਾ ਚੰਦ ਕੌਰ ਜੀ ਦੀਆਂ ਦੋ ਭੈਣਾਂ ਬੀਬੀ ਗੁਰਨਾਮ ਕੌਰ ਜਗਜੀਤ ਨਗਰ ਤੇ ਬੀਬੀ ਸੁਖਪਾਲ ਕੌਰ ਦਮਦਮੇ ਰਹਿੰਦੀਆਂ ਹਨ।

### ਸੰਤਾਨ

ਵਿਆਹ ਤੋਂ ਸਤਾਰਾਂ ਸਾਲ ਬਾਅਦ (ਵੱਡੇ ਬਾਬਾ ਜੀ ਦੇ ਗੁਰਗੱਦੀ 'ਤੇ ਸੁਸ਼ੋਭਿਤ ਹੋਣ ਉਪਰੰਤ) ਸ੍ਰੀ ਸਤਿਗੁਰੂ ਜਗਜੀਤ ਸਿੰਘ ਤੇ ਮਾਤਾ ਚੰਦ ਕੌਰ ਜੀ ਦੇ ਘਰ 27 ਦਸੰਬਰ 1962 (੧੩ ਪੋਹ ੨੦੧੯) ਨੂੰ ਸ਼ਾਮ ਦੇ ਸੱਤ ਵਜੇ, ਲੜਕੀ ਦਾ ਜਨਮ ਹੋਇਆ, ਜਿਸ ਦਾ ਨਾਂ ਰਖਿਆ ਗਿਆ, 'ਸਾਹਿਬ ਕੌਰ'। ਸੰਗਤ ਵਿਚ ਸਾਹਿਬ ਕੌਰ ਨੂੰ 'ਬੀਬਾ ਜੀ' ਦੇ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਿਆਰ ਨਾਲ 'ਗੁੱਡੀ' ਆਖ ਸੱਦਦੇ ਹਨ।

(ਬੀਬਾ ਸਾਹਿਬ ਕੌਰ ਜੀ ਦਾ ਵਿਆਹ 2 ਦਸੰਬਰ 1979 ਨੂੰ ਸ੍ਰੀ ਭੈਣੀ ਸਾਹਿਬ ਵਿਖੇ, ਪਨਿਹਾਰੀ, ਜ਼ਿਲ੍ਹਾ ਸਰਸਾ ਦੇ ਸੰਤ ਜਗਤਾਰ ਸਿੰਘ ਸਪੁੱਤਰ ਸੰਤ ਮਹਿੰਦਰ ਸਿੰਘ ਨਾਲ ਹੋਇਆ। ਬੀਬਾ ਜੀ ਦੇ ਘਰ ਦੋ ਬੱਚੇ, ਕਾਕਾ ਜੈ ਸਿੰਘ ਤੇ ਗੁੱਡੀ ਜੈ ਕੌਰ ਹਨ।)

# ਦੇਸ਼ ਦੀ ਵੰਡ ਸਮੇਂ

ਭਾਰਤ ਨੂੰ ਅਜ਼ਾਦੀ ਮਿਲਣ ਤੋਂ ਪਹਿਲੋਂ ਦੇ ਹਾਲਾਤ ਵੇਖਦਿਆਂ, ਅੰਤਰਯਾਮੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਦਿੱਬ ਦ੍ਰਿਸ਼ਟੀ ਨਾਲ ਇਹ ਜਾਣ ਲਿਆ ਸੀ ਕਿ ਦੇਸ਼ ਦਾ ਵੰਡਾਰਾ ਹੋ ਕੇ ਹੀ ਰਹੇਗਾ ਤੇ ਹੋਇਆ ਵੀ ਇਵੇਂ ਹੀ।

ਅੰਗ੍ਰੇਜ਼ਾਂ ਦੀ ਕੁਟਲ-ਨੀਤੀ ਰੰਗ ਲਿਆਈ। ਜਾਂਦੇ-ਜਾਂਦੇ ਅੰਗ੍ਰੇਜ਼, ਹਿੰਦੁਸਤਾਨ ਦੇ ਦੋ ਟੁਕੜੇ ਕਰ ਗਏ—ਭਾਰਤ ਤੇ ਪਾਕਿਸਤਾਨ। ਹਿੰਦੁਸਤਾਨ ਦੇ ਟੁਕੜੇ ਕਰਨ ਪਿੱਛੇ, ਅੰਗ੍ਰੇਜ਼ਾਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਕੰਮ ਕਰ ਰਹੀ ਸੀ, ਜਿਸ ਦੇ ਫਲਸਰੂਪ ਦੇਸ਼ ਦੇ ਟੁਕੜੇ ਹੀ ਨਹੀਂ ਹੋਏ ਸਗੋਂ ਲੱਖਾਂ ਲੋਕ ਬੇਘਰ ਤੇ ਬੇਸਹਾਰਾ ਹੋ ਕੇ ਆਪੋ-ਆਪਣੇ ਮੁਲਕ ਵਲ ਨੂੰ ਭੱਜੇ। ਬਹੁਤ ਨੁਕਸਾਨ ਹੋਇਆ, ਲੱਖਾਂ ਜਾਨਾਂ ਗਈਆਂ, ਘਰ ਉੱਜੜੇ।

### ਵੰਡ ਤੋਂ ਪਹਿਲਾਂ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਦੇ ਪਿੰਡਾਂ ਵਿਚ ਜਾ ਕੇ, ਲੋਕਾਂ ਨੂੰ ਆਖਿਆ ਕਿ "ਹਿੰਦੁਸਤਾਨ ਦੀ ਵੰਡ ਹੋ ਕੇ ਰਹੇਗੀ, ਰਾਵੀ ਟੱਪ ਜਾਵੋ ਨਹੀਂ ਤਾਂ ਔਖੇ ਹੋਵੋਗੇ, ਘੱਟੋ-ਘੱਟ ਆਪਣੇ ਬੱਚੇ ਤੇ ਜ਼ਰੂਰੀ ਸਮਾਨ ਇਥੋਂ ਜ਼ਰੂਰ ਲੈ ਚਲੋ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਈ ਥਾਈਂ ਆਪ ਗਏ, ਬਹੁਤੇ ਥਾਵਾਂ 'ਤੇ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਭੇਜਿਆ। ਵੱਡੇ ਬਾਬਾ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਇਹ ਹੁਕਮ ਹਿੰਦੂ-ਸਿੱਖਾਂ ਨੂੰ ਜਾ ਜਾ ਕੇ ਸੁਣਾਇਆ ਤੇ ਉਧਰੋਂ ਨਿਕਲ ਆਉਣ ਲਈ ਪ੍ਰੇਰਿਆ।

ਪਾਕਿਸਤਾਨ ਦੇ ਬਣ ਜਾਣ ਬਾਰੇ ਅਗਾਊਂ ਜਾਣ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲਾਂ ਹੀ ਸਰਸੇ ਦੇ ਇਲਾਕੇ ਵਿਚ ਕਾਫੀ ਜ਼ਮੀਨ ਲੈਣ ਅਤੇ ਨਾਮਧਾਰੀ ਸਿੰਘਾਂ ਨੂੰ ਉਸ ਪਾਸੇ ਵਸਾਉਣ ਦਾ ਨਿਰਣਾ ਕਰ ਲਿਆ ਸੀ। ਜ਼ਮੀਨ ਖਰੀਦਣ ਅਤੇ ਲੋੜੀਂਦੀ ਰਕਮ ਬਾਰੇ ਵੀ, ਸਭ ਇਛੁੱਕ ਨਾਮਧਾਰੀਆਂ ਨੂੰ ਦੱਸ ਦਿੱਤਾ ਗਿਆ ਸੀ। ਸ੍ਰੀ ਸਤਿਗੁਰੂ ਜੀ ਨੇ ਇਸ ਜ਼ਮੀਨ ਨੂੰ ਖ਼ਰੀਦਣ ਲਈ ਨਾਮਧਾਰੀਆਂ ਨੂੰ ਪ੍ਰੇਰਨਾ ਅਤੇ ਉੱਦਮ ਦਿਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਸ ਜ਼ਮੀਨ ਨੂੰ ਖ਼ਰੀਦਣ ਦਾ ਇਰਾਦਾ ਕਰਨ ਪਿੱਛੇ, ਇਕ ਹੋਰ ਵੀ ਬਹੁਤ ਵੱਡਾ ਕਾਰਣ ਸੀ। ਉਹ ਚਾਹੁੰਦੇ ਸੀ ਬੇਜ਼ਮੀਨੇ ਗਰੀਬ ਮੁਜਾਰੇ ਸਿੱਖਾਂ ਨੂੰ, ਜੋ ਹੋਰ ਸਰਦਾਰਾਂ ਦੀਆਂ ਜ਼ਮੀਨਾਂ 'ਤੇ ਕਾਸ਼ਤ ਕਰਦੇ, ਆਪਣਾ ਗੁਜ਼ਾਰਾ ਕਰਦੇ ਸਨ, ਜ਼ਮੀਨਾਂ ਦੇ ਮਾਲਕ ਬਣਾ ਕੇ ਉਨ੍ਹਾਂ ਨੂੰ ਹੋਰਨਾਂ ਦੀ ਅਧੀਨਗੀ ਤੋਂ ਕੱਢ ਕੇ, ਉਨ੍ਹਾਂ ਦੇ ਸਮਾਜਿਕ ਤੇ ਆਰਥਿਕ ਹਾਲਾਤ ਨੂੰ ਬੇਹਤਰ ਕਰਨਾ।

ਪਾਕਿਸਤਾਨ ਬਣਨ ਤੋਂ ਪਹਿਲੋਂ ਦੀ ਗੱਲ ਹੈ. ਸ. ਹੀਰਾ ਸਿੰਘ ਭਿੰਡਰ ਤੇ ਉਨ੍ਹਾਂ ਦੇ ਭਰਾ ਦੀ ਘਰੀਂ. ਬੱਚਾ-ਬੱਚੀ ਹੋਣ ਵਾਲੇ ਸਨ। ਇਹ ਨਾਮਧਾਰੀ ਸਿੱਖ. ਮੁਜਾਰੇ ਸਨ। ਇਸ ਸਮੇਂ ਦੌਰਾਨ ਚੋਣਾਂ ਆ ਗਈਆਂ। ਜ਼ਮੀਨ ਮਾਲਕਾਂ ਨੇ ਇਨ੍ਹਾਂ ਨੂੰ ਕਿਹਾ ਕਿ ਵੋਟਾਂ ਸਾਡੇ ਆਖੇ ਪਾਵੋ. ਇਨ੍ਹਾਂ ਸਿੱਖਾਂ ਕਿਹਾ. 'ਅਸੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਅਰਜ਼ ਕਰਾਂਗੇ. ਜਿਥੇ ਹੁਕਮ ਹੋਇਆ ਵੋਟਾਂ ਉਥੇ ਹੀ ਪਾਵਾਂਗੇ।' ਇਹ ਸੁਣ ਕੇ ਜ਼ਮੀਨ ਮਾਲਕਾਂ ਨੇ ਕਿਹਾ ਕਿ 'ਜੇ ਤੁਸੀਂ ਵੋਟਾਂ ਸਾਡੇ ਆਖੇ ਨਾ ਪਾਈਆਂ ਤਾਂ ਅਸਾਂ ਬੀਜੀਆਂ ਫਸਲਾਂ ਸਾਂਭ ਲੈਣੀਆਂ ਹਨ. ਤੁਹਾਨੂੰ ਪੈਲੀ ਵਿਚ ਵੜਨ ਨਹੀਂ ਦੇਣਾ।'

ਇਹ ਸੁਣ ਕੇ ਸ. ਹੀਰਾ ਸਿੰਘ. ਉਨ੍ਹਾਂ ਦੇ ਭਰਾ ਤੇ ਹੋਰ ਕਈ ਪਰਿਵਾਰ, ਜਿਹੜੇ ਮੁਜਾਰੇ ਸਨ. ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਆ ਕੇ ਆਪਣਾ ਦੁੱਖ ਦੱਸਿਆ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ 'ਤੁਸੀਂ ਵੋਟਾਂ ਪਾਵੋ. ਵੋਟਾਂ ਤੋਂ ਬਾਅਦ ਮੈਂ ਤੁਹਾਨੂੰ ਉਹਨਾਂ (ਜ਼ਮੀਨ ਮਾਲਕਾਂ) ਦੇ ਅਧੀਨ ਨਹੀਂ ਰਹਿਣ ਦੇਣਾ। ਤੁਹਾਨੂੰ ਮੈਂ ਜ਼ਮੀਨਾਂ ਦੇ ਮਾਲਕ ਬਣਾ ਦੇਣਾ ਹੈ।' ਇਸ ਗੱਲ ਨੂੰ ਮੁੱਖ ਰੱਖ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜ਼ਮੀਨ ਖਰੀਦੀ ਅਤੇ ਬੇਜ਼ਮੀਨੇ ਗ਼ਰੀਬ ਸਿੱਖਾਂ ਨੂੰ ਜ਼ਮੀਨਾਂ ਵੰਡ ਕੇ ਜ਼ਮੀਨਾਂ ਦੇ ਮਾਲਕ ਬਣਾ, ਹੋਰਨਾਂ ਦੀ ਅਧੀਨਗੀ ਵਿਚੋਂ ਕੱਢਿਆ।

ਇਸ ਜ਼ਮੀਨ ਖ਼ਰੀਦਣ ਦੇ ਮੌਕੇ. ਵੱਡੇ ਬਾਬਾ ਜੀ ਨੇ ਬਹੁਤ ਮਿਹਨਤ ਤੇ ਭੱਜ-ਨੱਠ ਕੀਤੀ। ਰੁਪਏ ਇਕੱਠੇ ਕਰਨ ਤੋਂ ਲੈ ਕੇ ਜ਼ਮੀਨ ਦੀ ਰਜਿਸਟਰੀ ਕਰਾਉਣ ਤੱਕ ਦੀ ਵੱਡੀ ਜ਼ੁੰਮੇਵਾਰੀ ਦਾ ਕੰਮ ਬੜੇ ਸੁਚੱਜੇ ਢੰਗ ਨਾਲ ਵੱਡੇ ਬਾਬਾ ਜੀ ਨੇ ਸੰਪੂਰਨ ਕੀਤਾ ਅਤੇ ਕਰਵਾਇਆ।

ਇੰਜ ਦੇਸ਼ ਦੀ ਵੰਡ ਤੋਂ ਪਹਿਲਾਂ ਸਰਸੇ ਲਾਗੇ ਦੇ ਕੁਝ ਪਿੰਡਾਂ ਦੀ ਗੈਰ-ਅਬਾਦ ਜੰਗਲ ਵਾਲੀ ਜ਼ਮੀਨ 12430 ਏਕੜ (ਕਰੀਬ 497 ਮੁਰੱਬੇ) ਪਾਕਿਸਤਾਨੋਂ ਉੱਜੜ ਕੇ ਆਏ ਸਿੱਖਾਂ ਨੂੰ ਮੁੜ ਵਸਾਉਣ ਅਤੇ ਗ਼ਰੀਬ ਮੁਜਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਨਾਉਣ ਹਿਤ ਖ਼ਰੀਦ ਲਈ ਗਈ। ਇਸ ਜ਼ਮੀਨ ਦੀ ਰਜਿਸਟਰੀ ਜਨਵਰੀ 1947 ਵਿਚ ਕਰਵਾ ਲਈ ਸੀ। ਇਹ ਉਹੀ ਸ੍ਰੀ ਜੀਵਨ ਨਗਰ ਇਲਾਕੇ ਦੀ ਜ਼ਮੀਨ ਹੈ. ਜਿਸ ਨੂੰ ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਕ. ਨਾਮਧਾਰੀ ਸਿੱਖਾਂ ਨੇ ਬੜੀ ਮਿਹਨਤ ਨਾਲ ਅਬਾਦ ਕੀਤਾ ਤੇ ਜਿਥੇ ਅੱਜ ਵੇਲੇ ਪੂਰਨ ਖੁਸ਼ਹਾਲੀ ਛਾਈ ਹੋਈ ਹੈ।

### ਵੰਡ ਸਮੇਂ

ਵੰਡ ਸਮੇਂ ਵੀ. ਵੱਡੇ ਬਾਬਾ ਜੀ ਨੇ ਸਿੱਖਾਂ ਨੂੰ ਉਧਰੋਂ ਕੱਢ ਕੇ ਲਿਆਂਦਾ। ਮਿਲਟਰੀ ਵਾਲਿਆਂ ਨੂੰ ਕਹਿ ਕੇ. ਕੱਢ ਕੱਢ ਕੇ ਉਧਰੋਂ ਸਿੱਖਾਂ ਨੂੰ ਸੁਰੱਖਿਆ ਸਹਿਤ ਇਧਰ ਲਿਆਏ। ਦਿਨ-ਰਾਤ ਇਕ ਕਰ ਕੇ ਸੇਵਾ ਕੀਤੀ। ਕਦੇ ਅਕੇਵਾਂ-ਥਕੇਵਾਂ ਮਹਿਸੂਸ ਨਹੀਂ ਕੀਤਾ।

ਵੱਡੇ ਬਾਬਾ ਜੀ ਨਾਲ. ਸ. ਹਰੀ ਸਿੰਘ ਵਡਾਣੀਆਂ. ਸੰਤ ਕਿਰਪਾਲ ਸਿੰਘ ਝੱਬਰ ਅਤੇ ਜਥੇਦਾਰ ਨਾਹਰ ਸਿੰਘ ਡਰਾਈਵਰ ਹੋਇਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਕ੍ਰੀਬ ਪੌਣੇ ਦੋ ਲੱਖ ਰੁਪਿਆ ਆਵਾਜਾਈ ਵਿਚ ਅਤੇ ਸਿੱਖਾਂ ਨੂੰ ਉਧਰੋਂ ਕੱਢ ਕੇ ਲਿਆਉਣ 'ਤੇ ਖਰਚ ਹੋਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਹ ਫਿਕਰ ਰਹਿੰਦਾ ਸੀ ਕਿ ਪੱਛਮੀ ਪੰਜਾਬ ਵਿਚੋਂ ਨਾਮਧਾਰੀ ਸੰਗਤ ਅਤੇ ਹੋਰ ਹਿੰਦੂ-ਸਿੱਖ, ਸੁੱਖ-ਸਾਂਦ ਨਾਲ ਇਧਰ ਆ ਜਾਣ। ਵੱਡੇ ਬਾਬਾ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਕ, ਭਾਰਤ ਤੇ ਪਾਕਿਸਤਾਨ ਦੀ ਸਰਹੱਦ 'ਤੇ ਸਿੱਖ ਖੜ੍ਹੇ ਕੀਤੇ ਹੁੰਦੇ ਸਨ, ਜਿਹੜੇ ਉਧਰੋਂ ਆਉਣ ਵਾਲਿਆਂ ਨੂੰ ਸੰਭਾਲਦੇ। ਸ਼ਰਨਾਰਥੀ ਰੂਪ ਵਿਚ ਆਉਣ ਵਾਲੇ ਹਿੰਦੂ-ਸਿੱਖਾਂ ਵਾਸਤੇ ਪਹਿਲਾ ਕੈਂਪ ਅੰਮ੍ਰਿਤਸਰ ਵਿਖੇ ਸੀ, ਜਿਥੇ ਨਾਮਧਾਰੀ ਧਰਮਸ਼ਾਲਾ ਵਿਚ ਉਨ੍ਹਾਂ ਵਾਸਤੇ ਥੋੜ੍ਹਾ ਚਿਰ ਠਹਿਰਨ ਦਾ ਅਤੇ ਪ੍ਰਸ਼ਾਦਾ-ਪਾਣੀ ਛਕਣ ਦਾ ਪ੍ਰਬੰਧ, ਸ੍ਰੀ ਸਤਿਗੁਰੂ ਜੀ ਵਲੋਂ ਕੀਤਾ ਹੋਇਆ ਸੀ।

### ਵੰਡ ਤੋਂ ਬਾਅਦ

ਜਦੋਂ ਪਾਕਿਸਤਾਨ ਬਣ ਜਾਣ ਤੋਂ ਬਾਅਦ, ਵੱਡੀ ਗਿਣਤੀ ਵਿਚ ਨਾਮਧਾਰੀ ਸਿੱਖ ਇਸ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਰਹਿਣ ਲਗ ਪਏ ਤਾਂ ਉਨ੍ਹਾਂ ਦੀ ਸਾਂਭ ਸੰਭਾਲ ਅਤੇ ਉਨ੍ਹਾਂ ਨੂੰ ਜ਼ਮੀਨਾਂ ਦੀ ਅਲਾਟਮੈਂਟ ਕਰਨ ਦਾ ਕੰਮ ਬਹੁਤ ਵੱਡਾ ਸੀ। ਇਸ ਕੰਮ ਨੂੰ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਵੱਡੇ ਬਾਬਾ ਜੀ ਨੇ ਬੜੀ ਸੂਝ ਅਤੇ ਨਿਮਰਤਾ ਨਾਲ ਕੀਤਾ। ਆਪ ਸਾਰੀ ਸਾਧ ਸੰਗਤ ਦੇ ਦੁਖ-ਸੁਖ ਦਾ ਧਿਆਨ ਰੱਖਦੇ। ਉਨ੍ਹਾਂ ਨੂੰ ਪੈਸੇ ਦੇਣੇ, ਡੰਗਰ ਪਸ਼ੂ ਦੇਣੇ ਅਤੇ ਹੋਰ ਲੋੜੀਂਦੀਆਂ ਵਸਤਾਂ ਦੇਣੀਆਂ, ਇਨ੍ਹਾਂ ਸਾਰੇ ਕੰਮਾਂ ਦੀ ਜ਼ੁੰਮੇਵਾਰੀ ਵੱਡੇ ਬਾਬਾ ਜੀ ਦੀ ਸੀ।

ਘੱਟ ਸਹੂਲਤਾਂ, ਨਵੀਆਂ ਥਾਵਾਂ ਅਤੇ ਵੱਖੋ-ਵੱਖਰੇ ਵਿਚਾਰਾਂ ਤੇ ਸੁਭਾਓ ਰੱਖਣ ਵਾਲੇ ਲੋਕਾਂ ਨੂੰ, ਬੜੀ ਸਿਆਣਪ ਤੇ ਧੀਰਜ ਨਾਲ, ਵੱਡੇ ਬਾਬਾ ਜੀ ਹੌਸਲਾ ਕਰਨ, ਇਕੱਠੇ ਰਹਿਣ ਤੇ ਮਿਲ ਬੈਠਣ ਦੀ ਪ੍ਰੇਰਨਾ ਦਿੰਦੇ।

ਸੰਨ 1948 ਈ: ਵਿਚ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿਆਮ (ਥਾਈਲੈਂਡ) ਦੀ ਸੰਗਤ ਨੂੰ ਦਰਸ਼ਨ ਦੇਣ ਜਾਣਾ ਸੀ। ਸ੍ਰੀ ਜੀਵਨ ਨਗਰ ਦੀ ਤਦੋਂ ਨਵੀਂ ਨਵੀਂ ਵੱਸੋਂ ਹੋਈ ਸੀ। ਜ਼ਮੀਨ ਲੈਣ ਵਾਲੇ ਸਿੰਘਾਂ ਦੇ ਆਪਸ ਵਿਚ ਕਈ ਤਰ੍ਹਾਂ ਦੇ ਮਤਭੇਦ ਅਤੇ ਵਿਚਾਰਾਂ ਚਲਦੀਆਂ ਸਨ। ਇਸ ਤੋਂ ਇਲਾਵਾ ਸਖ਼ਤ ਗਰਮੀ ਅਤੇ ਖੁਸ਼ਕੀ ਵਾਲੇ ਇਲਾਕੇ 'ਚ ਨਵੀਂ ਥਾਂ 'ਤੇ ਅਬਾਦ ਹੋਣਾ ਸਿੰਘਾਂ ਵਾਸਤੇ ਬੜੀ ਪ੍ਰੇਸ਼ਾਨੀ ਤੇ ਮੁਸ਼ਕਲ ਬਣੀ ਹੋਈ ਸੀ। ਜ਼ਮੀਨ ਅਬਾਦ ਕਰਨ ਦੀ ਸਮੱਸਿਆ ਤੇ ਪਾਣੀ ਦੀ ਥੁੜ੍ਹ ਕਾਰਣ ਵੀ ਬੇਚੈਨੀ ਬਣੀ ਹੋਈ ਸੀ। ਕਈ ਸਿੰਘਾਂ ਨੇ ਉਪਰਾਮਤਾ ਮਹਿਸੂਸ ਕੀਤੀ, ਉਹ ਇਸ ਇਲਾਕੇ ਨੂੰ ਛੱਡ ਕੇ ਹੋਰ ਪਾਸੇ ਚਲੇ ਜਾਣਾ ਚਾਹੁੰਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ

ਸਿੰਘ ਜੀ ਦੀ ਗੈਰ-ਮੌਜੂਦਗੀ ਵਿਚ ਅਜਿਹੇ ਲੋਕਾਂ ਨੂੰ ਰੋਕ ਕੇ ਤੇ ਟਿਕਾਅ ਕੇ ਰੱਖਣਾ ਬੜਾ ਔਖਾ ਕੰਮ ਸੀ, ਪਰ ਅਜਿਹੀ ਜ਼ੁੰਮੇਵਾਰੀ ਨੂੰ ਵੱਡੇ ਬਾਬਾ ਜੀ ਨੇ ਕਿਵੇਂ ਨੇਪਰੇ ਚਾੜ੍ਹਿਆ ਇਸ ਬਾਰੇ ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ,

"ਸਤਿਗੁਰੂ ਜੀ ਪਟਨਿਓਂ ਜਾ ਸਨੇਹਾ ਵੱਡੇ ਬਾਬਾ ਜੀ ਨੂੰ ਭੈਣੀ ਸਾਹਿਬ ਭੇਜਿਆ, ਤੁਸੀਂ ਉਨ੍ਹਾਂ ਪਿੰਡਾਂ ਵਿਚ ਚੁਚਾਲ ਜਾ, ਜਿਵੇਂ ਕਿਵੇਂ ਸਿੱਖਾਂ ਨੂੰ ਮੇਰੇ ਆਉਣ ਤੱਕ ਕਿਤੇ ਕਿਸੇ ਨੂੰ ਨਾ ਜਾਣ ਦੇਣਾ ਤੇ ਸੁਲਾਹ ਨਾਲ ਦਿਨ ਕੱਟਣ ਦੀ ਪੱਕੀ ਕਰਨੀ। ਮੈਂ ਆ ਕੇ ਸਭ ਦੀ ਸੁਣਾਂਗਾ, ਸਭ ਦੀ ਲੋੜ ਪੂਰੀ ਕਰਾਂਗਾ। ਬਾਬਾ ਜੀ ਚੁਚਾਲ ਆ, ਸਭ ਪਿੰਡਾਂ ਵਿਚ ਜਾ ਸਿਖਾਂ ਨੂੰ ਸੱਦ ਬਹਾ, ਗਲ ਵਿਚ ਪੱਲਾ ਪਾ ਕੇ ਕਿਹਾ, 'ਤੁਸੀਂ ਪਿਛੇ ਨੂੰ ਕੋਈ ਨਾ ਜਾਓ। ਮੈਨੂੰ ਹੁਕਮ ਆਇਆ ਹੈ ਸਤਿਗੁਰੂ ਜੀ ਵਲੋਂ ਕਿ ਤੂੰ ਜਿਵੇਂ-ਕਿਵੇਂ ਜਾਂਦਿਆਂ ਨੂੰ ਰੋਕ। ਮੇਰੀ ਲਾਜ ਆਏ ਦੀ ਤੇ ਗਲ ਪੱਲਾ ਪਾਏ ਦੀ ਰੱਖੋ। ਜੇ ਪਿਛੇ ਜਾਓਗੇ, ਕੋਈ ਤੁਹਾਨੂੰ ਮੰਦਾ ਕਹੇਗਾ, ਕੋਈ ਸਾਨੂੰ। ਤੁਹਾਡੀ ਸਾਡੀ ਪੱਤ ਇਕ ਹੈ। ਤੁਸੀਂ ਵਿਚੋਂ ਪਿਛੇ ਨੂੰ ਕੋਈ ਨਾ ਜਾਓ। ਸਤਿਗੁਰੂ ਜੀ ਆ ਕੇ ਸਭ ਦੇ ਦੁੱਖ ਭੁੱਖ ਕਿਰਪਾ ਕਰ ਕੇ ਕੱਟ ਦੇਣਗੇ ਤੇ ਕਿਹਾ ਦੁੰਦ ਸਮਾਂ ਇਕੱਠੇ ਹੋ ਕੱਟ ਲੈਣ ਦਾ ਹੁਕਮ ਹੈ ਸਤਿਗੁਰੂ ਰਾਮ ਸਿੰਘ ਜੀ ਵਲੋਂ' ਤੇ ਇਨ੍ਹਾਂ ਕਿਹਾ ਹੈ, 'ਜੋ ਗਿਆ, ਉਸ ਨੂੰ ਗਲ ਆਪਣੇ ਵਿਚ ਪੱਲਾ ਪਾ ਕੇ ਤਰਲਾ ਕਰ ਕੇ ਵੀ ਮੋੜ ਲਿਆਓ।' ਇਹ ਸੁਣ, ਜੋ ਜੀ ਵਿਚ ਜਾਣ ਦੀਆਂ ਸਲਾਹਾਂ ਕਰਦੇ ਸੀ, ਸੋ ਭੀ ਸਹਿਜ ਵਿਚ ਹੋਏ।"

—ਜੱਸ ਜੀਵਨ ਭਾਗ ਚੌਥਾ ਪੰਨਾ ੧੯੮

ਇਸ ਤਰ੍ਹਾਂ ਠੰਡਾ ਤੇ ਜਰਾਂਦ ਭਰਿਆ ਸੁਭਾਅ ਰੱਖ ਕੇ, ਸਭ ਨੂੰ ਰਾਜੀ ਕਰ, ਵੱਡੇ ਬਾਬਾ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨਿਆ ਤੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਵਿਖੇ ਬੇਘਰ ਹੋਏ ਸਾਰੇ ਨਾਮਧਾਰੀ ਪਰਿਵਾਰਾਂ ਨੂੰ ਸਿਰਫ ਆਸਰਾ ਹੀ ਨਹੀਂ ਦਿੱਤਾ ਸਗੋਂ ਲੰਗਰ ਤੇ ਹੋਰ ਲੋੜੀਂਦੀਆਂ ਲੋੜਾਂ ਦੀ ਪੂਰਤੀ ਕਰਨ ਤੋਂ ਇਲਾਵਾ ਅਨੇਕਾਂ ਲੋੜਵੰਦਾਂ ਨੂੰ ਮੁਫਤ ਜ਼ਮੀਨ, ਤੇ ਬੀਜ ਆਦਿਕ ਵੀ ਦਿਤੇ। ਸ੍ਰੀ ਸਤਿਗੁਰੂ ਜੀ ਨੇ ਤਿੰਨ ਸਾਲ ਸਾਂਝੀ ਖੇਤੀ ਸਾਰੇ ਪਿੰਡਾਂ ਵਿਚ ਕਰਵਾਈ। ਇਨ੍ਹਾਂ ਸਾਰੇ ਕੰਮਾਂ ਦੀ ਜ਼ੁੰਮੇਵਾਰੀ ਸ੍ਰੀ ਸਤਿਗੁਰੂ ਜੀ ਨੇ ਵੱਡੇ ਬਾਬਾ ਜੀ ਨੂੰ ਸੌਂਪੀ ਹੋਈ ਸੀ। ਉਨ੍ਹਾਂ ਦਿਨਾਂ ਨੂੰ ਯਾਦ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 2 ਮਾਰਚ 1996 ਨੂੰ, ਸ੍ਰੀ ਭੈਣੀ ਸਾਹਿਬ ਵਿਖੇ ਲੇਖਕਾਂ ਦੀ ਇਕ ਬੈਠਕ ਵਿਚ ਦੱਸਿਆ,

"ਘੋੜਾ ਨਾਲ ਹੁੰਦਾ ਸੀ ਪਰ ਮੈਂ ਪੈਦਲ ਹੀ ਤੁਰਦਾ ਸਾਂ, ਛਤਰੀ ਵੀ ਨਾਲ ਹੀ ਹੁੰਦੀ ਸੀ ਪਰ ਮੈਂ ਲਾਉਂਦਾ ਨਹੀਂ ਸੀ। ਕਰਤਾਰ ਕਾਲਾ ਨਾਲ ਹੁੰਦਾ ਸੀ (ਨਕੋੜੇ ਵਾਲੇ ਅਮਰਜੀਤ ਸਿੰਘ 'ਅੰਬੇ' ਦਾ ਚਾਚਾ), ਉਹ ਘੋੜਾ ਸਾਂਭਦਾ ਸੀ, ਉਹ ਘੋੜਾ ਮੇਰੇ ਨਾਲ ਲੈ ਕੇ ਜਾਂਦਾ ਸੀ। ਮੰਜੂ-

ਖੇੜਾ, ਹਮਾਯੂੰ ਖੇੜਾ, ਸ਼ੇਖੂ ਖੇੜਾ, ਸਾਰਿਆਂ ਪਿੰਡਾਂ 'ਚ ਪੈਦਲ ਜਾਂਦਾ ਸੀ, ਕਣਕ ਦੀ ਵਾਢੀ ਉਨ੍ਹਾਂ ਦਿਨਾਂ ਵਿਚ ਹੁੰਦੀ ਸੀ। ਵਾਹਵਾ ਗਰਮੀ ਹੁੰਦੀ ਸੀ ਉਨ੍ਹਾਂ ਦਿਨਾਂ 'ਚ, ਲੋ ਬੜੀ ਚਲਦੀ ਸੀ। ਸਾਂਝੀ ਖੇਤੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਨ੍ਹੀਂ ਦਿਨੀਂ (ਵੰਡ ਤੋਂ ਬਾਅਦ) ਕਰਵਾਈ। ਇਸ ਅਨੁਸਾਰ ਸਾਰੇ ਪਿੰਡ ਦੇ ਹਲ ਤੇ ਬੀਜ ਜੋ ਕੁਝ ਹੁੰਦਾ ਸੀ, ਇਕੱਠੇ ਕਰ ਕੇ ਵਾਹ ਕੇ ਵੰਡ ਕਰ ਲੈਣੀਂ, ਜਿਹਦੇ 'ਚ ਅਪਾਹਜ ਤੇ ਅੰਨੇ-ਕਾਣੇ, ਲੋੜਵੰਦ ਜਿਹੜੇ ਹੁੰਦੇ ਸਨ, ਉਨ੍ਹਾਂ ਨੂੰ ਵੰਡ 'ਚ ਅਨਾਜ ਪੂਰਾ ਆ ਜਾਂਦਾ ਸੀ। ਵੰਡ ਕਰੀਬ ਮੈਂ ਹੀ ਜਾਂਦਾ ਸਾਂ ਕਰਨ ਵਾਸਤੇ। ਤਿੰਨ ਸਾਲਾਂ ਬਾਅਦ, ਕੁਝ ਲੋਕ ਕੁਤਾਹੀ ਕਰਨ ਲਗੇ ਪਏ। ਇਥੋਂ ਤਕ ਗੱਲ ਆ ਗਈ, ਆਉਣਾ ਨਾ, ਆਪਣੀ ਮਰਜੀ ਕਰਨੀ, ਫਿਰ ਸੱਚੇ ਪਾਤਸ਼ਾਹ ਆਖਿਆ ਬਈ ਚੰਗਾ ਹੁਣ ਸਾਂਝੀ ਖੇਤੀ ਬੰਦ ਕਰ ਦਿਓ।"

ਦੇਸ਼ ਦੀ ਵੰਡ ਤੋਂ ਬਾਅਦ ਵਾਲੇ ਅਤਿਅੰਤ ਤੰਗੀ ਵਾਲੇ ਦਿਨਾਂ 'ਚ ਸ੍ਰੀ ਜੀਵਨ ਨਗਰ ਇਲਾਕੇ ਵਿਚ ਵਸਾਏ ਗਏ ਲੋਕਾਂ ਨੂੰ, ਹਰ ਘਰ ਵਿਚ ਜੀਅ ਪ੍ਰਤੀ ਦਾਣੇਂ ਵੰਡਣ ਦੀ ਸੇਵਾ ਕਰਨ ਦਾ ਹੁਕਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੱਡੇ ਬਾਬਾ ਜੀ ਨੂੰ ਲਾਇਆ ਹੋਇਆ ਸੀ ਕਿਉਂਕਿ ਸੱਚੇ ਪਾਤਸ਼ਾਹ ਜੀ ਇਹ ਸਮਝਦੇ ਸਨ ਕਿ ਕਾਕਾ ਵੱਡਾ ਹੀ ਇਸ ਵੱਡੇ ਤੇ ਈਮਾਨਦਾਰੀ ਵਾਲੇ ਕੰਮ ਨੂੰ ਸਹੀ ਤਰੀਕੇ ਨਾਲ ਕਰ ਸਕਦਾ ਹੈ। ਉਸ ਵੇਲੇ ਤੰਗੀ ਇਤਨੀ ਸੀ ਕਿ ਛੋਲੇ ਮਿਲਣੇ ਵੀ ਮੁਸ਼ਕਿਲ ਸਨ, ਵੱਡੇ ਬਾਬਾ ਜੀ ਉੱਦਮ ਕਰ ਕੇ ਬੀਮਾਰ ਤੇ ਲੋੜਵੰਦਾਂ ਲਈ ਕਣਕ ਦਾ ਵੀ ਪ੍ਰਬੰਧ ਕਰਦੇ। ਕਰੀਬ 1600 ਮਣ ਦਾਣੇ ਮਹੀਨੇ ਦੇ ਲਗਦੇ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੁਖਤਿਆਰ-ਏ-ਆਮ ਨੰਬਰਦਾਰ ਅਮਰ ਸਿੰਘ ਸ੍ਰੀ ਜੀਵਨ ਨਗਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਤੋਂ ਵੀ ਪਹਿਲੋਂ ਦੇ ਹਜ਼ੂਰ ਦੀ ਸੇਵਾ ਵਿਚ ਆਏ ਹੋਏ ਹਨ। ਆਪ ਨੇ 1955-56 ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਡਰਾਈਵਰ ਦੇ ਤੌਰ 'ਤੇ ਵੀ ਬਾਰਾਂ ਸਾਲ ਸੇਵਾ ਕੀਤੀ ਹੈ, ਦੱਸਦੇ ਹਨ,

"ਜਿਥੋਂ ਤੀਕ ਕੰਮ ਦਾ ਤਅੱਲਕ ਹੈ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਹੁਤ ਕੰਮ ਕੀਤਾ ਹੈ। ਦੇਸ਼ ਦੀ ਵੰਡ ਤੋਂ ਬਾਅਦ ਜਦੋਂ ਸਾਧ ਸੰਗਤ ਇਧਰ ਆਈ ਹੈ, ਆਪ ਵੱਡੇ ਬਾਬਾ ਜੀ ਦੇ ਰੂਪ ਵਿਚ ਸਨ। ਸਾਰੀ ਸਾਧ-ਸੰਗਤ ਨੂੰ ਦਾਣੇਂ ਮੁਹੱਈਆ ਕਰਨ ਦਾ ਹੁਕਮ ਹੋਇਆ ਬਈ ਹਰ ਘਰ ਵਿਚ ਜੀਅ ਪ੍ਰਤੀ ਏਨੇ ਦਾਣੇਂ ਦੇਣੇ ਹਨ, ਜਿਹੜੇ ਕਿ ਤਿੰਨ ਸਾਲ ਚਲਦੇ ਰਹੇ। ਜਿੰਨੇ ਜਿੰਨੇ ਜੀਅ ਕਿਸੇ ਦੇ ਹੈਗੇ ਸਨ, ਲਿਖਾਏ ਹੁੰਦੇ ਸਨ, ਪਿੰਡਾਂ 'ਚ ਡਿਊਟੀਆਂ ਲੱਗੀਆਂ ਹੋਈਆਂ ਸਨ, ਉੱਨੇ ਜੀਆਂ ਮੁਤਾਬਕ ਦਾਣੇਂ ਲਿਖੇ ਹੋਏ ਸਨ, ਲੋਕੀਂ ਮਹੀਨੇ ਪਿਛੋਂ ਜਾ ਕੇ ਤੁਲਾ ਕੇ ਛੋਲਿਆਂ ਦੇ ਦਾਣੇ ਲੈ ਆਉਂਦੇ ਸਨ। ਜਿਹਦਾ ਕੋਈ ਜੀਅ ਬੀਮਾਰ ਹੋ ਜਾਂਦਾ ਸੀ, ਮਹੰਤ ਹਰਨਾਮ ਸਿੰਘ ਦਵਾਈ ਦਿੰਦੇ ਸਨ, ਜਿਹਨੂੰ ਉਹ ਪਰਚੀ ਦਿੰਦੇ ਸਨ, ਉਸ ਨੂੰ ਕਣਕ ਵੀ ਮਿਲ ਜਾਂਦੀ ਸੀ। ਜਦੋਂ ਸਰਦੀ ਦਾ ਮੌਸਮ ਆਇਆ, ਸਤਿਗੁਰੂ ਜੀ ਦੀ ਕਿਰਪਾ ਨਾਲ ਵੱਡੇ ਬਾਬਾ ਜੀ

ਨੇ ਰਜਾਈਆਂ ਬਣਵਾ ਕੇ ਸਾਧ ਸੰਗਤ ਨੂੰ ਪਰਿਵਾਰ ਦੇ ਹਿਸਾਬ ਨਾਲ ਲੋੜ ਅਨੁਸਾਰ ਬਿਸਤਰੇ ਵੰਡੇ।"

"ਵੱਡੇ ਬਾਬਾ ਜੀ ਸਰਸਿਓਂ ਟਰਾਲੀ 'ਤੇ ਦਾਣੇਂ ਖ਼ਰੀਦ ਕੇ ਲਿਜਾਂਦੇ, ਦਾਣੇਂ ਲਿਆ ਕੇ ਸਟਾਕ ਕਰਨੇ ਫਿਰ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਆਪ ਨੇ ਦਾਣੇਂ ਵੰਡਣੇ। ਆਪ ਨਾਲ, ਅਨਾਜ ਵੰਡਣ ਦੀ ਇਸ ਸੇਵਾ ਵਿਚ ਹੋਰ ਸਹਾਇਕ ਸਨ—ਮਾਸਟਰ ਬਲਰਾਜ ਸਿੰਘ, ਸ. ਫੌਜਾ ਸਿੰਘ (ਹਾਲ ਰਮੇਸ਼ ਨਗਰ ਦਿੱਲੀ), ਸ. ਗੁਰਚਰਨ ਸਿੰਘ ਮਿਰਜਾਪੁਰ ਅਤੇ ਸ. ਮਹਿੰਦਰ ਸਿੰਘ ਕੱਕੜ (ਜਥੇਦਾਰ ਗੁਰਮੁਖ ਸਿੰਘ ਝੱਬਰ ਦਾ ਜਵਾਈ ਜਿਹੜਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਘੋੜਿਆਂ ਦੀ ਸੇਵਾ 'ਤੇ ਸੀ)। ਇਹ ਰਜਿਸਟਰ ਮੁਤਾਬਕ ਲੋਕਾਂ ਨੂੰ ਦਾਣੇ ਵੰਡਦੇ।"

"ਸਾਡੇ ਕੋਲ ਕੇਸ ਟਰੈਕਟਰ ਸੀ ਅਮਰੀਕਨ, ਉਹ ਅਸੀਂ ਮੋਤੀਆ ਖਾਨੋਂ ਨੀਲਾਮੀ ਦੇ ਵਿਚ ਲਿਆ ਸੀ, Military disposal ਦਾ ਤੇ ਟਰਾਲੀ ਵੀ ਸੀ। ਚਹੁੰ ਵੀਲਾਂ ਵਾਲੀਆਂ ਦੋ ਟਰਾਲੀਆਂ ਲਈਆਂ, ਇਕ ਟਰੈਕਟਰ ਇਹ ਲਾਹੌਰੋਂ ਲਿਆਏ ਸਨ W.D.9 ਟਰੈਕਟਰ ਸੀ ਨੱਬੇ ਹਾਰਸ ਪਾਵਰ ਦਾ, ਮੈਂ ਵੀ ਚਲਾਇਆ ਹੈ, ਉਸ ਦੀ ਸਪੀਡ ਬੜੀ ਸੀ। ਇਨ੍ਹਾਂ ਨੇ ਆੜ੍ਹਤੀਆਂ ਤੋਂ ਦਾਣੇ ਖ਼ਰੀਦ ਕੇ ਟਰਾਲੀਆਂ 'ਚ ਇਥੇ ਗੱਲੇ 'ਚ ਲਿਆਉਣੇ, ਤੇ ਫਿਰ ਗੱਲੇ ਵਿਚੋਂ ਲੋਕਾਂ ਨੂੰ ਦਾਣੇ, ਰਜਿਸਟਰ ਮੁਤਾਬਕ ਦੇਣੇ।"

"ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਜਿੰਨੇ ਪੁਰਾਣੇ ਭੱਠੇ ਸਨ, ਵੱਡੇ ਬਾਬਾ ਜੀ ਨੇ ਸਾਧ ਸੰਗਤ ਦੀ ਸਹੂਲਤ ਲਈ ਮੁੱਲ ਲੈ ਲਏ। ਬਹੁਤ ਭੱਠੇ ਸੀ, ਨਕੌੜੇ ਵੀ ਬਹੁਤ ਵੱਡਾ ਭੱਠਾ ਸੀ। ਇਨ੍ਹਾਂ ਭੱਠਿਆਂ ਦੀਆਂ ਇਟਾਂ ਵੱਡੇ ਬਾਬਾ ਜੀ ਨੇ ਕਰੰਸਲੇ ਟਰੱਕ 'ਤੇ ਆਪ ਢੋਈਆਂ। ਸ੍ਰੀ ਜੀਵਨ ਨਗਰ ਵਿਖੇ ਕਰੰਸਲੇ ਟਰੱਕ ਹੁੰਦਾ ਸੀ, ਜਿਹੜਾ ਮੋਤੀਆ ਖਾਨ ਦੇ ਵਿਚੋਂ ਲਿਆ ਸੀ, ਜਿਹਦੇ ਵਿੱਚੇ ਖਰਾਦ, ਵਿੱਚੇ ਵਰਮਾ, ਵਿੱਚੇ ਵੈਲਡਿੰਗ ਸੈੱਟ, ਇਹ ਤਿੰਨੇ ਚੀਜ਼ਾਂ ਸਨ। ਵਰਕਸ਼ਾਪ ਹੀ ਸੀ ਇਕ ਕਿਸਮ ਦੀ, ਇਹ ਤਿੰਨੇ ਚੀਜ਼ਾਂ ਨਿਲਾਮੀ 'ਤੇ ਲੈ ਕੇ ਖਰਾਦ ਵਗੈਰਾ ਕੱਢ ਕੇ ਬਾਹਰ ਵਰਕਸ਼ਾਪ ਵਿਚ ਲਾ ਦਿਤਾ। ਇਸੇ ਕਰੰਸਲੇ ਟਰੱਕ 'ਤੇ ਇਨ੍ਹਾਂ ਨੇ ਇਨ੍ਹਾਂ ਭੱਠਿਆਂ ਦੀਆਂ ਬਹੁਤ ਸਾਰੀਆਂ ਇੱਟਾਂ ਢੋਹੀਆਂ। ਜਿਹੜੇ ਤਬੇਲੇ ਬਣੇ ਨੇ, ਸਭ ਇਨ੍ਹਾਂ ਇੱਟਾਂ ਦੇ ਬਣੇ ਹਨ।"

"ਮੁੜ ਵਸਾਊ ਮਹਿਕਮੇ (Rehabilitation) ਵਿਚ ਉਤਲਿਆਂ ਅਫਸਰਾਂ ਨੂੰ, ਮਾਲ ਮੰਤਰੀਆਂ ਨੂੰ, ਹਾਈ ਕਮਾਂਡ ਇਥੋਂ ਤੀਕ ਕਿ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਨੂੰ ਵੀ ਮਿਲਣਾ, ਇਹ ਸਾਰਾ ਕੰਮ ਵੱਡੇ ਬਾਬਾ ਜੀ ਹੀ ਕਰਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਸੀ ਕਿ ਜਦੋਂ ਕਿਸੇ ਵੱਡੇ ਅਫ਼ਸਰ ਤੋਂ ਕੰਮ ਲੈਣਾਂ ਹੋਵੇ, ਵੱਡੇ ਕਾਕੇ ਨੂੰ ਲੈ ਜਾਇਆ ਕਰੋ।"

ਨੰਬਰਦਾਰ ਹਰੀ ਸਿੰਘ ਵਡਾਣੀਆਂ (ਕਰੀਵਾਲਾ) ਜੋ ਵੱਡੇ ਬਾਬਾ ਜੀ ਨਾਲ ਰਹੇ, ਉਸ ਸਮੇਂ ਬਾਰੇ ਇਉਂ ਦਸਦੇ ਹਨ,

"ਵੱਡੇ ਬਾਬਾ ਜੀ ਦੇ ਰੂਪ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਬੜੀ ਮਿਹਨਤ ਕੀਤੀ ਹੈ ਅਤੇ ਕਰ ਰਹੇ ਹਨ। ਉਸ ਵੇਲੇ ਵੀ ਸਾਰੀ ਜੁੰਮੇਵਾਰੀ ਇਨ੍ਹਾਂ 'ਤੇ ਸੀ। ਕੰਮ ਸਾਰਾ ਇਨ੍ਹਾਂ ਦੇ ਜੁੰਮੇ ਸੀ, ਕੰਮ ਹੈ ਵੀ ਬਹੁਤ ਜ਼ਿਆਦਾ ਸੀ। ਇਕ ਆਦਮੀ ਆ ਜਾਵੇ, ਇਕ ਪਰਾਹੁਣਾ ਆ ਜਾਵੇ, ਉਸ ਨੂੰ ਸੰਭਾਲਣਾ ਹੀ ਔਖਾ ਹੁੰਦਾ ਹੈ ਤੇ ਫਿਰ ਇਕ ਪਿੰਡ ਨੂੰ ਸੰਭਾਲਣਾ ਕਿੰਨਾ ਔਖਾ ਹੁੰਦਾ ਏ ਤੇ 15-16 ਪਿੰਡਾਂ ਨੂੰ ਸੰਭਾਲਣਾ ਉਸ ਵੇਲੇ ਕੋਈ ਸੌਖਾ ਕੰਮ ਨਹੀਂ ਸੀ। ਇਹ ਸਾਰਾ ਕੰਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਵੱਡੇ ਬਾਬਾ ਜੀ ਦੀ ਕਿਰਪਾ ਨਾਲ ਉਸ ਵੇਲੇ ਹੋ ਸਕਿਆ ਹੈ। ਸਾਰਿਆਂ ਨੂੰ ਰਾਸ਼ਨ ਦੇਣਾ, ਅਗੋਂ ਸਿਆਲ ਆ ਰਿਹਾ ਸੀ, ਸਾਰਿਆਂ ਨੂੰ ਰਜਾਈਆਂ ਤਲਾਈਆਂ ਤੇ ਕੱਪੜੇ ਦੇਣੇ, ਸਾਰੇ ਲੋਕ ਲਵੇਰਾ ਲੈ ਕੇ ਨਹੀਂ ਸਨ ਆਏ, ਬੱਚਿਆਂ ਨੂੰ ਦੁੱਧ ਦੇਣਾ, ਸਾਰੇ ਪਿੰਡਾਂ, ਪਿੰਡ ਵੀ ਕੋਈ ਥੋੜ੍ਹੇ ਜਿਹੇ ਨਹੀਂ ਸਨ, 15-16 ਪਿੰਡਾਂ ਦੇ ਵਿਚ, ਸਾਰੇ ਜੀਆਂ ਦਾ ਧਿਆਨ ਰੱਖਣਾ, ਕਿਸੇ ਨੂੰ ਗਾਂ ਦੇਣੀ, ਕਿਸੇ ਨੂੰ ਮੱਝ ਦੇਣੀ, ਜਿੱਥੇ ਇਹ ਨਹੀਂ ਸੀ ਦਿੱਤਾ ਜਾਂਦਾ ਉੱਥੇ ਦੁੱਧ ਮੁੱਲ ਲੈ ਕੇ ਬੱਚਿਆਂ ਨੂੰ ਦੇਣਾ। ਸਾਡੇ ਪਿੰਡ ਕਰੀਵਾਲਾ ਵਿਚ ਦੁੱਧ ਮੁੱਲ ਲੈ ਕੇ ਦਿੰਦੇ ਰਹੇ ਹਨ। ਸਤਿਗੁਰੂ ਸੱਚੇ ਪਾਤਸ਼ਾਹ ਆਖਣ ਲੱਗੇ ਜਿਨ੍ਹਾਂ ਲੋਕਾਂ ਕੋਲ ਦੁੱਧ ਕੋਈ ਨੀ, ਉਨ੍ਹਾਂ ਦੇ ਬੱਚਿਆਂ ਨੂੰ ਅੱਧਾ ਅੱਧਾ ਕਿਲੋ ਦੁੱਧ ਰੋਜ਼ ਦਿਆ ਕਰੋ। ਕਈਆਂ ਨੂੰ ਗਊਆਂ ਮੱਝਾਂ ਦਿੱਤੀਆਂ। ਰਾਸ਼ਨ ਤੇ ਲੀੜਾ ਕੱਪੜਾ ਤਾਂ ਹਰ ਇਕ ਨੂੰ ਦੇਣਾ ਪਿਆ ਕਿਉਂਕਿ ਕਿਸੇ ਕੋਲ ਵੀ ਰਾਸ਼ਨ ਤੇ ਕੱਪੜੇ ਹੈ ਨਹੀਂ ਸਨ। ਸਤਿਗੁਰੂ ਜੀ ਨੇ ਛੇ ਮਹੀਨੇ ਕਰਜ਼ਾ ਚੁੱਕ ਕੇ ਲੋਕਾਂ ਨੂੰ ਰਾਸ਼ਨ ਦਿੱਤਾ। ਤਕਾਵੀਆਂ ਵੀ ਸਰਕਾਰ ਤੋਂ ਲਈਆਂ ਪਰ ਸਾਧ ਸੰਗਤ ਲਈ ਰਾਸ਼ਨ ਦੀ ਤੰਗੀ ਨਹੀਂ ਆਉਣ ਦਿਤੀ। ਇਹ ਤਕਾਵੀਆਂ ਸ੍ਰੀ ਸਤਿਗੁਰੂ ਜੀ ਨੇ ਆਪ ਸਰਕਾਰ ਨੂੰ ਮੋੜੀਆਂ। ਕਰਜ਼ਾ-ਤਕਾਵੀਆਂ ਇਸ ਕਰਕੇ ਸ੍ਰੀ ਸਤਿਗੁਰੂ ਜੀ ਨੂੰ ਲੈਣੇਂ ਪਏ ਕਿਉਂਕਿ 28-29 ਲੱਖ ਰੁ: ਜ਼ਮੀਨ ਖਰੀਦਣ 'ਤੇ ਲੱਗ ਗਿਆ ਸੀ, ਲੋਕਾਂ ਨੂੰ ਸੰਭਾਲਣ 'ਤੇ ਵੀ ਲੱਖਾਂ ਰੁਪਏ ਲਗਣੇ ਸਨ।"

"ਇਕ ਵਾਰ ਦੀ ਗੱਲ ਹੈ, ਮੈਂ ਤੇ ਮੇਰੇ ਪਿਤਾ ਜੀ ਕਰੀਵਾਲਾ ਤੋਂ ਤੁਰ ਕੇ ਚੁਚਾਲ ਕੋਠੀ (ਸ੍ਰੀ ਜੀਵਨ ਨਗਰ) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਆਏ। ਸ੍ਰੀ ਸਤਿਗੁਰੂ ਜੀ ਨੇ ਮੇਰੇ ਪਿਤਾ ਜੀ ਤੋਂ ਪੁਛਿਆ,

'ਚਤਰ ਸਿਆਂ ਕੁਝ ਪੈਸੇ ਹੈਗੇ ਨੇ ਕੋਲ'

'ਜੀ ਹੈਗੇ ਨੇ, ਰੁਪਿਆ ਪੰਜ ਹਜ਼ਾਰ ਮੇਰੇ ਕੋਲ ਹੈਗਾ।' ਪਿਤਾ ਜੀ ਨੇ ਅਰਜ਼ ਕੀਤੀ।

'ਜਾ ਲਿਆ ਫਿਰ' ਹੁਕਮ ਹੋਇਆ।

'ਹੁਣ ਤਾਂ ਸ਼ਾਮ ਪੈ ਗਈ ਹੈ, ਮੈਂ ਸਵੇਰੇ ਜਾ ਕੇ ਲੈ ਆਵਾਂਗਾ' ਪਿਤਾ ਜੀ ਨੇ ਨਿਮਰਤਾ ਸਹਿਤ ਮੁੜ ਅਰਜ਼ ਕੀਤੀ।'

'ਹੁਣੇਂ ਲਿਆ, ਸਵੇਰੇ ਤਾਂ ਆਪਾਂ ਰਾਸ਼ਨ ਦੇਣਾ ਹੈ।' ਸਤਿਗੁਰੂ ਜੀ ਦਾ ਇਹ ਹੁਕਮ ਸੁਣ

ਕੇ ਅਸੀਂ ਦੋਵੇਂ ਪਿਓ-ਪੁੱਤ ਆਪਣੇ ਪਿੰਡ ਵਲ ਤੁਰ ਪਏ। ਜਿਸ ਵੇਲੇ ਸੰਤ ਨਗਰ ਤੇ ਸ੍ਰੀ ਜੀਵਨ ਨਗਰ ਦੇ ਅੱਧ ਵਿਚ ਪਹੁੰਚੇ, ਸਤਿਗੁਰਾਂ ਨੇ ਘੋੜੀ ਘੱਲਿਓ ਨੇ, ਇਕ ਸੇਵਕ ਘੱਲਿਓ ਨੇ ਬਈ 'ਤੂੰ ਘੋੜੀ 'ਤੇ ਨਾਲ ਲੈ ਜਾ ਬਾਬੇ ਹੋਰਾਂ ਨੂੰ'. ਮੈਨੂੰ ਪਿਛਾਂਹ ਮੋੜ ਦਿਤਾ ਤੇ ਮੈਂ ਸ੍ਰੀ ਜੀਵਨ ਨਗਰ ਆ ਗਿਆ। ਬਾਪੂ ਹੋਰੀਂ ਰਾਤੋ ਰਾਤ ਜਾ ਕੇ ਪੈਸੇ ਲੈ ਆਏ। ਸਤਿਗੁਰਾਂ ਨੇ ਰਾਤੋ ਰਾਤ ਸਿੱਖ ਘੱਲ ਕੇ ਸਰਸਿਓਂ ਰਾਸ਼ਨ ਮੰਗਵਾਇਆ। ਅਗਲੇ ਦਿਨ ਉਹ ਰਾਸ਼ਨ ਸਾਧ-ਸੰਗਤ ਨੂੰ ਵੰਡਿਆ। ਸੱਚੇ ਪਾਤਸ਼ਾਹ ਜੀ ਨੇ ਸਾਡੇ ਉਹ ਪੈਸੇ ਛੇ ਮਹੀਨੇ ਪਿਛੋਂ ਵਾਪਸ ਕਰ ਦਿੱਤੇ।'

"ਇਸ ਤਰ੍ਹਾਂ ਕਰਜ਼ਾ ਚੁੱਕ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲੋਕਾਂ ਨੂੰ ਪਾਲਿਆ, ਸੰਭਾਲਿਆ। ਸਾਰੀ ਜ਼ੁੰਮੇਵਾਰੀ ਵੱਡੇ ਬਾਬਾ ਜੀ (ਸ੍ਰੀ ਜਗਜੀਤ ਸਿੰਘ ਜੀ) ਦੀ ਹੁੰਦੀ ਸੀ। ਰਾਸ਼ਨ ਲਿਆਉਣਾ, ਵੰਡਣਾ, ਪੈਸਿਆਂ ਦਾ ਇੰਤਜ਼ਾਮ ਕਰਨਾ, ਰਜਾਈਆਂ ਤਲਾਈਆਂ ਦੇਣੀਆਂ, ਕੁੱਝ ਸਰਕਾਰ ਤੋਂ ਲਈਆਂ, ਕੁੱਝ ਆਪ ਬਣਾ ਕੇ ਦਿੱਤੀਆਂ। ਸਾਡੇ ਇਲਾਕੇ 'ਚ ਕਣਕ ਨਹੀਂ, ਛੋਲੇ ਹੀ ਸਨ, ਉਦੋਂ ਛੋਲਿਆਂ ਦਾ ਰਾਸ਼ਨ ਮਿਲਦਾ ਰਿਹਾ। ਸਤਿਗੁਰੂ ਜੀ ਇਹ ਵੀ ਆਖਿਆ ਕਿ ਜਿਨ੍ਹਾਂ ਕੋਲ ਪੈਸੇ ਹਨ, ਉਹ ਆਪਣਾ ਰਾਸ਼ਨ ਲਿਆਓ ਤੇ ਜਿਨ੍ਹਾਂ ਕੋਲ ਪੈਸੇ ਨਹੀਂ, ਉਹ ਇਥੋਂ ਲਵੋ। ਥੋੜ੍ਹੇ ਆਦਮੀ ਸਨ, ਜਿਨ੍ਹਾਂ ਕੋਲ ਪੈਸੇ ਸਨ, ਜ਼ਿਆਦਾ ਲੋਕ ਸਨ, ਜਿਹੜੇ ਇਸੇ ਤਰ੍ਹਾਂ ਆ ਗਏ ਸਨ। ਲੀੜਾ ਕੱਪੜਾ ਵੀ ਨਹੀਂ ਸਨ, ਲੋਕ ਲੈ ਕੇ ਆਏ। ਮਾਲ ਡੰਗਰ ਨਹੀਂ ਸਨ ਲੈ ਕੇ ਆਏ, 'ਕੱਲੇ ਸਿਰ-ਬ-ਸਿਰ ਆਏ ਸਨ, ਜ਼ਿਆਦਾ ਲੋਕ। ਉਨ੍ਹਾਂ ਸਾਰਿਆਂ ਦੀ ਸਾਂਭ-ਸੰਭਾਲ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕੀਤੀ ਤੇ ਵੱਡੇ ਬਾਬਾ ਜੀ ਕੋਲੋਂ ਕਰਵਾਈ।"

"ਉਦੋਂ ਤੇ ਅੱਜ ਕੱਲ੍ਹ ਦੇ ਪੈਸਿਆਂ ਦਾ ਬੜਾ ਫਰਕ ਹੈ, ਕਰੀਬ ਤਿੰਨ ਜਾਂ ਚਾਰ ਰੁਪਏ ਮਣ ਉਦੋਂ ਕਣਕ ਹੁੰਦੀ ਸੀ। ਲੋਕਾਂ ਕੋਲੋਂ ਜਿਹੜਾ 30 ਲੱਖ ਰੁਪਿਆ ਸਤਿਗੁਰੂ ਜੀ ਨੇ ਜ਼ਮੀਨ ਵਾਸਤੇ ਇਕੱਠਾ ਕੀਤਾ ਸੀ, ਨਾਮਧਾਰੀਆਂ ਕੋਲ ਰੁਪਿਆ ਨਹੀਂ ਸੀ। ਨਾਮਧਾਰੀ ਤਾਂ ਅੰਗ੍ਰੇਜ਼ ਦਾ ਲਿਤਾੜਿਆ ਗ਼ਰੀਬ ਸੀ, ਨਾਮਧਾਰੀਆਂ ਦੇ ਘਰੀਂ ਕੋਈ ਰੁਪਿਆ ਨਹੀਂ ਸੀ। ਕੋਈ ਸ਼ਹਿਰਾਂ ਵਿਚ ਭਾਵੇਂ ਸ਼ਾਹੂਕਾਰ ਹੋਣ, ਜਿਨ੍ਹਾਂ ਘਰੋਂ ਪੈਸਾ ਦਿੱਤਾ ਹੋਵੇ। ਇਨ੍ਹਾਂ ਲੋਕਾਂ ਨੇ ਤਾਂ ਪਿੰਡਾਂ 'ਚ ਆਪਣੀ ਪੈਲੀ ਗਹਿਣੇ ਪਾ ਕੇ, ਇਥੇ ਪੈਲੀ ਲਈ ਹੈ। ਜਿੰਨੇ ਪੈਸੇ ਇਕੱਠੇ ਕੀਤੇ ਨੇ ਲੋਕਾਂ ਨੇ ਪੈਲੀ ਗਹਿਣੇ ਪਾ ਪਾ ਕੇ ਪੈਸੇ ਦਿੱਤੇ ਨੇ। ਹੁਣ ਤਾਂ ਸਤਿਗੁਰਾਂ ਅਜਿਹੀ ਕਿਰਪਾ ਕੀਤੀ ਹੈ, ਜਦੋਂ ਵੰਡ ਹੋਈ, ਪਾਕਿਸਤਾਨ ਬਣ ਗਿਆ, ਲੋਕਾਂ ਨੂੰ ਮੁਰੱਬੇ ਵੀ ਮਿਲ ਗਏ, ਜਿਨ੍ਹਾਂ ਲਈ ਲੋਕਾਂ ਪੈਸੇ ਦਿਤੇ ਸਨ ਤੇ ਜਿਹੜੀ ਜ਼ਮੀਨ ਗਹਿਣੇ ਸੀ, ਉਹ ਵੀ ਆ ਗਈ ਲੋਕਾਂ ਦੇ ਨਾਂ, ਉਹ ਜਿਹੜੇ ਗਹਿਣੇ ਵਾਲੇ ਸਨ, ਉਨ੍ਹਾਂ ਨੂੰ ਕੁਝ ਪੈਸੇ ਦੇ ਲੈ ਕੇ ਉਹ ਵੀ ਜ਼ਮੀਨ ਲੋਕਾਂ ਦੇ ਕੋਲ ਰਹਿ ਗਈ, ਸਗੋਂ ਜ਼ਿਆਦਾ ਜ਼ਮੀਨ ਮਿਲ ਗਈ। ਫਾਇਦਾ ਵੀ ਹੋ ਗਿਆ ਉਸ ਵੇਲੇ।"

"ਇਹ ਜਿਹੜਾ ਇਲਾਕਾ ਹੈ, ਨਿਰਾ ਮੁਸਲਮਾਨਾਂ ਦਾ ਸੀ। ਉਸ ਵੇਲੇ ਕਰੀਬ ਦੋ ਸੌ ਪਿੰਡ

ਮੁਸਲਮਾਨਾਂ ਦੇ ਸਨ ਜਿਹਦੇ ਵਿਚੋਂ ਸਰਸਾ ਸੀ, ਜਿਸ ਵਿਚ ਕੁਝ ਹਿੰਦੂ ਸਨ, ਦੂਜੇ ਸਾਰੇ ਮੁਸਲਮਾਨਾਂ ਦੇ ਇਲਾਕੇ ਸਨ। ਇਹ ਮੁਸਮਲਾਨਾਂ ਦਾ ਗੜ੍ਹ ਸੀ, ਜਿਹਦੇ ਵਿਚ ਪੈਲੀ ਲਈ ਗਈ। ਅਸੀਂ ਹੈਰਾਨ ਸਾਂ ਕਿ ਇਹ ਜਿਹੜੀ ਜ਼ਮੀਨ ਲਈ ਹੈ, ਇੱਥੇ ਕਿਉਂ ਲਈ ਹੈ, ਉਥੇ ਆਂਹਦੇ ਨੇ ਮੁਸਲਮਾਨਾਂ 'ਚੋਂ ਨਿਕਲ ਜਾਵੋ, ਉਥੇ ਤਾਂ ਕੋਈ ਕੋਈ ਮੁਸਲਮਾਨ ਹੈ, ਇੱਥੇ ਤਾਂ ਨਿਰੇ ਮੁਸਲਮਾਨ ਹੈਨ। ਜਦੋਂ ਮੁਸਲਮਾਨ ਇਥੇ ਬੈਠੇ ਸਨ, ਦੋ-ਚਾਰ ਬੰਦੇ ਇਕੱਠੇ ਹੋ ਕੇ ਨਹੀਂ ਸਨ ਜਾ ਸਕਦੇ। ਉਨ੍ਹਾਂ ਸਾਡੇ ਦੋ ਬੰਦੇ ਦਮਦਮੇ ਪਿੰਡ ਤੋਂ ਤੁਰੇ ਆਉਂਦੇ ਰਾਹ ਵਿਚ ਮਾਰ ਦਿੱਤੇ ਸਨ। ਏਡੇ ਤਕੜੇ ਉਹ ਮੁਸਲਮਾਨ ਸਨ, ਉਨ੍ਹਾਂ 'ਚ ਵਸਣਾ ਬੜਾ ਔਖਾ ਸੀ। ਅਸੀਂ ਇੰਨੇ ਦੂਰ ਅੰਦੇਸ਼ ਨਹੀਂ ਸਾਂ, ਅਸੀਂ ਇਹ ਸੋਚਦੇ ਸਾਂ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਏਨਾ ਪੈਸਾ ਖਰਚ ਕਰ ਦਿੱਤਾ ਹੈ, ਅਸੀਂ ਇੱਥੇ ਕਿਵੇਂ ਰਹਾਂਗੇ? ਇਹ ਸਤਿਗੁਰੂ ਜੀ ਨੂੰ ਪਤਾ ਸੀ ਕਿ ਇਨ੍ਹਾਂ ਲੋਕਾਂ ਨੇ ਚਲੇ ਜਾਣਾ ਹੈ, ਇਹ ਥਾਂ ਵੇਹਲਾ ਹੋ ਜਾਣਾ ਹੈ। ਇਹ ਥਾਂ ਸਾਡਾ ਹੀ ਹੈ, ਇਸੇ ਕਰਕੇ ਉਨ੍ਹਾਂ ਹੌਂਸਲੇ ਨਾਲ ਇਹ ਜ਼ਮੀਨ ਖਰੀਦੀ, ਸਾਧ-ਸੰਗਤ ਨੂੰ ਲੈ ਕੇ ਦਿੱਤੀ। ਉਸੇ ਤਰ੍ਹਾਂ ਹੋਇਆ, ਉਹ ਮੁਸਲਮਾਨ ਜਿੱਦਣ ਨਿਕਲੇ ਨੇ, ਪਤਾ ਹੀ ਨਹੀਂ, ਕਿਹੜੇ ਵੇਲੇ ਨਿਕਲ ਗਏ ਤੇ ਉਹ ਪਿੰਡ ਸਾਰੇ ਵਿਹਲੇ ਹੋ ਗਏ। ਇਸ ਸ੍ਰੀ ਜੀਵਨ ਨਗਰ ਇਲਾਕੇ ਵਿਚ ਵਸਦੇ ਨਾਮਧਾਰੀ ਐਸ ਵੇਲੇ ਬੜੇ ਖੁਸ਼ਹਾਲ ਹਨ।"

## ਸ੍ਰੀ ਸਤਿਗੁਰੂ ਜੀ ਨੇ ਕਾਰ ਲੈ ਕੇ ਦਿੱਤੀ

ਦੇਸ਼ ਦੀ ਵੰਡ ਸਮੇਂ ਸਿੱਖਾਂ ਨੂੰ ਪਾਕਿਸਤਾਨ ਤੋਂ ਲਿਆਉਣ, ਸੰਭਾਲਣ ਅਤੇ ਦਫਤਰੀ ਕੰਮ ਕਰਨ ਲਈ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਬੱਸਾਂ 'ਤੇ ਹੀ ਸਫਰ ਕਰਦੇ ਸਨ। ਕਿਉਂਕਿ ਉਨ੍ਹੀਂ ਦਿਨੀਂ ਆਵਾਜਾਈ ਦੇ ਸਾਧਨ ਇੰਨੇ ਨਹੀਂ ਸਨ, ਇਸ ਲਈ ਕਈ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਕੇਸਾਂ ਦੀ ਪੈਰਵੀ ਕਰਨ ਗਿਆਂ ਨੂੰ ਵੇਲੇ ਕੁਵੇਲੇ ਟਰੱਕਾਂ 'ਤੇ ਵੀ ਸਫਰ ਕਰਨਾ ਪੈਂਦਾ। ਅਕਸਰ ਆਪ ਮਿੰਟਗੁਮਰੀ ਟਰਾਂਸਪੋਰਟ ਦੇ ਟਰੱਕਾਂ 'ਤੇ ਸਫਰ ਕਰਦੇ।

ਸੰਨ 1956-57 ਦੀ ਗੱਲ ਹੈ। ਨੰਬਰਦਾਰ ਅਮਰ ਸਿੰਘ (ਸ੍ਰੀ ਜੀਵਨ ਨਗਰ) ਦੇ ਦੱਸਣ ਮੁਤਾਬਕ ਇਕ ਦਿਨ ਵੱਡੇ ਬਾਬਾ ਜੀ ਮਿੰਟਗੁਮਰੀ ਟਰਾਂਸਪੋਰਟ ਵਾਲੇ ਟਰੱਕ 'ਤੇ ਦਿੱਲੀ ਤੋਂ ਜਲੰਧਰ ਜਾ ਰਹੇ ਸਨ। ਜਲੰਧਰ ਮੁੜ ਵਸਾਊ ਮਹਿਕਮੇ ਵਿਚ ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਅਲਾਟਮੈਂਟ ਦੇ ਕੁਝ ਕਾਗਜ਼ਾਂ ਦੇ ਕੰਮ ਸੰਬੰਧੀ ਮਿਲਣ ਜਾਣਾਂ ਸੀ। ਸ. ਅਮਰ ਸਿੰਘ ਬਤੌਰ ਸੇਵਕ ਵੱਡੇ ਬਾਬਾ ਜੀ ਨਾਲ ਸਨ। ਰਸਤੇ ਵਿਚ ਪਿਪਲੀ ਵਿਖੇ ਸੜਕ ਦੇ ਉਤੇ ਇਕ ਖੂਹੀ ਹੈ। ਸ. ਅਮਰ ਸਿੰਘ ਨੇ ਟਰੱਕ ਦੇ ਡਰਾਈਵਰ ਸਰਦਾਰ ਸਿੰਘ ਨੂੰ ਆਖਿਆ ਕਿ ਤੂੰ ਗੱਡੀ ਰੋਕ ਇਥੇ ਵੱਡੇ ਬਾਬਾ ਜੀ ਨੇ ਇਸ਼ਨਾਨ ਕਰਨਾ ਹੈ। ਗੱਡੀ ਰੋਕੀ ਤੇ ਵੱਡੇ ਬਾਬਾ ਜੀ ਨੇ ਸ. ਅਮਰ ਸਿੰਘ ਨੂੰ ਹੁਕਮ ਕੀਤਾ

ਕਿ ਗੜਬਾ ਮਾਂਜ ਕੇ ਖੂਹੀ 'ਚੋਂ ਇਸ਼ਨਾਨ ਕਰਨ ਲਈ ਪਾਣੀ ਕੱਢੋ ਤੇ ਮੈਂ ਜੰਗਲ ਹੋ ਆਵਾਂ। ਸ. ਅਮਰ ਸਿੰਘ ਨੇ ਸੋਧ ਰੱਖੀ ਹੋਈ ਸੀ. ਉਹ ਵੱਡੇ ਬਾਬਾ ਜੀ ਦੇ ਇਸ਼ਨਾਨ ਕਰਨ ਦੀ ਤਿਆਰੀ ਕਰਨ ਲੱਗੇ। ਵੱਡੇ ਬਾਬਾ ਜੀ ਜੰਗਲ ਚਲੇ ਗਏ। ਅਜੇ ਹਨੇਰਾ ਹੀ ਸੀ। ਸਵੇਰ ਦੇ ਕਰੀਬ ਤਿੰਨ ਕੁ ਵੱਜੇ ਸਨ। ਅਚਾਨਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਉਸੇ ਖੂਹੀ 'ਤੇ ਆ ਗਏ। ਉਨ੍ਹਾਂ ਨੇ ਵੀ ਉਥੇ ਹੀ ਇਸ਼ਨਾਨ ਕਰਨਾ ਸੀ। ਸੱਚੇ ਪਾਤਸ਼ਾਹ ਜੀ. ਸ੍ਰੀ ਭੈਣੀ ਸਾਹਿਬ ਜਾਂ ਅੰਬਾਲੇ ਤੋਂ ਆ ਰਹੇ ਸਨ ਤੇ ਉਨ੍ਹਾਂ ਦਿੱਲੀ ਜਾਣਾ ਸੀ। ਹਜ਼ੂਰੀ ਸੇਵਕ ਸੰਤ ਰਤਨ ਸਿੰਘ ਨੂੰ ਹੁਕਮ ਹੋਇਆ ਸੀ ਕਿ ਉਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ਼ਨਾਨ ਕਰਾਉਣ ਦੀ ਤਿਆਰੀ ਕਰਨ। ਜਿਸ ਵੇਲੇ ਸੱਚੇ ਪਾਤਸ਼ਾਹ ਜੀ ਨੇ ਸ. ਅਮਰ ਸਿੰਘ ਨੂੰ ਉਥੇ ਖੜ੍ਹਾ ਵੇਖਿਆ ਤਾਂ ਬਚਨ ਕੀਤਾ,

"ਉਇ, ਤੂੰ ਐਸ ਵੇਲੇ ਏਥੇ?"

"ਵੱਡੇ ਬਾਬਾ ਜੀ ਆਏ ਨੇ ਤੇ ਮੈਂ ਉਨ੍ਹਾਂ ਦੇ ਨਾਲ ਹਾਂ।"

ਸ. ਅਮਰ ਸਿੰਘ ਅਰਜ਼ ਕੀਤੀ।

"ਕਾਹਤੇ ਨੇ?"

"ਜੀ ਟਰੱਕ 'ਤੇ"

"ਕਿਹੜੇ ਟਰੱਕ 'ਤੇ?"

"ਜੀ. ਮਿੰਟਗੁਮਰੀ ਵਾਲਿਆਂ ਦੇ ਟਰੱਕ 'ਤੇ"

"ਕਾਕਾ ਵੀ ਟਰੱਕ 'ਤੇ?"

ਅਜੇ ਇਹ ਗੱਲਬਾਤ ਚੱਲ ਰਹੀ ਸੀ ਕਿ ਵੱਡੇ ਬਾਬਾ ਜੀ ਵੀ ਉਥੇ ਆ ਗਏ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੱਥਾ ਟੇਕਿਆ।

"ਕਾਕਾ ਕਿੱਥੇ ਜਾ ਰਹੇ ਹੋ?"

ਸ੍ਰੀ ਸਤਿਗੁਰੂ ਜੀ ਪੁੱਛਿਆ। ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਅਰਜ਼ ਕੀਤੀ ਕਿ ਜਲੰਧਰ ਫਲਾਣੇ ਕੰਮ ਲਈ ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਮਿਲਣ ਜਾ ਰਹੇ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ,

"ਉਨ੍ਹਾਂ ਨੂੰ ਤਾਂ ਕੱਲ੍ਹ ਜਾਂ ਪਰਸੋਂ ਵੀ ਮਿਲਿਆ ਜਾ ਸਕਦਾ ਹੈ, ਤੁਸੀਂ ਸਾਡੇ ਨਾਲ ਵਾਪਸ ਦਿੱਲੀ ਚਲੋ।"

ਇਸ਼ਨਾਨ ਕਰਨ ਉਪ੍ਰੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ. ਵੱਡੇ ਬਾਬਾ ਜੀ ਨੂੰ ਆਪਣੇ ਨਾਲ ਕਾਰ 'ਚ ਬਿਠਾ ਕੇ ਦਿੱਲੀ ਲੈ ਗਏ। ਦਿੱਲੀ ਸ. ਸੁੱਚਾ ਸਿੰਘ ਦੇ ਘਰ ਪਹਾੜ ਗੰਜ ਡੇਰਾ ਸੀ।

ਸੇਠ ਗੁਰਬਖ਼ਸ਼ ਸਿੰਘ ਬੈਂਕੰਕ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਵੱਡੇ ਬਾਬਾ ਜੀ ਨੂੰ ਕਾਰ ਲੈ ਕੇ ਦੇਣੀ ਹੈ। ਸ. ਉੱਤਮ ਸਿੰਘ ਜੜ੍ਹਾਂ ਵਾਲੀਏ ਕੋਲ ਫੀਏਟ ਕਾਰ ਸੀ। ਸੱਚੇ ਪਾਤਸ਼ਾਹ

ਜੀ ਨੇ ਹੁਕਮ ਕੀਤਾ ਕਿ 'ਇਹੋ ਜਿਹੀ ਗੱਡੀ ਚਾਹੀਦੀ ਹੈ ਵੱਡੇ ਕਾਕੇ ਕੋਲ।'

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਿੱਲੀ ਤੋਂ ਸ. ਲਾਲ ਸਿੰਘ ਡਰਾਈਵਰ ਨੂੰ ਭੇਜ ਕੇ, ਅੰਬਾਲੇ ਤੋਂ ਫੀਏਟ ਕਾਰ ਵੱਡੇ ਬਾਬਾ ਜੀ ਲਈ ਮੰਗਵਾਈ। ਇਸ ਫੀਏਟ ਕਾਰ ਦੀ ਕੀਮਤ, Insurance ਤੇ ਰਜਿਸਟ੍ਰੇਸ਼ਨ ਵਗੈਰਾ ਸਾਰਾ ਕੁਝ ਪਾ ਕੇ, ਨੌ ਹਜ਼ਾਰ ਦੋ ਸੌ ਰੁਪਏ ਉਦੋਂ ਸੀ।

ਇਸ ਕਾਰ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਰਨ ਪਾਏ ਤੇ ਹੁਕਮ ਕੀਤਾ, "ਕਾਕਾ ਤੂੰ ਹੁਣ ਤੋਂ ਇਸ ਕਾਰ ਵਿਚ ਸਫ਼ਰ ਕਰਿਆ ਕਰ।"

ਇਸੇ ਫੀਏਟ ਕਾਰ 'ਤੇ ਜਿਸ ਦੇ ਡਰਾਈਵਰ ਸੰਤ ਗੁਰਦੇਵ ਸਿੰਘ ਰਾਮਪੁਰ ਹੋਇਆ ਕਰਦੇ ਸਨ, ਵੱਡੇ ਬਾਬਾ ਜੀ, ਸ. ਅਵਤਾਰ ਸਿੰਘ ਝੱਬਰ, ਸ. ਹਰੀ ਸਿੰਘ ਵਡਾਈਆਂ, ਸ. ਅਮਰ ਸਿੰਘ ਨੂੰ ਨਾਲ ਲੈ, ਸ੍ਰੀ ਭੈਣੀ ਸਾਹਿਬ ਤੇ ਸ੍ਰੀ ਜੀਵਨ ਨਗਰ ਵਿਖੇ ਸੇਵਾ ਕਰਦੇ ਅਤੇ ਕੇਸਾਂ ਦੀ ਪੈਰਵੀ ਕਰਦੇ।

ਗੁਰਦੇਵ ਸਿੰਘ ਰਾਮਪੁਰ ਅਨੁਸਾਰ ਵੱਡੇ ਬਾਬਾ ਜੀ ਨੇ ਇਕ ਸਾਲ ਵਿਚ ਇਸ ਫੀਏਟ ਕਾਰ 'ਤੇ ਬਾਈ ਹਜ਼ਾਰ ਮੀਲ ਸਫ਼ਰ ਕੀਤਾ।

## ਜ਼ਮੀਨਾਂ ਦੀ ਅਲਾਟਮੈਂਟ ਅਤੇ ਤਕਸੀਮ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਸ੍ਰੀ ਜੀਵਨ ਨਗਰ ਇਲਾਕੇ ਦੀ ਖ਼ਰੀਦੀ ਗਈ ਜ਼ਮੀਨ ਦੀ ਵੰਡ ਲਈ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ) ਨੇ ਮੁੱਖ ਮੰਤਰੀ ਪੰਜਾਬ ਪਾਸੋਂ ਵਿਸ਼ੇਸ਼ ਆਰਡਰ ਕਰਵਾ ਕੇ, ਖ਼ਰੀਦੇ ਪਿੰਡਾਂ ਦੀਆਂ ਹੱਦਬੰਦੀਆਂ (Revenu Boundries) ਤੁੜਵਾਈਆਂ। ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਡਾ. ਗੋਪੀ ਚੰਦ ਭਾਰਗਵ ਸਨ ਅਤੇ ਸ. ਪ੍ਰਤਾਪ ਸਿੰਘ ਕੈਰੋਂ ਮਾਲ ਮੰਤਰੀ ਸਨ। ਬਾਅਦ 'ਚ 13 ਜਨਵਰੀ 1956 ਨੂੰ ਕੈਰੋਂ ਸਾਹਿਬ, ਪੰਜਾਬ ਦੇ ਮੁੱਖ ਮੰਤਰੀ ਬਣੇ ਸਨ, ਪਰ ਉਸ ਵੇਲੇ ਵੀ ਆਪ ਜੀ ਦਾ ਪੰਜਾਬ ਮੰਤਰੀ ਮੰਡਲ ਵਿਚ ਕਾਫੀ ਪ੍ਰਭਾਵ ਸੀ। ਜਦੋਂ ਵੱਡੇ ਬਾਬਾ ਜੀ ਇਹ ਕੰਮ ਕਰਵਾਉਣ ਚੰਡੀਗੜ੍ਹ ਦਫ਼ਤਰ ਵਿਚ ਗਏ, ਸ. ਪ੍ਰਤਾਪ ਸਿੰਘ ਕੈਰੋਂ ਨੇ ਕਮਿਸ਼ਨਰ ਨਾਲ ਗੱਲ ਕਰ ਕੇ ਕੰਮ ਕਰਵਾ ਦਿਤਾ। ਜਦੋਂ ਕੈਰੋਂ ਸਾਹਿਬ ਨੂੰ ਇਹ ਕਿਹਾ ਗਿਆ ਕਿ ਇਹ ਕੰਮ ਕਰਨ ਦਾ ਸਰਕਾਰ ਦਾ ਕਾਇਦਾ ਨਹੀਂ, ਤਾਂ ਉਨ੍ਹਾਂ ਜਵਾਬ ਦਿਤਾ 'ਮੈਂ ਏਥੇ ਸਰਕਾਰ ਬੈਠਾ ਹਾਂ ਸਪੈਸ਼ਲ ਕੇਸ ਲਿਖ ਕੇ ਇਹ ਕੰਮ ਕੀਤਾ ਜਾਵੇ।' ਇਸ ਤਰ੍ਹਾਂ ਵਿਸ਼ੇਸ਼ ਆਰਡਰ ਕਰ ਕੇ ਪਿੰਡਾਂ ਦੀਆਂ Revenu Boundries ਅਰਥਾਤ ਹੱਦਬੰਦੀਆਂ ਤੁੜਵਾਈਆਂ ਗਈਆਂ।

੧੧ ਕੱਤਕ ੨੦੧੧ ਨੂੰ ਸ. ਪ੍ਰਤਾਪ ਸਿੰਘ ਕੈਰੋਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਅਰਜ਼ ਕੀਤੀ,

"ਜ਼ਮੀਨ ਆਪ ਸਿੱਖਾਂ ਦੇ ਨਾਮ ਜਿਵੇਂ ਲਵਾਉਣੀ ਚਾਹੁੰਦੇ ਹੋ ਤਿਵੇਂ ਦਾ ਕਾਨੂੰਨ ਬਣਾ ਦੇਵਾਂਗੇ। ਕਨੂੰਨ ਸਾਡੇ ਬਣਾਏ ਹਨ। ਅਸੀਂ ਤੇ ਕਾਨੂੰਨ ਦੇ ਬਣਾਏ ਹੋਏ ਨਹੀਂ ਹਾਂ। ਮੈਂ ਉਪਰੋਂ ਲੈ ਕੇ ਥੱਲੇ ਤਕ ਕਹਿ ਸਭ ਆਪ ਦੇ ਖਰੀਦੇ ਪਿੰਡਾਂ ਦੀ ਇਕੋ ਜੀਵਨ ਨਗਰ ਦੇ ਨਾਮ ਦੀ ਹੱਦ ਕਰਵਾਂਗਾ ਕਿ ਜ਼ਮੀਨ ਜਿਵੇਂ ਆਪ ਚਾਹੋ ਸਿੱਖਾਂ ਦੇ ਨਾਮ ਲਵਾ ਸਕੋ।"

—ਜੱਸ ਜੀਵਨ ਭਾਗ ਛੇਵਾਂ ਪੰਨਾ 88

ਪੰਜਾਬ ਸਰਕਾਰ ਨਾਲ ਮਿਲ ਕੇ ਇਹ ਫੈਸਲਾ ਕਰਾ ਲਿਆ ਗਿਆ ਕਿ ਨਾਮਧਾਰੀ ਸਿੱਖ, ਕਿਸੇ ਵੀ ਪਿੰਡ ਜਾਂ ਸ਼ਹਿਰ ਵਿਚੋਂ ਆਇਆ ਹੋਵੇ, ਉਸ ਨੂੰ ਜ਼ਮੀਨ ਦੀ ਅਲਾਟਮੈਂਟ ਤਹਿਸੀਲ ਸਰਸਾ (ਹੁਣ ਜ਼ਿਲ੍ਹਾ ਸਰਸਾ) ਵਿਚ ਹੀ ਹੋਵੇ। ਸ੍ਰੀ ਜੀਵਨ ਨਗਰ ਦੁਆਲੇ ਦੇ ਕੁਝ ਪਿੰਡਾਂ ਦਾ ਰਕਬਾ ਹੋਰ ਲੈ ਕੇ ਸਾਰੀ ਜ਼ਮੀਨ ਦੀ ਵੰਡ ਸੱਚੇ ਪਾਤਸ਼ਾਹ ਜੀ ਨੇ ਆਪਣੇ ਹੱਥੀਂ ਕੀਤੀ।

15 ਜਨਵਰੀ 1949 ਨੂੰ ਸ੍ਰੀ ਸਤਿਗੁਰੂ ਜੀ ਨੇ ਸ. ਸਰਦੂਲ ਸਿੰਘ ਪਟਵਾਰੀ ਸਪੁੱਤਰ ਸ. ਗਿਆਨ ਸਿੰਘ ਜੀ ਗਿੱਲ ਨੂੰ ਖਰੀਦੀ ਜ਼ਮੀਨ ਦੀ ਕਿੱਲੇਬੰਦੀ ਵਾਸਤੇ ਲਾ ਦਿਤਾ। 11 ਮਾਰਚ 1949 ਨੂੰ ਸ. ਕਰਮ ਸਿੰਘ ਪਟਵਾਰੀ (2 ਅਕਤੂਬਰ 1995 ਨੂੰ ਚੜ੍ਹਾਈ ਕੀਤੇ) ਨੂੰ ਵੀ ਸ. ਸਰਦੂਲ ਸਿੰਘ ਨਾਲ ਕਿੱਲੇਬੰਦੀ ਦੇ ਕੰਮ 'ਤੇ ਲਾ ਦਿੱਤਾ। ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਸ. ਕਰਮ ਸਿੰਘ ਪਟਵਾਰੀ ਤੇ ਸ. ਸਰਦੂਲ ਸਿੰਘ ਪਟਵਾਰੀ ਨੇ ਮਿਲ ਕੇ ਸ੍ਰੀ ਜੀਵਨ ਨਗਰ, ਸੰਤ ਨਗਰ, ਦਮਦਮਾ, ਹਰੀਪੁਰ, ਖਰੀਦ ਦਾ ਕੁਲ ਰਕਬਾ 12430 ਕਿੱਲੇ (497) ਮੁਰੱਬੇ ਦੀ ਕਿੱਲੇਬੰਦੀ ਕਰ ਕੇ ਵੰਡ ਕੀਤੀ। ਅਪ੍ਰੈਲ 1950 ਤਕ ਇਹ ਕਿੱਲੇਬੰਦੀ ਦਾ ਕੰਮ ਮੌਕੇ 'ਤੇ ਕਰ ਕੇ ਚਾਰੇ ਪਿੰਡਾਂ ਦੇ ਰਕਬੇ ਦਾ ਸ਼ਜਰਾ (ਨਕਸ਼ਾ) ਫੀਲਡ ਬੁਕ ਬਣਾ ਦਿੱਤੀ ਗਈ।

ਸੰਨ 1950 ਵਿਚ ਪਾਕਿਸਤਾਨ ਤੋਂ ਵੀ ਜ਼ਮੀਨਾਂ ਦੇ ਸਾਰੇ ਰੀਕਾਰਡ ਜਲੰਧਰ ਆ ਗਏ। ਇਸ ਕੰਮ ਲਈ ਮੁੜ ਵਸਾਊ ਮਹਿਕਮੇ ਦੇ ਡਾਇਰੈਕਟਰ ਸ. ਤ੍ਰਿਲੋਕ ਸਿੰਘ ਆਈ.ਏ.ਐਸ., ਪੱਛਮੀ ਪੰਜਾਬ ਵਿਚੋਂ ਆਏ ਹੋਏ ਜਿਮੀਂਦਾਰਾਂ ਨੂੰ ਮੁਸਲਮਾਨਾਂ ਦੀਆਂ ਏਧਰ ਰਹਿ ਗਈਆਂ ਜ਼ਮੀਨਾਂ ਦੀ ਅਲਾਟਮੈਂਟ ਦੀ ਇਕ ਮੈਨੂਅਲ (ਨਿਯਮਾਵਲੀ ਦੀ ਕਿਤਾਬ) ਅਰਥਾਤ ਅਲਾਟਮੈਂਟ ਬਾਰੇ ਨਿਯਮ ਬਣਾ ਰਹੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲ ਕੇ ਇਹ ਫੈਸਲਾ ਸ. ਤ੍ਰਿਲੋਕ ਸਿੰਘ ਡਾਇਰੈਕਟਰ ਦੀ ਨਿਯਮਾਂ ਵਾਲੀ ਕਿਤਾਬ ਵਿਚ ਲਿਖਾ ਦਿੱਤਾ ਕਿ ਨਾਮਧਾਰੀ ਕਿਸਾਨ ਸਰਸੇ ਹੀ ਇਕੱਠੇ ਕੀਤੇ ਜਾਣ ਅਤੇ ਨਿਯਮ ਅਨੁਸਾਰ ਜੋ ਸਿਆਲਕੋਟ, ਸ਼ੇਖੂਪੁਰਾ, ਗੁਜਰਾਂਵਾਲਾ ਜ਼ਿਲ੍ਹੇ, ਸਰਸੇ ਨਹੀਂ ਆ ਸਕਦੇ, ਨਾਮਧਾਰੀਆਂ ਵਾਸਤੇ ਇਹ ਨਿਯਮ ਲਾਗੂ ਨਹੀਂ ਹੋਵੇਗਾ। ਹਰ ਜ਼ਿਲ੍ਹੇ ਦਾ ਨਾਮਧਾਰੀ ਇਥੇ ਸਰਸੇ ਵਿਚ ਇਕੱਠਾ ਕੀਤਾ ਜਾਵੇ, ਜਿਨ੍ਹਾਂ ਦੀ ਲਿਸਟ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਿਕਮੇ ਨੂੰ ਦੇਣਗੇ।

ਨਾਮਧਾਰੀਆਂ ਵਾਸਤੇ ਪਾਕਿਸਤਾਨੋਂ ਆਏ ਕਲੇਮਾਂ ਵਾਸਤੇ, ਸ੍ਰੀ ਸਤਿਗੁਰੂ ਜੀ ਨੇ ਖ਼ਰੀਦ ਕੀਤੇ ਪਿੰਡਾਂ ਦੇ ਆਲੇ-ਦੁਆਲੇ ਦੇ ਪਿੰਡ ਅੰਮ੍ਰਿਤਸਰ, ਮਿਰਜਾਪੁਰ, ਕਰੀਵਾਲਾ, ਪੱਟੀ ਕ੍ਰਿਪਾਲ ਅਤੇ ਸਰਸੇ ਸ਼ਹਿਰ ਦੇ ਲਾਗੇ ਇਕ ਪਿੰਡ ਕੰਗਨਪੁਰ, ਪੰਜਾਬ ਸਰਕਾਰ ਪਾਸੋਂ ਨਾਮਧਾਰੀਆਂ ਲਈ ਰੀਜ਼ਰਵ ਕਰਵਾ ਲਏ। ਸੱਚੇ ਪਾਤਸ਼ਾਹ ਜੀ ਨੇ ਇਹ ਹੁਕਮ ਵੀ ਲਿਖਾ ਲਿਆ ਕਿ ਇਨ੍ਹਾਂ ਪਿੰਡਾਂ ਦੀ ਵੰਡ ਵੀ ਆਏ ਕਲੇਮਾਂ ਅਨੁਸਾਰ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਹੀ ਆਪਣੀ ਮਰਜ਼ੀ ਨਾਲ ਕਰਨਗੇ।

ਜ਼ਮੀਨਾਂ ਦੀ ਵੰਡ ਕਰਨ ਦਾ ਕੰਮ ਅਸਾਨ ਨਹੀਂ ਸੀ। ਸਭ ਅਲਾਟੀ ਅਤੇ ਖ਼ਰੀਦਾਰਾਂ ਨੂੰ ਇਕੱਠੇ ਕਰ ਕੇ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਜਿੱਥੇ-ਜਿੱਥੇ ਕੋਈ ਬੈਠਾ ਹੈ, ਉੱਥੇ ਹੀ ਰਹੇ, ਉਸਦੀ ਅਲਾਟਮੈਂਟ ਵਾਲੀ ਅਤੇ ਖ਼ਰੀਦ ਕੀਤੀ ਹੋਈ ਜ਼ਮੀਨ ਦੀ ਕੀਮਤ ਪਾ ਕੇ ਉਸਨੂੰ, ਜਿੱਥੇ ਉਹ ਰਹਿੰਦਾ ਹੈ, ਉੱਥੇ ਹੀ ਸਾਰੀ ਜ਼ਮੀਨ ਇਕੱਠੀ ਦਿੱਤੀ ਜਾਵੇਗੀ।

ਜਿਹੜੇ ਨਾਮਧਾਰੀ ਸਿੰਘ ਪੱਛਮੀ ਪੰਜਾਬ ਤੋਂ ਜ਼ਮੀਨਾਂ ਛੱਡ ਕੇ ਆਏ ਸਨ, ਉਨ੍ਹਾਂ ਵਿਚੋਂ ਬਹੁਤਿਆਂ ਨੇ ਮੁੜ ਵਸਾਊ ਮਹਿਕਮਾ ਜਲੰਧਰ ਦੇ ਅਧਿਕਾਰੀਆਂ ਨੂੰ ਆਪਣੀਆਂ ਜ਼ਮੀਨਾਂ ਨਾਮਧਾਰੀ ਗਰੁੱਪ ਤਹਿਸੀਲ ਸਰਸਾ ਵਿਖੇ ਅਲਾਟ ਕਰਾਉਣ ਦੀਆਂ ਦਰਖ਼ਾਸਤਾਂ ਦੇ ਦਿੱਤੀਆਂ। ਏਨ੍ਹਾਂ ਸਭਨਾਂ ਦੇ ਕਲੇਮ ਸਰਸੇ ਆ ਗਏ। ਜਿਨ੍ਹਾਂ ਦੇ ਕਲੇਮ ਆਉਣ ਵਿਚ ਕੋਈ ਰੁਕਾਵਟ ਪੈਂਦੀ ਉਨ੍ਹਾਂ ਨੂੰ ਲਿਆਉਣ ਵਾਸਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਇਹ ਵਿਅਕਤੀ ਨਿਯੁਕਤ ਕੀਤੇ ਹੋਏ ਸਨ—ਰਿਟਾਇਰਡ ਕਸਟਮ ਅਫਸਰ ਸ. ਤੇਜਾ ਸਿੰਘ ਜੀ ਚੰਦੋਵਾਲ (ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ), ਸ. ਅਵਤਾਰ ਸਿੰਘ ਝੱਬਰ, ਪਟਵਾਰੀ ਕਰਮ ਸਿੰਘ ਅਤੇ ਸ. ਰਛਪਾਲ ਸਿੰਘ ਮਿੰਟਗੁਮਰੀ। ਇਨ੍ਹਾਂ ਨੂੰ ਕਲੇਮ ਲਿਆਉਣ, ਜਲੰਧਰ ਆਉਣ-ਜਾਣ ਦੀ ਡਿਊਟੀ 'ਤੇ ਲਾ ਦਿੱਤਾ। ਜ਼ਮੀਨਾਂ ਦੀ ਰਜ਼ਿਸਟਰੇਸ਼ਨ ਅਤੇ ਜ਼ਮੀਨਾਂ ਦੇ ਤਬਾਦਲੇ ਸੰਬੰਧੀ ਸਾਰੇ ਸਰਕਾਰੀ ਦਫਤਰ ਜਲੰਧਰ ਵਿਚ ਹੋਇਆ ਕਰਦੇ ਸਨ। ਇਸ ਸਾਰੇ ਕੰਮ ਲਈ ਦਫਤਰ, ਵੱਡੇ ਬਾਬਾ ਜੀ ਨੇ 'ਸੰਤ ਇੰਜਨੀਅਰ ਵਰਕਸ' ਐਮ. ਪ੍ਰੈਸ ਗਾਰਡਨ ਰੋਡ (ਹੁਣ ਨਹਿਰੂ ਗਾਰਡਨ ਰੋਡ) ਜਲੰਧਰ ਵਿਖੇ, ਸ. ਸਾਧੂ ਸਿੰਘ ਜੜ੍ਹਾਂਵਾਲੀਏ ਦੇ ਚੁਬਾਰੇ ਵਿਚ ਕਾਇਮ ਕੀਤਾ ਹੋਇਆ ਸੀ। ਸ੍ਰ. ਸਾਧੂ ਸਿੰਘ ਜਲੰਧਰ ਵਿਚ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਨਾਲ, ਸਰਕਾਰੀ ਅਫਸਰਾਂ ਨੂੰ ਮਿਲ ਕੇ ਸਿੱਖਾਂ ਦੇ ਕੰਮ ਕਰਾਉਣ ਜਾਂਦੇ।

ਸਭ ਖਰਚ ਵਗੈਰਾ ਸਤਿਗੁਰੂ ਜੀ ਵਲੋਂ ਹੀ ਸੀ। ਕਿਸੇ ਸਿੱਖ ਨੂੰ ਕੋਈ ਫਿਕਰ ਨਹੀਂ ਸੀ। ਇਸ ਤਰ੍ਹਾਂ ਕਲੇਮ ਲਿਆ ਕੇ ਇਨ੍ਹਾਂ ਪਿੰਡਾਂ ਵਿਚ ਨਾਮਧਾਰੀ ਸੰਗਤ ਲਈ ਜ਼ਮੀਨ ਅਲਾਟ ਕੀਤੀ ਗਈ। ਅਲਾਟਮੈਂਟ ਕਰਨ ਲਈ ਸਤਿਗੁਰੂ ਜੀ ਨੇ ਚੁਚਾਲ ਕੋਠੀ (ਸ੍ਰੀ ਜੀਵਨ ਨਗਰ) ਸਰਦੂਲ ਸਿੰਘ ਪਟਵਾਰੀ ਦੀ ਡਿਊਟੀ ਲਾ ਦਿਤੀ ਅਤੇ ਨਾਲ ਇਕ ਹੋਰ ਪਟਵਾਰੀ ਮਾਂਗੇ ਰਾਮ ਸਰਸੇ

ਤੋਂ ਲਿਆ ਕੇ ਲਾ ਦਿੱਤਾ। ਅਲਾਟਮੈਂਟ ਦੀ ਹਰ ਪਰਚੀ 'ਤੇ ਪਟਵਾਰੀ ਸਰਵ ਸ੍ਰੀ ਕਰਮ ਸਿੰਘ, ਸਰਦੂਲ ਸਿੰਘ, ਮਾਂਗੇ ਰਾਮ ਤਿੰਨਾਂ ਪਟਵਾਰੀਆਂ ਦੇ ਅਤੇ ਸ. ਅਵਤਾਰ ਸਿੰਘ ਝੱਬਰ ਦੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁਖਤਿਆਰ-ਏ-ਆਮ ਦੀ ਹੈਸੀਅਤ ਵਿਚ ਦਸਤਖ਼ਤ ਹੁੰਦੇ ਸਨ। ਉਪਰੰਤ ਕਾਨੂੰਗੋ, ਤਹਿਸੀਲਦਾਰ ਤੇ ਮਾਲ ਅਫ਼ਸਰ ਦੇ ਦਸਤਖ਼ਤ ਹੁੰਦੇ ਸਨ। ਇਹ ਸਭ ਕੁੱਝ ਪਟਵਾਰੀਆਂ ਦੇ ਰੀਕਾਰਡ ਵਿਚ ਵੇਖਿਆ ਜਾ ਸਕਦਾ ਹੈ।

ਇਸ ਸਾਰੇ ਕੰਮ ਨੂੰ ਕ੍ਰੀਬ ਪੰਜ ਸਾਲ ਲਗ ਗਏ। ਜ਼ਮੀਨ ਦੀ ਖ਼ਰੀਦ ਤੋਂ ਲੈ ਕੇ ਅਲਾਟਮੈਂਟ ਤਕ ਦਾ ਕੰਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਈ ਕਿਸਮ ਦੇ ਖਰਚੇ ਕਰ ਕੇ ਪੂਰਾ ਕੀਤਾ। ਵੱਡੇ ਬਾਬਾ ਜੀ ਨੇ ਇਸ ਸਾਰੇ ਕੰਮ ਵਿਚ ਬਹੁਤ ਮਿਹਨਤ ਕੀਤੀ।

### ਛੋਟੇ ਬਾਬਾ ਜੀ 'ਤੇ ਚਲਦੇ ਮੁਕੱਦਮੇ ਸਮੇਂ

ਉਨ੍ਹੀਂ ਦਿਨੀਂ ਵੀ ਵੱਡੇ ਬਾਬਾ ਜੀ ਨੇ ਬੜੀ ਭੱਜ-ਨੱਸ ਕੀਤੀ ਜਦੋਂ ਸੰਨ 1958-59 ਵਿਚ ਨਾਮਧਾਰੀ ਪੰਥ 'ਤੇ ਬੜਾ ਸੰਕਟ ਆ ਪਿਆ ਸੀ। ਭਾਈ ਘਸੀਟਾ ਸਿੰਘ ਕਤਲ ਕੇਸ ਵਿਚ ਝੂਠੀਆਂ ਗਵਾਹੀਆਂ ਦੇ ਆਧਾਰ 'ਤੇ, ਛੋਟੇ ਬਾਬਾ ਜੀ (ਮਹਾਰਾਜ ਬੀਰ ਸਿੰਘ) ਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ ਗਿਆ ਸੀ। ਕਾਰਣ ਇਹ ਸੀ ਕਿ ਕੁੱਝ ਵਿਰੋਧੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਿਸੇ ਨਾ ਕਿਸੇ ਤਰੀਕੇ ਪ੍ਰੇਸ਼ਾਨ ਕਰਨ ਦਾ ਇਰਾਦਾ ਰੱਖਦੇ ਸਨ। ਜਿਵੇਂ ਕਿ ਹਰ ਸਤਿਗੁਰੂ ਦੇ ਵਕਤ ਵਿਚ ਹੁੰਦਾ ਆਇਆ ਹੈ, ਇਨ੍ਹਾਂ ਵਿਰੋਧੀਆਂ ਵਿਚੋਂ ਮੁੱਖ ਤੌਰ ਤੇ ਇਕ ਵਿਰੋਧੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਰਾ ਮਹਾਰਾਜ ਨਿਹਾਲ ਸਿੰਘ ਸਨ।

ਘਸੀਟਾ ਸਿੰਘ ਹਾਰਨੀਆਂ ਦੇ ਕਤਲ ਦੇ ਦੋਸ਼ੀ ਭਾਈ ਕੰਧਾਰਾ ਸਿੰਘ ਸਨ। ਅਗਸਤ ਸੰਨ 1958 ਵਿਚ ਸਰਕਾਰੀ ਅਫ਼ਸਰਾਂ ਵਲੋਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਕੰਧਾਰਾ ਸਿੰਘ ਨਾਲ ਤਿੰਨ ਕਾਤਲ ਹੋਰ ਸਨ ਅਤੇ ਇਨ੍ਹਾਂ ਚੌਹਾਂ ਨੂੰ ਛੋਟੇ ਬਾਬਾ ਬੀਰ ਸਿੰਘ ਜੀ ਜੀਪ 'ਤੇ ਚੜ੍ਹਾ ਕੇ ਲੈ ਗਏ ਸਨ। ਇਸ ਤਰ੍ਹਾਂ ਛੋਟੇ ਬਾਬਾ ਜੀ ਅਤੇ ਤਿੰਨ ਹੋਰ ਸਿੰਘਾਂ ਨੂੰ ਘਸੀਟਾ ਸਿੰਘ ਕਤਲ-ਕੇਸ ਵਿਚ ਝੂਠੀਆਂ ਗਵਾਹੀਆਂ ਦੇ ਅਧਾਰ 'ਤੇ ਫਸਾ ਕੇ ਹਵਾਲਾਤ ਵਿਚ ਬੰਦ ਕਰੀ ਰੱਖਿਆ। ਮਹਾਰਾਜ ਨਿਹਾਲ ਸਿੰਘ ਜ਼ੋਰ ਲਗਾ ਰਹੇ ਸਨ ਕਿ ਛੋਟੇ ਬਾਬਾ ਜੀ ਦੀ ਜਮਾਨਤ ਨਾ ਹੋਵੇ। ਉਨ੍ਹੀਂ ਦਿਨੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਹਤ ਠੀਕ ਨਹੀਂ ਸੀ। ਅਜਿਹੇ ਸਮੇਂ ਵੱਡੇ ਬਾਬਾ ਜੀ ਨੇ ਛੋਟੇ ਬਾਬਾ ਜੀ ਦੀ ਜਮਾਨਤ ਵਾਸਤੇ ਬਹੁਤ ਦੌੜ-ਭੱਜ ਕੀਤੀ। ਬੜਾ ਫਿਕਰ ਰੱਖਿਆ, ਦਿਨ-ਰਾਤ ਇਕ ਕਰ ਦਿੱਤਾ। ਭੁੱਖ ਤ੍ਰੇਹ ਅਤੇ ਹੋਰ ਹਰ ਪ੍ਰਕਾਰ ਦੀ ਬੇਅਰਾਮੀ ਸਹਿਨ ਕਰ ਕੇ ਇਸ ਕੇਸ ਦੀ ਸੱਚਾਈ ਬਾਰੇ ਸਭ ਮੰਤਰੀਆਂ ਅਤੇ ਮੁੱਖ ਅਫ਼ਸਰਾਂ ਨੂੰ ਦੱਸਿਆ। ਕ੍ਰੀਬ ਸਾਢੇ ਅੱਠ ਮਹੀਨੇ ਹਵਾਲਾਤ ਵਿਚ ਰਹਿਣ ਉਪ੍ਰੰਤ ਅਪ੍ਰੈਲ 1959 ਨੂੰ ਛੋਟੇ ਬਾਬਾ ਜੀ

ਰਿਹਾ ਹੋ ਗਏ। ਬਾਅਦ ਵਿਚ ਮੁਕੱਦਮਾ ਚਲਦਾ ਰਿਹਾ ਤੇ 9 ਅਗਸਤ,1959 ਨੂੰ ਛੋਟੇ ਬਾਬਾ ਜੀ ਇਸ ਮੁਕੱਦਮੇ ਵਿਚੋਂ ਬਰੀ ਹੋਏ।

ਛੋਟੇ ਬਾਬਾ ਜੀ ਦੇ ਬਰੀ ਹੋਣ ਮਗਰੋਂ, ਵਿਰੋਧੀਆਂ ਵਲੋਂ ਵੱਖ-ਵੱਖ ਕਈ ਮੁਕੱਦਮੇ, ਦੀਵਾਨੀ ਅਦਾਲਤਾਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਰੁੱਧ ਦਾਇਰ ਕਰਵਾ ਦਿਤੇ ਗਏ। ਮਹਾਰਾਜ ਨਿਹਾਲ ਸਿੰਘ ਵਲੋਂ ਜ਼ੋਰਦਾਰ ਕੋਸ਼ਿਸ਼ ਕੀਤੀ ਜਾ ਰਹੀ ਸੀ ਕਿ ਸ੍ਰੀ ਸਤਿਗੁਰੂ ਜੀ ਨੂੰ ਕਚਿਹਰੀ ਵਿਚ ਲਿਆ ਕੇ ਖਲਾਰਿਆ ਜਾਵੇ। ਜਿਹੜੇ ਮੁਕੱਦਮੇ ਦਾਇਰ ਕੀਤੇ ਹੋਏ ਸਨ, ਉਨ੍ਹਾਂ ਵਿਚ ਵਿਸ਼ੇਸ਼ ਕਰ ਕੇ ਸ੍ਰੀ ਸਤਿਗੁਰੂ ਜੀ ਨੂੰ ਪ੍ਰਤਿਵਾਦੀ (ਮੁਦਾਲੈ) ਬਣਾ ਕੇ ਗਵਾਹ ਰੱਖਿਆ ਸੀ। ਜ਼ੋਰ ਏਸ ਗੱਲ 'ਤੇ ਦਿਤਾ ਜਾ ਰਿਹਾ ਸੀ ਕਿ ਸੱਚੇ ਪਾਤਸ਼ਾਹ ਜੀ ਕਚਿਹਰੀ ਵਿਚ ਆ ਕੇ ਬਿਆਨ ਦੇਣ।

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਬਚਨ ਕੀਤਾ 'ਚਾਹੇ ਕੁਝ ਵੀ ਹੋਵੇ, ਮੈਂ ਝੂਠੀ ਕਚਿਹਰੀ ਬਿਲਕੁਲ ਨਹੀਂ ਜਾਵਾਂਗਾ।' ਹਜ਼ੂਰ ਨੇ ਸ੍ਰੀ ਜੀਵਨ ਨਗਰ ਤੋਂ ਚੱਲ ਕੁਝ ਦਿਨ ਮੰਡੀ (ਹਿਮਾਚਲ ਪ੍ਰਦੇਸ਼) ਨਿਵਾਸ ਕੀਤਾ। ਆਪ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ ਸੀ। ਮੰਡੀ ਤੋਂ ਆਪ ਛੇਤੀ ਹੀ ਸ੍ਰੀ ਭੈਣੀ ਸਾਹਿਬ ਆ ਗਏ ਸਨ। ਸਿਹਤ ਇੰਨੀ ਕਮਜ਼ੋਰ ਹੋ ਗਈ ਸੀ ਕਿ ਉਠਣਾ ਬੈਠਣਾ ਬਹੁਤ ਕਠਿਨਾਈ ਨਾਲ ਹੁੰਦਾ ਸੀ ਤਾਂ ਵੀ ਆਪ ਸਵੇਰ ਦਾ ਇਸ਼ਨਾਨ ਕਰਦੇ ਰਹੇ ਅਤੇ ਭਜਨ-ਬਾਣੀ ਦਾ ਨਿਤਨੇਮ ਵੀ ਬੈਠ ਕੇ ਜਾਂ ਲੇਟ ਕੇ ਕਰਦੇ ਰਹੇ। 5 ਭਾਦੋਂ ਸੰਮਤ ੨੦੧੬ (21 ਅਗਸਤ ਸੰਨ 1959) ਨੂੰ, ਲੱਖਾਂ ਨਾਮਧਾਰੀਆਂ ਦੇ ਹਿਰਦੇ-ਸਮਰਾਟ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ। ਸ੍ਰੀ ਸਤਿਗੁਰੂ ਜੀ ਸਪਸ਼ਟ ਰੂਪ ਵਿਚ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ) ਨੂੰ ਗੱਦੀ-ਨਸ਼ੀਨ ਕਰਨ ਦਾ ਹੁਕਮ ਕਰ ਗਏ ਸਨ।

## ਪੂਰਨ ਸਿੱਖੀ ਦੀ ਮੰਗ

ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸਤਾਦ ਨੱਥਾ ਸਿੰਘ ਗੁਜਰਾਂਵਾਲੇ ਨੂੰ ਹੁਕਮ ਕੀਤਾ ਕਿ ਵੱਡੇ ਕਾਕੇ ਨੂੰ ਪੁੱਛ ਲੈ ਕਿ ਉਸਨੂੰ ਕੀ ਚਾਹੀਦਾ ਹੈ, ਕੱਲ ਨੂੰ ਇਹ ਨਾ ਕਹੇ ਕਿ 'ਸਾਰੇ ਸਿੱਖਾਂ ਨੂੰ ਜ਼ਮੀਨਾਂ, ਘਰ ਆਦਿ ਏਨਾ ਕੁਝ ਦਿਤਾ ਹੈ, ਮੈਨੂੰ ਕੀ ਦਿਤੈ? ਉਸ ਵੇਲੇ ਵੱਡੇ ਬਾਬਾ ਜੀ ਸ੍ਰੀ ਜੀਵਨ ਨਗਰ ਦੀ ਡਿਉੜੀ ਵਿਚ ਖੜ੍ਹੇ ਸਨ ਜਦ ਸੱਚੇ ਪਾਤਸ਼ਾਹ ਜੀ ਦੇ ਹੁਕਮ ਮੁਤਾਬਕ, ਉਸਤਾਦ ਜੀ ਨੇ ਪੁੱਛਿਆ ਤਾਂ ਵੱਡੇ ਬਾਬਾ ਜੀ ਨੇ ਕਛਿਹਰੇ ਨੂੰ ਹੱਥ ਲਾ ਕੇ ਬਚਨ ਕੀਤਾ, 'ਏਹੋ ਚਾਹੀਦਾ ਹੈ।' ਜਦੋਂ ਉਸਤਾਦ ਜੀ ਨੇ ਵੱਡੇ ਬਾਬਾ ਜੀ ਦੇ ਇਹ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਰਜ਼ ਕਰ ਦੱਸੇ ਤਾਂ ਉਨ੍ਹਾਂ ਬਹੁਤ ਖੁਸ਼ ਹੋ ਬਚਨ ਕੀਤਾ, "ਮੈਨੂੰ ਵੀ ਵੱਡੇ ਕਾਕੇ ਤੋਂ ਇਹੀ ਉਮੀਦ ਸੀ।" ਕਛਹਿਰੇ ਤੋਂ ਭਾਵ ਸਿੱਖੀ ਹੈ, ਜੋ ਉਨ੍ਹਾਂ ਨੂੰ ਮਿਲ ਗਈ। ਵੱਡੇ

ਬਾਬਾ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਪੂਰਨ ਖੁਸ਼ੀਆਂ ਪ੍ਰਾਪਤ ਕੀਤੀਆਂ।

ਇੰਜ ਵੱਡੇ ਬਾਬਾ ਜਗਜੀਤ ਸਿੰਘ ਜੀ ਨੇ ਅਨੇਕ ਪ੍ਰਕਾਰ ਨਾਲ ਸਾਧਾਰਨ ਸਿੱਖਾਂ ਨਾਲ ਸਿੱਧਾ ਸੰਪਰਕ ਰਖਦਿਆਂ ਅਤੇ ਕਈ ਤਰ੍ਹਾਂ ਦੀਆਂ ਕਠਿਨਾਈਆਂ ਨਾਲ ਸੰਘਰਸ਼ ਕਰਦਿਆਂ, ਪੂਰੇ 39 ਸਾਲ ਇਕ ਪੂਰਨ ਗੁਰ-ਸਿੱਖ ਦੇ ਰੂਪ ਵਿਚ, ਗੁਰੂ-ਪਿਤਾ ਦੀ ਸੇਵਾ ਕੀਤੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਪੂਰੀਆਂ ਖੁਸ਼ੀਆਂ ਪ੍ਰਾਪਤ ਕਰ ਕੇ ਸਤਿਗੁਰੂ ਪਦ 'ਤੇ ਸੁਸ਼ੋਭਿਤ ਹੋਏ।

ਹੁਣ ਉਸ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗੱਦੀ 'ਤੇ ਸੁਸ਼ੋਭਿਤ ਹੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਾਨਵ-ਜਾਤੀ ਦਾ ਕਲਿਆਣ ਕਰਨ ਲਈ ਲਗਾਤਾਰ ਯਤਨਸ਼ੀਲ ਰਹਿੰਦੇ ਹਨ।

# ਗੱਦੀ–ਨਸ਼ੀਨੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪੰਜ ਭਾਦੋਂ ੨੦੧੬ ਬਿਕ੍ਰਮੀ (21 ਅਗਸਤ ਸੰਨ 1959) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਜੋਤੀ ਜੋਤ ਸਮਾਏ। ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) 39 ਸਾਲ ਦੀ ਉਮਰ ਵਿਚ ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿਚ ਗੁਰ–ਗੱਦੀ 'ਤੇ ਸੁਸ਼ੋਭਿਤ ਹੋਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਤਮ ਦਿਨਾਂ ਵਿਚ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੇ ਛੋਟੇ ਬਾਬਾ ਬੀਰ ਸਿੰਘ ਨੂੰ ਵੱਖਰਿਆਂ, ਪਰ੍ਹਾਂ ਬੋਹੜ ਥੱਲੇ ਲਿਜਾ ਕੇ ਆਖਿਆ,

"ਮੈਥੋਂ ਬੋਲਿਆ ਨਹੀਂ ਜਾਂਦਾ, ਆਪਾਂ ਦੋਨਾਂ ਵਲੋਂ ਤੁਸੀਂ ਅਰਜ਼ ਕਰੋ ਬਈ ਸੱਚੇ ਪਾਤਸ਼ਾਹ ਐਸ ਤਰ੍ਹਾਂ ਨਾ ਕਰੋ ਭਾਵ ਦੇਹ ਦਾ ਓਹਲਾ ਨਾ ਕਰੋ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ, ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਨੇ ਇਸ ਤਰ੍ਹਾਂ ਅਰਜ਼ ਕੀਤੀ ਸੀ ਤੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਇਹ ਅਵਸਰ ਪ੍ਰਦਾਨ ਕੀਤਾ ਸੀ।"

ਪਰ ਅਕਾਲ ਪੁਰਖ ਦੀ ਰਜ਼ਾ ਹੀ ਇਸ ਪ੍ਰਕਾਰ ਸੀ ਕਿ ਨਾ ਵੱਡੇ ਬਾਬਾ ਜੀ ਤੇ ਨਾ ਹੀ ਛੋਟੇ ਬਾਬਾ ਜੀ ਦਾ ਹੌਂਸਲਾ ਅਰਜ਼ ਕਰਨ ਦਾ ਪਿਆ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਓਹਲਾ ਕਰ ਗਏ।

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਤਿਆਗੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਤਿਆਗਣ ਬਾਰੇ ਹਜ਼ੂਰ ਦੇ ਨਿੱਜੀ ਸਕੱਤਰ ਤੇ ਡਰਾਈਵਰ ਸੰਤ ਗੁਰਦੇਵ ਸਿੰਘ ਰਾਮਪੁਰ ਇੰਜ ਦੱਸਦੇ ਹਨ:

"ਪਰਿਵਾਰਕ ਡਾਕਟਰ ਗੁੱਜਰਮੱਲ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵੇਖ ਕੇ ਸਾਫ਼ ਦੱਸ ਦਿੱਤਾ ਸੀ ਕਿ 'ਸੱਚੇ ਪਾਤਸ਼ਾਹ ਜੀ ਦੇਹ ਕਰ ਕੇ ਹੁਣ ਦੋ–ਤਿੰਨ ਘੰਟੇ ਹੀ ਰਹਿਣਗੇ। ਹੁਣ ਸਿਰਫ ਦਰਸ਼ਨ–ਮੇਲੇ ਹੀ ਹਨ।' ਮੈਂ ਤੇ ਸੁੱਚਾ ਸਿੰਘ ਸੋਖੀ ਜਦੋਂ ਡਾਕਟਰ ਗੁੱਜਰਮੱਲ ਨੂੰ ਲੁਧਿਆਣੇ ਛੱਡ ਕੇ ਰਾਤ ਬਾਰਾਂ ਵਜੇ ਸ੍ਰੀ ਭੈਣੀ ਸਾਹਿਬ ਮੁੜੇ, ਉਸ ਤੋਂ ਪੰਜ–ਦਸ ਕੁ ਮਿੰਟ ਬਾਅਦ ਹੀ ਸ੍ਰੀ ਸਤਿਗੁਰੂ ਜੀ ਚੜ੍ਹਾਈ ਕਰ ਗਏ।"

ਗੋਲਮੰਦਰ ਵਿਖੇ, ਜਿਸ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਤਿਆਗੀ, ਆਪ ਜੀ ਪਾਸ ਬਾਬਾ ਜਗਜੀਤ ਸਿੰਘ ਤੇ ਬਾਬਾ ਬੀਰ ਸਿੰਘ ਤੋਂ ਇਲਾਵਾ ਹਜ਼ੂਰੀ ਸੇਵਕ ਭਾਈ ਵਜੀਰ ਸਿੰਘ, ਭਾਈ ਰਤਨ ਸਿੰਘ ਲਾਂਗਰੀ, ਸੰਤ ਮੋਹਕਮ ਸਿੰਘ, ਸੇਠ ਗੁਰਬਖਸ਼ ਸਿੰਘ ਧੀਰ, ਸੇਠ ਸੁਹੇਲ

ਸਿੰਘ ਧੀਰ, ਸੰਤ ਪ੍ਰੀਤਮ ਸਿੰਘ ਪੱਧੀ ਤੇ ਪੰਡਤ ਗੋਪਾਲ ਸਿੰਘ ਆਦਿਕ ਬੈਠੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅੰਤਮ ਸਸਕਾਰ ਉਸੇ ਸ਼ਾਮ ਚਾਰ ਤੋਂ ਪੰਜ ਵਜੇ ਦਰਮਿਆਨ, ਸ੍ਰੀ ਭੈਣੀ ਸਾਹਿਬ ਵਿਖੇ ਕੀਤਾ ਗਿਆ। ਅੰਤਮ ਦਰਸ਼ਨ ਕਰਨ ਆਏ, ਹਜ਼ਾਰਾਂ ਸਿੱਖਾਂ ਤੇ ਸ਼ਰਧਾਲੂਆਂ ਨੇ, ਇਹ ਕੁਰਣਾਮਈ ਦ੍ਰਿਸ਼ ਵੇਖਦਿਆਂ ਵਿਆਕੁਲ ਹਿਰਦਿਆਂ ਨਾਲ ਆਪਣੇ ਪੂਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੀਰ ਨੂੰ ਅੰਤਮ ਵਿਦਾਇਗੀ ਦਿਤੀ।

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ-ਨਸ਼ੀਨੀ

'ਗੁਰਗੱਦੀ ਇਕ ਲਮਹੇ ਲਈ ਵੀ ਖ਼ਾਲੀ ਨਹੀਂ ਰਹਿਣਾ ਚਾਹੀਦੀ', ਇਹ ਸਾਰੇ ਜਾਣਦੇ ਸਨ। ਸਾਰੀ ਸਾਧ-ਸੰਗਤ ਨੂੰ ਇਹ ਪਤਾ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਿਛਲੇ ਕੁੱਝ ਸਮੇਂ ਤੋਂ ਆਪਣੇ ਅਗਲੇ ਵਾਰਸ ਦੇ ਰੂਪ ਵਿਚ ਵੱਡੇ ਬਾਬਾ ਜੀ ਵਲ ਸਪਸ਼ਟ ਹੁਕਮ ਕਰ ਗਏ ਹਨ। ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਦਾ ਓਹਲਾ ਕੀਤਾ, ਉਸੇ ਵੇਲੇ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰ-ਗੱਦੀ 'ਤੇ ਬਿਰਾਜਮਾਨ ਹੋ ਗਏ।

ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਕਰਕੇ ਸਾਧ-ਸੰਗਤ ਨੂੰ ਸਦੀਵੀਂ ਵਿਛੋੜਾ ਦੇ ਗਏ ਸਨ ਤਾਂ ਇਕ ਛਿਣ ਲਈ ਤਾਂ ਇਹ ਜਾਪਿਆ ਸੀ ਜਿਵੇਂ ਕਾਲੀ-ਬੋਲੀ ਰਾਤ ਹੋ ਗਈ ਹੋਵੇ ਪਰ ਜਦ ਉਸੇ ਦੀ ਜੋਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 'ਚ ਵਿਚ ਪ੍ਰਕਾਸ਼ਮਾਨ ਹੋਈ, ਤਾਂ ਭਾਈ ਗੁਰਦਾਸ ਦੇ ਵਾਕ 'ਤਖਤ ਬਹੈ ਤਖਤੈ ਕੀ ਲਾਇਕ' ਅਨੁਸਾਰ ਵਿਆਕੁਲ ਹੋਈ ਸਾਧ-ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਰੂਪ ਸਵੀਕਾਰਦਿਆਂ, ਆਪਣੇ ਰਹਿਬਰ ਦੀ ਛਤਰ ਛਾਇਆ ਹੇਠ ਧੀਰਜ ਧਰ ਲਿਆ।

ਗੁਰੂ ਕਿਸੇ ਦਾ ਬਣਾਇਆ ਨਹੀਂ ਬਣਦਾ। ਜਿਹੜਾ ਗੁਰੂ ਹੁੰਦਾ ਹੈ, ਉਹੀ ਗੁਰ-ਗੱਦੀ 'ਤੇ ਬੈਠ ਸਕਦਾ ਹੈ, ਹੋਰ ਕੋਈ ਉਸ ਗੱਦੀ 'ਤੇ ਬੈਠ ਹੀ ਨਹੀਂ ਸਕਦਾ। ਗੁਰੂ ਸੰਗਤ ਬਣਾ ਲੈਂਦਾ ਹੈ, ਪਰ ਸੰਗਤ ਜਾਂ ਸੰਗਤ ਵਿਚਲਾ ਕੋਈ ਵਿਅਕਤੀ ਗੁਰੂ ਨਹੀਂ ਬਣਾ ਸਕਦਾ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ, 'ਦਿਚੈ ਪੂਰਬਿ ਦੇਵਣਾ ਜਿਸ ਕੀ ਵਸਤੁ ਤਿਸੇ ਘਰ ਆਵੈ' ਅਤੇ 'ਸਤਿਗੁਰ ਹੋਆ ਸਤਿਗੁਰਹੁ'

ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ, "ਖਾਲੀ ਤਖਤ ਨ ਰਹੈ ਹੈ, ਮਹਾਂਪੁਰਖ ਕਾ ਜੋਇ। ਦੀਵੇ ਤੇ ਦੀਵਾ ਬਲੇ ਜੋਤੀ ਘੱਟ ਨ ਹੋਇ।"

ਸੰਤ ਇੰਦਰ ਸਿੰਘ ਚਕ੍ਰਵਰਤੀ ਆਪਣੀ ਪੁਸਤਕ 'ਅਟੱਲ ਪ੍ਰਤਾਪੀ' ਦੇ ਪੰਨਾ ਨੰ: ੪੮, ੪੯ ਤੇ ੫੦ ਵਿਚ ਇਉਂ ਲਿਖਦੇ ਹਨ,

"ਜਦ ਚੰਦਨ ਦੇ ਅੰਗੀਠੇ 'ਤੇ ਅੰਤਮ ਸੰਸਕਾਰ ਕਰਨ ਲਈ ਸਰੀਰ (ਸ੍ਰੀ ਸਤਿਗੁਰੂ ਪ੍ਰਤਾਪ

ਸਿੰਘ ਜੀ ਦਾ) ਰਖਿਆ ਜਾਣ ਲੱਗਾ ਤਦ ਰਖਣ ਤੋਂ ਪਹਿਲਾਂ ਸੰਗਤ ਵਿਚ ਇਕ ਦੂਜੇ ਤੋਂ ਪੁੱਛ ਕੀਤੀ ਜਾ ਰਹੀ ਸੀ ਕਿ, "ਅਬਚਲੀ ਜੋਤ ਦੀ ਗੱਦੀ ਖਾਲੀ ਹੀ ਰਹੇਗੀ?"

"ਨਹੀਂ" ਸੰਗਤੀ ਸਿਆਣਪ ਨੇ ਕਿਹਾ,—ਗੱਦੀ ਦੇ ਵਾਰਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਾਇਮ-ਦਾਇਮ ਹਨ।

"ਫਿਰ ਆਸਣ ਵਿਛਾ ਕੇ ਉਪਰ ਕਿਉਂ ਨਹੀਂ ਬਿਠਾਇ ਜਾ ਰਹੇ। ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਨੂੰ ਅਰਜ਼ ਕਰਕੇ ਬੇਨਤੀ ਕੀਤੀ ਗਈ।

"ਮੈਂ ਜਿਵੇਂ ਅਗੇ ਮਹਾਰਾਜ ਜੀ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਨੂੰ ਨਮਸਕਾਰ ਕਰਦਾ ਰਿਹਾ ਹਾਂ। ਤਿਵੇਂ ਹੀ ਮਹਾਰਾਜ ਜਗਜੀਤ ਸਿੰਘ ਜੀ ਨੂੰ ਕਰਾਂਗਾ" ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਆਪਣੀ ਸਦਾ ਦੀ ਨਿਰਮਾਣਤਾ ਦਰਸਾਂਦਿਆਂ ਕਿਹਾ।

"ਸਭ ਤੋਂ ਪਹਿਲਾਂ ਮੱਥਾ ਅਸੀਂ ਟੇਕਾਂਗੇ" ਸ੍ਰੀ ਬਾਬਾ ਜੰਗ ਸਿੰਘ ਜੀ ਮਹਾਰਾਜ ਬੋਲੇ ਤਦੋਂ ਨੂੰ ਸ੍ਰੀ ਬਾਬਾ ਬੀਰ ਸਿੰਘ ਜੀ ਮਹਾਰਾਜ ਨੇ ਆਸਣ ਵਿਛਾਕੇ, ਆਪਣੇ ਵੱਡੇ ਭਰਾਤਾ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਨੂੰ ਬੈਠਣ ਲਈ ਅਰਜ਼ ਕੀਤੀ।

"ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਭਰੇ ਹੋਏ ਦਿਲ ਨਾਲ ਤੇ ਰੁਧੇ ਹੋਏ ਗਲੇ ਨਾਲ ਆਸਣ 'ਤੇ ਬੈਠਦਿਆਂ ਕਿਹਾ—"ਕੀ ਮੈਂ ਅਜ ਆਪਣੇ ਨਿੱਕੇ ਵੀਰ ਤੋਂ ਵੱਖਰਾ ਬੈਠਾਂਗਾ? ਕਾਸ਼! ਇਹ ਦਿਨ ਮੇਰੇ ਲਈ ਨਾ ਔਂਦਾ!! ਇਹ ਆਖ ਆਪ ਜੀ, ਆਸਣ 'ਤੇ ਆ ਕੇ ਬੈਠ ਗਏ। ਸ੍ਰੀ ਬਾਬਾ ਬੀਰ ਸਿੰਘ ਜੀ ਨੇ ਸਭ ਤੋਂ ਪਹਿਲਾਂ ਆਪ ਜੀ ਨੂੰ ਨਮਸਕਾਰ ਕੀਤੀ ਫਿਰ ਬਿਨਾਂ ਆਸਣੋਂ ਹੀ ਸਾਧ ਸੰਗਤ ਵਿਚ ਆ ਬੈਠੇ। ਤਦੋਂ ਨੂੰ ਨਾਮਧਾਰੀ ਪੰਥ ਦੇ ਵਯੋਵ੍ਰਿਧ ਸ੍ਰੀ ਬਾਬਾ ਜੰਗ ਸਿੰਘ ਜੀ ਮਹਾਰਾਜ ਉਠੇ ਅਤੇ ਆਪ ਜੀ ਨੇ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਨੂੰ ਉਂਞ ਹੀ ਪਿਆਰ ਸਤਿਕਾਰ ਤੇ ਸ਼ਰਧਾ ਨਾਲ ਨਮਸਕਾਰ ਆ ਕੀਤੀ, ਜਿਵੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕੀਤਾ ਕਰਦੇ ਸਨ। ਇਹ ਵੇਖ ਕੇ ਸੰਗਤ ਦੀਆਂ ਅਖਾਂ ਵਿਚ ਪਿਆਰ ਦੇ ਅੱਥਰੂ ਆ ਗਏ ਅਤੇ ਸੰਗਤ ਵਿਚੋਂ ਅਵਾਜ਼ ਆਈ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਜ਼ਿੰਦਾਬਾਦ।"

ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ,

"ਬਾਬਾ ਬੀਰ ਸਿੰਘ ਜੀ ਨੇ ਆਪਣੇ ਗਲ ਵਾਲੀ ਰੁਮਾਲੀ ਆਸਣ ਦੀ ਤਰ੍ਹਾਂ ਸਸਕਾਰ ਹੁੰਦੇ ਪਾਸ ਹੀ ਵਿਛਾ ਦਿਤੀ ਤੇ ਉੱਪਰ ਮਹਾਰਾਜ ਜਗਜੀਤ ਸਿੰਘ ਨੂੰ ਬਿਠਾ ਆਪ ਹੱਥ ਜੋੜ ਉਨ੍ਹਾਂ ਨੂੰ ਮੱਥਾ ਟੇਕ ਦਿਤਾ।"

—ਜੱਸ ਜੀਵਨ ਭਾਗ ਛੇਵਾਂ ਪੰਨਾ ਨੰ: ੩੬੬

ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਨੇ ਐਲਾਨ ਕਰ ਦਿਤਾ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਜ਼ਾ ਤੇ ਹੁਕਮ ਅਨੁਸਾਰ ਹੁਣ ਤੋਂ ਨਾਮਧਾਰੀ ਪੰਥ ਦੇ ਅਗਲੇ ਸਤਿਗੁਰੂ, ਬਾਬਾ ਜਗਜੀਤ

ਸਿੰਘ ਜੀ ਹਨ ਤੇ ਸਾਰੀ ਸਾਧ ਸੰਗਤ ਨੇ ਇਨ੍ਹਾਂ ਦੇ ਹੁਕਮਾਂ ਵਿਚ ਰਹਿਣਾ ਹੈ। ਆਸਣ 'ਤੇ ਸੁਸ਼ੋਭਿਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ, ਮਹਾਰਾਜ ਨਿਹਾਲ ਸਿੰਘ ਜੀ, ਬਾਬਾ ਬੀਰ ਸਿੰਘ ਜੀ, ਬਾਬਾ ਜੰਗ ਸਿੰਘ ਜੀ, ਹਜ਼ੂਰੀ ਸੇਵਕਾਂ ਭਾਈ ਵਜ਼ੀਰ ਸਿੰਘ, ਭਾਈ ਰਤਨ ਸਿੰਘ ਤੇ ਹੋਰ ਸਮੂਹ ਸੰਗਤ ਨੇ, ਸ਼ਰਧਾ ਪੂਰਵਕ ਮੱਥਾ ਟੇਕਿਆ।

"22 ਅਗਸਤ ਨੂੰ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਵਲੋਂ ਐਲਾਨ ਕਰ ਦਿਤਾ ਗਿਆ ਸੀ ਕਿ ਨਾਮਧਾਰੀ ਪੰਥ ਦੇ ਅਗਲੇ ਮੁਖੀ ਵਾਰਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਅਨੁਸਾਰ ਥਾਪੇ ਗਏ ਹਨ—ਸਾਧ ਸੰਗਤ ਵਲੋਂ ਉਚੇਚਾ ਸਨਮਾਨ ਮੇਲੇ ਦੇ ਮੌਕੇ 'ਤੇ ਹੋ ਜਾਵੇਗਾ।"

—ਸਤਿਜੁਗ ਦਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਰਧਾਂਜਲੀ ਅੰਕ
੧ ਅੱਸੂ ਸੰਮਤ ੨੦੧੬ ਪੰਨਾ ੧੮

ਸਾਰੇ ਜਾਣਦੇ ਸਨ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਪੰਥ ਦੀ ਵਾਗਡੋਰ, ਬਾਬਾ ਜਗਜੀਤ ਸਿੰਘ ਜੀ ਦੇ ਸੁਯੋਗ ਹੱਥਾਂ ਵਿਚ ਸੌਂਪਣ ਦਾ ਹੁਕਮ ਕਰ ਗਏ ਹਨ।

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਆਖਰੀ ਦਿਨਾਂ ਵਿਚ ਸਾਧ-ਸੰਗਤ ਨੂੰ ਸਪਸ਼ਟ ਰੂਪ ਵਿਚ ਸਮਝਾ ਦਿਤਾ ਸੀ ਕਿ ਅਗੋਂ ਤੋਂ ਉਹ ਵੱਡੇ ਸਾਹਿਬਜ਼ਾਦੇ ਦੀ ਆਗਿਆ ਦਾ ਪਾਲਨ ਕਰਨ।

8 ਮਈ 1959 (੨੭ ਵੈਸਾਖ ੨੦੧੬ ਬਿਕ੍ਰਮੀ) ਵਾਲੇ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਤੋਂ ਦਿੱਲੀ, ਸ੍ਰੀ ਭੈਣੀ ਸਾਹਿਬ, ਮੰਡੀ ਆਦਿ ਥਾਵਾਂ 'ਤੇ ਸਾਧ ਸੰਗਤ ਨੂੰ ਦਰਸ਼ਨ ਦੇਣ ਜਾਣਾ ਸੀ। ਸ੍ਰੀ ਜੀਵਨ ਨਗਰ ਵਿਖੇ ਸੱਚੇ ਪਾਤਸ਼ਾਹ ਜੀ ਦਾ ਇਹ ਆਖਰੀ ਦਿਨ ਸੀ। ਸੰਤ ਤਰਨ ਸਿੰਘ ਵਹਿਮੀ 'ਜੱਸ ਜੀਵਨ' ਵਿਚ ਲਿਖਦੇ ਹਨ ਕਿ ੨੬ ਵੈਸਾਖ, ੨੦੧੬ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਡੇਰੇ ਦੇ ਸਭ ਮੁਖਤਿਆਰਾਂ ਤੇ ਸੇਵਕਾਂ ਨੂੰ ਸੱਦ ਕੇ ਇਉਂ ਬਚਨ ਕੀਤੇ,

"ਸਭ ਮੇਰਾ ਕਿਹਾ ਕੰਨਾਂ ਤੋਂ ਪੱਗਾਂ ਲਾਹ ਕੇ ਸੁਣ ਲਵੋ, ਅੱਜ ਤੋਂ ਜਿਸ ਨੇ ਕਾਕੇ ਵੱਡੇ (ਬਾਬਾ ਜਗਜੀਤ ਸਿੰਘ ਜੀ) ਦੇ ਆਖੇ ਵਿਚ ਰਹਿਣਾ ਹੈ, ਉਹੀ ਏਥੇ ਰਹੇ। ਦੂਜੇ ਸਭ ਜਿਧਰੋਂ ਆਏ ਹਨ ਉਸ ਰਾਹੇ ਪੈਣ। ਤੁਸੀਂ ਮਨਮਰਜ਼ੀ ਕਰਨ ਵਾਲੇ ਗੁਰੂ-ਘਰ ਦਾ ਹਰਜ ਕਰਦੇ ਹੋ। ਮੈਂ ਭੈਣੀ ਸਾਹਿਬ ਚਲੇ ਜਾਣਾ ਹੈ ਤੇ ਤੁਹਾਨੂੰ ਮੇਰਾ ਇਹ ਕਹਿਣਾ ਕਰਨਾ ਪਵੇਗਾ, 'ਕਹਿ ਕਾਰ 'ਤੇ ਉਸੇ ਵੇਲੇ ਬਾਹਰ ਚਲੇ ਗਏ ਤੇ ਖੇਤਾਂ ਵਿਚ ਕੰਮ ਕਰਦੇ ਸਿੱਖਾਂ ਨੂੰ ਸੱਦ ਇਕੱਠਾ ਕਰ ਕਿਹਾ, 'ਮੈਂ ਭੈਣੀ

ਸਾਹਿਬ ਚਲੇ ਜਾਣਾ ਹੈ, ਜਿਸ ਨੇ ਕਾਕੇ ਵੱਡੇ ਦੀ ਆਖਤ ਵਿਚ ਰਹਿਣਾ ਹੈ, ਸੋ ਰਵ੍ਹੇ ਦੂਜਾ ਆਪਣੇ ਘਰ ਜਾਵੇ, ਨਾ ਗੁਰੂ-ਘਰ ਦਾ ਹਰਜਾ ਕਰੇ, ਨਾ ਆਪਣੇ ਘਰ ਦਾ ਹਰਜਾ ਕਰੇ।"

—ਜੱਸ ਜੀਵਨ ਭਾਗ ਛੇਵਾਂ ਪੰਨਾ ੩੩੯

ਇਸ ਤਰ੍ਹਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲਾਂ ਮੁਖਤਿਆਰਾਂ ਨੂੰ, ਫਿਰ ਜਿਥੇ-ਜਿਥੇ ਸਿੱਖ ਸਨ, ਜਾ ਕੇ ਇਹ ਹੁਕਮ ਸੁਣਾਇਆ।

੨੭ ਵੈਸਾਖ ੨੦੧੬ ਬਾਰੇ ਵਹਿਮੀ ਜੀ ਲਿਖਦੇ ਹਨ,

"੨੭ ਵੈਸਾਖ ਸਤਿਗੁਰੂ ਜੀ ਜੰਗਲ, ਦਾਤਨ, ਇਸ਼ਨਾਨ ਕਰ ਓਟੂ ਤੋਂ ਉਰ੍ਹੇ ੮ ਬੁਰਜੀ ਕੋਲ ਸੰਗਤਪੁਰੇ ਸਣੇ ਪੰਡਤ ਗੋਪਾਲ ਸਿੰਘ ਜੀ, ਭਾਈ ਵਜੀਰ ਸਿੰਘ ਜੀ, ਰਤਨ ਸਿੰਘ ਜੀ, ਨੇਕ ਸਿੰਘ ਆਦਿ ਸਿਖਾਂ ਦੀ ਅਰਜ਼ 'ਤੇ ਆਸਾ ਦੀ ਵਾਰ ਲਗੀ ਵਿਚ ਮੇਲੇ 'ਤੇ ਦਰਸ਼ਨ ਦਿਤੇ ਤੇ ਸਰਸੇ ਸ. ਤੇਜਾ ਸਿੰਘ ਜੀ ਵਲ ਆਏ। ਸਿਖਾਂ ਸਰਸੇ ਦਿਆਂ ਤੇ ਦੁਵਾਲੇ ਦੇ ਆਇਆਂ ਅਰਜ਼ ਕੀਤੀ, 'ਆਪ ਦਾ ਵੋਟਾਂ ਦੀ ਬਾਬਤ ਜੋ ਗੁਰਦਵਾਰਿਆਂ ਬਾਬਤ ਪੈਣੇ ਹਨ, ਸਾਨੂੰ ਕੀ ਹੁਕਮ ਹੈ।' ਸਤਿਗੁਰੂ ਜੀ ਉੱਤਰ ਦਿਤਾ, "ਜੀਵਨ ਨਗਰ ਜਾਵੋ, ਜਿਸ ਨੂੰ ਇਹੋ ਜਿਹੀ ਕੁਝ ਪੁੱਛਣ ਦੀ ਲੋੜ ਹੋਵੇ, ਜਾ (ਜਗਜੀਤ ਸਿੰਘ) ਵੱਡੇ ਕਾਕੇ ਨੂੰ ਪੁੱਛ ਲਵੇ। ਤੁਸੀਂ ਜਾਣੋਂ ਤੇ ਉਹ ਜਾਣੇ। ਅਸੀਂ ਆਪਣੇ ਵਾਜੇ ਏਧਰ ਜਿਹੋ ਜਿਹੇ ਵੱਜੇ, ਵਜਾ ਚਲੇ ਹਾਂ।"

—ਜੱਸ ਜੀਵਨ ਭਾਗ ਛੇਵਾਂ ਪੰਨਾ ੩੪੦

8 ਮਈ 1959 (੨੭ ਵੈਸਾਖ ੨੦੧੬ ਬਿਕ੍ਰਮੀ) ਦੀ ਆਪਣੀ ਡਾਇਰੀ 'ਬੀਤੇ ਦੀਆਂ ਪੈੜਾਂ' ਵਿਚ ਸ੍ਰੀ ਪ੍ਰੀਤਮ ਸਿੰਘ ਜੀ ਕਵੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ੍ਰੀ ਜੀਵਨ ਨਗਰ ਵਿਖੇ ਹੋਏ ਹੁਕਮਾਂ ਬਾਰੇ ਇਉਂ ਲਿਖਦੇ ਹਨ,

"ਸਤਿਗੁਰੂ ਜੀਪ ਉਤੇ ਨਾਲੀ ਕੰਢੇ ਗਏ ਜਿਥੇ ਪੱਕੀ ਖਾਲ੍ਹੀ ਬਣਵਾ ਰਹੇ ਸਨ...ਏਥੋਂ ਵਾਪਸ ਆਉਂਦੇ ਸਕਿੰਨਰੀ ਨਾਲੇ ਨੂੰ ਸਾਫ ਕਰਦੇ 15-20 ਸਿੱਖਾਂ ਨੂੰ ਸਤਿਗੁਰੂ ਜੀ ਦਰਸ਼ਨ ਦਿਤੇ ਤੇ ਫਰਮਾਇਆ 'ਮੇਰਾ ਕੋਈ ਪਤਾ ਨਹੀਂ ਕਦੋਂ ਆਵਾਂ ਜਾਂ ਨਾ ਆਵਾਂ।ਹੁਣ ਤੋਂ ਏਥੇ ਵੱਡੇ ਕਾਕੇ ਨੇ ਰਹਿਣਾ ਹੈ। ਜਿਸ ਦੀ ਉਸ ਨਾਲ ਬਣਦੀ ਹੈ, ਉਹ ਰਹੇ ਜਾਂ ਜਿਸ ਬਣਾ ਕੇ ਰੱਖਣੀ ਹੈ। ਜਿਸ ਉਸ ਦੇ ਆਖੇ ਨਹੀਂ ਲੱਗ ਸਕਣਾ, ਉਹ ਬੇਸ਼ਕ ਬਿਸਤਰਾ ਗੋਲ ਕਰ ਲਏ, ਸਾਡੀ ਉਸ 'ਤੇ ਖੁਸ਼ੀ ਹੀ ਹੋਵੇਗੀ। ਹੁਣ ਸਾਰੇ ਅਖਤਿਆਰ ਵੱਡੇ ਕਾਕੇ ਪਾਸ ਹੀ ਹੋਣੇਂ ਹਨ।'

—ਬੀਤੇ ਦੀਆਂ ਪੈੜਾਂ ਭਾਗ ਪਹਿਲਾ ਪੰਨਾ ੬੩

23 ਅਗਸਤ 1959 ਦੀ ਆਪਣੀ ਡਾਇਰੀ 'ਬੀਤੇ ਦੀਆਂ ਪੈੜਾਂ' ਵਿਚ ਗੱਦੀ ਨਸ਼ੀਨੀ ਵਾਲੇ ਦਿਨ ਦਾ ਵਾਕਿਆ ਕਵੀ ਜੀ ਇੰਜ ਲਿਖਦੇ ਹਨ,

"ਜੀਵਨ ਨਗਰ ਵਿਚ ੨੭ ਵੈਸਾਖ ਸੰਮਤ ੨੦੧੬ ਨੂੰ, ਮੰਡੀ ਜਾਣ ਤੋਂ ਕੁਝ ਹੀ ਸਮਾਂ ਪਹਿਲਾਂ

ਜੋ ਕੁਝ ਸੰਗਤ ਨੂੰ ਘੱਘਰ ਨਾਲੀ ਨੂੰ ਸਾਫ ਹੁੰਦੇ ਖਾਲ 'ਤੇ ਕਿਹਾ ਸੀ ਉਸਦੇ ਅਰਥ ਅਜ ਸਾਫ਼ ਹੋਏ।"

"ਸਤਿਗੁਰੂ ਮਸਤਾਨਗੜ੍ਹ ਵਾਲੇ ਟਿਊਬਵੈਲ 'ਤੇ ਸਾਹਿਬ ਸਿੰਘ ਮਿਸਤਰੀ ਨਕੋੜਾ ਦੀ ਬਣਾਈ ਹੋਈ ਪੱਕੀ ਖਾਲੀ ਵੇਖਣ ਗਏ ਜੀਪ 'ਤੇ ਮੈਨੂੰ ਵੀ ਨਾਲ ਲੈ ਗਏ ਸਨ। ਮੌਕੇ 'ਤੇ ਸ. ਸੁਰਜਣ ਸਿੰਘ ਢੋਟੀਆਂ, ਸੰਤ ਪ੍ਰੀਤਮ ਸਿੰਘ ਖਾਨਪੁਰੀਆ ਤੇ ਹੋਰ ਸਰੀਰ ਵੀ ਸਨ ਜੋ ਉਥੇ ਕੰਮ ਕਰਦੇ ਸਨ। ਸਤਿਗੁਰਾਂ ਸਭ ਨੂੰ ਕੱਠਿਆਂ ਕਰ ਕੇ ਕਿਹਾ ਸੀ—'ਹੁਣ ਤੁਹਾਡੇ 'ਤੇ ਹੋਰ ਕੋਈ ਮੁਖਤਾਰ ਨਹੀਂ। ਵੱਡਾ ਕਾਕਾ ਤੁਹਾਡੇ ਪਾਸ ਰਹੇਗਾ। ਅਸੀਂ ਪਤਾ ਨਹੀਂ ਆਈਏ ਕਿ ਨਾ ਆਈਏ। ਜੋ ਵੱਡੇ ਕਾਕੇ ਨਾਲ ਚਲ ਸਕਦਾ ਹੈ, ਉਹ ਏਥੇ ਰਹੇ, ਜੋ ਨਹੀਂ ਚਲ ਸਕਦਾ, ਬੇਸ਼ਕ ਬਿਸਤਰਾ ਗੋਲ ਕਰ ਜਾਵੇ। ਉਹ ਜਿਨੂੰ ਚਾਹੇ ਪ੍ਰਬੰਧਕ ਬਣਾ ਲਏ ਤੇ ਜਿਸ ਦੀ ਚਾਹੇ ਸਲਾਹ ਲੈ ਲਏ।"

"ਬਾਬਾ ਜੀ ਵੱਡੇ ਉਸ ਦਿਨ ਕੋਲ ਨਹੀਂ ਸਨ। ਨਾਲੀ ਤੋਂ ਆ ਕੇ ਫਿਰ ਸਤਿਗੁਰਾਂ ਥਰੈਸ਼ਰ ਮਸ਼ੀਨ ਦਾ ਕੰਮ ਡਿਠਾ। ਫੇਰ 6-7 ਵਜੇ ਦੇ ਕਰੀਬ ਦਿੱਲੀ ਵਾਸਤੇ ਚਲ ਪਏ। ਦਿੱਲੀਓਂ ਹੋ ਕੇ ਮੰਡੀ ਚਲੇ ਜਾਣ ਦੀ ਤਿਆਰੀ ਸੀ, ਪਰ ਦੋ ਚਾਰ ਦਿਨ ਭੈਣੀ ਸਾਹਿਬ ਰਹੇ। ਮੁੜ ਇਸ ਦਿਨ ਤੋਂ ਪਿਛੋਂ ਇਕ ਘੰਟੇ ਲਈ ਵੀ ਸਤਿਗੁਰੂ ਜੀਵਨ ਨਗਰ ਨਹੀਂ ਆਏ।"

—ਬੀਤੇ ਦੀਆਂ ਪੈੜਾਂ ਭਾਗ ਪਹਿਲਾ ਪੰਨਾ ੮੦

ਸ੍ਰੀ ਭੈਣੀ ਸਾਹਿਬ ਵਿਖੇ ਰਹਿੰਦੇ ਕਰੀਬ ਇਕ ਸੌ ਸਾਲ ਦੀ ਉਮਰ ਦੇ ਸੰਤ ਜਗਤ ਸਿੰਘ (ਦਰਜੀ ਸਿੰਘ) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ, ਸ੍ਰੀ ਜੀਵਨ ਨਗਰ ਵਿਖੇ ਆਖਰੀ ਦਰਸ਼ਨਾਂ ਵਾਲੇ ਦਿਨ ਬਾਬਤ ਇੰਜ ਦੱਸਦੇ ਹਨ,

"ਜਿਸ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਜੀਵਨ ਨਗਰ ਤੋਂ ਤੁਰਨ ਲੱਗੇ, ਸੱਚੇ ਪਾਤਸ਼ਾਹ ਜੀ ਨੇ ਸਿੱਖ ਸੱਦੇ ਪਿੰਡਾਂ ਵਿਚੋਂ, ਮੁਖਤਿਆਰ ਇਕੱਠੇ ਕੀਤੇ। ਉਨ੍ਹਾਂ ਨੂੰ ਇਹ ਹੁਕਮ ਕੀਤਾ ਕਿ ਅਸੀਂ ਤਾਂ ਨਹੀਂ ਇਸ ਧਰਤੀ 'ਤੇ ਆਉਣਾ ਹੁਣ, ਤੇ ਅਗੋਂ ਵਾਸਤੇ ਜਿਨ੍ਹਾਂ ਨੂੰ ਮੈਂ ਮੁਖਤਿਆਰੀ ਦਿਤੀ ਹੋਈ ਹੈ, ਉਨ੍ਹਾਂ ਪਾਸੋਂ ਮੈਂ ਅੱਜ ਮੁਖਤਿਆਰੀ ਲੈਂਦਾ ਹਾਂ। ਅਗੋਂ ਵਾਸਤੇ ਵੱਡਾ ਕਾਕਾ ਜਾਣੇ, ਤੁਸੀਂ ਜਾਣੋ, ਚਾਹੇ ਆਪਣੀ ਮਰਜੀ ਨਾਲ ਤੁਹਾਨੂੰ ਮੁਖਤਿਆਰ ਰੱਖ ਲਵੇ, ਚਾਹੇ ਆਪਣੀ ਮਰਜੀ ਨਾਲ ਹੋਰ ਬਣਾ ਲਵੇ।' ਏਨੀ ਗੱਲ ਕਹਿ ਕੇ ਸਤਿਗੁਰੂ ਜੀ ਕਾਰ ਵਿਚ ਬੈਠ ਗਏ।"

ਕਾਵਿ ਭੂਸ਼ਣ ਕਵੀ ਜਿਉਣ ਸਿੰਘ ਅਨੁਸਾਰ,

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਛੱਬੀ ਵੈਸਾਖ ਨੂੰ ਸ੍ਰੀ ਜੀਵਨ ਨਗਰ ਇਲਾਕੇ ਦੇ ਸਾਰੇ ਪਿੰਡਾਂ ਵਿਚ ਘੁੰਮੇ ਅਤੇ ਆਪਣਾ ਹੁਕਮ ਸੁਣਾਇਆ। ਸਤਾਈ ਵੈਸਾਖ ਨੂੰ ਆਸਾ ਦੀ ਵਾਰ ਦੀ ਸਮਾਪਤੀ 'ਤੇ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ ਅਸਾਂ ਹੁਣ ਵਾਪਸ ਨਹੀਂ ਆਉਣਾ। ਜਿਨ੍ਹਾਂ

ਨੇ ਸੇਵਾ ਕੀਤੀ ਹੈ, ਮੈਂ ਉਨ੍ਹਾਂ 'ਤੇ ਬਹੁਤ ਖ਼ੁਸ਼ ਹਾਂ। ਹੁਣ ਤੋਂ ਜਿਸ ਨੇ ਵੱਡੇ ਕਾਕੇ ਦੇ ਆਖੇ ਵਿਚ ਰਹਿਣਾ ਹੈ, ਉਹ ਇਥੇ ਰਹੇ, ਬਾਕੀ ਤੁਰ ਜਾਣ ਆਪੋ ਆਪਣੇ ਟਿਕਾਣਿਆਂ ਨੂੰ।"

10 ਮਈ 1959 ਈ: (੨੯ ਵੈਸਾਖ ੨੦੧੬) ਨੂੰ ਵੱਡੇ ਬਾਬਾ ਜਗਜੀਤ ਸਿੰਘ ਜੀ ਦੇ ਹੁਕਮ ਨਾਲ, ਦਿੱਲੀ ਦੀ ਸਾਧ ਸੰਗਤ ਨੇ ਬਾਬਾ ਬੀਰ ਸਿੰਘ ਜੀ ਦੇ ਬਰੀ ਹੋਣ ਦੀ ਖ਼ੁਸ਼ੀ ਵਿਚ ਮੇਲਾ ਕੀਤਾ। ਸੰਗਤ ਦੀ ਬੇਨਤੀ ਪ੍ਰਵਾਨ ਕਰ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਦਰਸ਼ਨ ਦਿਤੇ। ਦਿੱਲੀਓਂ ਪਿਛਾਂਹ ਮੁੜਦਿਆਂ ਸ. ਕੇਹਰ ਸਿੰਘ ਜੀ ਮਾਨ ਵੀ ਸੱਚੇ ਪਾਤਸ਼ਾਹ ਜੀ ਵਾਲੀ ਕਾਰ ਵਿਚ ਸਨ। ਉਨ੍ਹਾਂ ਨੇ ਹਜ਼ੂਰ ਦੀ ਸਿਹਤ ਢਿੱਲੀ ਰਹਿਣ ਉਤੇ ਚਿੰਤਾ ਪ੍ਰਗਟ ਕੀਤੀ।

"ਸਤਿਗੁਰੂ ਜੀ ਭੀ ਦਿੱਲੀ ਦਰਸ਼ਨ ਦਿੱਤੇ, ਪਰ ਦੇਹ ਢਿੱਲੀ ਵੇਖ ਵਾਪਸ ਕਾਰ ਵਿਚ ਔਂਦੇ ਸਮੇਂ, ਸ. ਕੇਹਰ ਸਿੰਘ 'ਮਾਨ' ਅਰਜ਼ ਕੀਤੀ, 'ਆਪ ਦੀ ਦੇਹ ਵਲੋਂ ਚਿੰਤਾ ਹੁੰਦੀ ਹੈ। ਪੰਥ ਨੂੰ ਅਜੇ ਆਪ ਜੀ ਦੀ ਬੜੀ ਲੋੜ ਏ।' ਸਤਿਗੁਰੂ ਜੀ ਉੱਤਰ ਦਿੱਤਾ, 'ਮੈਨੂੰ ਕੋਈ ਚਿੰਤਾ ਨਹੀਂ ਕਿਉਂਕਿ ਵੱਡਾ ਕਾਕਾ ਪੰਥ ਦੀ ਸੰਭਾਲ ਜੋਗ ਸਮਰੱਥ ਹੈ।"

—ਜੱਸ ਜੀਵਨ ਭਾਗ ਛੇਵਾ ਪੰਨਾ ਨੰ: ੩੪੨

ਦਿੱਲੀ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਆ ਗਏ। ਆਪ ਜੀ ਦਾ ਸਰੀਰ ਇਕ ਦਿਨ ਬੇਹਦ ਢਿੱਲਾ ਸੀ। ਆਪ ਨੇ ਵੱਡੇ ਬਾਬਾ ਜੀ ਨੂੰ ਬੁਲਵਾਇਆ।

"ਸਤਿਗੁਰੂ ਜੀ ਵੱਡੇ ਬਾਬਾ ਜਗਜੀਤ ਸਿੰਘ ਜੀ ਨੂੰ ਸਦਾਇਆ। ਨਿੱਕੇ ਮੰਜੇ 'ਤੇ ਮਗਰ ਬੈਠੇ ਸੀ। ਵੱਡੇ ਆਏ ਸੀਸ ਨਿਵਾ ਬੈਠ ਗਏ, ਸਤਿਗੁਰੂ ਜੀ ਇਸ਼ਾਰਾ ਕਰ ਚੌਕੀ 'ਤੇ ਬਹਿਣ ਲਈ ਕਿਹਾ ਤੇ ਬਚਨ ਕਰਨ ਲੱਗੇ, "ਕਾਕਾ ਤੁਸਾਂ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਆਰੰਭ ਜ਼ਰੂਰ ਸਿਰੇ ਚਾੜ੍ਹਨੇ, ਭਾਵੇਂ ਕੋਠਿਆਂ ਦੀਆਂ ਕੜੀਆਂ ਵੀ ਵਿਕ ਜਾਣ। ਗਊ, ਮੱਝ, ਘੋੜੇ ਸਰਦੇ ਪੁੱਜਦੇ ਰੱਖਣੇ ਤੇ ਵੱਡਾ ਭਾਰਾ ਹੌਂਸਲਾ ਕਰ ਕੇ ਰਹਿਣਾ, ਤੁਹਾਡੇ 'ਤੇ ਬੜੇ ਭਾਰ ਹਨ।"

—ਜੱਸ ਜੀਵਨ ਭਾਗ ਛੇਵਾਂ ਪੰਨਾ ੩੫੪

ਸੱਚੇ ਪਾਤਸ਼ਾਹ ਜੀ ਨੇ ਅਜੇ ਹੋਰ ਵੀ ਹੁਕਮ ਕਰਨੇ ਸਨ ਪਰ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਆਪ ਜੀ ਦਾ ਇਹ ਬਚਨ ਸੁਣ ਕੇ ਆਪਣਾ ਆਪ ਸੰਭਾਲ ਨਾ ਸਕੇ। ਉਹ ਆਪਣੇ ਡੋਲਦੇ ਮਨ ਨੂੰ ਠੁਮ੍ਹਣਾ ਦੇਣ ਲਈ; ਕੁਝ ਪਾਸੇ ਹੋਣ ਲਈ, ਉਹਨਾਂ ਬਚਨਾਂ ਪਿੱਛੇ ਲੁਕੇ ਭਾਵਾਂ ਨੂੰ ਸਮਝਦੇ ਹੋਏ, ਸਿਰ ਝੁਕਾ ਕੇ ਚੁੱਪ-ਚਾਪ ਬਾਹਰ ਆ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਜਾਣ ਗਏ ਕਿ ਉਹ ਭਾਵੁਕ ਹੋ ਕੇ ਬਾਹਰ ਚਲੇ ਗਏ ਹਨ, ਪਰ ਸੱਚੇ ਪਾਤਸ਼ਾਹ ਜੀ ਚਾਹੁੰਦੇ ਸਨ ਕਿ ਆਪ ਤਕੜੇ ਮਨ ਨਾਲ ਹਾਲਾਤ ਦਾ ਸਾਹਮਣਾ ਕਰਨ।

"ਵੱਡੇ ਚੌਂਕੀ 'ਤੇ ਬਹਿ ਹੌਂਸਲਾ ਕਰ ਸੁਣ ਨਾ ਸਕੇ, ਨਰਮ ਦਿਲ ਹੋਣ ਕਰ ਕੋਲੋਂ ਚੁੱਪ ਕੀਤੇ

ਤੁਰ ਆਏ ਤੇ ਚੁਬਾਰੇ ਵਿਚ ਆ ਮੂੰਹ ਵਲੇਟ ਰੋਣ ਲਗ ਪਏ। ਕੋਠੀ ਤੇ ਰਾਮਸਰ, ਸੰਗਤ ਦੀ ਬਹੁਤ ਭੀੜ ਸੀ। ਸਤਿਗੁਰੂ ਜੀ ਨਿੱਕੇ ਬਾਬਾ ਜੀ ਨੂੰ ਕਿਹਾ, 'ਕਾਕੇ ਨੂੰ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੀਦਾ। ਉਹਦੇ ਸਿਰ 'ਤੇ ਬੜੀਆਂ ਜ਼ੁੰਮੇਵਾਰੀਆਂ ਪੈਣੀਆਂ ਹਨ ਜੇ ਹੌਂਸਲਾ ਵੱਡਾ ਨਾ ਕਰੇਗਾ ਤਾਂ ਕਿਵੇਂ ਨਿਭਾ ਹੋਵੇਗਾ। ਛੋਟੇ ਬਾਬਾ ਜੀ ਅਰਜ਼ ਕੀਤੀ, 'ਆਪ ਸਭ ਕੁਝ ਜਾਣਦੇ ਹੋ, ਉਹ ਨਰਮ ਦਿਲ ਹਨ, ਆਪਦੇ ਬਚਨ ਸੁਣ ਸਹਾਰ ਨਹੀਂ ਸਕੇ।"

—ਜੱਸ ਜੀਵਨ ਭਾਗ ਛੇਵਾਂ ਪੰਨਾ ੩੫੪

ਜਦੋਂ ਸ੍ਰੀ ਭੈਣੀ ਸਾਹਿਬ ਤੋਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੰਡੀ ਜਾਣ ਲਈ ਤਿਆਰ ਹੋਏ, ਉਦੋਂ ਦੀ ਘਟਨਾ ਬਾਰੇ ਸੰਤ ਤਰਨ ਸਿੰਘ ਵਹਿਮੀ ਇਉਂ ਲਿਖਦੇ ਹਨ:

"ਸਤਿਗੁਰੂ ਜੀ ੬ ਸੌਣ ਭੈਣੀ ਸਾਹਿਬੋਂ ਮੰਡੀ ਨੂੰ ਤਿਆਰ ਹੋ ਗਏ। ਨਾਲ ਡਰਾਇਵਰ ਮਹਿੰਦਰ ਸਿੰਘ ਢਪਾਲੀ ਦਾ, ਛੋਟੇ ਬਾਬਾ ਜੀ, ਰਤਨ ਸਿੰਘ, ਭਾਈ ਵਜੀਰ ਸਿੰਘ ਜੀ, ਸੰਤ ਪ੍ਰੀਤਮ ਸਿੰਘ ਜੀ ਪੱਦੀ ਵਾਲੇ ਤੇ ਠਾਕੁਰ ਦਲੀਪ ਸਿੰਘ ਜੀ ਸੀ। ਸਤਿਗੁਰੂ ਜੀ ਨੂੰ ਸੜਕ 'ਤੇ ਚੰਨਣ ਸਿੰਘ ਜੀ ਥਰਾਜ ਵਾਲੇ, ਉਨ੍ਹਾਂ ਦੀ ਭੈਣ ਬੀਬੀ ਸੰਤ ਕੌਰ ਜੀ ਮਿਲੇ ਤੇ ਚਰਨੀਂ ਲੱਗੇ। ਸਤਿਗੁਰੂ ਜੀ ਉਨ੍ਹਾਂ ਨੂੰ ਕਿਹਾ, "ਮੈਂ ਅਰਦਾਸਾ ਕਰ ਮੰਡੀ ਨੂੰ ਹੁਣੇਂ ਤੁਰ ਪਿਆ ਹਾਂ। ਏਥੇ ਗਰਮੀ ਬਹੁਤ ਹੈ। ਪਰ ਵੱਡੇ ਕਾਕੇ ਨਾਲ ਕੁਝ ਗੱਲਾਂ ਕਰਨੀਆਂ ਸੀ, ਉਹ ਕੋਲ ਨਹੀਂ ਖੜੋ ਸਕਿਆ। ਉਸ ਨੂੰ ਬੜਾ ਹੌਂਸਲਾ ਕਰ ਕੇ ਰਹਿਣਾ ਚਾਹੀਦਾ ਹੈ। ਉਸ 'ਤੇ ਬੜੇ ਭਾਰ 'ਤੇ ਜ਼ਿੰਮੇਵਾਰੀਆਂ ਪੈਣੀਆਂ ਹਨ। ਚੰਨਣ ਸਿੰਘ ਜੀ ਤੇ ਬੀਬੀ ਸੰਤ ਕੌਰ ਚੁਬਾਰੇ ਵਿਚ ਆ ਬਾਬਾ ਜਗਜੀਤ ਸਿੰਘ ਜੀ ਨੂੰ ਦੱਸਿਆ ਕਿ ਸਾਨੂੰ ਸਤਿਗੁਰੂ ਜੀ ਕਿਹਾ ਹੈ, ਵੱਡੇ ਕਾਕੇ ਨੂੰ ਵੱਡਾ ਹੌਂਸਲਾ ਕਰ ਰਹਿਣਾ ਚਾਹੀਦਾ ਏ, ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ, ਉਸ 'ਤੇ ਬੜੇ ਭਾਰ 'ਤੇ ਜ਼ਿੰਮੇਵਾਰੀਆਂ ਪੈਣੀਆਂ ਹਨ। ਮੈਨੂੰ (ਸੰਤ ਤਰਨ ਸਿੰਘ ਵਹਿਮੀ ਨੂੰ) ਵੱਡੇ ਬਾਬਾ ਜੀ ਆਪ ਦੱਸਿਆ ਹੈ, "ਇਹ ਸੁਨੇਹਾ ਸਤਿਗੁਰੂ ਜੀ ਦਾ ਸੁਣਣ ਸਾਰ ਮੇਰੇ ਦਿਲ ਨੂੰ ਐਸਾ ਧਰਵਾਸ ਹੋਇਆ ਕਿ ਡੋਲਨ ਵਾਲੀ ਅਵਸਥਾ ਹੀ ਮੇਰੀ ਬਦਲ ਗਈ, ਜਿਵੇਂ ਸਤਿਗੁਰੂ ਜੀ ਆਪਣੇ ਵਲੋਂ ਵੱਡਾ ਹੌਂਸਲਾ ਮੇਰੇ ਵੱਲ ਭੇਜ ਦਿਤਾ ਹੈ।

—ਜੱਸ ਜੀਵਨ ਭਾਗ ਛੇਵਾਂ ਪੰਨਾ ੩੫੫

30 ਅਪਰੈਲ 1996 ਨੂੰ ਬੀਬੀ ਸੰਤ ਕੌਰ ਨੂੰ ਮੈਂ (ਲੇਖਿਕਾ ਸੂਬਾ ਸੁਰਿੰਦਰ ਕੌਰ) ਉਨ੍ਹਾਂ ਦੇ ਘਰ 18-ਏ, 236 ਚੰਡੀਗੜ੍ਹ ਵਿਖੇ ਮਿਲੀ। ਬੀਬੀ ਸੰਤ ਕੌਰ ਨੇ ਮੈਨੂੰ ਦੱਸਿਆ,

"ਮੈਂ ਤੇ ਮੇਰਾ ਭਰਾ ਚੰਨਣ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ, ਸ੍ਰੀ ਭੈਣੀ ਸਾਹਿਬ ਗਏ। ਸੱਚੇ ਪਾਤਸ਼ਾਹ ਜੀ ਕਾਰ 'ਤੇ ਜਾਂਦੇ ਸਨ, ਰਸਤੇ ਵਿਚ ਲਾਲ ਸਿੰਘ ਡਰਾਈਵਰ ਦੇ ਖੂਹ ਕੋਲ ਸਾਨੂੰ ਮਿਲੇ, ਕਾਰ ਖਲਾਰ ਲਈ ਤੇ ਬਚਨ ਕੀਤਾ ਕਿ ਅਸੀਂ ਤਾਂ ਮੰਡੀ ਚੱਲੇ ਹਾਂ, ਸਰੀਰ ਢਿੱਲਾ ਹੈ, ਤੁਸੀਂ ਜਾ ਕੇ ਵੱਡੇ ਕਾਕੇ ਨੂੰ ਉਠਾਓ, ਉਹ ਲੰਮਾ ਪਿਆ ਹੈ, ਇਸ ਤਰ੍ਹਾਂ ਨਾ

ਕਰੇ, ਉਹਦੇ 'ਤੇ ਬੜੀ ਜ਼ਿੰਮੇਵਾਰੀ ਪੈਣੀ ਹੈ।"

ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੰਡੀ ਗਏ ਹੋਏ ਸਨ, ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਉਸ ਵੇਲੇ ਦੇ ਸ੍ਰੀ ਸਤਿਗੁਰੂ ਜੀ ਦੇ ਬਚਨ, ਚਕ੍ਰਵਰਤੀ ਜੀ ਇਉਂ ਲਿਖਦੇ ਹਨ,

"ਮੈਂ 'ਜੋਤਿ ਕਾ ਜਾਮਾ' ਆਪਣੀ ਨਵੀਂ ਲਿਖੀ ਪੁਸਤਕ ਨਾਲ ਲੈ ਗਿਆ ਸਾਂ। ਉਸ ਨੂੰ ਚਾਰ-ਪੰਜੇ ਘੰਟੇ ਸੁਣਦੇ ਰਹੇ। ਮੈਂ ਅਰਜ਼ ਕੀਤੀ—'ਗਰੀਬ ਨਿਵਾਜ਼, ਸਰੀਰ ਕਮਜ਼ੋਰ ਹੈ, ਅਰਾਮ ਕਰ ਲਵੋ, ਫਿਰ ਸਹੀ।'

"ਤਾਂ ਆਪ ਨੇ ਸਹਿਜ ਗੰਭੀਰਤਾ ਨਾਲ ਫਰਮਾਇਆ, "ਕੀ ਪਤਾ ਹੈ, ਫਿਰ ਕਦ ਇਕੱਠੇ ਹੋਈਏ। ਫਿਰ ਵੀ ਨਹੀਂ ਪਤਾ ਮਿਲ ਵੀ ਸਕਦੇ ਹਾਂ ਜਾਂ ਨਹੀਂ। ਜੋ ਕੰਮ ਹੋ ਜਾਵੇ, ਉਹੀ ਠੀਕ ਹੈ।"

—ਅਟੱਲ ਪ੍ਰਤਾਪੀ ਪੰਨਾ ੪੪

ਜਦੋਂ ਚਕ੍ਰਵਰਤੀ ਜੀ 'ਜੋਤਿ ਕਾ ਜਾਮਾ' ਦਾ ਅੰਤਮ ਅਧਿਆਏ ਸੁਣਾ ਰਹੇ ਸਨ, ਜਿਸ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗੱਦੀ-ਨਸ਼ੀਨੀ ਦਾ ਜ਼ਿਕਰ ਸੀ, ਚਕ੍ਰਵਰਤੀ ਜੀ ਦੇ ਦਿਲ ਦੀ ਜਾਣ ਕੇ, ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਕੁਝ ਹੋਰ ਪੁੱਛਣ ਦੀ ਇਜਾਜ਼ਤ ਦੇ ਦਿੱਤੀ। ਚਕ੍ਰਵਰਤੀ ਜੀ ਲਿਖਦੇ ਹਨ,

"ਹਜ਼ੂਰ ਕੁਝ ਸੋਚ ਜਿਹੀ ਵਿਚ ਪੈ ਗਏ ਅਤੇ ਫਿਰ ਝੱਟ ਫਰਮਾਇਆ, 'ਕੁਝ ਹੋਰ ਪੁੱਛਣਾ ਹੈ?'

"ਜੀ! ਡਰ ਲਗਦਾ ਹੈ। ਤੁਹਾਡੀ ਰਜ਼ਾ ਦੇ ਖ਼ਿਲਾਫ ਕੋਈ ਗੱਲ ਪੁੱਛੀ ਨਹੀਂ ਜਾ ਸਕਦੀ, ਪਰ ਪੁੱਛਣਾ ਵੀ ਚਾਹੁੰਦਾ ਹਾਂ।" ਮੈਂ ਅਰਜ਼ ਕੀਤੀ।

"ਜੋ ਪੁੱਛਣਾ ਹੈ ਪੁੱਛੋ?" ਸੱਚੇ ਪਾਤਸਾਹ ਜੀ ਨੇ ਅਭੈਦਾਨ ਦਿੰਦਿਆਂ ਕਿਹਾ।

"ਮੇਰੀ ਅਰਦਾਸ ਹੈ ਕਿ ਆਪ ਹਜ਼ਾਰ ਸਾਲ ਸਾਨੂੰ ਦਰਸ਼ਨ ਦੇਂਦੇ ਰਹੋ ਤੇ ਇਕ ਇਕ ਸਾਲ ਦੇ ਦਿਨ ਹਜ਼ਾਰ ਹਜ਼ਾਰ ਹੀ ਹੋਣ ਪਰ..."

"ਅਸਾਂ ਗੱਲ ਸਮਝ ਲਈ ਹੈ। ਇਸ ਦਾ ਫੈਸਲਾ ਤੇ ਅਸੀਂ ਜੀਵਨ ਨਗਰ ਤੁਰਨ ਸਮੇਂ ਹੀ ਕਰ ਆਏ ਹਾਂ।" ਹਜ਼ੂਰ ਨੇ ਸਾਦਰ ਕੀਤਾ। "ਡਰ ਨਾ ਮੈਂ ਵੱਡੇ ਕਾਕੇ ਨੂੰ ਸਭ ਧਾਰਮਕ ਕੰਮਾਂ ਵਿਚ ਨਿਪੁੰਨ ਕਰ ਦਿਤਾ ਹੈ।"

—ਅਟੱਲ ਪ੍ਰਤਾਪੀ ਪੰਨਾ ੪੬

16 ਅਗਸਤ 1959 ਨੂੰ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਮੰਡੀ ਤੋਂ ਸ੍ਰੀ ਭੈਣੀ ਸਾਹਿਬ ਪੁੱਜੇ। ਸੰਤ ਇੰਦਰ ਸਿੰਘ ਚਕ੍ਰਵਰਤੀ ਲਿਖਦੇ ਹਨ,

੧੬.੮.੫੯ ਨੂੰ ਅਚਾਨਕ ਮੰਡੀ ਤੋਂ ਵਾਪਸ ਆਉਂਦੇ ਹੋਏ, ਮੈਨੂੰ ਕਾਰ ਵਿਚ ਫਿਰ ਦਰਸ਼ਨ

ਹੋ ਗਏ। ਮਹਾਰਾਜ ਬੀਰ ਸਿੰਘ ਜੀ ਨਾਲ ਸਨ। ਕਾਰ ਰੁਕ ਗਈ, ਮੈਂ ਚਰਨਾਂ 'ਤੇ ਸਿਰ ਜਾ ਰਖਿਆ, ਸੁਭਾਵਕਤਾ ਨਾਲ ਫਰਮਾਇਆ, "ਮੈਂ ਫਿਰ ਬੀਮਾਰ ਹੋ ਗਿਆ ਹਾਂ, ਹੁਣ ਤੇ ਕੋਈ ਵੀ ਚੀਜ਼ ਅੰਦਰ ਨਹੀਂ ਟਿਕਦੀ।' ਇਹ ਆਖ ਕਾਰ ਦਾ ਬੂਹਾ ਬੰਦ ਕਰ ਲਿਆ।"

—'ਅਟੱਲ ਪ੍ਰਤਾਪੀ' ਪੰਨਾ ੪੭

ਨੰਬਰਦਾਰ ਹਰੀ ਸਿੰਘ ਵਡਾਈਆਂ ਦੱਸਦੇ ਹਨ, "ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਹੁਕਮ ਕੀਤਾ ਕਿ ਵੱਡੇ ਕਾਕੇ ਨੂੰ ਆਖ ਬਈ ਕੰਮ ਉਹਦੇ ਸਿਰ 'ਤੇ ਬੜਾ ਪੈਣਾ ਹੈ ਤੇ ਤਕੜਾ ਹੋ ਕੇ ਕੰਮ ਨੂੰ ਸੰਭਾਲ ਲਵੇ ਤਾਂ ਠੀਕ ਹੈ, ਜ਼ੁੰਮੇਵਾਰੀ ਸਾਰੀ ਉਸ ਦੇ ਸਿਰ 'ਤੇ ਪੈਣੀ ਹੈ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਵਰਤਮਾਨ ਸੱਚੇ ਪਾਤਸ਼ਾਹ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਦਾ ਨਾਂ ਨਹੀਂ ਸਨ ਲੈਂਦੇ। 'ਵੱਡਾ ਕਾਕਾ' ਜਾਂ 'ਕਾਕਾ ਜੀ' ਆਖਿਆ ਕਰਦੇ ਸਨ। ਸੱਚੇ ਪਾਤਸ਼ਾਹ ਜੀ ਵੱਡੇ ਬਾਬਾ ਜੀ ਨੂੰ ਬੜੇ ਪਿਆਰ ਨਾਲ ਆਪਣੀਆਂ ਸਾਰੀਆਂ ਚਿੱਠੀਆਂ ਵਿਚ 'ਸ੍ਰੀਮਾਨ ਕਾਕਾ ਜੀ' ਦੇ ਸ਼ਬਦ ਨਾਲ ਸੰਬੋਧਨ ਕਰਦੇ ਰਹੇ। ਅਕਸਰ ਸ੍ਰੀਮਾਨ ਸ਼ਬਦ ਤੋਂ ਬਾਅਦ 'ਜਗ' ('ਜਗਜੀਤ' ਸ਼ਬਦ ਦਾ ਪਹਿਲਾ ਅੱਧ) ਲਿਖ ਕੇ ਕੱਟ ਦਿਆ ਕਰਦੇ ਸਨ ਤਾਂ ਜੋ ਭਵਿੱਖ ਵਿਚ ਕਿਸੇ ਨੂੰ ਭੁਲੇਖਾ ਨਾ ਰਹੇ ਕਿ ਚਿੱਠੀ ਕਿਸ ਨੂੰ ਲਿਖੀ ਹੈ। ਇਨ੍ਹਾਂ ਚਿੱਠੀਆਂ ਵਿਚੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਰ-ਕਮਲਾਂ ਦੁਆਰਾ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਲਿਖੀ ਇਕ ਚਿੱਠੀ ਇਥੇ ਪੇਸ਼ ਕਰ ਰਹੀ ਹਾਂ,


ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀਮਾਨ ਕਾਕਾ ਜੀ, ਲਾਹੌਰ

ਸਤਿ ਸ੍ਰੀ ਅਕਾਲ। ੨ ਮਾਘ

ਨੈਣਾਂ ਸਿੰਘ ਆਪ ਦੇ ਪਾਸ ਭੇਜਿਆ ਹੈ। ਆਪ ਨੇ ਅੱਜ ਸ਼ਾਮ ਹੀ ਲੁਦੇਹਾਣੇ ਪਹੁੰਚ ਕੇ ਫੂੰਟੀਅਰ ਮੇਲ ਵਿਚ ਸੁਭਾ ਪਹੁੰਚ ਜਾਓ। ਟਿਕਟ ਲਹੌਰ ਦੇ ਹੀ ਲੈਣੇਂ। ਰਤਨ ਸਿੰਘ ਦੀ ਗਰਮ ਕੁੜਤੀ ਜਗਤ ਸਿੰਘ ਦਰਜੀ ਕੋਲੋਂ ਲੈ ਅੰਣੀ। ਮੇਰੇ ਦੋ ਕੁੜਤੇ ਜੇ ਹੋਣ, ਦੋ ਕਛੈਹਰੇ ਲੈ ਅੰਣੇਂ। ਜੇ ਹੋ ਸਕੇ ਤਾਂ ਗੱਜਣ ਸਿੰਘ ਵਾਲੇ ਮੁਕੱਦਮੇ ਦੀ ਸੁਲ੍ਹਾ ਕਰਾ ਦੇਣੀ। ਭਗਤ ਸਿੰਘ ਕਹਿੰਦਾ ਹੈ, 'ਮੈਂ ਨਹੀਂ ਆਖਿਆ ਅਰਜ਼ੀ ਪੰਣ ਨੂੰ।' ਮਾਈ ਜੀ ਨੂੰ ਨਮਸਕਾਰ। ਮਾਈ ਜੀ ਨੂੰ ਪੁੱਛ ਅੰਣਾਂ ਸ੍ਰੀਰ ਦਾ ਹਾਲ। ਸੁਹੇਵੇ ਸਾਹਿਬ ਜਾਣ ਵਾਸਤੇ ਅਜੇ ਕੁਛ ਦਿਨ ਮੈਨੂੰ ਲਗ ਜਾਣਗੇ ਕਿਉਂਕਿ ਇਥੇ ਅੰਮ੍ਰਿਤਸਰ ਵਿਚ ਫੇਰ ਬਾਵਾ ਜੀ ਮੇਲਾ ਕਰ ਰਹੇ ਹੈਨ। ਹੋਰ ਸੁਬਤ ਕੋ ਸਤਿ ਸ੍ਰੀ ਅਕਾਲ।"



(ਸੰਤ ਜਗਤ ਸਿੰਘ ਦੇ ਪਿਤਾ ਸੰਤ ਬੀਰ ਸਿੰਘ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ. ਪਿੰਡ ਟੇਢੇਵਾਲ ਤੋਂ ਸ੍ਰੀ ਭੈਣੀ ਸਾਹਿਬ ਲੈ ਆਏ ਸਨ। ਇਹ ਸ੍ਰੀ ਭੈਣੀ ਸਾਹਿਬ ਕੱਪੜੇ ਸਿਊਣ ਦੀ ਸੇਵਾ ਕਰਦੇ ਰਹੇ। ਸੰਤ ਜਗਤ ਸਿੰਘ ਦੀ ਮਾਤਾ ਫੱਤ ਕੌਰ ਸੀ। ਦੋ ਭਰਾ ਸੰਤਾ ਸਿੰਘ ਤੇ ਅਨੰਤਾ ਸਿੰਘ ਤੇ ਦੋ ਭੈਣਾਂ—ਸੰਤ ਕੌਰ ਤੇ ਨੰਤ ਕੌਰ ਹਨ।

ਸੰਤ ਜਗਤ ਸਿੰਘ ਕਰੀਬ ਸੌ ਸਾਲ ਦੀ ਉਮਰ ਵਿਚ ਵੀ ਐਸ ਵੇਲੇ ਸ੍ਰੀ ਭੈਣੀ ਸਾਹਿਬ

ਵਿਖੇ ਕੱਪੜੇ ਸਿਉਣ ਦਾ ਕੰਮ ਕਰਦੇ ਹਨ। ਆਪ ਦੀ ਧੀ ਬੀਬੀ ਇੰਦਰ ਕੌਰ ਆਪ ਕੋਲ ਰਹਿੰਦੀ ਹੈ। ਸੰਤ ਜਗਤ ਸਿੰਘ ਦੇ ਪੰਜ ਪੁੱਤਰਾਂ ਵਿਚੋਂ ਰਤਨ ਸਿੰਘ, ਸੰਤੋਖ ਸਿੰਘ ਤੇ ਧਿਆਨ ਸਿੰਘ ਚੜ੍ਹਾਈ ਕਰ ਗਏ ਹਨ। ਦੋ ਪੁੱਤਰ ਅਜੈਬ ਸਿੰਘ ਤੇ ਰਾਜਿੰਦਰ ਸਿੰਘ ਜਲੰਧਰ ਰਹਿੰਦੇ ਹਨ)

ਸੰਤ ਤਰਨ ਸਿੰਘ ਵਹਿਮੀ ਰਚਿਤ 'ਜੱਸ ਜੀਵਨ' ਭਾਗ ਛੇਵਾਂ ਅਨੁਸਾਰ,

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ, "ਕਦੇ ਕੋਈ ਔਕੜ-ਉਲਝਣ ਬਣੇ ਤਾਂ ਸਭ ਮਿਲ ਬੈਠ ਸੱਚ ਸੱਚ ਮੁਕਾਓ, ਨਾ ਮੁੱਕੇ ਤਾਂ ਮੈਨੂੰ ਦੱਸੋ, ਜੇ ਮੈਂ ਨਾ ਮਿਲਾਂ ਤਾਂ ਵੱਡੇ ਕਾਕੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਦੱਸੋ, ਉਹ ਚੰਗੀ ਸਮਝ ਰੱਖਦਾ ਹੈ।"

—ਜੱਸ ਜੀਵਨ ਭਾਗ ਛੇਵਾਂ ਪੰਨਾ ੧੨੭

"ਸਤਿਗੁਰੂ ਜੀ ਸਿਆਮ ਵੱਲੋਂ ਦਿੱਲਿਓਂ ਹੋ ੨੯ ਅੱਸੂ (੨੦੧੪ ਬਿਕ੍ਰਮੀ) ਜੀਵਨ ਨਗਰ ਦਰਸ਼ਨ ਦਿਤੇ, ਏਨੀਂ ਦਿਨੀਂ ਸਿੱਖਾਂ ਦੀਆਂ ਅਰਜ਼ਾਂ ਸਤਿਗੁਰੂ ਜੀ ਆਪ ਘੱਟ ਹੀ ਸੁਣਦੇ ਸੀ, ਵੱਡੇ ਬਾਬਾ ਜੀ 'ਤੇ ਪਾ ਦਿੰਦੇ ਸੀ।"

—ਜੱਸ ਜੀਵਨ ਭਾਗ ਛੇਵਾਂ ਪੰਨਾ ੨੦੩

"ਸਤਿਗੁਰੂ ਜੀ ਦੀ ਦੇਹ ਢਿੱਲੀ ਰਹਿੰਦੀ ਸੀ, ਜਿਸ ਕਰਕੇ ਵੱਡੇ ਬਾਬਾ ਜੀ ਨੂੰ ਹੀ ਸਿੱਖਾਂ ਦੀਆਂ ਅਰਜ਼ਾਂ ਸੁਣਨ ਦਾ ਹੁਕਮ ਸੀ।"

—ਜੱਸ ਜੀਵਨ ਭਾਗ ਛੇਵਾਂ ਪੰਨਾ ੩੩੭

ਰਿਟਾਯਰਡ ਐਕਜ਼ੈਕਟਿਵ ਇੰਜਨੀਅਰ ਸ. ਨਿਰਮਲ ਸਿੰਘ, ਜੋ ਪਿਛਲੇ ਕੁਝ ਸਾਲਾਂ ਤੋਂ ਸ੍ਰੀ ਭੈਣੀ ਸਾਹਿਬ ਰਹਿੰਦੇ ਹਨ ਤੇ ਸੇਵਾ ਕਰਦੇ ਹਨ, ਦੱਸਦੇ ਹਨ,

"ਦਸੰਬਰ ਸੰਨ 1949 ਦੀ ਗੱਲ ਹੈ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਇਲਾਕੇ ਵਿਖੇ ਜਿਹੜੀ ਜ਼ਮੀਨ ਲਈ ਸੀ, ਉਥੇ ਪਾਣੀ ਬਿਲਕੁਲ ਨਹੀਂ ਸੀ। ਮੈਂ ਵੀ ਕੁਝ ਮਹੀਨੇ ਸੰਨ 1939 ਵਿਚ ਉਥੇ ਓਵਰਸੀਅਰ ਰਿਹਾ ਹਾਂ। ਮੈਂ ਵੇਖਿਆ ਉਥੇ ਮਲ੍ਹੇ ਸਨ। ਜ਼ਿਆਦਾਤਰ ਉਥੇ ਮੁਸਲਮਾਨ ਸਨ। ਮੁਸਲਮਾਨ ਭੇਡਾਂ, ਬਕਰੀਆਂ ਚਰਾਉਂਦੇ ਸਨ। ਪਾਣੀ ਕਿਧਰੇ ਨਹੀਂ ਸੀ, ਬੜੀ ਦੂਰ ਇਕ ਖੂਹ ਸੀ, ਉਸ ਵਿਚ ਵੀ ਪਾਣੀ ਤਾਰਾ ਜਿਹਾ ਦਿਸਦਾ ਸੀ। ਫਿਰ ਮੇਰੀ ਉਥੋਂ ਕਲਕੱਤੇ Posting ਹੋ ਗਈ। ਉਥੇ ਇਕ ਮਿਸਟਰ ਵਿਲਸਨ (Water Diviner ਵਾਟਰ ਡੀਵਾਈਨਰ) ਅੰਗ੍ਰੇਜ਼ ਸੀ। ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਦੱਸਿਆ ਬਈ ਇਸ ਅੰਗ੍ਰੇਜ਼ ਨੂੰ ਮਿਲ ਲਿਆ ਜਾਵੇ, ਇਹ ਦੱਸ ਸਕਦਾ ਹੈ ਬਈ ਪਾਣੀ ਕਿਥੋਂ ਨਿਕਲ ਸਕਦਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਲਕੱਤੇ ਆਏ ਤਾਂ ਮੈਂ ਸੱਚੇ ਪਾਤਸ਼ਾਹ ਜੀ ਨੂੰ ਅਗੋਂ ਲੈਣ ਗਿਆ। ਰਸਤੇ ਵਿਚ ਇਕ ਨਾਮਧਾਰੀ ਦੇ ਘਰ ਸ੍ਰੀ ਸਤਿਗੁਰੂ ਜੀ ਰੁਕੇ, ਮੈਂ ਵੀ ਨਾਲ ਸਾਂ। ਇਸ ਘਰ ਵਿਖੇ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕਰ ਕੇ ਮੈਨੂੰ ਇਕ ਪੁਸਤਕ, ਇਕ ਜੁਰਾਬਾਂ ਦਾ ਜੋੜਾ ਅਤੇ ਇਕ ਮਾਲਾ ਬਖ਼ਸ਼ਿਸ਼ ਕੀਤੀ। ਮਾਲਾ

ਮੈਂ ਖ਼ੁਦ ਅਰਜ਼ ਕਰ ਕੇ ਮੰਗੀ ਸੀ ਤੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਗਲੇ ਵਿਚ ਪਾਈ ਮਾਲਾ ਮੈਨੂੰ ਦੇਣ ਦੀ ਕਿਰਪਾਲਤਾ ਕੀਤੀ। ਉਥੋਂ ਚਲ ਕੇ ਰਸਤੇ 'ਚ ਇਕ ਡੰਗਰਾਂ ਦੇ ਹਸਪਤਾਲ ਵਿਚ, ਸ੍ਰੀ ਸਤਿਗੁਰੂ ਜੀ ਦਰਸ਼ਨ ਦਿੱਤੇ। ਉਥੇ ਸ੍ਰੀ ਸਤਿਗੁਰੂ ਜੀ ਨੂੰ ਇਕ ਘੋੜਾ ਪਸੰਦ ਆ ਗਿਆ, ਉਸ ਘੋੜੇ ਦੀ ਲੱਤ ਖਰਾਬ ਸੀ, ਤੁਰ ਨਹੀਂ ਸੀ ਸਕਦਾ। ਸੱਚੇ ਪਾਤਸ਼ਾਹ ਜੀ ਨੇ ਕੀਪਰ ਅਰਥਾਤ ਰਖਵਾਲੇ (Keeper) ਨੂੰ ਬੁਲਾ ਕੇ ਪੁੱਛਿਆ ਬਈ ਇਹ ਕਿਹੜਾ ਘੋੜਾ ਹੈ? ਕੀਪਰ ਨੇ ਦਸਿਆ ਕਿ ਇਹ ਆਲ ਸਿਲਕ (All Silk) ਘੋੜਾ ਹੈ। ਇਹ ਸੁਣ ਕੇ ਸ੍ਰੀ ਸਤਿਗੁਰੂ ਜੀ ਨੇ ਆਪੇ ਅਗਲੀਆਂ ਸਾਰੀਆਂ ਗੱਲਾਂ ਦੱਸ ਦਿਤੀਆਂ ਕਿ ਇਹ ਘੋੜਾ ਪਹਿਲੋਂ ਮਹਾਰਾਜਾ ਕਸ਼ਮੀਰ ਕੋਲ ਸੀ ਤੇ ਇਹ ਡਰਬੀ ਰੇਸ ਵਿਚੋਂ ਫਸਟ ਆਇਆ ਸੀ। ਬਾਅਦ ਵਿਚ ਸ੍ਰੀ ਸਤਿਗੁਰੂ ਜੀ ਨੇ ਇਹ ਘੋੜਾ ਖ਼ਰੀਦ ਲਿਆ ਤੇ ਰਾਜ਼ੀ ਵੀ ਕਰ ਲਿਆ ਸੀ।"

"ਉਥੋਂ ਫਿਰ ਅਸੀਂ ਮਿਸਟਰ ਵਿਲਸਨ ਦੇ ਘਰ ਜਾਣਾ ਸੀ, ਉਸ ਨੇ ਗੱਲਬਾਤ ਕਰਨ ਲਈ ਸ੍ਰੀ ਸਤਿਗੁਰੂ ਜੀ ਨੂੰ ਆਪਣੇ ਘਰ ਸੱਦਿਆ ਸੀ। ਜਦੋਂ ਉਥੋਂ ਚਲਣ ਲਗਿਆਂ ਕਾਰ 'ਚ ਬੈਠਣ ਲਗੇ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣਾ ਆਸਣ ਕੱਢ ਕੇ, ਵੱਡੇ ਬਾਬਾ ਜੀ ਥੱਲੇ ਵਿਛਾ ਦਿਤਾ ਅਤੇ ਆਪ ਬਿਨਾਂ ਆਸਣੋਂ ਹੀ ਕਾਰ ਵਿਚ ਬੈਠ ਗਏ। (ਵੱਡੇ ਬਾਬਾ ਜੀ ਤੇ ਛੋਟੇ ਬਾਬਾ ਜੀ ਦੋਵੇਂ ਹੀ ਸ੍ਰੀ ਸਤਿਗੁਰੂ ਜੀ ਨਾਲ ਆਏ ਸਨ।) ਮੈਂ ਇਹ ਵੇਖ ਕੇ ਬੜਾ ਹੈਰਾਨ ਹੋਇਆ ਕਿ ਇਹ ਕੀ ਹੋਇਆ ਹੈ, ਉਸ ਗੱਲ ਦੀ ਹੁਣ ਸਮਝ ਆਉਂਦੀ ਹੈ।"

ਸੰਤ ਪ੍ਰੀਤਮ ਸਿੰਘ ਚੇਲੇਕੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਕਟਵਰਤੀਆਂ ਅਤੇ ਵਿਸ਼ਵਾਸਪਾਤਰ ਵਿਅਕਤੀਆਂ ਵਿਚੋਂ ਸਨ। ਮੇਲਿਆਂ, ਹੋਲਿਆਂ ਅਤੇ ਦੌਰਿਆਂ ਸਮੇਂ ਸੰਤ ਪ੍ਰੀਤਮ ਸਿੰਘ ਜੀ ਹੀ ਹਜ਼ੂਰ ਦੇ ਆਸਣ ਵਿਛਾਉਣ ਅਤੇ ਚੌਰਬਰਦਾਰੀ ਦੀ ਸੇਵਾ ਕਰਦੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਤਲੇ ਚਹੁੰ ਸਾਲਾਂ ਵਿਚੋਂ ਇਕ ਸਮੇਂ ਦੀ ਗੱਲ ਹੈ। ਇਕ ਵਾਰ ਸੱਚੇ ਪਾਤਸ਼ਾਹ ਜੀ ਆਪਣੇ ਦੋਹਾਂ ਸਾਹਿਬਜ਼ਾਦਿਆਂ ਨਾਲ ਪੰਜਾਬ ਵਿਚ ਦੌਰਾ ਕਰ ਰਹੇ ਸਨ ਕਿ ਆਪ ਜੀ ਦਾ ਸਰੀਰ ਕੁਝ ਢਿੱਲਾ ਹੋ ਗਿਆ। ਵੱਡੇ ਬਾਬਾ ਜੀ ਨੂੰ ਦੌਰਾ ਭੁਗਤਾਉਣ ਦੀ ਸੇਵਾ ਦੇ, ਹਜ਼ੂਰ ਸ੍ਰੀ ਜੀਵਨ ਨਗਰ ਵੱਲ ਸਵਾਸਥ ਲਾਭ ਲਈ ਚਲੇ ਗਏ। ਸ਼ਾਮ ਦੇ ਦੀਵਾਨ ਸਮੇਂ ਸੰਤ ਪ੍ਰੀਤਮ ਸ਼ਿੰਘ ਜੀ ਚੇਲੇਕੇ ਨੇ ਨਿੱਤ ਵਾਂਗ ਸਤਿਗੁਰਾਂ ਦਾ ਆਸਣ ਵਿਛਾਇਆ ਤੇ ਵੱਡੇ ਬਾਬਾ ਜੀ ਨੂੰ ਜ਼ੋਰ ਲਗਾ ਮਨਾ ਕੇ ਆਸਣ ਉਪਰ ਬੈਠਾਇਆ, ਕਿਹਾ : 'ਦੀਨ ਦਿਆਲ ਤੁਸਾਂ ਇਹ ਆਸਣ ਸੰਭਾਲਣਾ ਹੀ ਹੈ, ਅੱਜ ਨਹੀਂ ਤਾਂ ਕੱਲ੍ਹ। ਸੰਗਤ ਨੂੰ ਖਾਲੀ ਆਸਣ ਵੇਖ ਤ੍ਰਿਪਤੀ ਨਹੀਂ ਹੋਣੀ, ਸੋ ਆਸਣ ਸੁਭਾਇਮਾਨ ਕਰੋ।'

ਇੰਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁੰਦਿਆਂ ਹੀ ਵੱਡੇ ਬਾਬਾ ਜੀ ਗੁਰਗੱਦੀ ਵਾਲੇ ਆਸਣ 'ਤੇ ਬਿਰਾਜਮਾਨ ਹੁੰਦੇ ਰਹੇ ਤੇ ਚੌਰ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਰ੍ਹਾਂ ਹੁੰਦਾ

ਰਿਹਾ। ਕਈ ਵਾਰ ਆਪਣੇ ਥਾਂ ਦੌਰਿਆਂ 'ਤੇ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਬਾਬਾ ਜਗਜੀਤ ਸਿੰਘ ਜੀ ਨੂੰ ਭੇਜਿਆ ਕਰਦੇ ਸਨ।

ਗਿਆਨ ਮਾਰਤੰਡ ਪੰਡਤ ਗੋਪਾਲ ਸਿੰਘ ਜੀ ਦੱਸਦੇ ਹਨ:

"ਵੱਡੇ ਬਾਬਾ ਜੀ ਨੂੰ ਆਸਣ 'ਤੇ ਬਿਠਾ ਕੇ ਚੌਰੀ ਵੀ ਹੁੰਦੀ ਰਹੀ। ਵੱਡੇ ਬਾਬਾ ਜੀ ਚੌਰੀ ਕਰਨ ਤੋਂ ਮਨ੍ਹਾ ਕਰਦੇ ਸਨ। ਕਈ ਵਾਰ ਆਪ ਚੌਰ ਲੁਕਾ ਵੀ ਦਿਆ ਕਰਦੇ ਸਨ ਪਰ ਮੈਂ ਆਖਣਾ ਕਿੰਨੀਆਂ ਕੁ ਚੌਰੀਆਂ ਲੁਕਾਵੋਗੇ, ਇਹ ਤਾਂ ਬਜ਼ਾਰੋਂ ਹੋਰ ਵੀ ਮਿਲ ਜਾਂਦੇ ਨੇ। ਪਾਕਿਸਤਾਨ ਬਣਨ ਤੋਂ ਪਹਿਲੋਂ ਦੀ ਗੱਲ ਹੈ, ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅੰਮ੍ਰਿਤਸਰ ਜਿਲ੍ਹੇ ਵਿਚ ਦੌਰਾ ਸੀ। ਮੱਖੀ ਪਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿਚ ਨਾਮਧਾਰੀ ਧਰਮਸ਼ਾਲਾ ਵਿਖੇ ਦੀਵਾਨ ਲਗਾ ਹੋਇਆ ਸੀ। ਭਾਈ ਸੁੰਦਰ ਅਤੇ ਭਾਈ ਸੰਦਲ ਰਾਗੀ ਕੀਰਤਨ ਕਰ ਰਹੇ ਸਨ। ਵੱਡੇ ਬਾਬਾ ਜੀ ਉਥੇ ਗਏ ਹੋਏ ਸਨ। ਵੱਡੇ ਬਾਬਾ ਜੀ ਦੀਵਾਨ ਵਿਚ ਆਸਣ 'ਤੇ ਬੈਠੇ ਹੋਏ ਸਨ ਤੇ ਚੌਰ ਹੋ ਰਿਹਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਤਾ ਲਗਾ ਕਿ ਮੱਖੀ ਪਿੰਡ ਵਿਚ ਦੀਵਾਨ ਲੱਗਾ ਹੋਇਆ ਹੈ, ਆਪ ਜੀਪ ਵਿਚ ਅਚਾਨਕ ਹੀ ਉਥੇ ਆ ਗਏ ਤੇ ਸਿੱਧੇ ਹੀ ਦੀਵਾਨ ਵਿਚ ਆ ਦਰਸ਼ਨ ਦਿਤੇ। ਵੱਡੇ ਬਾਬਾ ਜੀ ਆਸਣ 'ਤੇ ਬੈਠੇ ਸਨ, ਚੌਰ ਹੋ ਰਿਹਾ ਸੀ, ਸਤਿਗੁਰੂ ਜੀ ਨੇ ਵੇਖਿਆ, ਕਿਹਾ ਕੁਝ ਨਹੀਂ। ਵੱਡੇ ਬਾਬਾ ਜੀ ਪਿੱਛੇ ਹੋ ਕੇ ਸਾਡੇ ਨਾਲ ਸਫ 'ਤੇ ਬੈਠ ਗਏ ਅਤੇ ਉਸੇ ਵਿਛੇ ਆਸਣ 'ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੁਸ਼ੋਭਿਤ ਹੋ ਗਏ। ਉਹੀ ਚੌਰ ਫਿਰ ਸ੍ਰੀ ਸਤਿਗੁਰੂ ਜੀ 'ਤੇ ਹੋਣ ਲੱਗੀ। ਉਦੂੰ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਕਿੰਨਾ ਚਿਰ ਮੈਂ ਵੀ ਰਿਹਾ ਹਾਂ, ਪਰ ਸੱਚੇ ਪਾਤਸ਼ਾਹ ਜੀ ਨੇ ਕਦੇ ਨਹੀਂ ਪੁੱਛਿਆ ਬਈ ਮੈਂ ਨਹੀਂ ਸਾਂ ਏਥੇ, ਤੇ ਤੁਸੀਂ ਚੌਰ ਕਿਹਦੇ ਵਾਸਤੇ ਲਿਆਏ ਸੀ, ਇਹ ਮੇਰੀਆਂ ਵੇਖੀਆਂ ਗੱਲਾਂ ਨੇ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਹੁੰਦਿਆਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪੂਰਨ Perfect ਗੁਰੂ ਬਣਾ ਦਿਤਾ ਸੀ। ਆਪਣੇ ਹੁੰਦਿਆਂ, ਆਪਣੇ ਥਾਂ ਕਾਇਮ ਕਰ ਕੇ ਇਕ ਨਵੀਂ ਮਿਸਾਲ ਪੇਸ਼ ਕੀਤੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਤਿਆਗਣ ਉਪਰੰਤ,

"ਸੰਤ ਫਤਿਹ ਸਿੰਘ ਜੀ ਮਾਂਗਾ ਜੋ ਨਾਮਧਾਰੀ ਪੰਥ ਦੇ ਸਰਬ ਸਤਿਕਾਰੇ ਗੁਰਮਤ ਫਿਲਾਸਫਰ ਸਨ ਨੇ ਇਨ੍ਹੀਂ ਦਿਨੀਂ ਨਾਮਧਾਰੀ ਪੰਥ ਦੀ ਏਕਤਾ, ਮਹਾਨਤਾ ਤੇ ਦੇਹਧਾਰੀ ਗੁਰੂ ਦੇ ਵਿਸ਼ਵਾਸ ਨੂੰ ਪਰਚਾਰਦਿਆਂ ਅਗਲੇ ਸਮੇਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਕੇਂਦਰਤ ਹੋਣ ਲਈ, ਬਾਦਲੀਲ ਤਕਰੀਰਾਂ ਕੀਤੀਆਂ।"

—ਸਤਿਜੁਗ ਦਾ ਸ਼ਰਧਾਂਜਲੀ ਅੰਕ ਪੰਨਾ ੨੬

੧੬ ਭਾਦਰੋਂ ਸੰਮਤ ੨੦੧੬ ਵਾਲੇ ਦਿਨ ਬਾਰੇ ਵਹਿਮੀ ਜੀ ਲਿਖਦੇ ਹਨ,

"ਇਸ ਪਿਛੋਂ ਸੰਤ ਫਤਹਿ ਸਿੰਘ ਜੀ ਮਾਂਗੇ ਵਾਲਿਆਂ ਪ੍ਰਚਾਰ ਕੀਤਾ, 'ਗੁਰੂ ਦੇ ਪਿਆਰੇ, ਸਾਧੋ, 'ਅਰਜਨ ਕਾਇਆ ਪਲਟ ਕੈ ਮੂਰਤਿ ਹਰਿ ਗੋਬਿੰਦ ਸਵਾਰੀ' ਦੇ ਸਾਰ ਹਿਰਦੇ ਵਿਚ ਵਿਚਾਰ ਸਭ ਸੰਗਤ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੂਪ ਨੂੰ ਹੁਣ ਇਨ੍ਹਾਂ ਸਤਿਗੁਰਾਂ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਨੂੰ ਜਾਨਣਾ ਚਾਹੀਦਾ ਹੈ। ਤੇ ਭਾਈ ਗੁਰਦਾਸ ਜੀ ਦੇ ਵਾਕ 'ਜੈਸੇ ਦਰਪਨ ਬਿਖੇ ਬਿਲੋਕੀਅਤ ਤੈਸੇ ਸਰਗੁਨ ਸਾਖੀ ਭੂਤ ਗੁਰ ਧਿਆਨ ਹੈ।' ਨੂੰ ਵਿਚਾਰ ਏਹਨਾਂ ਸਤਿਗੁਰਾਂ ਵਿਚੋਂ ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਰੂਪ ਦੇਖਣਾ ਚਾਹੀਦਾ ਹੈ।' ਸਾਧ ਸੰਗਤ ਨੂੰ ਪਤਾ ਸੀ—ਸਤਿਗੁਰੂ ਜੀ ਅੱਗੇ ਭੀ ਆਪਣੇ ਥਾਂ ਭੇਜਦੇ ਸੀ ਸੰਗਤ ਵਿਚ। ਏਕ ਸਮੇਂ ਦੜਪ ਦੇ ਦੌਰੇ ਸਮੇਂ ਆਪਣੀ ਦੇਹ ਢਿੱਲੀ ਹੋਣ ਕਰ ਕੇ ਏਨ੍ਹਾਂ (ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਹੀ ਸਿਆਲਕੋਟ ਜ਼ਿਲ੍ਹੇ ਵਿਚ ਦੌਰੇ ਨਾਲ ਛੱਡ ਆਪ ਭੈਣੀ ਸਾਹਿਬ ਆ ਗਏ ਸੀ। ਤੇ ਇਕ ਸਮੇਂ ਗੁਰਾਏ ਸਟੇਸ਼ਨ ਤੋਂ ਮੁਠੱਡੀ ਇਨ੍ਹਾਂ ਨੂੰ ਹੀ ਛੱਡ ਆਪਣੇ ਥਾਂ ਤੋਰਿਆ ਸੀ ਤੇ ਸੰਗਤ ਸਤਿਗੁਰੂ ਜੀ ਵਾਂਗੂੰ ਹੀ ਏਨ੍ਹਾਂ ਨੂੰ ਆਸਣ ਤੇ ਸਜਿਆ ਵੇਖ ਮੱਥਾ ਟੇਕਦੀ ਰਹੀ। ਦੋਹੀਂ ਥਾਈਂ, ਦੜਪ ਤੇ ਮੁਠੱਡੀਂ। ਏਕ ਸਮੇਂ ਰਾਣੀਆਂ ਸਤਿਗੁਰੂ ਜੀ ਦੀ ਕਾਰ ਨਾ ਚਲਦੀ ਸੀ ਤੇ ਹੈਂਡਲ ਮਾਰਨ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਾਥ ਲਾਇਓ ਨੇ ਤਾਂ ਕਾਰ ਚਲ ਪਈ ਤਾਂ ਸਤਿਗੁਰੂ ਜੀ ਕਿਹਾ ਸੀ, "ਭਾਈ ਹੁਣ ਤੇਰੇ ਹੱਥੋਂ ਹੀ ਕਾਰ ਚੱਲਣੀ ਹੈ, ਮੈਂ ਬੁੱਢਾ ਹੋ ਗਿਆ ਹੈ।"

—ਜੱਸ ਜੀਵਨ ਭਾਗ ਛੇਵਾਂ ਪੰਨਾ ਨੰ: ੩੭੬

ਸ੍ਰੀ ਸਤਿਗੁਰੂ ਜੀ ਦਾ ਦੇਹ ਤਯਾਗ ਸੁਣ ਕੇ ਸ੍ਰੀ ਭੈਣੀ ਸਾਹਿਬ ਦੇ ਆਸ-ਪਾਸ ਦੇ ਨਗਰਾਂ ਦੇ ਬਹੁਤ ਲੋਕ ਸਾਰਾ ਦਿਨ ਹਾਰਦਿਕ ਸਮਵੇਦਨਾ ਦਾ ਪ੍ਰਗਟਾਓ ਕਰਨ ਲਈ ਆਉਂਦੇ ਰਹਿੰਦੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਸਮਾਂ, ਆਪਣੇ ਮਨ ਅਤੇ ਸਰੀਰ ਤੇ ਅਤਿ ਕਠਿਨਾਈ ਸਹਾਰਦਿਆਂ ਹੋਇਆਂ ਐਸਾ ਨਿਭਾਇਆ ਜਿਸ ਤੋਂ ਔਣ ਵਾਲੇ ਸਭ ਪ੍ਰਭਾਵਿਤ ਹੋਏ। ਆਪ ਨੇ ਜਿਸ ਸ਼ਾਂਤ-ਹ੍ਰਿਦਯ ਅਤੇ ਸੁਯੋਗਤਾ ਨਾਲ ਨਿਰਬਾਹ ਕੀਤਾ, ਉਸਦੀ ਪ੍ਰਸ਼ੰਸਾ ਅਕਥਨੀਯ ਹੈ।

## ਦਸਤਾਰਬੰਦੀ ਸਮਾਗਮ

ਭਾਵੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਦੇ ਸਮੇਂ ਤੋਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ-ਨਸ਼ੀਨ ਹੋ ਗਏ ਸਨ, ਪਰ 10 ਸਤੰਬਰ 1959 (੨੫ ਭਾਦਰੋਂ ੨੦੧੬) ਨੂੰ ਦਸਤਾਰਬੰਦੀ ਦੀ ਉਚੇਚੀ ਰਸਮ ਅਦਾ ਕੀਤੀ ਗਈ। ਹਰ ਸਾਲ ਦੀ ਤਰ੍ਹਾਂ ਜਪ-ਪ੍ਰਯੋਗ ਅਤੇ ਮੇਲੇ ਦਾ ਜੋ ਪ੍ਰੋਗ੍ਰਾਮ ਰਖਿਆ ਹੋਇਆ ਸੀ, ਉਸ ਦੇ ਭੋਗ ਦਾ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਆਪ ਹੀ ਨਿਸ਼ਚਿਤ ਕੀਤਾ ਹੋਇਆ ਸੀ। ਉਸੇ ਦਿਨ ਪੱਚੀ ਭਾਦਰੋਂ ਨੂੰ ਸ੍ਰੀ ਸਤਿਗੁਰੂ ਜੀ ਨਮਿਤ ਭੋਗ ਪਾਉਣੇ ਅਤੇ ਮੇਲਾ ਕਰਨਾ ਨਿਸ਼ਚਿਤ ਹੋਇਆ, ਇਸੇ ਦਿਨ ਸ਼ਰਧਾਂਜਲੀ ਸਮਾਰੋਹ

ਤੇ ਦਸਤਾਰਬੰਦੀ ਸਮਾਗਮ ਹੋਇਆ।

ਇਸ ਸਮਾਗਮ ਦਾ ਸਾਰਾ ਇੰਤਜ਼ਾਮ ਮਹਾਰਾਜ ਬੀਰ ਸਿੰਘ, ਸੰਤ ਗੁਰਦੇਵ ਸਿੰਘ ਰਾਮਪੁਰ, ਸ. ਹਰੀ ਸਿੰਘ ਵੜਾਣੀਆਂ, ਸੰਤ ਕਿਰਪਾਲ ਸਿੰਘ ਨਾਰਲੀ, ਸ. ਸਾਧੂ ਸਿੰਘ ਜੜ੍ਹਾਂਵਾਲੀਆ, ਨੰਬਰਦਾਰ ਅਮਰ ਸਿੰਘ (ਸ੍ਰੀ ਜੀਵਨ ਨਗਰ) ਤੇ ਕੁੱਝ ਹੋਰ ਪ੍ਰਮੁੱਖ ਵਿਅਕਤੀਆਂ ਨੇ ਕੀਤਾ। ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਸਮਾਗਮ ਸਮੇਂ ਸਟੇਜ ਨੂੰ ਬੜੀ ਸੁਘੜਤਾ ਨਾਲ ਸੰਭਾਲਿਆ।

ਇਸ ਮੇਲੇ 'ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ 958 ਪਾਠਾਂ ਦੇ ਭੋਗ ਪਾਏ ਗਏ।

ਇਸ ਦਸਤਾਰਬੰਦੀ ਸਮਾਗਮ ਸਮੇਂ ਪੱਗਾਂ ਤਾਂ ਬਹੁਤ ਆਈਆਂ, ਢੇਰ ਲੱਗ ਗਏ ਸਨ ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਰਜ਼ਾ ਅਨੁਸਾਰ ਭਾਈ ਵਜ਼ੀਰ ਸਿੰਘ ਹੱਥੀਂ ਭੇਟ ਕੀਤੀ ਦਸਤਾਰ ਸਜਾਈ। ਤਕਰੀਬਨ ਡੇਢ ਲੱਖ ਸੰਗਤ ਦੀ ਹਾਜ਼ਰੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਮੁੱਖ ਤੇ ਨਿਕਟਵਰਤੀ ਸੇਵਕ ਭਾਈ ਵਜੀਰ ਸਿੰਘ ਨੂੰ ਨਾਮਧਾਰੀ ਸਾਧ-ਸੰਗਤ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦਸਤਾਰ ਅਰਪਣ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਦਸਤਾਰ ਨਾਲ ਸਵਾ ਲੱਖ ਰੁਪਏ ਤੋਂ ਵੱਧ ਰਕਮ ਸੀ, ਜਿਸ ਨੂੰ ਸੰਤ ਪ੍ਰੀਤਮ ਸਿੰਘ ਚੇਲੇਕੇ ਤੇ ਸੂਬਾ ਵਰਿਆਮ ਸਿੰਘ ਨੂੰ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ) ਭੇਟ ਕਰਨ ਦਾ ਮਾਣ ਮਿਲਿਆ।

ਇਹ ਸੰਤ ਪ੍ਰੀਤਮ ਸਿੰਘ ਚੇਲੇਕੇ ਦਾ ਸੁਭਾਗ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ 'ਤੇ ਉਨ੍ਹਾਂ ਦੀ ਥਾਂ ਦੂਜੇ ਪ੍ਰਤਾਪ ਸੂਰਜ ਨੂੰ ਉਦੈ ਹੁੰਦੇ ਆਪਣੀਆਂ ਅੱਖਾਂ ਨਾਲ ਵੇਖਣਾ ਅਤੇ ਜਿਸ ਸਾਹਿਬਜ਼ਾਦੇ ਨੂੰ ਕਦੇ ਆਪ ਆਸਣ 'ਤੇ ਬੈਠਾਇਆ ਸੀ, ਉਸ ਨੂੰ ਗੁਰੂ ਰੂਪ ਵਿਚ ਸਨਮਾਨ ਮਿਲਦਿਆਂ ਵੇਖਣਾ।

ਸਤਿਜੁਗ ਦੇ ਸ਼ਰਧਾਂਜਲੀ ਅੰਕ ਵਿਚ ਕਵੀ ਪ੍ਰੀਤਮ ਸਿੰਘ ਦੀ ਲਿਖਤ ਅਨੁਸਾਰ ਦਸਤਾਰਬੰਦੀ ਦੇ ਵਿਸ਼ਾਲ ਸਮਾਗਮ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਤੇਤੀ ਧਾਰਮਿਕ ਸੰਪ੍ਰਦਾਵਾਂ ਦੇ ਮੁਖੀ, ਸੋਲਾਂ ਰਾਜਨੀਤਕ ਆਗੂ, ਨੌਂ ਅਖ਼ਬਾਰਾਂ ਦੇ ਨੁਮਾਇੰਦੇ, ਅਠ ਕੇਂਦਰੀ ਮੰਤਰੀ ਤਕ ਦੀ ਪੱਧਰ ਦੇ ਸਰਕਾਰੀ ਅਧਿਕਾਰੀ, ਹੋਰ ਕਈ ਵਿਸ਼ੇਸ਼ ਵਿਅਕਤੀ ਅਤੇ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਆਏ। ਵਿਦੇਸ਼ਾਂ ਤੋਂ ਵੀ ਨਾਮਧਾਰੀ ਸਾਧ-ਸੰਗਤ ਆਈ।

ਸਮਾਗਮ ਵਿਚ ਸਿੱਖ ਪੰਥ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਆਈਆਂ। ਸ਼੍ਰੋਮਣੀ ਅਕਾਲੀ ਦਲ ਦੇ ਦੋਵੇਂ ਧੜਿਆਂ ਵਲੋਂ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਆਏ ਤੇ ਦੋਹਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਤੀ ਅਕੀਦਤ ਪ੍ਰਗਟਾਈ। ਉਸ ਵੇਲੇ ਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਅਮਰ ਸਿੰਘ ਦੁਸਾਂਝ ਨੇ ਤਕਰੀਰ ਕੀਤੀ ਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਵਲੋਂ ਸਤਿਕਾਰ ਤੇ ਸਨਮਾਨ ਦੀ ਦਸਤਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੇ ਚਰਨਾਂ ਵਿਚ ਭੇਟ ਕੀਤੀ। ਕਾਂਗਰਸ ਪਾਰਟੀ ਦੇ ਮੁਖੀਆਂ ਵਿਚੋਂ ਸ੍ਰ. ਸਵਰਨ ਸਿੰਘ, ਗਿਆਨੀ ਜ਼ੈਲ ਸਿੰਘ, ਸ੍ਰ. ਦਰਬਾਰਾ ਸਿੰਘ ਅਤੇ ਗਿ: ਗੁਰਮੁਖ ਸਿੰਘ ਮੁਸਾਫਿਰ ਆਏ। ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਤੇ ਕੰਵਰ ਮਨਜੀਤ ਇੰਦਰ ਸਿੰਘ ਫ਼ਰੀਦਕੋਟ ਵੀ ਸਮਾਗਮ 'ਤੇ ਪਹੁੰਚੇ। ਹਿੰਦ ਸਮਾਚਾਰ ਦੇ ਮਾਲਕ ਲਾਲਾ ਜਗਤ ਨਾਰਾਇਣ ਜੀ ਕਮਿਊਨਿਸਟ ਪਾਰਟੀ ਦੇ ਸ੍ਰ. ਸੋਹਣ ਸਿੰਘ ਜੋਸ਼ ਤੇ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ, ਸੋਸ਼ਲਿਸਟ ਪਾਰਟੀ ਦੇ ਸ੍ਰ. ਹਰਭਜਨ ਸਿੰਘ ਪਹੁੰਚੇ। ਇੰਜ ਕਾਂਗਰਸ, ਕਮਿਊਨਿਸਟ, ਸੋਸ਼ਲਿਸਟ ਆਦਿ ਪਾਰਟੀਆਂ ਦੇ ਨੁਮਾਇੰਦੇ, ਨਿਰਮਲ ਮਹਾਂ ਮੰਡਲ ਤੇ ਹੋਰ ਬਹੁਤ ਸਾਰੀਆਂ ਸੰਪਰਦਾਵਾਂ ਦੇ ਮੁਖੀ ਜਾਂ ਨੁਮਾਇੰਦੇ ਇਸ ਸਮਾਗਮ ਵਿਚ ਸ਼ਾਮਲ ਹੋਏ।

ਉਦਾਸੀ ਸੰਪ੍ਰਦਾਇ ਦੇ ਮੁਖੀ ਅਤੇ ਰਾਧਾ-ਸਵਾਮੀ ਸੰਪ੍ਰਦਾਇ ਬਿਆਸ ਦੇ ਆਚਾਰਯ ਮਹਾਰਾਜ ਚਰਨ ਸਿੰਘ ਜੀ ਤੇ ਦਿੱਲੀ ਸ਼ਾਖਾ ਦੇ ਆਚਾਰਯ ਸੰਤ ਕ੍ਰਿਪਾਲ ਸਿੰਘ ਜੀ ਮਹਾਰਾਜ ਭੀ ਇਸ ਸਮੇਂ ਪਹੁੰਚੇ ਤੇ ਆਪਣੇ ਮਨੋਭਾਵ ਪ੍ਰਗਟ ਕੀਤੇ।

ਗਊ ਰਖਿਆ ਸੰਮਤੀ ਦੇ ਮੁਖੀ ਲਾਲਾ ਹਰਦੇਵ ਸਹਾਇ ਜੀ, ਭਾਰਤੀਯ ਸ਼ਾਕਾਹਾਰੀ ਸੰਸਥਾ ਦੇ ਮੁਖੀ ਸ੍ਰੀ ਜੇ.ਐਨ. ਮਾਨਕਰ ਜੀ ਬੰਬਈ ਵਾਲੇ ਆਦਿ ਅਨੇਕ ਸ਼ਖ਼ਸੀਅਤਾਂ ਆਈਆਂ। ਜਿਹੜੇ ਨਾ ਆ ਸਕੇ ਉਨ੍ਹਾਂ ਵਲੋਂ ਭੇਜੇ ਗਏ ਸ਼ੋਕ ਸੰਦੇਸ਼ ਆਏ।

2 ਮਾਰਚ 1996 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਲੇਖਕਾਂ ਦੀ ਇਕ ਬੈਠਕ ਵਿਚ ਦੱਸਿਆ ਕਿ ਉਨ੍ਹਾਂ ਨੂੰ ਇਸ ਸਮਾਗਮ ਸਮੇਂ ਸਟੇਜ 'ਤੇ ਬੋਲਣ ਵਾਲਿਆਂ ਵਿਚੋਂ ਸਭ ਤੋਂ ਵਧੀਆ ਗੱਲ ਕਾਮਰੇਡ ਸੋਹਣ ਸਿੰਘ ਜੋਸ਼ ਦੀ ਲੱਗੀ ਜਿਨ੍ਹਾਂ ਆਖਿਆ:

"ਇਹ ਗੱਦੀ ਇਸ ਤਰ੍ਹਾਂ ਦੀ ਫੁੱਲਾਂ ਦੀ ਗੱਦੀ ਨਹੀਂ ਬਈ ਸਿਰਫ ਸੁਖਾਵੀਂ ਗੱਦੀ ਹੈ, ਇਹ ਸੂਲਾਂ ਦੀ ਸੇਜ ਹੈ।"

ਇਸ ਸਮਾਗਮ ਸਮੇਂ ਆਪਣੀ ਭਾਵਨਾ ਪ੍ਰਗਟ ਕਰਦਿਆਂ ਸ. ਸਵਰਨ ਸਿੰਘ ਕੇਂਦਰੀ ਮੰਤਰੀ ਦੇ ਸ਼ਬਦ ਸਨ,

"ਮੈਨੂੰ ਆਸ ਹੈ ਕਿ ਮਹਾਰਾਜ ਜਗਜੀਤ ਸਿੰਘ ਜੀ ਵੀ ਦੇਸ਼ ਤੇ ਕੌਮ ਦੀ ਖ਼ਾਤਰ ਉਸੇ ਤਰ੍ਹਾਂ ਕੰਮ ਕਰਨਗੇ ਜਿਵੇਂ ਵੱਡੇ ਮਹਾਰਾਜ ਜੀ ਕੀਤਾ ਕਰਦੇ ਸਨ। ਆਪ ਆਪਣੇ ਪ੍ਰੇਮ ਦੇ ਕਾਰਨ ਕੌਮ, ਪੰਥ ਅਤੇ ਦੇਸ਼ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣਗੇ।"

ਭਾਰਤ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੋ ਉਦੋਂ ਐਮ.ਪੀ. ਸਨ ਦੇ ਸ਼ਰਧਾ ਭਰੇ ਬੋਲ ਸਨ:

"ਅਜ ਮੈਂ ਮਹਾਰਾਜ ਜਗਜੀਤ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਿਆਂ ਅਰਜ਼ ਕਰਾਗਾਂ ਕਿ ਇਹ ਗੱਦੀ ਕੇਵਲ ਸਾਧੂ ਮਹਾਤਮਾ ਦੀ ਹੀ ਨਹੀਂ ਸਗੋਂ ਇਸ ਗੱਦੀ ਨੇ ਤਾਂ ਭਾਰਤ ਵਿਚ ਇਨਕਲਾਬ

ਪੈਦਾ ਕੀਤਾ ਸੀ। ਇਸ ਗੱਦੀ ਦੀਆਂ ਫੂਕਾਂ ਨੇ ਹੀ ਤਾਂ ਇਨਕਲਾਬੀ ਲਹਿਰਾਂ ਉਠਾਈਆਂ ਸਨ, ਮਹਾਰਾਜ ਜਗਜੀਤ ਸਿੰਘ ਜੀ, ਤੁਹਾਡੀਆਂ ਜ਼ਿੰਮੇਵਾਰੀਆਂ ਵਧ ਗਈਆਂ ਹਨ। ਦੇਸ਼ ਉਤੇ ਉਠੇ ਖ਼ਤਰੇ ਲਈ, ਹਿੰਦ ਦੀ ਰਾਖੀ ਲਈ ਤੁਸਾਂ ਹੀ ਸਭ ਤੋਂ ਮੂਹਰੇ ਹੋਣਾ ਹੈ।"

ਜਨਸੰਘੀ ਲੀਡਰ ਪੰਡਤ ਯਗਦੱਤ ਜੀ ਸ਼ਰਮਾ ਨੇ ਕਿਹਾ, "ਮੈਂ ਉਸ ਆਤਮਾ ਨੂੰ ਪੁਸ਼ਪ ਭੇਟ ਕਰਦਾ ਹਾਂ ਕਿ ਜਿਸ ਆਤਮਾ ਨੇ ਮਹਾਰਾਜ ਜਗਜੀਤ ਸਿੰਘ ਜੀ ਵਿਚ ਆਪਣਾ ਤੇਜ ਰਖਿਆ ਹੈ।"

ਸ. ਗਿਆਨ ਸਿੰਘ ਰਾੜੇਵਾਲਾ, ਮੰਤਰੀ ਪੰਜਾਬ ਨੇ ਇਸ ਸਮਾਗਮ ਸਮੇਂ ਆਖਿਆ:

"ਮੈਨੂੰ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੈਠਣ ਦਾ ਮਾਣ ਮਿਲਿਆ ਹੈ, ਸ੍ਰੀ ਜਗਜੀਤ ਸਿੰਘ ਜੀ ਨਾਲ ਵੀ ਗੱਲਾਂ ਕਰਨ ਦਾ ਵਕਤ ਮਿਲਿਆ ਹੈ—ਮੈਨੂੰ ਦੋਹਾਂ ਵਿਚੋਂ ਇਕੋ ਜੋਤ ਝਲਕਦੀ ਨਜ਼ਰ ਪਈ ਹੈ। ਏਹਨਾਂ ਅਰਜ਼ਾਂ ਨਾਲ ਮਹਾਰਾਜ ਜਗਜੀਤ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ਕਿ ਤਕੜੇ ਹੋ ਕੇ ਬੇਖ਼ੌਫ ਹੋ ਕੇ ਅੱਗੇ ਆਓ, ਸੰਗਤਾਂ ਆਪ ਦਾ ਸਾਥ ਦੇਣਗੀਆਂ। ਅਸੀਂ ਜਿਹੜੀ ਕਮੀ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਜਾਣ ਦੀ ਮਹਿਸੂਸ ਕਰਦੇ ਹਾਂ, ਉਹ ਪੂਰੀ ਹੋ ਜਾਵੇਗੀ।"

ਹੋਰ ਵੀ ਅਨੇਕ ਪ੍ਰਸਿੱਧ ਸ਼ਖ਼ਸੀਅਤਾਂ ਨੇ ਇਸ ਸ਼ਰਧਾਂਜਲੀ ਸਮਾਗਮ ਵਿਖੇ ਆਪੋ ਆਪਣੀਆਂ ਭਾਵਨਾਵਾਂ ਤੇ ਸ਼ਰਧਾ ਨੂੰ ਵੱਖੋ ਵੱਖਰੇ ਢੰਗ ਨਾਲ ਪੇਸ਼ ਕੀਤਾ।

ਇਸ ਵਿਸ਼ਾਲ ਸਮਾਰੋਹ ਦੀਆਂ ਖ਼ਬਰਾਂ ਸਾਰੇ ਅਖ਼ਬਾਰਾਂ ਵਿਚ ਛਪੀਆਂ। ਗਿਆਰਾਂ ਸਤੰਬਰ 1959 ਦੇ 'ਡੇਲੀ ਟ੍ਰਿਬਿਊਨ' (ਅੰਗ੍ਰੇਜ਼ੀ ਅਖ਼ਬਾਰ) ਵਿਚ ਛਪੀ ਖ਼ਬਰ ਵਿਚ ਲਿਖਿਆ ਸੀ,

"ਸਾਨੂੰ ਭਰੋਸਾ ਹੈ ਕਿ ਮਹਾਰਾਜ ਜਗਜੀਤ ਸਿੰਘ ਜੀ ਨਾ ਕੇਵਲ ਉਨ੍ਹਾਂ ਉੱਚੇ ਤੇ ਸੁੱਚੇ ਪੂਰਨਿਆਂ ਨੂੰ ਜਿਹੜੇ ਕਿ ਉਨ੍ਹਾਂ ਨੂੰ ਨਾਮਧਾਰੀ ਪੰਥ ਦੇ ਆਗੂਆਂ ਤੋਂ ਵਿਰਸੇ ਵਿਚ ਮਿਲੇ ਹਨ, ਸੁਰਜੀਤ ਹੀ ਰੱਖਣਗੇ ਸਗੋਂ ਇਨ੍ਹਾਂ ਨੂੰ ਅਮਲੀ ਜਾਮਾ ਪਵਾ ਕੇ, ਹੋਰ ਵਿਸ਼ਾਲ ਤੇ ਲੋਕ ਪਿਆਰਾ ਬਨਾਉਣਗੇ ਅਤੇ ਹਿੰਦੂਆਂ-ਸਿੱਖਾਂ ਵਿਚਕਾਰ ਏਕਾ ਪੈਦਾ ਕਰਨ ਲਈ ਵਧ ਚੜ੍ਹ ਕੇ ਪੰਜਾਬ ਦੇ ਵਾਯੂ ਮੰਡਲ ਨੂੰ ਸੁਖਾਵਾਂ ਤੇ ਸੋਹਣਾ ਬਨਾਉਣਗੇ।"

ਇੰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰਬੰਦੀ ਦੀ ਰਸਮ ਦਾ ਸਮਾਗਮ ਬੜੀ ਧੂਮਧਾਮ ਨਾਲ ਸੰਪੰਨ ਹੋਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਤਨੀ ਵੱਡੀ ਕਿਰਪਾ ਕੀਤੀ ਜੋ ਸਾਨੂੰ ਮਹਾਨ ਤਪੱਸਵੀ, ਸਹਿਣਸ਼ੀਲਤਾ ਦੇ ਸਾਗਰ, ਸ਼ਾਂਤੀ ਦੇ ਪੁੰਜ, ਧਰਮ ਦੀ ਧੁਜ, ਮਹਾਨ ਪਰਉਪਕਾਰੀ, ਈਰਖਾ ਦੀ ਅੱਗ ਨਾਲ ਸੜ ਰਹੀ ਮਾਨਵਤਾ ਨੂੰ ਠੰਢ ਪਹੁੰਚਾਉਣ ਵਾਲੇ ਗੁਰੂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗਏ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮਾਜਕ, ਧਾਰਮਿਕ, ਆਰਥਿਕ, ਰਾਜਨੀਤਕ ਤੇ ਸਭਿਆਚਾਰਕ, ਗੱਲ ਕੀ ਹਰ ਖੇਤਰ ਵਿਚ ਮਾਨਵਤਾ ਦੇ ਭਲੇ ਲਈ ਇਤਨੇ ਕੰਮ ਕੀਤੇ ਹਨ ਕਿ ਕਲਮ ਦੀ ਨੋਕ ਇਸ ਸਭ ਕਾਸੇ ਦਾ ਲੇਖਾ-ਜੋਖਾ ਕਰਨ ਤੋਂ ਅਸਮਰਥ ਹੈ, ਸਿਰਫ ਸਮੁੰਦਰ ਵਿਚੋਂ ਕੁਝ ਕੁ ਬੂੰਦਾਂ ਜਾਂ ਮਿਸ਼ਰੀ ਦੇ ਪਹਾੜ ਵਿਚੋਂ ਕੁਝ ਕੁ ਕਿਣਕੇ ਹੀ ਚੁੱਕੇ ਜਾ ਸਕਦੇ ਹਨ।

"ਸਾਧ ਸੰਗਤ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਸ ਕਰਕੇ ਰਿਣੀ ਹੈ ਕਿ ਆਪ ਨੇ ਨਾਮਧਾਰੀ ਸਿੱਖਾਂ ਨੂੰ ਹਰ ਤਰ੍ਹਾਂ ਨਾਲ ਪ੍ਰਫੁੱਲਤ ਕੀਤਾ—ਨਾਮ ਬਾਣੀ, ਸੇਵਾ, ਸੁੱਚ, ਸੋਧ ਅਤੇ ਉੱਚੇ ਆਚਰਣ ਦੇ ਧਾਰਨੀ ਬਣਾਇਆ, ਉਥੇ ਇਸ ਕਰਕੇ ਵਿਸ਼ੇਸ਼ ਰਿਣੀ ਹੈ ਕਿ ਨਾਮਧਾਰੀ ਪੰਥ ਦੀ ਅਗਵਾਈ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੈਸੀ ਪ੍ਰਤਿਭਾਵਾਨ ਹਸਤੀ ਹੱਥ ਸੌਂਪ ਗਏ ਜੋ ਪ੍ਰਾਣੀ ਮਾਤਰ ਦੀ ਸੇਵਾ ਕਰਦੇ ਥੱਕਦੇ ਹੀ ਨਹੀਂ। ਦਿਨ ਰਾਤ ਇਕ ਸੁਰਤਾ ਨਾਲ ਆਪਣੇ ਧਰਮ ਨੂੰ ਨਿਭਾ ਰਹੇ ਹਨ। ਸਮੂਹ ਨਾਮਧਾਰੀ ਸੰਗਤ ਇਹ ਅਰਦਾਸਾਂ ਕਰਦੀ ਹੈ ਕਿ ਆਪ ਸਦਾ ਸਾਡੇ ਸਿਰਤਾਜ ਬਣੇ ਰਹਿਣ। ਉਸੇ ਮਹਾਂਨੂਰ ਦੀ ਇਹ ਜੋਤਿ ਸਦਾ ਜੱਗ ਨੂੰ ਰੁਸ਼ਨਾਉਂਦੀ ਰਹੇ।"

ਮਹਾਂਨੂਰ ਪੰਨਾ ਨੰ: 358

# ਮਾਹੌਲ ਵਿਚ ਸ਼ਾਂਤੀ ਸਿਰਜੀ

"ਜਦੋਂ ਸਤਿਗੁਰੂ ਜਗਜੀਤ ਸਿੰਘ ਉਤੇ, ਸ੍ਰੀ ਗੁਰੂ ਦੇਵ ਪਿਤਾ ਜੀ ਵਲੋਂ ਦੇਹ ਦਾ ਓਹਲਾ ਕਰਨ ਉਪ੍ਰੰਤ ਇਕ ਦਮ ਜੁੰਮੇਵਾਰੀ ਦਾ ਅਣਤੋਲਵਾਂ ਭਾਰ ਆ ਡਿੱਗਾ, ਕਈਆਂ ਹਮਾਤੜਾਂ ਨੇ ਅਨੁਮਾਨ ਲਾਉਣਾ ਸ਼ੁਰੂ ਕਰ ਦਿਤਾ ਕਿ ਇਸ ਜੁੰਮੇਵਾਰੀ ਦਾ ਭਾਰ ਇਹ ਨਹੀਂ ਚੁੱਕ ਸਕਣਗੇ, ਕਿਉਂਕਿ ਉਸ ਵੇਲੇ ਦੇ ਵਿਵਹਾਰਕ ਹਾਲਾਤ ਕੁੱਝ ਵਿਰੋਧੀ ਸਜਨਾਂ ਨੇ ਬੜੇ ਅਣਸੁਖਾਵੇਂ ਬਣਾ ਰੱਖੇ ਸਨ, ਪਰ ਇਸ ਸੂਖਮ ਮੂਰਤਿ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਚ ਪਤਾ ਨਹੀਂ ਕੁਦਰਤ ਨੇ ਕਿਤਨੀ ਕੁ ਦ੍ਰਿੜਤਾ ਪਾ ਰਖੀ ਹੋਈ ਸੀ ਕਿ ਨਾਮਧਾਰੀ ਪੰਥ ਦੀਆਂ ਧਾਰਮਿਕ, ਸਮਾਜਿਕ, ਵਿਵਹਾਰਿਕ ਤੇ ਰਾਜਨੀਤਕ ਜੁੰਮੇਵਾਰੀਆਂ 'ਤੇ ਇਨ੍ਹਾਂ ਨੇ ਇਕ ਦਮ ਐਸਾ ਕੰਟਰੋਲ ਕੀਤਾ ਕਿ ਵੇਖਣ ਵਾਲੇ ਸਭ ਲੋਕ ਹੈਰਾਨ ਹੀ ਰਹਿ ਗਏ, ਸਗੋਂ ਇਨ੍ਹਾਂ ਨੇ ਆਪਣੀ ਜਰਨ ਤੇ ਅਡੋਲ ਸ਼ਕਤੀ ਨਾਲ ਬਹੁਤ ਸਾਰੇ ਵਿਰੋਧੀਆਂ ਨੂੰ ਵੀ ਆਪਣੇ ਵੱਲ ਇੰਜ ਖਿੱਚ ਲਿਆ ਜਿਵੇਂ ਕੋਈ ਮਾਂਦਰੀ ਬੀਨ ਵਜਾ ਕੇ ਵੱਡੇ ਵੱਡੇ ਜ਼ਹਿਰੀ ਸੱਪਾਂ ਨੂੰ ਵੀ ਆਪਣੇ ਵਲ ਆਉਣ ਲਈ ਮਜ਼ਬੂਰ ਕਰ ਦਿੰਦਾ ਹੈ।"

—ਸ੍ਰੀ ਆਤਮਾ ਸਿੰਘ ਸਨਖਤ੍ਰਵੀ ਦੇ ਲੇਖ 'ਬਿਅੰਤ ਪ੍ਰਗਤੀਆਂ ਦੇ ਸੁਆਮੀ' ਵਿਚੋਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਸੰਭਾਲਣ ਵੇਲੇ ਤੱਕ ਦੇਸ਼ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਹੋ, ਅਜ਼ਾਦ ਹੋ ਚੁਕਾ ਸੀ ਤੇ ਪੱਛਮੀ ਪੰਜਾਬ ਵਿਚੋਂ ਉੱਜੜ ਕੇ ਆਏ ਲੋਕਾਂ ਨੂੰ ਮੁੜ ਵਸਾਉਣ ਦੀ ਸਮੱਸਿਆ ਵੀ ਭਾਵੇਂ ਪੂਰੀ ਤਰ੍ਹਾਂ ਨਹੀਂ ਪਰ ਕੁਝ ਹੱਦ ਤੀਕ ਹੱਲ ਹੋ ਚੁਕੀ ਸੀ। ਪਰ ਹੋਰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਜਿਵੇਂ ਕਿ ਚਲ ਰਹੇ ਮੁਕੱਦਮਿਆਂ ਦੀ ਚਿੰਤਾ, ਕੁਝ ਵਿਰੋਧੀਆਂ ਵਲੋਂ ਬਣਾਏ ਗਏ ਅਣਸੁਖਾਵੇਂ ਹਾਲਾਤ ਅਤੇ ਥੋੜ੍ਹਾ ਬਹੁਤ ਪਰਿਵਾਰਕ ਤਣਾਓ ਆਦਿ ਸਮੱਸਿਆਵਾਂ ਮੂੰਹ ਅੱਡੀ ਖੜੋਤੀਆਂ ਸਨ। ਇਨ੍ਹਾਂ ਸਮੱਸਿਆਵਾਂ ਦਾ ਸਮਾਧਾਨ ਕਰ ਕੇ ਮਾਹੌਲ ਨੂੰ ਸ਼ਾਂਤ ਤੇ ਸੁਖਾਵਾਂ ਬਣਾਏ ਜਾਣ ਦੀ ਲੋੜ ਸੀ, ਕਿਉਂਕਿ ਹਰ ਖੇਤਰ ਵਿਚ ਪੰਥਕ ਉਨਤੀ ਲਈ ਕਾਰਜ ਕਰਨ ਤੋਂ ਪਹਿਲੋਂ ਅਣਸੁਖਾਵੇਂ ਮਾਹੌਲ 'ਤੇ ਕਾਬੂ ਪਾਉਣ ਦੀ ਲੋੜ ਪੈਂਦੀ ਹੈ।

ਉਸ ਵੇਲੇ ਦੀਆਂ ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੜੇ ਹੀ ਸਬਰ, ਸੰਤੋਖ ਅਤੇ ਧੀਰਜ ਨੂੰ ਧਾਰਨ ਕਰ ਕੇ ਬਹੁਤ ਹੀ ਨਿਪੁੰਨ ਨੀਤੀ ਨਾਲ ਨਜਿੱਠਿਆ।

### ਮੁਕੱਦਮਿਆਂ ਦਾ ਨਿਪਟਾਰਾ

ਗੁਰਗੱਦੀ 'ਤੇ ਬੈਠਣ ਉਪ੍ਰੰਤ ਬੜੀ ਸੂਝ, ਦ੍ਰਿੜਤਾ, ਆਤਮਵਿਸ਼ਵਾਸ, ਧੀਰਜ ਤੇ ਦੂਰ ਅੰਦੇਸ਼ੀ ਨਾਲ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਹੜੇ ਕਦਮ ਉਠਾਏ, ਉਹਨਾਂ ਵਿਚੋਂ ਪਹਿਲਾ

ਕਦਮ ਇਹ ਸੀ ਕਿ ਜੋ ਅਨੇਕਾਂ ਮੁਕੱਦਮੇ ਸਮਾਜ ਦੇ ਅੰਦਰੋਂ ਹੀ ਸਮਾਜ ਨੂੰ ਤੋੜ ਰਹੇ ਸਨ, ਉਨ੍ਹਾਂ ਮੁਕੱਦਮਿਆਂ ਦਾ ਜਿਸ ਤਰ੍ਹਾਂ ਵੀ ਹੋਵੇ ਤੁਰੰਤ ਨਿਪਟਾਰਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ, ਮਹਾਰਾਜ ਨਿਹਾਲ ਸਿੰਘ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਰਾ), ਕੁਝ ਰਾਜਨੀਤਕ ਵਿਰੋਧੀਆਂ, ਕੁੱਝ ਪੰਥਕ ਵਿਰੋਧੀਆਂ ਅਤੇ ਕੁੱਝ ਗੱਦਾਰਾਂ ਨੇ ਆਪਣੇ ਨਿਜੀ ਸਵਾਰਥ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਉਨ੍ਹਾਂ ਦੇ ਮੁਖਤਿਆਰਾਂ 'ਤੇ ਝੂਠੇ ਮੁਕੱਦਮੇ ਚਲਾਏ ਹੋਏ ਸਨ। ਨਾਮਧਾਰੀ ਸੰਗਤ ਨੂੰ ਪਰੇਸ਼ਾਨ ਕਰਨ ਲਈ ਅਨੇਕ ਤਰ੍ਹਾਂ ਦੀਆਂ ਸਰਕਾਰੀ ਅਤੇ ਗੈਰ-ਸਰਕਾਰੀ ਉਲਝਣਾਂ ਖੜ੍ਹੀਆਂ ਕੀਤੀਆਂ ਹੋਈਆਂ ਸਨ।

ਇੰਜ ਵੱਧਦੇ-ਫੁੱਲਦੇ ਸਿੱਖੀ ਸੰਸਾਰ ਵਿਚ ਕੁਝ ਅਣਸੁਖਾਵੇਂ ਤੱਤ ਆ ਜੁੜੇ ਸਨ, ਜਿਨ੍ਹਾਂ ਨੇ ਸਤਿਗੁਰੂ ਜੀ ਅਤੇ ਸਿਦਕੀ ਸਿੱਖਾਂ ਨਾਲ ਲਗਾਤਾਰ ਹੀ ਆਢਾ ਜਾਰੀ ਰੱਖਿਆ। ਕੁਝ ਰਾਜਨੀਤਕ ਪਾਰਟੀਆਂ ਨੇ ਵੀ ਨਾਮਧਾਰੀ ਇੱਕਮੁਠਤਾ ਭੰਗ ਕਰਨ ਲਈ ਉਨ੍ਹਾਂ ਨੂੰ ਹੱਲਾ-ਸ਼ੇਰੀ ਦੇਣੀ ਸ਼ੁਰੂ ਕਰ ਦਿੱਤੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਰੁੱਧ ਕਈ ਦੀਵਾਨੀ ਮੁਕੱਦਮੇ ਚਲਾ ਦਿਤੇ। ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ 'ਤੇ ਬੈਠੇ, ਉਸ ਵੇਲੇ ਕ੍ਰੀਬ 20-22 ਸੰਗੀਨ ਕੇਸ ਗੁਰੂ-ਘਰ ਖਿਲਾਫ਼ ਚਲ ਰਹੇ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਝਗੜਾਲੂਆਂ, ਵਿਰੋਧੀਆਂ ਤੇ ਮੁਕੱਦਮੇਬਾਜ਼ਾਂ ਨੂੰ ਵਰਜਿਆ, ਮਨਾਇਆ ਤੇ ਪਿਆਰ ਨਾਲ ਅੰਗ ਲਗਾਇਆ ਤੇ ਇੰਜ ਸੰਬੰਧਤ ਧਿਰਾਂ ਨੂੰ ਵਿਸ਼ਵਾਸ ਵਿਚ ਲੈ ਕੇ ਸਾਰੇ ਕੇਸਾਂ ਦਾ ਜਲਦੀ ਨਿਪਟਾਰਾ ਕਰਾ ਦਿਤਾ। ਸਾਰੇ ਝਗੜੇ ਤੇ ਨਿਰਮੂਲ ਮੁਕੱਦਮੇ ਛੇਤੀ ਹੀ ਖਤਮ ਹੋ ਗਏ।

## ਵਿਰੋਧੀ ਧੜੇ ਦੇ ਨਾਮਧਾਰੀ ਸਿੰਘਾਂ ਦੀ ਬਖ਼ਸ਼ਬੰਦੀ

ਸ੍ਰੀ ਜੀਵਨ ਨਗਰ ਇਲਾਕੇ ਦੇ ਨਾਮਧਾਰੀ ਸਿੰਘਾਂ ਦਾ ਇਕ ਧੜਾ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਲਟ ਹੋ ਗਿਆ। ਇਹ ਸੱਚੇ ਪਾਤਸ਼ਾਹ ਜੀ ਨੂੰ ਬਹੁਤ ਤੰਗ ਕਰਦੇ ਸਨ ਤੇ ਝੂਠੇ ਕੇਸ ਕਰ ਕੇ ਪਰੇਸ਼ਾਨ ਕਰਦੇ ਸਨ।

ਸ. ਪ੍ਰਤਾਪ ਸਿੰਘ ਕੈਰੋਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬੜਾ ਅਦਬ ਕਰਦੇ ਸਨ, ਪਰ ਮਹਾਰਾਜ ਨਿਹਾਲ ਸਿੰਘ ਨਾਲ ਰਲ ਕੇ ਵਿਰੋਧੀ ਬਣ ਗਏ ਸਨ। ਮਹਾਰਾਜ ਨਿਹਾਲ ਸਿੰਘ ਦੀ ਇਹ ਸਾਰੀ ਸਾਜ਼ਿਸ਼ ਸੀ, ਉਨ੍ਹਾਂ ਨੇ ਸ੍ਰੀ ਦੇਵੀ ਲਾਲ ਤੇ ਸ. ਪ੍ਰਤਾਪ ਸਿੰਘ ਕੈਰੋਂ ਨੂੰ ਆਪਣੇ ਨਾਲ ਮਿਲਾ ਲਿਆ ਸੀ। ਜ਼ਮੀਨਾਂ ਦੀ ਅਲਾਟਮੈਂਟ ਦੇ ਚੱਕਰ ਵਿਚ ਸ੍ਰੀ ਜੀਵਨ ਨਗਰ ਇਲਾਕੇ ਦੇ ਕਈ ਖ਼ੁਦਗਰਜ਼ ਨਾਮਧਾਰੀ ਸਿੰਘਾਂ ਨੇ ਉਨ੍ਹਾਂ ਦੇ ਟੇਟੇ ਚੜ੍ਹ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ 'ਤੇ ਝੂਠੇ ਕੇਸ ਪਾ ਦਿੱਤੇ।

ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਸ. ਅਵਤਾਰ ਸਿੰਘ ਝੱਬਰ ਨੇ ਕੁਝ ਝਕਦਿਆਂ ਝਕਦਿਆਂ ਉਨ੍ਹਾਂ ਵਿਰੋਧੀ ਸਿੰਘਾਂ ਬਾਰੇ ਅਰਜ਼ ਕੀਤੀ,

"ਸੱਚੇ ਪਾਤਸ਼ਾਹ ਜੀ, ਇਨ੍ਹਾਂ ਸਿੰਘਾਂ ਨੂੰ ਮੁੜ ਵਸਾਉਣ ਵਾਸਤੇ ਆਪ ਜੀ ਨੇ ਕਿੰਨੀ ਭੱਜ-ਨੱਸ ਕੀਤੀ, ਪਰ ਇਹ ਹੁਣ ਆਪ ਜੀ ਬਾਰੇ ਹੀ ਬੜਾ ਗਲਤ ਬੋਲਦੇ ਹਨ, ਝੂਠੇ ਮੁਕੱਦਮੇ ਕਰ ਕੇ ਪ੍ਰੇਸ਼ਾਨ ਕਰਦੇ ਹਨ, ਬੜੀ ਮਾੜੀ ਗੱਲ ਹੈ। ਝੂਠ ਦਾ ਕਦੇ ਤਾਂ ਅੰਤ ਹੋਵੇਗਾ?"

ਇਹ ਗੱਲ ਸੁਣ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੋ ਕੁ ਮਿੰਟ ਤਾਂ ਚੁੱਪ ਕਰ ਰਹੇ, ਫਿਰ ਬਚਨ ਕੀਤਾ,

"ਓਇ ਅਵਤਾਰ ਸਿਆਂ, ਇਨ੍ਹਾਂ ਕਮਲਿਆਂ ਦੀ ਗੱਲ ਦਾ ਗੁੱਸਾ ਨਾ ਕਰਿਆ ਕਰੋ, ਇਹ ਤਾਂ ਕਮਲੇ ਨੇ।"

ਸ੍ਰੀ ਸਤਿਗੁਰੂ ਜੀ ਦੀ ਰਸਨਾ ਤੋਂ ਇਹ ਬਚਨ ਨਿਕਲਣ ਉਪ੍ਰੰਤ ਸ੍ਰੀ ਸਤਿਗੁਰੂ ਜੀ ਦਾ ਵਿਰੋਧ ਕਰਨ ਤੇ ਗਲਤ ਸ਼ਬਦ ਬੋਲਣ ਵਾਲੇ ਉਸ ਗਰੁੱਪ ਦੇ ਸਾਰੇ ਬੰਦੇ ਸਹਿਜੇ ਸਹਿਜੇ, ਪਾਗਲ ਹੋ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰਾਪੇ ਹੋਏ ਇਸ ਵਿਰੋਧੀ ਧੜੇ ਦੇ ਉਹ ਹੀ ਬੰਦੇ ਪਾਗਲ ਹੋਣੋਂ ਬਚੇ ਜਿਨ੍ਹਾਂ ਨੇ ਅਰਜ਼ ਕਰ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਆਪਣੀ ਬਖ਼ਸ਼ਬੰਦੀ ਕਰਵਾਈ।

ਸੂਬਾ ਲਾਭ ਸਿੰਘ ਡੱਫਰਕੇ, ਭਾਨ ਸਿੰਘ ਵਰਨਾ, ਦੋ ਭਰਾ ਜੰਜਾਂਤਿਆਂ ਦੇ ਗੁਰਦਿਆਲ ਸਿੰਘ ਤੇ ਬਿਕ੍ਰਮ ਸਿੰਘ ਪਾਗਲ ਹੋ ਕੇ ਬੜੀ ਬੁਰੀ ਹਾਲਤ 'ਚ ਮਰੇ। ਕਰੀਵਾਲੇ ਦਾ ਮਹੰਤ ਚੇਤ ਸਿੰਘ ਅਜੇ ਅੱਧਾ ਪਾਗਲ ਹੋਇਆ ਸੀ, ਉਸ ਨੇ ਅਰਜ਼ ਕਰ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਬਖ਼ਸ਼ਬੰਦੀ ਕਰਵਾ ਲਈ। ਕਰੀਵਾਲਾ ਦੇ ਹੀ ਬਾਵਾ ਨਰੰਜਣ ਸਿੰਘ ਵੀ ਇਸੇ ਵਿਰੋਧੀ ਗੁੱਟ ਵਿਚ ਸ਼ਾਮਲ ਸਨ, ਪਰ ਉਹ ਪਾਗਲ ਹੋਣੋ ਕਿਵੇਂ ਬਚੇ ਰਹੇ, ਇਸ ਬਾਰੇ ਉਹ ਦੱਸਦੇ ਹਨ,

"ਜੇ ਮੈਂ ਵਿਰੋਧ ਕਰਦਾ ਰਿਹਾ ਹਾਂ ਤਾਂ ਬਖ਼ਸ਼ਾ ਵੀ ਲੈਂਦਾ ਰਿਹਾ ਹਾਂ, ਮੈਂ ਤਾਂ ਇਹੋ ਸਮਝਦਾ ਹਾਂ ਕਿ ਮੈਂ ਇਸੇ ਕਰ ਕੇ ਬਚਿਆ ਹੋਇਆ ਹਾਂ।"

ਇਨ੍ਹਾਂ ਵਿਰੋਧੀ ਹੋਏ ਸਿੱਖਾਂ ਨੇ ਇਹ ਆਖਿਆ ਸੀ ਕਿ (ਸਤਿਗੁਰੂ) ਪ੍ਰਤਾਪ ਸਿੰਘ ਗੜਬਾ, ਕਛਹਿਰਾ ਤੇ ਸੇਲਾ ਲੈ ਕੇ ਜਿਵੇਂ ਏਥੇ ਆਇਆ ਹੈ, ਉਸੇ ਤਰ੍ਹਾਂ ਇਸ ਨੂੰ ਇਥੋਂ ਵਾਪਸ ਤੋਰ ਦੇਣਾ ਹੈ, ਹੋਰ ਕੋਈ ਚੀਜ਼ ਨਹੀਂ ਲਿਜਾਣ ਦੇਣੀ, ਸਭ ਕੁਝ ਸਿੱਖਾਂ ਦਾ ਹੈ, ਇਥੇ ਇਨ੍ਹਾਂ ਦਾ ਕੁਝ ਵੀ ਨਹੀਂ।

ਜਿਹੜੇ ਇਸ ਤਰ੍ਹਾਂ ਚਾਹੁੰਦੇ ਸਨ ਤੇ ਨਿੰਦਾ ਕਰਦੇ ਸਨ, ਉਹ ਆਪ ਹੀ ਨਹੀਂ ਰਹੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰਾਪੇ ਹੋਏ, ਇਹ ਗੁਰੂ ਦੇ ਨਿੰਦਕ, ਕਮਲੇ ਹੋ ਕੇ ਮਰ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਟੱਲ ਪ੍ਰਤਾਪ ਉਵੇਂ ਹੀ ਬਣਿਆ ਰਿਹਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ, ਮਹੰਤ ਚੇਤ ਸਿੰਘ ਦੀ ਕੀਤੀ ਬਖ਼ਸ਼ਬੰਦੀ ਬਾਰੇ ਨੰਬਰਦਾਰ ਅਮਰ ਸਿੰਘ ਸ੍ਰੀ ਜੀਵਨ ਨਗਰ ਇਉਂ ਦਸਦੇ ਹਨ,

"ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ ਨਸ਼ੀਨ ਹੋਏ ਹਨ, ਉਸ ਤੋਂ ਥੋੜ੍ਹਾ ਚਿਰ ਮਗਰੋਂ ਸੱਚੇ ਪਾਤਸ਼ਾਹ ਮਹੰਤ ਚੇਤ ਸਿੰਘ ਦੇ ਡੇਰੇ ਕਰੀਵਾਲੇ, ਉਸ ਦੀ ਬਿਰਧ ਮਾਤਾ ਨੂੰ ਦਰਸ਼ਨ ਦੇਣ ਗਏ। ਉਸ ਵੇਲੇ ਸ. ਸੂਰਤਾ ਸਿੰਘ ਕਰੀਵਾਲਾ, ਸ. ਅਵਤਾਰ ਸਿੰਘ ਝੱਬਰ ਤੇ ਕਰੀਵਾਲਾ ਦੇ ਹੋਰ ਕਈ ਸਰੀਰ ਸ੍ਰੀ ਸਤਿਗੁਰੂ ਜੀ ਦੇ ਨਾਲ ਸਨ। ਮਹੰਤ ਚੇਤ ਸਿੰਘ ਸੰਗਲ ਵੱਜਾ ਕਿੱਲੇ ਨਾਲ ਬੱਧਾ ਘਰ ਦੇ ਵਿਹੜੇ 'ਚ ਬੈਠਾ ਸੀ। ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਰਸ਼ਨ ਦੇ ਕੇ ਉਥੋਂ ਵਾਪਸ ਚਲੇ, ਮਹੰਤ ਚੇਤ ਸਿੰਘ ਨੇ ਸ਼ੁਦਾਈ ਹੋਏ ਹੋਏ ਨੇ ਅਰਜ਼ ਕੀਤੀ,

'ਜ਼ਰਾ ਸਾਨੂੰ ਵੀ ਦਰਸ਼ਨ ਦੇ ਜਾਓ, ਲਾਂਭੇ-ਲਾਂਭੇ ਤੁਰੇ ਜਾਂਦੇ ਜੇ!'

ਜਦੋਂ ਸੱਚੇ ਪਾਤਸ਼ਾਹ ਜੀ ਮਹੰਤ ਚੇਤ ਸਿੰਘ ਵੱਲ ਜਾਣ ਲੱਗੇ ਤਾਂ ਮਹੰਤ ਦਾ ਪੁੱਤਰ ਅੱਗੇ ਹੋ ਗਿਆ ਤੇ ਅਰਜ਼ ਕੀਤੀ,

'ਸੱਚੇ ਪਾਤਸ਼ਾਹ ਜੀ, ਇਹ ਬੰਦੇ ਦੇ ਗਲ ਪੈਂਦੇ ਨੇ, ਆਪ ਜੀ ਦੂਰੋਂ ਹੀ ਇਹਨਾਂ ਨਾਲ ਗੱਲ ਕਰ ਲਵੋ।"'

'ਤੂੰ ਹਟ ਜਾ ਪਰ੍ਹੇ।'

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੇ ਉਹ ਅਗੋਂ ਹਟ ਗਿਆ। ਸ੍ਰੀ ਸਤਿਗੁਰੂ ਜੀ ਨੇ ਮਹੰਤ ਚੇਤ ਸਿੰਘ ਦੇ ਮੋਢੇ 'ਤੇ ਹੱਥ ਰਖਿਆ ਤਾਂ ਮਹੰਤ ਚੇਤ ਸਿੰਘ ਨੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ 'ਤੇ ਨਮਸਕਾਰ ਕਰ ਅਰਜ਼ ਕੀਤੀ,

'ਸੱਚੇ ਪਾਤਸ਼ਾਹ ਜੀ, ਮੈਨੂੰ ਸ. ਅਵਤਾਰ ਸਿੰਘ ਝੱਬਰ ਤੋਂ ਪਤਾ ਲੱਗਾ ਹੈ ਕਿ ਅਸੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰਾਪੇ ਹੋਏ ਹਾਂ। ਕਿਰਪਾ ਕਰੋ, ਐਸ ਵੇਲੇ ਤੁਸੀਂ ਗੱਦੀ ਦੇ ਮਾਲਕ ਹੋ, ਸਾਡਾ ਕਲਿਆਣ ਕਰੋ, ਬਖ਼ਸ਼ਬੰਦੀ ਕਰੋ।'

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕੀਤਾ,

"ਜਿਸ ਮੂੰਹ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿੰਦਿਆ ਕੀਤੀ ਹੋਈ ਹੈ, ਉਸੇ ਮੂੰਹ ਨਾਲ ਸਤਿਗੁਰਾਂ ਦੀ ਸਿਫ਼ਤ ਕਰ ਅਤੇ ਸ੍ਰੀ ਭੈਣੀ ਸਾਹਿਬ ਜਾ ਕੇ ਸਵਾ ਮਹੀਨਾ ਗੋਹੇ-ਕੂੜੇ ਦੀ ਸੇਵਾ ਕਰ।"

"ਮਹੰਤ ਚੇਤ ਸਿੰਘ ਦਾ ਸੰਗਲ ਖੋਲ੍ਹ ਦਿਤਾ ਗਿਆ। ਉਸ ਨੇ ਸਵਾ ਮਹੀਨਾ ਸ੍ਰੀ ਭੈਣੀ ਸਾਹਿਬ ਰਹਿ ਕੇ ਗੋਹੇ-ਕੂੜੇ ਦੀ ਸੇਵਾ ਕੀਤੀ। ਕ੍ਰੀਬ 85-90 ਸਾਲ ਦੀ ਉਮਰ ਵਿਚ ਉਸ ਨੇ ਸਰੀਰ ਛੱਡਿਆ, ਮੁੜ ਕੇ ਉਸ ਨੂੰ ਦਿਮਾਗੀ ਤੌਰ 'ਤੇ ਕਦੇ ਕੋਈ ਪ੍ਰੇਸ਼ਾਨੀ ਨਹੀਂ ਹੋਈ। ਇੰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕੀਤੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰਾਪੇ ਹੋਇਆਂ

ਦੀ ਬਖਸ਼ਬੰਦੀ ਕੀਤੀ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰਾਹੀਂ ਕੀਤੀ ਆਪਣੀ ਬਖ਼ਸ਼ਬੰਦੀ ਦਾ ਜ਼ਿਕਰ ਬਾਵਾ ਨਰੰਜਣ ਸਿੰਘ ਨੇ ਸੰਨ 1995-96 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਾਧ ਸੰਗਤ ਸਾਹਵੇਂ ਖਲੋ ਕੇ ਆਪਣੀ ਜੁਬਾਨੀਂ ਇੰਜ ਕੀਤਾ:

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੈਂ ਅਕਾਲ ਪੁਰਖ ਮੰਨਦਾ ਸੀ, ਪਤਾ ਨਹੀਂ ਮੇਰੇ ਅੰਦਰ ਕਿਹੜਾ ਹੰਕਾਰ ਆ ਗਿਆ, ਜਿਸ ਨਾਲ ਮੇਰੀ ਮੱਤ ਮਾਰੀ ਗਈ। ਮੈਂ ਗੁਰੂ ਨਿੰਦਕਾਂ ਨਾਲ ਰਲ ਕੇ ਨਿੰਦਿਆ ਕਰਨੀ ਸ਼ੁਰੂ ਕਰ ਦਿਤੀ, ਨਿੰਦਿਆ ਵੀ ਏਨੀ ਕੀਤੀ ਬਈ ਸਾਰੇ ਨਿੰਦਕਾਂ ਤੋਂ ਅੱਗੇ ਲੰਘ ਗਿਆ। ਮੇਰੇ ਹੋਰ ਸਾਥੀ ਨਿੰਦਕ, ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰਾਪ ਹੋ ਗਿਆ ਸੀ ਕਿ ਇਹ ਕਮਲੇ ਨੇ, ਉਹ ਪਾਗਲ ਹੋ ਕੇ ਮਰੇ ਹਨ ਪਰ ਮੇਰੇ ਅੰਦਰ ਸਤਿਗੁਰਾਂ ਨੇ ਇਹ ਗੱਲ ਰਖੀ ਹੋਈ ਸੀ ਕਿ ਸਤਿਗੁਰੂ ਹੁੰਦਾ ਤਾਂ ਅਕਾਲ-ਪੁਰਖ ਹੀ ਹੈ, ਇਸ ਕਰ ਕੇ ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਬਖ਼ਸ਼ਬੰਦੀ ਕਰਵਾ ਲਈ ਸੀ ਜਿਸ ਕਰ ਕੇ ਪਾਗਲ ਹੋਣੋਂ ਤਾਂ ਮੈਂ ਬਚ ਗਿਆ ਪਰ ਮੇਰੀ ਮਲੀਨ ਹੋਈ ਮੱਤ ਨੇ ਮੈਨੂੰ ਨਿੰਦਿਆ ਕਰਨ ਤੋਂ ਰੁਕਣ ਨਾ ਦਿਤਾ ਤੇ ਮੈਂ ਲਗਾਤਾਰ ਹੀ ਉਸੇ ਵਹਿਣ 'ਚ ਪਿਆ ਰਿਹਾ। ਮੇਰੀ ਜੀਭ ਨਿੰਦਿਆ ਕਰਨ ਲੱਗੀ ਪਰ ਧੰਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਕਾਲਪੁਰਖ ਜਿਨ੍ਹਾਂ ਨੇ ਮੇਰੀ ਨਿੰਦਿਆ ਕਰਨ ਦੀ ਬਿਰਤੀ ਅਤੇ ਮੇਰੇ ਔਗੁਣਾਂ ਨੂੰ ਨਾ ਵੇਖਦੇ ਹੋਏ, ਮੇਰੇ 'ਤੇ ਏਨੀ ਅਪਾਰ ਕਿਰਪਾ ਕੀਤੀ ਕਿ ਮੈਂ ਦੁਬਾਰਾ ਆਦਮੀ ਅਖਵਾਉਣ ਦਾ ਹੱਕਦਾਰ ਹੋ ਗਿਆ। ਮੈਂ ਤਾਂ ਵਿਰੋਧ ਕਰਨ ਦਾ ਆਖੀਰ ਕਰ ਛੱਡਿਆ ਪਰ ਸਤਿਗੁਰੂ ਜਗਜੀਤ ਸਿੰਘ ਜੀ ਮੈਨੂੰ ਨੇੜੇ ਲਿਆਉਣ ਲਈ ਕਈ ਗੁਣਾਂ ਅਗਾਂਹ ਹੋਏ। ਇਨ੍ਹਾਂ ਮੈਨੂੰ ਅਗਾਂਹ, ਜਿਥੇ ਟਿੱਬੇ, ਕੋਈ ਪਾਣੀ ਨਹੀਂ, ਕੋਈ ਛਾਂ ਨਹੀਂ, ਉਧਰ ਨੂੰ ਭੱਜੇ ਜਾਂਦੇ ਨੂੰ, ਅਗੋਂ ਵਲ ਕੇ ਲੈ ਗਏ ਹਨ, ਜਿਵੇਂ ਮਾਂ ਪੁੱਤਰ ਨੂੰ ਸੰਭਾਲਦੀ ਹੈ, ਪੁੱਤਰ ਸ਼ੁਦਾਈ ਹੋ ਜਾਂਦੈ, ਕਮਲਾ ਹੋ ਜਾਂਦੈ, ਡਿੱਗਦਾ ਫਿਰਦਾ ਹੈ ਨਾਲਿਆਂ ਟੋਇਆਂ 'ਚ ਤੇ ਮਾਪੇ ਫਿਰ ਉਸ ਨੂੰ ਸੰਭਾਲ ਕੇ ਘਰ ਲੈ ਆਉਂਦੇ ਹਨ। ਧੰਨ ਸਤਿਗੁਰੂ ਜਗਜੀਤ ਸਿੰਘ ਗਰੀਬ ਨਿਵਾਜ, ਜਿਨ੍ਹਾਂ ਕਿਰਪਾ ਕੀਤੀ ਹੈ ਤੇ ਮੈਨੂੰ ਫਿਰ ਆਪਣੇ ਦਰ 'ਤੇ ਲੈ ਆਏ ਹਨ। ਗ੍ਰੀਬ ਨਿਵਾਜ ਮੈਂ ਭੁੱਲਣ ਹਾਰ ਹਾਂ, ਇਹ ਬਖ਼ਸ਼ਿੰਦ ਦਰ ਹੈ, ਹੁਣ ਕਿਰਪਾ ਕਰਨ, ਮੇਰੇ ਸਿਰ 'ਤੇ ਹੱਥ ਰੱਖਣ, ਆਪਣੇ ਲੜ ਲਾਈ ਰੱਖਣ ਇਹੋ ਮੇਰੀ ਅਰਜ਼ ਹੈ।"

"ਮੈਂ ਇਨ੍ਹਾਂ ਸਤਿਗੁਰਾਂ ਦੇ ਚਰਨਾਂ ਵਿਚ ਇਹ ਵੀ ਅਰਜ਼ ਕਰਦਾ ਹਾਂ ਕਿ ਇਹ ਪਹਿਲੇ ਗੁਰੂਆਂ ਵਾਂਗ ਗੁਪਤ ਨਾ ਹੋਣ, ਪਰਗਟ ਹੋ ਕੇ ਵਰਤਣ ਅਤੇ ਮੇਰੇ ਵਰਗਿਆਂ ਵਾਸਤੇ ਬੜਾ ਕਰੜਾ ਰੱਸਾ ਰੱਖਣ। ਕਿਉਂਕਿ ਵਾਗੀ ਦਾ ਡੰਗਰ ਜਦੋਂ ਅਵਾਰਾ ਹੋ ਕੇ ਕਿਸੇ ਦੇ ਖੇਤ ਵਿਚ ਜਾ ਵੜਦਾ ਹੈ ਤਾਂ ਉਲ੍ਹਾਮਾ ਤਾਂ ਵੱਗ ਦੇ ਮਾਲਕ ਨੂੰ ਹੀ ਆਉਂਦਾ ਹੈ ਤੇ ਡੰਗਰ ਨੂੰ ਤਾਂ ਦੋ ਡੰਡੇ ਹੀ ਵੱਜਣੇ

ਨੇ ਤੇ ਡੰਡੇ ਖਾ ਕੇ ਖੁਰਲੀ 'ਤੇ ਮੈਂ ਗਿਆ ਤੇ ਹਾਂ ਆ, ਪਰ ਅਜੇ ਵੀ ਰੱਸਾ ਮਜ਼ਬੂਤ ਚਾਹੀਦਾ ਹੈ। ਫਿਰ ਦੁਬਾਰਾ ਮੇਰੀ ਇਹੋ ਮੰਗ ਹੈ ਕਿ ਗ਼ਰੀਬ ਨਿਵਾਜ ਨੇ ਜਿਸ ਤਰ੍ਹਾਂ ਮੇਰੇ 'ਤੇ ਕਿਰਪਾ ਕੀਤੀ ਹੈ, ਥੋੜ੍ਹਾ ਜਿਹਾ ਰੱਸਾ ਕਰੜਾ ਰੱਖਣ। ਇਸੇ ਤਰ੍ਹਾਂ ਮੇਰੇ ਵਰਗਿਆਂ ਹੋਰਨਾਂ 'ਤੇ ਵੀ ਕਿਰਪਾ ਕਰਨ ਅਤੇ ਸਾਡੇ ਸਾਰਿਆਂ ਲਈ ਰੱਸਾ ਕਰੜਾ ਰੱਖਣ।"

(ਬਾਵਾ ਨਰੰਜਣ ਸਿੰਘ ਸਪੁੱਤਰ ਬਾਵਾ ਚੇਤ ਰਾਮ, 28 ਮਈ 1997 (੧੫ ਜੇਠ ੨੦੫੪) ਨੂੰ ਚੜ੍ਹਾਈ ਕਰ ਗਏ ਹਨ। ਇਨ੍ਹਾਂ ਨੇ ਪਹਿਲੋਂ ਹੀ ਆਪਣੇ ਪਰਿਵਾਰ ਨੂੰ ਦੱਸ ਦਿੱਤਾ ਸੀ ਕਿ ਮੈਂ ਇਸ ਦਿਨ ਚੜ੍ਹਾਈ ਕਰ ਜਾਣਾਂ ਹੈ।)

**ਕੁਰਾਹੇ ਪਿਆਂ ਨੂੰ ਨਾਲ ਜੋੜਿਆ**

ਗਹਿਰ ਗੰਭੀਰ ਤੇ ਤੀਖਣ ਬੁੱਧ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਰ ਕਿਸੇ ਨੂੰ ਆਪਣਾ ਬਨਾਉਣਾ ਜਾਣਦੇ ਹਨ। ਆਪ ਦੁਸ਼ਮਣੀ ਰੱਖਣ ਵਾਲੇ ਕੁਹਾਰੇ ਪਿਆਂ ਨੂੰ ਨਿਹੱਥੇ ਹੀ ਢਹਿ-ਢੇਰੀ ਕਰਨ ਦੇ ਸਮਰੱਥ ਹਨ। ਆਪ ਜੀ ਨੂੰ ਧਿਆਨ ਹੁੰਦਾ ਹੈ ਕਿ ਕੌਣ ਕਿਸ ਬਾਣ ਨਾਲ ਬੇਧਿਆ ਜਾ ਸਕਦਾ ਹੈ। ਹਜ਼ੂਰ ਨੇ ਆਪਣੇ ਵਿਰੋਧੀਆਂ ਨੂੰ ਇਹ ਅਹਿਸਾਸ ਦੁਆਇਆ ਕਿ ਉਹ ਕਿੰਨੇ ਗਲਤ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ-ਨਸ਼ੀਨੀ ਤੋਂ ਬਾਅਦ, ਸੰਤ ਨਗਰ ਵਿਖੇ ਹੋਏ ਪਹਿਲੇ ਹੋਲੇ ਸਮੇਂ, ਵਿਸ਼ੇਸ਼ ਤੇ ਚਰਚਿਤ ਬੰਦਿਆਂ ਦੀ ਮੌਜੂਦਗੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰ ਤੇ ਪ੍ਰੇਰਨਾ ਸਦਕਾ, ਸ. ਤੇਜਾ ਸਿੰਘ ਵੰਡਾਲੀਆ ਨੇ ਆਪਣੀ ਗਲਤੀ ਦਾ ਅਹਿਸਾਸ ਕਰਦਿਆਂ ਕਿਹਾ,

"ਅਸੀਂ ਸਾਰੇ ਗਲਤ ਸਾਂ, ਜਿਨ੍ਹਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ 'ਤੇ ਮੁਕੱਦਮੇ ਕੀਤੇ ਹੋਏ ਸਨ। ਸ੍ਰੀ ਸਤਿਗੁਰੂ ਜੀ ਠੀਕ ਸਨ, ਅਸੀਂ ਹੀ ਕੁਰਾਹੇ ਪੈ ਗਏ ਸਾਂ, ਭਰੇ ਦਰਬਾਰ ਵਿਚ ਅਸੀਂ ਇਸ ਗੱਲ ਦੀ ਮਾਫ਼ੀ ਮੰਗਦੇ ਹਾਂ।"

ਇੰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਰੇ ਅਸੰਤੁਸ਼ਟ ਵਿਅਕਤੀਆਂ ਤੇ ਵਿਰੋਧੀ ਅਨਸਰਾਂ ਨੂੰ ਸ਼ਾਂਤ ਕੀਤਾ। ਸ੍ਰੀ ਜੀਵਨ ਨਗਰ ਇਲਾਕੇ ਵਿਚਲੇ ਜਿਹੜੇ ਕੁਝ ਸੱਜਣ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਰੋਧ ਕਰਦੇ ਸਨ, ਉਹ ਵੀ ਆਪ ਜੀ ਦੀ ਸੂਝ-ਬੂਝ ਤੇ ਨਿੱਘੇ ਸੁਭਾਅ ਸਦਕਾ ਛੇਤੀ ਹੀ ਆਪ ਜੀ ਦੇ ਚਰਨਾਂ ਨਾਲ ਆ ਜੁੜੇ। ਆਪਣੀ ਆਤਮਕ ਸ਼ਕਤੀ ਨਾਲ ਆਪ ਨੇ ਵਿਰੋਧੀਆਂ ਨੂੰ ਨਿਵਾਜਿਆ ਤੇ ਨਾਲ ਜੋੜਿਆ।

### ਸ੍ਰੀ ਭੈਣੀ ਸਾਹਿਬ ਗੁਰਦਵਾਰੇ ਦਾ ਮੁਕੱਦਮਾ ਜਿੱਤਿਆ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਮਹਾਰਾਜ ਨਿਹਾਲ ਸਿੰਘ ਵਲੋਂ ਸ੍ਰੀ ਭੈਣੀ ਸਾਹਿਬ ਗੁਰਦਵਾਰੇ ਦੀ ਧਰਤੀ ਨੂੰ ਜੱਦੀ ਖਾਨਦਾਨੀ ਦੱਸ ਕੇ ਉਸ ਦੀਆਂ ਵੰਡੀਆਂ ਪਾਉਣ ਲਈ ਕੀਤੇ ਗਏ ਮੁਕੱਦਮੇ ਦੀ ਪੈਰਵੀ ਕਰਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਕਾਨੂੰਨੀ ਤੌਰ 'ਤੇ ਪਾਸ ਕਰਵਾ ਕੇ ਉਸ ਨੂੰ ਹਮੇਸ਼ਾ ਲਈ ਵਰਤਮਾਨ ਸਤਿਗੁਰੂ ਦੀ ਸਰਪ੍ਰਸਤੀ ਹੇਠ ਨਾਮਧਾਰੀ ਪੰਥ ਦੀ ਮਾਲਕੀ ਵਾਲੇ ਗੁਰਦਵਾਰੇ ਵਜੋਂ ਅਦਾਲਤੀ ਪ੍ਰਵਾਨਗੀ ਜਿੱਤੀ।

### ਸ੍ਰੀ ਭੈਣੀ ਸਾਹਿਬ ਪਿੰਡ ਦੇ ਲੋਕਾਂ ਨਾਲ ਪ੍ਰੇਮ ਪਿਆਰ

ਸ੍ਰੀ ਭੈਣੀ ਸਾਹਿਬ ਪਿੰਡ ਦੇ ਲੋਕ ਵੀ ਨਾਮਧਾਰੀਆਂ ਦੀ ਬਹੁਤ ਵਿਰੋਧਤਾ ਕਰਦੇ ਸਨ, ਉਨ੍ਹਾਂ ਨੂੰ ਵੀ ਸ੍ਰੀ ਸਤਿਗੁਰੂ ਜੀ ਨੇ ਪਿਆਰ ਨਾਲ ਆਪਣੇ ਨੇੜੇ ਲਾਇਆ ਅਤੇ ਐਸ ਵੇਲੇ ਕੋਈ ਵਿਰੋਧਤਾ ਨਹੀਂ ਰਹੀ ਹੈ। ਸਾਰੇ ਪਿੰਡ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਹਨ, ਮੱਥਾ ਟੇਕਦੇ ਹਨ, ਹੁਕਮ ਮੰਨਦੇ ਹਨ, ਮੇਲਿਆਂ 'ਚ ਵੀ ਆਉਂਦੇ ਹਨ ਅਤੇ ਹਰ ਸਹਿਯੋਗ ਦਿੰਦੇ ਹਨ।

### ਪਰਿਵਾਰਕ ਰੰਜਸ਼ ਦੂਰ ਕੀਤੀ

ਪਰਿਵਾਰਕ ਤੌਰ 'ਤੇ ਜਿਹੜੀ ਥੋੜ੍ਹੀ ਬਹੁਤ ਅੰਦਰੂਨੀ ਤੌਰ 'ਤੇ ਮਹਾਰਾਜ ਨਿਹਾਲ ਸਿੰਘ ਦੇ ਪਰਿਵਾਰ ਨਾਲ ਰੰਜਿਸ਼ ਚੱਲ ਰਹੀ ਸੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਨੂੰ ਦੂਰ ਕੀਤਾ। ਇਸ ਸਾਰੇ ਪਰਿਵਾਰ ਨੂੰ ਮਾਣ-ਪ੍ਰਤਿਸ਼ਟਾ ਦੇ ਕੇ ਆਪਣੇ ਨੇੜੇ ਲਾਇਆ। ਐਸ ਵੇਲੇ ਮਹਾਰਾਜ ਨਿਹਾਲ ਸਿੰਘ ਜੀ ਦੇ ਦੋਵੇਂ ਪੁੱਤਰਾਂ (ਸਵਰਗੀ) ਠਾਕੁਰ ਸ਼ਮਸ਼ੇਰ ਸਿੰਘ ਤੇ (ਸਵਰਗੀ) ਠਾਕੁਰ ਵਿਸ਼ੇਸ਼ਰ ਸਿੰਘ ਦੇ ਪਰਿਵਾਰਾਂ ਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਾਂਝ ਬਣੀ ਹੋਈ ਹੈ।

### ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿੱਖਾਂ-ਸੇਵਕਾਂ ਦੀ ਪਰਵਰਿਸ਼ ਵੱਲ ਧਿਆਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਨਾਲ ਵਿਆਕੁਲ ਹੋਈ ਸੰਗਤ ਨੂੰ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਸੰਭਾਲਿਆ। ਸਾਧ-ਸੰਗਤ ਵਿਚਲੀਆਂ ਉਹ ਵਿਸ਼ੇਸ਼ ਸ਼ਖ਼ਸੀਅਤਾਂ ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਹੁਤ ਨਿੱਘਾ ਸਨੇਹ ਅਤੇ ਸਨਮਾਨ ਪ੍ਰਾਪਤ ਸੀ, ਉਨ੍ਹਾਂ ਦਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਖ਼ਾਸ ਤੌਰ 'ਤੇ ਧਿਆਨ ਰੱਖਿਆ ਜਿਵੇਂ ਸੰਤ ਰਤਨ ਸਿੰਘ ਲਾਂਗਰੀ, ਭਾਈ ਵਜੀਰ ਸਿੰਘ, ਸੰਤ ਮੋਹਕਮ ਸਿੰਘ, ਜਥੇਦਾਰ ਗੁਰਮੁਖ ਸਿੰਘ ਝੱਬਰ, ਪੰਡਤ

ਗੋਪਾਲ ਸਿੰਘ, ਕਵੀ ਪ੍ਰੀਤਮ ਸਿੰਘ ਆਦਿਕ

ਭਾਈ ਮੰਗਲ ਸਿੰਘ ਹੁਸ਼ਿਆਰਪੁਰ ਵਾਲੇ, ਜਿਹੜੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਤਵਿਕ ਬਿਰਤੀ ਵਾਲੇ ਲਾਂਗਰੀ ਸਨ, ਇਨ੍ਹਾਂ ਨੂੰ ਉਚੇਚ ਕਰ ਕੇ ਸ੍ਰੀ ਭੈਣੀ ਸਾਹਿਬ ਲਿਆ ਕੇ ਸ੍ਰੀ ਸਤਿਗੁਰੂ ਜੀ ਨੇ ਸਾਂਭਿਆ ਹੈ ਤੇ ਹਰ ਸੁਖ ਸਹੂਲਤ ਦਾ ਪ੍ਰਬੰਧ ਕੀਤਾ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਕ ਹੋਰ ਲਾਂਗਰੀ ਸੰਤ ਮਹਿੰਦਰ ਸਿੰਘ (ਪਿੰਡ ਦਮਦਮਾ) ਤੇ ਉਸ ਦੇ ਭਰਾ ਨੂੰ ਸ੍ਰੀ ਭੈਣੀ ਸਾਹਿਬ ਲਿਆ ਕੇ ਉਨ੍ਹਾਂ ਦੀ ਸੇਵਾ ਸੰਭਾਲ ਕਰਨ ਦੀ ਪਹੁੰਚ ਕੀਤੀ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪੁਰਾਣੇ ਸਿੱਖਾਂ ਤੇ ਸੇਵਕਾਂ ਨੂੰ ਆਪ ਲੱਭ ਲੱਭ ਕੇ ਲਿਆ ਕੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਨ੍ਹਾਂ ਦੀ ਪੁੱਛ ਪੜਤਾਲ ਤੇ ਸੇਵਾ-ਸੰਭਾਲ ਕਰਦੇ ਹਨ ਤੇ ਸ਼ੁਕਰ ਕਰਦੇ ਹਨ ਕਿ ਉਨ੍ਹਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਆਰੇ ਸਿੱਖਾਂ ਦੀ ਸੇਵਾ ਕਰਨ ਦਾ ਮੌਕਾ ਮਿਲਦਾ ਹੈ।

ਜਿਨ੍ਹਾਂ ਸਰੀਰਾਂ ਨੇ ਸਾਰੀ ਉਮਰ ਗੁਰੂ ਘਰ ਦੀ ਸੇਵਾ ਕੀਤੀ, ਉਨ੍ਹਾਂ ਦੇ ਘਰ-ਬਾਰ ਅਤੇ ਔਲਾਦ ਦਾ ਵੀ ਸ੍ਰੀ ਸਤਿਗੁਰੂ ਜੀ ਧਿਆਨ ਰੱਖਦੇ ਹਨ। ਜਿਹੜੇ ਗੁਰੂ ਘਰ ਦੀ ਸੇਵਾ ਵਿਚ ਆ ਜਾਂਦੇ ਹਨ, ਉਨ੍ਹਾਂ ਦੇ ਧੀਆਂ-ਪੁੱਤਰਾਂ ਨੂੰ ਪੜ੍ਹਾਉਣਾ ਲਿਖਾਉਣਾ, ਵਿਆਹੁਣਾ ਸਭ ਗ਼ਰੀਬ ਨਿਵਾਜ ਜੀ ਆਪਣੇ ਜ਼ਿੰਮੇ ਲੈ ਲੈਂਦੇ ਹਨ ਤੇ ਸੇਵਾ ਕਰਨ ਵਾਲਿਆਂ ਨੂੰ ਬੇਫ਼ਿਕਰ ਹੋ ਕੇ ਸੇਵਾ ਕਰਨ ਦਾ ਮੌਕਾ ਦਿੰਦੇ ਹਨ।

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਿੱਤੇ ਵਰਾਂ ਨੂੰ ਪੂਰਾ ਕੀਤਾ

ਇਸੇ ਤਰ੍ਹਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਚਲਾਏ ਕੰਮਾਂ ਨੂੰ ਅਤੇ ਉਨ੍ਹਾਂ ਦੇ ਹੁਕਮ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪੂਰਾ ਕਰ ਰਹੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਦਿਤੇ ਵਰਾਂ ਤੇ ਬਚਨਾਂ ਨੂੰ ਵੀ ਆਪ ਜੀ ਨੇ ਪੂਰਾ ਕੀਤਾ ਅਤੇ ਕਰ ਰਹੇ ਹਨ। ਇਸ ਤਰ੍ਹਾਂ ਦੀਆਂ ਅਣਗਿਣਤ ਘਟਨਾਵਾਂ ਹੋਈਆਂ ਜਿਨ੍ਹਾਂ 'ਚੋਂ ਮੈਂ ਇਕ ਦਾ ਜ਼ਿਕਰ ਕਰ ਰਹੀ ਹਾਂ।

ਦਸੰਬਰ ਸੰਨ 1958 ਦੇ ਸਮੇਂ ਦੀ ਗੱਲ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਿੱਲੀ ਤੋਂ ਆਪਣੇ ਹਜ਼ੂਰੀ ਸੇਵਕਾਂ ਅਤੇ ਪੰਡਤ ਗੋਪਾਲ ਸਿੰਘ ਜੀ ਨਾਲ ਬਿਜਨੌਰ (ਯੂ.ਪੀ.) ਜਾ ਦਰਸ਼ਨ ਦਿਤੇ। ਉਥੇ ਸ. ਗਿਆਨ ਸਿੰਘ ਜੀ ਵੱਲ ਡੇਰਾ ਸੀ। ਉਥੇ ਦੀ ਇਕ ਘਟਨਾ ਬਾਰੇ ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ,

"ਰੋਜ਼ ਸ਼ਬਦ ਕੀਰਤਨ ਹੁੰਦਾ। ਇਕ ਦਿਨ ਇਕ ਸਿੱਖ ਜੋ ਪਿੰਡ ਉਚੀ ਗਿੱਲਾਂ ਨੇੜੇ ਸਿਆਲਕੋਟ ਦਾ ਰਾਮਗੜ੍ਹੀਆ ਈਸ਼ਰ ਸਿੰਘ ਜੀ ਦਾ ਪੁੱਤਰ ਗੁਰਬਚਨ ਸਿੰਘ, ਜੋ ਅੰਦਰੋਂ ਲੱਗੀ ਵਾਲਾ ਨਾਮਧਾਰੀ

ਸਿੱਖ ਸੀ, ਚੰਗਾ ਪੜ੍ਹ, ਇਥੇ ਖੰਡ ਦੀ ਮਿਲ ਵਿਚ ਇੰਜੀਨੀਅਰੀ 'ਤੇ ਲੱਗਾ ਸੀ, ਉਸ ਦੇ ਘਰ ਬੀਬੀਆਂ ਤੋਂ ਬਾਅਦ ਉਲਾਦ ਹੋਣੀ ਰੁਕ ਗਈ ਹੋਈ ਸੀ। ਸਾਧ ਸੰਗਤ ਦੀ ਸੇਵਾ ਕਰਦਿਆਂ ਵੇਖ ਇਕ ਸਿੱਖ ਨੂੰ ਉਨ੍ਹਾਂ ਦੋਹਾਂ ਜੀਆਂ 'ਤੇ ਤਰਸ ਆਇਆ। ਉਸ ਪ੍ਰੇਰਨਾ ਕੀਤੀ, ਜਦ ਸਤਿਗੁਰੂ ਜੀ ਤੁਹਾਡੇ ਘਰ ਚਰਨ ਪਾਣ ਤਾਂ ਅਰਜ਼ ਕਰ ਦੇਣੀ, 'ਸੱਚੇ ਪਾਤਸ਼ਾਹ, ਬੱਚਾ ਬਖ਼ਸ਼ੋ।"

"ਸਤਿਗੁਰੂ ਜੀ ਨੇ ਉਨਾਂ ਦੇ ਘਰ ਚਰਨ ਪਾਏ। ਭੇਟਾ ਰੱਖ ਗੁਰਬਚਨ ਸਿੰਘ ਦੀ ਸੁਪਤਨੀ ਗਿਆਨ ਕੌਰ, ਸਤਿਗੁਰੂ ਜੀ ਦੇ ਹਜ਼ੂਰ ਹੱਥ ਜੋੜ, ਅਰਜ਼ ਲਈ ਖੜ੍ਹੀ ਪਰ ਦੁਖ ਦੇ ਉਬਾਲ ਨਾਲ ਗਲਾ ਭਰ ਗਿਆ, ਬੋਲ ਨਾ ਸਕੀ। ਸਤਿਗੁਰੂ ਜੀ ਪੁੱਛਿਆ, 'ਬੀਬੀ ਕੀ ਦੁੱਖ ਹੈ?' ਪੰਡਤ ਗੋਪਾਲ ਸਿੰਘ ਜੀ ਅਰਜ਼ ਕੀਤੀ, 'ਇਸ ਘਰ ਬੀਬੀਆਂ ਹੀ ਹਨ, ਬੱਚੇ ਦੀ ਦਾਤ ਬਖਸ਼ੋ।' ਸਤਿਗੁਰੂ ਜੀ ਬਚਨ ਕੀਤਾ, 'ਸਕੇਸ਼ ਇਸ਼ਨਾਨ ਕਰ ਕੇ ਅੰਮ੍ਰਿਤ ਵੇਲੇ ਦੋਵੇਂ ਜੀ ਭਜਨ ਬਾਣੀ ਦੋਨੋਂ ਸਮੇਂ ਘੰਟਾ ਨਾਮ ਸਿਮਰਨ ਤੇ ਇੱਕ ਇੱਕ ਭਗੌਉਤੀ ਦੀ ਮਾਲਾ ਫੇਰ ਸਤਿਗੁਰੂ ਰਾਮ ਸਿੰਘ ਜੀ ਤੋਂ ਬਖ਼ਸ਼ਸ਼ ਮੰਗਿਆ ਕਰੋ, ਗੁਰੂ ਭਲੀ ਕਰੇਗਾ।"

"ਦੋਵੇਂ ਜੀਅ ਜੀ ਲਾ ਕੇ ਸਕੇਸ਼ ਨਹਾ ਕੇ ਨਾਮ-ਸਿਮਰਨ ਤੇ ਭਗੌਤੀਆਂ ਦੀ ਮਾਲਾ ਫੇਰਦੇ। ਸਤਿਗੁਰੂ ਜੀ ਚੜ੍ਹਾਈ ਕਰ ਗਏ ਤਾਂ ਗੁਰਬਚਨ ਸਿੰਘ ਦਾ ਚਿਤ ਕੁਝ ਢਿੱਲਾ ਪੈ ਗਿਆ। ਸਤਿਗੁਰੂ ਜੀ ਸੁਪਨੇ ਵਿਚ ਦਰਸ਼ਨ ਦੇ ਕਿਹਾ, 'ਮੇਰੇ ਕਿਹਾਂ 'ਤੇ ਆਪਣੇ ਨੇਮ ਜਾਰੀ ਰੱਖੋ ਤੇ ਮੇਰਾ ਸਰੂਪ ਹੀ ਕਾਕੇ ਵੱਡੇ (ਸਤਿਗੁਰੂ ਜਗਜੀਤ ਸਿੰਘ ਜੀ ਹੋਰਾਂ) ਨੂੰ ਜਾਣੋਂ, ਤੁਹਾਡੀ ਮਨਸ਼ਾ ਪੂਰੀ ਹੋਵੇਗੀ। ੧੯੬੦ ਈ: ਦੀ ਪਹਿਲੀ ਜਨਵਰੀ ਗਿਆਨ ਕੌਰ ਦੇ ਪੇਟੋਂ ਕਾਕੇ ਦਾ ਜਨਮ ਹੋਇਆ। ੭ ਸਾਲ ਬਾਅਦ ਸੁੱਕੀ ਸ਼ਾਖ ਨੂੰ ਫਲ ਲੱਗਾ ਜੋ ਸੋਹਣਾ, ਸੁੰਦਰ ਤੇ ਤੰਦਰੁਸਤ ਹੈ। ਕਾਕੇ ਦਾ ਨਾਮ ਗੁਰਦੇਵ ਸਿੰਘ ਹੈ।" (ਇਹ ਪਰਿਵਾਰ ਹੁਣ ਦਿੱਲੀ ਵਿਖੇ ਰਹਿੰਦਾ ਹੈ।)

—ਜੱਸ ਜੀਵਨ ਭਾਗ ਛੇਵਾਂ ਪੰਨਾ ੩੦੧

### ਸ਼ੰਕਿਆਂ ਦੀ ਨਵਿਰਤੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ਼ਰਧਾਲੂ ਸਿੱਖਾਂ ਦੇ ਸ਼ੰਕਿਆਂ ਦੀ ਨਵਿਰਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੀ।

ਸੰਤ ਕੰਧਾਰਾ ਸਿੰਘ ਝੱਬਰ ਕਰੀਵਾਲਾ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਰਮ ਸ਼ਰਧਾਲੂ ਸਨ। ਉਹ ਗਿਆਰਾਂ ਸਾਲਾਂ ਦੇ ਸਨ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਰਨ ਵਿਚ ਆਏ। ਝੱਬਰ ਜੀ ਦੱਸਦੇ ਹਨ ਕਿ ਇਕ ਵਾਰ ਉਨ੍ਹਾਂ ਦਾ ਸਰੀਰ ਕੁਝ ਢਿੱਲਾ ਮੱਠਾ ਹੋ ਗਿਆ ਸੀ ਤੇ ਉਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਪਿੰਡ ਨਕੌੜੇ ਵਿਖੇ ਹੋ ਰਹੇ ਮੇਲ 'ਤੇ ਦਰਸ਼ਨ ਦੇ ਰਹੇ ਸਨ। ਸੰਤ ਕੰਧਾਰਾ ਸਿੰਘ ਝੱਬਰ ਨੇ ਸ੍ਰੀ ਸਤਿਗੁਰੂ ਜੀ ਦੇ

ਚਰਨਾਂ ਵਿਚ ਅਰਜ਼ ਕੀਤੀ,

"ਸੱਚੇ ਪਾਤਸ਼ਾਹ ਜੀ ਮੇਰਾ ਸਰੀਰ ਢਿੱਲਾ ਰਹਿੰਦਾ ਹੈ, ਕਿਰਪਾ ਕਰੋ ਤੰਦਰੁਸਤੀ ਬਖ਼ਸ਼ੋ।"

"ਵੱਡੇ ਕਾਕੇ ਅੱਗੇ ਅਰਜ਼ ਕਰ" ਸ੍ਰੀ ਸਤਿਗੁਰੂ ਜੀ ਫ਼ਰਮਾਇਆ।

ਸੰਤ ਕੰਧਾਰਾ ਸਿੰਘ ਹੈਰਾਨ ਜਿਹੇ ਹੋਏ ਤੇ ਚੁੱਪ ਕਰ ਰਹੇ। ਉਦੋਂ ਇਸ ਗੱਲ ਦੀ ਉਨ੍ਹਾਂ ਨੂੰ ਸਮਝ ਨਹੀਂ ਆਈ।

ਇਸ ਘਟਨਾ ਤੋਂ ਕਾਫੀ ਸਮੇਂ ਬਾਅਦ ਜਿਸ ਵੇਲੇ, ਆਪਣੇ ਅੰਤਿਮ ਦਿਨਾਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਭੈਣੀ ਸਾਹਿਬ ਗੋਲ ਮੰਦਰ ਵਿਖੇ ਬੀਮਾਰ ਅਵਸਥਾ ਵਿਚ ਪਏ ਹੋਏ ਸਨ, ਉਨ੍ਹੀਂ ਦਿਨੀਂ ਸੰਤ ਕੰਧਾਰਾ ਸਿੰਘ ਦੀ ਸੇਵਾ ਪਹਿਰੇ 'ਤੇ ਹੋਇਆ ਕਰਦੀ ਸੀ। ਜਿਸ ਰਾਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਦਾ ਓਹਲਾ ਕੀਤਾ, ਉਸ ਰਾਤ ਪਹਿਰੇ ਦੀ ਸੇਵਾ ਰਾਮ ਬੇਲੀ ਦੀ ਸੀ। ਉਸ ਤੋਂ ਬਾਅਦ ਤੜਕਸਾਰ ਪਹਿਰੇ ਦੀ ਸੇਵਾ ਸੰਤ ਕੰਧਾਰਾ ਸਿੰਘ ਦੀ ਸੀ। ਰਾਮ ਬੇਲੀ ਨੇ ਹੀ ਸੰਤ ਕੰਧਾਰਾ ਸਿੰਘ ਨੂੰ ਇਹ ਦੁਖਦਾਈ ਖ਼ਬਰ ਸੁਣਾਈ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਰਾਤ ਦੇ ਪਿਛਲੇ ਪਹਿਰ ਜੋਤੀ ਜੋਤ ਸਮਾ ਗਏ ਹਨ। ਸੰਤ ਕੰਧਾਰਾ ਸਿੰਘ ਦੇ ਹੋਸ਼ ਉੱਡ ਗਏ। ਹਾਲਤ ਅਜਿਹੀ ਹੋ ਗਈ, ਜਿਵੇਂ ਹਿੱਕ 'ਤੇ ਜ਼ੋਰ ਦੀ ਸੱਟ ਵੱਜਣ ਕਾਰਣ ਤੁਰਿਆ ਨਾ ਜਾਂਦਾ ਹੋਵੇ। ਸ਼ੋਕ ਗ੍ਰਸਤ ਅਵਸਥਾ ਵਿਚ ਉਨ੍ਹਾਂ ਨੂੰ ਆਪਾ ਸੰਭਾਲਣਾ ਔਖਾ ਲੱਗਣ ਲੱਗਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਤਮ ਦਰਸ਼ਨ ਕਰਨ ਅਤੇ ਆਪਣੀ ਪਹਿਰਾ ਦੇਣ ਦੀ ਸੇਵਾ ਨਿਭਾਉਣ ਮਗਰੋਂ ਉਹ ਬੁਝੇ ਹੋਏ ਮਨ ਨਾਲ ਥੱਕੇ ਟੁੱਟੇ ਜਿਹੇ ਆਪਣੇ ਤੰਬੂ ਵਿਚ ਆ ਡਿੱਗੇ ਤੇ ਫਿਰ ਉਨ੍ਹਾਂ ਨੂੰ ਆਪਣੇ ਸਰੀਰ ਦੀ ਸੁਧ ਨਾ ਰਹੀ। ਕਈ ਦਿਨ ਬੀਮਾਰ ਰਹੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ-ਨਸ਼ੀਨ ਹੋਏ। ਸੰਤ ਕੰਧਾਰਾ ਸਿੰਘ ਨੂੰ ਬੇਚੈਨੀ ਲੱਗੀ ਰਹੀ। ਮਨ ਵਿਚ ਬਾਰ-ਬਾਰ ਸ਼ੰਕਾ ਉਪਜਦੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰੂਪ ਹੀ ਮਨ ਵਿਚ ਵਸਿਆ ਹੋਇਆ ਸੀ। ਪ੍ਰਭੂ ਦੇ ਭਗਤ, ਰੂਹਾਨੀਅਤ ਦੀ ਮੰਜ਼ਿਲ 'ਤੇ ਅੱਪੜਨ ਲਈ, ਆਪਣੇ ਗੁਰੂ ਦੇ ਸਰੂਪ ਨਾਲ ਇਕ ਖ਼ਾਸ ਵਿਅਕਤੀਗਤ ਨਾਤਾ ਜੋੜ ਲੈਂਦੇ ਹਨ, ਤੇ ਫਿਰ ਉਹ ਉਸੇ ਸਰੂਪ ਵਿਚੋਂ, ਉਸ ਪਰਮਾਤਮਾ ਦੇ ਦਰਸ਼ਨ ਕਰ, ਪਰਮ ਅਨੰਦ ਵਿਚ ਗੜੁੱਚ ਰਹਿੰਦੇ ਹਨ। ਜੋ ਸਰੂਪ ਕੋਈ ਵੀ ਸਾਧਾਰਨ ਵਿਅਕਤੀ, ਆਪਣੇ ਲਈ ਨਿਰਧਾਰਤ ਕਰ ਲੈਂਦਾ ਹੈ, ਉਸ ਨੂੰ ਉਸੇ ਵਿਚੋਂ ਹੀ ਭਗਵਾਨ ਨਜ਼ਰ ਆਉਂਦਾ ਹੈ, ਹੋਰ ਕੋਈ ਸਰੂਪ ਫਿਰ ਉਸ ਨੂੰ ਭਾਉਂਦਾ ਨਹੀਂ। ਸਾਰੀ ਸ਼ਰਧਾ, ਸਾਰੀ ਭਾਵਨਾ, ਉਸੇ ਸਰੂਪ ਪ੍ਰਤੀ ਹੁੰਦੀ ਹੈ।

ਹਨੂੰਮਾਨ ਜੀ, ਭਗਵਾਨ ਸ੍ਰੀ ਰਾਮ ਚੰਦਰ ਦੇ ਭਗਤ ਸਨ, ਉਨ੍ਹਾਂ ਦਾ ਸਿਰ ਸਿਰਫ਼ ਭਗਵਾਨ ਰਾਮ ਦੇ ਸਰੂਪ ਅੱਗੇ ਹੀ ਝੁਕਦਾ ਸੀ।

ਸੰਤ ਕੰਧਾਰਾ ਸਿੰਘ ਝੱਬਰ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਛੋੜਾ ਜਰਿਆ ਨਹੀਂ

ਸੀ ਜਾਂਦਾ। ਇਕ ਦਿਨ ਰੂਹ ਨੂੰ ਬੜੀ ਬੇਚੈਨੀ ਲੱਗੀ ਹੋਈ ਸੀ. ਜਿਸ ਵੇਲੇ ਰਾਤ ਪਈ. ਸੰਤਾਂ ਨੇ ਸੁਫਨੇ ਵਿਚ ਬਾਰਾਂ ਪਾਤਸ਼ਾਹੀਆਂ ਦੀ ਅਰਦਾਸ ਕੀਤੀ. ਉਨ੍ਹਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ। ਸੰਤ ਕੰਧਾਰਾ ਸਿੰਘ ਨੇ ਵਿਆਕੁਲ ਹੋ ਕੇ ਅਰਜ਼ ਕੀਤੀ,

"ਸੱਚੇ ਪਾਤਸ਼ਾਹ ਜੀ ਆਪ ਤਾਂ ਤੁਰ ਗਏ ਹੋ, ਸਾਨੂੰ ਕਿਸ ਦੀ ਸ਼ਰਨ ਵਿਚ ਦੇ ਚਲੇ ਹੋ? ਸਾਡੀ ਬਾਂਹ ਕਿਸ ਨੂੰ ਫੜਾ ਗਏ ਹੋ?"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਕੰਧਾਰਾ ਸਿੰਘ ਨੂੰ ਬਾਹੋਂ ਫੜਿਆ ਤੇ ਪੰਜ ਕੁ ਕਰਮਾਂ ਦੀ ਵਿੱਥ 'ਤੇ ਲੈ ਗਏ, ਜਿਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ 'ਤੇ ਬਿਰਾਜਮਾਨ ਸਨ ਤੇ ਹਜ਼ੂਰੀ ਵਿਚ ਸਾਧ-ਸੰਗਤ ਬੈਠੀ ਹੋਈ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਕੰਧਾਰਾ ਸਿੰਘ ਨੂੰ ਧੌਣ ਤੋਂ ਫੜਿਆ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਝੁਕਾ ਕੇ, ਬਚਨ ਕੀਤਾ,

"ਮੈਂ ਇਸ ਨੂੰ ਤੁਹਾਡੀ ਬਾਂਹ ਫੜਾ ਚਲਿਆ ਹਾਂ, ਤੁਹਾਨੂੰ ਇਸ ਦੀ ਸ਼ਰਨ ਵਿਚ ਛੱਡ ਚਲਿਆ ਹਾਂ।"

ਸੰਤ ਕੰਧਾਰਾ ਸਿੰਘ ਝੱਬਰ ਦਾ ਸ਼ੰਕਾ ਨਵਿਰਤ ਹੋਇਆ ਤੇ ਉਨ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੱਥਾ ਟੇਕ ਧੰਨ ਧੰਨ ਆਖਿਆ। ਸੰਤ ਕੰਧਾਰਾ ਸਿੰਘ ਝੱਬਰ ਪਿੰਡ ਕਰੀਵਾਲਾ ਵਿਖੇ ਰਹਿੰਦੇ ਹਨ।

ਇਸੇ ਤਰ੍ਹਾਂ ਦੀ ਸ਼ੰਕਾ ਮਹੰਤ ਆਤਮਾ ਸਿੰਘ ਸਨਖਤ੍ਰਵੀ ਦੇ ਮਨ ਵਿਚ ਆ ਗਈ ਸੀ। ਇਕ ਦਿਨ ਇਸ਼ਨਾਨ ਕਰਨ ਤੋਂ ਬਾਅਦ, ਸਵੇਰੇ ਅੰਮ੍ਰਿਤ ਵੇਲੇ ਚਾਰ ਕੁ ਵਜੇ ਸਨਖਤ੍ਰਵੀ ਜੀ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਰਤੱਖ ਦਰਸ਼ਨ ਹੋਏ। ਸਨਖਤ੍ਰਵੀ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ। ਸ੍ਰੀ ਸਤਿਗੁਰੂ ਜੀ ਨੇ ਕੋਲ ਖੜ੍ਹੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਲ ਇਸ਼ਾਰਾ ਕਰ ਕੇ ਬਚਨ ਕੀਤਾ, "ਹੁਣ ਤੂੰ ਇੱਥੇ ਮੱਥਾ ਟੇਕਿਆ ਕਰ।" ਅਜਿਹੀਆਂ ਅਨੇਕ ਘਟਨਾਵਾਂ ਹੋਈਆਂ।

**ਸਰਾਪਿਆਂ ਦੀ ਬਖ਼ਸ਼ਬੰਦੀ**

ਪਿੰਡ ਦਮਦਮੇ ਜ਼ਿਲ੍ਹਾ ਸਰਸਾ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰਾਪ ਨਾਲ ਅੱਗ ਲਗਦੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਬਖ਼ਸ਼ਬੰਦੀ ਕਰਵਾਈ ਗਈ, ਮੁੜ ਕਦੇ ਅੱਗ ਨਹੀਂ ਲੱਗੀ।

ਸ. ਮੱਘਰ ਸਿੰਘ ਸਪੁੱਤਰ ਸੰਤ ਪੂਰਨ ਸਿੰਘ ਬਿਲਾਸਪੁਰੀਆ ਜਿਹੜੇ ਪਿੰਡ ਦਮਦਮੇ ਰਹਿੰਦੇ ਹਨ, ਦੱਸਦੇ ਹਨ,

"ਸਾਡੇ ਬਾਪ ਹੋਰੀਂ ਚਾਰ ਭਰਾ ਸਨ, ਤਿੰਨ ਭਰਾ ਇਥੇ ਸਨ ਤੇ ਇੱਕ ਪਿੱਛੇ (ਪਾਕਿਸਤਾਨ ਵਿਚ) ਰਹਿ ਗਿਆ। ਇਥੇ ਜਦੋਂ ਅਸੀਂ ਆਏ ਹਾਂ, ਸੰਨ 1947 ਤੋਂ ਪਹਿਲਾਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਇਲਾਕਾ ਖ਼ਰੀਦਿਆ ਹੈ। ਪਿੰਡ ਦਮਦਮੇ ਦੇ ਮਸਲੇ ਵਿਚ ਸਾਰੇ ਇਕੱਠੇ ਹੋ ਕੇ, ਪਿੰਡ ਜਦੋਂ ਵੰਡਣ ਲੱਗੇ, ਇਕ ਗਰੁੱਪ ਦੇ ਸੱਤ ਮੁਰੱਬੇ ਇਕੱਲਿਆਂ ਦੇ ਹੀ ਸਨ। ਇਸ ਗਰੁੱਪ ਨੇ ਰੌਲਾ ਪਾ ਲਿਆ ਕਿ ਪਿੰਡ ਵਿਚ ਗਲੀਆਂ ਨਹੀਂ ਛੱਡਣੀਆਂ, ਬਿਨਾਂ ਗਲੀਆਂ ਤੋਂ ਪਿੰਡ ਵੰਡਣਾ ਹੈ। ਸਾਡੇ ਬਜ਼ੁਰਗਾਂ ਕੋਲ ਦੋ ਮੁਰੱਬੇ ਸਨ, ਇਨ੍ਹਾਂ ਕੋਲ ਥਾਂ ਥੋੜ੍ਹਾ ਸੀ, ਇਨ੍ਹਾਂ ਨੇ ਸਤਿਗੁਰਾਂ ਕੋਲ ਤਰਲਾ ਲਿਆ ਬਈ ਕਿਰਪਾ ਕਰੋ ਸਾਨੂੰ ਪਿੰਡ ਵੰਡ ਕੇ ਦਿਓ, ਅਸੀਂ ਜਗ੍ਹਾ ਪਾਉਣੀ ਹੈ।"

"ਸਾਡੇ ਪਿੰਡ ਦਮਦਮੇ ਵਿਚ ਵਾਹਵਾ ਝਗੜਾ ਚਲਦਾ ਰਿਹਾ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆ ਕੇ ਕਈ ਵਾਰ ਦਖ਼ਲ ਦਿਤਾ। ਉਪਰੋਕਤ ਗਰੁੱਪ ਸਤਿਗੁਰਾਂ ਨਾਲ ਕਾਫੀ ਜ਼ਿੱਦ ਕਰਦਾ ਰਿਹਾ ਕਿ ਅਸੀਂ ਗਲੀਆਂ ਨਹੀਂ ਛੱਡਣੀਆਂ। ਸਤਿਗੁਰਾਂ ਨੇ ਫਿਰ ਆਪਣੇ ਹੁਕਮ ਅਨੁਸਾਰ ਸਾਡੇ ਪਿੰਡ ਦੀ ਲੀਕ ਮਾਰੀ। ਉਹਨਾਂ ਆਖਿਆ ਬਈ ਨਹਿਰ ਵਾਲਾ ਪਾਸਾ ਤਾਂ ਮੈਂ ਮਾਲਵੇ ਵਾਲਿਆਂ ਨੂੰ ਤੇ ਦੂਜਾ ਪਾਸਾ ਦੁਆਬੇ ਵਾਲਿਆਂ ਨੂੰ ਦੇ ਦਿਤਾ, ਇਸ ਤਰ੍ਹਾਂ ਦੀ ਵੰਡ ਸਤਿਗੁਰਾਂ ਨੇ ਕੀਤੀ।"

"ਪਹਿਲੇ ਗਰੁੱਪ ਨੇ ਆਖਿਆ ਕਿ ਸਾਨੂੰ ਇਹ ਨਹੀਂ ਮਨਜ਼ੂਰ, ਉਨ੍ਹਾਂ ਨੇ ਸਤਿਗੁਰਾਂ ਦਾ ਹੁਕਮ ਨਹੀਂ ਮੰਨਿਆ। ਨਹੀਂ ਮੰਨਿਆ ਤਾਂ ਸਤਿਗੁਰਾਂ ਨੇ ਆਖਿਆ ਕਿ ਮੈਂ ਤਾਂ ਜੋ ਕਹਿ ਤਾ ਸੋ ਕਹਿ ਦਿਤਾ, ਹੁਣ ਦੂਜੀ ਗੱਲ ਨਹੀਂ ਕਰਨੀ। ਫਿਰ ਆਪੋ 'ਚ ਲੋਕਾਂ ਦੀਆਂ ਵੀ ਪੰਚਾਇਤਾਂ ਹੁੰਦੀਆਂ ਰਹੀਆਂ, ਇਕੱਠੇ ਹੁੰਦੇ ਰਹੇ ਫਿਰ ਵੀ ਗੱਲ ਨਾ ਮੁੱਕੀ, ਆਖੀਰ ਫਿਰ ਇਹਨਾਂ ਨੇ ਆਪੋ ਵਿਚ ਦੁਆਬੇ ਵਾਲਿਆਂ ਤੇ ਮਾਲਵੇ ਵਾਲਿਆਂ ਨੇ ਲੰਮੇ ਲੋਟ ਲੀਕ ਮਾਰੀ। ਲੀਕ ਮਾਰ ਕੇ, ਦੂਜੇ ਪਾਸੇ ਜੰਗਲ ਦਾ ਦੁਆਬੇ ਵਾਲਿਆਂ ਨੂੰ ਤੇ ਨਹਿਰ ਵਾਲਾ ਪਾਸਾ ਮਾਲਵੇ ਵਾਲਿਆਂ ਨੂੰ ਆ ਗਿਆ, ਫਿਰ ਵੀ ਗੱਲ ਨਾ ਬਣੀ। 36 ਮੁਰੱਬੇ ਮਾਲਵੇ ਵਾਲਿਆਂ ਦੇ ਤੇ 35-36 ਮੁਰੱਬੇ ਦੁਆਬੇ ਵਾਲਿਆਂ ਦੇ, 70-72 ਮੁਰੱਬਿਆਂ ਦਾ ਪੁਰਾਣਾ ਪਿੰਡ ਸੀ ਸਾਰਾ ਸਾਡਾ।"

"ਜਦੋਂ ਲਾਲ ਸਿੰਘ ਰੋੜਿਆਂ ਵਾਲੇ ਦੀ ਮਾਈ ਚੜ੍ਹਾਈ ਕਰ ਗਈ ਤਾਂ ਦਮਦਮੇ ਵਿਖੇ, ਉਸ ਦੇ ਭੋਗ 'ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਏ। ਉਥੇ ਫਿਰ ਇਸ ਗਰੁੱਪ ਨੇ ਸਤਿਗੁਰਾਂ ਨਾਲ ਬੜੀ ਜ਼ਿੱਦ ਕੀਤੀ। ਫਿਰ ਅੱਕ ਕੇ ਸਤਿਗੁਰਾਂ ਨੇ ਦਮਦਮੇ ਪਿੰਡ ਨੂੰ ਸਰਾਪ ਦੇ ਦਿਤਾ, ਆਖਿਆ, 'ਜਾਵੋ ਅੱਗ ਲੱਗੇ ਤੁਹਾਡੇ ਪਿੰਡ ਨੂੰ ਮੈਥੋਂ ਨਹੀਂ ਵੰਡੀਦਾ।'

"ਇਹ ਸਰਾਪ ਵਰਤ ਗਿਆ। ਉਨ੍ਹਾਂ ਦੇ ਘਰਾਂ ਵਿਚ ਅੱਗ ਲੱਗੀ ਅਸੀਂ ਆਪਣੀਆਂ ਅੱਖਾਂ ਨਾਲ ਵੇਖੀ, ਜਿਨ੍ਹਾਂ ਨੇ ਸਤਿਗੁਰਾਂ ਦਾ ਬਚਨ ਨਹੀਂ ਸੀ ਮੰਨਿਆ। ਇਹ ਸੰਨ 1953-54 ਦੀ ਗੱਲ ਹੈ। ਉਨ੍ਹਾਂ ਦੇ ਘਰੋਂ ਬਲਦ-ਗੱਡੇ ਕੱਢ, ਤਿੰਨ ਪਿੰਡਾਂ ਸੰਤੋਖਪੁਰਾ, ਧਰਮਪੁਰਾ, ਦਮਦਮਾ ਵਾਲਿਆਂ ਨੇ ਅੱਗ ਬੁਝਾਈ। ਫਿਰ ਕਈਆਂ ਘਰਾਂ ਵਿਚ ਕਦੇ ਅੱਗ ਵਸੋਂ ਵਾਲੇ ਅੰਦਰ ਲੱਗ

ਜਾਇਆ ਕਰੇ, ਕਦੇ ਅੱਗ ਤੂੜੀ ਵਾਲੇ ਅੰਦਰ ਲੱਗ ਜਾਇਆ ਕਰੇ। ਉਨ੍ਹਾਂ ਘਰਾਂ ਵਾਲਿਆ ਨੇ ਰਾਇਫਲਾਂ ਦੇ ਪਹਿਰੇ ਵੀ ਰੱਖੇ ਬਈ ਸਾਡੇ ਕੋਈ ਅੱਗ ਲਾ ਜਾਂਦਾ ਹੈ, ਪਰ ਅੱਗ ਫਿਰ ਵੀ ਲਗਦੀ ਰਹੀ। ਕਾਫੀ ਚਿਰ ਇਵੇਂ ਹੁੰਦਾ ਰਿਹਾ, ਪਤਾ ਹੀ ਨਹੀਂ ਸੀ ਲਗਦਾ, ਅੰਦਰ ਸੰਦੂਕਾਂ 'ਚ ਵੀ ਅੱਗ ਮੱਚੀ ਜਾਇਆ ਕਰੇ, ਕਾਫੀ ਨੁਕਸਾਨ ਹੋ ਜਾਂਦਾ ਸੀ। ਇਨ੍ਹਾਂ ਨੂੰ ਇਸ ਗੱਲ ਦੀ ਸਮਝ ਨਾ ਆਈ ਕਿ ਸਾਨੂੰ ਇਹ ਸਰਾਪ ਹੋਇਆ ਹੈ ਤੇ ਸਰਾਪ ਕਾਰਨ ਸਾਡਾ ਇਹ ਨੁਕਸਾਨ ਹੁੰਦਾ ਹੈ।"

"ਜਦੋਂ ਸੰਨ 1959 ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਓਹਲਾ ਕਰ ਗਏ, ਫਿਰ ਪਿੰਡ ਦੇ ਲੋਕਾਂ ਨੇ ਇਕੱਠੇ ਹੋ ਕੇ ਵਿਚਾਰ ਕੀਤੀ ਕਿ 'ਅਸੀਂ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਨਾ ਮੰਨਣ ਕਰ ਕੇ ਸਰਾਪੇ ਗਏ ਹਾਂ। ਹੁਣ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤਾਂ ਦੇਹ ਦਾ ਓਹਲਾ ਕਰ ਗਏ ਹਨ ਤੇ ਆਪਣੇ ਥਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਿਠਾ ਗਏ ਹਨ ਤੇ ਐਸ ਵੇਲੇ ਉਨ੍ਹਾਂ ਦੇ ਥਾਂ 'ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਨ। ਹੁਣ ਆਪਾਂ ਸਾਰੇ ਚਲ ਕੇ ਉਨ੍ਹਾਂ ਦੇ ਚਰਨਾਂ ਵਿਚ ਅਰਜ਼ ਕਰੀਏ ਤੇ ਬਖ਼ਸ਼ਬੰਦੀ ਕਰਵਾਈਏ।"

"ਫਿਰ ਇਨ੍ਹਾਂ ਸਾਰਿਆਂ ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ, 'ਸੱਚੇ ਪਾਤਸਾਹ ਜੀ, ਸਾਡੇ 'ਤੇ ਕਿਰਪਾ ਕਰੋ, ਸਾਨੂੰ ਬਖ਼ਸ਼ ਲਵੋ।'

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ, 'ਦੋ ਅਖੰਡ ਪਾਠਾਂ ਦੇ ਭੋਗ ਪਵਾਓ ਅਤੇ ਮੇਲਾ ਕਰਵਾਓ।' ਸ੍ਰੀ ਸਤਿਗੁਰੂ ਜੀ ਦਾ ਇਹ ਹੁਕਮ ਮੰਨਣ ਨਾਲ ਮੁੜ ਕੇ ਕਦੇ ਅੱਗ ਨਹੀਂ ਲੱਗੀ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕੀਤੀ, ਸਾਡੀ ਬਖ਼ਸ਼ਬੰਦੀ ਕੀਤੀ ਤੇ ਸਾਡੇ ਪਿੰਡ ਨੂੰ ਅੱਗ ਤੋਂ ਬਚਾਇਆ।"

### ਪੰਥਕ ਉਨੱਤੀ ਲਈ ਕਾਰਜ

ਸਾਰੇ ਸਤਿਗੁਰੂ ਆਪੋ-ਆਪਣੇ ਸਮੇਂ ਵਿਚ, ਉਸ ਵੇਲੇ ਦੇ ਹਾਲਾਤਾਂ ਅਤੇ ਮੌਕੇ ਅਨੁਸਾਰ ਸਰਵ-ਜਨਮ ਭਲਾਈ ਦੇ ਕਾਰਜ ਕਰਦੇ ਆਏ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਥਕ ਸਮੱਸਿਆਵਾਂ ਨੂੰ ਸੁਲਝਾ ਕੇ ਮਾਹੌਲ ਸ਼ਾਂਤ ਕਰਨ ਉਪਰੰਤ ਅਧਿਆਤਮਕ, ਸਮਾਜਿਕ, ਆਰਥਿਕ ਰਾਜਨੀਤਕ, ਸਭਿਆਚਾਰਕ ਤੇ ਸਾਹਿਤਕ ਆਦਿ ਖੇਤਰਾਂ ਵਿਚ ਬਹੁਤ ਸਾਰੇ ਕਾਰਜ ਸਫਲਤਾ ਪੂਰਵਕ ਕਰ ਕੇ ਭਾਵੀ ਪੀੜ੍ਹੀ ਲਈ ਉੱਨਤੀ ਦੇ ਰਾਹ ਪ੍ਰਫੁੱਲਤ ਕੀਤੇ ਤਾਂ ਜੋ ਅਜ਼ਾਦ ਦੇਸ਼ ਦੀ ਨਵ ਉਸਾਰੀ ਵਿਚ ਨਾਮਧਾਰੀ ਸਮਾਜ ਦਾ ਯੋਗਦਾਨ ਪਾਇਆ ਜਾਵੇ। ਗੁਰਗੱਦੀ 'ਤੇ ਬੈਠਣ ਦੇ ਸਮੇਂ ਤੋਂ ਬਾਅਦ ਦੇ ਕਾਰਜਾਂ

ਦੀ ਜੇ ਵਿਆਖਿਆ ਕਰਨੀ ਹੋਵੇ ਤਾਂ ਇਕ ਇਕ ਪੱਖ ਉਤੇ ਇਕ ਇਕ ਪੁਸਤਕ ਤਿਆਰ ਹੋ ਸਕਦੀ ਹੈ।

ਸ੍ਰੀ ਸਤਿਗੁਰੂ ਜੀ ਨੇ ਸਮੇਂ ਦੀ ਇਕ ਪ੍ਰਮੁੱਖ ਪੰਥਕ ਲੋੜ ਨੂੰ ਪੂਰਾ ਕੀਤਾ, ਉਹ ਇਹ ਸੀ— ਨਾਮਧਾਰੀ ਸਮਾਜ ਵਲੋਂ ਲੰਮੇ ਸਮੇਂ ਤਕ ਅੰਗ੍ਰੇਜ਼ ਸਰਕਾਰ ਨਾਲ ਸਭ ਸੁਖ-ਸਹੂਲਤਾਂ ਜਿਵੇਂ ਕਿ ਵਿਦਿਆ ਆਦਿ ਲੈਣ ਤੋਂ ਇਨਕਾਰ ਕਰਨ ਕਾਰਨ, ਬਾਕੀ ਦੇ ਸਮਾਜਾਂ ਦੇ ਮੁਕਾਬਲੇ ਹੋਏ ਪਛੜੇਵੇਂ ਵਿਚੋਂ ਕੱਢ ਕੇ ਸਮਾਜ ਨੂੰ ਉਤਾਂਹ ਉਠਾਉਣਾ ਅਤੇ ਅਜ਼ਾਦ ਦੇਸ਼ ਵਿਚ ਨਾਮਧਾਰੀ ਸਮਾਜ ਲਈ ਸਨਮਾਨਯੋਗ ਸਥਾਨ ਦੀ ਪ੍ਰਾਪਤੀ ਕਰਾਉਣੀ।

ਐਸ ਵੇਲੇ ਬਹੁਤ ਸਾਰੇ ਨਾਮਧਾਰੀ ਪੜ੍ਹੇ ਲਿਖੇ, ਅਮੀਰ, ਤੇ ਖੁਸ਼ਹਾਲ ਹਨ। ਚੰਗੇ ਕਾਰੋਬਾਰਾਂ ਵਾਲੇ ਤੇ ਉਚੇਰੀਆਂ ਨੌਕਰੀਆਂ ਉਤੇ ਲੱਗੇ ਹੋਏ ਹਨ ਤੇ ਹਰ ਖੇਤਰ ਵਿਚ ਤਰੱਕੀ ਕਰ ਕਰ ਰਹੇ ਹਨ। ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀਆਂ ਦੀ ਹਰ ਖੇਤਰ ਵਿਚ ਉੱਘੀ ਪਛਾਣ ਕਰਵਾ ਦਿਤੀ ਹੈ।

ਜਿਸ ਤਰ੍ਹਾਂ ਇਕ ਆਦਰਸ਼ ਪਰਿਵਾਰ, ਸਮਾਜ ਦਾ ਇਕ ਵਧੀਆ ਅੰਗ ਹੁੰਦਾ ਹੈ। ਜੇ ਸਾਰੇ ਪਰਿਵਾਰਾਂ ਨੂੰ ਇਕੱਠਾ ਕਰ ਲਿਆ ਜਾਵੇ ਤਾਂ ਇਕ ਵਧੀਆ ਸਮਾਜ ਦੀ ਉਪਜ ਹੁੰਦੀ ਹੈ। ਜੇ ਸਾਰੇ ਹੀ ਪਰਿਵਾਰ, ਆਦਰਸ਼ ਪਰਿਵਾਰ ਹੋਣ ਤਾਂ ਇਕ ਆਦਰਸ਼ ਸਮਾਜ ਬਣ ਜਾਂਦਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਆਦਰਸ਼ ਸਮਾਜ ਬਨਾਉਣ ਲਈ ਸਭ ਤੋਂ ਪਹਿਲਾਂ ਨਾਮਧਾਰੀਆਂ ਨੂੰ ਆਦਰਸ਼ ਜੀਵਨ ਬਿਤਾਉਣ ਲਈ ਤਿਆਰ ਕੀਤਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਤੇ ਸ੍ਰੀ ਜੀਵਨ ਨਗਰ ਦਾ ਬਹੁਤ ਵਿਕਾਸ ਕੀਤਾ ਹੈ। ਸ੍ਰੀ ਜੀਵਨ ਨਗਰ ਵਿਖੇ ਸਕੂਲ, ਕਾਲਜ ਬਣਵਾਏ, ਬਾਗ ਲਗਵਾਏ, ਬਿਜਲੀ ਘਰ ਬਣਵਾਏ, ਮੰਡੀਆਂ ਬਣਵਾਈਆਂ, ਮਿੱਲਾਂ ਲਗਵਾਈਆਂ ਤੇ ਟਿੱਬਿਆਂ ਨੂੰ ਅਬਾਦ ਕੀਤਾ ਹੈ। ਇਲਾਕੇ ਦੀ ਸੰਗਤ ਦੁਆਰਾ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਪੱਕੀਆਂ ਸੜਕਾਂ ਦਾ ਇਕ ਜਾਲ ਹੀ ਵਿਛਾ ਦਿਤਾ ਹੈ। ਦਰਖਤਾਂ ਦੀ ਥੁੜ੍ਹ ਪੂਰੀ ਕਰਨ ਲਈ ਆਪਣੇ ਰਕਬੇ ਵਿਚ ਪੌਦੇ ਲਾਉਣ ਦੀ ਸਕੀਮ ਸ਼ੁਰੂ ਕੀਤੀ, ਜਿਸ ਦੇ ਫ਼ਲਸਰੂਪ ਇਸ ਵਕਤ ਸਫੈਦੇ ਦੇ ਲੱਖਾਂ ਦਰਖਤ ਇਸ ਇਲਾਕੇ ਵਿਚ ਲਹਿਲਾਉਂਦੇ ਵੇਖੇ ਜਾ ਸਕਦੇ ਹਨ।

ਸ੍ਰੀ ਭੈਣੀ ਸਾਹਿਬ ਵਿਖੇ ਸਾਧ-ਸੰਗਤ ਵਾਸਤੇ ਵਧੀਆ ਰਿਹਾਇਸ਼ੀ ਕਮਰੇ, ਮੇਲਿਆਂ ਵਾਸਤੇ ਵਿਸ਼ਾਲ ਹਾਲ, ਖੇਡਾਂ ਵਾਸਤੇ ਸਟੇਡੀਅਮ, ਨਵੀਆਂ ਸੜਕਾਂ, ਪਾਣੀ ਬਿਜਲੀ ਦਾ ਉਚਿਤ ਪ੍ਰਬੰਧ ਕੀਤਾ ਹੈ ਅਤੇ ਇਸ ਪਵਿੱਤਰ ਨਗਰ ਨੂੰ ਧੂੰਆਂ ਰਹਿਤ ਪਿੰਡ ਬਣਾ ਦਿਤਾ ਹੈ। ਇਸਦੇ ਨਾਲ ਹੀ ਪਵਿੱਤਰ ਇਤਿਹਾਸਕ ਸਥਾਨਾਂ ਨੂੰ ਸੁਰੱਖਿਅਤ ਰਖਿਆ ਹੈ। ਹਰ ਸਰਕਾਰੇ-ਦਰਬਾਰੇ ਸ੍ਰੀ ਭੈਣੀ ਸਾਹਿਬ ਦੀ ਇਕ ਇਤਿਹਾਸਕ ਪਿੰਡ ਵਜੋਂ ਜਾਣ-ਪਛਾਣ ਕਰਵਾਈ ਹੈ। ਸ੍ਰੀ ਭੈਣੀ ਸਾਹਿਬ ਨੂੰ

ਸਰਕਾਰ ਵਲੋਂ ਪਵਿੱਤਰ ਇਤਿਹਾਸਕ ਪਿੰਡ ਕਰਾਰ ਦਿਤਾ ਗਿਆ ਹੈ। ਸੰਗੀਤ ਵਿਦਿਆਲਾ ਬਣਵਾਇਆ ਹੈ ਅਤੇ ਸੰਗੀਤ ਦੇ ਉੱਚ ਕੋਟੀ ਦੇ ਉਸਤਾਦਾਂ ਨੂੰ ਸੱਦ ਕੇ ਉਹਨਾਂ ਨੂੰ ਇਹ ਪਛਾਣ ਕਰਵਾਈ ਹੈ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਘਰ ਵਿਚ ਸੰਗੀਤ ਦਾ ਕਿਤਨਾ ਭੰਡਾਰ ਹੈ।

ਸ੍ਰੀ ਸਤਿਗੁਰੂ ਜੀ ਨੇ ਇਕ ਮਹਾਨ ਤੇ ਮਹੱਤਵਪੂਰਨ ਕਾਰਜ ਇਹ ਵੀ ਕੀਤਾ ਹੈ ਕਿ ਰਾਈਆਂ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਦੀ ਪ੍ਰਾਪਤੀ ਕਰ ਕੇ ਇਸ ਪਵਿੱਤਰ ਸਥਾਨ ਦੀ ਮਹਿਮਾ ਨੂੰ ਸਦਾ ਲਈ ਉਜਾਗਰ ਕਰ ਦਿਤਾ ਹੈ।

ਸ੍ਰੀ ਸਤਿਗੁਰੂ ਜੀ ਨੇ ਬਨਾਰਸ ਵਿਖੇ ਸੰਪੂਰਨੰਦ ਸੰਸਕ੍ਰਿਤ ਵਿਸ਼ਵ ਵਿਦਿਆਲੇ ਵਿਚ ਸੰਨ 1996 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਪੀਠ (ਚੇਅਰ) ਦੀ ਸਥਾਪਨਾ ਕਰਵਾਈ ਹੈ। ਇਥੇ ਫਰਵਰੀ 22-23 ਸੰਨ 1997 ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ ਮਨਾਇਆ ਗਿਆ ਅਤੇ ਵਿਚਾਰ ਗੋਸ਼ਟੀ ਕੀਤੀ ਗਈ। ਇਸ ਅਵਸਰ ਉਤੇ ਸੰਸਕ੍ਰਿਤ ਦੇ ਸੁਪ੍ਰਸਿੱਧ ਤੇ ਚੋਟੀ ਦੇ ਕ੍ਰੀਬ ਤਿੰਨ ਸੌ ਵਿਦਵਾਨ ਪੰਡਤਾਂ ਦੀ ਵਿਸ਼ਵ-ਵਿਦਿਆਲੇ ਵਲੋਂ ਵਿਸ਼ੇਸ਼ ਪੰਡਤ-ਸਭਾ ਬੁਲਾਈ ਗਈ। ਇਸ ਸਭਾ ਵਿਚ ਪੰਜਾਹ ਤੋਂ ਵੀ ਵਧੀਕ ਵਿਦਵਾਨਾਂ ਨੇ 'ਗੁਰੂ ਬ੍ਰਹਮਾ' ਦੇ ਵਿਸ਼ੇ ਉਤੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੇਵਲ ਕੁਝ ਪੱਖਾਂ ਵੱਲ ਹੀ ਨਹੀਂ ਸਗੋਂ ਸਾਰੇ ਖੇਤਰਾਂ ਵਿਚ ਧਿਆਨ ਦਿਤਾ ਹੈ—ਨਾਮ ਜਪਣਾ ਤੇ ਜਪਾਉਣਾ, ਗੁਰਬਾਣੀ ਦੇ ਪਾਠ ਕਰਨੇ, ਮੇਲੇ ਤੇ ਸ਼ਤਾਬਦੀਆਂ ਮਨਾਉਣੀਆਂ, ਇਤਿਹਾਸਕ ਅਸਥਾਨਾਂ ਦੀ ਸੰਭਾਲ, ਲੰਗਰ ਵੱਲ ਧਿਆਨ ਦੇਣਾ। ਬਾਗਬਾਨੀ, ਸੰਗੀਤ, ਸਾਹਿਤ, ਖੇਡਾਂ ਦੇ ਖੇਤਰ ਵਿਚ ਵਿਕਾਸ, ਦੇਸ਼ ਦੇ ਉੱਘੇ ਸੰਗੀਤਕਾਰਾਂ, ਖਿਡਾਰੀਆਂ, ਸਾਹਿਤਕਾਰਾਂ, ਇਤਿਹਾਸਕਾਰਾਂ, ਵਿਦਵਾਨਾਂ ਨੂੰ ਸਨਮਾਨਤ ਕਰਨਾ, ਵਧੀਆ ਸਾਹਿਤ ਦੀ ਰਚਨਾ ਕਰਵਾਉਣੀ, ਸਰੀਰਕ ਤੇ ਖੇਤੀਬਾੜੀ ਦੇ ਡਾਕਟਰਾਂ ਨਾਲ ਸੰਪਰਕ ਕਰਨਾ, ਪੰਜਾਬੀ ਭਾਸ਼ਾ ਦੀ ਉੱਨਤੀ ਨੂੰ ਉਤਸ਼ਾਹ ਦੇ ਕੇ ਇਸ ਨੂੰ ਹੋਰ ਪ੍ਰਫੁੱਲਤ ਬਣਾਉਣਾ। ਵਿਦਿਅਕ ਖੇਤਰ ਵਿਚ ਸਕੂਲਾਂ ਤੇ ਕਾਲਜਾਂ ਦੀ ਸਥਾਪਨਾ, ਵਿਦਿਅਕ ਸੰਮੇਲਨ ਕਰਨੇ, ਬੱਚਿਆਂ ਤੇ ਨੌਜਵਾਨਾਂ ਵੱਲ ਖਾਸ ਧਿਆਨ ਦੇਣਾ, ਇਸਤ੍ਰੀ ਜਾਤੀ ਦੇ ਵਿਕਾਸ ਲਈ ਵਸੀਲੇ ਬਨਾਉਣੇ। ਸਹਿਪਾਠੀ ਸੰਮੇਲਨ ਤੇ ਬਜ਼ੁਰਗ ਸੰਮੇਲਨ ਕਰ ਕੇ ਪੁਰਾਣੇ ਵਿਰਸੇ ਦੀ ਸੰਭਾਲ ਕਰਨੀ, ਬਿਰਧਸ਼ਾਲਾ ਵਿਚ ਬਿਰਧਾਂ ਦੀ ਸੇਵਾ ਸੰਭਾਲ ਕਰਾਉਣੀ। ਗ਼ਰੀਬਾਂ ਦੀ ਸਹਾਇਤਾ ਕਰਨੀ, ਗ਼ਰੀਬ ਤੇ ਲੋੜਵੰਦ ਰੋਗੀਆਂ ਦਾ ਮੁਫ਼ਤ ਇਲਾਜ ਕਰਾਉਣਾ। ਗਊਸ਼ਾਲਾਵਾਂ ਵਿਚ ਗਊਆਂ ਦੀ ਸੰਭਾਲ ਕਰ ਕੇ 'ਗੋਪਾਲ ਰਤਨ' ਦਾ ਸਨਮਾਨ ਲੈਣਾ ਅਤੇ ਚੰਗੀ ਨਸਲ ਦੇ ਪਸ਼ੂਆਂ ਨੂੰ ਪਸ਼ੂ-ਪਾਲਕਾਂ ਵਿਚ ਵੰਡਣਾ। ਸ਼ਾਕਾਹਾਰੀ ਬਣਨ ਅਤੇ ਜੀਵਾਂ 'ਤੇ ਦਇਆ ਕਰਨ ਦਾ ਸਿਧਾਂਤ ਪ੍ਰਚਲਿਤ ਕਰਨਾ। ਨਵ-ਉਸਾਰੀ, ਰਾਮਸਰ

ਸਰੋਵਰ ਦੀ ਉਸਾਰੀ, ਰਹਿਣ ਵਾਲੇ ਡੇਰਿਆਂ ਦਾ ਚੰਗਾ ਪ੍ਰਬੰਧ, ਸਮੂਹਿਕ ਤੇ ਸਾਦੇ ਵਿਆਹਾਂ ਦੀ ਪ੍ਰਥਾ ਜਾਰੀ ਰੱਖਣੀ, ਸਮਾਜ ਉਸਾਰੀ ਲਈ ਹੋਰ ਕਦਮ ਚੁੱਕਣੇ। ਸ੍ਰੀ ਸਤਿਗੁਰੂ ਰਾਮ ਸਿੰਘ ਮਾਰਗ ਦੀ ਸਥਾਪਨਾ ਕਰਾਉਣੀ, ਬਰਮਾ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਥਾਨਾਂ ਦੀ ਭਾਲ ਕਰਾਉਣੀ, ਸ਼ਹੀਦਾਂ ਦੀਆਂ ਯਾਦਗਾਰਾਂ ਸਥਾਪਤ ਕਰਨੀਆਂ, 'ਕੂਕਾ ਸ਼ਹੀਦ ਯਾਦਗਾਰੀ ਟਰੱਸਟ' ਅਤੇ 'ਸ੍ਰੀ ਭੈਣੀ ਸਾਹਿਬ ਤੇ ਰਾਈਆਂ ਡੀਵੈਲਪਮੈਂਟ ਬੋਰਡ' ਦੀ ਸਥਾਪਨਾ। ਦੂਜੇ ਧਰਮਾਂ ਨਾਲ ਸਾਂਝੀਵਾਲਤਾ, ਦੇਸ਼ ਭਗਤੀ ਦੇ ਖੇਤਰ ਵਿਚ ਭਾਰਤ ਦੀ ਅਖੰਡਤਾ ਤੇ ਏਕਤਾ ਲਈ ਪ੍ਰਯਤਨ, ਵਿਸ਼ਵ ਅਮਨ ਤੇ ਹੋਰ ਵਿਸ਼ਵ ਵਿਆਪੀ ਸੰਗਠਨਾਂ ਵਿਚ ਸ਼ਾਮਲ ਹੋਣਾ ਅਤੇ ਜੀਵ-ਮਾਤਰ ਦੀ ਭਲਾਈ ਅਤੇ ਧਰਮ ਦੇ ਪ੍ਰਚਾਰ ਹਿਤ, ਦੇਸ਼-ਵਿਦੇਸ਼ਾਂ ਦੇ ਦੌਰੇ ਕਰਨਾ, ਗੱਲ ਕੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਵਿਚ ਇਤਨੇ ਪਰਉਪਕਾਰੀ ਕਾਰਜ ਕੀਤੇ ਹਨ ਕਿ ਗਿਣੇ ਨਹੀਂ ਜਾ ਸਕਦੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਪ੍ਰਗਤੀਸ਼ੀਲ ਵਿਹਾਰ ਕੀਤੇ ਜਾਂ ਹੁਣ ਨਿਰੰਤਰ ਕਰਦੇ ਜਾ ਰਹੇ ਹਨ, ਨਾਮਧਾਰੀ ਪੰਥ ਵਾਸਤੇ ਇਹ ਇਕ ਕਾਇਆ ਕਲਪ ਅਵਸਥਾ ਦੀ ਮਹੱਤਤਾ ਰਖਦੇ ਹਨ।

ਸ੍ਰੀ ਸਤਿਗੁਰੂ ਜੀ ਦੇ ਇਨ੍ਹਾਂ ਪੁਰਸ਼ਾਰਥ ਕਰਮਾਂ ਦੇ ਕੁਝ ਕੁ ਵੇਰਵੇ ਅਤੇ ਵਿਸਥਾਰ ਇਸ ਪੁਸਤਕ ਦੇ ਅਗਲੇ ਕਾਂਢਾਂ ਵਿਚ ਦਿੱਤੇ ਗਏ ਹਨ। ਹੋਰਾਂ ਕਾਰਜਾਂ ਦਾ ਵਿਸ਼ਲੇਸ਼ਣ ਕਰਨ ਦਾ ਨਿਮਾਣਾ ਜਿਹਾ ਯਤਨ ਮੈਂ ਆਪਣੀ ਪੁਸਤਕ 'ਪ੍ਰਕਾਸ਼ ਪੁੰਜ' ਦੇ ਅਗਲੇ ਭਾਗਾਂ ਵਿਚ ਕਰਨ ਦਾ ਉਪਰਾਲਾ ਕਰਾਂਗੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਸਾਰੇ ਕਾਰਜਾਂ ਨੂੰ ਕਰਦਿਆਂ, ਸਾਧ ਸੰਗਤ ਦੀ ਸੇਵਾ ਅਤੇ ਆਪਣੀ ਰੋਜ਼ਾਨਾ ਦਿਨਚਰਯਾ ਦੇ ਨਿਯਮਾਂ ਨੂੰ ਉਸੇ ਤਰ੍ਹਾਂ ਕਾਇਮ ਰਖਿਆ ਹੋਇਆ ਹੈ, ਜਿਵੇਂ ਬਚਪਨ ਤੋਂ ਕਰਦੇ ਆਏ ਹਨ। ਜਿਥੇ ਹਜ਼ੂਰ ਨੇ ਸੈਰ ਕਰਨ, ਕਸਰਤ ਕਰਨ ਅਤੇ ਖੇਡਾਂ ਖੇਡਣ ਦਾ ਆਪਣਾ ਨਿਤਾਕਰਮ (ਰੁਟੀਨ) ਬਣਾਈ ਰਖਿਆ ਹੈ ਉਥੇ ਆਪ ਸਾਧ ਸੰਗਤ ਦੀ ਸੇਵਾ ਲਈ ਹਰ ਤਰ੍ਹਾਂ ਦੇ ਕੰਮ ਆਪਣੇ ਹਥੀਂ ਕਰਦੇ ਆਏ ਹਨ। ਲੰਗਰ, ਗਊਸ਼ਾਲਾ, ਬਿਰਧਸ਼ਾਲਾ ਵਿਚ ਆਪ ਜਾ ਕੇ ਸੇਵਾ ਕਰਦੇ ਹਨ। ਦਾਲਾਂ ਚੁਗਣੀਆਂ, ਲੰਗਰ ਵਿਚ ਭਾਂਡੇ ਮਾਂਜਣੇ, ਬਿਰਧਾਂ, ਬੀਮਾਰਾਂ ਦੀ ਸਾਂਭ-ਸੰਭਾਲ ਤੇ ਹਰ ਦਰਸ਼ਨ ਕਰਨ ਆਏ ਦੀ ਸੇਵਾ ਸਤਿਕਾਰ ਦਾ ਧਿਆਨ ਰੱਖਣਾ। ਇਥੋਂ ਤਕ ਕਿ ਆਪ ਅੰਮ੍ਰਿਤ ਵੇਲੇ, ਖੂਹ ਵਿਚੋਂ ਪਾਣੀ ਕੱਢ ਪੀਪੇ ਨਾਲ ਸਿੱਖਾਂ ਨੂੰ ਇਸ਼ਨਾਨ ਕਰਾਉਂਦੇ ਰਹੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸਿੱਖਾਂ ਨੂੰ ਨਾਮ ਜਪਦਿਆਂ ਦਸਾਂ ਨਹੁੰਆਂ ਦੀ ਕਿਰਤ ਕਰਨ, ਸਾਧ-ਸੰਗਤ ਦੀ ਸੇਵਾ ਕਰਨ ਅਤੇ ਸੁਚੱਜਾ ਜੀਵਨ ਜਿਉਣ ਦੀ ਜਾਚ ਦੱਸਦੇ ਹਨ।

# ਨਾਮ ਸਿਮਰਨ ਦਾ ਪ੍ਰਵਾਹ

ਕਿਸੇ ਵੀ ਜਨਮ ਵਿਚ ਮਨੁੱਖਾ ਦੇਹ ਤੋਂ ਬਗੈਰ ਨਾਮ ਨਹੀਂ ਜਪਿਆ ਜਾ ਸਕਦਾ। ਸਾਰੀ ਗੁਰਬਾਣੀ ਵਿਚ ਨਾਮ ਦੀ ਮਹਿਮਾ ਕੀਤੀ ਗਈ ਹੈ। ਨਾਮ ਜਪਣ ਤੋਂ ਭਾਵ ਹੈ ਕਿ ਰਸਨਾ ਨਾਲ ਉਸ ਮੰਤ੍ਰ ਦਾ ਉਚਾਰਨ ਕਰਨਾ ਜੋ ਸਤਿਗੁਰੂ ਤੋਂ ਪ੍ਰਾਪਤ ਕੀਤਾ ਹੈ। ਗੁਰਬਾਣੀ ਅਨੁਸਾਰ ਸਿਮਰਨ ਨਾਮ ਦਾ ਅਟੁੱਟ ਅੰਗ ਹੈ। ਸਿਮਰਨ ਤੋਂ ਭਾਵ ਹੈ, ਯਾਦ ਕਰਨਾ, ਹਿਰਦੇ 'ਚ ਸਤਿਗੁਰੂ ਦੀ ਮੂਰਤ ਨੂੰ ਵਸਾਉਣਾ।

"ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸਿੱਖਿਆ ਦਾ ਸਾਰ ਅੰਮ੍ਰਿਤ ਨਾਮ ਦਾ ਸਿਮਰਨ ਹੈ। ਜਿਹੜਾ ਵੀ ਇਹ ਕਮਾ ਲੈਂਦਾ ਹੈ, ਉਹ ਨਾਮਧਾਰੀ ਹੈ ਅਤੇ ਸੱਚਾ ਸੁੱਚਾ ਸਿੱਖ ਹੈ। ਨਾਮਧਾਰੀਆਂ ਨੇ ਸਿਮਰਨ ਦੀ ਕਮਾਈ ਕਰ ਲਈ ਹੈ ਤੇ ਕਰ ਰਹੇ ਹਨ। ਇਹ ਲਾਗ ਉਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਹੈ।...ਸਿਮਰਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਰੀ ਟੇਕ ਹੈ। ਭੈਣੀ ਸਾਹਿਬ ਵਿਖੇ ਦਰਜਨਾਂ ਵਿਅਕਤੀਆਂ ਨੂੰ ਸਿਮਰਨ ਵਿਚ ਸਮਾਧੀ ਅਸਥਿਤ ਹੋਇਆਂ ਮੈਂ ਵੇਖਿਆ ਹੈ।"

—ਡਾ. ਤਾਰਨ ਸਿੰਘ

ਡਾ. ਤਾਰਨ ਸਿੰਘ ਦੁਆਰਾ ਲਿਖੀਆਂ ਗਈਆਂ ਇਹ ਸਤਰਾਂ ਉਨ੍ਹਾਂ ਦੇ ਇਕ ਲੇਖ 'ਸ੍ਰੀ ਸਤਿਗੁਰੂ ਜਗਜੀਤ ਸਿੰਘ ਦਾ ਯਥਾਰਥਕ ਪ੍ਰਭਾਵ' ਵਿਚੋਂ ਲਈਆਂ ਗਈਆਂ ਹਨ। ਇਹ ਲੇਖ ਸਪਤਾਹਿਕ 'ਸਤਿਜੁਗ' ਦੇ ੮-੧੪ ਮੱਘਰ ੨੦੫੨ (23 ਤੋਂ 29 ਨਵੰਬਰ 1995) ਦੇ ਅੰਕ ਵਿਚ ਛਪਿਆ ਹੈ।

'ਆਪ ਜਪੈ ਅਵਰਹ ਨਾਮ ਜਪਾਵਹਿ' ਦੇ ਵਾਕ ਅਨੁਸਾਰ ਸਤਿਗੁਰੂ ਆਪ ਨਾਮ ਜਪਦਾ ਹੈ ਤੇ ਦੁਨਿਆਵੀ ਜੀਵਾਂ ਦੇ ਉਧਾਰ ਹਿਤ ਉਹਨਾਂ ਤੋਂ ਨਾਮ ਜਪਾਉਂਦਾ ਹੈ।

ਸਾਰੇ ਗੁਰੂ ਸਾਹਿਬਾਨ ਨੇ ਨਾਮ ਦੀ ਮਹਿਮਾ ਦੱਸੀ ਹੈ, ਨਾਮ ਜਪਾਇਆ ਹੈ, ਭਜਨ ਕਰਾਇਆ ਹੈ, ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 'ਐਸੀ ਲਾਲ ਤੁਝ ਬਿਨੁ ਕਉਨੁ ਕਰੈ' ਦੇ ਗੁਰਵਾਕ ਅਨੁਸਾਰ ਇਸ ਘੋਰ ਕਲਿਜੁਗ ਦੇ ਸਮੇਂ ਵਿਚ ਨਾਮ ਬਾਣੀ ਦਾ ਅਜਿਹਾ ਪ੍ਰਵਾਹ ਚਲਾ ਦਿਤਾ ਹੈ, ਜਿਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ।

ਗੁਰ-ਗੱਦੀ 'ਤੇ ਸੁਸ਼ੋਭਿਤ ਹੁੰਦਿਆਂ ਹੀ, ਅਸੁਖਾਵਾਂ ਮਾਹੌਲ ਸ਼ਾਂਤ ਕਰਨ ਉਪ੍ਰੰਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮ-ਸਿਮਰਨ ਦਾ ਪ੍ਰਵਾਹ ਚਲਾ ਦਿਤਾ। ਅਜੋਕੇ ਸਮੇਂ ਵਿਚ ਮਨੁੱਖ ਮੋਹ-ਮਾਇਆ, ਕਾਮ, ਕ੍ਰੋਧ, ਲੋਭ ਤੇ ਹੰਕਾਰ ਆਦਿ ਨਾਲ ਗ੍ਰਸਿਤ, ਅਧੋਗਤੀ ਵਲ ਜਾਂਦਿਆਂ ਇਨ੍ਹਾਂ ਤੁਕਾਂ ਨੂੰ ਸਕਾਰਥ ਕਰ ਰਿਹਾ ਹੈ,

*"ਆਇਓ ਸੁਨਨ ਪੜਨ ਕਉ ਬਾਣੀ॥*
*ਨਾਮੁ ਵਿਸਾਰਿ ਲਗਹਿ ਅਨ ਲਾਲਚਿ*
*ਬਿਰਥਾ ਜਨਮੁ ਪਰਾਣੀ॥"*

—ਸ੍ਰੀ ਆਦਿ ਗ੍ਰੰਥ ਪੰਨਾ ੧੨੧੯

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕ੍ਰਿਪਾ ਕੀਤੀ ਹੈ ਕਿ ਸਾਰੇ ਸੰਸਾਰਕ ਵਿਕਾਰਾਂ ਤੋਂ ਆਪਣੇ ਸਿੱਖਾਂ ਨੂੰ ਸੁਚੇਤ ਕਰ ਕੇ ਅਤੇ ਬਚਾ ਕੇ, ਕਈ ਕਈ ਘੰਟੇ ਰੋਜ਼ਾਨਾ ਨਾਮ ਜਪਾ ਰਹੇ ਹਨ,

*'ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ*
*ਧਾਵਤ ਪੰਚ ਰਹੇ ਹਰਿ ਧਿਆਇਆ।'*

—ਸ੍ਰੀ ਆਦਿ ਗ੍ਰੰਥ ਪੰਨਾ ੧੬੫

## ਸ੍ਰੀ ਸਤਿਗੁਰੂ ਜੀ ਦੀ ਦਿਨਚਰਯਾ ਤੇ ਨਿਯਮ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਪਣਾ ਸਮੁੱਚਾ ਜੀਵਨ ਨਾਮ-ਸਿਮਰਨ, ਗੁਰਬਾਣੀ ਦੇ ਪਾਠ ਅਤੇ ਗੁਰਮਤ ਕੀਰਤਨ ਦੁਆਲੇ ਘੁੰਮਦਾ ਹੈ। ਬਚਪਨ ਤੋਂ ਹੀ ਸ੍ਰੀ ਸਤਿਗੁਰੂ ਜੀ ਦੇ ਰੋਜ਼ਾਨਾ ਜੀਵਨ ਵਿਚ ਅੰਮ੍ਰਿਤ ਵੇਲੇ ਜਾਗ, ਨਿਤਾਪ੍ਰਤੀ ਦੇ ਕਾਰਜਾਂ ਤੋਂ ਵੇਹਲੇ ਹੋ, ਸਕੇਸ਼ ਇਸ਼ਨਾਨ ਕਰਨ ਮਗਰੋਂ ਭਜਨ ਸਿਮਰਨ ਵਿਚ ਲੀਨ ਹੋ ਜਾਣਾ, ਬਾਣੀਆਂ ਦਾ ਪਾਠ ਕਰਨਾ ਅਤੇ ਸੁੱਚ ਸੋਧ ਵਾਲਾ ਨਿਯਮ ਪਾਲਣ ਕਰਨਾ ਸ਼ਾਮਲ ਰਿਹਾ ਹੈ। ਇਸ਼ਨਾਨ ਕਰਨ ਲਗਿਆਂ ਨੇਤਰਾਂ ਦੀ ਜੋਤੀ ਬਰਕਰਾਰ ਰੱਖਣ ਲਈ ਦੋਹਾਂ ਨੇਤਰਾਂ 'ਚ ਚਾਲੀ-ਚਾਲੀ ਵਾਰ ਪਾਣੀ ਦੇ ਛਿੱਟੇ ਮਾਰਨੇ, ਦੋ ਪਰਨਿਆਂ (ਆਮ ਕਰਕੇ ਖੱਦਰ ਦੇ ਤੌਲੀਏ) ਨਾਲ ਇਸ਼ਨਾਨ ਉਪਰੰਤ ਪਿੰਡਾ ਸੁਕਾਉਣਾ ਵੀ ਆਪ ਜੀ ਦੇ ਨਿਯਮ ਵਿਚ ਸ਼ਾਮਲ ਹੈ। ਦੋ ਪਰਨਿਆਂ (ਇਕ ਪਰਨੇ ਨਾਲ ਲੱਕ ਤੋਂ ਉਪਰਲਾ ਸਰੀਰ ਤੇ ਦੂਜੇ ਨਾਲ ਹੇਠਲਾ ਭਾਗ) ਨਾਲ ਪਿੰਡਾ ਸੁਕਾਉਣਾ ਸੋਧ ਮਰਿਯਾਦਾ ਵਿਚ ਸ਼ਾਮਲ ਹੈ ਤੇ ਸੋਧ ਮਰਿਯਾਦਾ ਰੱਖ ਕੇ ਹੀ ਨਾਮ ਜਪਿਆ ਜਾਂਦਾ ਹੈ।

ਸਵੇਰੇ ਅੰਮ੍ਰਿਤ ਵੇਲੇ, ਹਰ ਰੋਜ਼ ਆਸਾ ਦੀ ਵਾਰ ਦਾ ਕੀਰਤਨ ਸਰਵਨ ਕਰਨਾ ਜਾਂ ਆਪ ਕਰਨਾ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰੋਜ਼ਾਨਾ ਦਿਨਚਰਯਾ ਵਿਚ ਸ਼ਾਮਲ ਹੈ। ਜਦੋਂ ਹਜ਼ੂਰ ਸਫ਼ਰ ਵਿਚ ਹੋਣ ਜਾਂ ਕਿਸੇ ਅਜਿਹੇ ਥਾਂ ਹੋਣ ਜਿਥੇ ਬਾਕਾਇਦਾ ਕੀਰਤਨ ਦਾ ਪ੍ਰਬੰਧ ਨਾ ਹੋਵੇ ਤਾਂ ਆਪ ਇਹ ਪਾਠ ਬਗੈਰ ਸਾਜ਼ਾਂ ਤੋਂ ਹੀ ਸੁਣਦੇ ਹਨ। ਚਾਹੇ ਰੇਲ ਵਿਚ ਹੋਣ, ਹਵਾਈ ਜਹਾਜ਼ ਵਿਚ ਜਾਂ ਕਾਰ ਵਿਚ, ਆਪ ਇਹ ਨਿਯਮ ਕਦੇ ਨਹੀਂ ਖੁੰਝਾਉਂਦੇ। ਇਸ਼ਨਾਨ ਵੀ ਸੂਰਜ ਚੜ੍ਹਨ ਤੋਂ ਪਹਿਲੋਂ ਆਪ ਹਰ ਹਾਲਤ 'ਚ ਕਰਦੇ ਹਨ।

ਸ੍ਰੀ ਸਤਿਗੁਰੂ ਜੀ ਹਮੇਸ਼ਾ ਸੁੱਚ-ਸੋਧ ਰਖਦੇ ਹਨ ਅਤੇ ਖੂਹ ਜਾਂ ਨਦੀ ਦਾ ਜਲ ਹੀ ਵਰਤਦੇ

ਹਨ। ਵਿਦੇਸ਼ਾਂ ਵਿਚ ਜਾ ਕੇ ਵੀ ਖੂਹ ਜਾਂ ਨਦੀ ਦਾ ਜਲ ਹੀ ਵਰਤਦੇ ਹਨ। ਸਤਿਗੁਰੂ ਜੀ ਦਿਨ ਵਿਚ ਕ੍ਰੀਬ 5-6 ਵਾਰ ਇਸ਼ਨਾਨ ਕਰਦੇ ਹਨ। ਪ੍ਰਸ਼ਾਦਾ ਛਕਣ ਤੋਂ ਪਹਿਲਾਂ ਅਤੇ ਰਾਤ ਨੂੰ ਬਿਰਾਜਣ ਤੋਂ ਪਹਿਲਾਂ ਵੀ ਆਪ ਇਸ਼ਨਾਨ ਕਰਦੇ ਹਨ।

ਹਰ ਵੀਰਵਾਰ, ਖਾਸ ਤੌਰ 'ਤੇ ਜਪ ਪ੍ਰਯੋਗ ਵਾਲੇ ਦਿਨਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮੌਨ ਵਰਤ ਰੱਖਦੇ ਹਨ ਅਤੇ ਸਾਧ-ਸੰਗਤ ਨੂੰ ਵੀ ਪ੍ਰੇਰਨਾ ਦਿੰਦੇ ਹਨ ਕਿ ਹਫ਼ਤੇ ਵਿਚ ਇਕ ਦਿਨ ਮੌਨ ਵਰਤ ਰਖਿਆ ਜਾਵੇ, ਜੇ ਨਹੀਂ ਰੱਖ ਸਕਦੇ ਤਾਂ ਘੱਟ ਤੋਂ ਘੱਟ ਬੋਲਿਆ ਜਾਵੇ। ਧਿਆਨ ਤਾਂ ਗ਼ਰੀਬ ਨਿਵਾਜ ਜੀ ਨੇ ਏਨਾ ਸਾਧਿਆ ਹੋਇਆ ਹੈ ਕਿ ਅਸੀਂ ਤਾਂ ਇਕ ਸਮੇਂ ਵਿਚ ਇਕ ਪਾਸੇ ਧਿਆਨ ਨਹੀਂ ਦੇ ਸਕਦੇ ਪਰ ਹਜ਼ੂਰ ਇਕੋ ਸਮੇਂ ਕਈ ਪਾਸੇ ਧਿਆਨ ਰੱਖ ਲੈਂਦੇ ਹਨ।

'ਅਲਪ ਅਹਾਰ, ਸੁਲਪ ਸੀ ਨਿੰਦ੍ਰਾ' ਦਾ ਨਿਯਮ ਵੀ ਸੱਚੇ ਪਾਤਸ਼ਾਹ ਜੀ ਨੇ ਆਪਣੀ ਨਿਤਾਪ੍ਰਤੀ ਜ਼ਿੰਦਗੀ ਵਿਚ ਲਾਗੂ ਕੀਤਾ ਹੋਇਆ ਹੈ। ਆਪ ਫ਼ਰਮਾਉਂਦੇ ਹਨ,

"ਨੀਂਦ ਤੇ ਭੁੱਖ, ਜਿਹੜਾ ਮੇਰਾ ਤਜਰਬਾ ਹੈ ਉਸਦੇ ਮੁਤਾਬਿਕ ਤੇ ਇਹ ਹੈ ਕਿ ਕਰੀਬ ਇਹ ਜਿੰਨੀ ਕੁ ਵਧਾ ਲਈਏ ਉੱਨੀ ਕੁ ਵਧ ਜਾਂਦੀ ਹੈ, ਜਿੰਨੀ ਘਟਾ ਲਈਏ ਉੱਨੀ ਘਟ ਜਾਂਦੀ ਹੈ। ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ—

"ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ।<br>ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ।"

"ਇਹ ਗੱਲਾਂ ਹੋ ਜਾਣ ਤੇ ਅਗਲੀ ਜਿਹੜੀ ਹੈ ਨ—ਪਰਮ ਪੁਰਖ ਵਾਲੀ ਗੱਲ ਜ਼ਰੂਰ ਹੋ ਜਾਂਦੀ ਹੈ ਉਹਦੇ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਰਹਿੰਦੀ।"

"ਥੋੜ੍ਹੀ ਨੀਂਦ ਤੇ ਥੋੜ੍ਹੇ ਪ੍ਰਸ਼ਾਦੇ ਨਾਲ ਦੇਹ ਹੌਲੀ ਫੁੱਲ ਰਹਿੰਦੀ ਹੈ।"

8X12 ਫੁੱਟ ਦੇ ਕਮਰੇ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਂਸਾਂ ਦੇ ਬਣੇ ਹੋਏ ਸਖ਼ਤ ਬਿਸਤਰ 'ਤੇ ਬਿਰਾਜਦੇ ਹਨ। ਬਾਂਸਾਂ ਦੇ ਬਣੇ ਹੋਏ ਇਸ ਫੱਟੀਆਂ ਵਾਲੇ ਮੰਜੇ ਉਪਰ ਬਿਸਤਰ ਦੇ ਰੂਪ ਵਿਚ ਸਿਰਫ ਇਕ ਖੇਸ ਤੇ ਸੁੱਚੀ ਚਾਦਰ ਵਿਛੇ ਹੁੰਦੇ ਹਨ। ਦਰਸ਼ਨ ਕਰਨ ਯੋਗ ਇਸ ਸਖ਼ਤ ਬਿਸਤਰ ਦੀ ਚੌੜਾਈ ਇਤਨੀ ਘੱਟ ਹੈ ਕਿ ਪਾਸਾ ਵੀ ਨਹੀਂ ਪਰਤਿਆ ਜਾ ਸਕਦਾ। ਇਸ ਦੀ ਚੌੜਾਈ ਕ੍ਰੀਬ ਢਾਈ ਫੁੱਟ, ਲੰਬਾਈ ਸਾਢੇ ਛੇ ਫੁੱਟ ਅਤੇ ਉਚਾਈ ਦੋ ਇੰਚ ਹੈ।

### ਯੁਵਾ ਅਵੱਸਥਾ 'ਚ ਕੀਤੀ ਤਪ-ਸਾਧਨਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਪਨ ਤੋਂ ਹੀ ਬਹੁਤ ਸਾਧਨਾ ਕੀਤੀ ਹੈ। ਸੱਚੇ ਪਾਤਸ਼ਾਹ ਜੀ ਆਪਣੀ ਯੁਵਾ ਅਵਸਥਾ ਵਿਚ ਗੁਪਤ ਰੂਪ ਵਿਚ ਬਹੁਤ ਕਠਿਨ ਤਪ ਕਰਦੇ ਰਹੇ ਹਨ।

ਸ੍ਰੀ ਜੀਵਨ ਨਗਰ ਵਿਖੇ ਇਤਿਹਾਸਕ ਮਹੱਤਤਾ ਰੱਖਣ ਵਾਲਾ ਗੁਰਪ੍ਰਤਾਪ ਸਰੋਵਰ, ਪਹਿਲੋਂ ਇਕ ਛੱਪੜੀ ਦੇ ਰੂਪ ਵਿਚ ਹੋਇਆ ਕਰਦਾ ਸੀ। ਵੱਡੇ ਬਾਬਾ ਜੀ ਦੇ ਰੂਪ ਵਿਚ, ਆਪਣੀ ਯੁਵਾ ਅਵਸਥਾ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਇਸ ਛੱਪੜੀ ਵਿਚ ਪਈ ਇਕ ਲਕੜੀ 'ਤੇ ਬੈਠ ਕੇ ਤਪ ਕੀਤਾ ਹੈ। ਰਾਤ ਨੂੰ ਜਦੋਂ ਸਭ ਸੁੱਤੇ ਪਏ ਹੁੰਦੇ ਸਨ, ਬਿਨਾਂ ਕਿਸੇ ਨੂੰ ਦੱਸੇ, ਚੋਰੀ ਚੋਰੀ ਆਪਣੇ ਦੋ ਸੇਵਕਾਂ, ਬਸੰਤ ਸਿੰਘ ਚਵਿੰਡੇ ਵਾਲੇ ਅਤੇ ਅਮਰ ਸਿੰਘ ਘੋਘੋ ਅਚਲਵਾਲੀ (ਜ਼ਿਲ੍ਹਾ ਗੁਰਦਾਸਪੁਰ) ਨੂੰ ਪਹਿਰੇ 'ਤੇ ਬਿਠਾਉਣ ਲਈ ਨਾਲ ਲੈ ਕੇ, ਵੱਡੇ ਬਾਬਾ ਜੀ ਇਸ ਛੱਪੜੀ ਵਿਚ ਪਈ ਲਕੜੀ 'ਤੇ ਬੈਠ ਕੇ ਕਈ ਕਈ ਘੰਟੇ ਸਮਾਧੀਲੀਨ ਹੋ ਜਾਇਆ ਕਰਦੇ ਸਨ। ਕੰਢੇ 'ਤੇ ਬੈਠੇ ਦੋਹਾਂ ਸੇਵਕਾਂ ਨੂੰ ਸਖ਼ਤ ਹਦਾਇਤ ਕੀਤੀ ਹੁੰਦੀ ਸੀ ਕਿ ਕਿਸੇ ਨੂੰ ਦੱਸਣਾ ਨਹੀਂ। ਜਦੋਂ ਅੰਮ੍ਰਿਤ ਵੇਲੇ ਸਿੱਖਾਂ ਸਾਧਾਂ ਦੇ ਉੱਠਣ ਦਾ ਵੇਲਾ ਹੁੰਦਾ ਸੀ, ਵੱਡੇ ਬਾਬਾ ਜੀ ਵਾਪਸ ਆਪਣੇ ਡੇਰੇ ਵਿਚ ਆ ਕੇ, ਆਪਣੇ ਬਿਸਤਰ 'ਤੇ ਨੇਤਰ ਮੁੰਦ ਕੇ ਇਉਂ ਲੇਟ ਜਾਂਦੇ ਸਨ ਜਿਵੇਂ ਸੁੱਤੇ ਪਏ ਹੋਣ ਤਾਂ ਜੋ ਆਪ ਜੀ ਦੇ ਤਪ ਕਰਨ ਵਾਲੀ ਗੱਲ ਕਿਸੇ 'ਤੇ ਜ਼ਾਹਰ ਨਾ ਹੋਵੇ। ਸਿੱਖਾਂ ਨੇ, ਆਪ ਜੀ ਨੂੰ ਸੁੱਤਾ ਸਮਝ ਜਗਾਉਣਾ। ਉਹੀ ਛੱਪੜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਲਗਾਤਾਰ ਤਪ ਕਰਨ ਕਾਰਨ ਪਵਿੱਤਰ ਸਰੋਵਰ ਦਾ ਰੂਪ ਧਾਰਨ ਕਰ ਗਈ ਹੈ। ਇਸ ਤਰ੍ਹਾਂ ਕਾਫੀ ਚਿਰ ਗੁਪਤ ਰੂਪ ਵਿਚ ਆਪ ਇਸ ਸਰੋਵਰ ਵਿਚ ਭਜਨ ਕਰਦੇ ਰਹੇ।

"ਬਾਬਾ ਜਗਜੀਤ ਸਿੰਘ ਜੀ ਰਾਤ ਸੰਗਤ ਦੇ ਸੌਣ ਬਾਦ ਸੇਵਕ ਬਸੰਤ ਸਿੰਘ ਬਾਜਵਾ ਚਵਿੰਡੇ ਦੇ ਤੇ ਅਮਰ ਸਿੰਘ ਅਚਲਵਾਲੀ ਜ਼ਿਲ੍ਹਾ ਗੁਰਦਾਸਪੁਰ ਵਾਲੇ ਨੂੰ ਪਹਿਰੇ ਬਹਾ, ਆਪ ਉਸ ਤਾਲ ਵਿਚ ਲਕੜ 'ਤੇ ਬੈਠ ਕੇ ਭਜਨ ਕਰਦੇ ਹੁੰਦੇ ਸਨ। ਇਹ ਦੋਵੇਂ ਸੇਵਕ ਮੱਛਰ ਝਾੜਦੇ ਚੁੱਪ ਕੀਤੇ ਅੱਖ ਕਟਦੇ ਤੇ ਹੁਕਮ ਵਿਚ ਜਾਗਾ ਕਰਦੇ ਕੰਢੇ 'ਤੇ।"

—ਜੱਸ ਜੀਵਨ ਭਾਗ ਪੰਜਵਾਂ ਪੰਨਾ ੧੭੨

ਗੱਦੀ-ਨਸ਼ੀਨੀ ਤੋਂ ਪਹਿਲੋਂ, ਸ੍ਰੀ ਭੈਣੀ ਸਾਹਿਬ ਕੋਠੀ ਵਿਚਲੇ ਕਰੁੰਡੇ ਦੇ ਦਰਖ਼ਤ ਥੱਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਪਤ ਰੂਪ ਵਿਚ ਤਪ ਕਰਦੇ ਰਹੇ ਹਨ। ਰਾਮਸਰ ਵਿਚ ਜਿਥੇ ਗੁਰਪਰਿਵਾਰ ਦਾ ਡੇਰਾ ਹੈ, ਉਸ ਡੇਰੇ ਦੇ ਲਾਗੇ, ਇਹ ਕਰੁੰਡਾ ਅਜੇ ਵੀ ਸੁਰੱਖਿਅਤ ਹੈ। ਇਸਦੇ ਪੱਛਮ ਵਾਲੇ ਪਾਸੇ ਹੇਠਾਂ ਜਾਣ ਨੂੰ ਰਸਤਾ ਹੁੰਦਾ ਸੀ ਤੇ ਦੁਆਲਿਓਂ ਇਹ ਸਾਰਾ ਧਰਤੀ ਨਾਲ ਲੱਗਾ ਹੁੰਦਾ ਸੀ।

### ਸਾਮੂਹਿਕ ਨਾਮ-ਸਿਮਰਨ ਦੀ ਪਰੰਪਰਾ

ਗੁਰੂ-ਗੱਦੀ 'ਤੇ ਸੁਸ਼ੋਭਿਤ ਹੋਣ ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਲੋਕਾਈ ਦੇ ਭਲੇ ਲਈ ਕੀਤੀ ਜਾਂਦੀ ਸਾਮੂਹਿਕ ਨਾਮ ਸਿਮਰਨ ਦੀ ਪਰੰਪਰਾ ਨੂੰ ਬਹੁਤ ਅਗਾਂਹ ਲੈ ਗਏ

ਹਨ। ਆਧੁਨਿਕ ਸਮੇਂ ਵਿਚ ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਦੁਪਹਿਰ ਦੇ ਦੀਵਾਨ ਸਮੇਂ ਦੇ ਇਕ ਘੰਟੇ ਦੇ ਸਾਮੂਹਿਕ ਨਾਮ-ਸਿਮਰਨ ਦੇ ਨਿਤਨੇਮ ਸਮੇਂ ਵੱਧ ਤੋਂ ਵੱਧ ਸੰਗਤ ਹਾਜ਼ਰ ਹੁੰਦੀ ਹੈ। ਹਰ ਉਮਰ ਅਤੇ ਅਵਸਥਾ ਦੇ ਮਾਈ-ਭਾਈ, ਬੱਚਿਆਂ, ਬਿਰਧਾਂ ਅਤੇ ਯੁਵਕਾਂ ਦੀ ਭਰਪੂਰ ਹਾਜ਼ਰੀ ਦਰਸਾਉਂਦੀ ਹੈ ਕਿ ਸਾਰੀ ਸਾਧ-ਸੰਗਤ ਇਕੱਠੇ ਬੈਠ ਕੇ ਨਾਮ-ਸਿਮਰਨ ਕਰਨ ਦੇ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਦਾ ਪਾਲਣ, ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਦੀ ਹੈ। ਵੱਡੀ ਗਿਣਤੀ ਵਿਚ ਇਕੱਤਰ ਸੰਗਤ ਨੂੰ ਸਫੈਦ ਨਾਮਧਾਰੀ ਵਸਤਰਾਂ 'ਚ ਨਾਮ-ਸਿਮਰਨ 'ਚ ਲੀਨ ਬੈਠਿਆਂ ਨੂੰ ਤੱਕਣ ਵਾਲੇ ਨੂੰ, ਆਪਣਾ ਆਪ ਕਿਸੇ ਦੈਵੀ ਲੋਕ ਵਿਚ ਵਿਚਰਦਾ ਪ੍ਰਤੀਤ ਹੁੰਦਾ ਹੈ। ਮਨ ਨੂੰ ਭਟਕਣ ਤੋਂ ਬਚਾਉਣ ਲਈ ਇਕ ਘੰਟੇ ਦੇ ਸਾਮੂਹਿਕ ਨਾਮ-ਸਿਮਰਨ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਰਿਕਾਰਡ ਕੀਤੇ ਉਪਦੇਸ਼ ਲਗਾ ਲਏ ਜਾਂਦੇ ਹਨ।

ਇਕ ਜੇਠ 1997 ਬਿ. (ਸੰਨ 1941) ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਰ ਪ੍ਰਾਣੀ ਮਾਤਰ ਨੂੰ ਇਕ ਘੰਟਾ ਰੋਜ਼ ਜ਼ਰੂਰੀ ਨਾਮ-ਸਿਮਰਨ ਕਰਨ ਦਾ ਉਪਦੇਸ਼ ਦਿੰਦਿਆਂ ਫਰਮਾਇਆ ਸੀ, 'ਜੋ ਇਸ ਨਿਯਮ ਨੂੰ ਨਿਭਾਵੇਗਾ, ਮੈਂ ਉਸਦਾ ਦਰਗਾਹ ਵਿਚ ਜਾਮਨ ਹਾਂ।'

### ਰੋਜ਼ਾਨਾ ਇਕ ਘੰਟਾ ਨਾਮ-ਸਿਮਰਨ ਬਾਰੇ ਹੁਕਮ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਰਮਾਉਂਦੇ ਹਨ ਕਿ ਸਮਾਂ ਬੜਾ ਭਿਆਨਕ ਹੈ ਤੇ ਅਸੀਂ ਇਸ ਤੋਂ ਬਚਣਾ ਹੈ, ਉਸਦਾ ਇਕੋ ਰਾਹ ਗੁਰਬਾਣੀ ਅਨੁਸਾਰ ਗੁਰੂ ਦੇ ਲੜ ਲਗ ਕੇ ਨਾਮ-ਸਿਮਰਨ ਹੈ। ਆਪ ਹੁਕਮ ਕਰਦੇ ਹਨ ਕਿ ਹਰ ਕਿਸੇ ਨੂੰ ਆਪੋ ਆਪਣੇ ਗੁਰੂ ਪਾਸੋਂ ਪੁੱਛਿਆ ਭਜਨ, ਰੋਜ਼ਾਨਾ ਘੱਟ ਤੋਂ ਘੱਟ ਇਕ ਘੰਟਾ ਜ਼ਰੂਰ ਕਰਨਾ ਚਾਹੀਦਾ ਹੈ। ਹਰ ਘਰ ਵਿਚ ਜਿੰਨੇ ਜੀਅ ਹੋਣ, ਪ੍ਰਤੀ ਜੀਅ ਉੱਨੇ ਘੰਟੇ ਨਾਮ-ਸਿਮਰਨ ਹੋਣਾ ਚਾਹੀਦਾ ਹੈ। ਸੱਚੇ ਪਾਤਸ਼ਾਹ ਜੀ ਫਰਮਾਉਂਦੇ ਹਨ,

"ਇਕ ਘੰਟਾ ਨਾਮ-ਸਿਮਰਨ, ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਨੇ ਚਾਲੂ ਕਰਵਾਇਆ ਹੈ ਨਾਮਧਾਰੀ ਜਗਤ ਦੇ ਵਿਚ। ਇਕ ਘੰਟਾ ਉਂਜ ਜੇ ਆਪਾਂ ਗਿਣੀਏ ਤਾਂ ਤਿੰਨ ਸੌ ਪੈਂਹਠ ਘੰਟੇ ਸਾਲ ਦੇ ਹੋ ਜਾਂਦੇ ਨੇ। ਪਰ ਜੇ ਦਸਵੰਧ ਗਿਣੀਏ ਤੇ ਉਹ ਨਹੀਂ ਬਣਦਾ। ਇਹ ਸਿਰਫ ਚੌਵੀਵਾਂ ਹਿੱਸਾ ਬਨਣਾ ਹੈ। ਦਸਵੰਧ ਕੱਢਣ ਦਾ, ਤੁਸੀਂ ਜਾਣਦੇ ਹੋ, ਹਰ ਸਿੱਖ ਨੂੰ ਹੁਕਮ ਹੈ। ਸੋ ਤਗੜੇ ਹੋ ਕੇ ਉੱਦਮ ਕਰੋ।"

"ਬੜਾ ਥੋੜ੍ਹਾ ਹੈ ਇਕ ਘੰਟਾ ਨਾਮ ਸਿਮਰਨ। ਇਕ ਘਰ ਦੇ ਵਿਚ ਗਿਆਰਾਂ ਜੀਅ ਨੇ। ਜੇ ਉਹ ਇਕ ਇਕ ਘੰਟਾ ਨਾਮ ਸਿਮਰਨ ਕਰਨ, ਗਿਆਰਾਂ ਘੰਟੇ ਤੁਹਾਡੇ ਇਕ ਘਰ ਦੇ ਵਿਚ ਨਾਮ-ਸਿਮਰਨ ਹੁੰਦੈ। ਕਈ ਘਰ ਇਕੱਠੇ ਨੇ। ਦਸ-ਦਸ, ਵੀਹ-ਵੀਹ ਜੀਅ ਨੇ ਇਕੱਠੇ। ਵੀਹ

ਘੰਟੇ ਨਾਮ ਸਿਮਰਨ ਜਿਸ ਘਰ ਵਿਚ ਹੋ ਜਾਏ ਫਿਰ ਉਥੇ ਕਿਹੜੀ ਗੱਲ ਦਾ ਘਾਟਾ ਹੈ।

ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ॥

ਕੋਟਿ ਅਨੰਦ ਜਹ ਹਰਿ ਗੁਨ ਗਾਹੀ।" ·

"ਜੇਹੜੀ ਸਤਿਗੁਰੂ ਰਾਮ ਸਿੰਘ ਨੇ ਸਾਡੇ 'ਤੇ (ਨਾਮਧਾਰੀਆਂ 'ਤੇ) ਕਿਰਪਾ ਕੀਤੀ ਹੈ, ਨਾਮ ਦਿੱਤਾ ਹੈ। ਸਤਿਗੁਰੂ ਹੁਕਮ ਕਰਿਆ ਕਰਦੇ ਸਨ, ਆਪਣਾ ਹਿਰਦਾ ਕੱਢ ਕੇ ਤੁਹਾਨੂੰ ਦਿੱਤਾ ਹੈ। ਕਿੰਨਾ ਪਿਆਰ ਕੀਤਾ ਹੈ ਸਾਡੇ ਨਾਲ! ਸਤਿਗੁਰੂ ਦਾ ਜਿਹੜਾ ਹੁਕਮ ਹੈ ਇਕ ਇਕ ਘੰਟਾ ਨਾਮ-ਸਿਮਰਨ ਬੜਾ ਥੋੜ੍ਹਾ ਜਿਹਾ ਹੈ, ਜੀਅ ਪ੍ਰਤੀ ਜ਼ਰੂਰ ਕਰਿਆ ਕਰੋ।"

"ਇਕ ਘੰਟਾ ਰੋਜ਼ ਨਾਮ ਸਿਮਰਨ ਕਰਨਾ ਹੈ, ਉਹ ਵੀ ਨਹੀਂ ਹੁੰਦਾ ਸਾਡੇ ਤੋਂ। ਕਿੰਨੀ ਵੱਡੀ ਛੋਟ ਕੀਤੀ ਹੈ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਸਿਰਫ਼ ਇਕ ਘੰਟਾ ਨਾਮ-ਸਿਮਰਨ। ਤਕੜੇ ਹੋ ਕੇ ਉੱਦਮ ਕਰੋ।"

"ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਜਿਹੜਾ ਹੁਕਮ ਕੀਤਾ ਹੈ, ਇਕ ਇਕ ਘੰਟਾ ਨਾਮ ਸਿਮਰਨ ਕਰਨ ਦਾ। ਕੀ ਇਕ ਘੰਟਾ ਹੁੰਦਾ ਹੈ? ਤਿੰਨ ਤਿੰਨ ਘੰਟੇ ਸਿਨਮੇ ਵਿਚ ਸਿਨਮਾ ਵੇਖਦੇ ਜਾਂ ਅੱਧੀ ਅੱਧੀ ਰਾਤ ਘਰਾਂ ਵਿਚ ਨਿਆਣਿਆਂ ਨਾਲ ਬਹਿ ਕੇ ਗੱਲਾਂ ਮਾਰਦੇ ਗਵਾ ਦਿੰਦੇ ਹਾਂ ਤੇ ਇਕ ਘੰਟਾ ਸਾਡੇ ਕੋਲੋਂ ਇਸ ਵਾਸਤੇ ਨਹੀਂ ਕੱਢਿਆ ਜਾਂਦਾ, ਜਿਸ ਨਾਲ ਸਾਡੀ ਨਜ਼ਾਤ ਹੋਣੀ ਹੈ।"

"ਸਤਿਗੁਰੂ ਨੇ ਬਾਣੀ ਵਿਚ ਹੁਕਮ ਦਿਤਾ ਹੈ,

"ਦਿਨ-ਰਾਤੀ ਆਰਾਧਹੁ ਪਿਆਰੋ

ਨਿਮਖ ਨ ਕੀਜੈ ਢੀਲਾ।"

ਕਿੰਨੀ ਰਿਆਇਤ ਹੈ ਸਾਡੇ ਲਈ, ਇਹ ਵੀ ਨਹੀਂ ਕਰਦੇ ਅਸੀਂ। ਸੋ ਇਕ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰਿਆ ਕਰੋ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ ਕਿ ਨਵਜੰਮੇ ਬੱਚੇ ਦੀ ਸੂਝ ਸੰਭਾਲਣ ਤਕ, ਉਸਦੇ ਹਿੱਸੇ ਦਾ ਇਕ ਘੰਟੇ ਦਾ ਨਾਮ ਸਿਮਰਨ ਉਸ ਦੇ ਮਾਤਾ ਪਿਤਾ ਨੂੰ ਕਰਨਾ ਚਾਹੀਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫ਼ਰਮਾਉਂਦੇ ਹਨ,

"ਬੱਚਿਆਂ ਦੇ ਹਿੱਸੇ ਦਾ ਵੀ ਨਾਮ ਸਿਮਰਨ ਕਰੋ। ਉਹ ਇਸ ਤਰ੍ਹਾਂ ਕਰੋ, ਜਿਸ ਦੇ ਘਰ ਵਿਚ ਬੱਚਾ ਜਦੋਂ ਜਨਮ ਲਵੇ, ਉਹਦਾ ਨਾਮ-ਸਿਮਰਨ ਕਰਨਾ ਸ਼ੁਰੂ ਕਰ ਦਿਓ, ਜਦੋਂ ਉਹ ਬੱਚਾ ਹੋਸ਼ ਸੰਭਾਲ ਜਾਵੇ, ਉਹਨੂੰ ਮਾਤਾ-ਪਿਤਾ ਆਖਣ ਕਿ ਤੇਰਾ ਐਨਾ ਜੋੜ ਦਿੱਤਾ ਹੈ, ਅੱਜ ਤੋਂ ਤੂੰ ਆਪਣਾ ਸਾਂਭ, ਬੱਚੇ ਨੂੰ ਵੀ ਪਤਾ ਲੱਗੇ ਕਿ ਮੇਰੇ ਵਾਸਤੇ ਮਾਤਾ ਪਿਤਾ ਨੇ ਕੁਛ ਕੀਤਾ ਹੈ।"

"ਤੁਸੀਂ ਤਗੜੇ ਹੋ ਕੇ ਆਪਣੇ ਆਪਣੇ ਪਰਿਵਾਰ ਦੇ ਵਿਚ ਕਰੜਾਈ ਕਰੋ। ਕੋਈ ਜੀਅ ਇਕ ਘੰਟਾ ਨਾਮ ਸਿਮਰਨ ਤੋਂ ਬਿਨਾਂ ਨਾ ਰਹੇ। ਜੇ ਤੁਹਾਡੇ ਘਰ ਵਿਚ ਇਕ ਬੱਚਾ ਹੋਵੇ, ਤੁਹਾਨੂੰ ਬੜੀ ਖ਼ੁਸ਼ੀ ਹੁੰਦੀ ਹੈ। ਤੁਹਾਨੂੰ ਨਾਲ ਹੀ ਇਹ ਖ਼ੁਸ਼ੀ ਆ ਜਾਣੀ ਚਾਹੀਦੀ ਹੈ ਕਿ ਏਸ ਬੱਚੇ ਦਾ ਇਕ ਘੰਟਾ ਨਾਮ-ਸਿਮਰਨ ਪੂਰਾ ਕਰਿਆ ਕਰਨਾ ਹੈ।"

ਸਿਰਫ ਨਾਮਧਾਰੀਆਂ ਨੂੰ ਹੀ ਨਹੀਂ ਸਗੋਂ ਹਰ ਫਿਰਕੇ, ਹਰ ਮਜ਼ਹਬ ਵਾਲਿਆਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮ-ਸਿਮਰਨ ਕਰ ਕੇ ਮਨੁੱਖਾ ਜਨਮ ਸਫਲ ਕਰਨ ਦਾ ਉਪਦੇਸ਼ ਦਿੰਦੇ ਹਨ। ਆਪ ਬਚਨ ਕਰਦੇ ਹਨ,

"ਕੋਈ ਅਕਾਲੀ ਨੇ, ਹਿੰਦੂ ਨੇ, ਨਾਮਧਾਰੀ ਨੇ, ਜਿਹੜੇ ਵੀ ਨੇ, ਉਹਨਾਂ ਨੂੰ ਇਹ ਕੰਮ ਜ਼ਰੂਰ ਕਰਨਾ ਚਾਹੀਦਾ ਹੈ ਕਿ ਚੌਵੀ ਘੰਟਿਆਂ ਵਿਚੋਂ ਇਕ ਘੰਟਾ ਜ਼ਰੂਰ ਕੱਢ ਲਵੇ, ਨਾਮ ਸਿਮਰਨ ਦਾ, ਜੋ ਵੀ ਕਿਸੇ ਨੇ ਆਪਣੇ ਗੁਰੂ ਤੋਂ ਪੁੱਛਿਆ ਹੈ।"

"ਮੈਂ ਅਰਜ਼ ਕਰਾਂ ਕਿ ਹਰ ਗੁਰਦਵਾਰੇ ਵਿਚ ਘੱਟੋ-ਘੱਟ ਇਕ ਘੰਟਾ ਜਿਹੜਾ ਦਿਨ ਦਾ ਚੌਵੀਵਾਂ ਹਿੱਸਾ ਬਣਦਾ ਹੈ—ਉਹ ਜ਼ਰੂਰ ਨਾਮ ਸਿਮਰਨ ਵਿਚ ਲਾਇਆ ਜਾਵੇ। ਜੇ ਇਕ ਦਮ ਏਨਾ ਨਹੀਂ ਕਰ ਸਕਦੇ ਤਾਂ ਵੀ ਹੌਲੀ-ਹੌਲੀ ਆਦਤ ਪਾਓ ਆਪਣੇ ਆਪ ਨੂੰ। ਪੰਜ ਮਿੰਟ ਹੀ ਨਾਮ ਸਿਮਰਨ ਕਰੋ, ਫਿਰ ਦਸ ਮਿੰਟ ਕਰੋ, ਫਿਰ ਪੰਦਰਾਂ ਮਿੰਟ ਕਰੋ—ਇੰਜ ਆਦਤ ਪਾਓ ਆਪਣੇ ਆਪ ਨੂੰ। ਬੱਚਾ ਸਕੂਲ ਜਾਂਦੈ, ਹੌਲੀ ਹੌਲੀ ਉਸਨੂੰ ਆਦਤ ਪੈ ਜਾਂਦੀ ਹੈ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਹਨਾਂ ਉਪਦੇਸ਼ਾਂ ਤੋਂ ਇਹ ਭਾਵ ਨਹੀਂ ਕਿ ਮਨੁੱਖ ਨੂੰ ਦਿਨ ਵਿਚ ਸਿਰਫ ਇਕ ਘੰਟਾ ਹੀ ਨਾਮ-ਸਿਮਰਨ ਕਰਨਾ ਚਾਹੀਦਾ ਹੈ ਬਲਕਿ ਆਪ ਜੀ ਦੇ ਹੁਕਮ ਕਰਨ ਦਾ ਉਦੇਸ਼ ਹੈ ਕਿ ਘੱਟੋ ਘੱਟ ਇਕ ਘੰਟਾ ਭਜਨ ਰੋਜ਼ਾਨਾ ਜ਼ਰੂਰ ਕਰੋ ਤੇ ਫਿਰ ਇਸ ਨੂੰ ਹੌਲੀ ਹੌਲੀ ਵਧਾਉਂਦੇ ਜਾਵੋ, ਕਿਉਂਕਿ ਸਾਨੂੰ ਸਵਾਸ ਸਵਾਸ ਭਜਨ ਕਰਨਾ ਚਾਹੀਦਾ ਹੈ। ਹੁਕਮ ਤਾਂ ਇਹ ਹੈ ਕਿ ਕੋਈ ਦਮ (ਸਵਾਸ) ਵੇਹਲਾ ਨਾ ਜਾਵੇ। ਪਤਾ ਨਹੀਂ ਕਿਹੜੇ ਵੇਲੇ ਸਾਹ ਨਿਕਲਣਾ ਹੈ, ਉਸ ਵੇਲੇ ਅਸੀਂ ਨਾਮ ਜਪਦੇ ਹੋਈਏ। ਗੁਰਬਾਣੀ ਅਨੁਸਾਰ,

"ਗਗਾ ਗੋਬਿੰਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ॥
ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ॥ —ਸ੍ਰੀ ਆਦਿ ਗ੍ਰੰਥ ਪੰਨਾ ੨੫੪

## ਜਪ-ਪ੍ਰਯੋਗ ਦੀ ਪ੍ਰਥਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਬਖ਼ਸ਼ਿਸ਼ ਕੀਤੀ ਹੈ ਕਿ ਨਾਮਧਾਰੀਆਂ ਨੂੰ ਰੋਜ਼ਾਨਾ ਅੱਠ-ਅੱਠ ਘੰਟੇ ਨਾਮ ਜਪਾ ਰਹੇ ਹਨ। ਸਾਮੂਹਿਕ ਰੂਪ ਵਿਚ ਅੱਠ ਅੱਠ ਘੰਟੇ ਹਰ ਰੋਜ਼ ਨਾਮ ਸਿਮਰਨ ਕਰਨ ਨੂੰ 'ਜਪ-ਪ੍ਰਯੋਗ' ਆਖਿਆ ਜਾਂਦਾ ਹੈ। ਜਪ-ਪ੍ਰਯੋਗ ਦੀ ਪ੍ਰੰਪਰਾ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ੁਰੂ ਕੀਤੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸਮੇਂ ਵਿਚ, ਇਸ ਜਪ-ਪ੍ਰਯੋਗ ਦੀ ਪ੍ਰਥਾ ਨੂੰ ਜ਼ਾਰੀ ਹੀ ਨਹੀਂ ਰੱਖ ਰਹੇ, ਸਗੋਂ ਬਹੁਤ ਅਗਾਂਹ ਲੈ ਗਏ ਹਨ।

ਜਦੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੋਂ ਬਾਅਦ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਥ ਦੀ ਵਾਗਡੋਰ ਸੰਭਾਲੀ ਤਾਂ ਆਪ ਪੰਡਤ ਬਸੰਤ ਸਿੰਘ ਭਦਾਣਾ (ਜ਼ਿਲ੍ਹਾ ਜਲੰਧਰ) ਨੂੰ ਨਾਲ ਲੈ ਭਜਨ-ਬਾਣੀ ਵਾਸਤੇ ਉਪਰਾਲਾ ਕਰਨ ਲਈ, ਸ੍ਰੀ ਭੈਣੀ ਸਾਹਿਬੋਂ ਨਿਕਲ ਤੁਰੇ। ਮਾਤਾ ਜੀਵਨ ਕੌਰ ਜੀ ਨੇ ਪੁੱਛਿਆ, 'ਕਿਉਂ ਜਾਂਦੇ ਹੋ?'

'ਮੇਰਾ ਤਪ ਕਰਨ ਨੂੰ ਚਿੱਤ ਕਰਦੈ' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉੱਤਰ ਦਿਤਾ।

"ਤੁਸਾਂ ਅੱਗੇ ਬੜਾ ਤਪ ਕੀਤਾ ਹੋਇਆ ਹੈ—ਤਾਂ ਹੀ ਤੁਹਾਨੂੰ ਇਹ ਪ੍ਰਾਪਤੀ ਹੋਈ ਹੈ।" ਮਾਤਾ ਜੀ ਨੇ ਆਖਿਆ।

'ਮੈਂ ਬੇਹੀ ਨਹੀਂ ਖਾਣੀ, ਸੱਜਰੀ ਖਾਣੀ ਹੈ' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉੱਤਰ ਦਿਤਾ।

10 ਸਾਉਣ ਤੋਂ 20 ਭਾਦੋਂ ਤਕ ਰੋਪੜ ਵਾਲੀ ਨਹਿਰ ਦੇ ਕਿਨਾਰੇ ਵਾਲੇ ਡੇਰੇ 'ਤੇ ਕੱਖਾਂ ਦੀ ਕੁੱਲੀ ਵਿਚ 40 ਦਿਨ ਤਪ ਕਰ ਕੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਪ-ਪ੍ਰਯੋਗ ਦਾ ਆਰੰਭ ਕੀਤਾ। ਪਹਿਲੋਂ ਸੱਚੇ ਪਾਤਸ਼ਾਹ ਜੀ ਇਹ ਸਾਲਾਨਾ ਜਪ-ਪ੍ਰਯੋਗ ਨਹਿਰ ਵਾਲੇ ਡੇਰੇ 'ਤੇ ਹੀ ਕਰਦੇ ਸਨ ਤੇ ਜਦੋਂ ਤੋਂ ਸੰਨ 1926-27 ਵਿਚ ਬੇਅੰਤ ਜੀ ਗੜ੍ਹਦੀਵਾਲ ਤੋਂ ਸ੍ਰੀ ਭੈਣੀ ਸਾਹਿਬ ਆਏ, ਉਦੋਂ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਪ-ਪ੍ਰਯੋਗ ਸ੍ਰੀ ਭੈਣੀ ਸਾਹਿਬ ਹੀ ਕਰਨ ਲੱਗੇ।

ਨਾਮਧਾਰੀ ਸਿੱਖਾਂ ਦੇ ਨਾਮ ਦੇ ਖ਼ਜ਼ਾਨੇ ਨੂੰ ਭਰੀ ਰੱਖਣ ਲਈ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਐਸ ਵੇਲੇ ਜਪ-ਪ੍ਰਯੋਗ ਨੂੰ ਇਕ ਬਹੁਤ ਵਿਸ਼ਾਲ ਰੂਪ ਦੇ ਦਿੱਤਾ ਹੈ। ਨਿਯਮਤ ਰੂਪ ਵਿਚ ਅੱਸੂ ਦੇ ਮਹੀਨੇ ਵਿਚ ਜਪ-ਪ੍ਰਯੋਗ ਕਰਨ ਤੋਂ ਇਲਾਵਾ, ਇਹ ਪ੍ਰਯੋਗ ਹੁਣ ਸ੍ਰੀ ਭੈਣੀ ਸਾਹਿਬ ਵਿਖੇ ਰੋਜ਼ਾਨਾ, ਸਾਰਾ ਸਾਲ ਚਲਦਾ ਹੀ ਰਹਿੰਦਾ ਹੈ ਅਰਥਾਤ ਰੋਜ਼ਾਨਾ ਅੱਠ ਘੰਟੇ ਨਾਮ-ਸਿਮਰਨ ਹੁੰਦਾ ਹੈ ਜਿਸ ਵਿਚ ਮਾਈ ਭਾਈ, ਬੱਚੇ ਬਿਰਧ ਸਾਰੇ ਹੀ ਸ਼ਾਮਲ ਹੁੰਦੇ ਹਨ। ਸਾਰੀ ਸੰਗਤ ਨੂੰ ਪ੍ਰੇਰ ਕੇ ਵਿਚ ਆਪ ਬੈਠ ਕੇ ਲਗਾਤਾਰ, ਅੱਠ-ਅੱਠ ਘੰਟੇ ਨਾਮ ਸਿਮਰਨ ਕਰਨਾ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਾਨ ਕ੍ਰਿਪਾ ਹੈ।

## ਨਿਰੰਤਰ ਜਪ-ਪ੍ਰਯੋਗ

ਸੰਨ 1987 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੂਰਾ ਇਕ ਸਾਲ ਸ੍ਰੀ ਭੈਣੀ ਸਾਹਿਬ ਰਹਿ ਕੇ ਇਸ ਜਪ-ਪ੍ਰਯੋਗ ਨੂੰ ਨਿਰੰਤਰ ਜਾਰੀ ਕਰ ਦਿਤਾ। ਪੂਰਾ ਇਕ ਸਾਲ ਸੱਚੇ ਪਾਤਸ਼ਾਹ

ਜੀ ਕਿਧਰੇ ਨਹੀਂ ਗਏ, ਸ੍ਰੀ ਭੈਣੀ ਸਾਹਿਬ ਹੀ ਰਹੇ। ਜੇ ਕਦੇ ਕਿਧਰੇ ਜ਼ਰੂਰੀ ਜਾਣਾਂ ਵੀ ਪਿਆ ਤਾਂ ਸਵੇਰੇ ਜਾ ਕੇ ਸ਼ਾਮ ਨੂੰ ਵਾਪਸ ਮੁੜ ਆਉਂਦੇ ਸਨ। ਉਦੋਂ ਤੋਂ ਹੀ ਸ੍ਰੀ ਭੈਣੀ ਸਾਹਿਬ ਵਿਖੇ ਹਰ ਰੋਜ਼ ਸਵੇਰੇ ਬਾਰਾਂ, ਇਕ ਜਾਂ ਦੋ ਵਜੇ ਤੋਂ ਸ਼ੁਰੂ ਹੋ ਕੇ ਸੂਰਜ ਚੜ੍ਹਨ ਤੀਕ ਅਤੇ ਦੁਪਹਿਰ ਨੂੰ ਬਾਰਾਂ ਤੋਂ ਚਾਰ ਵਜੇ ਤੀਕ ਜਪ-ਪ੍ਰਯੋਗ ਹੁੰਦਾ ਹੈ, ਜਿਸ ਵਿਚ ਰੋਜ਼ਾਨਾ ਔਸਤਨ ਪੰਜ ਸੌ ਤੋਂ ਉੱਪਰ ਸਰੀਰ ਹਾਜ਼ਰ ਹੁੰਦੇ ਹਨ। ਕਦੇ ਕਦੇ ਇਹ ਗਿਣਤੀ ਘਟ ਕੇ ਤਿੰਨ ਸੌ 'ਤੇ ਵੀ ਆ ਜਾਂਦੀ ਹੈ ਤੇ ਫਿਰ ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਅਤੇ ਹੁਕਮ ਅਨੁਸਾਰ ਸੱਤ ਸੌ ਤੋਂ ਉੱਪਰ ਵੀ ਜਾ ਪਹੁੰਚਦੀ ਹੈ। ਮਾਰਚ ਦੇ ਪਹਿਲੇ ਹਫ਼ਤੇ ਸੰਨ 1996 ਨੂੰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੰਦਰ ਵਿਚ ਸਵੇਰੇ ਜਪ-ਪ੍ਰਯੋਗ ਕਰਨ ਵਾਲਿਆਂ ਦੀ ਗਿਣਤੀ ਸੱਤ ਸੌ ਤੋਂ ਵੀ ਉੱਪਰ ਜਾ ਪੁੱਜੀ। ਤੜਕਸਾਰ ਠੰਡ ਪੈਂਦੀ ਵਿਚ ਮੰਦਰ ਵਿਚ ਸਾਰੇ ਸਰੀਰ ਪੂਰੇ ਨਾ ਆ ਸਕਣ ਕਾਰਨ ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਕ ਦੋ ਦਿਨਾਂ ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੰਦਰ ਦਾ ਵਿਸਥਾਰ ਕਰਨਾ ਪਿਆ। ਪਿਛਲੀ ਕੰਧ ਢਾਹ ਕੇ ਵਿਚ ਹੋਰ ਥਾਂ ਰਲਾ ਕੇ ਇਸ ਹਾਲ ਨੂੰ ਵੱਡਾ ਕੀਤਾ ਗਿਆ। ਮੈਨੂੰ ਵੀ ਇਸ ਸਮੇਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਸ ਦਿਨ ਮੈਂ ਹਾਜ਼ਰੀ ਵਾਲੇ ਰਜਿਸਟਰ ਵਿਚ ਲਗੀ ਹਾਜ਼ਰੀ ਵੇਖੀ। ਇਸ ਸਾਰੇ ਚਲ ਰਹੇ ਜਪ-ਪ੍ਰਯੋਗ ਦੀ ਵੀ.ਡੀ.ਓ. ਅਤੇ ਫੋਟੋਗ੍ਰਾਫੀ ਕੀਤੀ ਜਾਂਦੀ ਹੈ।

ਜਿਸ ਦਿਨ ਪ੍ਰਯੋਗ ਦੀ ਸ਼ੁਰੂਆਤ ਹੁੰਦੀ ਹੈ ਉਸੇ ਦਿਨ ਭਜਨ ਦੀ ਨਿਰੰਤਰ ਵਰਨੀ ਸ਼ੁਰੂ ਹੋ ਜਾਂਦੀ ਹੈ, ਜਿਸ ਦਾ ਭੋਗ ਅੱਸੂ ਦੇ ਜਪ-ਪ੍ਰਯੋਗ ਦੇ ਮੇਲੇ (ਅੱਸੂ ਦੇ ਮੇਲੇ) 'ਤੇ ਪਾਇਆ ਜਾਂਦਾ ਹੈ। ਇਸੇ ਤਰ੍ਹਾਂ ਹੋਲੇ ਦੇ ਮੇਲੇ ਲਈ, ਜਿਸ ਦਿਨ, ਜਿਥੇ ਅਤੇ ਜਿਸ ਨੂੰ ਪ੍ਰਵਾਨਗੀ ਮਿਲਦੀ ਹੈ, ਜਿਥੇ ਵੀ ਹੋਲਾ ਹੋਵੇ, ਇਕ ਸਾਲ ਲਈ ਨਿਰੰਤਰ ਵਰਨੀ ਸ਼ੁਰੂ ਕਰ ਲਈ ਜਾਂਦੀ ਹੈ। ਨਿਰੰਤਰ ਵਰਨੀ ਕਰਨ ਵਾਸਤੇ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ। (ਨਿਰੰਤਰ ਵਰਨੀ ਬਾਰੇ 'ਅਖੰਡ ਵਰਨੀਆਂ ਤੇ ਹਵਨ' ਅਧਿਆਏ ਵਿਚ ਪੜ੍ਹੋ)

### ਇਕ ਮਹੀਨੇ ਦਾ ਜਪ-ਪ੍ਰਯੋਗ ਤੇ ਅੱਸੂ ਦਾ ਮੇਲਾ

ਸਾਲ ਵਿਚ ਅੱਸੂ ਦੇ ਮਹੀਨੇ ਵਿਚ, ਇਕ ਮਿਥੇ ਸਮੇਂ ਵਿਚ ਅਰਥਾਤ ਚਾਲੀ ਦਿਨ ਜਾਂ ਇਕ ਮਹੀਨਾ ਪੂਰਨ ਸੁੱਚ ਸੋਧ ਅਤੇ ਮਰਿਯਾਦਾ ਨਾਲ ਅੱਠ ਘੰਟੇ ਸਾਮੂਹਿਕ ਨਾਮ-ਸਿਮਰਨ ਕੀਤਾ ਜਾਂਦਾ ਹੈ। ਜੋਤ ਜਗਾ ਕੇ, ਕੁੰਭ ਰੱਖ ਕੇ, ਅਰਦਾਸ ਕਰ ਕੇ, ਇਕ ਵਿਅਕਤੀ ਮਘਦੇ ਕੋਲਿਆਂ 'ਤੇ ਹਵਨ-ਸਮੱਗਰੀ ਪਾਉਂਦਾ ਰਹਿੰਦਾ ਹੈ ਅਤੇ ਸਾਰੇ ਸਰੀਰ ਸਵੇਰੇ ਦੋ ਵਜੇ ਤੋਂ ਸੂਰਜ ਚੜ੍ਹਨ ਤੀਕ ਅਤੇ ਦੁਪਹਿਰ ਨੂੰ ਬਾਰਾਂ ਤੋਂ ਚਾਰ ਵਜੇ ਤੀਕ ਦੁਅੱਖਰੇ ਨਾਮ ਦਾ ਸਿਮਰਨ ਨਿਤਾ-ਪ੍ਰਤੀ ਕਰਦੇ ਹਨ।

ਸਿੰਘ, ਹਰੀ ਮੰਦਰ ਵਿਚ ਤੇ ਬੀਬੀਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਾਲੇ ਮੰਦਰ ਵਿਚ, ਦੋ ਵਜੇ ਤੋਂ ਪੰਜ ਵਜੇ ਤੀਕ ਵੱਖੋ ਵੱਖਰਿਆਂ ਜਪ-ਪ੍ਰਯੋਗ ਵਿਚ ਬੈਠਦੇ ਹਨ। ਪੰਜ ਵਜੇ ਮਾਈਆਂ ਤੇ ਸਿੰਘ, ਸਾਰੇ ਸਰੀਰ ਵਾਰ ਵਿਚ ਆ ਜਾਂਦੇ ਹਨ ਤੇ ਸੂਰਜ ਚੜ੍ਹਨ ਤੀਕ ਭਜਨ ਕਰਦੇ ਹਨ। ਦੁਪਹਿਰ ਨੂੰ ਬਾਰਾਂ ਵਜੇ ਤੋਂ ਪੌਣੇ ਇਕ ਵਜੇ ਤੀਕ ਕਿਸੇ ਵੀ ਧਾਰਮਕ ਗ੍ਰੰਥ ਦੀ ਕਥਾ ਅਤੇ ਪੌਣੇ ਦੋ ਵਜੇ ਤੀਕ ਭਾਈ ਸੰਤੋਖ ਸਿੰਘ ਵਾਲੇ ਗ੍ਰੰਥ ਦੀ ਕਥਾ ਹੁੰਦੀ ਹੈ। ਕਥਾ ਤੋਂ ਪਹਿਲੋਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਹਰ ਰੋਜ਼ ਪੜ੍ਹਿਆ ਜਾਂਦਾ ਹੈ ਜਿਸ ਨੂੰ ਅਕਸਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪੜ੍ਹਨ ਦੀ ਕ੍ਰਿਪਾਲਤਾ ਕਰਦੇ ਹਨ। ਪੌਣੇ ਦੋ ਤੋਂ ਪੌਣੇ ਤਿੰਨ ਨਾਮ-ਸਿਮਰਨ ਉਪ੍ਰੰਤ ਕੀਰਤਨ ਹੁੰਦਾ ਹੈ ਤੇ ਚਾਰ ਵਜੇ ਸਿੰਘਾਂ ਤੇ ਬੀਬੀਆਂ ਦੇ ਜਪ-ਪ੍ਰਯੋਗ ਦੀ ਅਰਦਾਸ ਹੁੰਦੀ ਹੈ। ਇਸ ਮਗਰੋਂ ਸਾਰੇ ਜਪ-ਪ੍ਰਯੋਗ ਵਿਚ ਭਾਗ ਲੈਣ ਵਾਲੇ ਸਿੰਘ ਹੱਲੇ ਦਾ ਸ਼ਬਦ ਜੋਟੀਆਂ ਦਾ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੋਠੀ ਵਿਚ, ਘਾਹ 'ਤੇ ਬੈਠ ਕੇ ਪੜ੍ਹਦੇ ਹਨ, ਕਈ ਵਾਰ ਸ੍ਰੀ ਸਤਿਗੁਰੂ ਜੀ ਆਪ ਵੀ ਕਿਰਪਾ ਕਰਦੇ ਹਨ।

17 ਸਤੰਬਰ 1995 ਨੂੰ ਜਪ-ਪ੍ਰਯੋਗ ਦੀ ਸ਼ੁਰੂਆਤ ਸਮੇਂ ਪਹਿਲੇ ਦਿਨ 518 ਬੀਬੀਆਂ ਅਤੇ 450 ਸਿੰਘਾਂ ਨੇ ਅਰਥਾਤ ਕੁੱਲ 968 ਸਰੀਰਾਂ ਨੇ ਜਪ-ਪ੍ਰਯੋਗ ਵਿਚ ਭਾਗ ਲਿਆ। ਮਗਰੋਂ ਹੋਰ ਸੰਗਤ ਆ ਕੇ ਸ਼ਾਮਲ ਹੁੰਦੀ ਰਹੀ, ਇਸ ਜਪ-ਪ੍ਰਯੋਗ ਦਾ ਭੋਗ 17 ਅਕਤੂਬਰ 1995, ਇਕ ਕੱਤਕ ੨੦੫੨ ਨੂੰ ਪਾਇਆ ਗਿਆ।

ਸ੍ਰੀ ਭੈਣੀ ਸਾਹਿਬ ਵਿਖੇ ਸੰਨ 1996 (ਸੰਮਤ ੨੦੫੩) ਦੇ ਜਪ ਪ੍ਰਯੋਗ ਸਮੇਂ ਰੋਜ਼ਾਨਾ 1300 ਤੋਂ ਵਧ ਸਰੀਰ ਜਪ-ਪ੍ਰਯੋਗ 'ਚ ਸ਼ਾਮਲ ਹੁੰਦੇ ਰਹੇ।

ਜਪ-ਪ੍ਰਯੋਗ ਦੇ ਭੋਗ ਤੋਂ ਬਾਅਦ ਵੱਡੀ ਪੱਧਰ 'ਤੇ ਤਿੰਨ-ਚਾਰ ਦਿਨਾਂ ਦਾ 'ਅੱਸੂ ਦਾ ਮੇਲਾ' ਕੀਤਾ ਜਾਂਦਾ ਹੈ, ਜਿਸ ਵਿਚ ਦੇਸ਼-ਵਿਦੇਸ਼ਾਂ ਤੋਂ ਅਣਗਿਣਤ ਸਾਧ-ਸੰਗਤ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੀ ਹੈ। ਇਸ ਨੂੰ 'ਅੱਸੂ ਦਾ ਮੇਲਾ' ਇਸ ਕਰਕੇ ਆਖਿਆ ਜਾਂਦਾ ਹੈ ਕਿਉਂਕਿ ਇਹ ਆਮ ਤੌਰ 'ਤੇ ਅੱਸੂ ਦੇ ਮਹੀਨੇ ਵਿਚ ਕੀਤਾ ਜਾਂਦਾ ਹੈ। ਇਸ ਮੇਲੇ ਦੌਰਾਨ ਸਵੇਰੇ ਸ਼ਾਮ ਆਸਾ ਦੀ ਵਾਰ ਤੋਂ ਮਗਰੋਂ ਸਾਰਾ ਦਿਨ ਤੇ ਰਾਤ ਹੱਲੇ ਦੇ ਦੀਵਾਨਾਂ ਵਿਚ ਗੁਜ਼ਰਦੇ ਹਨ। ਮੇਲੇ ਵਿਚ ਕਵੀ-ਦਰਬਾਰ ਹੁੰਦਾ ਹੈ, ਵਿਦਵਾਨਾਂ ਦੇ ਵਖਿਆਨ ਹੁੰਦੇ ਹਨ, ਕਈ ਮਹਤੱਵਪੂਰਨ ਵਿਸ਼ੇਸ਼ ਬੈਠਕਾਂ ਹੁੰਦੀਆਂ ਹਨ, ਸਾਮੂਹਿਕ ਅਨੰਦ ਕਾਰਜ ਹੁੰਦੇ ਹਨ ਤੇ ਪਾਠਾਂ ਦੇ ਭੋਗ ਪਾਏ ਜਾਂਦੇ ਹਨ। ਸਾਰੀ ਸਾਧ-ਸੰਗਤ ਸ੍ਰੀ ਸਤਿਗੁਰੂ ਜੀ ਦੇ ਪਾਵਨ ਪ੍ਰਵਚਨ ਸਰਵਣ ਕਰ ਆਪਣਾ ਜੀਵਨ ਸਫਲ ਕਰਦੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਗੁਰ-ਗੱਦੀ 'ਤੇ ਸੁਸ਼ੋਭਿਤ ਹੋਣ ਤੋਂ ਉਪ੍ਰੰਤ ਕੁਝ ਸਾਲ ਇਹ ਜਪ-ਪ੍ਰਯੋਗ ਤੇ ਅੱਸੂ ਦਾ ਮੇਲਾ ਸ੍ਰੀ ਭੈਣੀ ਸਾਹਿਬ (ਰਾਮਸਰ) ਕਰਨ ਲੱਗੇ। ਮਗਰੋਂ ਵਾਰੀ

ਵਾਰੀ ਕਈ ਪਿੰਡਾਂ ਸੰਤ ਨਗਰ, ਮਸਤਾਨਗੜ੍ਹ, ਜਗਜੀਤ ਨਗਰ, ਸਤਾਰਾ ਓ (ਰਾਜਸਥਾਨ), ਟਿੱਬੇ ਅਤੇ ਦਮਦਮੇ ਆਦਿ ਪਿੰਡਾਂ ਵਿਚ ਵੀ ਜਪ-ਪ੍ਰਯੋਗ (ਅੱਸੂ ਦੇ ਮੇਲੇ) ਕੀਤੇ ਗਏ।

ਅੱਸੂ ਦਾ ਮੇਲਾ ਜਿਥੇ ਕਿਧਰੇ ਵੀ ਹੋਵੇ, ਪ੍ਰਯੋਗ ਦੇ ਦਿਨਾਂ ਵਿਚ ਮੀਂਹ ਜ਼ਰੂਰ ਪੈਂਦਾ ਹੈ। ਸ੍ਰੀ ਭੈਣੀ ਸਾਹਿਬ ਪਿੰਡ ਦੇ ਲੋਕ ਇਹ ਸੋਚ ਕੇ ਕਿ ਇਸ ਮੇਲੇ 'ਤੇ ਮੀਂਹ ਤਾਂ ਪੈਣਾ ਹੀ ਪੈਣਾ ਹੈ, ਇਸ ਮਹੀਨੇ ਫਸਲ ਨੂੰ ਖਾਦ ਪਾ ਦਿੰਦੇ ਹਨ। ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਇਹ ਮੇਲਾ ਸ੍ਰੀ ਭੈਣੀ ਸਾਹਿਬ ਦੀ ਬਜਾਏ ਹੋਰ ਕਈ ਪਿੰਡਾਂ ਵਿਚ ਹੁੰਦਾ ਰਿਹਾ ਤਾਂ ਸ੍ਰੀ ਭੈਣੀ ਸਾਹਿਬ ਪਿੰਡ ਵਾਲਿਆਂ ਨੇ ਇਕੱਠੇ ਹੋ ਕੇ ਅਰਜ਼ ਕੀਤੀ ਕਿ 'ਸੱਚੇ ਪਾਤਸ਼ਾਹ ਜੀ, ਅੱਸੂ ਦੇ ਮੇਲੇ ਨੂੰ ਸ੍ਰੀ ਭੈਣੀ ਸਾਹਿਬ ਤੋਂ ਪਾਸੇ ਨਾ ਲਿਜਾਵੋ, ਅਸੀਂ ਤਾਂ ਫਸਲਾਂ ਵਿਚ ਖਾਦ ਪਹਿਲੋਂ ਹੀ ਪਾ ਦਿੰਦੇ ਹਾਂ ਕਿ ਮੀਂਹ ਜ਼ਰੂਰ ਪੈਣਾ ਹੈ ਜੇ ਇਹ ਮੇਲਾ ਸ੍ਰੀ ਭੈਣੀ ਸਾਹਿਬ ਨਾ ਹੋਇਆ ਤਾਂ ਸਾਡੀਆਂ ਫਸਲਾਂ ਸੁੱਕ ਜਾਣਗੀਆਂ।' ਕ੍ਰਿਪਾ ਨਿਧਾਨ ਸ੍ਰੀ ਸਤਿਗੁਰੂ ਜੀ ਨੇ ਪਿੰਡ ਵਾਲਿਆਂ ਦੀ ਸ਼ਰਧਾ ਤੇ ਅਰਜ਼ ਪ੍ਰਵਾਨ ਕਰਦਿਆਂ ਹੁਕਮ ਕੀਤਾ ਕਿ ਜੇ ਇਹ ਪ੍ਰਯੋਗ ਕਿਸੇ ਹੋਰ ਥਾਂ ਚਲਾ ਜਾਵੇ ਤਾਂ ਵੀ ਅੱਸੂ ਦਾ ਮੇਲਾ (3-4 ਦਿਨਾਂ ਦਾ) ਹਰ ਸਾਲ ਸ੍ਰੀ ਭੈਣੀ ਸਾਹਿਬ ਜ਼ਰੂਰ ਹੋਇਆ ਕਰੇਗਾ।

ਸ੍ਰੀ ਭੈਣੀ ਸਾਹਿਬ ਵਿਖੇ ਸੰਨ 1997 ਦਾ ਇਕ ਮਹੀਨੇ ਦਾ ਜਪ-ਪ੍ਰਯੋਗ 17 ਸਤੰਬਰ (2 ਅੱਸੂ ੨੦੫੪) ਤੋਂ ਸ਼ੁਰੂ ਹੋਇਆ, ਇਸ ਪ੍ਰਯੋਗ ਦੀ ਸਮਾਪਤੀ 16 ਅਕਤੂਬਰ (੩੧ ਅੱਸੂ ੨੦੫੪) ਨੂੰ ਹੋਈ ਅਤੇ 16 ਤੋਂ 19 ਅਕਤੂਬਰ (੩੧ ਅੱਸੂ ਤੋਂ ੩ ਕੱਤਕ) ਤਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਅੱਸੂ ਦਾ ਮੇਲਾ ਹੋਇਆ।

17 ਸਤੰਬਰ 1997 (੨ ਅੱਸੂ ੨੦੫੪) ਦਿਨ ਬੁੱਧਵਾਰ ਨੂੰ ਜਿਸ ਦਿਨ ਜਪ-ਪ੍ਰਯੋਗ ਸ਼ੁਰੂ ਹੋਇਆ, ਕੁਲ 1456 ਸਰੀਰਾਂ ਦੀ ਇਸ ਪ੍ਰਯੋਗ ਵਿਚ ਹਾਜ਼ਰੀ ਸੀ।

## ਸ੍ਰੀ ਸਤਿਗੁਰੂ ਜੀ ਦੇ ਜਪ-ਅਸਥਾਨਾਂ ਦਾ ਵੇਰਵਾ

ਸ੍ਰੀ ਸਤਿਗੁਰੂ ਜੀ ਆਪਣਾ ਵੱਖਰਾ ਜਪ-ਪ੍ਰਯੋਗ ਕਰਦੇ ਹਨ। ਸੰਗਤ 'ਚ ਬਿਰਾਜਮਾਨ ਹੋ ਕੇ ਵੀ ਨਾਮ ਸਿਮਰਨ ਕਰਦੇ ਹਨ।

ਸ੍ਰੀ ਭੈਣੀ ਸਾਹਿਬ ਰਾਮਸਰ ਵਿਖੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਵਰਨੀ ਦੇ ਲਾਗੇ ਇਕ ਛੱਪਰ ਵਿਚ ਜਪ-ਪ੍ਰਯੋਗ ਕੀਤਾ ਕਰਦੇ ਸਨ ਇਸ ਨੂੰ ਸੱਚੇ ਪਾਤਸ਼ਾਹ ਜੀ ਦਾ 'ਬਾਹਰਲਾ ਡੇਰਾ' ਆਖਿਆ ਜਾਂਦਾ ਸੀ। ਇਸ ਡੇਰੇ ਵਿਚ ਭਜਨ ਕਰਨ ਵਾਲੇ ਥੜ੍ਹੇ ਦੁਆਲੇ ਇਕ ਖਾਈ ਬਣੀ ਹੋਈ ਹੈ। ਇਸੀ ਖਾਈ ਵਿਚ ਪਾਣੀ ਪਾਇਆ ਹੁੰਦਾ ਸੀ ਤਾਂ ਜੋ ਸਿਮਰਨ ਕਰਨ ਵੇਲੇ ਕੋਈ ਕੀੜਾ-ਮਕੌੜਾ ਤੰਗ ਨਾ ਕਰੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਸਕਾਰ ਵੀ ਇਸੇ ਥਾਂ ਦੇ ਨੇੜੇ

ਕੀਤਾ ਗਿਆ ਸੀ। ਇਸ ਕਾਨਿਆਂ ਵਾਲੇ ਛੱਪਰ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸੇ ਤਰ੍ਹਾਂ ਸੰਭਾਲ ਕੇ ਪੁਰਾਣੀ ਯਾਦ ਨੂੰ ਕਾਇਮ ਰਖਿਆ ਹੈ ਤੇ ਜੋੜਾ ਲਾਹ ਕੇ ਅਦਬ ਨਾਲ ਇਸ ਥੜੇ ਨੂੰ ਨਮਸਕਾਰ ਕਰਦੇ ਹਨ। (ਇਸ ਛੱਪਰ ਦੇ ਸਾਹਮਣੇ ਵਾਲੇ ਛੱਪਰ ਵਿਚ, ਵੱਡੇ ਬਾਬਾ ਜੀ ਦੇ ਰੂਪ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਡੇਰਾ ਹੋਇਆ ਕਰਦਾ ਸੀ।)

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਜਨ ਕਰਨ ਵਾਲੇ ਥੜੇ ਦੇ ਲਾਗੇ ਹੀ ਇਕ ਹੋਰ ਥੜਾ (ਜਪ-ਅਸਥਾਨ) ਹੈ, ਜਿਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ 'ਤੇ ਸੁਸ਼ੋਭਿਤ ਹੋਣ ਉਪਰੰਤ ਕੁਝ ਸਾਲ ਜਪ-ਪ੍ਰਯੋਗ ਕਰਦੇ ਰਹੇ ਹਨ। ਇਸ ਥੜੇ ਦੁਆਲੇ ਵੀ ਖਾਈ ਬਣੀ ਹੋਈ ਹੈ।

ਸ੍ਰੀ ਸਤਿਗੁਰੂ  ਜਗਜੀਤ ਸਿੰਘ ਜੀ, ਪਿਛਲੇ ਕੁਝ ਸਾਲਾਂ ਤੋਂ ਬਾਗ ਵਾਲੀ ਕੋਠੀ ਵਿਖੇ ਹੀ ਜਪ-ਪ੍ਰਯੋਗ ਕਰਦੇ ਹਨ। ਇਸ ਕੋਠੀ ਅੰਦਰਲੇ ਇਕ ਵੱਡੇ ਕਮਰੇ ਵਿਚ ਉਹ ਅਸਥਾਨ ਹੈ ਜਿਥੇ ਬੈਠ ਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤਪ ਕਰਿਆ ਕਰਦੇ ਸਨ। ਇਥੇ ਨਿਰੰਤਰ ਵਰਨੀ ਵੀ ਕਈ ਸਾਲ ਚਲਦੀ ਰਹੀ ਹੈ। ਇਸ ਕਮਰੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਿਰਾਜਦੇ ਰਹੇ ਹਨ। ਉਸ ਪਲੰਘ ਨੂੰ, ਜਿਸ 'ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਿਰਾਜਦੇ ਹੁੰਦੇ ਸਨ, ਸ੍ਰੀ ਸਤਿਗੁਰੂ ਜੀ ਦੀ ਯਾਦ ਵਿਚ ਸੁਰੱਖਿਅਤ ਰਖਿਆ ਹੋਇਆ ਹੈ।

ਪਹਿਲੋਂ ਵਾਲੇ ਨਕਸ਼ੇ ਨੂੰ ਉਸੇ ਤਰ੍ਹਾਂ ਰਖਦਿਆਂ ਸੰਨ 1987 ਵਿਚ ਇਸ ਬਾਗ ਵਾਲੀ ਕੋਠੀ ਦਾ ਨਵੀਨੀਕਰਣ ਕੀਤਾ ਗਿਆ ਹੈ। ਇਸ ਕੋਠੀ ਵਿਚ ਇਸਤਰੀਆਂ ਦਾ ਜਾਣਾ ਵਿਵਰਜਿਤ ਹੈ। ਜਿਥੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਤਪ ਕੀਤਾ ਸੀ, ਉਸੇ ਕਮਰੇ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਪ-ਪ੍ਰਯੋਗ ਕਰਦੇ ਹਨ। ਇਸ ਕਮਰੇ ਵਿਚ ਫਰਸ਼ ਤੋਂ ਪੰਜ ਇੰਚ ਉੱਚੀ, 3X4 ਫੁੱਟ ਦੀ ਲਕੜੀ ਦਾ ਚੌਂਕੀ ਹੈ, ਜਿਸ ਦੇ ਪਾਵਿਆਂ ਥੱਲੇ ਬਾਟੇ ਰੱਖ ਕੇ ਪਾਣੀ ਪਾਇਆ ਹੁੰਦਾ ਹੈ। ਸੁੱਚ ਸੋਧ ਦਾ ਇਸ਼ਨਾਨ ਕਰ ਕੇ ਧੂਪ, ਦੀਪ, ਕੁੰਭ ਰਖ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਡੋਲ ਤੇ ਸਿੱਧੇ (ਬਿਨਾਂ ਕਮਰ 'ਚ ਵਲ ਪਾਏ), ਚੌਂਕੀ ਉਪਰ ਵਿਛਾਈ ਇਕ ਅੰਡੀ ਦੀ ਸੁੱਚੀ ਚਾਦਰ 'ਤੇ ਸੁਸ਼ੋਭਿਤ ਹੋ ਸਮਾਧੀਲੀਨ ਹੁੰਦੇ ਹਨ।

### ਜਪ ਪ੍ਰਯੋਗ ਦੀ ਮਰਿਯਾਦਾ

ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਛੱਪਰ ਵਿਚ ਜਪ-ਪ੍ਰਯੋਗ ਕੀਤਾ ਕਰਦੇ ਸਨ, ਉਦੋਂ ਪੂਰਨ ਸੁੱਚ-ਸੋਧ ਤੇ ਮਰਿਯਾਦਾ ਰੱਖਣ ਲਈ, ਪਹਿਰਾ ਲੱਗਿਆ ਹੁੰਦਾ ਸੀ ਤਾਂ ਜੋ ਕੋਈ ਨੇੜੇ ਜੰਗਲ ਪਾਣੀ ਨਾ ਜਾਵੇ। ਪਹਿਰੇ ਵਾਲੇ ਸੰਗਤ ਨੂੰ ਦੱਸਦੇ ਸਨ ਕਿ ਇਸ ਹੱਦ ਤੋਂ ਅੱਗੇ ਜੰਗਲ ਪਾਣੀ ਜਾਣਾ ਹੈ ਅਤੇ ਟੋਆ ਪੁੱਟ ਕੇ ਜੰਗਲ  ਜਾਣ ਉਪ੍ਰੰਤ ਮਿੱਟੀ ਪਾ

ਦੇਣੀ ਚਾਹੀਦੀ ਹੈ। ਉਸ ਹੱਦ 'ਤੇ ਨਿਸ਼ਾਨੀ ਵਜੋਂ ਝੰਡੀਆਂ ਲਗਾ ਦਿੱਤੀਆਂ ਜਾਂਦੀਆਂ ਸਨ। ਹੁਣ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕ੍ਰਿਪਾ ਕੀਤੀ ਹੈ, ਥਾਂ ਥਾਂ ਫਲੱਸ਼ਾਂ ਅਤੇ ਗੁਸਲਖਾਨੇ ਬਣਵਾ ਕੇ ਸਾਰੀ ਸਾਧ-ਸੰਗਤ ਲਈ ਹਰ ਪ੍ਰਕਾਰ ਨਾਲ ਸੁਖ ਸੁਵਿਧਾਵਾਂ ਉਪਲਬਧ ਕਰਾ ਦਿਤੀਆਂ ਹਨ। ਉਨ੍ਹੀਂ ਦਿਨੀਂ ਮਾਈਆਂ-ਬੀਬੀਆਂ ਨੂੰ ਛੱਪਰ ਵਾਲੇ ਪਾਸੇ ਜਾਣ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਸਿਮ੍ਰਤੀ ਮੰਦਰ ਤੋਂ ਚੜ੍ਹਦੇ ਵੱਲ, ਪਹਾੜ ਵਾਲੇ ਪਾਸੇ ਜਾਣ ਦੀ ਮਨਾਹੀ ਹੁੰਦੀ ਸੀ ਤੇ ਸਿੰਘਾਂ ਨੂੰ ਵੀ ਜਿਥੇ ਜਪ-ਪ੍ਰਯੋਗ ਵਾਲੀਆਂ ਮਾਈਆਂ ਦੇ ਡੇਰੇ ਲਗਾਏ ਜਾਂਦੇ ਸਨ, ਉਥੇ ਜਾਣ ਦੀ ਮਨਾਹੀ ਹੁੰਦੀ ਸੀ।

ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਵੀ ਮਾਈਆਂ ਤੇ ਭਾਈ ਅੱਡੋ-ਅੱਡ ਥਾਵਾਂ'ਤੇ ਬੈਠ ਕੇ ਪ੍ਰਯੋਗ ਕਰਦੇ ਹਨ।

ਅੱਸੂ ਦੇ ਜਪ-ਪ੍ਰਯੋਗ ਦੇ ਦਿਨਾਂ ਦਰਮਿਆਨ ਸ੍ਰੀ ਸਤਿਗੁਰੂ ਜੀ ਅਤੇ ਜਪ-ਪ੍ਰਯੋਗ ਵਿਚ ਹਿੱਸਾ ਲੈਣ ਵਾਲੇ ਸਿੰਘਾਂ ਦਾ ਲੰਗਰ ਵੱਖਰਾ ਹੁੰਦਾ ਹੈ। ਇਨ੍ਹਾਂ ਦੇ ਲੰਗਰ ਵਿਚ ਮਾਈਆਂ-ਬੀਬੀਆਂ ਹੱਥ ਨਹੀਂ ਲਾ ਸਕਦੀਆਂ। ਜੇ ਪ੍ਰਯੋਗ ਵਾਲੀ ਥਾਂ ਤੋਂ ਸ੍ਰੀ ਸਤਿਗੁਰੂ ਜੀ ਨੇ ਦਿਨ ਵਿਚ ਕਿਧਰੇ ਬਾਹਰ ਵੀ ਜਾਣਾ ਹੁੰਦਾ ਹੈ ਤਾਂ ਵੀ ਬਾਹਰੋਂ ਕੁਝ ਨਹੀਂ ਛਕਦੇ, ਜਾਂ ਪ੍ਰਯੋਗ ਵਾਲੇ ਲੰਗਰ ਵਿਚੋਂ ਹੀ ਜੋ ਕੁਝ ਛਕਣ ਲਈ ਨਾਲ ਲਿਆਂਦਾ ਗਿਆ ਹੋਵੇ, ਉਹ ਹੀ ਛਕਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਪ-ਪ੍ਰਯੋਗ ਵਿਚ ਹਿੱਸਾ ਲੈਣ ਵਾਲਿਆਂ ਨੂੰ ਦੱਸਦੇ ਹਨ ਕਿ ਕਮਰ ਸਿਧੀ ਰੱਖ ਕੇ, ਧਿਆਨ ਬਾਹਰਮੁਖੀ ਚੀਜ਼ਾਂ ਤੋਂ ਸੰਕੋਚ ਕੇ, ਚੁਅੱਖਰੇ ਭਜਨ ਦੇ ਪੂਰੇ ਲਗ ਕੰਨਾਂ ਸਮੇਤ, ਜਿੰਨਾ ਦੂਸਰੇ ਨੂੰ ਨਾ ਸੁਣ ਸਕੇ, ਸਿਰਫ ਆਪਣੇ ਕੰਨਾਂ ਨੂੰ ਹੀ ਸੁਣੇ, ਰਸਨਾ ਹਿਲਾ ਕੇ ਭਜਨ ਕਰਨਾ ਹੈ।

ਜਿਨ੍ਹਾਂ ਸਰੀਰਾਂ ਨੇ ਜਪ ਪ੍ਰਯੋਗ ਵਿਚ ਹਿੱਸਾ ਲੈਣਾ ਹੁੰਦਾ ਹੈ ਉਹ ਪੂਰਨ ਤੌਰ 'ਤੇ ਸੁੱਚ-ਸੋਧ, ਸੰਜਮ ਅਤੇ ਮਰਿਯਾਦਾ ਰੱਖਦੇ ਹਨ। ਨਿਤਨੇਮ ਵਿਚ ਸ਼ਾਮਲ ਹੋਣ ਸਮੇਂ ਤੋਂ ਅੰਮ੍ਰਿਤ ਛਕ ਲਿਆ ਜਾਂਦਾ ਹੈ ਤੇ ਸੋਧ ਮਰਿਯਾਦਾ ਰੱਖੀ ਜਾਂਦੀ ਹੈ।

ਨਾਮਧਾਰੀ ਜਿਹੜੀ ਮਰਿਯਾਦਾ ਰੱਖਦੇ ਹਨ, ਉਸ ਦਾ ਮਤਲਬ ਹੈ—ਨਦੀ, ਝੀਲ, ਖੂਹ ਆਦਿ ਦਾ ਕੁਦਰਤੀ ਪਾਣੀ ਵਰਤਣਾ। ਜੰਗਲ ਜਾ ਕੇ ਰੇਤੇ ਨਾਲ 7 ਵਾਰੀ ਹੱਥ ਮਾਂਜਣੇ ਅਤੇ ਸਣੇ ਕੇਸੀਂ ਇਸ਼ਨਾਨ ਕਰ ਕੇ ਸੁੱਚੇ ਕੱਪੜੇ ਪਾ ਕੇ, ਸੁੱਚ ਮਰਿਯਾਦਾ ਨਾਲ ਤਿਆਰ ਕੀਤਾ ਲੰਗਰ ਛਕਣਾ। ਕੁਸੰਗੀ ਜਿਹੜੇ ਮਾਸ, ਸ਼ਰਾਬ ਵਰਤਦੇ ਹਨ ਅਤੇ ਜਿਨ੍ਹਾਂ ਨੇ ਭਜਨ ਨਹੀਂ ਪੁੱਛਿਆ, ਉਨ੍ਹਾਂ ਦੇ ਘਰ ਦਾ ਕੁਝ ਨਹੀਂ ਖਾਣਾ-ਪੀਣਾ। ਬਜ਼ਾਰ ਦੀ ਬਣੀ ਹੋਈ ਕੋਈ ਚੀਜ਼ ਨਹੀਂ ਖਾਣੀ, ਪਾਣੀ ਵੀ ਸੋਧ ਦਾ ਆਪਣੇ ਗੜਵੇ ਨਾਲ ਲਿਆ ਕੇ ਵਰਤਣਾ, ਜਿਸ ਨੇ ਭਜਨ ਨਹੀਂ ਪੁੱਛਿਆ, ਉਸ ਕੋਲੋਂ ਸੁੱਕੀ ਰਸਦ ਵੀ ਨਹੀਂ ਲੈਣੀ। ਮਾਸ-ਸ਼ਰਾਬ, ਚਾਹ, ਕਾਫੀ, ਕੋਕਾ ਕੋਲਾ, ਟੈਪ ਵਾਟਰ

ਦੀ ਮਨਾਹੀ ਹਰ ਨਾਮਧਾਰੀ ਸਿੱਖ ਲਈ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਦੇ ਹਨ, "ਕਈ ਆਦਮੀ ਕਹਿੰਦੇ ਨੇ, ਖਾਣ-ਪੀਣ ਵਿਚ ਕੀ ਪਿਆ ਏ। ਹਰੇਕ ਨਾਲ ਖਾ ਪੀ ਲੈਣਾ ਚਾਹੀਦੈ। ਖਾਣਾ-ਪੀਣਾ ਤਾਂ ਇਕ ਐਸੀ ਚੀਜ਼ ਹੈ ਜਿਹੜੀ ਸਾਡੇ ਅੰਦਰ ਜਾਂਦੀ ਏ। ਕਿਸੇ ਦੀ ਕਿਰਤ ਕੀਤੀ, ਗਲਤ ਕਿਰਤ ਕੀਤੀ, ਸਾਡੇ ਅੰਦਰ ਜਾਂਦੀ ਏ। ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਏ,

'ਜਾ ਕੀ ਰਹਿਤ ਨ ਜਾਣੀਐ, ਗੁਰਮੰਤ੍ਰ ਨਹੀਂ ਚੀਤ॥
ਉਨ ਕਾ ਭੋਜਨ ਖਾਇਕੈ ਵਿਸਰੈ ਹਰਿ ਸਿਓ ਪ੍ਰੀਤ॥

ਅਤੇ

'ਜਹਾਂ ਕਹਾਂ ਕਾ ਛਕੈ ਪ੍ਰਸਾਦਿ
ਸਿੱਖ ਨਹੀਂ ਮੇਰਾ ਆਦਿ ਜੁਗਾਦਿ।"

ਮਰਿਯਾਦਾ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਪਦੇਸ਼ ਦਿੰਦੇ ਹਨ, "ਮਨੁੱਖ ਆਪਣੇ ਅੰਦਰ ਦੀ ਭਟਕਣਾ ਛੱਡ ਕੇ ਅਭਿਮਾਨ ਖ਼ਤਮ ਕਰਨ ਲਈ ਸਿੱਖੀ ਮਰਿਯਾਦਾ ਅਪਨਾਏ ਤੇ ਭਜਨ ਬੰਦਗੀ ਕਰੇ।" ਆਪ ਫਰਮਾਉਂਦੇ ਹਨ, "ਇਹ ਸਤਿਗੁਰੂ ਰਾਮ ਸਿੰਘ ਦੀ ਮਰਿਯਾਦਾ ਹੈ, ਜਿਸ ਨੇ ਸਾਡਾ ਪਾਰ ਉਤਾਰਾ ਇਸ ਸੰਸਾਰ ਤੋਂ ਕਰਨਾ ਹੈ, ਇਸ ਜੰਮਣ ਮਰਨ ਦੇ ਗੇੜ 'ਚੋਂ ਕੱਢਣਾ ਹੈ। ਬੜਾ ਵੱਡਾ ਦੁੱਖ ਹੈ ਸੰਸਾਰ ਦੇ ਉੱਤੇ ਜੰਮਣ ਦਾ ਅਤੇ ਮਰਨ ਦਾ, ਇਸ ਤੋਂ ਛੁਟਕਾਰਾ ਪਾਉਣ ਵਾਸਤੇ ਹੀ ਸਤਿਗੁਰੂ ਦੀ ਮਰਿਯਾਦਾ ਹੈ। ਜਿਥੇ ਵੀ ਜਾਓ ਉਥੇ ਜਾ ਕੇ ਆਖੋ ਕਿ ਆਹ ਚੀਜ਼ ਸਾਨੂੰ ਸਤਿਗੁਰਾਂ ਨੇ ਦਿੱਤੀ ਹੈ ਤੇ ਜੇ ਤੁਸੀਂ ਵੀ ਅਪਨਾਉਗੇ ਤਾਂ ਇਸ ਸੰਸਾਰ ਤੋਂ ਤੁਹਾਡਾ ਵੀ ਪਾਰ ਉਤਾਰਾ ਹੋਵੇਗਾ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਹੈ ਕਿ ਜਿਹੜੇ ਸਿੰਘ ਤੇ ਮਾਈਆਂ ਸ੍ਰੀ ਭੈਣੀ ਸਾਹਿਬ ਜਪ-ਪ੍ਰਯੋਗ ਵਿਚ ਸ਼ਾਮਲ ਨਾ ਹੋ ਸਕਦੇ ਹੋਣ ਉਹ ਆਪੋ ਆਪਣੇ ਪਿੰਡਾਂ ਸ਼ਹਿਰਾਂ ਵਿਚ ਤੇ ਜੇ ਇਕੱਲਾ ਹੋਵੇ ਤਾਂ ਆਪਣੇ ਘਰ ਵਿਚ, ਜੇ ਜ਼ਿਆਦਾ ਪਰਿਵਾਰ ਹੋਣ ਤਾਂ ਕਿਸੇ ਇਕ ਘਰ ਵਿਚ ਜਾਂ ਧਰਮਸ਼ਾਲਾ, ਗੁਰਦਵਾਰੇ ਜਾਂ ਸਾਂਝੀ ਜਗ੍ਹਾ ਵਿਚ ਧੂਪ, ਦੀਪ, ਕੁੰਭ ਰੱਖ ਕੇ, ਕੜਾਹ ਪ੍ਰਸਾਦਿ ਰੱਖ ਕੇ ਸਾਰੇ ਸਰੀਰ, ਸਣੇ ਕੇਸੀਂ ਇਸ਼ਨਾਨ ਕਰ ਕੇ ਸੋਧ ਮਰਿਯਾਦਾ ਵਿਚ ਹੋ ਕੇ, ਅਰਦਾਸ ਕਰ ਕੇ, ਪ੍ਰਯੋਗ ਸ਼ੁਰੂ ਕਰ ਲੈਣ ਜਿਵੇਂ ਕਿ ਸ੍ਰੀ ਭੈਣੀ ਸਾਹਿਬ ਵਿਚ ਹੁੰਦਾ ਹੈ ਅਤੇ ਇਸੇ ਤਰ੍ਹਾਂ ਹੀ ਅਰਦਾਸ ਕਰ ਕੇ ਕੜਾਹ ਪ੍ਰਸਾਦਿ ਬਣਾ ਕੇ ਭੋਗ ਪਾ ਦਿਆ ਕਰਨ। ਸੱਚੇ ਪਾਤਸ਼ਾਹ ਜੀ ਦੇ ਹੁਕਮਾਂ ਦੀ ਤਾਮੀਲ ਕਰਦੇ ਹੋਏ ਸਾਰੀ ਨਾਮਧਾਰੀ ਸੰਗਤ ਆਪੋ ਆਪਣੇ ਥਾਵਾਂ 'ਤੇ ਇਸੇ ਤਰ੍ਹਾਂ ਕਰਦੀ ਹੈ।

ਵਿਦੇਸ਼ਾਂ ਵਿਚ ਜਿਥੇ ਜਿਥੇ ਨਾਮਧਾਰੀ ਸਿੰਘ ਵਸਦੇ ਹਨ—ਥਾਈਲੈਂਡ, ਇੰਗਲੈਂਡ, ਕੈਨੇਡਾ,

ਕੀਨੀਆ, ਤਨਜਾਨੀਆ, ਅਮਰੀਕਾ, ਡੁਬਈ, ਬਹਿਰੀਨ, ਸਿੰਘਾਪੁਰ, ਕੁਵੈਤ, ਸਾਊਦੀ ਅਰਬ, ਹਾਂਗਕਾਂਗ, ਮਲੇਸ਼ੀਆ ਆਦਿ ਸਭ ਥਾਵਾਂ 'ਤੇ ਅੱਸੂ ਦੇ ਮਹੀਨੇ ਵਿਚ ਜਪ-ਪ੍ਰਯੋਗ ਕੀਤਾ ਜਾਂਦਾ ਹੈ।

ਸ੍ਰੀ ਭੈਣੀ ਸਾਹਿਬ ਵਿਖੇ ਜਪ-ਪ੍ਰਯੋਗ ਦੀ ਅਰਦਾਸ ਪਹਿਲੋਂ ਸੰਤ ਸੁੰਦਰ ਸਿੰਘ ਫਰੀਦ ਜਾਂ ਸੰਤ ਰਾਮ-ਰਾਮ ਜੀ ਕਰਿਆ ਕਰਦੇ ਸਨ, ਫਿਰ ਪੰਡਤ ਗੋਪਾਲ ਸਿੰਘ ਕਰਨ ਲੱਗੇ ਤੇ ਪਿਛਲੇ ਕੁਝ ਸਾਲਾਂ ਤੋਂ ਅਰਦਾਸ ਸੰਤ ਮਹਿੰਦਰ ਸਿੰਘ ਪੂਰਬਾ ਕਰਦੇ ਹਨ। ਸੰਤ ਕਿਰਪਾਲ ਸਿੰਘ ਝੱਬਰ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਦੇ ਸੇਵਕ) ਜਪ-ਪ੍ਰਯੋਗ ਦੇ ਦਿਨਾਂ ਵਿਚ, ਯੂ.ਪੀ. ਤੋਂ ਜਿਥੇ ਉਹ ਅਜ ਕੱਲ੍ਹ ਰਹਿੰਦੇ ਹਨ, ਸੱਚੇ ਪਾਤਸ਼ਾਹ ਜੀ ਦੀ ਸੇਵਾ ਵਿਚ ਆ ਜਾਇਆ ਕਰਦੇ ਸਨ ਪਰ ਹੁਣ ਉਹ ਕਾਫੀ ਬਿਰਧ ਹੋ ਗਏ ਹਨ ਅਤੇ ਵਰਤਮਾਨ ਸਮੇਂ ਵਿਚ ਹਜ਼ੂਰੀ ਸੇਵਕ ਹਰਪਾਲ ਸਿੰਘ ਤੇ ਰਛਪਾਲ ਸਿੰਘ ਸਪੁੱਤਰ ਸੰਤ ਕਸ਼ਮੀਰ ਸਿੰਘ ਅਤੇ ਦੀਦਾਰ ਸਿੰਘ ਸਪੁੱਤਰ ਸੰਤ ਸੋਹਣ ਸਿੰਘ ਹੀ ਹਜ਼ੂਰ ਦੀ ਸੇਵਾ ਵਿਚ ਰਹਿੰਦੇ ਹਨ।

### ਮਾਈਆਂ ਦਾ ਜਪ-ਪ੍ਰਯੋਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਪਹਿਲੋਂ ਸਿੰਘ ਹੀ ਜਪ-ਪ੍ਰਯੋਗ ਕਰਿਆ ਕਰਦੇ ਸਨ ਪਰ ਸੰਨ 1920 (ਸੰਮਤ ੧੯੭੭) ਨੂੰ ਮਾਤਾ ਭੁਪਿੰਦਰ ਕੌਰ ਜੀ (ਵਰਤਮਾਨ ਸਤਿਗੁਰੂ ਜੀ ਦੇ ਮਾਤਾ ਜੀ) ਦੇ ਅਰਜ਼ ਕਰਨ 'ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਾਈਆਂ ਨੂੰ ਵੱਖਰਿਆਂ ਆਪਣਾ ਜਪ-ਪ੍ਰਯੋਗ ਕਰਨ ਦੀ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕੀਤੀ। ਮਾਤਾ ਭੁਪਿੰਦਰ ਕੌਰ ਜੀ ਨੇ ਹੋਰ ਮਾਈਆਂ ਨੂੰ ਨਾਲ ਲੈ ਆਪਣੀ ਵੱਖਰੀ ਕੱਖਾਂ ਦੀ ਝੁੱਗੀ ਵਿਚ ਰੋਪੜ ਵਾਲੀ ਨਹਿਰ ਦੇ ਕਿਨਾਰੇ ਚਾਲੀ ਦਿਨ ਦਾ ਜਪ-ਪ੍ਰਯੋਗ ਕੀਤਾ ਤੇ ਅਗੋਂ ਲਈ ਮਾਈਆਂ-ਬੀਬੀਆਂ ਲਈ ਸਿੱਖਾਂ ਸਮਾਨ ਭਜਨ-ਬਾਣੀ ਕਰਨ ਦਾ ਰਾਹ ਖੋਲ੍ਹ ਦਿਤਾ।

ਹੁਣ ਅਨੇਕਾਂ ਬੀਬੀਆਂ ਅਖੰਡ ਜਪ-ਪ੍ਰਯੋਗ ਕਰਦੀਆਂ ਹਨ। ਜਿਵੇਂ ਕਿ ਸਾਲ 199੬ ਵਿਚ ਸੰਤ ਨਗਰ ਵਿਖੇ 13 ਸਤੰਬਰ ਤੋਂ 29 ਅਕਤੂਬਰ ਤੀਕ ਬੀਬੀਆਂ ਨੇ ਦਿਨ-ਰਾਤ ਜਪ-ਪ੍ਰਯੋਗ ਜਾਰੀ ਰਖਿਆ। ਦੋ ਦੋ ਬੀਬੀਆਂ ਧੂਪ ਦੀਪ ਕੁੰਭ ਸੰਯੁਕਤ ਜਪ-ਪ੍ਰਯੋਗ ਵਿਚ, ਦੋ ਦੋ ਘੰਟੇ ਦੇ ਨਾਮ-ਸਿਮਰਨ ਦੀਆਂ ਆਪਣੀਆਂ ਰੌਲਾਂ 'ਤੇ ਪੁੱਜਦੀਆਂ ਰਹੀਆਂ ਅਤੇ ਇਸ ਅਖੰਡ ਜਪ-ਪ੍ਰਯੋਗ ਦਾ ਭੋਗ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਪਾਇਆ ਗਿਆ।

## ਜਪ-ਪ੍ਰਯੋਗ ਵਿਚ ਬੱਚੇ ਤੇ ਨੌਜਵਾਨ

ਭਾਵੇਂ ਜਪ-ਪ੍ਰਯੋਗ ਵਿਚ ਹਰ ਉਮਰ ਦੇ ਸਰੀਰ ਸ਼ਾਮਲ ਹੁੰਦੇ ਹਨ ਪਰ ਸ੍ਰੀ ਸਤਿਗੁਰੂ ਜੀ ਬੱਚਿਆਂ ਤੇ ਨੌਜਵਾਨਾਂ ਨੂੰ ਖਾਸ ਤੌਰ ਤੇ ਇਸ ਪਾਸੇ ਲੱਗਣ ਲਈ ਪਰੇਰਦੇ ਹਨ। ਆਪ ਹੁਕਮ ਕਰਦੇ ਹਨ:

"ਸ੍ਰੀ ਭੈਣੀ ਸਾਹਿਬ ਵਿਖੇ ਕੁਝ ਸਾਲਾਂ ਤੋਂ ਜਪ ਪ੍ਰਯੋਗ ਸ਼ੁਰੂ ਹੈ। ਤੁਹਾਡੇ ਏਥੇ ਨੇੜੇ ਇਕ ਖੰਡ ਦੀ ਮਿਲ ਲੱਗੀ ਹੈ। ਭੱਜ-ਭੱਜ ਕੇ ਜਾਂਦੇ ਹੋ ਉਥੇ ਕਿ ਕਿਸੇ ਤਰ੍ਹਾਂ ਸਾਨੂੰ ਉਥੇ ਨੌਕਰੀ ਮਿਲ ਜਾਵੇ, ਜੇ ਨਹੀਂ ਮਿਲੀ ਨੌਕਰੀ ਤਾਂ ਉਹਦੇ ਤੇ ਗੁੱਸਾ ਕੋਈ ਨਹੀਂ ਫੇਰ ਸਿਫਾਰਸ਼ ਕਰਵਾ ਕੇ ਕੋਸ਼ਿਸ਼ ਕਰਕੇ ਜਾਂਦੇ ਹੋ। ਪੁਲਿਸ ਵਿਚ ਨੌਕਰੀਆਂ ਖੁੱਲ੍ਹਦੀਆਂ ਹਨ ਤਾਂ ਉਥੇ ਜਾ ਕੇ ਸਿਫਾਰਸ਼ ਕਰਦੇ ਨੇ ਕਿ ਮੇਰਾ ਮੁੰਡਾ ਉਥੇ ਸਿਪਾਹੀ ਭਰਤੀ ਹੋ ਜਾਵੇ। ਕਿੰਨਾ ਜ਼ੋਰ ਏਸ ਪਾਸੇ ਲਗਦਾ ਹੈ।

"ਉਥੇ (ਭੈਣੀ ਸਾਹਿਬ) ਜੱਪ ਪ੍ਰਯੋਗ ਤੁਰਿਆ ਹੋਇਆ ਹੈ, ਉਹਦੇ 'ਚ ਜਾਣ ਵਾਸਤੇ ਕਦੇ ਕੋਈ ਚਾਰਾ ਨਹੀਂ, ਕਦੇ ਕੋਈ ਧਿਆਨ ਨਹੀਂ। ਇਹ ਜ਼ਰੂਰ ਗੱਲ ਹੈ ਕਿ ਜਿਹੜੇ ਜੱਪ-ਪ੍ਰਯੋਗ 'ਚ ਬੈਠੇ ਨੇ, ਉਨ੍ਹਾਂ ਦਾ ਚਾਰਾ ਇਹ ਹੋ ਸਕਦਾ ਹੈ ਕਿ ਹੁਣ ਅਸੀਂ ਕਦੋਂ ਏਥੋਂ ਛੁੱਟੀ ਲੈ ਕੇ ਜਾਈਏ। ਮੈਂ ਤੁਹਾਨੂੰ ਇਹ ਅਰਜ਼ ਬੇਨਤੀ ਕਰਨੀ ਹੈ ਕਿ ਜਿਸ ਤਰ੍ਹਾਂ ਜਿਸ ਕਾਲਜ ਨਾਲ ਸਕੂਲ ਨਾ ਹੋਵੇ ਉਹ ਕਾਲਜ ਨਹੀਂ ਚਲਦਾ। ਉਨ੍ਹਾਂ ਮੁੰਡਿਆਂ ਕੱਲ ਨੂੰ ਪੜ੍ਹ ਕੇ ਵਕੀਲ ਬਣ ਜਾਣਾ ਜਾਂ ਹੋਰ ਅਫਸਰ ਬਣ ਜਾਣਾ ਹੈ, ਉਥੋਂ ਚਲੇ ਜਾਣਾ ਹੁੰਦਾ ਹੈ ਜਾਂ ਕਿਸੇ ਆਪਣਾ ਵਿਹਾਰ ਸ਼ੁਰੂ ਕਰ ਲੈਣਾਂ ਹੈ। ਸਕੂਲ ਦੇ ਬੱਚੇ ਜਿੰਨਾ ਚਿਰ ਨਾ ਆਉਣਗੇ ਕਾਲਜ ਕਿਥੋਂ ਚਲੇਗਾ? ਸੋ ਤੁਸੀਂ ਇਹ ਧਿਆਨ ਕਰੋ, ਤੁਸੀਂ ਜਿੰਨੇ ਬਜ਼ੁਰਗ ਹੋ, ਤੁਹਾਨੂੰ ਥੋੜ੍ਹਾ-ਬਾਲ੍ਹਾ ਪਤਾ ਹੈ ਨਾਮ ਸਿਮਰਨ ਦਾ, ਅਗੋਂ ਬੱਚਿਆਂ ਨੂੰ ਤੁਸੀਂ ਪੀ.ਐਚ.ਡੀ. ਕਰਾ ਦਿਉ। ਡੀ.ਲਿਟ ਕਰਾ ਦਿਉ। ਕੋਈ ਚੀਜ਼ ਕਰਾ ਦਿਓ, ਪਰ ਅਸਲ ਜਿਹੜਾ ਕੰਮ ਹੈ:

''ਹਉ ਮੂਰਖ ਕਾਰੈ ਲਾਈਆ ਨਾਨਕ ਹਰਿ ਕੰਮੇ'—ਉਹ ਨਹੀਂ ਕਰਾਇਆ ਤੇ ਇਹ ਤੁਹਾਡਾ ਕਿਸੇ ਅਰਥ ਨਹੀਂ ਆਉਣਾ। ਸੋ ਭੈਣੀ ਸਾਹਿਬ ਜੱਪ ਪ੍ਰਯੋਗ 'ਚ ਨੌਜੁਆਨ ਬੱਚਿਆਂ ਨੂੰ ਪ੍ਰੇਰਨਾ ਦੇ ਕੇ ਭੇਜਿਆ ਕਰੋ। ੧੦ ਦਿਨ ਜਾਣ, ੧੫ ਦਿਨ ਜਾਣ, ਵਾਰੀ ਨਾਲ ਜਾਣ, ਉਨ੍ਹਾਂ ਨੂੰ ਪਤਾ ਲੱਗੇ ਕਿ ਸਵੇਰੇ ਕਿਵੇਂ ਉਠਣਾ ਹੈ? ਜੰਗਲ ਪਾਣੀ ਕਿਵੇਂ ਜਾਣਾ ਹੈ? ਇਕ ਤੇ ਉਹ ਨੇ ਜਿਹੜੇ ਆਖਦੇ ਨੇ ਕਿ ਬੜੇ ਸਮਝਦਾਰ ਹਾਂ ਅਸੀਂ, ਅਸੀਂ ਸਾਰੀ ਦੁਨੀਆ ਘੋਖ ਲਈ ਹੈ। ਇਕ ਉਹ ਨੇ ਜਿਹੜੇ ਆਖਦੇ ਨੇ ਕਿ ਇਨ੍ਹਾਂ ਨੂੰ ਤੇ ਜੰਗਲ ਜਾਣ ਦੀ ਵੀ ਜਾਚ ਨਹੀਂ ਆਈ ਅਜੇ। ਸੋ ਤੁਸੀਂ ਉਥੇ ਬੱਚਿਆਂ ਨੂੰ ਭੇਜੋ। ਉਥੇ ਜੰਗਲ ਜਾ ਕੇ ਹੱਥ ਰੇਤੇ ਨਾਲ ਮਾਂਜਣਗੇ, ਸਵੇਰੇ ਸਣੇ ਕੇਸੀ ਇਸ਼ਨਾਨ ਕਰਨਗੇ, ਭਜਨ ਕਰਨਗੇ, ਕੁਝ ਨਾ ਕੁਝ ਉਨ੍ਹਾਂ ਨੂੰ ਪ੍ਰਾਪਤ ਹੋਏਗਾ, ਜਿਹੜੇ ਅਮਰੀਕਾ ਕੈਨੇਡਾ ਜਾਂਦੇ ਨੇ, ਉਥੋਂ ਧਨ ਕਮਾ ਕੇ ਫੇਰ ਆਪਣੇ ਦੇਸ਼ 'ਚ ਲਿਆ ਕੇ ਉਹਦੀ ਵਰਤੋਂ ਕਰਦੇ

ਨੇ, ਤੁਸੀਂ ਉਥੇ ਜਾ ਕੇ ਧਨ ਕਮਾ ਕੇ (ਨਾਮ-ਧਨ) ਆਪਣੇ ਕੋਲ ਰਖੋ, ਜਦੋਂ ਲੋੜ ਪਏ ਉਸਦਾਂ ਵਰਤੋਂ ਹੋ ਸਕੇ।"

ਸ੍ਰੀ ਸਤਿਗੁਰੂ ਜੀ ਬਚਨ ਕਰ ਦਸਦੇ ਹਨ:

"ਨਾਮੁ ਜਪਤ ਜਨੁ ਬਿਛੂ ਡਸਾਨਾ—ਐਸ ਤਰ੍ਹਾਂ ਦੀ ਗਲ ਹੋ ਜਾਂਦੀ ਹੈ ਕਿ ਨਾਮ ਜਪਣ ਵੇਲੇ ਜਿਵੇਂ ਬਿੱਛੂ ਡੱਸਦਾ ਹੈ। ਐਸ ਤਰ੍ਹਾਂ ਦੀ ਗੱਲ ਸਾਡੇ ਮਨ 'ਤੇ ਆਉਂਦੀ ਹੈ,

'ਸਾਰੋ ਦਿਵਸ ਮਜੂਰੀ ਕਰੈ, ਹਰਿ ਸਿਮਰਨ ਕੀ ਵੇਲਾ ਬਜਰ ਸਿਰ ਪਰੈ'

"ਪਰ ਸਤਿਗੁਰਾਂ ਦੀ ਬੜੀ ਕਿਰਪਾ ਹੈ, ਐਸ ਵੇਲੇ ਵੀ ਜਿਹੜੇ ਤੜਕੇ ਡੇਢ ਵਜੇ ਉਠਕੇ, ਦੋ ਵਜੇ ਉਠਕੇ, ਤਿੰਨ ਵਜੇ ਉਠਕੇ ਨਾਮ ਸਿਮਰਨ ਕਰਦੇ ਨੇ। ਮੈਂ ਐਤਕੀ ਭੈਣੀ ਸਾਹਿਬ ਛੋਟੇ ਜਿਹੇ ਬੱਚੇ ਨੂੰ ਪੁਛਿਆ ਕਿ ਸਵੇਰੇ ਕਿੰਨੇ ਵਜੇ ਉਠਦੇ ਹੁੰਦੇ ਹੋ?—ਮੈਂ ਸੋਚਿਆ ਕਹੇਗਾ ਕਿ ਪੰਜ ਵਜੇ ਜਾਂ ਚਾਰ ਵਜੇ ਉਠਦਾ ਹਾਂ। ਉਹਨੇ ਆਖਿਆ ਡੇਢ ਵਜੇ ਉਠਦਾ ਹਾਂ। ੧੦ ਸਾਲ ਦੇ ਕਰੀਬ ਹੋਣੀ ਹੈ ਉਹਦੀ ਉਮਰ। ਫੇਰ ਮੇਰੇ ਆਖਣ ਵਾਲੀ ਤੇ ਗੱਲ ਕੋਈ ਨਹੀਂ ਰਹੀ।"

25 ਨਵੰਬਰ ਸੰਨ 1993 ਦੀ ਸ਼ਾਮ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ-ਹਾਲ ਵਿਚ ਬੱਚਿਆਂ ਅਤੇ ਨੌਜਵਾਨਾਂ ਬੁਲਾਇਆ ਤੇ ਅੱਗੋਂ ਤੋਂ ਰੋਜ਼ਾਨਾ ਪ੍ਰਯੋਗ ਵਿਚ ਆਉਣ ਦਾ ਹੁਕਮ ਕੀਤਾ। ਇਕ ਲੜਕੇ ਨੂੰ ਹੁਕਮ ਹੋਇਆ ਕਿ ਉਹ ਰੋਜ਼ਾਨਾ ਪ੍ਰਯੋਗ ਵਿਚ ਆਉਣ ਵਾਲੇ ਬੱਚਿਆਂ ਦੀ ਹਾਜ਼ਰੀ ਲਾਇਆ ਕਰੇ।

ਅਗਲੀ ਸਵੇਰ 26 ਨਵੰਬਰ ਨੂੰ ਸੱਚੇ ਪਾਤਸ਼ਾਹ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਕ੍ਰੀਬ 85 ਬੱਚੇ ਪ੍ਰਯੋਗ ਵਿਚ ਸ਼ਾਮਲ ਹੋਏ। ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨੂੰ ਦਰਸ਼ਨ ਦਿਤੇ ਅਤੇ ਬਹੁਤ ਖੁਸ਼ੀਆਂ ਬਖ਼ਸ਼ੀਆਂ। ਵਾਰ ਦੀ ਸਮਾਪਤੀ ਤੋਂ ਪਹਿਲੋਂ ਗ੍ਰੀਬ ਨਿਵਾਜ ਜੀ ਨੇ ਹੁਕਮ ਕੀਤਾ ਕਿ ਪ੍ਰਯੋਗ ਵਿਚ ਹਾਜ਼ਰੀ ਇੰਚਾਰਜ ਗੁਰਬਚਨ ਸਿੰਘ ਬਿੱਲਾ ਲਾਇਆ ਕਰੇਗਾ ਤੇ ਜਿਸ ਕਿਸੇ ਬੱਚੇ ਨੇ ਕੋਈ ਅਰਜ਼ ਕਰਨੀ ਹੋਵੇ ਬਿੱਲੇ ਨੂੰ ਦੱਸ ਦਿਓ, ਇਹ ਮੈਨੂੰ ਦੱਸ ਦਿਆ ਕਰੇਗਾ'

ਇੰਜ ਤਕਰੀਬਨ ਸੌ ਦੀ ਗਿਣਤੀ ਵਿਚ 6 ਤੋਂ 22 ਸਾਲ ਤਕ ਦੇ ਬੱਚੇ ਤੇ ਨੌਜਵਾਨ ਸਵੇਰੇ ਦੋ ਵਜੇ ਤੋਂ ਪੰਜ ਵਜੇ ਤੀਕ ਰੋਜ਼ਾਨਾ ਨਾਮ ਸਿਮਰਨ ਕਰਨ ਲੱਗੇ। ਇਨ੍ਹਾਂ ਸਾਰੇ ਬੱਚੇ ਬਚੀਅ ਨੂੰ ਇਕ ਇਕ ਕੋਟੀ ਤੇ ਇਕ ਇਕ ਲੋਈ ਸੱਚੇ ਪਾਤਸਾਹ ਜੀ ਨੇ ਆਪਣੇ ਕਰ ਕਮਲਾਂ ਨਾਲ ਦਿੱਤੀ। ਰਾਮ ਮੰਦਰ ਵਿਚ ਇਸ ਅਵਸਰ ਦੀ ਮੂਵੀ ਵੀ ਬਣੀ ਤੇ ਤਸਵੀਰਾਂ ਵੀ ਖਿੱਚੀਆਂ ਗਈਆਂ।

ਰਾਤ ਨੂੰ ਪੀਪਾ ਖੜਕਾ ਕੇ ਸੰਗਤ ਨੂੰ ਜਗਾਉਣ ਦਾ ਕੰਮ ਵੀ ਇਕ ਸਿੰਘ ਕਰਦਾ ਰਿਹਾ ਮਗਰੋਂ ਇਹ ਡਿਊਟੀ ਵਾਰੀ ਵਾਰੀ ਬਦਲਦੀ ਰਹੀ। ਸੰਨ 1994 ਤੋਂ ਇਹ ਸੇਵਾ ਨੌਜਵਾਨ ਗੁਰਦੇਵ ਸਿੰਘ ਚੀਮਾ (ਰਾਏਸਰ ਵਾਲੇ) ਕਰਦੇ ਹਨ। ਪ੍ਰਯੋਗ ਵਿਚ ਹਾਜ਼ਰੀ ਵੀ ਇਹੀ ਲਗਾਉਂਦੇ ਹਨ।

ਛੋਟੇ ਬੱਚਿਆਂ ਨੇ ਜਲ-ਪਾਣੀ ਦੀ ਅਤੇ ਵੱਡਿਆਂ ਨੇ ਵੱਡੀ ਸੋਧ ਰੱਖੀ ਹੋਈ ਹੈ। ਪੰਜ ਨਿੱਕੇ

ਬੱਚਿਆਂ ਨੇ ਵੱਡੀ ਸੋਧ ਰੱਖੀ. ਉਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ-ਕਮਲਾਂ ਨਾਲ ਗੜਵੇ ਦੇ ਕੇ ਖੁਸ਼ੀਆਂ ਬਖ਼ਸ਼ਦਿਆਂ ਹੋਰਨਾਂ ਨੂੰ ਵੀ ਉਤਸ਼ਾਹਿਤ ਕੀਤਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਤੇ ਰਜ਼ਾ ਅਨੁਸਾਰ ਇਸ ਵੇਲੇ ਪੰਜ ਸਾਲ ਦੀ ਉਮਰ ਤੋਂ ਛੋਟੇ 23 ਬੱਚੇ ਸ੍ਰੀ ਭੈਣੀ ਸਾਹਿਬ ਵਿਚ ਰੋਜ਼ਾਨਾ ਚਲ ਰਹੇ ਨਾਮ-ਸਿਮਰਨ ਦੇ ਪ੍ਰਯੋਗ ਵਿਚ ਆਉਂਦੇ ਹਨ। ਇਨ੍ਹਾਂ ਬੱਚਿਆਂ ਵਿਚ, ਸ੍ਰੀ ਸਤਿਗੁਰੂ ਜੀ ਨੇ ਆਪਣੇ ਸਨੇਹ ਨਾਲ ਉਤਸ਼ਾਹ ਭਰਿਆ ਹੈ ਤੇ ਇਹ ਰੋਜ਼ਾਨਾ ਨੇਮ ਨਾਲ ਆਉਂਦੇ ਹਨ। ਸੱਚੇ ਪਾਤਸ਼ਾਹ ਜੀ ਨੇ ਅੱਧਾ ਅੱਧਾ ਕਿਲੋ ਲੀਚੀਆਂ ਜਦੋਂ ਇਨ੍ਹਾਂ ਬਚਿਆਂ ਲਈ, ਇਨ੍ਹਾਂ ਦੇ ਘਰੀਂ ਭੇਜੀਆਂ ਤਾਂ ਬੱਚੇ ਬੜੇ ਖੁਸ਼ ਹੋ ਕੇ ਆਖਦੇ ਸਨ, 'ਪਾਤਸ਼ਾਹ ਜੀ ਨੇ ਸਾਨੂੰ ਲੀਚੀਆਂ ਦਿਤੀਆਂ ਹਨ।' ਨਿੱਕੇ ਬੱਚੇ ਪ੍ਰਯੋਗ ਵਿਚ ਸੌਂਦੇ ਨਹੀਂ ਜਾਗਦੇ ਰਹਿੰਦੇ ਹਨ ਤੇ ਨਾਮ-ਸਿਮਰਨ ਕਰਦੇ ਹਨ। ਇਹ ਦ੍ਰਿਸ਼ ਵੇਖਣ ਵਾਲਾ ਹੁੰਦਾ ਹੈ ਜਦੋਂ ਸ੍ਰੀ ਸਤਿਗੁਰੂ ਜੀ ਅੰਮ੍ਰਿਤ ਵੇਲੇ ਦੇ ਹਨੇਰੇ ਸਮੇਂ, ਇਨ੍ਹਾਂ ਬੱਚਿਆਂ ਦੀਆਂ ਅੱਖਾਂ ਵੱਲ ਟਾਰਚ ਦੀ ਰੋਸ਼ਨੀ ਮਾਰਦੇ ਹਨ ਤਾਂ ਭਜਨ ਕਰ ਰਹੇ ਬੱਚੇ ਅੱਖਾਂ ਖੋਲ੍ਹ ਕੇ ਰਖਦੇ ਹਨ, ਉਨ੍ਹਾਂ ਦੀਆਂ ਅੱਖਾਂ ਵਿਚ ਨੀਂਦ ਨਹੀਂ ਹੁੰਦੀ ਤੇ ਉਹ ਹੱਥ ਜੋੜ ਕੇ ਜਾਗਦਿਆਂ ਦਾ ਸਬੂਤ ਦਿੰਦੇ ਹਨ। ਮੇਰਠ ਵੱਲ ਦੇ ਇਕ ਸੇਵਾਦਾਰ ਸੰਤ ਗੁਰਬਖ਼ਸ਼ ਸਿੰਘ ਦਾ ਪੰਜ ਸਾਲਾਂ ਦਾ ਪੁੱਤਰ ਗੁਰਜੰਟ ਸਿੰਘ ਹੈ। ਉਹ ਜਦ ਪਹਿਲੇ ਦਿਨ ਆਇਆ, ਸਤਿਗੁਰੂ ਰਾਮ ਸਿੰਘ ਜੀ ਦੇ ਮੰਦਰ ਵਿਚ ਪਾਲਕੀ ਦੇ ਪਿਛੇ ਬੈਠਾ ਸੀ। ਸਤਿਗੁਰੂ ਜੀ ਨੇ ਇਹ ਵੇਖਣ ਲਈ ਕਿ ਕਿਤੇ ਸੌਂ ਤਾਂ ਨਹੀਂ ਗਿਆ, ਟਾਰਚ ਦੀ ਰੌਸ਼ਨੀ ਉਸਦੇ ਚਿਹਰੇ ਤੇ ਮਾਰੀ, ਪਰ ਉਹ ਜਾਗਦਾ ਸੀ, ਫਿਰ ਥੋੜ੍ਹੀ ਦੇਰ ਬਾਅਦ ਟਾਰਚ ਦੀ ਰੌਸ਼ਨੀ ਉਸਦੀਆਂ ਅੱਖਾਂ ਵਿਚ ਮਾਰੀ, ਤਾਂ ਵੀ ਉਹ ਜਾਗਦਾ ਸੀ, ਤੇਜ਼ ਚਾਨਣ ਅੱਗੇ ਉਸ ਦੀਆਂ ਅੱਖਾਂ ਝਪਕੀਆਂ ਵੀ ਨਹੀਂ। ਫਿਰ ਸ੍ਰੀ ਸਤਿਗੁਰੂ ਜੀ ਨੇ ਉਸ ਨੂੰ ਆਪਣੇ ਨੇੜੇ ਬਿਠਾਉਣਾ ਸ਼ੁਰੂ ਕੀਤਾ ਤੇ ਸਾਧ ਸੰਗਤ ਨੂੰ ਦੱਸਿਆ ਕਿ ਵੇਖੋ ਪੰਜ ਸਾਲ ਦਾ ਬੱਚਾ ਹੈ, ਜਿਤਨਾ ਚਿਰ ਬੈਠਦਾ ਹੈ, ਜਾਗਦਾ ਹੈ ਤੇ ਭਜਨ ਕਰਦਾ ਹੈ। ਇਕ ਦਿਨ ਇਸ ਬੱਚੇ ਦੇ ਪਿਤਾ ਨੇ ਕੁਝ ਦਿਨ ਲਈ ਆਪਣੇ ਪਿੰਡ ਜਾਣ ਲਈ ਛੁੱਟੀ ਲਈ ਤੇ ਇਹ ਬੱਚਾ ਆਪਣੇ ਪਿਤਾ ਨਾਲ ਪਿੰਡ ਚਲਾ ਗਿਆ। ਇਕ ਦਿਨ ਰਾਤ ਨੂੰ ਸੁਫਨੇ ਵਿਚ ਸੱਚੇ ਪਾਤਸ਼ਾਹ ਜੀ ਦੇ ਇਸ ਬੱਚੇ ਨੂੰ ਦਰਸ਼ਨ ਹੋਏ ਤੇ ਸਵੇਰੇ ਉਠ ਕੇ ਬੱਚਾ ਪਿਤਾ ਨੂੰ ਕਹਿਣ ਲੱਗਾ, 'ਪਿਤਾ ਜੀ ਮੈਂ ਵਾਪਸ ਭੈਣੀ ਸਾਹਿਬ ਜਾਣਾ ਹੈ, ਸੱਚੇ ਪਾਤਸ਼ਾਹ ਜੀ ਮੇਰੀਆਂ ਅੱਖਾਂ ਵਿਚ ਟਾਰਚ ਦੀ ਰੌਸ਼ਨੀ ਮਾਰਦੇ ਹਨ, ਮੈਂ ਜਾ ਕੇ ਪ੍ਰਯੋਗ ਵਿਚ ਬੈਠਣਾ ਹੈ।'

ਇਸੇ ਤਰ੍ਹਾਂ ਗੁਰਦਾਸਪੁਰ ਵਾਲੇ ਜਥੇਦਾਰ ਪਾਲਾ ਸਿੰਘ ਦਾ ਢਾਈ ਸਾਲ ਦਾ ਪੁੱਤਰ ਵੀ ਭਜਨ ਕਰਦਾ ਹੈ, ਸੌਂਦਾ ਨਹੀਂ। ਪੰਜ ਤੋਂ ਸਤਾਰਾਂ-ਅਠਾਰਾਂ ਸਾਲ ਤਕ ਦੀ ਉਮਰ ਦੇ ਸੌ ਤੋਂ ਉੱਪਰ ਬੱਚੇ ਹਰ ਰੋਜ਼ ਪ੍ਰਯੋਗ ਵਿਚ ਸ਼ਾਮਲ ਹੁੰਦੇ ਹਨ। ਇਕ ਦਿਨ ਮਾਤਾ ਜੀ ਨੇ ਅਰਜ਼ ਕੀਤੀ ਕਿ ਸੱਚੇ

ਪਾਤਸ਼ਾਹ ਜੀ ਬੱਚਿਆਂ ਨੂੰ ਨੀਂਦ ਆ ਜਾਂਦੀ ਹੈ ਤੇ ਕਈਆਂ ਨੇ ਸਵੇਰੇ ਸਕੂਲ ਪੜ੍ਹਨ ਜਾਣਾ ਹੁੰਦਾ ਹੈ, ਸੋ ਬੱਚਿਆਂ ਨੂੰ ਛੇਤੀ ਘਰ ਭੇਜ ਦਿਆ ਕਰੋ। ਅਗਲੇ ਦਿਨ ਸ੍ਰੀ ਸਤਿਗੁਰੂ ਜੀ ਨੇ ਟਾਰਚ ਦਾ ਚਾਨਣ ਮਾਰ ਕੇ ਇਸ਼ਾਰਾ ਕਰ ਦਿਤਾ ਕਿ ਬੱਚਿਆਂ ਨੂੰ ਘਰ ਭੇਜ ਦਿੱਤਾ ਜਾਵੇ ਪਰ ਬੱਚਿਆਂ ਨੇ ਵਾਪਸ ਘਰ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਪੂਰਾ ਸਮਾਂ ਪ੍ਰਯੋਗ ਵਿਚ ਬੈਠੇ ਰਹੇ। ਸੱਚੇ ਪਾਤਸ਼ਾਹ ਜੀ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਹਨ। ਸਾਰੇ ਭਜਨ ਬੰਦਗੀ ਕਰਨ ਵਾਲਿਆਂ ਨੂੰ ਰਾਤ ਦੇ ਹਨੇਰੇ ਵਿਚ ਬੈਟਰੀ ਦੀ ਰੌਸ਼ਨੀ ਮਾਰ-ਮਾਰ ਕੇ, ਮਿਹਰ ਦੀ ਨਿਗਾਹ ਕਰ ਕੇ ਵੇਖਦਿਆਂ ਖੁਸ਼ੀਆਂ ਬਖ਼ਸ਼ਦੇ ਹਨ ਤੇ ਧਿਆਨ ਰਖਦੇ ਹਨ ਕਿ ਕੌਣ ਕੌਣ ਆਇਆ ਹੈ।

ਭਾਰਤ ਹੀ ਨਹੀਂ ਇੰਗਲੈਂਡ, ਕੈਨੇਡਾ, ਅਮਰੀਕਾ, ਥਾਈਲੈਂਡ ਆਦਿ ਦੇਸ਼ਾਂ ਵਿਚ ਵੀ ਨਾਮਧਾਰੀ ਬੱਚੇ ਤੇ ਨੌਜਵਾਨ ਤੜਕੇ ਤਿੰਨ ਵਜੇ ਉੱਠ ਕੇ ਭਜਨ ਕਰਦੇ ਹਨ। ਨਾਮਧਾਰੀ ਬਾਣਾ ਰਖਦੇ ਹਨ, ਬਹੁਤੇ ਸਰੀਰਾਂ ਨੇ ਸੋਧ ਰੱਖੀ ਹੋਈ ਹੈ, ਨਲਕੇ ਦਾ ਪਾਣੀ ਨਹੀਂ ਵਰਤਦੇ, ਰੇਤੇ ਨਾਲ ਹੱਥ ਮਾਂਜਦੇ ਹਨ। ਅੱਠ ਅੱਠ ਘੰਟੇ ਨਾਮ ਸਿਮਰਨ ਕਰ ਕੇ ਗੁਰਬਾਣੀ ਦਾ ਪਾਠ ਵੀ ਕਰਦੇ ਹਨ ਅਤੇ ਆਪਣਾ ਵਿਹਾਰ ਵੀ ਕਰਦੇ ਹਨ।

ਥਾਈਲੈਂਡ ਵਰਗੇ ਐਸ਼ਵਰਜ ਦੇ ਸਾਧਨਾਂ ਨਾਲ ਭਰਪੂਰ ਦੇਸ਼ਾਂ ਬਾਰੇ ਜਿਥੇ ਚੰਗੇ ਭਲੇ ਦੀ ਮੱਤ ਮਾਰੀ ਜਾਂਦੀ ਹੈ, ਸਤਿਗੁਰੂ ਜੀ ਬਚਨ ਕਰਦੇ ਹਨ:

"ਥਾਈਲੈਂਡ ਵਿਚ ਜਿਹੜੇ ਸੇਠਾਂ ਦੇ ਲੜਕੇ ਵੱਡੇ-ਵੱਡ੍ਹੇ, ਵੱਡੇ ਤੋਂ ਮਤਲਬ ਮਾਇਆ ਵਡਿਆਈ ਵਾਲੇ ਪਾਸੇ ਦੇ, ਸਤਿਗੁਰਾਂ ਦੀ ਕਿਰਪਾ ਨਾਲ ਨੌਜਵਾਨ ਮੁੰਡੇ ਜਿਹੜੇ ਸੱਠ-ਸੱਤਰ ਪਤਾ ਨਹੀਂ ਕਿੰਨੇ ਕੁ ਨੇ, ਉਹਨਾਂ ਬੜਾ ਤਕੜਾ ਬੀੜਾ ਉਠਾਇਆ ਹੈ। ਉਹ ਸਵੇਰੇ ਉਠਦੇ ਨੇ, ਸਟੇਕੇਸੀਂ ਇਸ਼ਨਾਨ ਕਰਦੇ ਨੇ, ਇਕ ਲੜਕਾ ਰਾਤ ਨੂੰ ਗਿਆਰਾਂ ਵਜੇ ਆਪਣੇ ਸੰਗੀ-ਸਾਥੀਆਂ ਨੂੰ ਟੈਲੀਫੋਨ ਕਰਦਾ ਹੈ ਕਿ ਚਲੋ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਚਲੀਏ। ਕੀ ਕਰਦੈ? ਸਮੁੰਦਰ ਦੇ ਕੰਢੇ ਤੇ ਸਾਰਿਆਂ ਨੂੰ ਲੈ ਜਾਂਦੈ ਨੇ। ਉਥੇ ਜਾ ਕੇ ਭਜਨ ਕਰਦੇ ਐ ਸਾਰੇ ਬਹਿ ਕੇ। ਭਜਨ ਕਰ ਕੇ ਪੰਜ ਕੁ ਵਜੇ ਵਾਪਸ ਆ ਜਾਂਦੇ ਨੇ। ਦੋ ਘੰਟੇ ਸੌਂ ਕੇ ਫਿਰ ਆਪਣੀਆਂ ਦੁਕਾਨਾਂ ਦੇ ਵਿਹਾਰ ਕਰਦੇ ਨੇ। ਉਥੇ ਇਹ ਕੰਮ ਹੁੰਦਾ ਹੈ, ਜਿਥੇ ਮਾਇਆ ਬਹੁਤ ਪ੍ਰਭਾਵਸ਼ਾਲੀ ਹੈ। ਉਨ੍ਹਾਂ ਮਾਇਆ ਨੂੰ ਨਹੀਂ, ਨਾਮ ਨੂੰ ਅਧਾਰ ਬਣਾਇਆ ਹੈ।"

### ਜਪ ਪ੍ਰਯੋਗ ਵਿਚ ਗਿਣਤੀ

ਜਪ-ਪ੍ਰਯੋਗ ਵਿਚ ਸਰੀਰਾਂ ਦੀ ਰੋਜ਼ਾਨਾ ਹਾਜ਼ਰੀ ਲਗਦੀ ਹੈ, ਵੇਖਿਆ ਜਾਂਦਾ ਹੈ ਕਿ ਸਾਢੇ ਬਾਰਾਂ ਵਜੇ, ਦੋ ਵਜੇ ਜਾਂ ਤਿੰਨ ਵਜੇ ਕਿੰਨੇ ਸਰੀਰ ਆਏ। ਮਾਈਆਂ ਤੇ ਸਿੰਘਾਂ ਦੀ ਵੱਖੋ-ਵੱਖ ਗਿਣਤੀ ਦਰਜ ਕੀਤੀ ਜਾਂਦੀ ਹੈ।

15 ਮਈ ਤੋਂ 15 ਜੂਨ 1995 ਤੀਕ ਇਕ ਮਹੀਨਾ, ਸ੍ਰੀ ਸਤਿਗੁਰੂ ਜੀ ਪ੍ਰਯੋਗ ਵਿਚ ਰਾਤ ਨੂੰ ਬਾਰਾਂ ਵਜੇ ਆ ਕੇ ਦਰਸ਼ਨ ਦਿੰਦੇ ਰਹੇ। ਕਈ ਵਾਰ ਸਾਢੇ ਗਿਆਰਾਂ ਪੌਣੇ ਬਾਰਾਂ ਵਜੇ ਹੀ ਸੱਚੇ ਪਾਤਸ਼ਾਹ ਜੀ ਪ੍ਰਯੋਗ ਵਾਲੀ ਥਾਂ ਸੁਸ਼ੋਭਿਤ ਹੋ ਜਾਂਦੇ ਸਨ। ਸਾਧ-ਸੰਗਤ ਵੀ ਗਿਆਰਾਂ ਵਜੇ ਦਰਸ਼ਨ ਦੇਣ ਲਗੀ। ਹਰ ਕੋਈ ਬੜੇ ਉਤਸ਼ਾਹ ਨਾਲ ਇਕ ਦੂਜੇ ਤੋਂ ਪਹਿਲੋਂ ਪਹੁੰਚਣ ਦੀ ਕੋਸ਼ਿਸ਼ ਕਰਦਾ। ਬਾਰਾਂ ਵਜੇ ਤੋਂ ਦੋ ਵਜੇ ਤੀਕ ਕ੍ਰੀਬ ਢਾਈ ਸੌ ਸਰੀਰਾਂ ਦੀ ਗਿਣਤੀ ਹੋਣ ਲੱਗੀ। ਤਿੰਨ ਵਜੇ ਤੋਂ ਬਾਅਦ ਪੰਜ ਸੌ ਤੋਂ ਉਪਰ ਤੀਕ ਦੀ ਗਿਣਤੀ ਹੋ ਗਈ। ਸ੍ਰੀ ਭੈਣੀ ਸਾਹਿਬ ਦੇ ਕਰੀਬ 470 ਸਰੀਰ ਅਤੇ ਪਿੰਡ ਕਕਰਾਲੇ ਦੇ 40 ਸਰੀਰ, ਕੁਲ ਗਿਣਤੀ ਰੋਜ਼ਾਨਾ ਕਰੀਬ 510 ਤੋਂ 525 ਤਕ ਰਹੀ। ਪਰਮ ਪੂਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਵੇਲੇ ਦੇ ਇਕਾਂਤ ਤੇ ਸ਼ਾਂਤ ਵਾਤਾਵਰਣ ਵਿਚ ਇਕਾਗਰ ਚਿੱਤ ਹੋ ਕੇ ਨਾਮ ਸਿਮਰਨ ਕਰਨ ਦਾ ਸੁਆਦ ਤੇ ਨਜ਼ਾਰਾ ਵੇਖਿਆਂ ਤੇ ਅਨੁਭਵ ਕਰਦਿਆਂ ਹੀ ਪਤਾ ਲਗਦਾ ਹੈ।

ਅਤਿ ਰੁਝੇਵਿਆਂ ਦੇ ਹੋਣ ਕਾਰਨ ਸ੍ਰੀ ਸਤਿਗੁਰੂ ਜੀ ਨੂੰ ਦਿਨ ਵਿਚ ਵੀ ਅਰਾਮ ਕਰਨ ਦਾ ਵਕਤ ਨਾ ਮਿਲ ਸਕਣ ਕਾਰਨ, ਹਜ਼ੂਰੀ ਸੇਵਕਾਂ ਦੀ ਬੇਅਰਾਮੀ ਨੂੰ ਮੁਖ ਰਖ ਕੇ ਕਈ ਸਰੀਰਾਂ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ ਆਪ ਪ੍ਰਯੋਗ ਵਿਚ ਥੋੜ੍ਹੀ ਦੇਰ ਨਾਲ ਆਇਆ ਕਰੋ ਤੇ ਸਤਿਗੁਰੂ ਜੀ ਅਰਜ ਪ੍ਰਵਾਨ ਕਰ ਦੋ ਵਜੇ ਆਉਣ ਲੱਗੇ। ਸ੍ਰੀ ਸਤਿਗੁਰੂ ਜੀ ਕੁਝ ਦਿਨਾਂ ਲਈ ਮੰਡੀ, ਸ੍ਰੀ ਜੀਵਨ ਨਗਰ ਵਲ ਜਾਂ ਕਈ ਹੋਰ ਥਾਵਾਂ 'ਤੇ ਦਰਸ਼ਨ ਦੇਣ ਲਈ ਜਾਂਦੇ ਰਹੇ। ਜਦੋਂ ਵਾਪਸ ਆਏ ਤਾਂ ਸੱਚੇ ਪਾਤਸ਼ਾਹ ਜੀ ਨੇ ਮਹਿਸੂਸ ਕੀਤਾ ਕਿ ਪ੍ਰਯੋਗ ਵਿਚ ਆਉਣ ਵਾਲੀ ਸੰਗਤ ਘਟਦੀ ਜਾ ਰਹੀ ਹੈ। ਪ੍ਰਯੋਗ ਵਿਚ ਆਉਣ ਵਾਲੇ ਸਰੀਰਾਂ ਦੀ ਗਿਣਤੀ 475 ਹੋ ਗਈ। ਸੱਚੇ ਪਾਤਸ਼ਾਹ ਜੀ ਦੀ ਰਜ਼ਾ ਹੈ ਕਿ ਘੱਟ ਤੋਂ ਘੱਟ ਪੰਜ ਸੌ ਸਰੀਰ ਰੋਜ਼ਾਨਾ ਪ੍ਰਯੋਗ ਵਿਚ ਬੈਠੇ ਹੋਣ। 30 ਜੁਲਾਈ 1995 ਨੂੰ ਸਵੇਰੇ ਤਕਰੀਬਨ ਢਾਈ ਵਜੇ ਹਜ਼ੂਰ ਨੇ ਅਨਾਊਂਸ ਕਰਵਾ ਕੇ ਇਹ ਹੁਕਮ ਕੀਤਾ ਕਿ ਕੱਲ੍ਹ ਨੂੰ ਸਭ ਮਾਈ ਭਾਈ ਪਰਿਵਾਰ ਦੇ ਸਾਰੇ ਜੀਆਂ ਸਮੇਤ ਕੋਠੀ ਵਿਚ ਸਾਢੇ ਅੱਠ ਵਜੇ ਪਹੁੰਚਣ, ਪਰਿਵਾਰ ਦਾ ਕੋਈ ਮੈਂਬਰ ਘਰ ਨਾ ਰਹੇ, ਫਿਰ ਬਾਅਦ ਵਿਚ ਇਹੀ ਗੱਲ ਘਰ ਘਰ ਜਾ ਕੇ ਆਖਣ ਦਾ ਹੁਕਮ ਹੋਇਆ।

31 ਜੁਲਾਈ 1995 ਨੂੰ ਸ੍ਰੀ ਸਤਿਗੁਰੂ ਜੀ ਨੇ ਡੇਰੇ (ਗੁਰਦਵਾਰਾ ਸ੍ਰੀ ਭੈਣੀ ਸਾਹਿਬ) ਵਿਚ ਰਹਿਣ ਵਾਲੇ ਇਕੱਲੇ ਇਕੱਲੇ ਪਰਿਵਾਰ ਨੂੰ ਸਾਰੇ ਜੀਆਂ ਸਣੇ ਬੁਲਾ ਕੇ, ਬੜੇ ਪਿਆਰ ਨਾਲ ਹੁਕਮ ਕੀਤਾ ਕਿ ਸਾਰੇ ਘਰ ਦੇ ਜੀਅ ਪ੍ਰਯੋਗ ਵਿਚ ਸੁਵਖਤੇ ਆਇਆ ਕਰੋ। ਜੇ ਕਿਸੇ ਨੇ ਅਰਜ਼ ਕੀਤੀ ਕਿ ਬੀਮਾਰ ਹਾਂ, ਬੈਠਿਆ ਨਹੀਂ ਜਾਂਦਾ ਤਾਂ ਗ਼ਰੀਬ ਨਿਵਾਜ ਜੀ ਨੇ ਹੁਕਮ ਕੀਤਾ ਕਿ ਜ਼ਰੂਰ ਆਵੋ ਭਾਵੇਂ ਥੋੜ੍ਹਾ ਚਿਰ ਬੈਠੋ, ਰਾਜ਼ੀ ਹੋ ਜਾਵੋਗੇ। ਇੰਜ ਦੀਨ ਦਿਆਲ ਸਤਿਗੁਰੂ ਜੀ ਸਭਨਾਂ ਦਾ ਭਲਾ ਕਰਦੇ ਹਨ।

ਇਕ ਅਗਸਤ 1995 ਨੂੰ ਸ੍ਰੀ ਸਤਿਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਸਾਧ ਸੰਗਤ ਹੁੰਮ ਹੁਮਾ ਕੇ ਪਹੁੰਚੀ। ਦੋ ਵਜੇ ਤੋਂ ਤਿੰਨ ਵਜੇ ਤੀਕ ਗਿਣਤੀ 403 ਸੀ, ਢਾਈ ਵਜੇ ਤਕ 538 ਤੇ 3 ਵਜੇ ਇਹ ਗਿਣਤੀ 703 ਤੀਕ ਪਹੁੰਚ ਗਈ। ਫਿਰ ਸਤਿਗੁਰੂ ਜੀ ਦੀ ਕਿਰਪਾ ਨਾਲ ਦੋ ਵਜੇ 500 ਤੋਂ 700 ਸਰੀਰਾਂ ਦੇ ਕ਼ਰੀਬ ਰੋਜ਼ ਗਿਣਤੀ ਪ੍ਰਯੋਗ 'ਚ ਬੈਠਣ ਵਾਲਿਆਂ ਦੀ ਹੁੰਦੀ ਰਹੀ। ਬਾਕੀ ਪਿੰਡਾਂ ਤੇ ਸ਼ਹਿਰਾਂ 'ਚ ਵੀ ਪ੍ਰਯੋਗ ਹੁੰਦੇ ਹਨ।

ਸ੍ਰੀ ਸਤਿਗੁਰੂ ਜੀ ਜਦੋਂ ਕਿਤੇ ਵਿਦੇਸ਼ ਦੌਰੇ 'ਤੇ ਗਏ ਹੁੰਦੇ ਹਨ ਤਾਂ ਵੀ, ਸ੍ਰੀ ਭੈਣੀ ਸਾਹਿਬ ਟੈਲੀਫੋਨ ਕਰ ਕੇ ਪਤਾ ਕਰਦੇ ਹਨ ਕਿ ਜਪ-ਪ੍ਰਯੋਗ ਵਿਚ ਕਿਤਨੇ ਸਰੀਰਾਂ ਦੀ ਗਿਣਤੀ ਰੋਜ਼ ਚੱਲ ਰਹੀ ਹੈ।

ਜਦੋਂ ਵੀ ਸ੍ਰੀ ਸਤਿਗੁਰੂ ਜੀ, ਬਾਹਰੋਂ ਸ੍ਰੀ ਭੈਣੀ ਸਾਹਿਬ ਆਉਂਦੇ ਹਨ, ਜਦ ਹਜ਼ੂਰ ਨੂੰ ਪਤਾ ਲੱਗੇ ਕਿ ਜਪ-ਪ੍ਰਯੋਗ ਵਿਚ ਆਉਣ ਵਾਲੇ ਸਰੀਰਾਂ ਦੀ ਗਿਣਤੀ ਘੱਟ ਰਹੀ ਹੈ ਤਾਂ ਸੰਗਤ ਨੂੰ ਬੁਲਾ ਕੇ ਇਕੱਲੇ-ਇਕੱਲੇ ਪਰਿਵਾਰ ਨੂੰ ਹੁਕਮ ਕਰਦੇ ਹਨ ਕਿ ਸਾਰੇ ਸਰੀਰ, ਜਪ-ਪ੍ਰਯੋਗ ਵਿਚ ਜ਼ਰੂਰ ਆਇਆ ਕਰੋ।

ਸ੍ਰੀ ਭੈਣੀ ਸਾਹਿਬ ਵਿਖੇ 25-4-96 ਨੂੰ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ 'ਸਾਧ ਸੰਗਤ ਜੀ, ਸਤਿਗੁਰੂ ਜੀ ਨੇ ਤੁਹਾਨੂੰ ਬਹੁਤ ਸੁਖ ਦਿੱਤੇ ਹਨ। ਮੈਂ ਤੁਹਾਨੂੰ ਅੱਗੇ ਵੀ ਕਈ ਵਾਰ ਆਖ ਚੁੱਕਾ ਹਾਂ, ਹੁਣ ਮੈਂ ਫਿਰ ਹੱਥ ਜੋੜ ਕੇ ਅਰਜ਼ ਕਰਦਾ ਹਾਂ ਕਿ ਵੱਧ ਤੋਂ ਵੱਧ ਪ੍ਰਯੋਗ ਵਿਚ ਆਇਆ ਕਰੋ।'

ਸ੍ਰੀ ਭੈਣੀ ਸਾਹਿਬ ਵਿਖੇ 17-2-97 ਨੂੰ ਸ੍ਰੀ ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਕੋਠੀ ਵਿਚ ਸੱਦ ਕੇ ਹੁਕਮ ਕੀਤਾ ਕਿ "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਦੋਹਤਿਆਂ ਨੂੰ ਹੁਕਮ ਕੀਤਾ ਸੀ ਕਿ 'ਜੇ ਸ੍ਰੀ ਭੈਣੀ ਸਾਹਿਬ ਰਹਿਣਾ ਹੈ ਤਾਂ ਭਜਨ ਬਾਣੀ ਕਰੋ, ਨਹੀਂ ਤਾਂ ਕੋਈ ਹੋਰ ਸੇਵਾ ਕਰੋ, ਜੇ ਕੁਝ ਨਹੀਂ ਕਰਨਾ ਤਾਂ ਇਥੋਂ ਛੁੱਟੀ ਕਰੋ।' ਤੁਸੀਂ ਸਾਰੇ ਡੇਰੇ ਵਿਚ ਰਹਿਣ ਵਾਲੇ ਪ੍ਰਯੋਗ ਵਿਚ ਜ਼ਰੂਰ ਆਵੋ, ਜਿਹੜਾ ਨਹੀਂ ਆਵੇਗਾ, ਉਸਦੀ ਰਸਦ ਬੰਦ ਹੈ ਜੇ ਫਿਰ ਵੀ ਨਾ ਆਇਆ ਤਾਂ ਬਿਜਲੀ ਪਾਣੀ ਬੰਦ ਹੋਵੇਗਾ। ਮੇਰੇ ਵਲੋਂ ਉਸ ਨੂੰ ਖੁਸ਼ੀਆਂ ਹਨ ਉਹ ਜਾ ਸਕਦਾ ਹੈ।"

ਸੰਤ ਗੁਰਦੇਵ ਸਿੰਘ ਰਾਏਸਰੀ ਦੱਸਦੇ ਹਨ ਕਿ ਸ੍ਰੀ ਭੈਣੀ ਸਾਹਿਬ ਵਿਖੇ ਇਹਨੀਂ ਦਿਨੀਂ ਸੰਨ 1997 (ਸੰਮਤ ੨੦੫੪) ਵਿਚ ਹਰ ਰੋਜ਼ ਜਪ-ਪ੍ਰਯੋਗ ਵਿਚ ਭਜਨ ਕਰਨ ਵਾਲੇ ਸਰੀਰਾਂ ਦੀ ਗਿਣਤੀ 300 ਤੋਂ 700 ਦਰਮਿਆਨ ਰਹਿੰਦੀ ਹੈ। ਸ੍ਰੀ ਭੈਣੀ ਸਾਹਿਬ ਦੇ ਸਰੀਰ ਅਤੇ ਹੋਰ ਬਾਹਰੋਂ ਆਏ ਸਰੀਰ ਵੀ ਰੋਜ਼ਾਨਾ ਜਪ-ਪ੍ਰਯੋਗ ਵਿਚ ਸ਼ਾਮਲ ਹੁੰਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਪ-ਪ੍ਰਯੋਗ 'ਚ ਲੱਗਣ ਵਾਲੇ ਸਰੀਰਾਂ ਨੂੰ ਬਹੁਤ ਖੁਸ਼ੀਆਂ ਬਖ਼ਸ਼ਦੇ ਹਨ। ਭੋਗ ਉਪਰੰਤ ਥਾਂ ਥਾਂ ਤੋਂ ਆ ਕੇ ਜਪ-ਪ੍ਰਯੋਗ 'ਚ ਸ਼ਾਮਲ ਹੋਣ ਵਾਲਿਆਂ ਨੂੰ

ਇਕੱਤਰ ਕਰ ਕੇ, ਆਪ ਵਿੱਚ ਬੈਠ ਕੇ ਤਸਵੀਰਾਂ ਖਿਚਾਉਂਦੇ ਹਨ। ਇਕ ਵਾਰ ਜਪ-ਪ੍ਰਯੋਗ ਤੋਂ ਬਾਅਦ ਆਪ ਜੀ ਨੇ ਵੈਰਾਗ ਵਿਚ ਆ ਕੇ ਬਚਨ ਕੀਤਾ, "ਮੈਂ ਤੁਹਾਡੀ ਸਭ ਦੀ ਪੂਰੀ ਸੇਵਾ ਨਹੀਂ ਕਰ ਸਕਿਆ ਹਾਂ, ਏਸੇ ਤਰ੍ਹਾਂ ਦਰਸ਼ਨ ਮੇਲੇ ਦਿੰਦੇ ਰਿਹਾ ਕਰੋ।"

## ਜਪ-ਪ੍ਰਯੋਗ ਬਾਰੇ ਸ੍ਰੀ ਸਤਿਗੁਰੂ ਜੀ ਦੇ ਹੁਕਮ

ਡੇਰੇ ਵਿਚਲੀ ਸੰਗਤ ਨੂੰ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ ਕਿ ਰਾਤ ਨੂੰ ਅੱਠ, ਨੌ ਵਜੇ ਤੋਂ ਬਾਅਦ ਕੋਈ ਜਾਗੇ ਨਾ ਅਤੇ ਸਵੇਰੇ ਤਿੰਨ-ਚਾਰ ਵਜੇ ਮਗਰੋਂ ਕੋਈ ਸੁੱਤਾ ਨਾ ਰਹੇ। ਨਲਕੇ ਦਾ ਪਾਣੀ ਕੋਈ ਨਾ ਪੀਵੇ। ਟੈਲੀਵੀਜ਼ਨ 'ਤੇ ਜਾਂ ਸਿਨਮੇ ਹਾਲ ਵਿਚ ਕੋਈ ਪਿਕਚਰ ਨਾ ਵੇਖੇ।

7 ਸਤੰਬਰ 1995 (22 ਭਾਦਰੋਂ ੨੦੫੨) ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਪਦੇਸ਼ ਦਿੱਤਾ:

"ਸਾਰਿਆਂ ਉੱਦਮਾਂ 'ਚੋਂ ਉੱਦਮ ਭਲਾ ਇਹ ਹੈ ਕਿ ਸਵੇਰੇ ਉਠ ਕੇ ਭਜਨ ਬਾਣੀ ਕਰਨਾ ਤੇ ਕਰਾਉਣਾ...ਜਿਹੜੇ ਸਵਾ ਪਹਿਰ ਤੜਕੇ (ਸੂਰਜ ਚੜ੍ਹਨ ਤੋਂ ਤਿੰਨ ਘੰਟੇ ਪਹਿਲਾਂ) ਉਠ ਕੇ ਨਾਮ ਜਪਦੇ ਨੇ ਉਨ੍ਹਾਂ ਨੂੰ ਸਵਾ ਮਣ ਮੋਤੀ ਦਾਨ ਕੀਤੇ ਦਾ ਫਲ ਪ੍ਰਾਪਤ ਹੁੰਦਾ ਹੈ। ਤੁਸੀਂ ਆਪੋ ਆਪਣੇ ਸ਼ਹਿਰਾਂ 'ਚ ਜਾ ਕੇ ਪਤਾ ਕਰਿਓ, ਸਵਾ ਮਣ ਮੋਤੀ ਕਿੰਨੇ ਕੁ ਬੰਦੇ ਇਕੱਠੇ ਕਰ ਸਕਦੇ ਨੇ। ਪਰ ਜਿਹੜਾ ਸਵਾ ਪਹਿਰ ਤੜਕੇ ਉਠਦਾ ਤੇ ਇਸ਼ਨਾਨ ਕਰ ਕੇ ਭਜਨ ਬਾਣੀ ਕਰਦਾ ਹੈ ਸਤਿਗੁਰਾਂ ਦੇ ਹੁਕਮ ਅਨੁਸਾਰ ਉਸ ਨੂੰ ਸਵਾ ਮਣ ਮੋਤੀ ਦਾਨ ਕੀਤੇ ਦਾ ਫਲ ਪ੍ਰਾਪਤ ਹੁੰਦਾ ਹੈ...ਜਿਹੜੇ ਸਤਿਗੁਰਾਂ ਦੇ ਹੁਕਮ ਅਨੁਸਾਰ ਯੱਗ ਹਵਨ ਕਰਦੇ ਹਨ, ਉਹ ਪ੍ਰਵਾਨ ਹਨ...ਸੁਨਿ ਉਪਦੇਸ ਹਿਰਦੈ ਬਸਾਵਹੁ॥ ਮਨ ਇਛੇ ਨਾਨਕ ਫਲ ਪਾਵਹੁ॥ ਕਿੰਨੀ ਵੱਡੀ ਗੱਲ ਏ, ਏਹਨੂੰ ਕੀਤਿਆਂ ਜਿਹੜੀ ਮਨ ਵਿਚ ਇੱਛਾ ਹੋਵੇ ਉਹ ਪੂਰੀ ਹੰਦੀ ਹੈ।..ਜਪੁ ਜਾਪ ਦੋਹਾਂ ਦੇ ਹਜਾਰੇ, ਰਹਿਰਾਸ, ਕੀਰਤਨ ਸੋਹਿਲਾ ਤੇ ਚੰਡੀ ਦੀ ਵਾਰ ਇਹ ਪੰਜ ਬਾਣੀਆਂ ਜ਼ਰੂਰ ਸਾਰਿਆਂ ਨੂੰ ਪੜ੍ਹਨੀਆਂ ਚਾਹੀਦੀਆਂ ਨੇ...ਤਗੜੇ ਹੋ ਕੇ ਉੱਦਮ ਕਰੋ ਤੇ ਪੰਜ ਬਾਣੀਆਂ ਦਾ ਪਾਠ ਜ਼ਰੂਰ ਕਰਿਆ ਕਰੋ।

'ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥'

"ਸੋ ਸਤਿਗੁਰਾਂ ਦੇ ਹੁਕਮ ਅਨੁਸਾਰ ਚਲੋ। ਸਾਰੀਆਂ ਬੀਮਾਰੀਆਂ ਦਾ ਇਲਾਜ ਏ ਜਿਹੜਾ ਸਤਿਗੁਰਾਂ ਲਿਖਿਐ ਬਾਣੀ ਵਿਚ

'ਸਰਬ ਰੋਗ ਕਾ ਅਉਖਦੁ ਨਾਮੁ"

ਸੰਨ 1995 ਨੂੰ ਜਪ-ਪ੍ਰਯੋਗ ਸ਼ੁਰੂ ਹੋਣ ਤੋਂ ਇਕ ਦਿਨ ਪਹਿਲੋਂ ਯਾਨੀ 16 ਅਕਤੂਬਰ 1995 ਨੂੰ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ,

"ਇਹ ਪ੍ਰਯੋਗ ਭਾਵੇਂ ਸਾਰਾ ਸਾਲ ਹੀ ਚਾਲੂ ਰਹਿੰਦਾ ਹੈ ਪਰ ਏਸ ਤਰ੍ਹਾਂ ਦੇ ਨਿਯਮਤ ਰੂਪ

ਵਿਚ ਹੁਣ ਸ਼ੁਰੂ ਹੋਣੈਂ, ਜਿਹਦੀ ਅਰਦਾਸ ਰੋਜ਼ ਦੋ ਵਜੇ (ਤੜਕੇ) ਹੋਇਆ ਕਰਨੀ ਹੈ। ਸਾਧ ਸੰਗਤ ਵੱਧ ਤੋਂ ਵੱਧ ਕਿਰਪਾ ਕਰੇ। ਉਹਦੇ 'ਚ ਪਹੁੰਚੋ। ਏਸ ਤੋਂ ਪਹਿਲਾਂ ਕਈ ਸਰੀਰ ੧੨ ਵਜੇ ਆ ਕੇ ਬਹਿ ਜਾਂਦੇ ਨੇ। ਅਸੀਂ ਰੋਕ ਤੇ ਨਹੀਂ ਸਕਦੇ ਕਿ ਤੁਸੀਂ ੧੨ ਵਜੇ ਆ ਕੇ ਕਿਉਂ ਬਹਿ ਜਾਂਦੇ ਹੋ? ੧੨ ਵਜੇ ਇਕ ਵਜੇ, ਡੇਢ ਵਜੇ ਵੀ ਕਈ ਸਰੀਰ ਆ ਕੇ ਬਹਿੰਦੇ ਨੇ। ਪਰ ਦੋ ਵਜੇ ਸਾਰੀ ਸਾਧ ਸੰਗਤ ਜ਼ਰੂਰ ਆ ਕੇ ਦਰਸ਼ਨ ਦਿਆ ਕਰੇ। ਜਿਸ ਤਰ੍ਹਾਂ ਤੁਹਾਨੂੰ ਮੈਂ ਆਖਿਆ ਹੈ—ਖੇਤੀ ਕਰਕੇ ਫਿਰ ਫਿਕਰ ਪੈ ਜਾਂਦਾ ਹੈ, ਸਾਂਭ ਕਿਸ ਤਰ੍ਹਾਂ ਕੀਤੀ ਜਾਵੇ, ਦਾਣੇ ਸਾਡੇ ਘਰ ਆ ਜਾਣ। ਸਾਡੇ ਅਰਥ ਲਗ ਜਾਣ। ਏਸੇ ਤਰ੍ਹਾਂ ਭਜਨ ਕਰ ਕੇ ਬਾਣੀ ਪੜ੍ਹਕੇ, ਇਹ ਗੱਲ ਬਿਲਕੁਲ ਦਿਲ ਵਿਚ ਨਾ ਆਵੇ—ਮੈਂ ਭਜਨ ਕਰਦਾਂ, ਮੈਂ ਬਾਣੀ ਪੜ੍ਹਦਾਂ 'ਆਪੇ ਲਾਇਓਂ ਅਪਨਾ ਪਿਆਰ॥' ਵਾਲੀ ਗੱਲ ਹੋਵੇ ਆਦਮੀ ਕੁਝ ਨਹੀਂ ਕਰ ਸਕਦਾ। ਸਤਿਗੁਰਾਂ ਨੇ ਲਿਖਿਐ —ਮਾਨੁੱਖ ਕੇ ਕਿਛੁ ਨਾਹੀ ਹਾਥ॥"

ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਵੀ ਫ਼ਰਮਾਇਆ,

"ਸਾਧ ਸੰਗਤ ਕਿਰਪਾ ਕਰੇ, ਕੋਸ਼ਿਸ਼ ਕਰੋ ਏਨੇ ਦਿਨ ਵੱਧ ਤੋਂ ਵੱਧ ਕੋਸ਼ਿਸ਼ ਕਰੋ, ਕੋਈ ਬਚਨ ਨਾ ਹੋਵੇ। ਬਹੁਤ ਲੋੜ ਪਵੇ ਤਾਂ ਹੋਵੇ। ਜਿੰਨਾ ਡੂੰਘਾਈ ਵਿਚ ਜਾਵਾਂਗੇ ਉਨਾ ਸਾਨੂੰ ਉਸਦਾ ਲਾਭ ਹੈ। ਗੁਰਚੈਨ ਸਿੰਘ ਫਲੋਰਾ ਹੋਰੀਂ ਅਫਰੀਕਾ ਰਹਿੰਦੇ ਨੇ। ਉਹਨਾਂ ਨੇ ਅੱਖਾਂ ਦੀ ਦੁਆਈ ਦੱਸੀ ਹੈ ਜਿਹਦੇ ਵਿਚ ਸਮੁੰਦਰ ਦਾ ਪਾਣੀ ਪੈਂਦਾ ਹੈ। ਉਹਨਾਂ ਨੇ ਸੌ ਮੀਲ ਅੰਦਰ ਜਾ ਕੇ ਸਮੁੰਦਰ ਦਾ ਪਾਣੀ ਲਿਆਂਦਾ, ਬਾਹਰਲੇ ਪਾਸੇ ਮੈਲ ਹੁੰਦੀ ਹੈ ਇਸ ਵਿਚ। ਏਸੇ ਤਰ੍ਹਾਂ ਨਿੰਦਿਆ, ਚੁਗਲੀ, ਈਰਖਾ, ਇਹ ਸਾਰੀ ਮੈਲ ਹੈ। ਇਸ ਤੋਂ ਦੂਰ ਸਤਸੰਗ ਵਿਚ ਜਾ ਕੇ ਡੁਬਕੀ ਲਾ ਕੇ ਉਹ ਸੁਆਦ ਲਵੋ ਜਿਸ ਨਾਲ ਸਾਡੇ ਮਨ ਦੀ ਮੈਲ ਧੋਤੀ ਜਾਂਦੀ ਹੈ। ਮਨ ਦੀ ਬਿਰਤੀ ਨੂੰ ਸੰਕੋਚ ਕੇ, ਜਿਸ ਤਰ੍ਹਾਂ ਅਸੀਂ ਦੋਸਤੀ-ਦੁਸ਼ਮਣੀ ਵਿਚ ਲਾਉਂਦੇ ਹਾਂ ਓਦੂੰ ਵੱਧ ਭਜਨ ਬਾਣੀ ਵਿਚ ਲਾਓ, ਭਾਵੇਂ ਸਤਿਗੁਰੂ ਰਾਮ ਸਿੰਘ ਦਾ ਹੁਕਮ ਹੈ ਜਿਸਨੂੰ ਕੰਨ ਵਿਚ ਮੰਤਰ ਮਿਲ ਗਿਆ, ਉਸਨੂੰ ਹੋਰ ਜਨਮ ਨਹੀਂ, ਮਨੁੱਖਾ ਜਨਮ ਹੀ ਮਿਲੇਗਾ ਫਿਰ ਉਸਦਾ ਪਾਰ ਉਤਾਰਾ ਹੋਵੇਗਾ।"

ਸੱਚੇ ਪਾਤਸ਼ਾਹ ਜੀ ਸਾਨੂੰ ਇਹ ਵੀ ਸਮਝਾਉਂਦੇ ਹਨ ਕਿ ਕੋਈ ਇਹ ਨਾ ਕਹੇ ਕਿ ਨਾਮ ਜਪਣ ਲਗਿਆਂ ਧਿਆਨ ਨਹੀਂ ਲਗਦਾ। ਧਿਆਨ ਲੱਗਣ ਦਾ ਤਾਂ ਨਾਮ ਜਪਿਆਂ ਹੀ ਪਤਾ ਲੱਗੇਗਾ। ਇਸ ਲਈ ਵੱਧ ਤੋਂ ਵੱਧ ਚਾਰਾ ਕਰੀਏ। ਕਲਜੁਗ ਵਿਚ ਨਾਮ ਜਪਣਾਂ ਪਿਛਲੇ ਜੁਗਾਂ ਨਾਲੋਂ ਔਖਾ ਹੈ, ਹੁਣ ਮਾਇਆ ਦਾ ਫੈਲਾਓ ਜ਼ਿਆਦਾ ਹੈ। ਸਤਿਗੁਰੂ ਕਿਰਪਾ ਕਰ ਕੇ ਬਚਾਈ ਰੱਖੇ। ਜੇ ਸਿਮਰਨ ਵਿਚ ਮਨ ਨਾ ਲੱਗੇ ਤਾਂ ਵੀ ਆਪ ਬੈਠਣ ਲਈ ਕਹਿੰਦੇ ਹਨ ਤਾਂ ਕਿ ਬੱਧੇ ਬਾਂਦਰ ਵਰਗਾ ਤਨ ਤਾਂ ਬੈਠਾ ਰਹੇ ਅਤੇ ਨੁਕਸਾਨ ਨਾ ਕਰੇ। ਗੁਰੂ ਦੀ ਬਖ਼ਸ਼ਿਸ਼ ਦੁਆਰਾ ਹੀ ਨਾਮ ਜਪਿਆ ਜਾ ਸਕਦਾ ਹੈ। ਇਸ ਲਈ ਅਰਦਾਸ ਕਰਨੀ ਚਾਹੀਦੀ ਹੈ ਕਿ ਸਤਿਗੁਰੂ ਸਾਨੂੰ ਮਨ ਦੀ ਇਕਾਗਰਤਾ ਅਤੇ ਨਾਮ ਦਾ ਰਸ ਬਖ਼ਸ਼ਣ।

# ਅਖੰਡ ਵਰਨੀਆਂ ਤੇ ਹਵਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਨੇਕ ਥਾਵਾਂ 'ਤੇ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਚਲਾਈਆਂ ਹਨ।

### ਅਖੰਡ ਵਰਨੀ ਤੋਂ ਭਾਵ

ਅਖੰਡ ਵਰਨੀ ਦਾ ਮਤਲਬ ਹੁੰਦਾ ਹੈ ਦਿਨ-ਰਾਤ ਬਿਨਾਂ ਰੁਕੇ ਨਾਮ-ਸਿਮਰਨ ਕੀਤੇ ਜਾਣਾ। ਵਰਨੀ ਦਾ ਆਰੰਭ ਦੀਪ, ਧੂਪ ਤੇ ਕੁੰਭ ਰੱਖ, ਸਾਰੇ ਸਤਿਗੁਰੂਆਂ ਦੇ ਨਾਂ ਦਾ ਅਰਦਾਸਾ ਕਰ ਕੇ ਕੀਤਾ ਜਾਂਦਾ ਹੈ। ਇਸ ਨਿਰੰਤਰ ਵਰਨੀ ਵਿਚ ਭਾਗ ਲੈਣ ਵਾਲੇ ਹਰ ਸਰੀਰ ਨੇ ਨਿਸ਼ਚਤ ਕੀਤੇ ਵਕਤ ਮੁਤਾਬਕ ਦੋ-ਦੋ ਘੰਟਿਆਂ ਦੀ ਰੋਲ ਲਾਉਣੀ ਹੁੰਦੀ ਹੈ। ਭਜਨ ਦੀ ਵਰਨੀ ਵਿਚ, ਹਰ ਭਜਨੀਕ ਸੁੱਚ ਸੋਧ ਦਾ ਇਸ਼ਨਾਨ ਕਰ ਕੇ ਮਰਿਯਾਦਾ ਦਾ ਧਾਰਨੀ ਹੋ ਕੇ ਵਰਨੀ ਵਿਚ ਬੈਠ ਕੇ ਚੁਅੱਖਰੇ ਗੁਰਮੰਤ੍ਰ ਦਾ ਸਿਮਰਨ ਕਰਦਾ ਹੈ। ਅਗਰ ਭਗੌਤੀਆਂ ਦੀ ਵਰਨੀ ਕਰਨੀ ਹੋਵੇ ਤਾਂ ਸਾਰੀਆਂ ਪਾਤਸ਼ਾਹੀਆਂ (ਗੁਰੂਆਂ) ਦਾ ਨਾਮ ਸ਼ੁਰੂ ਤੋਂ ਵਰਤਮਾਨ ਤਕ ਲੈਣਾ, ਫਿਰ ਇਸ ਤਰ੍ਹਾਂ ਹੀ ਲਗਾਤਾਰ ਕਰੀਦਾ ਹੈ। ਇਹ ਕਾਰਜ ਦਿਨ ਰਾਤ, ਗਰਮੀ-ਸਰਦੀ, ਹਰ ਸਮੇਂ, ਹਰ ਰੁੱਤੇ ਚਲਦਾ ਰਹਿੰਦਾ ਹੈ।

### ਅਖੰਡ ਵਰਨੀਆਂ ਵਾਲੇ ਸਥਾਨ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਨਾਮ-ਸਿਮਰਨ ਦੀ ਅਖੰਡ ਵਰਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ੁਰੂ ਕੀਤੀ ਸੀ। ਸੱਚੇ ਪਾਤਸ਼ਾਹ ਜੀ ਨੇ ਆਪਣੇ ਸਮੇਂ ਵਿਚ ਸ੍ਰੀ ਭੈਣੀ ਸਾਹਿਬ (ਸੰਨ 1934 ਵਿਚ) ਅਤੇ ਸ੍ਰੀ ਜੀਵਨ ਨਗਰ ਵਿਖੇ (ਦੇਸ਼ ਦੀ ਵੰਡ ਮਗਰੋਂ) ਨਾਮ-ਸਿਮਰਨ ਦੀਆਂ ਅਖੰਡ ਵਰਨੀਆਂ ਚਲਾਈਆਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਹਾਨ ਕ੍ਰਿਪਾ ਕੀਤੀ, ਆਪ ਜੀ ਨੇ ਇਨ੍ਹਾਂ ਦੋਹਾਂ ਥਾਵਾਂ 'ਤੇ ਇਹ ਵਰਨੀਆਂ ਚਾਲੂ ਰੱਖਣ ਦੇ ਨਾਲ-ਨਾਲ, ਇਕ ਇਕ ਅਖੰਡ ਵਰਨੀ ਭਗੌਤੀ ਦੀ ਵੀ ਇਥੇ ਸ਼ੁਰੂ ਕਰਵਾ ਦਿਤੀ। ਇਕ ਅਖੰਡ ਵਰਨੀ ਨਾਮ-ਸਿਮਰਨ ਦੀ ਮਸਤਾਨਗੜ੍ਹ ਵੀ ਸ਼ੁਰੂ ਕਰਵਾ ਦਿਤੀ। ਇਸ ਤੋਂ ਇਲਾਵਾ ਦੇਸ਼ ਵਿਦੇਸ਼ਾਂ ਵਿਚ ਬਹੁਤ ਸਾਰੀਆਂ ਥਾਵਾਂ 'ਤੇ ਨਾਮ-ਸਿਮਰਨ ਦੀਆਂ ਵਰਨੀਆਂ ਚਲਾ ਦਿਤੀਆਂ ਅਤੇ ਚਲਾ ਰਹੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਥਾਵਾਂ 'ਤੇ ਸਮੇਂ-ਸਮੇਂ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਸ਼ੁਰੂ ਕੀਤੀਆਂ ਹਨ—

**ਪੰਜਾਬ ਵਿਚ**

1. ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ (ਰਾਮਸਰ ਡੇਰੇ ਵਿਚ)
2. ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ (ਮੜ੍ਹੀਆਂ ਵਿਚ)
3. ਰਾਈਆਂ, ਜ਼ਿਲ੍ਹਾ ਲੁਧਿਆਣਾ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਅਸਥਾਨ 'ਤੇ)
4. ਹਿੰਮਤਪੁਰਾ, ਜ਼ਿਲ੍ਹਾ ਸੰਗਰੂਰ (ਨਾਮਧਾਰੀ ਡੇਰਾ ਜਿਥੇ ਸੰਤ ਕਰਮ ਸਿੰਘ ਨਿਵਾਸ ਰੱਖਦੇ ਰਹੇ ਹਨ)
5. ਅੰਮ੍ਰਿਤਸਰ ਸ਼ਹੀਦੀ ਅਸਥਾਨ 'ਤੇ
6. ਮੁਕਤਸਰ (ਨਾਮਧਾਰੀ ਧਰਮਸ਼ਾਲਾ ਵਿਚ)
7. ਪਿੰਡ ਸ਼ਾਹਪੁਰ, ਜ਼ਿਲ੍ਹਾ ਜਲੰਧਰ ਦੇ ਰਕਬੇ ਵਿਚ (ਫਿਲੌਰ ਤੋਂ ਗੁਰਾਇਆ ਨੂੰ ਜਾਂਦਿਆਂ ਕਰੀਬ 6-7 ਕਿਲੋਮੀਟਰ 'ਤੇ ਸੱਜੇ ਪਾਸੇ ਸੜਕ ਤੋਂ ਦੋ ਕੁ ਫਰਲਾਂਗ ਦੀ ਵਿੱਥ 'ਤੇ ਸ੍ਰ. ਸਰਬਣ ਸਿੰਘ ਹੁਸੈਨਾਬਾਦੀਆ ਹਾਲ ਲੈਸਟਰ ਯੂ.ਕੇ. ਦੇ ਫ਼ਾਰਮ ਵਿਚ)

**ਹਰਿਆਣੇ ਵਿਚ**

8. ਪਿੰਡ ਦਮਦਮਾ ਜ਼ਿਲ੍ਹਾ ਸਰਸਾ (ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ)

**ਹਿਮਾਚਲ ਪ੍ਰਦੇਸ਼ ਵਿਚ**

9. ਮੰਡੀ (ਨਾਮਧਾਰੀ ਧਰਮਸ਼ਾਲਾ ਵਿਖੇ)
10. ਸੁੰਦਰ ਨਗਰ (ਨਾਮਧਾਰਾ ਧਰਮਸ਼ਾਲਾ ਵਿਖੇ)

**ਯੂ.ਪੀ. ਵਿਚ**

11. ਮਲਕ ਫਾਰਮ, ਜ਼ਿਲ੍ਹਾ ਲਖੀਮਪੁਰ
12. ਗੋਲਾ ਗੋਕਰਨ ਨਾਥ

**ਰਾਜਸਥਾਨ ਵਿਚ**

13. ਸਤਾਰਾ ਓ (17/O) ਨੇੜੇ ਕਰਨਪੁਰ)

**ਕਰਨਾਟਕ ਵਿਚ**

14. ਸ੍ਰੀ ਸਤਿਗੁਰੂ ਜੀ ਦੇ ਨਾਮਧਾਰੀ ਫਾਰਮ ਬਿੜਦੀ (ਬੰਗਲੌਰ) ਵਿਖੇ

**ਬਿਹਾਰ ਵਿਚ**

15. ਹਜਾਰੀ ਬਾਗ (ਸੂਬਾ ਸਾਹਿਬ ਜੀ ਦੀ ਯਾਦ ਵਿਚ ਬਣਾਈ ਇਮਾਰਤ ਵਿਚ)
16. ਡਾਲਟਨ ਗੰਜ

**ਮੱਧ ਪ੍ਰਦੇਸ਼ ਵਿਚ**

17. ਪਿੰਡ ਬਿੱਚੀ (ਗਵਾਲੀਅਰ ਦੇ ਨੇੜੇ)

**ਦਿੱਲੀ ਵਿਖੇ**

18. ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ

**ਥਾਈਲੈਂਡ ਵਿਖੇ**

19. ਬੈਂਕੋਕ ਵਿਚ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਕਿਰਪਾ ਕੀਤੀ ਹੈ, ਸ੍ਰੀ ਭੈਣੀ ਸਾਹਿਬ ਮੜ੍ਹੀਆਂ ਵਿਚ, ਇਕ ਬਹੁਤ ਸ਼ਾਨਦਾਰ ਨਵਾਂ ਪੱਕਾ ਗੋਲ ਮੰਦਰ ਬਣਵਾ ਕੇ ਉਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਭਜਨ ਦੀ ਅਖੰਡ ਵਰਨੀ ਸ਼ੁਰੂ ਕਰਵਾਈ ਹੈ। ਵਰਨੀ ਵਿਚ ਲੱਗਣ ਵਾਲਿਆਂ ਵਾਸਤੇ ਬਹੁਤ ਸੋਹਣਾ ਰਿਹਾਇਸ਼ ਦਾ ਪ੍ਰਬੰਧ ਕੀਤਾ ਹੈ। ਇਹ ਮੜ੍ਹੀਆਂ 'ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ' ਦੇ ਪਹਾੜ ਵਾਲੇ ਪਾਸੇ ਹਨ।

(ਪਹਿਲਾਂ ਮੜ੍ਹੀਆਂ ਦੀ ਹਾਲਤ ਇਸ ਤਰ੍ਹਾਂ ਦੀ ਸੀ ਕਿ ਉੱਚਾ ਨੀਵਾਂ ਥਾਂ ਸੀ। ਕਾਹੀ, ਕੰਡੇ, ਮਲ੍ਹੇ ਹੁੰਦੇ ਸਨ। ਪੈਰ ਧਰਿਆਂ ਵੀ ਕੰਡਿਆਂ ਨਾਲ ਪੈਰ ਭਰ ਜਾਂਦੇ ਸਨ, ਤੁਰਨਾ ਮੁਸ਼ਕਲ ਸੀ। ਸਸਕਾਰ ਕਰਨ ਆਇਆਂ ਨੂੰ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਸ੍ਰੀ ਸਤਿਗੁਰੂ ਜੀ ਨੇ ਮੜ੍ਹੀਆਂ ਦਾ ਨਕਸ਼ਾ ਹੀ ਬਦਲ ਦਿਤਾ ਹੈ। ਇਸ ਨੂੰ ਇਤਨਾ ਰਮਣੀਕ ਸਥਾਨ ਬਣਾ ਦਿਤਾ ਹੈ ਕਿ ਹਰ ਵੇਖਣ ਵਾਲਾ ਪ੍ਰਭਾਵਿਤ ਹੁੰਦਾ ਹੈ। ਆਖਿਆ ਜਾਂਦਾ ਹੈ ਕਿ ਮੜ੍ਹੀਆਂ ਏਡੀਆਂ ਵਧੀਆ ਬਣਾ ਦਿਤੀਆਂ ਹਨ ਕਿ ਏਥੇ ਮਰਨ ਨੂੰ ਜੀਅ ਕਰਦਾ ਹੈ।

ਮੜ੍ਹੀਆਂ ਵਿਚ ਐਸ ਵੇਲੇ ਆਧੁਨਿਕ ਸੁਵਿਧਾ ਅਨੁਸਾਰ, ਹਰ ਮੌਸਮ ਵਿਚ ਸਸਕਾਰ ਕਰਨ ਦੀ ਯੋਗ ਸੁਵਿਧਾ ਤੇ ਇੰਤਜ਼ਾਮ ਹੈ। ਸਸਕਾਰ ਕਰਨ ਆਇਆਂ ਲਈ ਬੈਠਣ ਵਾਸਤੇ ਵਧੀਆ ਗੋਲ ਹਾਲ ਬਣਾਇਆ ਗਿਆ ਹੈ। ਮੜ੍ਹੀਆਂ ਵਿਚ ਫੁੱਲ ਬੂਟੇ ਲਾ ਕੇ, ਸੁੰਦਰ ਪਾਰਕ ਬਣਾ ਕੇ ਇਸ ਨੂੰ ਵੇਖਣਯੋਗ ਥਾਂ ਬਣਾ ਦਿੱਤਾ ਹੈ। ਇਕ ਖੂਹੀ ਵੀ ਲਗਵਾਈ ਹੋਈ ਹੈ।)

**ਵਰਨੀਆਂ ਬਾਰੇ ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ**

ਸੱਚੇ ਪਾਤਸ਼ਾਹ ਜੀ ਨੌਜਵਾਨਾਂ ਨੂੰ ਇਨ੍ਹਾਂ ਚੱਲ ਰਹੀਆਂ ਭਜਨ ਦੀਆਂ ਅਖੰਡ ਵਰਨੀਆਂ ਵਿਚ ਹਿੱਸਾ ਲੈਣ ਲਈ ਖਾਸ-ਤੌਰ 'ਤੇ ਪ੍ਰੇਰਦੇ ਹਨ। ਜਿਸ ਥਾਂ ਵਰਨੀ ਚਾਲੂ ਕਰਨੀ ਹੁੰਦੀ ਹੈ, ਪਹਿਲੋਂ ਹਿੱਸਾ ਲੈਣ ਵਾਲੇ ਸਰੀਰਾਂ ਦੇ ਨਾਂ ਲਿਖ ਲਏ ਜਾਂਦੇ ਹਨ, ਫਿਰ ਉਨ੍ਹਾਂ ਲਈ ਦੋ-ਦੋ ਘੰਟੇ ਵਰਨੀ ਵਿਚ ਬੈਠਣ ਵਾਲਾ ਵਕਤ ਨਿਸ਼ਚਿਤ ਕਰ ਲਿਆ ਜਾਂਦਾ ਹੈ। ਵਰਨੀ ਵਿਚ ਲੱਗਣ ਵਾਲਿਆਂ ਨੂੰ ਨਿਯਮਬੱਧ ਕਰਨ ਅਤੇ ਵਰਨੀ ਦੀ ਮਰਿਯਾਦਾ ਨੂੰ ਬਰਕਰਾਰ ਰੱਖਣ ਲਈ ਦੋ ਪਹਿਰੂ ਹੁੰਦੇ ਹਨ।

ਸ੍ਰੀ ਸਤਿਗੁਰੂ ਜੀ ਚਾਹੁੰਦੇ ਹਨ ਕਿ ਸਾਰੇ ਇਲਾਕਿਆਂ ਵਿਚ ਭਜਨ ਦੀ ਵਰਨੀ ਹੋਵੇ। ਆਪ

ਬਚਨ ਕਰਦੇ ਹਨ :-

"ਤੁਸੀਂ ਐਸ ਇਲਾਕੇ ਵਿਚ ਜਿੰਨੇ ਨਾਮਧਾਰੀ ਸਿੰਘ ਹੋ, ਤੁਹਾਨੂੰ ਚਾਹੀਦਾ ਹੈ ਆਪਣੇ ਇਲਾਕੇ ਵਿਚ ਵਰਨੀ ਭਜਨ ਦੀ ਤੋਰਨੀ। ਇਹ ਕੋਈ ਔਖਾ ਕੰਮ ਨਹੀਂ, ਏਸ ਪਾਸੇ ਧਿਆਨ ਨਹੀਂ, ਧਿਆਨ ਹੋਵੇ ਤੇ ਇਹ ਸਾਰਾ ਕੰਮ ਹੋ ਸਕਦਾ ਹੈ।"

ਜਿਥੇ ਵਰਨੀ ਚਲਦੀ ਹੋਵੇ, ਸ੍ਰੀ ਸਤਿਗੁਰੂ ਜੀ ਖੁਸ਼ੀਆਂ ਬਖ਼ਸ਼ਦੇ ਅਤੇ ਉਤਸਾਹ ਪ੍ਰਦਾਨ ਕਰਦੇ ਹਨ। ਹਿੰਮਤਪੁਰੇ (ਜ਼ਿਲ੍ਹਾ ਸੰਗਰੂਰ) ਨਾਮਧਾਰੀ ਧਰਮਸ਼ਾਲਾ ਵਿਖੇ ਸੱਚੇ ਪਾਤਸ਼ਾਹ ਜੀ ਨੇ ਫ਼ਰਮਾਇਆ:-

"ਸਾਧ ਸੰਗਤ ਜੀ, ਤੁਸੀਂ ਇਲਾਕੇ ਵਾਲਿਆਂ ਬਹੁਤ ਵਧੀਆ ਉੱਦਮ ਕੀਤਾ ਹੈ ਜੋ ਵਰਨੀ ਆਰੰਭ ਕਰਨ ਲੱਗੇ ਹੋ। ਹਸਪਤਾਲ ਵੀ ਤੁਹਾਡੇ ਏਥੇ ਬਨਣਾ ਹੈ ਪਰ ਹਸਪਤਾਲ ਨਾਲੋਂ ਵੱਧ ਖਿੱਚ ਵਰਨੀ ਦੀ ਚਾਹੀਦੀ ਹੈ—ਸਤਿਗੁਰਾਂ ਬਾਣੀ ਦੁਆਰਾ ਲਿਖਿਆ ਹੈ-

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ।

"ਹਸਪਤਾਲ ਜਾ ਕੇ ਤਾਂ ਬਾਹਰਲੇ ਰੋਗਾਂ ਵਾਸਤੇ ਚਾਰਾ ਕਰਨਾ ਹੈ। ਮਨ ਦੇ ਰੋਗ ਜਿਹੜੇ ਨੇ ਉਹ ਵਰਨੀ ਨਾਲ ਠੀਕ ਹੋਣੇ ਨੇ। ਇਸ ਨਾਲ ਦੋਵੇਂ ਠੀਕ ਹੋ ਜਾਂਦੇ ਨੇ। ਤੁਸੀਂ ਉੱਦਮ ਕਰੋ, ਲਾਇਨ ਲੱਗੀ ਹੋਵੇ ਕਿ ਮੇਰੀ ਵਾਰੀ ਦਿਓ ਵਰਨੀ 'ਚ, ਮੇਰੀ ਵਾਰੀ ਦਿਓ। ਇਹ ਨਾ ਹੋਵੇ ਕਿ ਮੈਨੂੰ ਫਲਾਣਾ ਕੰਮ ਹੋ ਗਿਆ ਸੀ, ਟਾਲ-ਮਟੋਲ ਨਹੀਂ ਕਰਨੀ। ਤਕੜੇ ਹੋ ਕੇ ਉੱਦਮ ਕਰੋ।"

"ਨੌਜੁਆਨ ਬੱਚਿਆਂ ਨੂੰ ਪਿਆਰ ਨਾਲ ਪ੍ਰੇਰਣਾ ਦੇ ਕੇ ਵਰਨੀ 'ਚ ਲਾਓ। ਸਕੂਲ 'ਚ ਬੱਚੇ ਪੜ੍ਹਨਗੇ ਤਾਂ ਉਹ ਕਾਲਜ ਵਿਚ ਜਾਣੇ ਨੇ। ਬਿਰਧ-ਬਿਰਧ ਵਰਨੀਆਂ 'ਚ ਲਗਦੇ ਨੇ ਇਹ ਜਦੋਂ ਮੁੱਕ ਗਏ ਤਾਂ ਜਿਹੜੇ ਬੱਚੇ ਅੱਗੇ ਨੇ ਉਨ੍ਹਾਂ ਨੂੰ ਹੱਥ ਮਾਂਜਨ ਦੀ, ਇਸ਼ਨਾਨ ਕਰਨ ਦੀ, ਭਜਨ ਬਾਣੀ ਕਰਨ ਦੀ, ਵਰਨੀ ਕਰਨ ਦੀ ਜਾਚ ਨਹੀਂ ਰਹਿਣੀ। ਬੱਚਿਆਂ ਨੂੰ ਏਸ ਪਾਸੇ ਲਾਓ। ਮਾਤਾਵਾਂ ਪ੍ਰੇਰਣਾ ਦੇ ਕੇ ਬੱਚਿਆਂ ਨੂੰ ਏਸ ਪਾਸੇ ਲਗਾਉਣ। ਜਦੋਂ ਮੈਂ ਮੁੜਕੇ ਆਵਾਂ, ਨੌਜੁਆਨ ਬੱਚੇ ਵਰਨੀ 'ਚ ਲੱਗੇ ਹੋਣ। ਤੁਹਾਡੇ ਕੋਲ ਇਹ ਯੱਗ ਚੱਲਿਆ ਹੈ, ਇਹੋ ਜਿਹਾ ਲੰਗਰ ਲੱਗਾ ਹੈ (ਨਾਮ-ਸਿਮਰਨ ਦਾ) ਵੀਹ-ਵੀਹ, ਪੰਝੀ-ਤੀਹ ਸਾਲ ਦੇ ਨੌਜੁਆਨ ਲੱਗਣ ਵਰਨੀ 'ਚ, ਕੰਮ ਕੋਈ ਨਹੀਂ ਖਲੋਂਦਾ। 'ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ। ਕਾਹੇ ਮਨ ਭਉ ਕਰਿਆ।।' ਸਭ ਦੇ ਸਿਰ 'ਤੇ ਅਕਾਲ ਪੁਰਖ ਨੇ ਰੋਟੀ ਲਿਖ ਕੇ ਘੱਲੀ ਹੈ। ਸੋ ਤੁਸੀਂ ਤਕੜੇ ਹੋ ਕੇ ਇਹ ਉੱਦਮ ਕਰੋ।"

ਅਲਕੜੇ ਵਾਲਿਆਂ ਨੂੰ ਹੁਕਮ ਕੀਤਾ, "ਤੁਸੀਂ ਆਪਣੇ ਪਿੰਡੋਂ ਮੁੰਡੇ ਵਰਨੀ ਲਈ ਦਿਓ। ਆ ਕੇ ਅਰਜ਼ ਕਰਿਆ ਕਰੋ ਸੰਤਾਂ ਜੋਰਾ ਸਿੰਘ ਹੁਰਾਂ ਨੂੰ ਕਿ ਮੇਰਾ ਇਕ ਮੁੰਡਾ ਵਰਨੀ 'ਚ ਲਾਓ, ਉਥੇ ਜਾ ਕੇ ਬੜੀਆਂ ਦਰਖ਼ਾਸਤਾਂ ਦਿੰਦੇ ਹਨ, ਕਿ ਮੇਰਾ ਮੁੰਡਾ ਬੈਂਕ 'ਚ ਲਵਾ ਦਿਓ। ਵਰਨੀ 'ਚ ਲਾਓ ਸਭ ਤੋਂ ਵੱਡਾ ਬੈਂਕ ਇਹ ਹੈ।"

13 ਜਨਵਰੀ 1994 ਨੂੰ ਮੁਕਤਸਰ ਵਿਖੇ ਮਾਘੀ ਦੇ ਮੇਲੇ 'ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਨੌਜਵਾਨਾਂ ਨੂੰ ਸੱਦ ਕੇ ਉਚੇਚੇ ਤੌਰ 'ਤੇ ਹੁਕਮ ਕੀਤਾ:-

"ਜੇ ਕਦੇ ਤੁਹਾਡੀ ਇਕ ਫਸਲ ਮਾੜੀ ਪੈ ਜਾਂਦੀ ਹੈ, ਵਪਾਰ ਵਿਹਾਰ ਦਾ ਘਾਟਾ ਪੈ ਜਾਏ ਤਾਂ ਤੁਸੀਂ ਪੂਰਾ ਜਤਨ ਕਰਦੇ ਹੋ ਕਿ ਇਹ ਘਾਟਾ ਪੂਰਾ ਕੀਤਾ ਜਾਵੇ। ਇਸੇ ਤਰ੍ਹਾਂ ਹੁਣ ਭਜਨ ਬਾਣੀ ਦਾ ਬਹੁਤ ਘਾਟਾ ਪੈ ਗਿਆ ਹੈ, ਸਾਡੀ ਸਭ ਤੋਂ ਚੰਗੀ ਅਤੇ ਵੱਡੀ ਜਾਇਦਾਤ ਸਿੱਖੀ ਹੈ, ਸਿੱਖੀ ਭਜਨ ਬਾਣੀ ਦੀ ਹੈ। ਸਤਿਗੁਰ ਕਿਰਪਾ ਕਰਨ, ਜਤਨ ਕਰੋ ਜਿੰਨਾ ਵੱਧ ਤੋਂ ਵੱਧ ਹੋ ਸਕੇ ਭਜਨ ਬਾਣੀ ਕੀਤਾ ਜਾਵੇ। ਨਵੀਂ ਪੀੜ੍ਹੀ ਨੂੰ ਸਿੱਖੀ 'ਚ ਪਰਪੱਕ ਕਰਨ ਦੀ ਲੋੜ ਹੈ। ਸਤਿਗੁਰਾਂ ਕਿਰਪਾ ਕੀਤੀ ਹੈ ਬੈਂਕੋਕ ਦੇ ਨੌਜੁਆਨਾਂ ਨੇ ਬਹੁਤ ਉੱਦਮ ਕੀਤਾ ਹੈ, ਉਨ੍ਹਾਂ ੮੦-੯੦ ਨੌਜਵਾਨਾਂ ਨੇ ਜੱਥਾ ਬਣਾਇਆ ਹੈ, ਬਹੁਤ ਸੇਵਾ ਕਰਦੇ ਹਨ। ਉਨ੍ਹਾਂ ਨੇ ਉਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਅਖੰਡ ਵਰਨੀ ਸ਼ੁਰੂ ਕਰ ਦਿੱਤੀ ਹੈ। ਜਿਵੇਂ ਖ਼ਰਬੂਜ਼ੇ ਨੂੰ ਵੇਖ ਖ਼ਰਬੂਜ਼ਾ ਰੰਗ ਫੜਦਾ ਹੈ, ਬੈਂਕੋਕ ਵਾਲੇ ਨੌਜੁਆਨਾਂ ਵੱਲ ਵੇਖ, ਦਿੱਲੀ ਦੇ ਨੌਜੁਆਨਾਂ ਨੇ ਵੀ ਅਖੰਡ ਵਰਨੀ ਸ਼ੁਰੂ ਕਰ ਦਿਤੀ ਹੈ। ਹੁਣੇ ਕੁਝ ਦਿਨ ਪਹਿਲੋਂ ਹੀ ਮੈਂ ਡਾਲਟਨਗੰਜ ਗਿਆ ਸਾਂ, ਉਥੇ ਵੀ ਨੌਜੁਆਨਾਂ ਨੂੰ ਕਿਹਾ ਕਿ ਤੁਸੀਂ ਵੀ ਵਰਨੀ ਆਰੰਭ ਕਰੋ। ੧੦-੧੫ ਮਿੰਟਾਂ 'ਚ ਹੀ ੩੫ ਮੁੰਡਿਆਂ ਨਾਂ ਲਿਖਵਾ ਦਿਤੇ। ਉਥੇ ਵੀ ਅਖੰਡ ਵਰਨੀ ਸ਼ੁਰੂ ਕਰ ਆਏ ਹਾਂ। ਤੁਸੀਂ ਵੀ ਉੱਦਮ ਕਰੋ, ਹੁਣੇ ਹੀ ਨੌਜੁਆਨ ਮੁੰਡੇ ਆਪਣੇ ਨਾਂ ਲਿਖਵਾਓ। ਇਹ ਸਾਰਾ ਕੁਝ ਭਜਨ ਬਾਣੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਹੈ।"

ਛੇਤੀ ਹੀ ੧੫ ਨੌਜੁਆਨਾਂ ਨੇ ਨਾਂ ਲਿਖਵਾਏ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ "ਹੋਰ ਵੀ ਨੌਜੁਆਨਾਂ ਨੂੰ ਇਕੱਤਰ ਕਰਕੇ ਅਰਦਾਸ ਕਰਕੇ ਨਾਮ ਸਿਮਰਨ ਦੀ ਅਖੰਡ ਵਰਨੀ ਆਰੰਭ ਕਰ ਕੇ ਮੈਨੂੰ ਪਤਾ ਦਿਓ ਮੈਂ ਫਿਰ ਆਵਾਂਗਾ।"

ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਕਿਰਪਾ ਕਰ ਕੇ ਜਿੰਨਾ ਵੀ ਨਾਮ ਐਸ ਵੇਲੇ ਜਪਾ ਰਹੇ ਹਨ, ਉਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਨਾਮਧਾਰੀਆਂ ਵਿਚ ਸੁੱਚ ਸੋਧ ਅਤੇ ਮਰਿਯਾਦਾ ਵੀ ਪੂਰਨ ਤੌਰ ਤੇ ਰੱਖੀ ਜਾਂਦੀ ਹੈ।

ਸ੍ਰੀ ਸਤਿਗੁਰੂ ਜੀ ਬਚਨ ਕਰਦੇ ਹਨ ਕਿ ਬੜੇ ਵੱਡੇ ਭਾਗਾਂ ਨਾਲ ਸਤਸੰਗ ਕਰਨ ਦਾ, ਭਜਨ ਬਾਣੀ ਕਰਨ ਦਾ, ਸਾਧ-ਸੰਗਤ ਦੇ ਦਰਸ਼ਨਾਂ ਦਾ ਮੌਕਾ ਪ੍ਰਾਪਤ ਹੁੰਦਾ ਹੈ। ਐਸ ਵੇਲੇ ਕਲੂ ਕਲੇਸ਼ ਦਾ ਯੁਗ ਅਕਾਲ ਪੁਰਖ ਨੇ ਬਣਾ ਦਿਤਾ ਹੈ। ਪਰ ਇਸ ਯੁਗ ਦੇ ਵਿਚ ਜੇ ਅੱਗ ਬਲਦੀ ਦੇ ਵਿਚ ਕੋਈ ਬਰਫ ਰੱਖ ਦੇਵੇ ਤੇ ਉਹ ਨ ਖੁਰੇ ਨ ਢਲੇ, ਇਹ ਸਤਿਗੁਰਾਂ ਦੀ ਕਿਰਪਾ ਤੋਂ ਬਿਨਾਂ ਨਹੀਂ ਹੋ ਸਕਦਾ ਤੇ ਸਚਮੁਚ ਇਹ ਕਿਰਪਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਐਸ ਯੁਗ ਵਿਚ ਕਰ ਰਹੇ ਹਨ।

"ਨਾਮਧਾਰੀ ਸਿੱਖਾਂ ਦੇ ਚਿਹਰਿਆਂ ਉਤੇ ਉਸ ਮਾਲਕ ਦੇ ਨਾਮ ਦੀ ਝਲਕ ਹੈ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਇਹ ਨਾਮ ਜਪਾ ਰਹੇ ਹਨ।"

—ਬਾਬਾ ਸਰਬਜੋਤ ਸਿੰਘ ਜੀ ਊਨਾ
(ਗੁਰੂ ਨਾਨਕ ਦੇਵ ਜੀ ਦੇ ਬੰਸ ਵਿਚੋਂ ਸਤਾਰਵੀਂ ਪੀੜ੍ਹੀ ਵਿਚੋਂ)

## ਹਵਨ ਦੀ ਪਰੰਪਰਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਵਨ ਕਰਨ ਦੀ ਪੁਰਾਤਨ ਮਰਿਯਾਦਾ ਅਤੇ ਪਰੰਪਰਾ ਨੂੰ ਵੀ ਪੁਰਾਣੇ ਸਮਿਆਂ ਵਾਂਗ ਕਾਇਮ ਰਖਿਆ ਹੋਇਆ ਹੈ।

ਹਵਨ ਵਿਚ ਇਕ ਸ਼ਕਤੀ ਹੈ ਕਿ ਮਾੜੇ ਗੁਣ ਨਿਕਲ ਜਾਂਦੇ ਹਨ ਤੇ ਚੰਗੇ ਗੁਣਾਂ ਦਾ ਪ੍ਰਸਾਰ ਹੁੰਦਾ ਹੈ। ਹਵਨ ਵਾਤਾਵਰਣ ਨੂੰ ਸ਼ੁੱਧੀ ਪ੍ਰਦਾਨ ਕਰਦਾ ਹੈ, ਧਰਮ ਦੀ ਸਥਾਪਨਾ ਕਰਦਾ ਹੈ, ਮਨ ਦੀ ਸਥਿਰਤਾ ਤੇ ਇਕਾਗਰਤਾ ਨੂੰ ਵਧਾਉਂਦਾ ਹੈ।

ਜਦੋਂ ਕਿਧਰੇ ਬਾਰਸ਼ ਨਹੀਂ ਹੁੰਦੀ, ਸਾਧ ਸੰਗਤ ਦੇ ਬਾਰਸ਼ ਲਈ ਅਰਜ਼ ਕਰਨ 'ਤੇ ਸ੍ਰੀ ਸਤਿਗੁਰੂ ਜੀ ਹਵਨ ਕਰਵਾਉਂਦੇ ਹਨ ਤਾਂ ਵਰਖਾ ਨਾਲ ਬਨਸਪਤੀ ਮੌਲ ਉਠਦੀ ਹੈ।

ਹਵਨ-ਯੱਗ ਤੇ ਵਰਨੀਆਂ, ਨਾਮਧਾਰੀਆਂ ਦੇ ਜੀਵਨ ਦਾ ਇਕ ਅਭਿੰਨ ਅੰਗ ਬਣ ਚੁੱਕੇ ਹਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਦੇਹ ਅਰੋਗਤਾ ਲਈ, ਕਾਰੋਬਾਰ ਦੀ ਸਫ਼ਲਤਾ ਲਈ, ਘਰ ਦੀ ਸੁਖ ਸ਼ਾਂਤੀ ਲਈ, ਕਿਸੇ ਕਾਰਜ ਦੀ ਸਫ਼ਲਤਾ ਲਈ, ਹਵਨ ਤੇ ਵਰਨੀ ਕੀਤੇ ਜਾਂਦੇ ਹਨ। ਮੇਲਿਆਂ ਅਤੇ ਸਮਾਗਮਾਂ ਦੀ ਸਫ਼ਲਤਾ ਲਈ ਵੀ ਹਵਨ ਤੇ ਵਰਨੀਆਂ ਕੀਤੀਆਂ ਜਾਂਦੀਆਂ ਹਨ। ਵਿਆਹ ਸਮੇਂ ਵੀ ਹਵਨ ਕੀਤਾ ਜਾਂਦਾ ਹੈ।

# ਗੁਰਬਾਣੀ ਦਾ ਪ੍ਰਵਾਹ

ਰੋਜ਼ਾਨਾ ਗੁਰਬਾਣੀ ਦਾ ਪਾਠ ਕਰਨਾ, ਬਚਪਨ ਤੋਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਿਤ ਕਰਮ ਰਿਹਾ ਹੈ।

ਭਾਵੇਂ ਸ੍ਰੀ ਸਤਿਗੁਰੂ ਜੀ ਕੋਲ ਨਾਮ ਦਾ ਖ਼ਜ਼ਾਨਾ ਹੈ, ਪਰ ਸਿੱਖਾਂ ਦੇ ਪੂਰਨਿਆਂ ਵਾਸਤੇ ਆਪ ਰੋਜ਼ਾਨਾ, ਆਪਣਾ ਸਮਾਂ ਅੱਠ ਘੰਟੇ ਨਾਮ-ਸਿਮਰਨ ਦੇ ਨਾਲ-ਨਾਲ, ਆਸਾ ਦੀ ਵਾਰ ਦਾ ਕੀਰਤਨ ਕਰਦੇ ਹਨ। ਕੀਰਤਨ-ਕਥਾ ਦੇ ਨਾਲ ਨਾਲ, ਇਸ ਵੇਲੇ ਦੇ ਨਾਮਧਾਰੀ ਨਿਤਨੇਮ (ਗੁਟਕਾ) ਦੀਆਂ ਸਾਰੀਆਂ ਬਾਣੀਆਂ ਦਾ ਪਾਠ ਕਰਦੇ ਹਨ। ਇਸ ਤੋਂ ਇਲਾਵਾ ਸੰਗੀਤ ਵਿਦਿਆਰਥੀਆਂ ਨੂੰ ਸਮਾਂ ਦੇਣਾ, ਦਰਸ਼ਨ ਕਰਨ ਆਇਆਂ ਦੀਆਂ ਅਰਜ਼ਾਂ ਸੁਨਣੀਆਂ ਅਤੇ ਸਮਾਜ ਦੇ ਹੋਰ ਮਸਲੇ ਨਜਿੱਠਣ ਆਦਿ ਦੇ ਰੁਝੇਵਿਆਂ ਲਈ ਵੀ ਆਪ ਆਪਣਾ ਅਤਿਅੰਤ ਕੀਮਤੀ ਵਕਤ ਪ੍ਰਦਾਨ ਕਰਦੇ ਹਨ। ਪੂਰਨ ਤੌਰ 'ਤੇ ਆਪ ਜੀ ਦੇ ਨਿਤ ਕਰਮ ਨੂੰ ਆਂਕਿਆ ਨਹੀਂ ਜਾ ਸਕਦਾ।

**ਗੁਰਬਾਣੀ ਪੜ੍ਹਨ ਦਾ ਹੁਕਮ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ ਕਿ ਰੋਜ਼ਾਨਾ ਜੀਅ-ਪ੍ਰਤੀ ਘੱਟੋ-ਘੱਟ ਇਕ ਘੰਟਾ ਨਾਮ-ਸਿਮਰਨ ਜ਼ਰੂਰ ਹੀ ਕਰਨਾ ਚਾਹੀਦਾ ਹੈ। ਘਰ ਜਾਂ ਪਰਿਵਾਰ ਪ੍ਰਤੀ, ਹਰ ਮਹੀਨੇ ਇਕ ਆਦਿ ਜਾਂ ਦਸਮ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਨਾ ਚਾਹੀਦਾ ਹੈ। ਗੁਰਬਾਣੀ—ਚੰਡੀ ਦੀ ਵਾਰ, ਜਪੁ-ਜਾਪੁ, ਦੋਹਾਂ ਦੇ ਹਜ਼ਾਰੇ, ਰਹਿਰਾਸ ਤੇ ਕੀਰਤਨ ਸੋਹਿਲਾ, ਇਹ ਪੰਜ ਬਾਣੀਆਂ ਤਾਂ ਜ਼ਰੂਰ ਸਾਰੇ ਸਿੱਖਾਂ ਨੂੰ ਰੋਜ਼ ਪੜ੍ਹਨੀਆਂ ਚਾਹੀਦੀਆਂ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫ਼ਰਮਾਉਂਦੇ ਹਨ:-

"ਇਕ ਦਿਨ ਐਸਾ ਆ ਜਾਣਾ ਹੈ ਜਦੋਂ ਅਸਾਂ ਇਸ ਸੰਸਾਰ ਤੋਂ ਤੁਰ ਜਾਣਾ ਹੈ। ਉਹ ਪਤਾ ਨਹੀਂ ਕਿੱਦਣ ਆਉਣਾ ਹੈ? ਪਰ ਜਿੰਨਾ ਚਿਰ ਏਥੇ ਹਾਂ ਅਸੀਂ, ਉਂਨਾ ਚਿਰ ਉਥੇ ਜਾਣ ਦੀ ਤਿਆਰੀ ਕਰੋ, ਭਜਨ ਕਰੋ, ਬਾਣੀ ਪੜ੍ਹੋ।"

"ਬੱਚਿਆਂ ਨੂੰ ਸਵੇਰੇ ਉਠਾ ਕੇ ਉਨ੍ਹਾਂ ਨੂੰ ਇਕ ਇਕ ਤੁਕ ਬਾਣੀ ਦੀ ਕੰਠ ਕਰਾਵੋ, ਉਨ੍ਹਾਂ ਨੂੰ ਬਾਣੀ ਦੇ ਭਾਵ ਦੱਸੋ।"

ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਜਿੰਨੀ ਹੋ ਸਕੇ, ਸਾਨੂੰ ਬਾਣੀ ਕੰਠ ਕਰਨੀ ਚਾਹੀਦੀ ਹੈ।

17 ਜੁਲਾਈ1997 ਨੂੰ ਟਰਾਂਟੋ (ਕੈਨੇਡਾ) ਵਿਖੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਾਵਨ ਪ੍ਰਵਚਨਾਂ ਵਿਚ ਫ਼ਰਮਾਇਆ, "ਤੁਹਾਡੇ ਬੱਚੇ ਪੜ੍ਹਨ, ਵਕੀਲ ਬਣਨ ਜਾਂ ਕੁਝ ਹੋਰ ਬਣ ਕੇ ਮਾਣ ਪ੍ਰਾਪਤ ਕਰਨ ਪਰ ਪਾਠੀ ਜ਼ਰੂਰ ਬਣਨ, ਪਾਠ ਕਰਨ।"

**ਗੁਰਬਾਣੀ ਦਾ ਅਦਬ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਦੋਂ ਦੀਵਾਨ ਵਿਚ ਜਾਂਦੇ ਹਨ ਤਾਂ ਜੇ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਗੁਰਬਾਣੀ ਦਾ ਪਾਠ ਹੋ ਰਿਹਾ ਹੋਵੇ ਤਾਂ ਗੁਰਬਾਣੀ ਨੂੰ (ਗ੍ਰੰਥ ਸਾਹਿਬ ਨੂੰ) ਨਮਸਕਾਰ ਕਰ ਆਸਣ 'ਤੇ ਬਿਰਾਜਮਾਨ ਹੁੰਦੇ ਹਨ। ਜਦੋ ਰਾਗੀ ਸਿੰਘ ਕੀਰਤਨ ਕਰ ਰਹੇ ਹੋਣ ਤਾਂ ਉਦੋਂ ਵੀ ਗੁਰਬਾਣੀ ਦੇ ਅਦਬ ਵਜੋਂ ਰਾਗੀਆਂ ਨੂੰ ਨਮਸਕਾਰ ਕਰ ਕੇ ਆਪਣੇ ਆਸਣ 'ਤੇ ਸੁਸ਼ੋਭਿਤ ਹੁੰਦੇ ਹਨ। ਜਿੰਨਾ ਚਿਰ ਰਾਗੀ ਸਿੰਘ ਕੀਰਤਨ ਕਰਦੇ ਹਨ, ਆਪ ਆਪਣਾ ਮੁਖ਼ਾਰਬਿੰਦ ਰਾਗੀਆਂ ਵਾਲੇ ਪਾਸੇ ਰੱਖਦੇ ਹਨ। ਸੱਚੇ ਪਾਤਸ਼ਾਹ ਜੀ ਆਪਣੇ ਸਿੱਖਾਂ ਨੂੰ ਗੁਰਬਾਣੀ ਦਾ ਪੂਰਾ ਅਦਬ ਕਰਨ ਦਾ ਹੁਕਮ ਕਰਦੇ ਹਨ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੱਖਾਂ ਵਿਚ ਜੋ ਸਤਿਕਾਰ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਹੈ, ਉਹੋ ਹੀ ਦਸਮ ਸ੍ਰੀ ਗ੍ਰੰਥ ਸਾਹਿਬ ਦਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਜਿਨ੍ਹਾਂ ਨੇ ਆਲਿਆਂ, ਅਲਮਾਰੀਆਂ ਵਿਚੋਂ ਕਢਵਾ ਕੇ ਬੀੜਾਂ ਨੂੰ ਝਾੜ ਕੇ ਲੋਕਾਂ ਨੂੰ ਕਿਹਾ ਕਿ ਇਸ ਦਾ ਪਾਠ ਕਰੋ ਤੇ ਅਮਲ ਕਰੋ, ਇਹ ਗੁਰਬਾਣੀ ਦਾ ਸਹੀ ਰੂਪ ਵਿਚ ਅਦਬ ਹੈ, ਹੁਕਮ ਕਰ ਕੇ ਕਰਵਾਇਆ, ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਕਿਰਪਾ ਨਾਲ ਗੁਰਬਾਣੀ ਦਾ ਸਤਿਕਾਰ ਨਾਮਧਾਰੀ ਸੰਗਤ ਜਿੰਨਾ ਹੋਰ ਕਿਧਰੇ ਨਹੀਂ। ਗੁਰਸਿੱਖ ਰਹੁ-ਰੀਤ, ਸੁੱਚ-ਸੋਧ ਮਰਿਯਾਦਾ ਨੂੰ ਸਿੱਖਾਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਚਲਿਤ ਕੀਤਾ ਤੇ ਇਸੇ ਮਰਿਯਾਦਾ ਤਹਿਤ ਅਨੰਦ-ਮਰਿਯਾਦਾ, ਲੰਗਰ-ਮਰਿਯਾਦਾ ਆਦਿ ਵੀ ਸ਼ੁਰੂ ਕੀਤੀਆਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ ਕਿ ਬਾਣੀ ਦਾ ਆਦਰ ਕਰਨ, ਉਸ ਦਾ ਸ਼ੁੱਧ ਪਾਠ ਕਰਨ ਅਤੇ ਉਸ ਉਤੇ ਅਮਲ ਕਰਨ ਦੀ ਸੁਮੱਤ ਸਾਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਿਤੀ। ਨਹੀਂ ਤਾਂ ਉਸ ਸਮੇਂ ਧਰਮਸ਼ਾਲਾਵਾਂ ਨਾਮ-ਬਾਣੀ ਦੀ ਥਾਂ ਲੜਾਈ ਝਗੜੇ ਦੇ ਅਖਾੜੇ ਬਣੀਆਂ ਹੋਈਆਂ ਸਨ। ਆਪ ਨੇ ਪੁੱਛ-ਪੁੱਛ ਕੇ ਲੋਕਾਂ ਦੇ ਘਰੋਂ ਬੀੜਾਂ ਲਿਆਂਦੀਆਂ ਉਹਨਾਂ ਉਤੇ ਪਿਆ ਮਿੱਟੀ ਘੱਟਾ ਝਾੜਿਆ, ਉਹਨਾਂ ਨੂੰ ਝਾੜ ਪੂੰਝ ਕੇ ਪ੍ਰਕਾਸ਼ ਕਰ ਕੇ, ਸੰਗਤ ਨੂੰ ਉਸ ਦਾ ਆਦਰ ਕਰਨ ਤੇ ਪਾਠ ਕਰਨ ਦੀ ਜੁਗਤ ਦੱਸੀ।

ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ ਕਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸਿਰਫ ਉਸ ਵੇਲੇ ਕਰਨਾ ਚਾਹੀਦਾ ਹੈ ਜਦੋਂ ਉਸ ਤੋਂ ਪਾਠੀ ਨੇ ਪਾਠ ਕਰਨਾ ਹੋਵੇ ਅਤੇ ਜਦੋਂ ਤੀਕ ਪ੍ਰਕਾਸ਼ ਕੀਤਾ ਹੋਵੇ, ਕੋਈ ਨਾ ਕੋਈ ਵਿਅਕਤੀ ਤਾਬਿਆ ਜ਼ਰੂਰ ਬੈਠਾ ਹੋਵੇ ਤੇ ਜਦੋਂ ਪਾਠ ਨਾ ਕਰਨਾ ਹੋਵੇ, ਉਸ ਵੇਲੇ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਨੂੰ ਸੰਤੋਖ ਦੇਣਾ ਚਾਹੀਦਾ ਹੈ। ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਵੇ ਪਰ ਤਾਬਿਆ ਕੋਈ ਨਾ ਬੈਠਾ ਹੋਵੇ ਤਾਂ ਇਸ ਤਰ੍ਹਾਂ ਗ੍ਰੰਥ ਸਾਹਿਬ ਦੀ ਬੇਅਦਬੀ ਹੁੰਦੀ ਹੈ

ਦੁਕਾਨਦਾਰੀ ਵਾਂਗ ਪੈਸੇ ਦੀ ਖਾਤਰ ਗ੍ਰੰਥ ਸਾਹਿਬ ਲਾਉਣ ਦੀ ਮਨਾਹੀ ਹੈ, ਸਿਰਫ ਗੁਰਬਾਣੀ ਦੇ ਅਦਬ ਦਾ ਖਾਸ ਧਿਆਨ ਰੱਖਣ ਦਾ ਸਤਿਗੁਰੂ ਜੀ ਵਲੋਂ ਖਾਸ ਆਦੇਸ਼ ਹੈ।

ਹਰ ਵਾਰ ਪਾਠ ਦੇ ਭੋਗ ਸਮੇਂ ਨਵਾਂ ਰੁਮਾਲਾ ਨਾ ਚਾੜ੍ਹਿਆ ਜਾਵੇ। ਰੁਮਾਲਾ ਉਦੋਂ ਚਾੜ੍ਹਿਆ ਜਾਵੇ ਜਦੋਂ ਪਹਿਲਾ ਪੁਰਾਣਾ ਹੋ ਜਾਵੇ ਜਾਂ ਉਹਦੀ ਲੋੜ ਹੋਵੇ। ਨਹੀਂ ਤਾਂ ਵਾਧੂ ਰੁਮਾਲੇ ਗਲਤ ਥਾਵਾਂ 'ਤੇ ਵਰਤੇ ਜਾਣ ਦੀ ਸੰਭਾਵਨਾ ਹੁੰਦੀ ਹੈ।

## ਗੁਰਬਾਣੀ ਪੜ੍ਹਨ ਦੀ ਮਰਿਯਾਦਾ

ਗ੍ਰੰਥ ਸਾਹਿਬ ਦੀ ਤਾਬਿਆ ਬੈਠਣ ਵਾਲੇ ਸਿੰਘ ਲਈ ਜ਼ਰੂਰੀ ਹੈ ਕਿ ਜੇ ਉਹ ਜੰਗਲ (ਟੱਟੀ) ਜਾ ਕੇ ਆਇਆ ਹੈ ਤਦ ਇਸ਼ਨਾਨ ਕਰ ਕੇ, ਸੁੱਚੇ ਧੋਤੇ ਹੋਏ ਵਸਤਰ ਪਾ ਕੇ, ਫਿਰ ਬੈਠੇ। ਗੁਰਬਾਣੀ ਦੇ ਪਾਠ ਕਰਨ ਵੇਲੇ ਇਸੇ ਤਰ੍ਹਾਂ ਹੀ ਇਸ਼ਨਾਨ ਕੀਤਾ ਹੋਣਾ ਚਾਹੀਦਾ ਹੈ।

ਸਿੱਖ ਮਰਯਾਦਾ ਅਨੁਸਾਰ ਸਕੇਸ਼ ਇਸ਼ਨਾਨ ਨੂੰ ਹੀ ਇਸ਼ਨਾਨ ਜਾਂ ਪੂਰਨ ਇਸ਼ਨਾਨ ਮੰਨਿਆ ਜਾਂਦਾ ਹੈ। ਜਿਥੇ ਕਿਧਰੇ ਇਸ਼ਨਾਨ ਕਰਨ ਦਾ ਜ਼ਿਕਰ ਆਵੇ ਤਾਂ ਭਾਵ ਸਕੇਸ਼ ਇਸ਼ਨਾਨ ਤੋਂ ਹੈ।

ਗੁਰਬਾਣੀ ਵਿਚ ਵੀ ਅੰਕਿਤ ਹੈ :

"ਮੁਇਆ ਜੀਵਦਿਆ ਗਤਿ ਹੋਵੈ, ਜਾ ਸਿਰਿ ਪਾਈਐ ਪਾਣੀ॥"

ਵੈਸੇ ਤਾਂ ਸਤਿਗੁਰਾਂ ਵਲੋਂ ਨਾਮਧਾਰੀਆਂ ਨੂੰ ਰੋਜ਼ਾਨਾ ਸਣੇਂ ਕੇਸੀਂ ਇਸ਼ਨਾਨ ਕਰਨ ਦਾ ਹੁਕਮ ਹੈ ਹੀ ਪਰ ਆਸਾ ਦੀ ਵਾਰ ਦੇ ਕੀਰਤਨ ਕਰਨ ਅਤੇ ਸੁਣਨ ਵੇਲੇ, ਸਣੇਂ ਕੇਸੀਂ ਇਸ਼ਨਾਨ ਜ਼ਰੂਰੀ ਕੀਤਾ ਹੋਵੇ, (ਜੰਗਲ ਜਾ ਕੇ ਇਸ਼ਨਾਨ ਕਰਨ ਮਗਰੋਂ ਸਾਫ਼ ਧੋਤੇ ਬਸਤਰ ਪਾਏ ਹੋਣ) ਨਹੀਂ ਤਾਂ ਪੁੰਨ ਦੀ ਥਾਂ ਪਾਪ ਲਗਦਾ ਹੈ, ਇਹ ਗੁਰੂ ਸਾਹਿਬ ਦੀ ਖ਼ਾਸ ਹਿਦਾਇਤ ਹੈ।

ਮਾਈਆਂ, ਬੀਬੀਆਂ ਅੰਮ੍ਰਿਤ ਬਣਾ ਜਾਂ ਛਕਾ ਨਹੀਂ ਸਕਦੀਆਂ। ਸਿਰਫ ਮਾਈਆਂ ਹੀ ਆਪਣਾ ਵੱਖਰਾ ਅਖੰਡ ਪਾਠ ਕਰ ਸਕਦੀਆਂ ਹਨ ਪਰ ਅੰਮ੍ਰਿਤ ਤਿਆਰ ਕਰਨ ਤੇ ਛਕਾਉਣ ਵਾਸਤੇ, ਹਵਨ ਕਰਨ ਵਾਸਤੇ, ਵਰਨੀ ਜਾਂ ਅਖੰਡ ਪਾਠ ਦਾ ਕੜਾਹ ਪ੍ਰਸਾਦਿ ਬਨਾਉਣ ਵਾਸਤੇ ਸਿੰਘਾਂ ਨੂੰ ਹੀ ਹੁਕਮ ਹੈ। ਕੁਦਰਤੀ ਕਾਰਨਾਂ ਕਰਕੇ ਮਾਈਆਂ ਨੂੰ ਉਪਰੋਕਤ ਪੱਖਾਂ ਵਲੋਂ ਮਨਾਹੀ ਹੈ।

ਚੰਡੀ ਦੀ ਵਾਰ ਦੇ ਪਾਠ ਦਾ ਬਹੁਤ ਮਹਾਤਮ ਮੰਨਿਆ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੱਖ ਸਵੇਰੇ ਚੰਡੀ ਦੀ ਵਾਰ ਦਾ ਪਾਠ ਕਰਦੇ ਹਨ। ਸੂਰਜ ਦੀ ਟਿੱਕੀ ਚੜ੍ਹਦੇ ਸਾਰ ਚੰਡੀ ਦੀ ਵਾਰ ਦੇ ਪਾਠ ਦਾ ਭੋਗ ਪਾ ਦਿੱਤਾ ਜਾਂਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ:

"ਇਸ਼ਨਾਨ ਕਰਕੇ ਚੰਡੀ ਦੀ ਵਾਰ ਦਾ ਪਾਠ ਜ਼ਰੂਰ ਕਰਿਆ ਕਰੋ। ਕਰਨਾ ਉਸ ਵੇਲੇ ਹੈ, ਜਿਸ ਵੇਲੇ ਸੂਰਜ ਦੀ ਟਿੱਕੀ ਨਿਕਲਦੀ ਨਾਲ ਇਸ ਦਾ ਭੋਗ ਪੈ ਜਾਵੇ। ਜਿਹੜਾ ਤੁਹਾਡੇ ਆਖੇ

ਲਗੇ, ਉਸ ਨੂੰ ਜਰੂਰ ਆਖਿਆ ਕਰੋ ਕਿ ਉਹ ਵੀ ਕਰੇ।"

ਰਹਿਰਾਸ ਦਾ ਪਾਠ, ਸ਼ਾਮ ਨੂੰ ਸੂਰਜ ਛਿਪਣ ਤੋਂ ਬਾਅਦ ਅਤੇ ਕੀਰਤਨ ਸੋਹਿਲਾ ਰਾਤ ਨੂੰ ਸੌਣ ਤੋਂ ਪਹਿਲੋਂ ਕਰਨ ਦਾ ਹੁਕਮ ਹੈ। ਬਾਕੀ ਬਾਣੀਆਂ ਦਿਨ ਵਿਚ ਕਿਸੇ ਵੀ ਵਕਤ ਪੜ੍ਹੀਆਂ ਜਾ ਸਕਦੀਆਂ ਹਨ।

ਸ੍ਰੀ ਸਤਿਗੁਰੂ ਰਾਮ ਦਾਸ ਜੀ ਗਉੜੀ ਦੀ ਵਾਰ ਵਿਚ ਫ਼ਰਮਾਉਂਦੇ ਹਨ,

*"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥"*

ਅੰਮ੍ਰਿਤਸਰਿ ਤੋਂ ਭਾਵ ਹੈ, ਨਾਮ ਰੂਪੀ ਅੰਮ੍ਰਿਤ ਸਰੋਵਰ ਵਿਚ, ਅਗੋਂ ਲਿਖਿਆ ਹੈ:-

*"ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆਂ ਉਠਦਿਆ ਹਰਿ ਨਾਮੁ ਧਿਆਵੈ॥"*
*ਜੋ ਸਾਸ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥"*

**ਗੁਰਬਾਣੀ-ਗਾਇਨ**

ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਦੇ ਦਰਬਾਰ ਵਿਚ, ਜੋ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਹੀ ਦਰਬਾਰ ਹੈ, ਤੰਤੀ ਸਾਜਾਂ ਰਾਹੀਂ ਕੀਰਤਨ ਕੀਤਾ ਜਾਂਦਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਗੀਤ ਦਰਬਾਰ ਵਿਚ ਜੇ ਤੁਹਾਨੂੰ ਜਾਣ ਦਾ ਮੌਕਾ ਮਿਲੇ ਤਾਂ ਤੁਸੀਂ ਵੇਖੋਗੇ ਕਿ ਇਥੇ ਵਾਜਾ ਨਹੀਂ ਹੁੰਦਾ ਸਿਰਫ ਤੰਤੀ ਸਾਜ਼ ਹੀ ਹੁੰਦੇ ਹਨ।

ਪਹਿਲੇ ਪਾਤਸ਼ਾਹ ਦੇ ਸਮੇਂ ਰਾਗ-ਬੱਧ ਤੰਤੀ ਸਾਜਾਂ ਨਾਲ ਬਾਣੀ ਗਾਇਨ ਕੀਤੀ ਜਾਂਦੀ ਸੀ। ਸ੍ਰੀ ਸਤਿਗੁਰੂ ਜੀ ਨੇ ਇਹ ਗਾਇਨ ਪ੍ਰਥਾ ਸੰਭਾਲ ਕੇ ਰੱਖੀ ਹੈ ਤੇ ਆਪਣੇ ਸਿੱਖਾਂ ਵਿਚ ਵਰਤਾ ਰਹੇ ਹਨ। ਰਾਗਾਂ ਰਾਹੀਂ ਬਾਣੀ ਦਾ ਗਾਇਨ ਏਥੇ ਹੁੰਦਾ ਹੈ। ਸਨਾਤਨ ਮਰਿਯਾਦਾ ਅਨੁਸਾਰ ਪੂਰਨ ਸੁੱਚ ਸੋਧ ਨਾਲ ਹਵਨ ਵਰਨੀ ਵੀ ਏਥੇ ਹੀ ਹੁੰਦੇ ਹਨ।

## ਗੁਰਬਾਣੀ ਪੜ੍ਹਨ ਦਾ ਮਹਾਤਮ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ:-

"ਬਾਣੀ ਦੁਆਰਾ ਸਾਨੂੰ ਸਤਿਗੁਰਾਂ ਨੇ, ਸਤਿਗੁਰੂ ਨੂੰ ਮਿਲਣਾ, ਨਾਮ ਦਾ ਸਿਮਰਨ ਕਰਨਾ, ਏਸ ਭਵਸਾਗਰ ਤੋਂ ਕਿਵੇਂ ਪਾਰ ਹੋਣਾ ਹੈ, ਸਾਰਾ ਕੁੱਝ ਦੱਸਿਆ ਹੈ।"

"ਸਤਿਗੁਰਾਂ ਨੇ ਸਾਨੂੰ ਨਾਮ ਤੇ ਬਾਣੀ ਦਾ ਆਸਰਾ ਦਿੱਤਾ ਹੈ, ਜਿਹੜਾ ਸਾਨੂੰ ਭੁੱਲਦਾ ਜਾਂਦਾ ਹੈ। ਮਨੁੱਖ ਆਪਣੇ ਅੰਦਰ ਦੇ ਅਭਿਮਾਨ ਅਤੇ ਭਟਕਣਾ ਨੂੰ ਖ਼ਤਮ ਕਰਨ ਲਈ ਸਿੱਖੀ ਮਰਿਯਾਦਾ ਅਪਨਾਏ ਤੇ ਭਜਨ ਬੰਦਗੀ ਕਰੇ। ਸਮਰੱਥਾ ਵਾਲੇ ਪਹਿਲ ਕਰਨ। ਉਹ ਆਪ ਅਖੰਡ ਪਾਠੀ ਬਣਨ, ਸੋਧ ਰੱਖਣ ਤੇ ਭਜਨ ਬੰਦਗੀ ਕਰਨ, ਛੋਟੇ ਆਪੇ ਰੱਖ ਲੈਣਗੇ।"

ਬਾਣੀ ਨਾਮ ਦੇ ਗੁਣਾਂ ਨੂੰ ਦੱਸਦੀ ਹੈ:-

*"ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ॥"*

ਭਰੋਸਾ ਰੱਖ ਕੇ ਨਾਮ ਜਪਣਾ ਚਾਹੀਦਾ ਹੈ। ਨਾਮ ਜਪਣ ਦੇ ਨਾਲ-ਨਾਲ ਜੀਵ ਨੂੰ ਸਤਿਗੁਰੂ ਤੋਂ ਹਮੇਸ਼ਾ ਬਖ਼ਸ਼ਿਸ਼ ਮੰਗਦੇ ਰਹਿਣਾ ਚਾਹੀਦਾ ਹੈ। ਭਗਤੀ ਮਾਰਗ ਵਿਚ ਇਹ ਪੰਜੇ ਕਾਮ-ਕ੍ਰੋਧ ਲੋਭ-ਮੋਹ, ਹੰਕਾਰ ਜੋ ਵੈਰੀ ਹਨ, ਸਤਿਗੁਰੂ ਦੀ ਬਖ਼ਸ਼ਿਸ਼ ਬਿਨਾਂ ਇਹਨਾਂ ਤੋਂ ਛੁਟਕਾਰਾ ਨਹੀਂ ਪਾ ਸਕੀਦਾ।

## ਗੁਰਬਾਣੀ ਦਾ ਸ਼ੁੱਧ ਪਾਠ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਬਾਣੀ ਦਾ ਸ਼ੁੱਧ ਪਾਠ ਕੀਤੇ ਜਾਣ ਵੱਲ ਉਚੇਚਿਆਂ ਧਿਆਨ ਦਿੰਦੇ ਹਨ। ਜਦੋਂ ਹਜ਼ੂਰੀ ਰਾਗੀਆਂ ਵਲੋਂ ਬਾਣੀ ਗਾਇਨ ਕੀਤੀ ਜਾ ਰਹੀ ਹੁੰਦੀ ਹੈ, ਕਿਧਰੇ ਵੀ ਜ਼ਰਾ ਕੁ ਗਲਤੀ ਜਾਂ ਅਸ਼ੁੱਧੀ ਹੋ ਜਾਵੇ ਤਾਂ ਸੱਚੇ ਪਾਤਸ਼ਾਹ ਜੀ ਉਸੇ ਵੇਲੇ, ਇਸ਼ਾਰੇ ਨਾਲ ਰਾਗੀਆਂ ਨੂੰ ਸਮਝਾ ਦਿੰਦੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਜ਼ੂਰੀ ਰਾਗੀਆਂ ਦੇ ਸ਼ੁੱਧ ਗੁਰਬਾਣੀ ਉਚਾਰਨ ਵੱਲ ਉਚੇਚਾ ਧਿਆਨ ਦਿੱਤਾ ਹੈ। ਹਜ਼ੂਰ ਨੇ ਖ਼ੁਦ ਕਾਫੀ ਸਮਾਂ ਦੇ ਕੇ ਅਤੇ ਕੁਝ ਸਿੱਖਾਂ ਦੇ ਜ਼ੁੰਮੇ ਲਾ ਕੇ, ਰਾਗੀਆਂ ਦੇ ਅਸ਼ੁੱਧ ਬਾਣੀ ਉਚਾਰਨ ਨੂੰ ਸੁਧਾਰਿਆ ਹੈ। ਅੱਜ ਕਲ੍ਹ ਜਿਹੜੇ ਨਵੇਂ ਬੱਚੇ ਰਾਗ ਸਿੱਖਦੇ ਹਨ ਅਤੇ ਕੀਰਤਨੀਏ ਦੇ ਰੂਪ ਵਿਚ ਉਭਰਣ ਲੱਗੇ ਹਨ, ਉਨ੍ਹਾਂ ਨੂੰ ਸ਼ੁਰੂ ਵਿਚ ਹੀ ਸ਼ੁੱਧ ਉਚਾਰਨ ਦੀ ਦੀਖਿਆ ਦਿਤੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਆਦਿ ਸ੍ਰੀ ਗ੍ਰੰਥ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਕਰਨ ਵਾਲੇ ਨੌਜਵਾਨ ਤਿਆਰ ਕਰਨ ਵੱਲ ਵੀ ਵਿਸ਼ੇਸ਼ ਧਿਆਨ ਦਿੰਦੇ ਹਨ। ਹਜ਼ੂਰ ਹੁਕਮ ਕਰਦੇ ਹਨ ਕਿ ਨੌਜਵਾਨਾਂ ਵਿਚ ਮਰਿਯਾਦਾ ਪ੍ਰਚਲਤ ਕੀਤੀ ਜਾਵੇ। ਪੰਦਰਾਂ ਤੋਂ ਪੱਚੀ ਸਾਲ ਦੀ ਉਮਰ ਦੇ ਨੌਜਵਾਨ ਪਾਠੀ ਖਾਸ ਤੌਰ ਤੇ ਤਿਆਰ ਕੀਤੇ ਜਾਣੇ ਚਾਹੀਦੇ ਹਨ।

ਸਮੇਂ-ਸਮੇਂ ਤੇ ਸ਼ੁੱਧ ਪਾਠ ਸਿਖਲਾਈ ਬੈਠਕਾਂ ਵਿਚ ਵਿਦਿਆਰਥੀਆਂ ਨੂੰ ਸ਼ੁੱਧ ਪਾਠ ਕਰਨਾ ਸਿਖਾਇਆ ਜਾਂਦਾ ਹੈ। ਮਾਸਟਰ ਦਰਸ਼ਨ ਸਿੰਘ, ਜੋ ਕਿ ਆਦਿ ਸ੍ਰੀ ਗ੍ਰੰਥ ਸਾਹਿਬ ਤੇ ਦਸਮ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਹਰ ਬਰੀਕੀ ਨਾਲ ਕਰਨਾ ਕਰਾਉਣਾ ਜਾਣਦੇ ਹਨ, ਦੱਸਦੇ ਹਨ ਕਿ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਹੈ ਕਿ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਸ਼ੁੱਧ ਪਾਠੀਆਂ ਦੇ ਨਾਲ ਨਾਲ ਵੱਧ ਤੋਂ ਵੱਧ ਸਿੱਖ, ਦਸਮ ਸ੍ਰੀ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਕਰਨ ਜੋਗੇ ਹੋ ਜਾਣ। ਸ੍ਰੀ ਸਤਿਗੁਰੂ ਜੀ ਨੇ ਮਾਸਟਰ ਦਰਸ਼ਨ ਸਿੰਘ ਨੂੰ ਹੁਕਮ ਕੀਤਾ ਹੈ ਕਿ ਦਸਮ ਸ੍ਰੀ ਗ੍ਰੰਥ ਸਾਹਿਬ ਦੇ ਅਖੰਡ ਪਾਠੀ ਬਹੁਤ ਘੱਟ ਹਨ। ਸੋ ਮਾਸਟਰ ਜੀ ਨੂੰ ਪਾਠੀ ਤਿਆਰ ਕਰਨ ਦਾ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ। ਸੱਚੇ ਪਾਤਸ਼ਾਹ ਜੀ ਨੇ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਵੀ ਸ਼ੁੱਧ ਪਾਠ ਕਰਨ ਦਾ ਹੁਕਮ ਕੀਤਾ ਹੈ ਤਾਂ ਜੋ ਦਸਮ ਪਾਤਸ਼ਾਹ ਜੀ ਦੀ ਬਾਣੀ ਤੋਂ ਵੀ ਸਿੱਖ ਦੂਰ ਨਾ ਜਾਣ।

### ਗੁਰਬਾਣੀ ਦਾ ਮੰਨਣ

ਗੁਰਬਾਣੀ ਦਾ ਪੂਰਾ ਅਦਬ ਕਰਨ, ਪੂਰਨ ਸੁੱਚ ਸੋਧ ਅਤੇ ਮਰਿਯਾਦਾ ਨਾਲ ਗੁਰਬਾਣੀ ਦਾ ਸ਼ੁੱਧ ਪਾਠ ਕਰਨ ਤੋਂ ਇਲਾਵਾ, ਬਾਣੀ 'ਤੇ ਅਮਲ ਕਰਨਾ ਅਤੇ ਇਸ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ, ਸ੍ਰੀ ਸਤਿਗੁਰੂ ਜੀ ਦੇ ਆਦੇਸ਼ ਹਨ। ਹਜ਼ੂਰ ਹੁਕਮ ਕਰਦੇ ਹਨ ਕਿ ਆਦਿ ਸ੍ਰੀ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਤੇ ਬਾਣੀ ਪੜ੍ਹਨ ਤੀਕ ਹੀ ਸੀਮਤ ਨਾ ਰਿਹਾ ਜਾਵੇ ਸਗੋਂ ਬਾਣੀ ਅਨੁਸਾਰ ਅਮਲ ਵੀ ਕੀਤਾ ਜਾਵੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਗੁਰਬਾਣੀ ਦਾ ਅਦਬ ਕਰਨਾ ਦੱਸਿਆ ਕਿ ਪੜ੍ਹ ਕੇ ਵੀਚਾਰ ਕੇ ਇਸ ਵਿਚ ਸਤਿਗੁਰੂ ਦੇ ਲਿਖੇ ਹੋਏ ਹੁਕਮ ਨੂੰ ਮੰਨ ਕੇ ਮੰਨਣ ਕਰੋ। ਆਪ ਜੀ ਦਾ ਇਹ ਹੁਕਮ ਹੈ ਕਿ ਅਰਦਾਸ ਕਰਨ ਵੇਲੇ ਅਰਜ਼ ਕਰੋ ਕਿ 'ਹੇ ਅਕਾਲ ਪੁਰਖ, ਜੋ ਤੈਂ ਗੁਰੂ ਰੂਪ ਧਾਰ ਕੇ ਹੁਕਮ ਦਿਤਾ ਹੈ ਗ੍ਰੰਥ ਸਾਹਿਬ ਮੇਂ, ਸੋ ਤੂੰ ਆਪਣਾ ਹੁਕਮ ਸਦਾ ਹੀ ਮਨਾਈਂ।'

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਰਮਾਉਂਦੇ ਹਨ:-

"ਬਾਣੀ ਇਕ ਐਸੀ ਚੀਜ਼ ਹੈ, ਇਹਨੂੰ ਕਾਗਜ਼ ਦੇ ਵਿਚ ਲਾ ਦਿਓ, ਜੜ੍ਹ ਰੂਪ ਬਣ ਜਾਂਦੀ ਹੈ। ਜੇ ਇਸ ਨੂੰ ਕੋਈ ਪੜ੍ਹ ਲਏ, ਉਹੋ ਹੀ ਬਾਣੀ ਚੇਤੰਨ ਰੂਪ ਬਣ ਜਾਂਦੀ ਹੈ।"

"ਗੁਰਬਾਣੀ ਪੜ੍ਹਿਆ ਕਰੋ ਤੇ ਬਾਣੀ ਦੇ ਆਸ਼ੇ ਨੂੰ ਸਮਝਣ ਦੀ ਕੋਸ਼ਿਸ਼ ਕਰੋ।"

"ਬਾਣੀ ਪੜ੍ਹੀਏ ਏਸ ਹਿਸਾਬ ਨਾਲ ਕਿ ਬਾਣੀ ਤੋਂ ਕੁਝ ਲੈਣੇਂ, ਫਿਰ ਤੇ ਬੜਾ ਕੁਛ ਪ੍ਰਾਪਤ ਹੋ ਜਾਂਦੈ।"

"ਗੁਰਬਾਣੀ ਇਸ ਜਗ ਮਹਿ ਚਾਨਣ, ਚਾਨਣ ਤਾਂ ਹੈ ਜੇ ਉਸ ਉਤੇ ਅਮਲ ਕਰੋ।"

"ਜੇ ਕੋਈ ਕਣਕ ਦੀਆਂ ਬੋਰੀਆਂ ਭਰ ਕੇ ਆਪਣੇ ਘਰ ਲੈ ਜਾਵੇ ਤੇ ਖਾਵੇ ਨਾ, ਉਸ ਨੂੰ

ਉਸ ਕਣਕ ਦਾ ਕੋਈ ਆਸਰਾ ਨਹੀਂ ਹੁੰਦਾ। ਬਾਣੀ 'ਚ ਲਿਖਿਐ, 'ਜਿਨੀ ਸੁਣ ਕੈ ਮੰਨਿਆ ਤਿਨਾ ਦੇ ਘਰ ਵਾਸਿ।"

"ਸਾਡਾ ਮੁਖ ਕਰਤੱਵ ਗੁਰਬਾਣੀ ਅਨੁਸਾਰ ਜਿਉਣਾ ਅਤੇ ਉਸ ਦੇ ਅਨੁਸਾਰ ਮਰ ਕੇ ਉਥੇ ਜਾਣਾ ਹੈ ਜਿਹਦੇ ਵਾਸਤੇ ਲਿਖਿਆ ਹੈ—

*ਰਾਰਾ ਰੰਗਹੁ ਇਆ ਮਨੁ ਅਪਨਾ॥*
*ਹਰਿ ਹਰਿ ਨਾਮੁ ਜਪਹੁ ਜਪੁ ਰਸਨਾ॥*
*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥"*

ਜਿਤਨੇ ਪਾਠ ਨਾਮਧਾਰੀਆਂ ਨੇ ਆਦਿ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ ਦੇ ਕੀਤੇ ਹਨ ਸ਼ਾਇਦ ਹੀ ਹੋਰ ਕੋਈ ਸਿੱਖ ਸ਼੍ਰੇਣੀ ਇਤਨੇ ਕਰ ਸਕੀ ਹੋਏ ਅਤੇ ਕੇਵਲ ਸੁੱਚ ਸੋਧ ਨਾਲ ਪਾਠ ਹੀ ਨਹੀਂ ਕੀਤੇ, ਬਾਣੀ ਮੰਨਣ ਦੀ ਕੋਸ਼ਿਸ਼ ਕੀਤੀ ਹੈ, ਇਸਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ।

ਗੁਰਬਾਣੀ ਵਿਚੇ ਲਿਖੇ ਅਨੁਸਾਰ ਗੁਰੂ ਜੋ ਹੈ ਉਸਦੇ ਨੇਤਰ ਹਨ, ਹੱਥ ਹਨ, ਚਰਨ ਹਨ, ਉਹ ਬਚਨ ਕਰਦਾ ਹੈ।

ਦੇਹਧਾਰੀ ਗੁਰੂ ਦੇ ਮੰਨਣ ਦੀ ਪ੍ਰੋੜਤਾ ਅਤੇ ਨਾ ਮੰਨਣ ਵਾਲਿਆਂ ਨੂੰ ਭਰਮਾਂ ਵਿਚ ਭੁੱਲੇ ਅਗਿਆਨੀ ਅਤੇ ਅੰਨੇ ਕਿਹਾ ਗਿਆ ਹੈ ਜਿਹਾ ਕਿ :

*ਭਰਮਿ ਭੂਲੇ ਅਗਿਆਨੀ ਅੰਧੁਲੇ*
*ਭ੍ਰਮਿ ਭ੍ਰਮਿ ਫੂਲ ਤੋਰਾਵੈ॥*
*ਨਿਰਜੀਉ ਪੂਜਹਿ ਮੜਾ ਸਰੇਵਹਿ*
*ਸਭ ਬਿਰਥੀ ਘਾਲ ਗਵਾਵੈ॥੩॥*
*ਬ੍ਰਹਮੁ ਬਿੰਦੇ ਸੋ ਸਤਿਗੁਰ ਕਹੀਐ*
*ਹਰਿ ਹਰਿ ਕਥਾ ਸੁਣਾਵੈ।*
*ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ*
*ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ*
ਤਿਸੁ ਪੁੰਨਿ ਕੀ ਫਿਰਿ ਤੋਟਿ ਨ ਆਵੈ॥੪॥
ਸਤਿਗੁਰ ਦੇਉ ਪਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ॥" —ਸ੍ਰੀ ਆਦਿ ਗ੍ਰੰਥ ਪੰਨਾ ੧੨੬੪

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫ਼ਰਮਾਉਂਦੇ ਹਨ, "ਅਸੀਂ ਸਤਿਗੁਰਾਂ ਦੇ ਹੁਕਮ ਅਨੁਸਾਰ ਗੁਰਬਾਣੀ ਅਨੁਸਾਰ ਜਿਉਂਦੇ ਹਾਂ, ਗੁਰਬਾਣੀ ਅਨੁਸਾਰ ਅਸੀਂ ਭਜਨ ਕਰਦੇ ਹਾਂ, ਗੁਰਬਾਣੀ ਅਨੁਸਾਰ ਦੇਹਧਾਰੀ ਗੁਰੂ ਨੂੰ ਮੰਨਦੇ ਹਾਂ। ਗੁਰਬਾਣੀ ਅਨੁਸਾਰ ਸਿੱਖ ਦੇ ਸਥਾਨ ਨੂੰ ਮੰਨਦੇ ਹਾਂ। ਆਪਣਾ ਜੀਵਨ ਕੋਸ਼ਿਸ਼ ਕਰਦੇ ਹਾਂ ਕਿ ਗੁਰਬਾਣੀ ਅਨੁਸਾਰ ਬਿਤਾਇਆ ਜਾਵੇ।"

## ਸਵਾ-ਲੱਖ ਪਾਠਾਂ ਦੀ ਕੜੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੰਨ 1872 ਵਿਚ ਬਰਮਾ ਵਿਖੇ ਜਲਾਵਤਨੀ ਤੋਂ ਬਾਅਦ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪੋ ਆਪਣੇ ਸਮੇਂ ਵਿਚ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਨਾਮ-ਸਿਮਰਨ, ਗੁਰਬਾਣੀ ਦੇ ਪਾਠਾਂ ਦਾ, ਵਰਨੀਆਂ ਅਤੇ ਹਵਨ ਕਰਵਾਉਣ ਦਾ ਪ੍ਰਵਾਹ ਚਲਾਈ ਰਖਿਆ। ਇਸੇ ਤਰ੍ਹਾਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਪ੍ਰਵਾਹ ਜਾਰੀ ਰਖਿਆ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਦਾ ਓਹਲਾ ਕਰਨ ਤੋਂ ਪਹਿਲੋਂ, ਆਪਣੇ ਅੰਤਮ ਦਿਨਾਂ ਵਿਚ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੋ ਉਸ ਸਮੇਂ 'ਵੱਡੇ ਬਾਬਾ' ਜੀ ਦੇ ਨਾਮ ਨਾਲ ਜਾਣੇ ਜਾਂਦੇ ਸਨ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ 'ਕਾਕਾ ਜੀ' ਨਾਮ ਨਾਲ ਸੰਬੋਧਨ ਕਰਦੇ ਸਨ, ਨੂੰ ਹੁਕਮ ਕੀਤਾ ਸੀ:-

"ਕਾਕਾ, ਬੇਸ਼ਕ ਕੋਠੇ ਦੀਆਂ ਕੜੀਆਂ ਵਿੱਕ ਜਾਣ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਾਠ ਨਾ ਰਹਿ ਜਾਣ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਗੱਦੀ ਨਸ਼ੀਨ ਹੋਣ ਉਪਰੰਤ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਆਰੰਭੇ ਸਵਾ ਲੱਖ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪਾਠਾਂ ਦਾ ਭੋਗ, ਸੰਨ 1961 ਵਿਚ ਸ੍ਰੀ ਭੈਣੀ ਸਾਹਿਬ ਵਿਖੇ ਪਾਇਆ। ਇਨ੍ਹਾਂ ਪਾਠਾਂ ਸਮੇਂ ਪਾਠ-ਪ੍ਰਬੰਧਕਾਂ ਵਜੋਂ ਵਿਸ਼ੇਸ਼ ਸੇਵਾ (ਸਵਰਗੀ) ਸੰਤ ਅਮਰ ਸਿੰਘ ਜੀ ਭਾਗੋਵਾਲ, ਸਵਰਗੀ ਸੰਤ ਗੁਰਬਚਨ ਸਿੰਘ ਜੀ ਰੋਡਿਆਂ ਵਾਲੇ ਅਤੇ ਸੰਤ ਆਤਮਾ ਸਿੰਘ ਸਨਖਤ੍ਰਾ ਜੀ ਨੇ, ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਿਭਾਹੀ।

ਇਸ ਮਗਰੋਂ ਦੂਜੀ ਵਾਰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਵਾ ਲੱਖ ਪਾਠ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ-ਗਵਨ ਸ਼ਤਾਬਦੀ ਸਮੇਂ ਤੋਂ, ਸੰਨ 1972 ਵਿਚ ਸ਼ੁਰੂ ਕਰਵਾ ਦਿਤੇ। ਇਨ੍ਹਾਂ ਪਾਠਾਂ ਦੇ ਭੋਗ, ਸੰਨ 1974 ਵਿਚ ਸੰਤ ਨਗਰ (ਜ਼ਿਲ੍ਹਾ ਸਰਸਾ) ਵਿਖੇ ਅੱਸੂ ਦੇ ਮੇਲੇ ਸਮੇਂ ਪਾਏ ਗਏ। ਪਾਠ ਪ੍ਰਬੰਧਕਾਂ ਵਜੋਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੇਵਾ ਕੀਤੀ—ਸੰਤ ਸਤਨਾਮ ਸਿੰਘ ਜੀ ਦਿੱਲੀ, ਸਵਰਗੀ ਮਾਸਟਰ ਨੱਥਾ ਸਿੰਘ

ਜੀ ਤੇਪਲਾਂ (ਜ਼ਿਲ੍ਹਾ ਅੰਬਾਲਾ) ਤੇ ਸੰਤ ਗੁਰਦਿਆਲ ਸਿੰਘ ਚੀਮਾ ਰਾਏਸਰ (ਜ਼ਿਲ੍ਹਾ ਸੰਗਰੂਰ)

ਤੀਸਰੀ ਵਾਰ, ਸਵਾ ਲੱਖ ਪਾਠ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਨ 1974 ਤੋਂ ਹੀ ਸ਼ੁਰੂ ਕਰਵਾ ਦਿਤੇ। ਇਹਨਾਂ ਪਾਠਾਂ ਦੀ ਸ਼ੁਰੂਆਤ ਸ੍ਰੀ ਭੈਣੀ ਸਾਹਿਬ ਹੀ ਕਰਵਾਈ। ਪਿੰਡਾਂ ਸ਼ਹਿਰਾਂ ਤੋਂ ਸ੍ਰੀ ਭੈਣੀ ਸਾਹਿਬ ਰਹਿ ਕੇ, ਸਾਧ ਸੰਗਤ ਪਾਠ ਕਰਨ ਲੱਗੀ। ਬਾਅਦ ਵਿਚ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੋ ਗਿਆ ਕਿ ਘਰਾਂ ਵਿਚ ਹੀ ਪਾਠ ਕੀਤੇ ਜਾਣ। ਪਾਠ-ਪ੍ਰਬੰਧਕ ਵਜੋਂ ਸੰਤ ਗੁਰਦਿਆਲ ਸਿੰਘ ਚੀਮਾ ਰਾਏਸਰ ਨੂੰ ਸੇਵਾ ਕਰਨ ਦਾ ਮੌਕਾ ਮਿਲਿਆ। ਕਈ ਕਾਰਨਾਂ ਕਰਕੇ ਇਨ੍ਹਾਂ ਪਾਠਾਂ ਨੂੰ ਕਾਫੀ ਸਮਾਂ ਲਗ ਗਿਆ। ਇਹ ਸਵਾ ਲੱਖ ਪਾਠ ਮਾਰਚ 1997 (ਸੰਮਤ ੨੦੫੩) ਵਿਚ ਹੋਲੇ ਦੇ ਮੇਲੇ ਸਮੇਂ ਤੀਕ ਕਰੀਬ ਪੂਰੇ ਹੋ ਗਏ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੋਲੇ ਦੇ ਮੇਲੇ ਸਮੇਂ ਹੁਕਮ ਕੀਤਾ ਕਿ ਇਨ੍ਹਾਂ ਪਾਠਾਂ ਦੇ ਭੋਗ ਅੱਸੂ ਦੇ ਮੇਲੇ ਸਮੇਂ ਸੰਨ 1997 (ਸੰਮਤ ੨੦੫੪) ਵਿਚ ਪਾਏ ਜਾਣਗੇ। ਸਵਾ ਲੱਖ ਪਾਠਾਂ ਦੀ ਲੜੀ ਮੁੜ ਅਗੋਂ ਤੋਰਨ ਦਾ ਵੀ ਹੁਕਮ ਹੋ ਗਿਆ ਜੋ ਨਿਰੰਤਰ ਚਲ ਰਹੀ ਹੈ ਅਤੇ ਕੀਤੇ ਪਾਠਾਂ ਦਾ ਵੇਰਵਾ ਗੁਰਦਿਆਲ ਸਿੰਘ ਚੀਮਾ (ਰਾਏਸਰੀਆ) ਕੋਲ ਹੈ।

24 ਤੋਂ 28 ਮਾਰਚ 1997 (੧੧ ਤੋਂ ੧੫ ਚੇਤਰ ੨੦੫੩) ਨੂੰ ਹੋਲੇ ਦਾ ਮੇਲਾ, ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ ਵਿਖੇ ਹੋਇਆ। ਇਸ ਮੇਲੇ 'ਤੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਚੌਥੀ ਵਾਰ ਸਵਾ ਲੱਖ ਪਾਠ ਸ਼ੁਰੂ ਕਰਨ ਦਾ ਹੁਕਮ ਕੀਤਾ ਹੈ। ਹਰ ਪਰਿਵਾਰ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਕਰਨ ਦਾ ਹੁਕਮ ਹੋਇਆ ਹੈ। ਹਰ ਇਲਾਕੇ ਦੇ ਸੂਬੇ ਸਾਹਿਬਾਨ ਜਾਂ ਪ੍ਰਬੰਧਕ ਪਾਠ ਕਰਾਉਣ ਦੀ ਸੇਵਾ ਕਰਨਗੇ। ਮੁੱਖ ਰੂਪ ਵਜੋਂ ਪਾਠ ਪ੍ਰਬੰਧਕ ਦੀ ਸੇਵਾ ਦੀ ਜ਼ਿੰਮੇਵਾਰੀ ਸ੍ਰੀ ਸਤਿਗੁਰੂ ਜੀ ਵਲੋਂ ਸ੍ਰੀ ਭੈਣੀ ਸਾਹਿਬ ਰਹਿੰਦੇ ਸੰਤ ਗੁਰਦਿਆਲ ਸਿੰਘ ਰਾਏਸਰੀਏ ਨੂੰ ਸੌਂਪੀ ਗਈ ਹੈ।

ਵੱਖਰੇ ਵੱਖਰੇ ਪਰਿਵਾਰਾਂ ਵਲੋਂ ਕੀਤੇ ਜਾਣ ਵਾਲੇ ਪਾਠਾਂ ਦਾ ਲੇਖਾ-ਜੋਖਾ ਕਰਨ ਵਾਸਤੇ ਰਜਿਸਟਰ ਗੁਰਦਿਆਲ ਸਿੰਘ ਰਾਏਸਰੀਏ ਨੇ ਸ਼ੁਰੂ ਕਰਨਾ ਸੀ। ਗੁਰਦਿਆਲ ਸਿੰਘ ਦੀ ਇੱਛਾ ਸੀ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਇਸ ਰਜਿਸਟਰ 'ਤੇ ਕੁਝ ਲਿਖ ਕੇ ਮੈਨੂੰ ਨਿਵਾਜਣ ਤਾਂ ਕਿ ਇਹ ਕੰਮ ਉਨ੍ਹਾਂ ਦੀ ਕਿਰਪਾ ਨਾਲ ਨਿਰਵਿਘਨ, ਜਲਦੀ ਤੇ ਸਹੀ ਵਕਤ 'ਤੇ ਸੰਪੰਨ ਹੋ ਸਕੇ। ਸੰਤ ਤਰਸੇਮ ਸਿੰਘ (ਨਿੱਜੀ ਸਕੱਤਰ) ਦੇ ਅਰਜ਼ ਕਰਨ 'ਤੇ ਅਤੇ ਸੰਤ ਗੁਰਦਿਆਲ ਸਿੰਘ ਦੀ ਭਾਵਨਾ ਨੂੰ ਮੁਖ ਰੱਖ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਆਪਣੇ ਪਾਵਨ ਕਰ-ਕਮਲਾਂ ਦੁਆਰਾ 19 ਅਪ੍ਰੈਲ 1997 ( ੭ ਵੈਸਾਖ ੨੦੫੪) ਨੂੰ ਰਜਿਸਟਰ 'ਤੇ ਇਹ ਅੱਖਰ ਲਿਖ ਕੇ ਸ਼ੁਰੂਆਤ ਕੀਤੀ:-

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
੭ ਵੈਸਾਖ ੨੦੫੪
੦੭.੩੦
ਗੁ: ਸ੍ਰੀ ਭੈਣੀ ਸਾਹਿਬ

ਸੰਨ 1997 (ਸੰਮਤ ੨੦੫੪) ਦੇ ਹੋਲੇ ਦੇ ਮੇਲੇ ਦੇ ਭੋਗ ਸਮੇਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪ੍ਰਵਚਨਾਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਅਗਲੇ ਸਵਾ ਲੱਖ ਪਾਠ ਸ਼ੁਰੂ ਕਰਨ ਦਾ ਹੁਕਮ ਕਰਦਿਆਂ, ਫ਼ਰਮਾਇਆ,

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਵਾਸਤੇ ਪਾਠ ਕ੍ਰੀਬ ਸੰਪੂਰਨ ਹੋ ਗਏ ਹਨ ਅਤੇ ਅੱਸੂ ਦੇ ਮੇਲੇ ਸਮੇਂ ਇਨ੍ਹਾਂ ਪਾਠਾਂ ਦੇ ਭੋਗ ਪਾਏ ਜਾਣੇ ਹਨ। ਇਹ ਪਾਠ ਅਸਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕੀਤੇ ਨੇ ਤੇ ਅਗੋਂ ਹਟਣਾ ਨਹੀਂ, ਕਰਨੇ ਨੇ, ਜਿੰਨਾ ਚਿਰ ਸਤਿਗੁਰਾਂ ਦੇ ਦਰਸ਼ਨ ਨਹੀਂ ਹੁੰਦੇ। ਸਤਿਗੁਰਾਂ ਦੇ ਦਰਸ਼ਨ ਅਵੱਸ਼ ਹੋਣੇਂ ਨੇ। ਉਹ ਹੋਣੇਂ ਹੀ ਹੋਣੇਂ ਨੇ। ਉਂਨਾ ਚਿਰ ਅਸਾਂ ਇਹ ਪਾਠ ਜ਼ਰੂਰ ਕਰਨੇ ਨੇ। ਸਾਰੇ ਸੂਬੇ ਤੇ ਜਥੇਦਾਰ ਆਪਣੇ ਆਪਣੇ ਇਲਾਕੇ 'ਚ ਪਾਠੀਆਂ ਦੇ ਪਾਠ ਲਿਖ ਕੇ ਪਾਠ-ਪ੍ਰਬੰਧਕਾਂ ਨੂੰ ਦੇਣ। ਇਕ ਉਹ ਪਾਠ ਨੇ ਜਿਹੜੇ ਘਰਾਂ 'ਚ ਕਰਨਗੇ, ਸਾਰੀ ਦੀ ਸਾਰੀ ਬੀੜ ਰੱਖ ਕੇ। ਇਸੇ ਤਰ੍ਹਾਂ ਕੁਝ ਸਰੀਰ ਭੈਣੀ ਸਾਹਿਬ ਆ ਕੇ ਪਾਠ ਕਰਨ ਤਾਂ ਕਿ ਅਗਲੇ ਪਾਠ, ਇਸ ਸਵਾ ਲੱਖ ਤੋਂ ਬਾਅਦ ਸ਼ੁਰੂ ਕਰ ਲਏ ਜਾਣ। ਜਦੋਂ ਕਣਕ ਵੱਢ ਲੈਂਦੇ ਹੋ ਤੇ ਫਿਰ ਤੁਸੀਂ ਇਹ ਸੋਚਦੇ ਹੋ ਬਈ ਚਲੋ ਹੁਣ ਕਣਕ ਵੱਢ ਲਈ ਹੈ, ਕਹਿੰਦੇ ਹੋ ਬਈ ਝੋਨਾ ਬੀਜ ਲਈਏ, ਝੋਨਾ ਵੱਢਿਆ ਹੈ ਤਾਂ ਫਿਰ ਹੁਣ ਕਣਕ ਬੀਜ ਲਈਏ, ਇਸ ਤਰ੍ਹਾਂ ਦਾ ਆਹਰ ਲੱਗਿਆ ਰਹਿੰਦਾ ਹੈ।...ਘਰ ਵਿਚ ਜਾਂ ਭੈਣੀ ਸਾਹਿਬ ਆ ਕੇ ਪਾਠ ਕਰੋ। ਆਪੋ ਆਪਣੇ ਇਲਾਕੇ ਦੇ ਸੂਬਿਆਂ ਨੂੰ ਜਾਂ ਪ੍ਰਬੰਧਕਾਂ ਨੂੰ ਲਿਖਾਵੋ, ਕਿੰਨੇ ਪਾਠ ਘਰ ਕਰਨਗੇ, ਕਿੰਨੇ ਭੈਣੀ ਸਾਹਿਬ ਆ ਕੇ ਕਰਨਗੇ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਹ ਪਾਠ ਸਿਰਫ ਸਾਧ-ਸੰਗਤ ਤੋਂ ਹੀ ਨਹੀਂ ਕਰਵਾਉਂਦੇ ਸਗੋਂ ਸਵਾ ਲੱਖ ਚਲ ਰਹੇ ਪਾਠਾਂ ਵਿਚ ਆਪ ਵੀ ਦਰਸ਼ਨ ਦਿੰਦੇ ਅਤੇ ਪਾਠ ਕਰਦੇ ਰਹੇ ਹਨ। ਸੰਤ ਗੁਰਦਿਆਲ ਸਿੰਘ ਰਾਏਸਰ ਦੇ ਦੱਸਣ ਮੁਤਾਬਕ ਕਈ ਵਾਰੀ ਪਿਛਲੀ ਰਾਤੀਂ ਹੀ ਸੱਚੇ ਪਾਤਸ਼ਾਹ ਜੀ ਹੋ ਰਹੇ ਪਾਠਾਂ ਵਿਚ ਪਾਠ ਕਰਨ ਆਉਂਦੇ ਰਹੇ ਹਨ।

ਇਨ੍ਹਾਂ ਸਵਾ ਲੱਖ ਪਾਠਾਂ ਤੋਂ ਇਲਾਵਾ, ਅੱਸੂ ਦੇ ਮੇਲੇ ਅਤੇ ਹੋਲੇ ਦੇ ਮੇਲਿਆਂ ਸਮੇਂ, ਗੁਰਪੁਰਬਾਂ ਸਮੇਂ ਅਤੇ ਸ਼ਹੀਦ-ਯਾਦਗਾਰੀ ਸਮਾਗਮਾਂ ਸਮੇਂ ਵੀ ਅਨੇਕ ਪਾਠਾਂ ਦੇ ਭੋਗ ਪਾਏ ਜਾਂਦੇ ਹਨ। ਇਨ੍ਹਾਂ ਮੇਲਿਆਂ ਸਮੇਂ ਲੱਖਾਂ ਹੀ ਭਗਉਤੀਆਂ ਦੇ ਪਾਠਾਂ ਦੇ ਭੋਗ ਵੀ ਪਾਏ ਜਾਂਦੇ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਾਧਾਰਨ ਪਾਠਾਂ ਤੋਂ ਬਿਨਾਂ ਅਖੰਡ ਪਾਠ ਵੀ ਥਾਂ ਥਾਂ 'ਤੇ ਕੀਤੇ ਜਾਂਦੇ ਰਹਿੰਦੇ ਹਨ।

### ਚੰਡੀ ਦੀ ਵਾਰ ਦੇ ਸਵਾ ਸਵਾ ਲੱਖ ਪਾਠ

ਚੰਡੀ ਦੀ ਵਾਰ ਦੇ ਸਵਾ ਲੱਖ ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਲੀ ਵਾਰ ਸੰਨ 1971 ਵਿਚ ਮਸਤਾਨਗੜ੍ਹ (ਜ਼ਿਲ੍ਹਾ ਸਰਸਾ) ਵਿਖੇ ਪਵਾਏ। ਇਨ੍ਹਾਂ ਪਾਠਾਂ ਵਿਚ ਪਾਠ ਪ੍ਰਬੰਧਕ ਵਜੋਂ ਸੇਵਾ ਸੰਤ ਸਤਨਾਮ ਸਿੰਘ ਦਿੱਲੀ ਨੇ ਹਜ਼ੂਰ ਦੇ ਹੁਕਮ ਅਨੁਸਾਰ ਨਿਭਾਈ।

ਦੂਜੀ ਵਾਰ ਚੰਡੀ ਦੀ ਵਾਰ ਦੇ ਸਵਾ ਲੱਖ ਪਾਠ ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 20.9.82 ਨੂੰ ਆਰੰਭ ਕਰਵਾਏ, ਜੋ ਕਿ ਸਵਾ ਲੱਖ ਦੀ ਬਜਾਏ ਇਕ ਲੱਖ ਪੈਂਤੀ ਹਜ਼ਾਰ ਹੋ ਗਏ। ਇਨ੍ਹਾਂ ਦੀ ਸਮਾਪਤੀ 10.10.82 ਨੂੰ ਹੋਈ। ਕ੍ਰੀਬ ਢਾਈ ਸੌ ਟੀਨ ਘਿਓ ਦਾ ਹਵਨ ਕੀਤਾ ਗਿਆ। ਕੁਲ ਪਾਠੀ ਤਿੰਨ ਸੌ ਸਨ ਜਿਨ੍ਹਾਂ ਨੇ ਵੀਹ ਦਿਨਾਂ ਵਿਚ ਸੁੱਚ ਸੋਧ, ਮਰਿਯਾਦਾ ਨਾਲ ਇਹ ਪਾਠ ਸੰਪੂਰਨ ਕੀਤੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਵੀ ਚੰਡੀ ਦੀ ਵਾਰ ਦੇ ਚਲ ਰਹੇ ਪਾਠਾਂ ਵਿਚ ਰੌਲ ਲਾਉਂਦੇ ਰਹੇ ਹਨ। ਇਨ੍ਹਾਂ ਪਾਠਾਂ ਸਮੇਂ ਪਾਠ ਪ੍ਰਬੰਧਕ ਵਜੋਂ ਸੇਵਾ ਸੰਤ ਗੁਰਦਿਆਲ ਸਿੰਘ ਰਾਏਸਰ ਅਤੇ ਸਵਰਗੀ ਮਾਸਟਰ ਨੱਥਾ ਸਿੰਘ ਤੇਪਲਾ (ਅੰਬਾਲਾ) ਨੇ ਸੱਚੇ ਪਾਤਸ਼ਾਹ ਜੀ ਦੇ ਹੁਕਮ ਮੁਤਾਬਕ ਕੀਤੀ।

ਕੋਈ ਵੀ ਸਮਾਗਮ ਹੋਵੇ, ਉਸ ਦੀ ਨਿਰਵਿਘਨ ਸੰਪੂਰਨਤਾ ਲਈ, ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਪਹਿਲੋਂ ਹਵਨ ਕੀਤੇ ਜਾਂਦੇ ਹਨ। ਚੰਡੀ ਦੀ ਵਾਰ ਦੇ ਸਵਾ ਲੱਖ ਪਾਠ ਹੁਣ ਫਿਰ ਕਰਨ ਦਾ ਸ੍ਰੀ ਸਤਿਗੁਰੂ ਜੀ ਦਾ ਪ੍ਰੋਗ੍ਰਾਮ ਹੈ।

### ਗੁਰਬਾਣੀ ਬਾਰੇ ਸ੍ਰੀ ਸਤਿਗੁਰੂ ਦੇ ਉਪਦੇਸ਼

ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਫਰਮਾਉਂਦੇ ਹਨ, "ਅਸਾਂ ਸਹੀ ਰੂਪ ਦੇ ਵਿਚ ਚਲਣਾ ਹੈ। ਲੋਕੀਂ ਕੀ ਆਖਦੇ ਹਨ, ਇਹਦੇ ਨਾਲ ਸਾਨੂੰ ਕੋਈ ਗਰਜ਼ ਨਹੀਂ। ਜਿਸ ਵੇਲੇ ਸਤਿਗੁਰੂ ਰਾਮ ਸਿੰਘ ਨੇ ਕਛਿਹਰੇ ਪਵਾਏ, ਕੁੱਤੇ ਮਗਰ ਲਵਾ ਦਿਤੇ ਲੋਕਾਂ ਨੇ। ਲੋਕਾਂ ਨੇ ਬੜਾ ਕੁਛ ਆਖਿਆ, ਨਾਮਧਾਰੀਆਂ ਨੂੰ। ਜਿਸ ਵੇਲੇ ਰੋਟੀ (ਸੁੱਚ-ਸੋਧ ਦੀ) ਵੱਖਰੀ ਕਰਾਈ, ਉਸ ਵੇਲੇ ਬੜਾ ਕੁਛ ਆਖਿਆ। ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ—

*"ਜਾਗ ਜਿਨਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ,*
*ਗੁਰੂ ਗ੍ਰੰਥ ਬਿਨ ਹੇਰੇ, ਅੰਨ-ਜਲ-ਪਾਨ ਨ ਕਰੈਂ॥"*

"ਹੁਣ ਜੇ ਕੋਈ ਆਖੇ ਜੀ! 'ਗੁਰੂ ਗ੍ਰੰਥ ਬਿਨ ਹੇਰੇ' ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ। ਫਿਰ ਉਹਨੂੰ ਵੇਖ ਲਿਆ ਕਰੋ। ਉਹਨੇ 'ਹੇਰੇ' ਲਿਖਿਆ ਹੈ, ਉਹਨੇ ਪੜ੍ਹਿਆ ਤੇ ਨਹੀਂ ਲਿਖਿਆ ਹੈ ਉਥੇ। ਪੜ੍ਹਿਆ ਨਾ ਕਰੋ ਫਿਰ?"

"ਇਹ ਜਿਹੜੀਆਂ ਗੱਲਾਂ ਹਨ, ਇਹਨਾਂ ਨੂੰ ਦੁਨਿਆਵੀ ਸਿਲਸਿਲੇ 'ਚ ਨਾ ਢਾਲੀਏ, ਸਤਿਗੁਰਾਂ ਵਾਲੇ ਪਾਸੇ ਢਾਲੀਏ ਤੇ ਤਾਂ ਗੱਲ ਸਾਡੀ ਬਣੇਗੀ।"

*"ਤਿਨਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਬਖਯਾਤੀ*
*ਪਾਇ ਹੈਂ ਨ ਝਾਤੀ, ਮੂਸ ਗ੍ਰੰਥ ਖਾਤ ਜੇ ਪਰੈਂ॥"*

"ਚੂਹੇ ਖਾ ਗਏ ਉਸ ਗ੍ਰੰਥ ਸਾਹਿਬ ਨੂੰ। ਤੇ ਉਹਨੂੰ ਸਾਂਭਿਆ ਕਿਸਨੇ? ਸਤਿਗੁਰੂ ਰਾਮ ਸਿੰਘ ਨੇ ਆ ਕੇ। ਛਪਵਾਇਆ ਸਭ ਤੋਂ ਪਹਿਲੋਂ ਕਿਸਨੇ? ਸਤਿਗੁਰੂ ਰਾਮ ਸਿੰਘ ਨੇ ਆ ਕੇ। ਅੱਜ ਜੇ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਵਾਸਤੇ ਆਖਿਆ ਜਾਏ ਕਿ ਉਹ ਤਾਂ ਅਦਬ ਹੀ ਨਹੀਂ ਕਰਦੇ, ਇਹ ਸਹੀ ਗੱਲ ਨਹੀਂ। ਪਰ ਅਸਾਂ ਗੁਰੂ ਆਸ਼ੇ ਨੂੰ ਸਮਝਕੇ ਠੀਕ ਪਾਸੇ ਚਲਣਾ ਹੈ।"

"ਗੁਰਬਾਣੀ ਅਨੁਸਾਰ—

*"ਗੁਰ ਮੁਖਹੁ ਅਲਾਏ ਤਾ ਸੋਭਾ ਪਾਏ ਤਿਸੁ ਜਮ ਕੈ ਪੰਥਿ ਨ ਪਾਇਣਾ॥"*

*"ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥"*

"ਗੁਰੂ ਅਰਜਨ ਦੇਵ ਜੀ ਤੋਂ ਪਹਿਲੋਂ ਵੀ ਬਾਣੀ ਹੈ ਸੀ। ਤਾਂ ਫਿਰ ਗ੍ਰੰਥਾਂ ਦੇ ਹੁੰਦਿਆਂ ਭਗਵਾਨ ਰਾਮ, ਭਗਵਾਨ ਕ੍ਰਿਸ਼ਨ ਨੂੰ, ਗੁਰੂ ਨਾਨਕ ਦੇਵ, ਸਤਿਗੁਰੂ ਰਾਮ ਸਿੰਘ, ਸਾਰੇ ਸਤਿਗੁਰਾਂ ਨੂੰ ਕਿਉਂ ਲੋੜ ਪਈ ਆਉਣ ਦੀ? ਕਿਉਂਕਿ ਉਸ ਬਾਣੀ ਦਾ ਪਤਾ ਨਹੀਂ ਲਗ ਸਕਦਾ। ਮੈਂ ਗੁਰਬਾਣੀ ਅਨੁਸਾਰ ਤੁਹਾਨੂੰ ਅਰਜ਼ ਕਰਨੀ ਹੈ। ਲਿਖਿਐ—

*"ਗੁਰ ਕੀ ਬਾਣੀ, ਗੁਰ ਤੇ ਜਾਤੀ"*

ਸਿੱਧਾ ਹੀ ਲਿਖਿਐ ਇਸ ਤਰ੍ਹਾਂ। ਤੁਸੀਂ ਅਨੰਦ ਸਾਹਿਬ 'ਚ ਰੋਜ਼ ਸੁਣਦੇ ਹੋ—

*'ਦੂਖ ਰੋਗ ਸੰਤਾਪ ਉਤਰੇ, ਸੁਣੀ ਸਚੀ ਬਾਣੀ।'*

"ਦੂਖ, ਤਾਪ, ਰੋਗ ਜਿਹੜਾ ਹੈ ਸਾਰਾ ਨਹੀਂ ਉਤਰ ਸਕਦਾ ਜਿੰਨਾ ਚਿਰ ਅਗਲੀ ਤੁਕ ਅਸੀਂ ਨਾ ਵਰਤਾਂਗੇ।

*"ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।'*
*ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ।"*

"ਸਤਿਗੁਰੂ ਉਪਦੇਸ਼ ਦਾ ਦਾਤਾ ਹੈ ਜਿੰਨੀ ਬਾਣੀ ਉਚਾਰਨ ਹੋਈ ਐ ਸਾਡੇ ਕਲਿਆਣ ਲਈ, ਉਹ ਸਰੀਰ ਧਾਰਕੇ ਸਤਿਗੁਰਾਂ ਨੇ ਉਚਾਰਨ ਕੀਤੀ ਐ। ਜਿੰਨੀ ਬਾਣੀ ਹੈ ਉਹਦੇ ਵਿਚ ਜੋ ਸੰਕੇਤ ਮਿਲਦੇ ਨੇ ਸਾਰੇ ਸਰੀਰਧਾਰੀ ਗੁਰੂਆਂ ਦੇ ਮਿਲਦੇ ਨੇ। 'ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧੰਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ।' ਇਸ ਤਰ੍ਹਾਂ ਦੇ ਜਿੰਨੇ ਸੰਕੇਤ ਹਨ, ਜਿਸ ਤਰ੍ਹਾਂ ਕਿ ਤੁਹਾਨੂੰ ਦੱਸਿਐ, "ਗੁਰ ਥਾਪੀ ਦਿਤੀ ਕੰਡਿ ਜੀਉ" ਇਹ ਸਾਰੇ ਸਰੀਰਧਾਰੀ ਸਤਿਗੁਰੂਆਂ ਦੇ ਹਨ।"

"ਇਹ ਬਾਣੀ ਜਿਹੜੀ ਸਤਿਗੁਰਾਂ ਦੀ ਐ, ਅੱਜ ਵੀ ਸੁਣੀ ਹੈ, ਅੱਜ ਤੋਂ ਪਹਿਲੇ ਵੀ ਕਈ ਵਾਰ ਸੁਣੀ ਐ, ਅਗਾਂਹ ਵੀ ਸੁਣਨੀਂ ਐ, ਉਹਦਾ ਸਾਨੂੰ ਓਨਾ ਹੀ ਸੁਆਦ ਔਂਦੈ, ਕਿਉਂਕਿ ਇਸ ਬਾਣੀ ਵਿਚ ਫੈਸਲਾ ਦੇ ਦਿਤੈ-ਗੁਰੂ ਰਾਮਦਾਸ ਸੱਚੇ ਪਾਤਸ਼ਾਹ ਨੇ ਲਿਖਿਐ ਕਿ "ਬਾਣੀ ਗੁਰੂ ਗੁਰੂ ਹੈ ਬਾਣੀ" ਜਿਹੜੀ ਸਤਿਗੁਰਾਂ ਦੀ ਹੈ ਉਹ ਵੱਡੀ ਹੈ, ਭਾਰੀ ਹੈ। ਬਾਣੀਆਂ ਉਹ ਸਾਰੀਆਂ, ਜਿਹੜੀ ਆਪਾਂ ਗੱਲ ਕਰਦੇ ਹਾਂ ਉਹ ਵੀ ਬਾਣੀ ਹੈ, ਐਹ ਫਲਾਨੇ ਦੀ ਬਾਣੀ ਐ, ਬਾਣੀ ਜਿਹੜਾ ਬੋਲਣੈ, ਉਹ ਬਾਣੀ ਹੈ। "ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆਂ ਸਿਰਿ ਬਾਣੀ।" "ਬਾਣੀ ਗੁਰੂ ਗੁਰੂ ਹੈ ਬਾਣੀ।" ਉਹ ਬਾਣੀ ਜਿਹੜੀ ਵੱਡੀ ਹੈ ਸਾਰਿਆਂ ਨਾਲੋਂ 'ਵਿਚਿ ਬਾਣੀ ਅੰਮ੍ਰਿਤੁ ਸਾਰੇ।' 'ਗੁਰੂ ਬਾਣੀ ਕਹੈ'-ਗੁਰੂ ਬਾਣੀ ਕਹਿੰਦੈ, ਰਸਨਾ ਦੁਆਰਾ, 'ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।' ਗੁਰੂ ਆਖਦੈ—ਬਾਣੀ ਰਾਹੀਂ। ਅਤੇ ਜਿਹੜਾ ਜਨੁ ਹੈ, ਸੇਵਕ ਹੈ, ਸਿੱਖ ਹੈ—ਉਹ ਉਸ ਗੁਰੂ-ਬਾਣੀ ਨੂੰ ਗੁਰੂ ਦੇ ਬਚਨ ਨੂੰ ਮੰਨਦਾ ਹੈ ਤੇ ਫਿਰ? ਪਰਤੱਖ ਗੁਰੂ ਉਸ ਦਾ ਨਿਸਤਾਰਾ ਕਰਦਾ ਹੈ।"

*"ਅਵਰੋ ਨ ਜਾਣਹਿ ਸਬਦਿ ਗੁਰ ਕੈ"*

"ਸ਼ਬਦ ਗੁਰੂ ਦਾ ਹੈ, ਗੁਰੂ ਨਹੀਂ। ਗੁਰੂ ਦੇ ਉਪਦੇਸ਼ ਨਾਲ, ਜਿਸ ਨੇ ਵੀ ਜਾਪ ਕੀਤਾ ਹੈ, ਭਜਨ ਕੀਤਾ ਹੈ, ਉਸ ਦਾ ਪਾਰ ਉਤਾਰਾ ਹੋਇਐ। ਜਿਸ ਤਰ੍ਹਾਂ :

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥"*

"ਗੁਰੂ ਬਾਣੀ ਕਹੈ—ਗੁਰੂ ਬਾਣੀ ਦਾ ਉਚਾਰ ਕਰਦਾ ਹੈ,
*'ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੈ॥'*
ਪ੍ਰਤੱਖ ਗੁਰੂ ਤੋਂ ਬਿਨਾਂ ਨਿਸਤਾਰਾ ਨਹੀਂ ਹੁੰਦਾ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਅਨੁਸਾਰ ਸਾਨੂੰ ਗੁਰਬਾਣੀ ਤੋਂ ਅਗਵਾਈ ਲੈ ਕੇ ਚੰਗਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਸ੍ਰੀ ਸਤਿਗੁਰੂ ਜੀ ਫ਼ਰਮਾਉਂਦੇ ਹਨ ਕਿ ਗੁਰਬਾਣੀ ਤੋਂ ਆਪਸੀ ਪ੍ਰੇਮ-ਪਿਆਰ, ਏਕਤਾ ਤੇ ਭਾਈਚਾਰੇ ਦਾ ਜੋ ਸੰਦੇਸ਼ ਸਾਨੂੰ ਮਿਲਦਾ ਹੈ, ਉਸ ਨੂੰ ਅਪਨਾ ਕੇ ਸੰਸਾਰ ਵਿਚ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

# ਮੇਲੇ ਤੇ ਸ਼ਤਾਬਦੀਆਂ

ਜਦੋਂ ਦੇਸ਼ ਤੇ ਕੌਮ ਵਿਚ ਧਾਰਮਕ ਹੀਣਤਾ ਆ ਜਾਂਦੀ ਹੈ, ਪ੍ਰਾਣੀ ਆਪਣੇ ਫ਼ਰਜ਼ਾਂ ਨੂੰ ਭੁੱਲ ਜਾਂਦਾ ਹੈ ਕਿ ਇਸ ਸੰਸਾਰ 'ਤੇ ਕਿਸ ਲਈ ਆਇਆ ਹੈ? ਕਿਥੇ ਜਾਣਾ ਹੈ? ਰੂਹਾਨੀਅਤ ਨਾਲ ਕਿਵੇਂ ਮਰਨ-ਜੰਮਣ ਵਿਚੋਂ ਨਿਕਲ ਸਕੀਦਾ ਹੈ? ਉਦੋਂ ਇਹ ਸਭ ਯਾਦ ਕਰਾਉਣ ਲਈ, ਸੁੱਤੀਆਂ ਆਤਮਾਵਾਂ ਨੂੰ ਜਗਾਉਣ ਲਈ, ਮਹਾਂਪੁਰਸ਼, ਸੰਤ, ਗੁਰੂ ਮੇਲੇ ਕਰਾਉਂਦੇ ਆਏ ਹਨ। ਇਸੇ ਪਰੰਪਰਾ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸਤਸੰਗ ਦਾ ਸੁਅਵਸਰ ਪ੍ਰਦਾਨ ਕਰਨ ਹਿਤ, ਸਮੇਂ ਸਮੇਂ 'ਤੇ ਧਾਰਮਕ ਮੇਲੇ ਤੇ ਸਮਾਗਮ ਕਰਵਾਉਣ ਦੀ ਕ੍ਰਿਪਾਲਤਾ ਕਰਦੇ ਹੀ ਰਹਿੰਦੇ ਹਨ।

**ਸੰਗਤ ਦਾ ਅਸਰ**

ਭਲੇ ਪੁਰਸ਼ਾਂ ਦੀ, ਸਾਧਾਂ ਦੀ ਤੇ ਉੱਤਮ ਵਿਅਕਤੀਆਂ ਦੀ ਸੰਗਤ ਮਨੁੱਖ ਨੂੰ ਤਾਰਦੀ ਹੈ। ਦੂਜੇ ਪਾਸੇ ਕੁਸੰਗਤ ਮਨੁੱਖ ਨੂੰ ਡੋਬਦੀ ਹੈ। ਪੰਜਾਬੀ ਦਾ ਅਖਾਣ 'ਸੰਗ ਤਾਰੇ ਕੁਸੰਗ ਡੋਬੇ' ਇਸ ਗੱਲ ਨੂੰ ਦਰਸਾਉਂਦਾ ਹੈ। ਭਗਤ ਕਬੀਰ ਜੀ ਲਿਖਦੇ ਹਨ ਕਿ ਕੁਸੰਗ ਇੰਜ ਹੈ ਜਿਵੇਂ ਕੇਲੇ ਲਾਗੇ ਲਗੀ ਬੇਰੀ। ਹਵਾ ਵਗਣ ਨਾਲ ਕੇਲੇ ਦੇ ਪੱਤੇ ਤਾਂ ਬੇਰੀ ਨੂੰ ਚੌਰ ਕਰਦੇ ਹਨ ਤੇ ਬੇਰੀ ਕੇਲਿਆਂ ਦੇ ਪੱਤਿਆਂ ਨੂੰ ਚੀਰ ਦੇਂਦੀ ਹੈ। ਏਸੇ ਤਰ੍ਹਾਂ ਕੁਸੰਗਤ ਨੁਕਸਾਨ ਕਰਦੀ ਹੈ, ਸੋ ਕੁਸੰਗੀ ਸਾਕਤ ਤੋਂ ਬਚੋ: .

*"ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥"*

—ਸ੍ਰੀ ਆਦਿ ਗ੍ਰੰਥ ਪੰਨਾ ੧੩੬੯

ਦੂਜੇ ਪਾਸੇ ਚੰਗੀ ਸੰਗਤ ਬਾਰੇ ਭਗਤ ਕਬੀਰ ਜੀ ਲਿਖਦੇ ਹਨ :

*"ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥*

—ਸ੍ਰੀ ਆਦਿ ਗ੍ਰੰਥ ਪੰਨਾ ੧੩੬੫

ਭਾਈ ਗੁਰਦਾਸ ਜੀ ਸਾਧ-ਸੰਗਤ ਨੂੰ ਚੰਦਣ ਬਿਰਖ ਹੀ ਕਹਿੰਦੇ ਹਨ ਜੋ ਸਭ ਨੂੰ ਮਹਿਕ

ਵੰਡਦਾ ਹੋਇਆ ਆਪਣੇ ਜਿਹਾ ਕਰਦਾ ਹੈ :

*"ਸਾਧ ਸੰਗਤਿ ਚੰਦਣ ਬਿਰਖੁ ਮਿਲਿ ਚੰਦਨੁ ਹੋਈ॥"*

ਜਿਹੋ ਜਿਹੀ ਸੰਗਤ ਹੋਵੇ ਉਹੋ ਜਿਹਾ ਅਸਰ ਛੱਡਦੀ ਹੈ।

ਹਕੀਮ ਲੁਕਮਾਨ ਦਾ ਲੜਕਾ ਸ਼ਰਾਬ-ਖ਼ਾਨੇ ਜਾਣ ਲੱਗ ਪਿਆ। ਹਕੀਮ ਨੇ ਵਰਜਿਆ ਪਰ ਲੜਕਾ ਆਖਣ ਲਗਾ ਕਿ ਮੈਂ ਜਾਂਦਾ ਹੀ ਹਾਂ ਸ਼ਰਾਬ ਤਾਂ ਨਹੀਂ ਪੀਂਦਾ। ਲੁਕਮਾਨ ਨੇ ਉਸਨੂੰ ਇਕ ਠੰਢਾ ਕੋਇਲਾ ਲਿਆਉਣ ਲਈ ਕਿਹਾ। ਕੋਇਲਾ ਲਿਆਉਣ ਲੱਗਿਆਂ ਉਸ ਦਾ ਹੱਥ ਕਾਲਾ ਹੋ ਗਿਆ। ਲੁਕਮਾਨ ਨੇ ਦੱਸਿਆ ਇਹ ਸੰਗਤ ਦਾ ਅਸਰ ਹੈ। ਤੂੰ ਸ਼ਰਾਬ ਖ਼ਾਨੇ ਜਾ ਕੇ ਸ਼ਰਾਬ ਪੀ ਜਾਂ ਨਾ ਪਰ ਲੋਕਾਂ ਆਖਣਾ ਹੈ ਉਹ ਸ਼ਰਾਬ ਪੀਂਦਾ ਹੈ।

ਗੁਰਬਾਣੀ ਅਨੁਸਾਰ :

*"ਸੰਤ ਸਭਾ ਜੈਕਾਰ ਕਰਿ ਗੁਰਮੁਖਿ ਕਰਮ ਕਮਾਉ॥*
*ਨਿਰਮਲੁ ਨ੍ਾਵਣੁ ਨਾਨਕਾ ਗੁਰੁ ਤੀਰਥ ਦਰੀਆਉ॥"*

—ਸ੍ਰੀ ਆਦਿ ਗ੍ਰੰਥ ਪੰਨਾ ੧੪੨੨

ਸਤ-ਸੰਗਤ ਮਾਨ ਸਰੋਵਰ ਹੈ ਅਤੇ ਮਾੜੀ ਸੰਗਤ ਕੱਲਰੇ ਹੋਏ ਪਾਣੀ ਦੀ ਛੱਪੜੀ ਹੁੰਦੀ ਹੈ। ਸੰਤ ਸਭਾ ਦੀ ਜੈਕਾਰ ਕਰਨੀ ਚਾਹੀਦੀ ਹੈ ਅਤੇ ਗੁਰਮੁਖਾਂ ਵਾਲੇ ਕਰਮ ਕਰਨੇ ਚਾਹੀਦੇ ਹਨ। ਜਦੋਂ ਗੁਰੂ ਰੂਪੀ ਤੀਰਥ ਦਰਿਆ ਵਿਚ ਇਸ਼ਨਾਨ ਕਰੋਗੇ ਤਾਂ ਨਿਰਮਲ ਹੋ ਜਾਓਗੇ।

"ਊਤਮ ਸੰਗਤਿ ਊਤਮੁ ਹੋਵੈ॥
ਗੁਣ ਕਉ ਧਾਵੈ ਅਵਗੁਣ ਧੋਵੈ॥"

—ਆਸਾ ਮਹਲਾ ੧, ਪੰਨਾ ੪੨੪

**ਗੁਰਮੁਖਾਂ ਦਾ ਮੇਲਾ**

ਸਤਿਗੁਰੂ ਦੀ ਬਣਾਈ ਉੱਤਮ ਸੰਗਤ, ਸਤ ਸੰਗਤ, ਸਾਧਾਂ ਦੀ ਸੰਗਤ ਹੈ, ਜਿਹੜੀ ਅਕਾਲ ਪੁਰਖ ਨਾਲ ਸੁਰ ਹੋਈ ਹੋਈ ਹੁੰਦੀ ਹੈ। ਅਜਿਹੀ ਸੰਗਤ ਨੂੰ ਗੁਰੂ ਅਰਜਨ ਦੇਵ ਜੀ ਨੇ ਮਹਾਂ ਪਵਿੱਤਰ ਸਮਝਿਆ ਹੈ :

"ਮਹਾ ਪਵਿਤ੍ਰ ਸਾਧ ਕਾ ਸੰਗੁ॥
ਜਿਸੁ ਭੇਟਤ ਲਾਗੈ ਪ੍ਰਭ ਰੰਗੁ॥"

—ਸ੍ਰੀ ਆਦਿ ਗ੍ਰੰਥ ਪੰਨਾ ੩੯੨-੯੩

ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਇਸ ਵਾਕ ਨੂੰ ਅਰਦਾਸ ਵਿਚ ਹਰ ਸਮੇਂ ਦ੍ਰਿੜਾਉਣ ਲਈ

ਸਿੱਖਾਂ ਨੂੰ ਹੁਕਮ ਕਰਦੇ ਹਨ:-

..."ਅਰ ਮਨੁੱਖਾਂ ਦਾ ਮੇਲਾ ਜਿਥੇ ਹੋਵੇ ਤਾਂ ਗੁਰਮੁਖਾਂ ਦਾ ਮੇਲਾ ਹੋਵੇ। ਮਨਮੁਖਾਂ ਦੀ ਸੰਗਤ 'ਤੇ ਰੱਖ ਲਈ...।"

ਸਤਸੰਗਤ ਦੀ ਪਰਿਭਾਸ਼ਾ ਸ੍ਰੀ ਗੁਰੂ ਨਾਨਕ ਦੇਵ ਜੀ ਇੰਜ ਦਿੰਦੇ ਹਨ—

"ਸਤ ਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥"

—ਸ੍ਰੀ ਆਦਿ ਗ੍ਰੰਥ ਪੰਨਾ ੭੨

ਸੱਚੀ ਸੰਗਤ ਉਨ੍ਹਾਂ ਲੋਕਾਂ ਨਾਲ ਹੁੰਦੀ ਹੈ ਜਿਨ੍ਹਾਂ ਨਾਲ ਬੈਠ ਕੇ ਨਾਮ ਜਪਿਆ ਜਾਵੇ, ਪ੍ਰਮਾਤਮਾ ਨੂੰ ਯਾਦ ਕੀਤਾ ਜਾਵੇ। ਜਿਨ੍ਹਾਂ ਨੂੰ ਆਪਣਾ ਹੀ ਸਵਾਰਥ ਹੋਵੇ, ਉਨ੍ਹਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ। ਜੇ ਅਸੀਂ ਪ੍ਰਮਾਤਮਾ ਦੇ ਭਗਤਾਂ-ਪਿਆਰਿਆਂ ਸੰਤਾਂ ਸਾਧਾਂ ਦੀ ਸੰਗਤ ਕਰਦੇ ਹਾਂ, ਉਨ੍ਹਾਂ ਨਾਲ ਗੱਲਬਾਤ ਕਰਦੇ ਹਾਂ ਤਾਂ ਉਨ੍ਹਾਂ ਨੂੰ ਵੇਖ ਸੁਣ ਕੇ ਸਾਡੇ ਮਨ ਅੰਦਰ ਵੀ ਪ੍ਰਭੂ ਨੂੰ ਮਿਲਣ ਦਾ ਸ਼ੌਕ ਤੇ ਪਿਆਰ ਪੈਦਾ ਹੋ ਜਾਂਦਾ ਹੈ। ਸੋਚ ਉਪਜਦੀ ਹੈ ਕਿ ਅਸੀਂ ਦੁਰਲੱਭ ਮਨੁੱਖਾ ਜਨਮ ਲੈ ਕੇ ਇਸ ਸੰਸਾਰ 'ਤੇ ਕਿਉਂ ਆਏ ਹਾਂ ਤੇ ਸਾਨੂੰ ਕੀ ਕਰਨਾ ਚਾਹੀਦਾ ਹੈ? ਸਾਡੇ ਕਦਮਾਂ ਵਿਚ ਆਪ ਮੁਹਾਰੇ ਹੀ ਸਹੀ ਮੰਜ਼ਲ ਵੱਲ ਚੱਲਣ ਦੀ ਜਗਿਆਸਾ ਪੈਦਾ ਹੋ ਜਾਂਦੀ ਹੈ। ਸੱਚੇ ਸਾਧੂਆਂ ਦੀ ਸੰਗਤ ਸਾਨੂੰ ਸਹੀ ਮਾਰਗ 'ਤੇ ਚਲਣ ਦਾ ਰਾਹ ਵਿਖਾਉਂਦੀ, ਚਾਨਣ-ਮੁਨਾਰਾ ਬਣਦੀ ਹੈ ਤਾਂ ਜੋ ਅਸੀਂ ਆਪਣੀ ਜੀਵਨ-ਯਾਤਰਾ ਨੂੰ ਸਫਲ ਕਰ ਆਪਣੀ ਮੰਜ਼ਿਲ ਨੂੰ ਪਾ ਸਕੀਏ।

ਅਸਲ ਵਿਚ ਸਤਿ-ਸੰਗਤ ਮੁਕਤੀ ਦੀ ਮੰਜ਼ਿਲ ਤੀਕ ਲੈ ਜਾਣ ਵਾਲੀ ਪੌੜੀ ਹੈ। ਭਗਤ ਕਬੀਰ ਜੀ ਅਨੁਸਾਰ:-

*"ਕਬੀਰ ਏਕ ਘੜੀ ਆਧੀ ਘਰੀ, ਆਧੀ ਹੂੰ ਤੇ ਆਧ*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥"*

—ਸ੍ਰੀ ਆਦਿ ਗ੍ਰੰਥ ਪੰਨਾ ੧੩੭੭

ਉੱਤਮ ਸੰਗਤ ਵਿਚ ਗਿਆ ਹਉਮੈ, ਮਾਇਆ, ਭਰਮ ਦਾ ਨਾਸ ਹੁੰਦਾ ਹੈ। ਪਾਪਾਂ ਤੋਂ ਬਚਿਆ ਜਾ ਸਕਦਾ ਹੈ। ਮਨ ਨਿਰਮਲ ਹੁੰਦਾ ਹੈ। ਨਾਮ ਤੇ ਸੱਚ ਦੀ ਪ੍ਰਾਪਤੀ ਹੁੰਦੀ ਹੈ, ਨੀਚੋਂ ਊਚ ਹੋ ਜਾਈਦਾ ਹੈ, ਜਮ ਦਾ ਭੈ ਦੂਰ ਹੁੰਦਾ ਹੈ, ਸੁਖ ਅਨੰਦ ਤੇ ਸਹਿਜ ਦੀ ਪ੍ਰਾਪਤੀ ਹੁੰਦੀ ਹੈ।

*"ਸਤ ਸੰਗਤ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ॥*
*ਹਰਿ ਨਾਮਾ ਹਰਿ ਮੀਠ ਲਗਾਨਾ ਗੁਰਿ ਕੀਏ ਸਬਦਿ ਨਿਹਾਲ॥"*

—ਸ੍ਰੀ ਆਦਿ ਗ੍ਰੰਥ ਪੰਨਾ ੧੩੩੫

**ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ (ਸਤ ਸੰਗ ਬਾਰੇ)**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਰਮਾਉਂਦੇ ਹਨ:- (ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ)

"ਸੰਗਤ ਦੇ ਵਾਸਤੇ ਭਾਈ ਗੁਰਦਾਸ ਜੀ ਨੇ ਲਿਖਿਐ ਕਿ ਕਿਸ ਸੰਗਤ ਦਾ ਕੀ ਪ੍ਰਭਾਵ ਪੈਂਦਾ ਹੈ—

*ਕਾਹੂ ਕੀ ਸੰਗਤਿ ਮਿਲਿ*
*ਜੀਵਨ ਮੁਕਤ ਹੋਇ॥*
*ਕਾਹੂ ਕੀ ਸੰਗਤ ਮਿਲ*
*ਜਮਪੁਰਿ ਜਾਤ ਹੈ॥*

ਇਹ ਦੋਵੇਂ ਰਾਹ ਨੇ। ਇਹ ਆਪਾਂ ਵੇਖੀਏ ਬਈ ਕਿਹੜਾ ਸਾਨੂੰ ਪਰਵਾਨ ਏ?"

"ਮਨ ਨੂੰ ਠੀਕ ਕਰਨ ਵਾਲੀ ਇਕੋ ਗੱਲ ਏ ਕਿ ਸਤਿਗੁਰੂ ਦੇ ਹੁਕਮ ਅਨੁਸਾਰ ਨਾਮ ਜਪਿਆ ਜਾਏ। ਪਰ ਇਸ ਲਈ ਚੰਗੀ ਸੰਗਤ ਹੀ ਪ੍ਰੇਰਨਾ ਦਿੰਦੀ ਹੈ।"

"ਜਿਹੜੇ ਸਤਿਸੰਗ ਕਰਦੇ ਨੇ ਉਹਨਾਂ ਦੇ ਮਨ ਨਿਰਮਲ ਹੁੰਦੇ ਹਨ। ਉਹਨਾਂ ਨੂੰ ਸਤਿਸੰਗ ਵਾਲੀ ਗੱਲ ਚੰਗੀ ਲਗਣ ਲਗ ਪੈਂਦੀ ਹੈ।"

"ਸਤ ਦਾ ਸੰਗ ਪ੍ਰਾਪਤ ਕਰ ਕੇ ਸੁਖ ਦੀ ਪ੍ਰਾਪਤੀ ਹੁੰਦੀ ਹੈ।"

"ਜਿੱਚਰ ਸਾਧ ਸੰਗਤ 'ਚ ਨਾ ਰਹੀਏ, ਮਰਿਯਾਦਾ ਦਾ ਪਤਾ ਨਹੀਂ ਲਗਦਾ।"

"ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਗੁਰਮਤ ਵਾਲੇ ਪਾਸੇ ਲਾਓ। ਘਰਾਂ 'ਚ ਬੈਠ ਕੇ ਰਾਤ ਨੂੰ ਸੌਣ ਲਗਿਆਂ ਬੱਚਿਆਂ ਨੂੰ ਪੁਰਾਣੇ ਸਾਧੂਆਂ ਦੀ ਕਥਾ ਸੁਣਾਇਆ ਕਰੋ। ਸਤ ਸੰਗ ਦੀ ਗੱਲ ਕਰਿਆ ਕਰੋ।"

"ਐਸ ਸੰਸਾਰ ਵਿਚੋਂ ਅਸਾਂ ਹਰ ਹਾਲਤ ਵਿਚ ਜਾਣਾਂ ਹੀ ਹੈ। ਆਪੋ ਆਪਣੇ ਧਰਮ ਮੁਤਾਬਕ ਨਾਮ ਸਿਮਰਨ, ਭਜਨ ਬਾਣੀ, ਸਤ ਸੰਗ ਤੇ ਧਾਰਮਕ ਗ੍ਰੰਥਾਂ ਦੀ ਸੰਗਤ ਕਰਿਆ ਕਰੋ। ਜਿਹੜੇ ਲੋਕ ਧਰਮ ਨੂੰ ਮੰਨਦੇ ਹਨ, ਉਹ ਚਾਹੇ ਕਿਸੇ ਵੀ ਮਜ਼ਬ ਦੇ ਨੇ, ਉਨ੍ਹਾਂ ਨਾਲ ਸੱਤ ਅਰਥਾਤ ਸੱਚ ਦਾ ਸੰਗ ਕਰੋ। ਸੱਚ ਅਕਾਲ ਪੁਰਖ ਹੈ, ਹੋਰ ਸਭ ਚੀਜ਼ਾਂ ਝੂਠ ਨੇ।"

"ਅਸੀਂ ਨਾਮਧਾਰੀ, ਗੁਰਬਾਣੀ ਅਨੁਸਾਰ ਆਪਣਾ ਜੀਵਨ ਢਾਲਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਸਮਝਦੇ ਹਾਂ ਜਦੋਂ ਸ੍ਰਿਸ਼ਟੀ ਨਹੀਂ ਸੀ ਉਦੋਂ ਵੀ ਗੁਰੂ ਸੀ, ਮੌਜੂਦਾ ਵੀ ਹੈ ਤੇ ਅਗੋਂ ਵੀ ਹੋਵੇਗਾ।"

ਬਾਣੀ ਵਿਚ ਲਿਖਿਆ ਹੈ—

*ਸੰਗਤਿ ਕਾ ਗੁਨੁ ਬਹੁਤੁ ਅਧਿਕਾਈ*
*ਪੜਿ ਸੂਆ ਗਨਕ ਉਧਾਰੇ॥*

ਤੋਤੇ ਨੂੰ ਰਾਮ ਰਾਮ ਪੜ੍ਹਾਉਂਦੀ ਗਨਕਾ ਦਾ ਉਧਾਰ ਹੋ ਗਿਆ।"

"ਸਾਧ ਸੰਗਤ ਵਿਚ ਜਾਣ ਦਾ ਬੜਾ ਫਲ ਹੈ। ਕਈ ਵਾਰ ਆਦਮੀ ਜਦੋਂ ਸਾਧ ਸੰਗਤ ਵਿਚ ਜਾਂਦਾ ਹੈ, ਉਸਦੀ ਪਿਛਲੀ ਮੈਲ ਧੁਪਦੀ ਜਾਂਦੀ ਹੈ, ਧੁਪਦੀ ਜਾਂਦੀ ਹੈ। ਪਰ ਉਹਨੂੰ ਨਹੀਂ ਪਤਾ ਲਗਦਾ। ਜਿਸ ਵੇਲੇ ਉਹ ਕਈ ਵਾਰ ਛੱਡ ਜਾਂਦਾ ਹੈ, ਫਿਰ ਪਛਤਾਉਂਦਾ ਹੈ। ਜਿਹੜਾ ਸਮਾਂ ਲੰਘ ਜਾਂਦਾ ਹੈ, ਉਹ ਫਿਰ ਨਹੀਂ ਆਉਂਦਾ। ਮਰਣ ਤੋਂ ਪਹਿਲਾਂ ਜਿੰਨਾ ਕਰ ਲਿਆ, ਉਸ ਤੋਂ ਬਾਅਦ ਨਹੀਂ ਕਰ ਸਕਦਾ।"

"ਰੋਜ਼ ਸੱਚੇ ਪਾਤਸ਼ਾਹ ਦਾ ਉਪਦੇਸ਼ ਸੁਣੀਦੈ। ਇਹ ਸਾਨੂੰ ਨਹੀਂ ਪਤਾ ਕਿਹੜੇ ਦਿਨ, ਕਿਹੜੀ ਤੁਕ ਦਾ ਅਸਰ ਹੋਣੈ। ਇਸ ਵਾਸਤੇ ਰੋਜ਼ ਸਾਨੂੰ ਸਤਿਸੰਗ ਕਰਨਾ ਚਾਹੀਦੈ।

*'ਕਰਿ ਸਾਧ ਸੰਗਤਿ ਸਿਮਰੁ ਮਾਧੋ*
*ਹੋਹਿ ਪਤਿਤ ਪੁਨੀਤ॥'*

ਏਸੇ ਤਰ੍ਹਾਂ ਸਾਧ ਸੰਗਤ ਵਿਚ ਰੋਜ਼ ਆਉਣ ਵਾਸਤੇ ਮਨ ਬਣੇ, ਪਤਾ ਨਹੀਂ ਕਿਹੜੇ ਵੇਲੇ ਮਨ ਨਿਕਲ ਜਾਂਦੈ ਵਿਚੋਂ ਤੇ ਕਿਸ ਵੇਲੇ ਸਾਧ ਸੰਗਤ ਵਿਚ ਲਗ ਜਾਂਦੈ। ਕਿਹੜੀ ਤੁਕ ਦਾ ਸਾਡੇ ਤੇ ਚੰਗਾ ਅਸਰ ਹੋਣ ਨਾਲ ਅਸੀਂ ਚੰਗੇ ਪਾਸੇ ਲਗ ਜਾਣੈ।"

"ਤੁਸੀਂ ਸਾਧ ਸੰਗਤ 'ਚ ਆਉਂਦੇ ਹੋ। ਸਾਧ ਸੰਗਤ 'ਚ ਆ ਕੇ ਬੜੀਆਂ ਚੰਗੀਆਂ ਗੱਲਾਂ ਪ੍ਰਾਪਤ ਕਰਦੇ ਹੋ। ਏਥੇ ਮਨ ਬੜਾ ਵਧੀਆ ਬਣਦੈ। ਪਰ ਏਥੋਂ ਉੱਠਕੇ ਜਾ ਕੇ ਟੀ.ਵੀ. 'ਤੇ ਫਿਲਮ ਨ ਵੇਖਣ ਲੱਗ ਪਓ, ਸ਼ਰਾਬਖ਼ਾਨੇ ਨ ਚਲੇ ਜਾਓ, ਐਸੀ ਗਲਤ ਸੰਗਤ ਵਿਚ ਨਾ ਚਲੇ ਜਾਓ, ਤੇ ਤੁਸੀਂ...ਇਹ ਗੱਲ ਸੋਚਦੇ-ਸੋਚਦੇ ਸੌਂ ਜਾਓ, ਸਾਧ-ਸੰਗਤ ਵਾਲੀ ਚੰਗੀ ਗੱਲ, ਤਾਂ ਕਿ ਤੁਹਾਨੂੰ ਸੁਪਨਾ ਜਿਹੜਾ ਹੈ, ਉਹ ਚੰਗਾ ਆਵੇ। ਸੁੱਤਿਆਂ ਪਿਆਂ ਸਾਡੇ ਦਿਲ ਦੀ ਹਰਕਤ ਵੀ ਬੰਦ ਹੋ ਜਾਵੇ, ਜਦੋਂ ਅਸੀਂ ਚੰਗੀ ਗੱਲ ਸੋਚਦੇ ਹੋਵਾਂਗੇ, ਉਹ ਮਨ ਚੰਗੇ ਥਾਂ ਸਾਨੂੰ ਚੁੱਪ ਕਰਕੇ ਲੈ ਜਾਏਗਾ।"

"ਹਮੇਸ਼ਾ ਸਾਨੂੰ ਉਨ੍ਹਾਂ ਪੁਸਤਕਾਂ ਦੀ ਸੰਗਤ ਕਰਨੀ ਚਾਹੀਦੀ ਹੈ ਜਿਨ੍ਹਾਂ ਵਿਚ ਸਾਨੂੰ ਸਤਸੰਗ ਵਾਲੀ ਗੱਲ ਮਿਲੇ। ਉਨ੍ਹਾਂ ਸਾਧੂਆਂ ਦੀ ਸੰਗਤ ਕਰਨੀ ਚਾਹੀਦੀ ਹੈ ਜਿਹੜੇ ਸਾਨੂੰ ਸਤਸੰਗ ਵਾਲੇ ਪਾਸੇ ਲਾਉਣ।"

"ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧ ਸੰਗਤਿ ਮੋਹਿ ਪਾਈ।' ਇਹਦੇ ਵਾਸਤੇ ਕੋਈ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਅਕਾਲੀ, ਨਾਮਧਾਰੀ, ਕਿਸੇ ਵਾਸਤੇ ਨਹੀਂ ਲਿਖਿਐ। ਜੀਹਦੇ ਅੰਦਰ ਵੀ ਇਹ ਗੱਲ ਹੋਏਗੀ ਉਹਦੇ ਵਾਸਤੇ "ਪਰਥਾਇ ਸਾਖੀ ਮਹਾਂਪੁਰਖ ਬੋਲਦੇ ਸਾਝੀ ਸਗਲ ਜਹਾਨੈ।" ਸਾਧ ਸੰਗਤ 'ਚ ਆ ਕੇ ਇਹ ਤਾਤ ਬਿਸਰ ਜਾਂਦੀ ਐ। ਅਗੇ ਸਮਝ ਲਓ- ਜਦ ਤਾਤ ਬਿਸਰ ਗਈ, ਈਰਖਾ, ਕਿਸੇ ਨਾਲੋਂ ਸੜਨ-ਹਟ ਗਈ, ਫਿਰ ਮੈਂ ਸਾਧ ਸੰਗਤ ਪਾ ਲਈ ਐ। ਜਿੰਨਾ ਚਿਰ ਇਹ ਨਹੀਂ ਬਿਸਰੀ, ਭਾਵੇਂ ਕਿੰਨਾ ਚਿਰ ਅਸੀਂ ਬੈਠਦੇ ਰਹੀਏ, ਇਹਦੀ ਨਿਸ਼ਾਨੀ ਐ, ਸਾਧ ਸੰਗਤ ਨਹੀਂ ਸਾਡੇ ਅੰਦਰ ਅਜੇ ਪਈ। ਫਿਰ ਵੀ ਸਤਿਗੁਰਾਂ ਨੇ ਲਿਖਿਐ ਬਾਣੀ ਵਿਚ—'ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸਦਾ ਕਦੇ ਨ ਹੋਵਈ ਭਲਾ।' ਜੇ ਤੇ ਭਲਾ ਕਰਾਉਣਾ, ਫੇਰ ਤੇ ਈਰਖਾ ਛੱਡ ਦਿਓ ਸਾਰੇ।"

"ਸਾਧੂਆਂ ਦੀ ਸੰਗਤ ਕੀਤਿਆਂ ਚੇਤਾ ਆਉਂਦਾ ਹੈ ਕਿ ਇਹ ਸਰੀਰ ਨਾਸ਼ਵਾਨ ਹੈ, ਇਸ ਨੇ ਕੋਸ਼ਿਸ਼ ਕੀਤਿਆਂ ਵੀ ਨਹੀਂ ਰਹਿਣਾ।"

"ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸਾਹ ਦੇ ਉਪਦੇਸ਼ ਵਿਚ ਰਿਕਾਰਡ ਹੋਇਆ ਹੈ ਕਿ ਜਿਹੜੇ ਵੀ ਸਤਿਸੰਗੀ ਆਦਮੀ ਹਨ, ਭਾਵੇਂ ਕਿਸੇ ਵੀ ਸਾਧੂ ਕੋਲੋਂ ਉਹਨਾਂ ਨੂੰ ਸਤਿਸੰਗ ਮਿਲਿਆ ਹੈ, ਉਹ ਕਿਸੇ ਨੂੰ ਬੁਰਾ ਸ਼ਬਦ ਨਹੀਂ ਕਹਿੰਦੇ, ਕਿਸੇ ਦੀ ਨਿੰਦਿਆ ਨਹੀਂ ਕਰਦੇ।"

"ਸੰਗਤ ਜਿਹੜੀ ਹੈ, ਉਹਦੀ ਕਿੰਨੀ ਮਹਾਨਤਾ ਹੈ। ਜਿਸ ਸੰਗਤ ਦੀ ਏਡੀ ਮਹਾਨਤਾ ਹੈ, ਉਸਦੇ ਸਤਿਗੁਰੂ ਦੀ ਮਹਾਨਤਾ ਤੇ ਕਹੀ ਨਹੀਂ ਜਾ ਸਕਦੀ। ਸਤਿਗੁਰਾਂ ਨੇ ਬਾਣੀ ਵਿਚ ਲਿਖਿਐ:

*'ਜਹ ਸਤਿਗੁਰੁ ਤਹ ਸਤ ਸੰਗਤਿ ਬਣਾਈ।'*

ਜਹ ਸੰਗਤ ਤਹ ਸਤਿਗੁਰੂ ਬਣਾਇਆ—ਕਿਤੇ ਨਹੀਂ ਲਿਖਿਐ। ਗੁਰੂ ਗੋਬਿੰਦ ਸਿੰਘ ਜਿਸ ਵੇਲੇ ਨਿਕਲੇ ਸਨ, ਮਾਛੀਵਾੜੇ ਵੱਲ ਨੂੰ, ਫੇਰ ਸੰਗਤਾਂ ਨੇ ਅਰਜ਼ਾਂ ਕੀਤੀਆਂ—'ਸੱਚੇ ਪਾਤਸ਼ਾਹ, ਤੁਸੀਂ ਹੁਣ ਜ਼ਰੂਰ ਜਾਓ। ਅਸੀਂ ਤੁਹਾਨੂੰ ਨਹੀਂ ਬਣਾ ਸਕਦੇ, ਤੁਸੀਂ ਜਿਥੇ ਜਾਓਗੇ ਸੰਗਤ ਬਣ ਜਾਏਗੀ।"

"ਇਹਨੂੰ ਦੁਨੀਆਦਾਰੀ ਦਾ ਮੇਲਾ ਸਮਝ ਕੇ ਨਾ ਆਇਆ ਕਰੋ। ਸਾਧ ਸੰਗਤ ਸਮਝ ਕੇ ਆਓ। ਸਾਧ-ਸੰਗਤ ਸਮਝ ਕੇ ਬੈਠੋ, ਭਜਨ ਕਰੋ...ਇਹ ਜਿਹੜੇ ਦਿਨ ਹਨ, ਦੋ ਜਾਂ ਤਿੰਨ-ਚਾਰ ਦਿਨ, ਇਹਨਾਂ ਦਿਨਾਂ ਵਿਚ ਜਿੰਨਾ ਵੀ ਵੱਧ ਤੋਂ ਵੱਧ ਭਜਨ-ਬਾਣੀ ਕਰਾਂਗੇ ਉਨਾ ਹੀ ਸਾਨੂੰ ਸਤਿਗੁਰਾਂ ਵਾਲੇ ਪਾਸੇ ਦੀ ਲਗਨ ਜ਼ਿਆਦਾ ਲੱਗੇਗੀ।"

—ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਵਿਚੋਂ

ਜਦੋਂ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ-ਨਸ਼ੀਨ ਹੋਏ ਹਨ, ਮੇਲੇ ਤੇ ਧਾਰਮਕ ਸਮਾਗਮ ਕਰਾਉਣ ਦੀਆਂ ਪੁਰਾਣੀਆਂ ਪ੍ਰੰਪਰਾਵਾਂ ਨੂੰ ਕਾਇਮ ਹੀ ਨਹੀਂ ਰਖ ਰਹੇ, ਬਲਕਿ ਸਮੇਂ ਮੁਤਾਬਕ ਬਹੁਤ ਅਗਾਂਹ ਲਿਜਾ ਰਹੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਅਤੇ ਸਰਪ੍ਰਸਤੀ ਹੇਠ ਸਾਲ ਭਰ ਇਹ ਸਮਾਗਮ ਅਤੇ ਮੇਲੇ ਚਲਦੇ ਹੀ ਰਹਿੰਦੇ ਹਨ।

ਮੇਲਿਆਂ ਤੋਂ ਇਲਾਵਾ ਕਈ ਸ਼ਤਾਬਦੀਆਂ ਵੀ ਵੱਡੇ ਪੱਧਰ 'ਤੇ ਮਨਾਈਆਂ ਗਈਆਂ ਹਨ ਅਤੇ ਗੁਰਮਤ-ਸੰਮੇਲਨਾਂ ਦੀ ਸ਼ੁਰੂਆਤ ਵੀ ਹੋਈ ਹੈ।

ਧਾਰਮਕ ਮੇਲਿਆਂ ਤੋਂ ਇਲਾਵਾ ਸਾਹਿਤਕ ਮੇਲੇ, ਵਾਰਸ਼ਿਕ ਨਾਮਧਾਰੀ ਵਿਦਿਅਕ ਸੰਮੇਲਨ ਅਤੇ ਸੰਗੀਤ ਸੰਮੇਲਨ ਵੀ ਸਮੇਂ ਸਮੇਂ ਤੇ ਕੀਤੇ ਜਾਂਦੇ ਰਹਿੰਦੇ ਹਨ, ਜਿੰਨ੍ਹਾਂ ਦਾ ਜ਼ਿਕਰ, ਪੁਸਤਕ 'ਪ੍ਰਕਾਸ਼-ਪੁੰਜ' ਦੇ ਅਗਲੇ ਭਾਗਾਂ ਵਿਚ ਅਧਿਆਏ ਦੇ ਮੁਤਾਬਕ ਕੀਤਾ ਜਾਵੇਗਾ।

**ਸ਼ਤਾਬਦੀਆਂ**

ਸ਼ਤਾਬਦੀਆਂ ਦੇ ਖੇਤਰ ਵਿਚ 3-4 ਜੂਨ ਸੰਨ 1963 ਨੂੰ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਆਨੰਦ-ਕਾਰਜ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਈ ਗਈ। ਇਕੱਠੇ ਇਕੋ ਚੱਕਰ ਵਿਚ 149 ਅਨੰਦ ਕਾਰਜ ਕੀਤੇ ਗਏ।

ਸੰਨ 1972 ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਗਵਨ ਸ਼ਤਾਬਦੀ ਮਨਾਈ ਗਈ।

ਸੰਨ 1990-92 ਦੇ ਸਾਲਾਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਵਤਾਰ-ਸ਼ਤਾਬਦੀ ਮਨਾਈ ਗਈ ਜਿਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਕਈ ਪੁਸਤਕਾਂ ਛਾਪੀਆਂ ਗਈਆਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ਬਣਾਈ ਗਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ ਵਲੋਂ ਕਈ ਸਮਾਗਮ ਕੀਤੇ ਗਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਸਤੰਬਰ 1990 ਨੂੰ ਦਿੱਲੀ ਵਿਖੇ ਵਿਦਵਾਨਾਂ, ਲੇਖਕਾਂ, ਪੱਤਰਕਾਰਾਂ, ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਦੀ ਇਕ ਵਿਚਾਰ ਗੋਸ਼ਟੀ ਕਰਵਾਈ। ਇਹ ਸਾਹਿਤਿਕ ਜੋੜ ਮੇਲਾ ਨਵੀਂ ਦਿੱਲੀ ਦੇ ਮਸ਼ਹੂਰ ਸਭਿਆਚਾਰਕ ਖੇਤਰ, ਮੰਡੀ ਹਾਊਸ ਦੇ ਲਾਗੇ ਕਮਿਸ਼ਨ ਰੂਮ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸਜਿਆ। ਇਸ ਵਿਚ ਭਾਰਤ ਦੇ ਉਪ ਰਾਸ਼ਟਰਪਤੀ ਸ੍ਰੀ ਸ਼ੰਕਰ ਦਿਆਲ ਸ਼ਰਮਾ ਵੀ ਪਧਾਰੇ।

ਸ੍ਰੀ ਸਤਿਗੁਰੂ ਜੀ ਦੁਆਰਾ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ 500 ਸਾਲਾ ਆਗਮਨ (ਪ੍ਰਕਾਸ਼) ਦਿਵਸ, ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ 300 ਸਾਲਾ ਆਗਮਨ ਦਿਵਸ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 300 ਸਾਲਾ ਸ਼ਹੀਦੀ ਦਿਵਸ ਮਨਾਏ ਗਏ। ਸੂਬਾ ਸਾਹਿਬ ਸਿੰਘ ਦਾ 100ਵਾਂ

ਸ਼ਹੀਦੀ ਦਿਵਸ ਹਜਾਰੀ ਬਾਗ ਵਿਖੇ ਮਨਾਇਆ ਗਿਆ।

### ਗੁਰਮਤਿ ਸੰਮੇਲਨ

4 ਅਕਤੂਬਰ 1991 ਤੋਂ ਪ੍ਰਚਾਰਕਾਂ, ਸੂਬਿਆਂ ਅਤੇ ਜਥੇਦਾਰਾਂ ਨੂੰ ਇਕੱਤਰ ਕਰ ਕੇ ਪਹਿਲੇ ਗੁਰਮਤਿ ਸੰਮੇਲਨ ਦੇ ਮੇਲੇ ਦੀ ਸ਼ੁਰੂਆਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੀ।

30 ਸਤੰਬਰ ਤੋਂ 2 ਅਕਤੂਬਰ 1993 ਨੂੰ, ਦੂਜਾ ਗੁਰਮਤਿ ਸੰਮੇਲਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ, ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।

19-20 ਜੂਨ 1994 ਨੂੰ ਤੀਸਰਾ ਗੁਰਮਤਿ ਸੰਮੇਲਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।

2-3 ਅਕਤੂਬਰ 1996 ਨੂੰ, ਚੌਥਾ ਗੁਰਮਤਿ ਸੰਮੇਲਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।

### ਨਵੇਂ ਪੁਰਾਣੇ ਮੇਲੇ

ਧਾਰਮਕ ਮੇਲਿਆਂ ਦੇ ਖੇਤਰ ਵਿਚ ਮੁੱਖ ਰੂਪ ਵਿਚ, ਸਾਲ ਵਿਚ ਦੋ ਵਿਸ਼ਾਲ ਪੱਧਰ ਦੇ ਵੱਡੇ ਮੇਲੇ, ਹੋਲਾ-ਮਹੱਲਾ ਅਤੇ ਅੱਸੂ ਦਾ ਜੋੜ ਮੇਲਾ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਰਵਾਉਣ ਦੀ ਕ੍ਰਿਪਾਲਤਾ ਕਰਦੇ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਤਸਵ, ਬਸੰਤ ਪੰਚਮੀ ਵਾਲੇ ਦਿਨ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸਾਰੇ ਗੁਰਪੁਰਬਾਂ ਸਮੇਂ ਮੇਲੇ, ਦੇਸ਼ ਭਗਤਾਂ ਤੇ ਸ਼ਹੀਦ ਸਿੰਘਾਂ ਨਮਿਤ ਮੇਲੇ, ਦੀਵਾਲੀ, ਮਾਘੀ, ਵੈਸਾਖੀ, ਫਤਹਿਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜੋੜ-ਮੇਲਾ ਆਦਿ ਇਤਿਹਾਸਕ ਤਿਉਹਾਰਾਂ ਅਤੇ ਵਿਸ਼ੇਸ਼ ਅਵਸਰਾਂ ਸਮੇਂ ਮੇਲੇ ਸਾਲ ਭਰ ਚਲਦੇ ਹੀ ਰਹਿੰਦੇ ਹਨ।

ਅੰਮ੍ਰਿਤਸਰ, ਰਾਏਕੋਟ, ਲੁਧਿਆਣਾ ਤੇ ਮਲੇਰਕੋਟਲੇ ਦੇ ਸਾਕਿਆਂ ਦੇ ਨਾਮਧਾਰੀ ਸ਼ਹੀਦ ਸਿੰਘਾਂ ਨਮਿਤ ਵੀ ਹਰ ਵਰ੍ਹੇ ਵੱਡੇ ਪੱਧਰ ਦੇ ਸ਼ਹੀਦ ਯਾਦਗਾਰੀ-ਸਮਾਗਮ ਅਤੇ ਮੇਲੇ ਕੀਤੇ ਜਾਂਦੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ਹੀਦਾਂ ਦੀ ਯਾਦ ਵਿਚ ਮੇਲੇ ਸ਼ੁਰੂ ਕੀਤੇ ਸਨ।

ਕੁਝ ਮੇਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਨ 1996-97 ਵਿਚ ਨਵੇਂ ਸ਼ੁਰ ਕੀਤੇ ਹਨ ਜਿਵੇਂ ਕਿ ਚਮਕੌਰ ਸਾਹਿਬ ਵਿਖੇ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ-ਮੇਲਾ, ਬਨਾਰਸ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦਾ ਮੇਲਾ, ਸ਼ਹੀਦਾਂ ਦੀ ਯਾਦ ਵਿਚ ਮੰਡੀ ਕਲਾਂ ਅਤੇ ਸਕਰੌਦੀ ਵਿਖੇ ਮੇਲੇ, ੨੬-੨੭ ਵੈਸਾਖ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ੍ਰੀ ਜੀਵਨ ਨਗਰ ਵਿਖੇ ਆਖਰੀ ਦਰਸ਼ਨਾਂ ਦੀ ਯਾਦ ਵਿਚ ਮੇਲਾ, ਅਕਾਲ ਬੁੰਗੇ ਵਿਖੇ ਮੇਲਾ, ਸ੍ਰੀ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਵਾਲੇ ਦਿਨ 18 ਜਨਵਰੀ ਨੂੰ ਲੁਧਿਆਣੇ ਰੇਲਵੇ ਸਟੇਸ਼ਨ ਵਿਖੇ ਮੇਲਾ ਆਦਿਕ।

ਇਨ੍ਹਾਂ ਮੇਲਿਆਂ ਸਮੇਂ ਵੱਖੋ ਵੱਖ ਸੰਪ੍ਰਦਾਇ ਦੇ ਨੁਮਾਇੰਦੇ ਤੇ ਧਾਰਮਕ ਆਗੂ, ਸਰਕਾਰੀ ਅਫ਼ਸਰ, ਮੰਤਰੀ, ਤੇ ਉਚ ਪੱਧਰ ਦੀਆਂ ਸ਼ਖ਼ਸੀਅਤਾਂ ਸ਼ਾਮਲ ਹੁੰਦੀਆਂ ਹਨ।

### ਬਸੰਤ ਦਾ ਮੇਲਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਪਿਛਲੇ ਕਈ ਸਾਲਾਂ ਤੋਂ (ਖ਼ਾਸ ਕਰਕੇ ਸ੍ਰੀ ਸਤਿਗੁਰੂ ਜੀ ਦੇ ਉੱਦਮ ਅਤੇ ਮਿਹਨਤ ਨਾਲ ਰਾਈਆ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਦਾ ਅਵਤਾਰ ਸਥਾਨ ਰਾਈਆਂ ਪ੍ਰਾਪਤ ਕਰਨ ਸਮੇਂ ਤੋਂ ਹੀ) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼-ਦਿਹਾੜਾ, ਬਸੰਤ ਪੰਚਮੀ ਦਾ ਮੇਲਾ ਬੜੀ ਵੱਡੀ ਪੱਧਰ 'ਤੇ ਸ੍ਰੀ ਭੈਣੀ ਸਾਹਿਬ ਜਾਂ ਰਾਈਆਂ, ਵਿਖੇ ਕੀਤਾ ਜਾਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਇਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਅਸਥਾਨ, ਰਾਈਆਂ ਵਿਖੇ ਹੀ ਕੀਤਾ ਜਾ ਰਿਹਾ ਹੈ।

ਪਿੰਡਾਂ, ਸ਼ਹਿਰਾਂ ਵਿਚ, ਦੇਸ਼ ਵਿਦੇਸ਼ ਵਿਚ, ਜਿਥੇ ਜਿਥੇ ਵੀ ਨਾਮਧਾਰੀ ਸੰਗਤ ਵਸਦੀ ਹੈ, ਤਕਰੀਬਨ ਹਰ ਥਾਂ, ਬਸੰਤ ਤੋਂ ਮਹੀਨਾ ਬਾਅਦ ਤਕ ਵੱਖੋ ਵੱਖ ਸਮਿਆਂ 'ਤੇ ਵੱਖਰੇ ਵੱਖਰੇ ਅਸਥਾਨਾਂ 'ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਦਿਵਸ ਦੀ ਖ਼ੁਸ਼ੀ ਵਿਚ ਬਸੰਤ ਦਾ ਮੇਲਾ ਕੀਤਾ ਜਾਂਦਾ ਹੈ। ਜ਼ਿਆਦਾਤਰ ਥਾਵਾਂ 'ਤੇ ਇਹ ਮੇਲਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੀ ਮਨਾਇਆ ਜਾਂਦਾ ਹੈ। ਹਰ ਥਾਂ ਦੀ ਸਾਧ-ਸੰਗਤ ਵਾਰੀ ਨਾਲ ਘਰੋ ਘਰੀ ਹਰ ਰੋਜ਼ ਨਿਤਨੇਮ ਕਰਦੀ ਹੈ ਤੇ ਮੇਲੇ ਵਾਲੇ ਦਿਨ ਭੋਗ ਪਾ ਕੇ ਲੰਗਰ ਕੀਤਾ ਜਾਂਦਾ ਹੈ। ਭੋਗ ਵਾਲੇ ਦਿਨ ਜਥੇਦਾਰਾਂ ਦੇ ਦੀਵਾਨ ਲਗਦੇ ਹਨ ਤੇ ਬੱਚਿਆਂ ਤੋਂ ਕਵਿਤਾਵਾਂ ਤੇ ਭਾਸ਼ਣ ਸੁਣੇ ਜਾਂਦੇ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਅਨੇਕਾਂ ਹੀ ਪਾਠਾਂ ਦੇ ਭੋਗ ਪਾਏ ਜਾਂਦੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਸਰ ਰਸੂਖ ਅਤੇ ਪ੍ਰਭਾਵ ਸਦਕਾ ਬਨਾਰਸ ਵਿਖੇ ਬਸੰਤ ਦੇ ਇਕ ਨਵੀਂ ਪੱਧਰ ਦੇ ਮੇਲੇ ਦੀ ਸ਼ੁੱਭ ਸ਼ੁਰੂਆਤ ਹੋ ਗਈ ਹੈ।

### ਬਨਾਰਸ ਵਿਖੇ ਬਸੰਤ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਸੰਨ 1997 (ਸੰਮਤ ੨੦੫੩) ਤੋਂ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ ਵਾਰਾਣਸੀ, ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼-ਉਤਸਵ ਸਮਾਰੋਹ ਹਰ ਸਾਲ ਮਨਾਇਆ ਜਾਇਆ ਕਰੇਗਾ। ਵਾਰਾਣਸੀ ਨੂੰ ਬਨਾਰਸ ਜਾਂ ਕਾਂਸ਼ੀ ਵੀ ਆਖਿਆ ਜਾਂਦਾ ਹੈ। ਭਾਰਤ ਦੀ ਇਸ ਪੁਰਾਤਨ ਸੰਸਕ੍ਰਿਤ ਯੂਨੀਵਰਸਿਟੀ ਵਿਖੇ 15

ਦਸੰਬਰ 1996 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਪੀਠ ਦੀ ਸਥਾਪਨਾ ਕੀਤੀ ਗਈ। ਉਂਜ ਤਾਂ ਪੀਠ ਨੂੰ ਅੰਗ੍ਰੇਜ਼ੀ ਵਿਚ ਯੂਨੀਵਰਸਿਟੀ ਚੇਅਰ ਕਿਹਾ ਜਾ ਸਕਦਾ ਹੈ ਮਤਲਬ ਕਿ 'ਸਤਿਗੁਰੂ ਰਾਮ ਸਿੰਘ ਚੇਅਰ', ਪਰ ਪੀਠ ਦਾ ਮਹੱਤਵ ਚੇਅਰ ਤੋਂ ਵੱਧ ਹੈ।

ਇਸ ਪੀਠ ਦਾ ਉਦਘਾਟਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਧੀਵਤ ਰੂਪ ਵਿਚ, 15 ਦਸੰਬਰ 1996 ਨੂੰ ਇਸ ਵਿਸ਼ਵ ਵਿਦਿਆਲੇ ਵਿਚ ਹੋਏ ਸਮਾਗਮ ਵਿਚ ਦੀਪ ਜਗਾ ਕੇ ਕੀਤਾ। ਸੱਚੇ ਪਾਤਸ਼ਾਹ ਜੀ ਨੇ ਆਪਣੇ ਪ੍ਰਵਚਨਾਂ ਵਿਚ ਆਖਿਆ:-

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਹ ਕਰ ਕੇ ਦਰਸ਼ਨ ਦੇਣੇ ਹਨ ਤੇ ਇਹ ਸੰਸਥਾ ਅਸੀਂ ਉਨ੍ਹਾਂ ਦੇ ਚਰਨਾਂ ਵਿਚ ਰਖਾਂਗੇ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਬਨਾਰਸ ਦੇ ਵਿਦਵਾਨਾਂ ਨੂੰ ਆਖਿਆ ਕਿ ਸਾਨੂੰ ਸੰਸਕ੍ਰਿਤ ਤੇ ਤੁਹਾਨੂੰ ਗੁਰਮੁਖੀ ਸਿੱਖਣੀ ਚਾਹੀਦੀ ਹੈ। ਇਸ ਗੱਲ ਨੂੰ ਬਹੁਤ ਚੰਗਾ ਹੁੰਗਾਰਾ ਮਿਲਿਆ।

ਸੰਪੂਰਨਾਨੰਦ ਸੰਸਕ੍ਰਿਤ ਮਹਾਂਵਿਦਿਆਲਾ ਦੇ ਅਧਿਕਾਰੀਆਂ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬੜੀ ਸ਼ਰਧਾ ਨਾਲ ਪੁਰਾਣੀ ਰੀਤੀ ਅਨੁਸਾਰ ਨਾਰੀਅਲ, ਬਸਤਰ ਤੇ ਹੋਰ ਸਮੱਗਰੀ ਭੇਂਟ ਕਰ ਕੇ, ਜਿੰਨਾ ਵੱਧ ਤੋਂ ਵੱਧ ਹੋ ਸਕਦਾ ਸੀ, ਸੁਆਗਤ ਸਤਿਕਾਰ ਕੀਤਾ ਗਿਆ ਅਤੇ ਸੰਸਕ੍ਰਿਤ ਦਾ ਇਕ ਪੁਰਾਤਨ ਗ੍ਰੰਥ 'ਗੁਰੂ ਚੰਦਰੋਦਯ ਕੌਮੁਦੀ' ਕ੍ਰੀਬ 150 ਸਾਲ ਪਹਿਲੋਂ ਪੰਡਤ ਰਾਮ ਨਾਰਾਇਣ ਦੁਆਰਾ ਲਿਖਿਆ ਹੋਇਆ, ਆਦਰ ਸਹਿਤ ਭੇਂਟ ਕੀਤਾ ਗਿਆ। ਇਸ ਗ੍ਰੰਥ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਹੈ। ਇਸ ਗ੍ਰੰਥ ਦਾ ਅਨੁਵਾਦ ਜਲਦੀ ਹੀ ਯੂਨੀਵਰਸਿਟੀ ਪ੍ਰਕਾਸ਼ਤ ਕਰ ਰਹੀ ਹੈ।

'ਸਤਿਗੁਰੂ ਰਾਮ ਸਿੰਘ ਪੀਠ' ਵਾਰਾਣਸੀ ਵਲੋਂ ਪੀ.ਐਚ.ਡੀ., ਡੀ.ਲਿਟ ਤਕ ਦਾ ਖੋਜ-ਕਾਰਜ ਹੋਵੇਗਾ। ਯੂਨੀਵਰਸਿਟੀ ਖੋਜ-ਕਾਰਜ ਤੇ ਥੀਸਿਸ ਪ੍ਰਵਾਨ ਹੋਣ ਉੱਤੇ ਡਿਗਰੀ ਦੇਵੇਗੀ। ਇਸ ਪੀਠ ਦੇ ਪਹਿਲੇ ਅਧਿਆਪਕ ਪੰਡਤ ਰਾਗ ਰੰਗ ਸ਼ਰਮਾ, ਜੋ ਪੰਜਾਬੀ ਤੇ ਸੰਸਕ੍ਰਿਤ ਦੋਹਾਂ ਭਾਸ਼ਾਵਾਂ ਦੇ ਵਿਦਵਾਨ ਹਨ, ਨਿਯੁਕਤ ਕੀਤੇ ਗਏ ਹਨ। ਦੋ ਵਿਦਿਆਰਥੀ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ' ਦੇ ਵਿਸ਼ੇ 'ਤੇ ਖੋਜ ਕਾਰਜ ਲਈ ਆਪਣਾ ਨਾਂ ਰਜਿਸਟਰਡ ਕਰਵਾ ਚੁਕੇ ਹਨ। ਡਾ. ਰੇਣੂੰ ਦ੍ਵਿਵੇਦੀ, ਜਿਨ੍ਹਾਂ ਨੇ ਫਿਲਾਸਫੀ ਦੀ ਐਮ.ਏ. ਅਤੇ 'ਭਾਰਤ ਦਰਸ਼ਨ ਮੇਂ ਕਾਰਣਵਾਦ' ਵਿਸ਼ੇ 'ਤੇ ਪੀ.ਐਚ.ਡੀ. ਕੀਤੀ ਹੋਈ ਹੈ, ਨੇ ਹੁਣ ਡੀ. ਲਿਟ ਕਰਨ ਲਈ ਆਪਣਾ ਨਾਂ ਰਜਿਸਟਰਡ ਕਰਵਾਇਆ ਹੈ। ਸ੍ਰੀ ਵਿਜੈ ਪਾਲ ਕਛਵਾਹ ਨੇ ਪੀ.ਐਚ.ਡੀ. ਕਰਨ ਲਈ ਆਪਣਾ ਨਾਂ ਰਜਿਸਟਰਡ ਕਰਵਾਇਆ ਹੈ।

'ਸਤਿਗੁਰੂ ਰਾਮ ਸਿੰਘ ਪੀਠ' ਵਲੋਂ ਹਰ ਸਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼-ਪੂਰਬ ਮਨਾਇਆ ਜਾਇਆ ਕਰੇਗਾ। ਖੋਜ ਦੇ ਕੰਮ ਦੇ ਨਾਲ-ਨਾਲ ਸਮੇਂ ਸਮੇਂ ਤੇ ਵਿਚਾਰ ਗੋਸ਼ਟੀਆਂ

ਕੀਤੀਆਂ ਜਾਇਆ ਕਰਨਗੀਆਂ।

ਇਸ ਪੀਠ ਵਲੋਂ, ਪਹਿਲੇ ਸਮਾਗਮ ਦੇ ਰੂਪ ਵਿਚ 22-23 ਫਰਵਰੀ 1997 (੧੧-੧੨ ਫੱਗਣ ੨੦੫੩) ਨੂੰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼-ਦਿਵਸ, ਬੜੇ ਸੁਚੱਜੇ ਢੰਗ ਨਾਲ ਵਿਸ਼ਵ ਵਿਦਿਆਲੇ ਦੇ ਮੁੱਖ ਹਾਲ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮਨਾਇਆ ਗਿਆ। ਮੈਨੂੰ ਵੀ ਇਸ ਸਮਾਗਮ ਨੂੰ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਸਮਾਗਮ ਵਿਚ ਸੰਪੂਰਨਾਨੰਦ ਸੰਸਕ੍ਰਿਤ ਮਹਾਂਵਿਦਿਆਲੇ ਤੋਂ ਇਲਾਵਾ ਕਾਂਸ਼ੀ ਵਿਦਿਆਪੀਠ, ਬਨਾਰਸ ਹਿੰਦੂ ਵਿਸ਼ਵ ਵਿਦਿਆਲਾ, ਦਿੱਲੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕ ਤੇ ਖੋਜ ਕਾਰਜ ਨਾਲ ਜੁਟੇ ਪ੍ਰਫੈਸਰ, ਵਿਦਵਾਨਾਂ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਕਾਂਸ਼ੀ ਦੇ ਪੰਡਤਾਂ ਬਾਰੇ ਇਹ ਮਸ਼ਹੂਰ ਹੈ ਕਿ ਇਹ ਵਿਦਿਆ ਤੇ ਖੇਤਰ ਵਿਚ ਅਤਿ ਦਰਜੇ ਦੇ ਅਮੀਰ ਹਨ ਪਰ ਰਹਿਣ-ਸਹਿਣ ਤੇ ਵੇਸ਼-ਭੂਸ਼ਾ ਵਿਚ ਅਤਿ ਦਰਜੇ ਦੇ ਸਾਦਾ ਹਨ। ਯੂਨੀਵਰਸਿਟੀ ਦੇ ਵਿਦਵਾਨ ਅਧਿਆਪਕ ਅਤੇ ਵਿਦਿਆਰਥੀ, ਆਪਣੇ ਪਰੰਪਰਾਗਤ ਤਰੀਕੇ ਨਾਲ ਤਿਲਕ ਅਤੇ ਧੋਤੀਆਂ ਲਾ ਕੇ ਆਏ।

ਇਸ ਸਮਾਗਮ ਸਮੇਂ ਦਿੱਲੀ, ਲੁਧਿਆਣਾ, ਜਲੰਧਰ, ਪਟਿਆਲਾ, ਰੋਪੜ, ਸ੍ਰੀ ਜੀਵਨ ਨਗਰ, ਡਾਲਟਨਗੰਜ ਅਤੇ ਇਲਾਹਾਬਾਦ ਆਦਿ 'ਚੋਂ ਖਾਸ-ਖਾਸ ਨਾਮਧਾਰੀ ਨੁਮਾਇੰਦੇ, ਵਿਦਵਾਨ, ਬੁੱਧੀਜੀਵੀ, ਸਾਹਿਤਕਾਰ, ਪੱਤਰਕਾਰ, ਪ੍ਰੋਫੈਸਰ, ਪ੍ਰਿੰਸੀਪਲ ਤੇ ਵਿਸ਼ੇਸ਼ ਸ਼ਖ਼ਸੀਅਤਾਂ ਪਧਾਰੀਆਂ ਹੋਈਆਂ ਸਨ। ਇਸ ਸਮਾਗਮ ਦਾ ਇੰਤਜ਼ਾਮ ਅਤੇ ਬਾਹਰੋਂ ਆਈ ਸੰਗਤ ਦੀ ਸੇਵਾ ਅਤੇ ਸਾਂਭ-ਸੰਭਾਲ ਬਨਾਰਸ ਦੇ ਤਿੰਨ ਭਰਾਵਾਂ ਸਰਵ ਸ੍ਰੀ ਮਨਜੀਤ ਸਿੰਘ, ਸਤਵੰਤ ਸਿੰਘ, ਜਸਵੰਤ ਸਿੰਘ ਅਤੇ ਪਰਿਵਾਰਾਂ ਨੇ ਕੀਤੀ। ਇਸ ਸਮਾਗਮ ਦਾ ਮੁੱਢ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ, ਵੈਦ ਗੁਰਦੇਵ ਸਿੰਘ ਨੇ ਬੰਨ੍ਹਿਆ, ਜਿਹੜੇ ਇਸ ਵਿਸ਼ਵ ਵਿਦਿਆਲੇ ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਸੰਸਕ੍ਰਿਤ ਸਿੱਖਣ ਆਏ ਹਨ। ਵੈਦ ਗੁਰਦੇਵ ਸਿੰਘ ਨੇ ਆਪਣੀ ਸਾਰੀ ਜ਼ਮੀਨ-ਜਾਇਦਾਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੱਥਾ ਟੇਕੀ ਹੋਈ ਹੈ।

ਇਸ ਸਮਾਗਮ ਦਾ ਆਕਰਸ਼ਣ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਾਣ ਸਤਿਕਾਰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਬੰਧੀ ਗੋਸ਼ਟੀ ਅਤੇ ਪੰਡਤ ਸਭਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੁਆਗਤ ਕਾਂਸ਼ੀ ਯੂਨੀਵਰਸਿਟੀ ਦੇ ਵਿਦਵਾਨਾਂ ਅਤੇ ਪੰਡਤਾਂ ਨੇ ਕਾਂਸ਼ੀ ਦੀ ਪੁਰਾਤਨ ਪਰੰਪਰਾ ਅਨੁਸਾਰ ਕੀਤਾ।

22 ਫਰਵਰੀ 1997 ਨੂੰ ਉਦਘਾਟਨ ਸਮਾਰੋਹ ਸਮੇਂ, ਮੰਚ ਸੰਚਾਲਕ ਡਾ. ਵਾਚਸਪਤੀ ਦ੍ਵਿਵੇਦੀ ਮੁਖੀ ਸਿਖਿਆ ਸ਼ਾਸਤਰ ਵਿਭਾਗ ਨੇ, ਭੂਮਿਕਾ ਤੇ ਸੁਆਗਤ ਵਜੋਂ ਪ੍ਰਥਮ ਭਾਸ਼ਣ ਦੇ ਕੇ ਸਮਾਰੋਹ ਸ਼ੁਰੂ ਕੀਤਾ। ਪੰਡਤ ਸ਼ਿਵ ਜੀ ਉਪਾਧਿਆਏ ਨੇ ਸੁਆਗਤ ਪੱਤਰ ਪੜ੍ਹਿਆ। ਫਰੇਮ 'ਚ ਜੜ੍ਹਤ

ਇਹ ਸੁਆਗਤ ਅਥਵਾ ਤਾਮਰ ਪੱਤਰ, ਸੰਪੂਰਨਾਨੰਦ ਸੰਸਕ੍ਰਿਤ ਮਹਾਂਦਿਵਿਆਲਾ ਵਾਰਾਣਸੀ ਦੇ ਕੁਲਪਤੀ ਸ੍ਰੀ ਮੰਡਨ ਮਿਸ਼ਰ ਅਤੇ ਸਾਹਿਤ ਸੰਸਕ੍ਰਿਤੀ ਵਿਭਾਗ ਦੇ ਮੁਖੀ ਪੰਡਤ ਸ਼ਿਵ ਜੀ ਉਪਾਧਿਆਏ ਨੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਂਟ ਕੀਤਾ। ਇਸ ਤਾਮਰ ਪੱਤਰ ਵਿਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤਕ ਦੀ ਉਸਤਤ ਤੇ ਸੋਭਾ ਨੂੰ ਸੰਸਕ੍ਰਿਤ ਦੇ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ।

## ਤਾਮਰ ਪੱਤਰ

ਸ੍ਰੀ ਸਤਿਗੁਰੂ ਵਿਰੁਦਾਵਲੀ ਦਾ ਪੰਜਾਬੀ ਅਨੁਵਾਦ

ੴ ਸਤਿਗੁਰੂ ਹੋਇਆ, ਉਸਨੂੰ ਨਮਸਕਾਰ!
ੴ ਸਾਚੇ ਸਤਿਗੁਰੂ ਸਾਹਿਬਾਨ ਨੂੰ ਨਮਸਕਾਰ!
ਸ੍ਰੀ ਸਤਿਗੁਰੂ ਵਿਰੁਦਾਵਲੀ

ਸਾਰੇ ਸ੍ਰੀ ਸਤਿਗੁਰੂ ਸਾਹਿਬਾਨ ਦੀ ਮਹਿਮਾ-ਕੀਰਤੀ ਸ੍ਰੀ ਮਾਨ ਸ੍ਰੇਸ਼ਟ ਆਦਿ ਸਤਿਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਕਾਸ਼ਿਤ (ਪੰਜਵੇਂ ਜਾਮੇ ਵਿਚ) ਸਤਿ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਵਿਚ ਪ੍ਰਸਿੱਧ (ਪਰੰਪਰਾ ਰੂਪ ਵਿਚ ਸਥਾਪਤ) ਸਤਿਗੁਰੂ ਸਾਹਿਬਾਨ ਦੀ ਪਰੰਪਰਾ ਨੂੰ ਮੈਂ ਬੰਦਨਾ ਕਰਦਾ ਹਾਂ।

ਸ਼ੁਭ ਆਰੰਭ ਵਿਚ ਪ੍ਰਥਮ ਸ੍ਰੀ ਮਾਨ ਸਤਿਗੁਰੂ ਸਾਹਿਬ ਬੇਦੀ ਕੁਲ ਕੇ ਸ਼ਿੰਗਾਰ, ਮਾਣ ਪ੍ਰਤਿਸ਼ਟਾ ਨਾਲ ਉੱਨਤ, ਸੰਤ ਸ਼੍ਰੋਮਣੀ ਭਗਵਾਨ ਦੇ ਅੰਸ-ਅਵਤਾਰ ਸ੍ਰੀ ਨਾਨਕ ਦੇਵ ਦੇ ਰਾਹੀਂ ਸਥਾਪਤ ਸਤਿ ਪੀਠ (ਗੁਰਗੱਦੀ) ਉੱਤੇ ਅਧਿਕਾਰ ਸਹਿਤ ਬਰਾਜਮਾਨ ਕੁਸ਼ ਕੁਲ ਦੇ ਅਲੰਕਾਰ ਸਤਿਗੁਰੂ ਸ੍ਰੀ ਮਾਨ ਅੰਗਦ ਦੇਵ ਦੇ ਪ੍ਰਭਾਵ ਨਾਲ ਵਧੇ ਫੁੱਲੇ ਸਤਿਗੁਰੂ ਸ੍ਰੀ ਮਾਨ ਅਮਰ ਦਾਸ ਦੇ ਵਿਕਾਸ ਨਾਲ ਪ੍ਰਕਾਸ਼ਮਾਨ, ਸੋਢੀ ਵੰਸ ਦੇ ਸ਼ਿੰਗਾਰ ਸਤਿਗੁਰੂ ਸ੍ਰੀ ਰਾਮ ਦਾਸ ਰਾਹੀਂ ਕੀਰਤੀ ਸਥਾਪਿਤ ਅਤਿ ਉੱਚੀ ਮਹਿਮਾ ਨਾਲ ਨਾਮਣਾ ਖੱਟੀ ਬੈਠੇ ਸਤਿਗੁਰੂ ਸ੍ਰੀ ਅਰਜਨ ਦੇਵ ਜੀ ਦੁਆਰਾ ਪ੍ਰਕਾਸ਼ਿਤ, ਵੰਦਨਾ ਯੋਗ ਚਰਨ ਕਮਲ ਸਤਿਗੁਰੂ ਸ੍ਰੀ ਹਰਿਗੋਬਿੰਦ ਦੁਆਰਾ ਸਤਿਕਾਰੇ ਹੋਏ, ਪ੍ਰਭਾਵ ਨਾਲ ਆਨੰਦਿਤ ਸਤਿਗੁਰੂ ਸ੍ਰੀ ਹਰਿ ਰਾਏ ਦੁਆਰਾ ਪਰਮ ਅਨੰਦ ਨੂੰ ਪ੍ਰਾਪਤ, ਸਰਵੋਤਮ ਸੁਸ਼ੀਲ-ਸ਼ਾਂਤ ਸੁਭਾ ਨਾਲ ਸ਼ਸ਼ੋਭਿਤ ਸਤਿਗੁਰੂ ਸ੍ਰੀ ਹਰਿ ਕਿਸ਼ਨ ਦੁਆਰਾ ਸੁੰਦਰ ਆਕਰਸ਼ਣ ਯੁਕਤ, ਤੇਜ ਨਾਲ ਪ੍ਰਕਾਸ਼ਮਾਨ ਹਿੰਦੂ ਧਰਮ ਦੀ ਰੱਖਿਆ ਲਈ ਤਿਆਰ-ਬਰ-ਤਿਆਰ ਸਤਿਗੁਰੂ ਸ੍ਰੀ ਤੇਗ ਬਹਾਦਰ ਦੁਆਰਾ ਸੁੰਦਰ ਆਸਰੇ ਨੂੰ ਪ੍ਰਾਪਤ ਖਾਲਸਾ ਪੰਥ ਦੇ ਨਾਇਕ ਸਤਿਗੁਰੂ ਸ੍ਰੀ ਗੋਬਿੰਦ ਸਿੰਘ ਦੁਆਰਾ ਸੁਭਾਇਮਾਨ, ਗੁਪਤ ਅਪਾਰ ਸ਼ਕਤੀ ਦੇ ਪੁੰਜ ਨਾਮਧਾਰੀ ਸਤਿਗੁਰੂ ਸ੍ਰੀ ਬਾਲਕ



Shri Satguru Ram Singh Ji Maharaj

# ॥ ॐ श्रीसद्गुरुभ्यो नमः ॥

## ॥ श्रीसद्गुरुविरुदावली ॥

### ॥ ओंऽम् सत् सत् सद् वा हे गुरो विजयताम् ॥

श्रीमत्सद्गुरुश्रेष्ठनानकप्रतिभासिताम् ।
सद्ग्रन्थप्रथितां वन्दे सद्गुरूणां परम्पराम् ॥

अथ प्रथमश्रीमत्सद्गुरुवरवेदीकुलावतंसायमानमानोन्नतसन्तशिरोमणि-भगवदंशसम्भूतश्रीनानकदेवप्रतिष्ठापितसत्पीठसमधिष्ठितकुशकुलालङ्कार-सद्गुरुश्रीमदङ्गददेवप्रभावपरिपोषितसद्गुरुश्रीमदमरदासविकासप्रकाशित-सोढ़ीवंशभूषणसद्गुरुश्रीरामदासकीर्तितमहनीयमहिमार्जितसद्गुरुश्रीमदर्जुन-देवदीपितवन्दनीयपादाम्बुजसद्गुरुश्रीहरगोविन्दसम्भावितप्रकर्षोल्लसितसद्गुरु-श्रीहररायप्रहर्षितविशिष्टशीलशालिसद्गुरुश्रीहरकृष्णसमाकर्षिततेजोदीप्ततर-हिन्दुधर्मरक्षणतत्परसद्गुरुश्रीतेगबहादुरसमाश्रितखालसापथोन्नायकसद्गुरु-श्रीगोविन्दसिंहसम्भूषितगुप्तापारशक्तिपुञ्जनामधारिसद्गुरुश्रीबालकसिंहसमे-धितगोरक्षकस्वातन्त्र्यसङ्गरशूरवरसद्गुरुश्रीरामसिंहसंवर्धितशिष्य ( सिक्ख )-समुदायसमुत्थानकृत्सद्गुरुश्रीहरीसिंहसंराजितशुचिशुद्धिमर्यादोद्धारदक्षसद्गुरु-श्रीप्रतापसिंहसम्मानितस्वधर्मधुर्यश्रद्धेयसाम्प्रतिकसद्गुरुश्रीजगजीतसिंह-समाराधितपीठासनराजमानपूज्यपादसमग्रसद्गुरुगणो विजयतेतमाम्-ओंऽम् सत् सत् सद् वा हे गुरो विजयताम्-विजयताम् विजयताम् .............................. ॥

प्रणेता

**पं० शिवजी उपाध्यायः**
वाराणसी।
माघ शुक्ल पूर्णिमा, शनिवार :
२२ फरवरी '९७ संवत् २०५३

सम्पूर्णानन्दसंस्कृतविश्वविद्यालयस्थ-
सद्गुरुश्रीरामसिंहपीठद्वारा वर्तमान
सद्गुरुश्रीजगजीतसिंहमहाशयेभ्यः
समुपायनीकृता।

ਸਿੰਘ ਦੁਆਰਾ ਪ੍ਰਫੁੱਲਿਤ ਗਊ ਰੱਖਿਅਕ, ਸਵਤੰਤਰਤਾ ਸੰਗਰਾਮ ਦੇ ਸ੍ਰੇਸ਼ਟ ਸੂਰਵੀਰ ਸਤਿਗੁਰੂ ਸ੍ਰੀ ਰਾਮ ਸਿੰਘ ਦੁਆਰਾ ਉੱਨਤੀ ਨੂੰ ਪ੍ਰਾਪਤ, ਸਿੱਖ ਪੰਥ ਦਾ ਵਿਕਾਸ ਕਰਨ ਵਾਲੇ ਸਤਿਗੁਰੂ ਸ੍ਰੀ ਹਰੀ ਸਿੰਘ ਦੁਆਰਾ ਬੜੇ ਚੰਗੇ ਤਰੀਕੇ ਨਾਲ ਸੋਭਾ ਪ੍ਰਾਪਤ, ਪਵਿੱਤਰਤਾ-ਸਵੱਛਤਾ, ਸੋਧ ਮਰਯਾਦਾ ਦੇ ਧਾਰਨ ਕਰਨ ਵਿਚ ਪ੍ਰਬੀਣ ਕੁਸ਼ਲ ਸਤਿਗੁਰੂ ਸ੍ਰੀ ਪ੍ਰਤਾਪ ਸਿੰਘ ਜੀ ਦੁਆਰਾ ਸਨਮਾਨ ਨੂੰ ਪ੍ਰਾਪਤ, ਆਪਣੇ ਧਰਮ ਵਿਚ ਸਭ ਤੋਂ ਸ੍ਰੇਸ਼ਟ, ਸਰਧਾ ਯੋਗ ਵਰਤਮਾਨ ਸਮੇਂ ਦੇ ਸਤਿਗੁਰੂ ਸ੍ਰੀ ਜਗਜੀਤ ਸਿੰਘ ਜੀ ਰਾਹੀਂ ਉਚਿਤ ਅਰਾਧਨਾ ਸਾਧਨਾ ਨੂੰ ਪ੍ਰਾਪਤ ਗੁਰਗੱਦੀ ਉੱਤੇ ਸੁਭਾਇਮਾਨ ਹੋ ਰਹੇ, ਰਾਜਿਆਂ ਮਹਾਰਾਜਿਆਂ ਦੇ ਮਾਣ-ਸਨਮਾਨ ਨੂੰ ਪ੍ਰਾਪਤ ਹੋਏ ਪੂਜਨੀਕ ਚਰਨ ਕਵਲ ਸੰਪੂਰਨ ਸਤਿਗੁਰੂ ਸਾਹਿਬਾਨ ਦਾ ਸਮੂਹ, ਸਭ ਤੋਂ ਵਧ ਤੇ ਅਤਿ ਉੱਚੀ ਪ੍ਰਤਿਸਠਾ ਨੂੰ ਪ੍ਰਾਪਤ ਕਰ ਰਿਹਾ ਹੈ, ਵਿਜੈ ਨੂੰ ਪ੍ਰਾਪਤ ਕਰ ਰਿਹਾ ਹੈ। ਓਮ ਸਤਿ ਸਤਿ ਸਦਾ ਵਾਹਿਗੁਰੂ ਆਪ ਜੀ ਦੀ ਵਿਜੈ ਹੋਵੇ, ਵਿਜੈ ਹੋਵੇ, ਵਿਜੈ ਹੋਵੇ...।

ਲੇਖਕ:
ਪੰ: ਸ਼ਿਵ ਜੀ ਉਪਾਧਿਆਏ
੩-ਆਚਾਰੀਆ ਨਿਵਾਸ
ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵਵਿਦਿਆਲਾ,
ਵਾਰਾਣਸੀ।
-ਮਾਘ ਸੁਕਲ ਪੁੰਨਿਆ,
ਸ਼ਨਿਚਰਵਾਰ, ਸੰਮਤ ੨੦੫੩
੨੨ ਫਰਵਰੀ, ੧੯੭੭

ਸੰਪੂਰਨਾਨੰਦ ਵਿਸ਼ਵਵਿਦਿਆਲੇ ਵਿਚ
ਸਥਾਪਿਤ ਸਤਿਗੁਰੂ ਸ੍ਰੀ ਰਾਮ ਸਿੰਘ ਪੀਠ
ਦੁਆਰਾ ਵਰਤਮਾਨ ਸਤਿਗੁਰੂ ਸ੍ਰੀ ਜਗਜੀਤ ਸਿੰਘ
ਜੀ ਮਹਾਰਾਜ ਨੂੰ ਸੁੰਦਰ ਭੇਟ
(ਉਪਹਾਰ) ਦੇ ਰੂਪ ਵਿਚ ਸਮਰਪਿਤ।

ਇਸ ਸਮਾਗਮ ਸਮੇਂ ਪ੍ਰੋ. ਕਿਰਪਾਲ ਸਿੰਘ ਕਸੇਲ ਦੁਆਰਾ ਲਿਖਿਆ ਅਤੇ ਸ੍ਰੀ ਪ੍ਰੀਤਮ ਸਿੰਘ ਪੰਛੀ ਦੁਆਰਾ ਅਨੁਵਾਦ ਕੀਤਾ ਗਿਆ ਹਿੰਦੀ 'ਚ ਲਿਖਿਆ ਪੈਂਫਲਿਟ 'ਨਾਮਧਾਰੀ ਸਿੱਖ, ਗੁਰੂ ਮਰਿਯਾਦਾ ਪਰੰਪਰਾ ਅਤੇ ਗੌਰਵ', 'ਵਰਿਆਮ' ਰਿਸਾਲੇ ਦਾ 'ਬਨਾਰਸ-ਯਾਤਰਾ ਵਿਸ਼ੇਸ਼ ਅੰਕ' ਅਤੇ ਸੰਸਕ੍ਰਿਤ ਦਾ ਪਰਚਾ 'ਗਾਂਡੀਵਮ' (ਸੰਪਾਦਕ ਪੰ: ਰਾਧੇ ਸ਼ਿਆਮ ਧਰ ਦ੍ਵਿਵੇਦੀ) ਵੰਡੇ ਗਏ।

22 ਫਰਵਰੀ ਨੂੰ ਹੋਏ ਸਮਾਗਮ ਦੇ ਸੈਸ਼ਨ ਵਿਚ ਹੋਈ ਗੋਸ਼ਟੀ ਵਿਚ ਇਹ ਬੁਲਾਰੇ ਬੋਲੇ— ਪ੍ਰੋ. ਰਾਮ ਪ੍ਰਸ਼ਾਦ ਤ੍ਰਿਪਾਠੀ, ਪੰਡਤ ਰਾਮ ਰੰਗ ਸ਼ਰਮਾ, ਪੰਡਤ ਦੇਵ ਸਰੂਪ ਮਿਸ਼ਰ, ਨਿਰਮਲੇ ਸੰਪ੍ਰਦਾਇ ਦੇ ਮਹੰਤ ਅਤੇ ਸੰਸਕ੍ਰਿਤ ਮਹਾਂਵਿਦਿਆਲਾ ਦੇ ਪ੍ਰਬੰਧਕ ਮਹੰਤ ਰਘੂਵੀਰ ਸਿੰਘ ਸ਼ਾਸਤਰੀ, ਡਾ. ਕਮਲੇਸ਼ਦੱਤ ਤਿਵਾੜੀ, ਦਿੱਲੀ ਯੂਨੀਵਰਸਿਟੀ ਤੋਂ ਆਏ ਨਾਮਧਾਰੀ ਪ੍ਰੋ. ਸੁਖਬੀਰ ਸਿੰਘ ਗੁਲਾਟੀ, ਪੰਡਤ ਰਾਧੇ ਸ਼ਿਆਮ ਧਰ ਦ੍ਵਿਵੇਦੀ, ਸ੍ਰੀ ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਤੇ ਕੁਲਪਤੀ

ਸ੍ਰੀ ਮੰਡਨ ਮਿਸ਼ਰ। ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨ ਹੋਏ। ਹਜ਼ੂਰ ਨੇ ਫਰਮਾਇਆ, "ਉਹ ਹੀ ਸਮਾਂ ਚੰਗਾ ਹੈ ਜੋ ਪ੍ਰੀਤਮ ਦੀ ਯਾਦ 'ਚ ਗੁਜਰੇ। ਆਪ ਬਹੁਤ ਭਾਗਾਂ ਵਾਲੇ ਹੋ, ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਜੁੜ ਕੇ ਬੈਠੇ ਹੋ।... ਸਤਿਗੁਰੂ ਗਿਆਨ ਰੂਪੀ ਅੰਜਨ ਦੇ ਕੇ ਅਗਿਆਨਤਾ ਦਾ ਹਨੇਰਾ ਦੂਰ ਕਰਦਾ ਹੈ।..." ਹਜ਼ੂਰ ਨੇ ਬੀਜ ਮਾਤਰ ਬਚੀ ਭਾਰਤੀ ਸੰਸਕ੍ਰਿਤੀ ਨੂੰ ਸੰਭਾਲਣ ਅਤੇ ਸ਼ੁੱਭ ਕਰਮ ਤੇ ਆਚਰਨ ਨੂੰ ਕਾਇਮ ਰੱਖਣ ਦਾ ਉਪਦੇਸ਼ ਦਿਤਾ।

ਸ੍ਰੀ ਮੰਡਨ ਮਿਸ਼ਰ ਨੇ ਆਖਿਆ, "ਅਸੀਂ ਆਪਣੀ ਸ਼ਰਧਾ, ਭਗਤੀ ਸ੍ਰੀ ਸਤਿਗੁਰੂ ਜੀ ਪ੍ਰਤੀ ਅਰਪਿਤ ਕਰਦੇ ਹਾਂ। ਸ੍ਰੀ ਸਤਿਗੁਰੂ ਜੀ ਇਥੇ ਹਰ ਵਾਰ ਨਵੀਂ ਸ਼ਕਤੀ, ਨਵੀਂ ਪ੍ਰੇਰਨਾ ਲੈ ਕੇ ਆਉਂਦੇ ਹਨ। ਗੁਰੂ ਕਿਸੇ ਸੰਪਰਦਾ ਦਾ ਨਹੀਂ ਸਭ ਦਾ ਹੁੰਦਾ ਹੈ।..."

ਸ. ਮਨਜੀਤ ਸਿੰਘ ਨੇ ਸਾਰੇ ਆਇਆਂ ਦਾ ਧੰਨਵਾਦ ਕੀਤਾ।

23 ਫਰਵਰੀ ਨੂੰ ਸਮਾਗਮ ਦੇ ਦੋ ਸੈਸ਼ਨ ਹੋਏ। ਪਹਿਲੇ ਸੈਸ਼ਨ ਦਾ ਵਿਸ਼ਾ ਸੀ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ-ਦਰਸ਼ਨ' ਮੰਚ ਸੰਚਾਲਕ ਸ੍ਰੀ ਰਾਧੇ ਸ਼ਿਆਮ ਧਰ ਦ੍ਵਿਵੇਦੀ ਸਨ।

ਇਸ ਸੈਸ਼ਨ ਸਮੇਂ ਬੁਲਾਰੇ ਸਨ—ਪ੍ਰੋ. ਰਘੁਨਾਥ ਗਿਰੀ, ਪਟਿਆਲਾ ਯੂਨੀਵਰਸਿਟੀ ਤੋਂ ਆਏ ਪ੍ਰੋ. ਕਿਰਪਾਲ ਸਿੰਘ ਕਸੇਲ, ਸ੍ਰੀ ਜਸਵਿੰਦਰ ਸਿੰਘ ਦਿੱਲੀ, ਸ੍ਰੀ ਰਾਮ ਰੰਗ ਸ਼ਰਮਾ, ਸ੍ਰੀ ਮੰਡਨ ਮਿਸ਼ਰ ਤੇ ਸ੍ਰੀ ਹਰਵਿੰਦਰ ਸਿੰਘ ਹੰਸਪਾਲ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਿੰਦੀ ਵਿਚ ਪ੍ਰਵਚਨ ਕਰਨ ਦੀ ਕਿਰਪਾ ਕੀਤੀ ਕਿ "ਸਤਿਗੁਰੂ ਦੀ ਪੀੜੀ ਜੁਗੋ ਜੁਗ ਚਲਦੀ ਰਹਿਣੀ ਹੈ। ਸਭ ਪੁਸਤਕਾਂ 'ਚੋਂ ਜੇ ਕਾਂਸ਼ੀ ਸ਼ਬਦ ਮਿਟਾ ਦਿਤਾ ਜਾਵੇ, ਕਾਂਸ਼ੀ ਤਾਂ ਖ਼ਤਮ ਨਹੀਂ ਹੋਣੀ। ਇਸੇ ਤਰ੍ਹਾਂ ਗੁਰੂ ਵੀ ਸਦਾ ਕਾਇਮ ਹੈ, ਭਾਵੇ ਇਸ ਨੂੰ ਪੁਸਤਕਾਂ 'ਚੋਂ ਖਤਮ ਕਰ ਦੇਣ ਦੇ ਜਤਨ ਹੋਣ। ਗੁਰਬਾਣੀ ਇਸ ਗੱਲ ਨੂੰ ਪ੍ਰਮਾਣਿਤ ਕਰਦੀ ਹੈ।" ਹਜ਼ੂਰ ਨੇ ਭੱਟਾਂ ਦਾ ਸਵਈਆ—ਸਤਿਜੁਗ ਤੈ ਮਾਣਿਓ...ਪੜ੍ਹ ਕੇ ਸੁਣਾਇਆ ਜਿਸ ਦੇ ਅੰਤ 'ਤੇ ਲਿਖਿਆ ਹੈ ਕਿ 'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ।' ਸੱਚੇ ਪਾਤਸ਼ਾਹ ਜੀ ਨੇ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਕੀਰਤੀ ਸਦਾ ਕਾਇਮ ਹੈ।

ਇਸ ਸੈਸ਼ਨ ਮਗਰੋਂ ਬਨਾਰਸ ਦੇ ਵਿਦਵਾਨ ਪੰਡਤਾਂ ਅਤੇ ਆਮ ਬਨਾਰਸ ਦੇ ਵਾਸੀਆਂ ਲਈ ਖੁੱਲ੍ਹਾ ਲੰਗਰ ਵਰਤਾਇਆ ਗਿਆ।

ਦੂਜੇ ਸੈਸ਼ਨ ਵਿਚ ਪੰਡਤ ਸਭਾ ਦੇ ਰੂਪ ਵਿਚ ਸ਼ਾਸਤਾਰਥ ਇਸ ਵਿਸ਼ੇ 'ਤੇ ਹੋਇਆ—'ਗੁਰੂ ਬ੍ਰਹਮਾ, ਗੁਰੂ ਵਿਸ਼ਨੂੰ, ਗੁਰੂ ਦੇਵੋ ਮਹੇਸ਼ਵਰ।'

ਇਸ ਸੈਸ਼ਨ ਵਿਚ ਮੰਚ ਸੰਚਾਲਕ ਡਾ. ਸ਼ਿਵ ਜੀ ਉਪਾਧਿਆਏ ਸਨ। ਨਾਮਧਾਰੀਆਂ ਵਿਚੋਂ ਪ੍ਰੋ. ਸੁਖਬੀਰ ਸਿੰਘ ਗੁਲਾਟੀ, ਪ੍ਰਿੰਸੀਪਲ ਅਜੀਤ ਸਿੰਘ ਚੀਮਾ ਅਤੇ ਗੁਰੂ ਹਰੀ ਸਿੰਘ ਕਾਲਜ

ਸ੍ਰੀ ਜੀਵਨ ਨਗਰ ਤੋਂ ਆਏ ਪ੍ਰਿੰਸੀਪਲ ਵੀ.ਕੇ. ਸਭਰਵਾਲ ਹੀ ਕੁਝ ਮਿੰਟਾਂ ਲਈ ਬੋਲੇ। ਪ੍ਰੋ. ਤਾਰਾ ਸਿੰਘ ਅਨਜਾਣ, ਮਾਸਟਰ ਨਿਹਾਲ ਸਿੰਘ ਤੇ ਇਸ ਗ੍ਰੰਥ ਦੀ ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ, ਸਮੇਂ ਦੇ ਅਭਾਵ ਨੂੰ ਮੁਖ ਰੱਖਦਿਆਂ ਨਾ ਬੋਲੇ। ਕ੍ਰੀਬ ਢਾਈ ਤਿੰਨ ਸੌ ਪੰਡਤ, ਵਿਦਵਾਨ ਤੇ ਬੁਲਾਰੇ ਪੰਡਤ-ਸਭਾ ਵਿਚ ਬੋਲਣ ਨੂੰ ਬੈਠੇ ਸਨ। ਸਮਾਂ ਘੱਟ ਹੋਣ ਕਾਰਨ ਦੋ ਦੋ ਮਿੰਟਾਂ ਲਈ ਇਹੀ ਬੁਲਾਰੇ ਬੋਲ ਸਕੇ—ਨਿਆਏ ਦਰਸ਼ਨ ਵਿਭਾਗ ਦੇ ਮੁਖੀ, ਸ੍ਰੀ ਰਾਮ ਪਾਂਡੇ ਜੀ, ਬਜ਼ੁਰਗ ਵਿਦਵਾਨ ਪੰਡਤ ਦਾਤਾਰ ਸ਼ਾਸਤਰੀ ਜੀ, ਸ਼ਾਸਤਰਾਥ ਸ਼ਿਰੋਮਣੀ ਪੰਡਤ ਦੇਵਾ ਸਰੂਪ ਮਿਸ਼ਰ, ਪੰਡਤ ਬਾਮਦੇਵ ਤ੍ਰਿਪਾਠੀ, ਪੰਡਤ ਕਮਲੇਸ਼ ਤ੍ਰਿਪਾਠੀ, ਕਾਂਸ਼ੀ ਵਿਸ਼ਵ ਪਰੀਸ਼ਦ ਅਤੇ ਰਾਮ ਰਾਜ ਪਰੀਸ਼ਦ ਦੇ ਮਹਾਂ ਮੰਤਰੀ ਪੰਡਤ ਬਟੁਕ ਪ੍ਰਸ਼ਾਦ ਸ਼ਰਮਾ ਸ਼ਾਸਤਰੀ, ਡਾ. ਕਪਿਲ ਦਿਓ ਪਾਂਡੇ, ਪੰ: ਰਾਮੇਸ਼ਵਰ ਉਪਾਧਿਆਏ, ਪੰ: ਜੁਗਲ ਕਿਸ਼ੋਰ, ਸ੍ਰੀ ਪੁਰਸ਼ੋਤਮ ਪ੍ਰਸਾਦ ਤ੍ਰਿਪਾਠੀ, ਡਾ. ਰਾਮ ਚੰਦਰ ਪਾਂਡੇ, ਪ੍ਰੋ. ਰਾਜੇਸ਼ਵਰ ਉਪਾਧਿਆਏ, ਪੰਡਤ ਡਾ. ਪਰਮਹੰਸ ਮਿਸ਼ਰ ਅਤੇ ਪੰਡਤ ਰਾਮ ਪ੍ਰਸਾਦ ਤ੍ਰਿਪਾਠੀ ਪ੍ਰਧਾਨ ਪੰਡਤ ਸਭਾ।

ਇਨ੍ਹਾਂ ਵਿਦਵਾਨਾਂ ਨੇ ਅਤੀ ਸੰਖੇਪ ਸ਼ਬਦਾਂ ਵਿਚ ਦੋ ਦੋ ਮਿੰਟਾਂ 'ਚ ਆਪਣੇ ਨਿਚੋੜ ਰੂਪ ਵਿਚਾਰ ਪੇਸ਼ ਕੀਤੇ ਕਿ ਗੁਰੂ ਬ੍ਰਹਮਾ ਕਿਵੇਂ ਹੈ, ਮਹੇਸ਼ ਕਿਵੇਂ ਹੈ ਤੇ ਪਰਮੇਸ਼ਰ ਕਿਵੇਂ ਹੈ? ਇਹ ਗੋਸ਼ਟੀ ਬਹੁਤ ਅਨੰਦਦਾਇਕ ਤੇ ਗਿਆਨਵਰਧਕ ਸਾਬਤ ਹੋਈ।

ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨਾਂ ਤੋਂ ਬਾਅਦ ਕਾਂਸ਼ੀ ਦੇ ਪੰਡਤਾਂ ਨੂੰ ਵਿਧੀਵਤ ਰੂਪ ਵਿਚ ਸਨਮਾਨਤ ਕੀਤਾ ਗਿਆ। ਹਰ ਇਕ ਦੇ ਗਲੇ ਵਿਚ ਸਤਿਗੁਰੂ ਜੀ ਨੇ ਫੁੱਲਾਂ ਦਾ ਹਾਰ ਪਾਇਆ, ਮੋਢੇ 'ਤੇ ਸਫੈਦ ਉੱਨ ਦੀ ਸ਼ਾਲ ਰੱਖੀ, ਫਲ ਤੇ ਮਿਠਾਈ ਨਾਲ ਦਕਸ਼ਣਾ ਪ੍ਰਦਾਨ ਕੀਤੀ। ਇੰਜ ਇਹ ਬਸੰਤ ਦਾ ਸਮਾਗਮ, ਇਕ ਯਾਦਗਾਰੀ-ਸਮਾਗਮ ਦੇ ਰੂਪ ਵਿਚ ਸੰਪੰਨ ਹੋਇਆ ਤੇ ਇਸ ਆਸ ਨਾਲ ਕਿ ਅੱਗੇ ਤੋਂ ਵੀ ਇਹ ਸਮਾਗਮ ਇਸੇ ਤਰ੍ਹਾਂ ਚਲਣਗੇ, ਸਾਰੇ ਵਿਦਾ ਹੋਏ।

### ਹੋਲਾ-ਮਹੱਲਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਰ ਸਾਲ ਹੋਲਾ-ਮਹੱਲਾ ਬਹੁਤ ਵੱਡੀ ਪੱਧਰ 'ਤੇ ਕਰਦੇ ਹਨ। ਇਸ ਮੇਲੇ 'ਤੇ ਦੇਸ਼-ਵਿਦੇਸ਼ਾਂ ਤੋਂ ਬਹੁਤ ਵੱਡੀ ਗਿਣਤੀ ਵਿਚ ਆਈ ਸੰਗਤ, ਸਤਿਗੁਰੂ-ਦਰਸ਼ਨ ਕਰਦਿਆਂ ਸਤਸੰਗ ਕਰਨ ਦਾ ਸੁਅਵਸਰ ਪ੍ਰਾਪਤ ਕਰਦੀ ਹੈ। ਹੋਲਾ-ਮਹੱਲਾ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਸ੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਜਾਂ ਸਮੇਂ ਸਮੇਂ 'ਤੇ ਵੱਖ ਵੱਖ ਥਾਵਾਂ 'ਤੇ ਕੀਤਾ ਜਾਂਦਾ ਹੈ।

ਹੋਲੀ ਨੂੰ ਮਨਾਉਣ ਦਾ ਢੰਗ ਗੁਰਬਾਣੀ ਵਿਚ ਇਸ ਤਰ੍ਹਾਂ ਆਉਂਦਾ ਹੈ :

"ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ॥" —ਸ੍ਰੀ ਆਦਿ ਗ੍ਰੰਥ ਪੰਨਾ ੧੮

"ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥"

—ਸ੍ਰੀ ਆਦਿ ਗ੍ਰੰਥ ਪੰਨਾ ੧੧੮੦

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸਮਾਜ ਵਾਸਤੇ ਚੜ੍ਹਦੀ ਕਲਾ ਦੇ ਬੋਲੇ ਤਿਆਰ ਕਰਨ ਵੇਲੇ ਹੋਲੀ ਨੂੰ ਹੋਲੇ ਦਾ ਨਾਮ ਦੇ ਕੇ, ਭਗਤੀ ਭਾਵ ਵਿਚ ਬੀਰ ਰਸ ਮਿਲਾ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੀ ਪਰੰਪਰਾ ਸ਼ੁਰੂ ਕੀਤੀ। ਜਦ ਸਮਾਂ ਪਾ ਕੇ ਇਸ ਪਵਿੱਤਰ ਤਿਉਹਾਰ ਨੂੰ ਅਪਵਿੱਤਰ ਕੀਤਾ ਜਾਣ ਲੱਗਾ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਮਤ ੧੯੨੨ ਨੂੰ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਗੁਰਬਾਣੀ, ਕਥਾ ਕੀਰਤਨ, ਨਾਮ ਸਿਮਰਨ ਅਤੇ ਧਾਰਮਿਕ ਪ੍ਰਚਾਰ ਦੇ ਰੂਪ ਵਿਚ ਹੋਲਾ ਮਨਾਉਣਾ ਸ਼ੁਰੂ ਕੀਤਾ ਅਤੇ ਪ੍ਰਦੇਸ ਗਵਨ ਤਕ ਸੰਮਤ ੧੯੨੨ ਤੋਂ ੧੯੨੭ (ਸੰਨ 1866–1871) ਤਕ ਵੱਖ ਵੱਖ ਥਾਵਾਂ 'ਤੇ ਛੇ ਹੋਲੇ ਕੀਤੇ। ਇਨ੍ਹਾਂ ਵਿਚੋਂ ਦੋ ਹੋਲੇ ਮਹੱਲੇ ਸੰਨ 1867 ਤੇ 1871 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੇ। ਮੇਲਿਆਂ ਸਮੇਂ ਸਮੂਹਕ ਅਨੰਦ-ਕਾਰਜਾਂ ਦੀ ਪਰੰਪਰਾ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡ ਖੋਟੇ ਵਿਖੇ ਮੇਲੇ ਤੋਂ ਤੋਰੀ, ਜਿਹੜੀ ਅੱਜ ਤਕ ਚਲੀ ਆ ਰਹੀ ਹੈ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ 7 ਹੋਲੇ ਮਹੱਲੇ, ਸੰਮਤ ੧੯੫੫ (ਸੰਨ 1899) ਤੋਂ ਮੁੜ ਸ਼ੁਰੂ ਹੋ ਕੇ ਹੋਏ ਕਿਉਂਕਿ ਵਿਦੇਸ਼ੀ ਸਰਕਾਰ ਦੀਆਂ ਸਖ਼ਤੀਆਂ ਅਤੇ ਸਰਕਾਰੀ ਪਾਬੰਦੀਆਂ ਕਾਰਨ 27 ਸਾਲਾਂ ਤਕ ਹੋਲੇ ਨਹੀਂ ਸਨ ਹੋ ਸਕੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਨਿਰੰਤਰ ਹੋਲਿਆਂ ਦਾ ਪ੍ਰਵਾਹ ਉਮੜ੍ਹ ਪਿਆ। 53 ਹੋਲੇ ਹੋਏ, ਜਿਹੜੇ ਕਿ ਭਾਰਤ ਦੇ ਵੱਖੋ ਵੱਖ ਸਥਾਨਾਂ ਤੋਂ ਇਲਾਵਾ ਥਾਈਲੈਂਡ ਤੇ ਯੁਗੰਡਾ (ਅਫਰੀਕਾ) ਵਿਚ ਵੀ ਕੀਤੇ ਗਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੋਲੇ ਮਹੱਲੇ ਦੀ ਪਰੰਪਰਾ ਨੂੰ ਪਹਿਲੇ ਗੁਰੂਆਂ ਦੀ ਤਰ੍ਹਾਂ ਕਾਇਮ ਰੱਖਿਆ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ, ਸੰਨ 1960 (ਸੰਮਤ ੨੦੧੬) ਤੋਂ ਲੈ ਕੇ ਹੁਣ ਤਕ ਹੋਲਿਆਂ ਦਾ ਪ੍ਰਵਾਹ ਨਿਰੰਤਰ ਚਲ ਰਿਹਾ ਹੈ। ਸਾਧ ਸੰਗਤ ਦੀਆਂ ਅਰਜ਼ਾਂ ਕਰਨ 'ਤੇ ਭਾਰਤ ਦੇ ਵੱਖ ਵੱਖ ਥਾਵਾਂ 'ਤੇ ਹੋਲੇ ਮਨਾਉਣ ਤੋਂ ਇਲਾਵਾ ਆਪ ਜੀ ਦੀ ਹਜ਼ੂਰੀ ਵਿਚ ਬਾਹਰਲੇ ਦੇਸ਼ਾਂ ਥਾਈਲੈਂਡ, ਇੰਗਲੈਂਡ ਤੇ ਤਨਜ਼ਾਨੀਆ ਵਿਚ ਵੀ ਹੋਲੇ-ਮਹੱਲੇ ਕੀਤੇ ਗਏ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਅਨੁਸਾਰ ਸੰਨ 1972 (ਸੰਮਤ ੨੦੨੮), ਸੰਨ 1984 (੨੦੪੦) ਸੰਨ 1985 (ਸੰਮਤ ੨੦੪੧-੪੨) ਨੂੰ ਦੋ ਵੱਖ ਵੱਖ ਸਥਾਨਾਂ 'ਤੇ ਵਖੋ ਵੱਖਰੇ ਸਮੇਂ ਵਿਚ ਹੋਲੇ ਮਹੱਲੇ ਹੋਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ, ਹੁਣ ਤਕ ਹੋਏ ਹੋਲੇ ਦੇ ਮੇਲਿਆਂ ਦਾ ਵੇਰਵਾ ਇਸ ਪ੍ਰਕਾਰ ਹੈ:—

| ਸੰਨ | ਸੰਮਤ | ਸਥਾਨ |
|---|---|---|
| 1960 | ੨੦੧੬ | 58, ਆਰ. ਬੀ.. ਗੰਗਾ ਨਗਰ |
| 1961 | ੨੦੧੭ | ਸ੍ਰੀ ਭੈਣੀ ਸਾਹਿਬ |
| 1962 | ੨੦੧੮ | ਬਾਜਾ ਖਾਨਾ (ਬਠਿੰਡਾ) |
| 1963 | ੨੦੧੯ | ਸੰਤ ਨਗਰ (ਸਰਸਾ) |
| 1964 | ੨੦੨੦ | ਕਰੀਵਾਲਾ (ਸਰਸਾ) |
| 1965 | ੨੦੨੧ | ਸਰਸਾ |
| 1966 | ੨੦੨੨ | ਦਿੱਲੀ |
| 1967 | ੨੦੨੩ | ਦਮਦਮਾ (ਸਰਸਾ) |
| 1968 | ੨੦੨੪ | ਲੁਧਿਆਣਾ |
| 1969 | ੨੦੨੫ | ਮੁਠੱਡੇ ਕਲਾਂ (ਜਲੰਧਰ) |
| 1970 | ੨੦੨੬ | ਅੰਮ੍ਰਿਤਸਰ ਸ਼ਹਿਰ |
| 1971 | ੨੦੨੭ | ਅਨੰਦਪੁਰ ਸਾਹਿਬ |
| 1972 | ੨੦੨੮ | ਸ੍ਰੀ ਜਗਜੀਤ ਨਗਰ (ਸਰਸਾ) |
| 1972 | ੨੦੨੮ | ਬੈਂਕੌਕ (ਥਾਈਲੈਂਡ) |
| 1973 | ੨੦੨੯ | ਕਰੀਵਾਲਾ (ਸਰਸਾ) |
| 1974 | ੨੦੩੦ | ਅੰਮ੍ਰਿਤਸਰ ਕਲਾਂ (ਸਰਸਾ) |
| 1975 | ੨੦੩੧ | ਅੰਮ੍ਰਿਤਸਰ ਕਲਾਂ (ਸਰਸਾ) |
| 1976 | ੨੦੩੨ | ਸ੍ਰੀ ਭੈਣੀ ਸਾਹਿਬ |
| 1977 | ੨੦੩੩ | ਸ੍ਰੀ ਭੈਣੀ ਸਾਹਿਬ |
| 1978 | ੨੦੩੪ | ਸ੍ਰੀ ਭੈਣੀ ਸਾਹਿਬ |
| 1979 | ੨੦੩੫ | ਸ੍ਰੀ ਭੈਣੀ ਸਾਹਿਬ |
| 1980 | ੨੦੩੬ | ਰਾਣੀਆ (ਸਰਸਾ) |
| 1981 | ੨੦੩੭ | ਸ੍ਰੀ ਭੈਣੀ ਸਾਹਿਬ |
| 1982 | ੨੦੩੮ | ਗੋਲਾ ਗੋਕਰਨ ਨਾਥ (ਯੂ.ਪੀ.) |

| ਸੰਨ | ਸੰਮਤ | ਸਥਾਨ |
| --- | --- | --- |
| 1983 | ੨੦੩੯ | ਅੰਮ੍ਰਿਤਸਰ ਕਲਾਂ (ਸਰਸਾ) |
| 1984 | ੨੦੪੦ | ਸ੍ਰੀ ਜੀਵਨ ਨਗਰ (ਸਰਸਾ) |
| 1984 | ੨੦੪੦ | ਬਰਮਿੰਘਮ (ਇੰਗਲੈਂਡ) |
| 1985 | ੨੦੪੧ | ਨਵੀਂ ਦਿੱਲੀ |
| 1985 | ੨੦੪੨ | ਦਾਰਾਸਲਾਮ (ਤਨਜ਼ਾਨੀਆ) |
| 1986 | ੨੦੪੨ | ਸ੍ਰੀ ਭੈਣੀ ਸਾਹਿਬ |
| 1987 | ੨੦੪੩ | ਸ੍ਰੀ ਭੈਣੀ ਸਾਹਿਬ |
| 1988 | ੨੦੪੪ | ਸ੍ਰੀ ਭੈਣੀ ਸਾਹਿਬ |
| 1989 | ੨੦੪੫ | ਸ੍ਰੀ ਭੈਣੀ ਸਾਹਿਬ |
| 1990 | ੨੦੪੬ | ਸ੍ਰੀ ਭੈਣੀ ਸਾਹਿਬ |
| 1991 | ੨੦੪੭ | ਸ੍ਰੀ ਭੈਣੀ ਸਾਹਿਬ |
| 1992 | ੨੦੪੮ | ਸ੍ਰੀ ਭੈਣੀ ਸਾਹਿਬ |
| 1993 | ੨੦੪੯ | ਸ੍ਰੀ ਭੈਣੀ ਸਾਹਿਬ |
| 1994 | ੨੦੫੦ | ਸ੍ਰੀ ਭੈਣੀ ਸ਼ਾਹਿਬ |
| 1995 | ੨੦੫੧ | ਸ੍ਰੀ ਭੈਣੀ ਸਾਹਿਬ |
| 1996 | ੨੦੫੨ | ਅੰਮ੍ਰਿਤਸਰ ਕਲਾਂ (ਸਰਸਾ) |
| 1997 | 2053 | ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ (ਸਰਸਾ) |

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਹੋਰ ਵਿਸ਼ੇਸ਼ ਕ੍ਰਿਪਾ ਕੀਤੀ ਹੈ ਕਿ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਦਿਵਸ (੧੭ ਫੱਗਣ ਸੁਦੀ ਪੂਰਨਮਾਸ਼ੀ ਮੁਤਾਬਕ ੨੮ ਫਰਵਰੀ), ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਵਲੋਂ ਹੋਲੇ ਮਹੱਲੇ ਦੀ ਪਰੰਪਰਾ ਚਾਲੂ ਕਰਨ (18–19 ਫੱਗਣ ਮੁਤਾਬਕ 1–2 ਮਾਰਚ) ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਦਿਵਸ (20 ਫੱਗਣ ਚੇਤ ਵਦੀ ਤੀਜ ਭਾਵ 3 ਮਾਰਚ), ਤਿੰਨਾਂ ਨੂੰ ਮਿਲਾ ਕੇ ਤ੍ਰਿਬੇਣੀ ਦਾ ਕੁੰਭ ਬਣਾ ਦਿਤਾ ਹੈ। ਹਰ ਸਾਲ ਨਾਮਧਾਰੀ ਹੋਲੇ ਮਹੱਲੇ ਦਾ ਤ੍ਰਿਬੇਣੀ ਸਮਾਗਮ ਕ੍ਰੀਬ ਪੰਜ ਦਿਨ ਬੜੇ ਉਤਸ਼ਾਹਪੂਰਵਕ ਅਤੇ ਅਨੰਦ ਪੂਰਵਕ ਮਨਾਇਆ ਜਾਂਦਾ ਹੈ।

ਦੇਸ਼ ਵਿਦੇਸ਼ਾਂ ਤੋਂ ਆਈ ਨਾਮਧਾਰੀ ਸੰਗਤ, ਵਿਦਵਾਨ, ਸੰਤ ਮਹੰਤ, ਜਥੇਦਾਰ, ਕਵੀਸ਼ਰ, ਪ੍ਰਚਾਰਕ, ਸੰਗੀਤਕਾਰ, ਤੇ ਸਾਹਿਤਕਾਰ ਇਨ੍ਹਾਂ ਮੇਲਿਆਂ 'ਤੇ ਹੁੰਮਹੁਮਾ ਕੇ ਨਾਮਧਾਰੀ

ਪਹਿਰਾਵੇ ਵਿਚ ਪੁੱਜਦੇ ਹਨ। ਅਨੇਕਾਂ ਜਥੇਦਾਰ ਪੁਰਾਤਨ ਰੀਤ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਵੇਸ਼ ਕਰਨ ਸਮੇਂ ਸਾਜ ਵਜਾ ਕੇ ਸ਼ਬਦ ਪੜ੍ਹਦੇ ਆਉਂਦੇ ਹਨ। ਮੇਲੇ ਦਾ ਦ੍ਰਿਸ਼ ਦਿਲ ਨੂੰ ਖਿੱਚ ਪਾਉਂਦਾ ਹੈ।

ਨਾਮਧਾਰੀਆਂ ਵਿਚ ਕੋਈ ਵਿਅਕਤੀ ਮਾਸ ਸ਼ਰਾਬ ਜਾਂ ਹੋਰ ਕੋਈ ਨਸ਼ਾ ਨਹੀਂ ਵਰਤਦਾ। ਸਭ ਨਾਮ ਦੇ ਰੰਗ ਵਿਚ ਰੱਤੇ, ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਦਿਆਂ ਅਨੰਦ ਅਵਸਥਾ ਵਿਚ ਵਿਚਰਦੇ ਹਨ। ਹਵਨਾਂ ਦੀ ਸੁਗੰਧੀ ਨਾਲ ਸਾਰਾ ਵਾਤਾਵਰਣ ਸ਼ੁੱਧ ਤੇ ਸੁਗੰਧਮਈ ਹੁੰਦਾ ਹੈ।

ਪ੍ਰਸ਼ਾਦਾ ਸਾਰੀ ਸਾਧ-ਸੰਗਤ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਸਦਾਵਰਤ ਲੋਹ ਲੰਗਰ ਵਿਚੋਂ ਛਕਦੀ ਹੈ।

ਮੇਲਿਆਂ ਵਿਚ ਕਥਾ-ਕੀਰਤਨ ਤੇ ਨਾਮ ਸਿਮਰਨ ਤੋਂ ਇਲਾਵਾ ਸਾਧ ਸੰਗਤ, ਜਥੇਦਾਰਾਂ ਵਲੋਂ ਲਾਏ ਗਏ ਦੀਵਾਨ ਸਰਵਣ ਕਰਦੀ ਹੈ। ਸਭ ਤੋਂ ਵੱਡਾ ਲਾਭ ਸ੍ਰੀ ਸਤਿਗੁਰੂ ਜੀ ਦੇ ਨੂਰਾਨੀ ਦਰਸ਼ਨਾਂ ਦਾ ਹੁੰਦਾ ਹੈ।

ਮੇਲੇ ਦੇ ਆਖਰੀ ਦਿਨਾਂ ਵਿਚ ਸੂਬੇ ਸਾਹਿਬਾਨ, ਨਾਮਧਾਰੀ ਦਰਬਾਰ, ਨਾਮਧਾਰੀ ਵਿਦਿਅਕ ਜੱਥੇ ਆਦਿ ਦੀਆਂ ਵਿਸ਼ੇਸ਼ ਇਕਤ੍ਰਤਾਵਾਂ ਹੁੰਦੀਆਂ ਹਨ। ਗੁਰਸਿੱਖੀ ਪ੍ਰਚਾਰ ਅਤੇ ਪਤਵੰਤੇ ਸੱਜਣਾਂ ਦੇ ਭਾਸ਼ਣ ਹੁੰਦੇ ਹਨ, ਕਵੀ-ਦਰਬਾਰ ਹੁੰਦਾ ਹੈ। ਆਦਿ ਸ੍ਰੀ ਤੇ ਦਸਮ ਸ੍ਰੀ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਜਾਂਦੇ ਹਨ। ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਮੁਖ਼ਾਰਬਿੰਦ ਵਿਚੋਂ ਨਿਕਲੇ ਪ੍ਰਵਚਨ ਸਰਵਣ ਕਰਨ ਦਾ ਸੁਭਾਗ ਸਾਧ-ਸੰਗਤ ਪ੍ਰਾਪਤ ਕਰਦੀ ਹੈ।

ਮੇਲੇ ਵਿਚ ਆਈਆਂ ਵਿਸ਼ੇਸ਼ ਸ਼ਖ਼ਸੀਅਤਾਂ ਨੂੰ ਸ੍ਰੀ ਸਤਿਗੁਰੂ ਜੀ ਦੇ ਕਰ-ਕਮਲਾਂ ਰਾਹੀਂ ਸਿਰੋਪੇ ਲੈ ਕੇ ਬਖ਼ਸ਼ਿਸ਼ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ।

ਢੋਲਕ ਛੈਣਿਆਂ ਨਾਲ ਨਾਮਧਾਰੀਆਂ ਦੇ ਹੱਲੇ ਦੇ ਦੀਵਾਨਾਂ ਦੀ ਬਹੁਤ ਮਸ਼ਹੂਰੀ ਹੈ। ਹਜ਼ੂਰੀ ਦੀਵਾਨ ਤੋਂ ਬਾਅਦ, ਮੇਲਿਆਂ ਵਿਚ ਇਹ ਦੀਵਾਨ ਨਿਰਤੰਰ ਲਗੇ ਰਹਿੰਦੇ ਹਨ। ਜੱਥੇਦਾਰ ਆਪਣੇ ਦੀਵਾਨਾਂ ਦੀ ਇਕ ਮਾਲਾ ਪਿਰੋ ਕੇ ਰੱਖ ਦਿੰਦੇ ਹਨ। ਸਾਰਾ ਦਿਨ ਤੇ ਰਾਤ, ਅਗਲੀ ਸਵੇਰ ਤਿੰਨ ਵਜੇ ਤੀਕ ਦੀਵਾਨ ਲੱਗੇ ਰਹਿੰਦੇ ਹਨ। ਬਹੁਤ ਰਸ ਬੱਝਦਾ ਹੈ, ਆਨੰਦਤ ਹੋਈ ਸਾਧ-ਸੰਗਤ ਰਾਤ ਦੇ ਦੀਵਾਨ ਵਿਚੋਂ ਉਠ ਕੇ ਇਸ਼ਨਾਨ-ਪਾਣੀ ਕਰ ਕੇ, ਆਸਾ ਦੀ ਵਾਰ ਦੇ ਕੀਰਤਨ ਵਿਚ ਬੈਠ ਜਾਂਦੀ ਹੈ। ਇੰਜ ਦਿਨ-ਰਾਤ ਸਤਸੰਗ ਚਲਦਾ ਰਹਿੰਦਾ ਹੈ।

ਇਹ ਮੇਲੇ ਧਰਮ, ਦੇਸ਼-ਕੌਮ, ਭਾਈਚਾਰਕ ਪਿਆਰ, ਸਤਿਕਾਰ ਦੀ ਸਾਂਝ, ਸਾਹਿਤ ਤੇ ਸਭਿਆਚਾਰ ਨੂੰ ਦ੍ਰਿੜ ਕਰਵਾਉਣ ਦੇ ਅਵਸਰ ਹੁੰਦੇ ਹਨ ਤੇ ਇਤਿਹਾਸ ਦਾ ਮੀਲ ਪੱਥਰ ਵੀ।

ਇਨ੍ਹਾਂ ਮੇਲਿਆਂ ਅਤੇ ਸਮਾਗਮਾਂ ਦੀ ਨਿਰਵਿਘਨ ਸਫਲਤਾ ਲਈ, ਸੰਸਾਰ ਵਿਚ ਅਮਨ

ਸ਼ਾਂਤੀ ਅਤੇ ਭਾਈਚਾਰਕ ਭਾਵਨਾ ਲਈ, ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹਵਨ ਅਤੇ ਵਰਨੀਆਂ ਕੀਤੇ ਜਾਂਦੇ ਹਨ।

**ਅੱਸੂ ਦਾ ਮੇਲਾ (ਜਪ-ਪ੍ਰਯੋਗ)**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਸੂ ਦੇ ਮਹੀਨੇ ਵਿਚ ਜਪ ਪ੍ਰਯੋਗ ਕਰਦੇ ਸਨ। ਹੁਣ ਵੱਡ ਪ੍ਰਤਾਪੀ ਸ੍ਰੀ ਸਤਿਗੁਰੂ ਜੀ ਦੀ ਯਾਦ ਵਿਚ ਅੱਸੂ ਦਾ ਮੇਲਾ ਹਰ ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਰਦੇ ਹਨ। (ਅੱਸੂ ਦੇ ਮੇਲੇ ਬਾਰੇ ਵਿਸਥਾਰ ਨਾਲ ਇਸੇ ਪੁਸਤਕ ਦੇ 'ਨਾਮ ਸਿਮਰਨ ਦਾ ਪ੍ਰਵਾਹ' ਅਧਿਆਏ ਵਿਚ ਲਿਖਿਆ ਪੜ੍ਹੋ)

ਅੱਸੂ ਦੇ ਮੇਲੇ ਭਾਵੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮੇ ਸਮੇਂ ਤੇ ਕਈ ਥਾਵਾਂ 'ਤੇ ਕੀਤੇ ਪਰ ਜ਼ਿਆਦਾਤਰ ਅੱਸੂ ਦੇ ਮੇਲੇ ਸ੍ਰੀ ਭੈਣੀ ਸਾਹਿਬ (ਰਾਮਸਰ) ਵਿਖੇ ਕਰਨ ਦੀ ਕ੍ਰਿਪਾਲਤਾ ਕੀਤੀ।

ਗਰੀਬ ਨਿਵਾਜ ਜੀ ਦੀ ਕ੍ਰਿਪਾ ਨਾਲ ਪਹਿਲੀ ਵਾਰ ਵਿਅਕਤੀਗਤ ਤੌਰ 'ਤੇ ਅੱਸੂ ਦਾ ਜੋੜ ਮੇਲਾ ਸੰਤ ਨਿਧਾਨ ਸਿੰਘ ਜੀ ਬਾਜੇ ਵਾਲੇ ਤੇ ਪਰਿਵਾਰ ਵਲੋਂ ਦਮਦਮੇ (ਸਰਸੇ) ਵਿਖੇ ਕਰਵਾਇਆ ਗਿਆ। ਇਸ ਮਗਰੋਂ ਵਿਅਕਤੀਗਤ ਤੌਰ 'ਤੇ ਇਹ ਮੇਲਾ ਸਮੇਂ-ਸਮੇਂ 'ਤੇ ਕਰਵਾਉਣ ਦਾ ਪੁਰਸ਼ਾਰਥ ਸੱਚੇ ਪਾਤਸ਼ਾਹ ਜੀ ਨੇ ਕਈਆਂ ਨੂੰ ਬਖ਼ਸ਼ਿਆ।

ਕੁੱਝ ਸਾਲਾਂ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਤੇ ਕ੍ਰਿਪਾ ਦ੍ਰਿਸ਼ਟੀ ਸਦਕਾ ਵੱਡੇ ਵੱਡੇ ਸਮਾਗਮ ਅਥਵਾ ਸਾਰੇ ਸਾਲ ਵਿਚ ਹੋਣ ਵਾਲੇ ਲੰਗਰ ਦਾ ਖਰਚ ਵੀ ਇਕ ਇਕ ਨਾਮਧਾਰੀ ਪਰਿਵਾਰ ਹੀ ਕਰਦਾ ਚਲਿਆ ਆ ਰਿਹਾ ਹੈ। ਹੁਣ ਤਾਂ ਇਹ ਹਾਲ ਹੈ ਕਿ ਮੇਲਾ ਕਰਵਾਉਣ ਵਾਲਿਆਂ ਦੀ ਲਿਸਟ ਬਣੀ ਹੁੰਦੀ ਹੈ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਅਨੁਸਾਰ ਵਾਰੋ-ਵਾਰੀ ਮੇਲਾ ਕਰਾਉਣ ਦੀ ਸੇਵਾ ਮਿਲਦੀ ਹੈ।

ਸੰਮਤ 2046 ਅਰਥਾਤ ਸੰਨ 1989 ਤੋਂ ਸੰਨ 1990 ਤਕ ਹੋਲੇ ਮਹੱਲੇ ਸਮੇਤ ਸਾਰੇ ਇਤਿਹਾਸਕ ਮੇਲਿਆਂ ਦਾ ਸਾਲ ਭਰ ਦਾ ਖਰਚਾ ਸਮੇਤ ਸ੍ਰੀ ਭੈਣੀ ਸਾਹਿਬ ਦੇ ਲੰਗਰ ਦੇ ਖਰਚੇ ਦੇ, ਉਸ ਵੇਲੇ ਦੇ ਨਾਮਧਾਰੀ ਸੰਗਤ ਯੂ.ਕੇ. ਦੇ ਪ੍ਰਧਾਨ (ਸਵਰਗੀ) ਸੰਤ ਪ੍ਰੀਤਮ ਸਿੰਘ ਜੀ ਰੀਹਲ ਅਤੇ ਉਤਸ਼ਾਹੀ ਨੌਜਵਾਨ ਸੰਤ ਜਗਤਾਰ ਸਿੰਘ ਜੀ ਵਿਰਦੀ, ਨੇ ਕਰਵਾ ਕੇ ਇਕ ਨਵੀਂ ਪਿਰਤ ਪਾਈ ਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕੀਤੀਆਂ।

ਇਕ ਅੱਸੂ ਦੇ ਮੇਲੇ ਤੋਂ ਅਗਲੇ ਅੱਸੂ ਦੇ ਮੇਲੇ ਤਕ, ਸਾਲ ਭਰ ਦਾ ਖਰਚਾ, ਸਮੇਤ ਸ੍ਰੀ ਭੈਣੀ ਸਾਹਿਬ ਦੇ ਲੰਗਰ ਦੇ ਖਰਚੇ ਦੇ, ਕਰਨ ਵਾਲੇ ਪਰਿਵਾਰ ਇਸ ਪ੍ਰਕਾਰ ਹਨ:—

| ਸੰਮਤ | ਸੰਨ | ਪਰਿਵਾਰਾਂ ਵਲੋਂ | ਵਾਸੀ |
|---|---|---|---|
| ੨੦੪੬–੪੭ | 1989–90 | ਸਵ: ਸੰਤ ਪ੍ਰੀਤਮ ਸਿੰਘ ਰੀਹਲ ਤੇ ਸੰਤ ਜਗਤਾਰ ਸਿੰਘ ਵਿਰਦੀ | ਯੂ.ਕੇ. |
| ੨੦੪੭–੪੮ | 1990–91 | ਸੇਠ ਸੁਰਅੰਮ੍ਰਿਤ ਸਿੰਘ, ਸੇਠ ਸੁਦਰਸ਼ਨ ਸਿੰਘ ਸੇਠ ਧਰਮ ਸਿੰਘ (ਚਾਵਲਾ ਪਰਿਵਾਰ) ਸਪੁੱਤਰ ਸੇਠ ਗੁਰਬਖਸ਼ ਸਿੰਘ ਪ੍ਰੀਤਮ | ਬੈਂਕੌਕ (ਥਾਈਲੈਂਡ) |
| ੨੦੪੮–੪੯ | 1991–92 | ਸੰਤ ਹਰਜਿੰਦਰ ਸਿੰਘ ਚਾਨਾ ਸਟੀਲਮੈਨ ਸਪੁੱਤਰ ਸੂਬਾ ਅਵਤਾਰ ਸਿੰਘ | ਯੂ.ਕੇ. |
| ੨੦੪੯–੫੦ | 1992–93 | ਸ੍ਰ. ਨਿਰਮਲ ਸਿੰਘ ਤੇ ਬੀਬੀ ਗਿਆਨ ਕੌਰ | ਕੈਨੇਡਾ |
| ੨੦੫੦–੫੧ | 1993–94 | ਸੂਬਾ ਸਤਨਾਮ ਸਿੰਘ, ਸ੍ਰ. ਕੁਲਵੰਤ ਸਿੰਘ ਸ੍ਰ. ਸੁਰਿੰਦਰ ਸਿੰਘ, ਸ੍ਰ. ਨਰਿੰਦਰ ਸਿੰਘ ਨੈਰੋਬੀ ਸਪੁੱਤਰ ਸੂਬਾ ਦਰਸ਼ਨ ਸਿੰਘ | ਕੀਨੀਆ (ਅਫਰੀਕਾ) |
| ੨੦੫੧–੫੨ | 1994–95 | ਗਿਆਨੀ ਸੰਤੋਖ ਸਿੰਘ, ਸੂਬਾ ਮਹਿੰਦਰ ਕੌਰ ਤੇ ਉਨ੍ਹਾਂ ਦੇ ਸਪੁੱਤਰ ਸੇਠ ਮਹਿਤਾਬ ਸਿੰਘ | ਬੈਂਕੌਕ (ਥਾਈਲੈਂਡ) |
| ੨੦੫੨–੫੩ | 1995–96 | ਗਿਆਨੀ ਸੰਤੋਖ ਸਿੰਘ, ਸੂਬਾ ਮਹਿੰਦਰ ਕੌਰ ਤੇ ਉਨ੍ਹਾਂ ਦੇ ਸਪੁੱਤਰ ਸੇਠ ਮਹਿਤਾਬ ਸਿੰਘ | ਬੈਂਕੌਕ (ਥਾਈਲੈਂਡ) |
| ੨੦੫੩–੫੪ | 1996–97 | ਨੌਜਵਾਨ ਵਿਦਿਅਕ ਜੱਥਾ | ਬੈਂਕੌਕ (ਥਾਈਲੈਂਡ) |

ਇੰਜ ਕਈ ਵੱਡ ਭਾਗੇ ਪਰਿਵਾਰ, ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਨਵੀਂ ਲੀਹ 'ਤੇ ਤੁਰਦਿਆਂ ਆਪਣੀ ਮਾਇਆ ਸਫਲ ਕਰ ਰਹੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ,

"ਜਿਹੜੇ ਸਾਧ-ਸੰਗਤ ਵਾਲੇ ਪਾਸੇ ਪੈਸੇ ਲਾਉਂਦੇ ਹਨ, ਉਨ੍ਹਾਂ 'ਤੇ ਸਤਿਗੁਰੂ ਦੀ ਬੜੀ ਕਿਰਪਾ ਹੈ। ਸਤਿਗੁਰੂ ਕਿਰਪਾ ਕਰਨ, ਸਾਧ-ਸੰਗਤ ਨੂੰ ਬਹੁਤ-ਬਹੁਤ ਪੈਸੇ ਦੇਣ ਪਰ ਉਹ ਪੈਸਾ ਗਲਤ ਪਾਸੇ ਖ਼ਰਚ ਨਾ ਹੋਵੇ। ਕੋਈ ਗਲਤ ਵਿਆਹਾਂ 'ਤੇ ਖਰਚ ਨਾ ਹੋਵੇ, ਸਿਨਮਿਆਂ 'ਤੇ ਖਰਚ ਨਾ ਹੋਵੇ, ਕੋਈ ਮਾਸ ਸ਼ਰਾਬ ਜਾਂ ਦਾੜ੍ਹੀਆਂ ਮੁੰਨਣ ਤੇ ਖਰਚ ਨਾ ਹੋਵੇ ਉਹ ਪੈਸਾ ਸਾਧ-ਸੰਗਤ ਤੇ ਖਰਚ ਹੋਵੇ।"

ਸ੍ਰੀ ਸਤਿਗੁਰੂ ਜੀ ਮੇਲਾ ਕਰਾਉਣ ਵਾਲੇ ਪਰਿਵਾਰਾਂ ਨੂੰ ਖੁਸ਼ੀਆਂ ਬਖ਼ਸ਼ਦਿਆਂ ਬਚਨ ਕਰਦੇ ਹਨ,

"ਧਰਮ ਵਾਲੇ ਪਾਸੇ ਮਾਇਆ ਸਤਿਗੁਰੂ ਦੀ ਕਿਰਪਾ ਨਾਲ ਹੀ ਲਗ ਸਕਦੀ ਹੈ।...ਧਰਮ ਦੰਡ ਸਹਿਣਾ ਬੜਾ ਔਖਾ ਹੈ।"

## ਮਾਘੀ, ਵਿਸਾਖੀ ਤੇ ਦੀਵਾਲੀ ਦੇ ਮੇਲੇ

ਮਾਘੀ ਦਾ ਮੇਲਾ ਹਰ ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮੁਕਤਸਰ ਵਿਖੇ ਕਰਦੇ ਹਨ। ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਮਾਘ ਦੇ ਮਹੀਨੇ ਵਿਚ ਮਾਘੀ, ਭਜਨ ਕਰ ਕੇ ਬਾਣੀ ਪੜ੍ਹ ਕੇ ਮਨਾਈ ਜਾਵੇ।

ਵਿਸਾਖੀ ਦਾ ਮੇਲਾ ਅੰਮ੍ਰਿਤਸਰ ਵਿਖੇ ਕੀਤਾ ਜਾਂਦਾ ਹੈ। ਕਦੇ-ਕਦੇ ਸਮੇਂ ਮੁਤਾਬਕ ਸ੍ਰੀ ਸਤਿਗੁਰੂ ਜੀ ਦੀ ਆਗਿਆ ਨਾਲ ਇਹ ਮੇਲਾ ਸ੍ਰੀ ਭੈਣੀ ਸਾਹਿਬ ਵਿਖੇ ਵੀ ਕੀਤਾ ਜਾਂਦਾ ਹੈ। ਸੰਨ 1994 ਨੂੰ ਅੰਮ੍ਰਿਤਸਰ ਵਿਖੇ ਹੋਇਆ ਵਿਸਾਖੀ ਦਾ ਮੇਲਾ ਇਤਿਹਾਸਕ ਮਹੱਤਤਾ ਰਖਦਾ ਹੈ। ਇਸ ਮੇਲੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੱਖੋ-ਵੱਖ ਇਲਾਕਿਆਂ ਵਿਚ ਨਵੇਂ ਸੂਬੇ ਸਾਹਿਬਾਨ ਸਥਾਪਤ ਕੀਤੇ।

ਦੀਵਾਲੀ ਦਾ ਮੇਲਾ, ਸ੍ਰੀ ਭੈਣੀ ਸਾਹਿਬ ਜਾਂ ਆਮ ਤੌਰ ਤੇ ਅੰਮ੍ਰਿਤਸਰ ਵਿਖੇ ਮਨਾਇਆ ਜਾਂਦਾ ਹੈ। ਇਹ ਦੀਵਾਲੀ ਵੱਖਰੇ ਕਿਸਮ ਦੀ ਹੁੰਦੀ ਹੈ। ਜਿਥੇ ਇਮਾਰਤਾਂ ਦੀਵਿਆਂ, ਮੋਮਬੱਤੀਆਂ ਤੇ ਰੰਗ-ਬਿਰੰਗੇ ਬਿਜਲੀ ਦੇ ਬਲੱਬਾਂ ਦੀਆਂ ਲੜੀਆਂ ਨਾਲ ਜਗਮਗ-ਜਗਮਗ ਕਰਦੀਆਂ ਹਨ, ਪਟਾਕੇ ਚਲਦੇ ਹਨ, ਆਤਿਸ਼ਬਾਜ਼ੀ ਚਲਾਈ ਜਾਂਦੀ ਹੈ, ਉਥੇ ਦੀਵਾਲੀ ਵਾਲੇ ਸਾਰਾ ਦਿਨ ਤੇ ਰਾਤ ਨਾਮ-ਸਿਮਰਨ, ਕਥਾ ਕੀਰਤਨ ਤੇ ਹੱਲੇ ਦੇ ਦੀਵਾਨ ਵੀ ਸਜਾਏ ਜਾਂਦੇ ਹਨ।

ਦੀਵਾਲੀ ਦੇ ਮੇਲੇ ਦਾ ਸਾਰਾ ਖਰਚਾ ਪਿਛਲੇ ਕਈ ਸਾਲਾਂ ਤੋਂ ਬਾਊ ਸੁਖਵੰਤ ਲਾਲ ਪੰਜਾਬ ਮੋਟਰ ਵਰਕਸ਼ਾਪ ਲੁਧਿਆਣੇ ਵਾਲੇ ਕਰਦੇ ਆ ਰਹੇ ਸਨ। ਬਾਊ ਸੁਖਵੰਤ ਲਾਲ ਜੀ 13 ਮਾਰਚ 1997 ਨੂੰ ਦਿਲ ਦੇ ਦੌਰੇ ਨਾਲ ਚੜ੍ਹਾਈ ਕਰ ਗਏ। ਆਪ ਦੇ ਨਮਿਤ ਸਾਧਾਰਨ ਪਾਠ ਦਾ ਭੋਗ 21 ਮਾਰਚ 1997 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਪਰਿਵਾਰ ਵਲੋਂ, ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਪਾਇਆ ਗਿਆ। ਬਾਊ ਸੁਖਵੰਤ ਲਾਲ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਬਹੁਤ ਸ਼ਰਧਾ ਭਾਵਨਾ ਰਖਦੇ ਸਨ। ਦੀਵਾਲੀ ਦਾ ਮੇਲਾ ਕਰਾਉਣ ਬਾਰੇ ਬਾਊ ਜੀ ਦੇ ਵਿਚਾਰ ਸਨ, "ਮੇਰੀ ਭਾਵਨਾ ਹੈ ਕਿ ਮੈਂ ਇਸ ਮੇਲੇ ਨੂੰ ਆਪਣੇ ਜੀਵਨ ਭਰ ਤਕ ਕਰਵਾਉਂਦਾ ਰਹਾਂ। ਮੇਰੇ ਬਾਅਦ ਮੇਰੇ ਬੱਚੇ ਕਰਵਾਇਆ ਕਰਨਗੇ।"

ਬਾਬੂ ਸੁਖਵੰਤ ਲਾਲ ਦੇ ਦੋ ਪੁੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰ ਨਾਲ ਹੋਏ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਬਾਬੂ ਜੀ ਨੇ ਆਪਣੇ ਪੁੱਤਰਾਂ ਨੂੰ ਸਿੱਖੀ ਸਰੂਪ ਵਿਚ ਰਖਿਆ ਹੋਇਆ ਹੈ। ਬਾਬੂ ਸੁਖਵੰਤ ਲਾਲ ਦੇ ਘਰੋਂ ਬੀਬੀ ਕਿਰਨ ਅਤੇ

ਲੜਕੀਆਂ ਅਤੇ ਲੜਕੇ ਸ੍ਰੀ ਸਤਿਗੁਰੂ ਜੀ ਦੇ ਬਹੁਤ ਸ਼ਰਧਾਲੂ ਹਨ।

ਬਾਬੂ ਸੁਖਵੰਤ ਲਾਲ ਦੇ ਦੋ ਹੋਰ ਭਰਾ ਹਨ-ਬਾਬੂ ਹਰਬੰਸ ਲਾਲ ਤੇ ਬਾਬੂ ਜਸਵੰਤ ਰਾਇ। ਇਹ ਵੀ ਨਾਮਧਾਰੀ ਹਨ। ਸਾਰੇ ਪਰਿਵਾਰ ਨੇ ਭਜਨ ਪੁੱਛਿਆ ਹੋਇਆ ਹੈ ਤੇ ਸਤਿਗੁਰੂ ਜਗਜੀਤ ਸਿੰਘ ਦੇ ਅਨਿੰਨ ਸੇਵਕ, ਸ਼ਰਧਾਲੂ, ਭਜਨ ਬਾਣੀ ਕਰਨ ਵਾਲੇ ਦਾਨੀ ਸੱਜਣ ਹਨ।

ਸੰਮਤ ੨੦੫੦ (ਸੰਨ 1993) ਦੀ ਦੀਵਾਲੀ ਸਮੇਂ ਦੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨ:

"ਤੁਹਾਡੇ ਸਾਹਮਣੇ ਦੀਵਾਲੀ ਦਾ ਮੇਲਾ ਹੋਇਆ ਹੈ, ਬਾਹਰਲੇ ਦੀਵਿਆਂ ਦੇ ਨਾਲ-ਨਾਲ ਅੰਦਰਲੇ ਦੀਵੇ ਬਾਲਣ ਦੀ ਬੜੀ ਲੋੜ ਹੈ। ਇਸ਼ਨਾਨ ਦੀ ਬੜੀ ਲੋੜ ਹੈ ਪਰ ਅੰਦਰਲੇ ਇਸ਼ਨਾਨ ਦੀ ਵੀ ਜ਼ਰੂਰਤ ਹੈ। ਗੁਰਬਾਣੀ 'ਚ ਲਿਖਿਆ ਹੈ:

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥

ਉਸ ਇਸ਼ਨਾਨ ਨਾਲ ਕੋਈ ਫਰਕ ਨਹੀਂ ਪੈਂਦਾ ਜਦ ਤਕ ਅੰਦਰ ਸ਼ਰਧਾ ਨਹੀਂ। ਤੁਸੀਂ ਸਾਰੇ ਆਪ ਕਰੋ ਅਤੇ ਦੂਜਿਆਂ ਨੂੰ ਜਾ ਕੇ ਕਹੋ ਕਿ ਇਕ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰਿਆ ਕਰੋ ਅਤੇ ਹਰ ਘਰ ਪ੍ਰਤੀ ਮਹੀਨੇ ਦਾ ਇਕ ਸਾਧਾਰਨ ਪਾਠ ਆਦਿ ਗ੍ਰੰਥ ਜਾਂ ਦਸਮ ਗ੍ਰੰਥ ਦਾ ਹੋਣਾ ਚਾਹੀਦਾ ਹੈ।"

## ਫਤਿਹਗੜ੍ਹ ਸਾਹਿਬ ਦਾ ਸ਼ਹੀਦੀ ਜੋੜ ਮੇਲਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ, ਫਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ, ਸ਼ਹੀਦ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸ਼ਹੀਦ ਸਾਹਿਬਜ਼ਾਦਾ ਫਤਿਹ ਸਿੰਘ ਦੀ ਯਾਦ ਵਿਚ ਤਿੰਨ ਦਿਨਾਂ ਦਾ ਸ਼ਹੀਦੀ ਜੋੜ ਮੇਲਾ, ਦਸੰਬਰ (ਪੋਹ) ਦੇ ਮਹੀਨੇ ਵਿਚ ਨਾਮਧਾਰੀ ਸੰਗਤ ਵਲੋਂ ਕੀਤਾ ਜਾਂਦਾ ਹੈ। ਇਹ ਮੇਲਾ ਹਰ ਸਾਲ ਨਾਮਧਾਰੀ ਧਰਮਸ਼ਾਲਾ ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੁੰਦਾ ਹੈ। ਪਹਿਲੋਂ ਇਸ ਮੇਲੇ ਦਾ ਮੁਖ ਇੰਤਜ਼ਾਮ ਸਵਰਗੀ ਸੰਤ ਕੇਹਰ ਸਿੰਘ ਰੋਪੜ ਵਾਲੇ (ਮੇਰੇ ਸੋਹਰਾ ਸਾਹਿਬ) ਕਰਿਆ ਕਰਦੇ ਸਨ। ਪਿਛਲੇ ਕੁੱਝ ਸਾਲਾਂ ਤੋਂ ਇਸ ਮੇਲੇ ਦੀ ਸੇਵਾ ਲੁਧਿਆਣੇ ਰਹਿੰਦੇ ਬਹਾਦਰਗੜ੍ਹੀਏ ਪਰਵਾਰ ਨੇ ਲੈ ਲਈ ਹੈ। ਸੰਤ ਸੌਦਾਗਰ ਸਿੰਘ ਬਹਾਦਰਗੜ੍ਹੀਆ ਅਤੇ ਉਨ੍ਹਾਂ ਦੇ ਸਪੁੱਤਰਾਂ ਗਿਆਨੀ ਜੋਗਿੰਦਰ ਸਿੰਘ (ਪ੍ਰਧਾਨ ਨਾਮਧਾਰੀ ਸੰਗਤ ਲੁਧਿਆਣਾ), ਹਰਭਜਨ ਸਿੰਘ, ਮਹਿੰਦਰ ਸਿੰਘ, ਰਘੁਬੀਰ ਸਿੰਘ ਵਲੋਂ ਇਹ ਮੇਲਾ ਹੁੰਦਾ ਹੈ।

### ਚਮਕੌਰ ਸਾਹਿਬ ਦਾ ਸ਼ਹੀਦੀ ਜੋੜ ਮੇਲਾ

"ਪਿਛਲੇ ਕ਼ਰੀਬ ਪੰਜਾਹ ਸਾਲਾਂ ਤੋਂ ਸਾਡੇ ਇਲਾਕੇ ਦੀ ਸੰਗਤ ਦੇ ਮਨਾਂ ਵਿਚ ਇਹ ਰੀਝ ਸੀ ਕਿ ਚਮਕੌਰ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਪਣੇ ਸਿੰਘ ਮੇਲਾ ਕਰਨ, ਸਾਡੀ ਇਹ ਖਾਹਿਸ਼ ਹੁਣ ਪੂਰੀ ਹੋਈ ਹੈ।"

ਉਪਰੋਕਤ ਸ਼ਬਦ ਚਮਕੌਰ ਸਾਹਿਬ ਨੇੜਲੇ ਪਿੰਡ ਡੈਹਰ (ਜ਼ਿਲ੍ਹਾ ਰੋਪੜ) ਦੇ ਬਾਬਾ ਹਜਾਰਾ ਸਿੰਘ ਨਾਮਧਾਰੀ (ਸੰਤ ਕੇਹਰ ਸਿੰਘ ਰੋਪੜ ਵਾਲਿਆਂ ਦੇ ਚਾਚਾ ਜੀ) ਦੇ ਹਨ। ਪਿੰਡ ਡੈਹਰ ਮੁੰਡੀਆਂ ਦੇ ਇਹ ਬਜ਼ੁਰਗ ਨਾਮਧਾਰੀ, ਬਾਬਾ ਹਜ਼ਾਰਾ ਸਿੰਘ ਸਪੁੱਤਰ ਬਾਬਾ ਕਾਲ੍ਹਾ ਸਿੰਘ, ਚਮਕੌਰ ਸਾਹਿਬ ਦੇ ਮੇਲੇ ਬਾਰੇ ਦੱਸਦੇ ਹਨ ਕਿ ਸੰਨ 1952 ਵਿਚ ਪਿੰਡ ਡੈਹਰ ਦੀ ਨਾਮਧਾਰੀ ਸੰਗਤ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਗੇ ਅਰਜ਼ ਕੀਤੀ ਕਿ 'ਸੱਚੇ ਪਾਤਸ਼ਾਹ ਜੀ ਕਿਰਪਾ ਕਰੋ, ਚਮਕੌਰ ਸਾਹਿਬ ਵਿਖੇ ਵੱਡੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਸ਼ਹੀਦੀ ਜੋੜ ਮੇਲਾ ਕੀਤਾ ਜਾਇਆ ਕਰੇ।' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਫਰਮਾਇਆ ਕਿ 'ਚਮਕੌਰ ਸਾਹਿਬ ਦਾ ਮੇਲਾ ਮੈਂ ਨਹੀਂ ਕਰਨਾ, ਇਹ ਮੇਲਾ ਵੱਡਾ ਕਾਕਾ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਆਪ ਹੀ ਕਰਵਾਏਗਾ।'

ਵੱਡੇ ਸਾਹਿਬਜ਼ਾਦਿਆਂ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਯਾਦ ਵਿਚ ਚਮਕੌਰ ਸਾਹਿਬ ਵਿਖੇ ਸ਼ਹੀਦੀ ਜੋੜ ਮੇਲਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਆਪ ਹੁਕਮ ਕਰ ਕੇ 22 ਦਸੰਬਰ 1995 (੭ ਪੋਹ ੨੦੫੨) ਤੋਂ ਸ਼ੁਰੂ ਕਰਵਾਇਆ।

ਨਾਮਧਾਰੀ ਸੰਗਤ ਵਲੋਂ ਚਮਕੌਰ ਸਾਹਿਬ ਦਾ ਇਹ ਪਹਿਲਾ ਮੇਲਾ, ਗੁਰਦਵਾਰਾ ਕਤਲਗੜ੍ਹ ਸਾਹਿਬ ਦੇ ਲਾਗੇ ਵਾਲੇ ਸਥਾਨ 'ਤੇ ਕੀਤਾ ਗਿਆ। ਭਾਵੇਂ ਇਸ ਮੇਲੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਦੇਸ਼ ਦੌਰੇ 'ਤੇ ਗਏ ਹੋਣ ਕਾਰਣ, ਦੇਹ ਕਰ ਕੇ ਦਰਸ਼ਨ ਨਾ ਦੇ ਸਕੇ ਪਰ ਸੱਚੇ ਪਾਤਸ਼ਾਹ ਜੀ ਦੇ ਹੁਕਮ, ਆਸ਼ੀਰਵਾਦ ਤੇ ਨਿੱਘੀ ਯਾਦ, ਮੇਲੇ ਵਿਚ ਹਾਜ਼ਰ ਸੰਗਤ ਦੇ ਮਨਾਂ ਵਿਚ ਉਤਸਾਹ ਭਰ ਰਹੀ ਸੀ ਅਤੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਮੇਲਾ ਸਫਲਤਾ ਨਾਲ ਸੰਪੰਨ ਹੋਇਆ।

ਚਮਕੌਰ ਸਾਹਿਬ ਦੇ ਇਸ ਮੇਲੇ ਨੂੰ ਕਰਾਉਣ ਦੀ ਸੇਵਾ ਦਾ ਸੁਭਾਗ ਗਿਆਨੀ ਜੋਗਿੰਦਰ ਸਿੰਘ ਲੁਧਿਆਣਾ ਵਾਲੇ ਪਰਿਵਾਰ ਅਤੇ ਸੂਬਾ ਮਨੀ ਸਿੰਘ ਅਤੇ ਪਰਿਵਾਰ ਰੋਪੜ ਨੂੰ ਪ੍ਰਾਪਤ ਹੋਇਆ। ਮੇਲੇ ਵਿਚ ਇਨ੍ਹਾਂ ਜਥੇਦਾਰਾਂ ਦੇ ਦੀਵਾਨ ਲੱਗੇ—ਗਿਆਨ ਮਾਰਤੰਡ ਪੰਡਤ ਗੋਪਾਲ ਸਿੰਘ, ਸੂਬਾ ਮੇਲਾ ਸਿੰਘ, ਜਥੇਦਾਰ ਇਕਬਾਲ ਸਿੰਘ, ਜਥੇਦਾਰ ਨਰੰਜਣ ਸਿੰਘ ਟਮਕੌਦੀ, ਜਥੇਦਾਰ ਗੁਰਦੀਪ ਸਿੰਘ, ਜਥੇਦਾਰ ਗੁਰਬਚਨ ਸਿੰਘ ਚਰਾਂਦ, ਜਥੇਦਾਰ ਬਲਕਾਰ ਸਿੰਘ, ਜਥੇਦਾਰ ਯੋਧਾ ਸਿੰਘ ਵਜੀਦ, ਤੇ ਜਥੇਦਾਰ ਅਰਜਨ ਸਿੰਘ ਗੌਸਗੜ੍ਹ। ਕਾਵਿ ਭੂਸ਼ਣ ਕਵੀ ਜਿਉਣ ਸਿੰਘ ਜੀ ਨੇ ਆਪਣੇ ਦੋ ਸ਼ਗਿਰਦਾਂ ਕਮਸ਼ੀਰ ਸਿੰਘ ਤੇ ਰਵੇਲ ਸਿੰਘ ਸਮੇਤ ਕਵਿਸ਼ਰੀ ਪੇਸ਼ ਕਰ ਕੇ ਰੰਗ

ਬੰਨ੍ਹਿਆ। ਪੰਡਤ ਗੋਪਾਲ ਸਿੰਘ ਦਾ ਲਗਾਇਆ ਦੀਵਾਨ ਇਤਨਾ ਪ੍ਰਭਾਵਸ਼ਾਲੀ ਸੀ ਕਿ ਅਨੇਕਾਂ ਸਰੀਰਾਂ ਨੇ ਮਾਸ-ਸ਼ਰਾਬ ਛੱਡਣ ਦਾ ਪ੍ਰਣ ਕੀਤਾ ਅਤੇ ਭਜਨ ਪੁਛਿਆ। ਹਜ਼ੂਰੀ ਰਾਗੀਆਂ ਸੰਤ ਹਰਬੰਸ ਘੁੱਲਾ ਤੇ ਸੰਤ ਸ਼ੇਰ ਸਿੰਘ ਨੇ ਕੀਰਤਨ ਕੀਤਾ। ਅੰਤ ਵਿਚ ਲੇਖਿਕਾ (ਸੂਬਾ ਸੁਰਿੰਦਰ ਕੌਰ ਖਰਲ) ਨੇ ਸ੍ਰੀ ਭੈਣੀ ਸਾਹਿਬ, ਬੀੜ, ਲੁਧਿਆਣਾ, ਚੰਡੀਗੜ੍ਹ, ਪੰਜਕੂਲਾ, ਮਨੀਮਾਜਰਾ, ਕਾਲਕਾ, ਰੋਪੜ ਅਤੇ ਰੋਪੜ ਜ਼ਿਲ੍ਹੇ ਦੇ ਪਿੰਡਾਂ ਡੈਹਰ, ਧੋਲਰਾਂ, ਮੰਜਲੀਪੁਰ ਤੇ ਹੋਰ ਦੂਰੋਂ ਨੇੜਿਓਂ ਆਈ ਸਾਧ ਸੰਗਤ ਦਾ ਧੰਨਵਾਦ ਕਰਨ ਦੇ ਨਾਲ ਸਾਰੇ ਆਏ ਸੂਬੇ ਸਾਹਿਬਾਨ, ਰਾਗੀ ਸਿੰਘਾਂ, ਜਥੇਦਾਰਾਂ ਅਤੇ ਲਾਂਗਰੀਆਂ ਦਾ ਧੰਨਵਾਦ ਕੀਤਾ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਇਹ ਮੇਲਾ ਅਗੋਂ ਤੋਂ ਹਰ ਸਾਲ ਵਧ ਚੜ੍ਹ ਕੇ ਹੁੰਦਾ ਰਹੇ।

ਚਮਕੌਰ ਸਾਹਿਬ ਦਾ ਦੂਜਾ ਸ਼ਹੀਦੀ ਜੋੜ-ਮੇਲਾ ਨਾਮਧਾਰੀ ਸੰਗਤ ਵਲੋਂ 21 ਦਸੰਬਰ 1996 ਨੂੰ ਹੋਇਆ। ਇਸ ਮੇਲੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਸਕਾਰਥ ਹੁੰਦਾ ਵੇਖ ਡੈਹਰ ਵਾਲਾ ਬਾਬਾ ਹਜਾਰਾ ਸਿੰਘ ਤਾਂ ਮਸਤਾਨਾ ਹੀ ਹੋ ਗਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਆਏ ਹਨ।

ਇਹ ਮੇਲਾ ਕਰਾਉਣ ਦੀ ਸੇਵਾ ਸੂਬਾ ਮਨੀ ਸਿੰਘ ਰੋਪੜ ਤੇ ਪਰਿਵਾਰ ਨੇ ਕੀਤੀ। ਇਨ੍ਹਾਂ ਜਥੇਦਾਰ ਦੇ ਦੀਵਾਨ ਲੱਗੇ—ਪੰਡਤ ਗੋਪਾਲ ਸਿੰਘ, ਕਵੀ ਜਿਉਣ ਸਿੰਘ, ਜਥੇਦਾਰ ਨਰੰਜਣ ਸਿੰਘ, ਜਥੇਦਾਰ ਇਕਬਾਲ ਸਿੰਘ ਤੇ ਜਥੇਦਾਰ ਦਲੀਪ ਸਿੰਘ ਬੈਂਜੋਮਾਸਟਰ। ਅਨੇਕਾਂ ਸਰੀਰਾਂ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰ, ਮਾਸ-ਸ਼ਰਾਬ ਛੱਡਣ ਦਾ ਪ੍ਰਣ ਕੀਤਾ ਅਤੇ ਭਜਨ ਪੁੱਛਿਆ।

ਇਸ ਮੇਲੇ ਸਮੇਂ, ਬਾਬਾ ਹਜ਼ਾਰਾ ਸਿੰਘ ਤੇ ਹੋਰ ਸੰਗਤ ਦੇ ਅਰਜ਼ ਕਰਨ 'ਤੇ, ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਦੇ ਪਿੰਡ ਡੈਹਰ ਮੁੰਡੀਆਂ (ਚਮਕੌਰ ਸਾਹਿਬ ਤੋਂ ਕ਼ਰੀਬ ਤਿੰਨ ਕਿਲੋਮੀਟਰ ਦੀ ਦੂਰੀ 'ਤੇ) ਵਿਖੇ ਘਰਾਂ ਵਿਚ ਚਰਨ ਪਾਏ।

ਬਾਬਾ ਹਜਾਰਾ ਸਿੰਘ ਚਿੱਟੀ ਨੋਕਦਾਰ ਪੱਗ ਬੰਨ੍ਹਿਆ ਕਰਦੇ ਸਨ। ਆਪ ਜੀ ਦੇ ਮਨ ਵਿਚ ਇਹ ਇੱਛਾ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਮੇਰੀ ਪੱਗ ਸਿੱਧੀ ਕਰਨ ਤਾਂ ਹੀ ਸਿੱਧੀ ਪੱਗ ਬੰਨ੍ਹਾਂਗਾ।

ਚਮਕੌਰ ਸਾਹਿਬ ਦੇ ਦੂਜੇ ਮੇਲੇ ਤੋਂ ਬਾਅਦ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਬਾਬਾ ਹਜ਼ਾਰਾ ਸਿੰਘ ਨੂੰ ਆਪਣੇ ਨਾਲ ਸ੍ਰੀ ਭੈਣੀ ਸਾਹਿਬ ਲੈ ਗਏ। ਉਥੇ ਲਿਜਾ ਕੇ ਸੱਚੇ ਪਾਤਸ਼ਾਹ ਜੀ ਨੇ ਬਾਬਾ ਹਜ਼ਾਰਾ ਸਿੰਘ ਦੀ ਦਸਤਾਰ ਆਪਣੇ ਕਰ-ਕਮਲਾਂ ਨਾਲ ਸਿੱਧੀ ਕਰ ਦਿਤੀ। ਬਾਬਾ ਹਜ਼ਾਰਾ ਸਿੰਘ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਤੇ ਢਹਿ ਪਿਆ ਤੇ ਵੈਰਾਗੀ ਹੋ ਕਹਿਣ ਲੱਗਾ ਕਿ ਇਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ ਹੈ ਕਿ ਚਮਕੌਰ ਸਾਹਿਬ ਵਿਖੇ ਜ਼ਮੀਨ ਖ਼ਰੀਦ ਕੇ ਨਾਮਧਾਰੀ ਧਰਮਸ਼ਾਲਾ ਬਣਾਈ ਜਾਵੇ ਤੇ ਇਸ ਥਾਂ 'ਤੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਹਰ ਸਾਲ ਮੇਲਾ ਕੀਤਾ ਜਾਇਆ ਕਰੇ।

**ਸਿਆੜ੍ਹ (ਜ਼ਿਲ੍ਹਾ ਲੁਧਿਆਣਾ) ਦਾ ਮੇਲਾ** (ਮਾਈਆਂ ਨੂੰ ਅੰਮ੍ਰਿਤ ਛਕਾਇਆ)

ਸੰਮਤ ੧੯੨੦ ਬਿਕ੍ਰਮੀ, ਜੇਠ ਦੀ ਪੂਰਨਮਾਸ਼ੀ ਵਾਲੇ ਦਿਨ (2 ਜੂਨ 1863), ਪਿੰਡ ਸਿਆੜ੍ਹ ਜ਼ਿਲ੍ਹਾ ਲੁਧਿਆਣਾ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਈਆਂ ਨੂੰ ਕਛਹਿਰੇ ਪਵਾ ਕੇ ਅੰਮ੍ਰਿਤ ਛਕਾਉਣ ਦੀ ਪ੍ਰਥਾ ਤੋਰੀ। ਇਸ ਦਿਨ ਦੀ ਯਾਦ ਵਿਚ ਪਿੰਡ ਸਿਆੜ੍ਹ ਵਿਖੇ ਸੰਨ 1996 (ਸੰਮਤ ੨੦੫੩) ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਮੇਲਾ ਮਨਾਉਣਾ ਸ਼ੁਰੂ ਹੋ ਗਿਆ ਹੈ।

31 ਮਈ 1996 ਨੂੰ ਸਿਆੜ੍ਹ ਵਿਖੇ ਹੋਏ ਇਸ ਮੇਲੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪ੍ਰਵਚਨਾਂ ਵਿਚ ਫ਼ਰਮਾਇਆ ਕਿ ਜਿਹੜੀਆਂ ਨਾਮਧਾਰੀ ਬੀਬੀਆਂ ਸਲਵਾਰਾਂ ਪਾਉਂਦੀਆਂ ਹਨ, ਅੱਗੋਂ ਤੋਂ ਚੂੜੀਵਾਲੀ ਸੁੱਥਣ (ਨਾਮਧਾਰੀ ਪਹਿਰਾਵਾ) ਪਾਉਣ ਦਾ ਪ੍ਰਣ ਕਰਨ।

ਸਿਆੜ੍ਹ ਵਿਖੇ ਅਗਲਾ ਮੇਲਾ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ 2 ਜੂਨ 1997 (੨੦ ਜੇਠ ੨੦੫੪) ਨੂੰ ਹੋਇਆ।

ਸਿਆੜ੍ਹ ਵਿਖੇ, ਜਿਸ ਘਰ ਦੇ ਚੁਬਾਰੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਸ ਵੇਲੇ ਬਿਰਾਜਮਾਨ ਸਨ, ਜਦੋਂ ਮਲੇਰਕੋਟਲੇ ਵਿਖੇ 17-18 ਜਨਵਰੀ 1872 ਨੂੰ ਸ਼ਹੀਦੀ ਸਾਕਾ ਹੋ ਰਿਹਾ ਸੀ, (ਨਾਮਧਾਰੀ ਸਿੰਘ, ਅੰਗ੍ਰੇਜ਼ਾਂ ਦੁਆਰਾ ਤੋਪਾਂ ਨਾਲ ਸ਼ਹੀਦ ਕੀਤੇ ਜਾ ਰਹੇ ਸਨ ਅਤੇ ਤੋਪਾਂ ਦੇ ਫਾਇਰਾਂ ਦੀਆਂ ਆਵਾਜ਼ਾਂ ਸਿਆੜ੍ਹ ਦੇ ਉਸ ਚੁਬਾਰੇ ਵਿਚ ਵੀ ਸੁਣਾਈ ਦੇ ਰਹੀਆਂ ਸਨ), ਉਸ ਮਕਾਨ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਯਾਦਗਾਰ ਵਜੋਂ ਖ਼ਰੀਦ ਲਿਆ ਹੈ। ਸੰਨ 1872 ਨੂੰ 16 ਜਨਵਰੀ ਦੀ ਰਾਤ ਅਤੇ 17 ਜਨਵਰੀ ਦਾ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਿਆੜ੍ਹ ਦੇ ਇਸ ਮਕਾਨ ਵਿਚ ਰਹੇ।। ਮਕਾਨ ਦੀ ਛੱਤ ਇਤਨਾ ਸਮਾਂ ਗੁਜਰਣ ਦੇ ਬਾਵਜੂਦ ਵੀ ਉਸੇ ਤਰ੍ਹਾਂ ਮਜ਼ਬੂਤ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਚਾਹੁੰਦੇ ਹਨ ਕਿ ਇਸ ਪੁਰਾਣੇ ਅਤੇ ਇਤਿਹਾਸਕ ਘਟਨਾ ਦੀ ਯਾਦ ਦਵਾਉਣ ਵਾਲੇ ਮਕਾਨ ਨੂੰ, ਉਸੇ ਤਰ੍ਹਾਂ ਕਾਇਮ ਰੱਖ ਕੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪੱਵਿੱਤਰ ਯਾਦਗਾਰ ਵਜੋਂ ਸੰਭਾਲ ਕੇ ਰਖਿਆ ਜਾਵੇ।

31 ਮਈ 1996 ਨੂੰ ਜਦੋਂ ਸਿਆੜ੍ਹ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ ਹੋਇਆ, ਅਸੀਂ ਕੁਝ ਸਰੀਰ ਇਹ ਮਕਾਨ ਵੇਖਣ ਗਏ। ਸੂਬਾ ਮੇਲਾ ਸਿੰਘ ਰਫ਼ੀਨ ਨੇ ਦੱਸਿਆ ਕਿ ਇਹ ਮਕਾਨ ਉਸ ਵੇਲੇ ਉਨ੍ਹਾਂ ਦੇ ਸੌਹਰੇ ਦੇ ਪੜਦਾਦੇ ਬਾਬਾ ਬੇਲਾ ਸਿੰਘ ਦਾ

ਸੀ। ਉਨ੍ਹਾਂ ਨੇ 800 ਰੁ: ਵਿਚ ਇਹ ਮਕਾਨ ਕਿਸੇ ਨੂੰ ਵੇਚ ਦਿਤਾ ਸੀ ਅਤੇ ਹੁਣ ਇਸ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਖ਼ਰੀਦ ਲਿਆ ਹੈ।

ਸੰਤ ਤਰਸੇਮ ਸਿੰਘ ਨੇ ਦੱਸਿਆ ਕਿ 29-30 ਜਨਵਰੀ 1996 ਨੂੰ ਜਿਸ ਦਿਨ ਰਾਮਪੁਰਾ ਫੂਲ ਵਿਖੇ ਸ਼ਹੀਦਾਂ ਦਾ ਮੇਲਾ ਹੋਇਆ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੂਬਾ ਮੇਲਾ ਸਿੰਘ ਰਛੀਨ ਅਤੇ ਸੂਬਾ ਦਰਸ਼ਨ ਸਿੰਘ ਰਾਏਸਰ ਨੂੰ ਰਕਮ ਦੇ ਕੇ ਇਸ ਮਕਾਨ ਨੂੰ ਖ਼ਰੀਦਣ ਲਈ ਭੇਜਿਆ। ਪਚਾਨਵੇਂ ਹਜ਼ਾਰ ਵਿਚ ਇਸ ਮਕਾਨ ਨੂੰ ਖ਼ਰੀਦ ਲਿਆ ਗਿਆ ਹੈ। ਸਿਆੜ੍ਹ ਦੇ ਸੰਤ ਅਵਤਾਰ ਸਿੰਘ ਨੇ ਇਸ ਮਕਾਨ ਦੇ ਨਾਲ ਲਗਦੀ ਆਪਣੀ ਜਗ੍ਹਾ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੱਥਾ ਟੇਕ ਦਿੱਤੀ ਹੈ। ਹੋਰ ਨਾਲ ਵਾਲੀਆਂ ਥਾਵਾਂ ਵੀ ਖ਼ਰੀਦੇ ਜਾਣ ਦੀ ਸਕੀਮ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਨਕੇ ਪਿੰਡ ਨੰਗਲ (ਜ਼ਿਲ੍ਹਾ ਲੁਧਿਆਣਾ) ਵਾਲੇ ਮਕਾਨ ਨੂੰ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਗਰ-ਨਿਵਾਸੀਆਂ ਦੇ ਅਰਜ਼ ਕਰਨ 'ਤੇ ਯਾਦਗਾਰ ਵਜੋਂ ਸੰਭਾਲ ਲਿਆ ਹੈ ਅਤੇ ਇਸ ਨਗਰ ਵਿਖੇ ਮੇਲਾ ਕੀਤਾ ਜਾਇਆ ਕਰੇਗਾ। ਨਾਨਕੇ ਘਰ ਵਾਲੀ ਇਹ ਜਗ੍ਹਾ, ਹਜ਼ੂਰ ਖ਼ੁਦ ਨੰਗਲ ਪਿੰਡ ਜਾ ਕੇ ਵੇਖ ਆਏ ਹਨ ਅਤੇ ਨਕਸ਼ਾ ਬਣਾਉਣ ਵਾਸਤੇ ਸ੍ਰ. ਨਿਰਮਲ ਸਿੰਘ ਇੰਜੀਨੀਅਰ (ਸ੍ਰੀ ਭੈਣੀ ਸਾਹਿਬ) ਨੂੰ ਹੁਕਮ ਕਰ ਦਿਤਾ ਹੈ।

**ਪਿੰਡ ਖੋਟੇ (ਜ਼ਿਲ੍ਹਾ ਫ਼ਿਰੋਜ਼ਪੁਰ) ਵਿਖੇ ਮੇਲਾ**

(ਅਨੰਦ-ਕਾਰਜਾਂ ਦੀ ਗੁਰਮਤਿ ਰਸਮ ਦੀ ਸ਼ੁਰੂਆਤ ਦੀ ਯਾਦ 'ਚ)

ਸਿਆੜ੍ਹ ਵਿਖੇ ਮਾਈਆਂ ਨੂੰ ਅੰਮ੍ਰਿਤ ਛਕਾਉਣ ਤੋਂ ਅਗਲੇ ਦਿਨ 3 ਜੂਨ 1863 ਮੁਤਾਬਕ ਜੇਠ ਸੁਦੀ ਦਸ ੧੯੨੦ ਬਿਕ੍ਰਮੀ ਨੂੰ ਪਿੰਡ ਖੋਟੇ (ਜ਼ਿਲ੍ਹਾ ਫ਼ਿਰੋਜ਼ਪੁਰ) ਵਿਖੇ, ਹਵਨ ਕਰ ਕੇ ਵੇਦੀ ਗੱਡ ਕੇ, ਲਾਵਾਂ ਪੜ੍ਹ ਕੇ, ਛੇ ਅੰਤਰਜਾਤੀ ਜੋੜਿਆਂ ਦੇ ਵਿਆਹ ਕਰਕੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਮਤ ਅਨੰਦ-ਕਾਰਜ ਦੀ ਮਰਿਯਾਦਾ ਆਰੰਭੀ ਸੀ, ਇਸ ਦਿਨ ਦੀ ਯਾਦ ਵਿਚ ਹਰ ਵਰ੍ਹੇ, ਪਿੰਡ ਖੋਟੇ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਮੇਲਾ ਕੀਤਾ ਜਾਂਦਾ ਹੈ।

ਪਿੰਡ ਖੋਟੇ ਵਿਖੇ, ਜਾਤ-ਪਾਤ ਦੇ ਬੰਧਨਾਂ ਨੂੰ ਤੋੜ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਗਈ ਨਵੀਂ ਆਨੰਦ-ਕਾਰਜਾਂ ਦੀ ਮਰਿਯਾਦਾ ਨੂੰ, ਉਸ ਵੇਲੇ ਵੇਖਣ ਵਾਲੇ ਲੋਕ ਹੈਰਾਨ ਰਹਿ ਗਏ ਸਨ। ਸਭ ਤੋਂ ਪਹਿਲਾਂ ਹਵਨ ਕੀਤਾ ਗਿਆ। ਹਵਨ ਕਰਨ ਲੱਗੇ ਮੰਤਰਾਂ ਦੀ ਥਾਂ ਗੁਰਬਾਣੀ ਦੇ ਪਾਠ ਪੜ੍ਹੇ ਗਏ। ਉਪਰੰਤ ਹਵਨ-ਕੁੰਡ (ਬੇਦੀ) ਦੁਆਲੇ ਫੇਰੇ ਦਿੱਤੇ ਗਏ। ਫੇਰਿਆਂ ਵੇਲੇ ਸੂਹੀ ਰਾਗ 'ਚੋਂ ਉਚਾਰਣ ਚਾਰ ਲਾਵਾਂ ਦਾ ਪਾਠ ਕੀਤਾ ਗਿਆ। ਬਾਬਾ ਸਮੁੰਦ ਸਿੰਘ ਦੀ

ਧੀ ਤੇ ਪੋਤਰੀ ਅਤੇ ਚਾਰ ਹੋਰਨਾਂ ਦੇ ਅਨੰਦ ਪੜ੍ਹ ਗਏ। ਤਰਖਾਣ ਦੀ ਲੜਕੀ ਅਤੇ ਅਰੋੜਿਆਂ ਦਾ ਲੜਕਾ। ਪੰਡਤਾਂ ਨੂੰ ਆਪਣੀ ਰੋਜ਼ੀ ਖੁੱਸਦੀ ਨਜ਼ਰ ਆਈ। ਉਹਨਾਂ ਪਹਿਲੋਂ ਸੜ ਮਰਨ ਦੀ ਧਮਕੀ ਦਿੱਤੀ ਫਿਰ ਬਾਘੇਪੁਰਾਣਾ ਦੇ ਥਾਣੇ ਰਿਪੋਰਟ ਕਰ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਨੂੰ ਥਾਣਿਓਂ ਥਾਣੀਂ 14 ਜੂਨ ਨੂੰ ਸ੍ਰੀ ਭੈਣੀ ਸਾਹਿਬ ਪਹੁੰਚਾਇਆ ਗਿਆ, ਏਥੋਂ ਏਸੇ ਕੇਸ ਵਿਚ ਸਤਿਗੁਰੂ ਜੀ ਨੂੰ ਲੁਧਿਆਣੇ ਕਚਿਹਰੀ ਵੀ ਜਾਣਾ ਪੈਂਦਾ ਰਿਹਾ।

## ਪ੍ਰਦੇਸ-ਗਵਨ ਯਾਦਗਾਰੀ ਮੇਲਾ

### ਲੁਧਿਆਣੇ ਰੇਲਵੇ ਸਟੇਸ਼ਨ 'ਤੇ

18 ਜਨਵਰੀ 1872 ਨੂੰ ਲੁਧਿਆਣੇ ਦੇ ਰੇਲਵੇ ਸਟੇਸ਼ਨ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੇਲਗੱਡੀ 'ਤੇ ਚੜ੍ਹਾ ਕੇ ਜਲਾਵਤਨੀ ਲਈ ਲਿਜਾਇਆ ਗਿਆ। ਉਸ ਪ੍ਰਦੇਸ-ਗਵਨ ਦੇ ਦਿਨ ਦੀ ਯਾਦ ਵਿਚ 18 ਜਨਵਰੀ 1997 ਨੂੰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਲੁਧਿਆਣੇ ਰੇਲਵੇ ਸਟੇਸ਼ਨ 'ਤੇ ਬੜੇ ਵੈਰਾਗਮਈ ਢੰਗ ਨਾਲ, ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮੇਲੇ ਦੇ ਰੂਪ ਵਿਚ ਸ਼ਾਮ 6 ਵਜੇ ਤੋਂ ਰਾਤ ਦੇ 10 ਵਜੇ ਤਕ ਮਨਾਇਆ ਗਿਆ। ਸਾਰੇ ਫਿਰਕਿਆਂ ਦੇ ਪਤਵੰਤੇ ਸੱਜਣਾਂ ਨੇ ਦਰਸ਼ਨ ਦਿਤੇ ਤੇ ਉਸ ਦਿਨ ਦੀ ਯਾਦ ਵਿਚ ਸਿਰ ਨਿਵਾਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਨੂੰ ਅਜ਼ਾਦ ਕਰਵਾਇਆ, ਇਸ ਸੰਬੰਧੀ ਲੈਕਚਰ ਹੋਏ, ਜਥੇਦਾਰ ਨੇ ਦੀਵਾਨ ਲਾਏ, ਅਜ਼ਾਦੀ ਦੀ ਸ਼ਮਾਂ ਦੇ ਪਰਵਾਨੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿਤੀਆਂ ਗਈਆਂ। ਇਸ ਮੇਲੇ ਸਮੇਂ ਵਿਸ਼ੇਸ਼ ਤੌਰ 'ਤੇ ਪਧਾਰਣ ਵਾਲੇ ਸਨ—ਸ੍ਰੀ ਹਰਨਾਮ ਦਾਸ ਜੌਹਰ ਸਾਬਕਾ ਸਪੀਕਰ ਵਿਧਾਨ ਸਭਾ ਪੰਜਾਬ, ਸ੍ਰ. ਸੁਖਜਿੰਦਰ ਸਿੰਘ ਸਾਬਕਾ ਸਿੱਖਿਆ ਮੰਤਰੀ ਪੰਜਾਬ, ਸ੍ਰ. ਕੁਲਦੀਪ ਸਿੰਘ ਵਡਾਲਾ ਸਾਬਕਾ ਐਮ.ਐਲ.ਏ., ਸ੍ਰ. ਅਮਰਜੀਤ ਸਿੰਘ ਭਾਟੀਆ ਮੈਂਬਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕੀ ਕਮੇਟੀ ਤੇ ਸ੍ਰ. ਗੁਰਭਜਨ ਸਿੰਘ ਸੰਨਿਆਸੀ ਪਟਿਆਲਾ ਆਦਿਕ।

17 ਜਨਵਰੀ 1872 ਨੂੰ ਪਿੰਡ ਸਿਆੜ੍ਹ ਵਿਖੇ, ਮਲੇਰਕੋਟਲੇ ਹੋ ਰਹੇ ਸ਼ਹੀਦੀ ਸਾਕੇ ਵਿਚ ਚਲ ਰਹੀਆਂ ਤੋਪਾਂ ਦੇ ਫਾਇਰਾਂ ਦੀਆਂ ਆਵਾਜ਼ਾਂ ਸੁਣਨ ਮਗਰੋਂ, ਸ਼ਾਮ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸੇਵਕਾਂ ਸਹਿਤ ਘੋੜਿਆਂ ਉਤੇ ਚੜ੍ਹ ਕੇ ਸ੍ਰੀ ਭੈਣੀ ਸਾਹਿਬ ਵਲ ਚਲ ਪਏ। ਸੱਚੇ ਪਾਤਸ਼ਾਹ ਜੀ ਅਜੇ ਸ੍ਰੀ ਭੈਣੀ ਸਾਹਿਬ ਪਹੁੰਚੇ ਹੀ ਸਨ ਕਿ ਥਾਣੇਦਾਰ ਸ਼ਾਹ ਵਲੀ ਖਾਂ ਨੇ ਕਮਿਸ਼ਨਰ ਫੋਰਸਾਇਥ ਦਾ ਹੁਕਮ ਸੁਣਾਇਆ ਕਿ ਆਪ ਜਲਦੀ ਤੋਂ ਜਲਦੀ ਲੁਧਿਆਣਾ ਕਮਿਸ਼ਨਰ ਦੇ ਪੇਸ਼ ਹੋਵੋ। ਸ੍ਰੀ ਸਤਿਗੁਰੂ ਜੀ ਨੇ ਗੁਰਦਿੱਤ ਸਿੰਘ ਨੂੰ ਗੱਡਾ ਤਿਆਰ ਕਰਨ ਲਈ ਕਿਹਾ। ਉੱਨ ਦੀ ਦਸਤਾਰ ਸੀਸ ਤੇ ਬੱਧੀ ਅਤੇ ਕਾਲੀ ਕੰਬਲੀ ਦੁਆਲੇ ਲੈ ਕੇ ਸ੍ਰੀ ਸਤਿਗੁਰੂ

ਜੀ ਨੇ ਅਰਦਾਸ ਕੀਤੀ ਅਤੇ ਗੱਡੇ 'ਤੇ ਬੈਠ ਗਏ। ਸ੍ਰੀ ਸਤਿਗੁਰੂ ਜੀ ਨਾਲ ਨਾਨੂੰ ਸਿੰਘ ਨਿਜੀ ਸੇਵਕ, ਸੂਬਾ ਜਵਾਹਰ ਸਿੰਘ ਤੇ ਸੂਬਾ ਸਾਹਿਬ ਸਿੰਘ ਗੱਡੇ ਵਿਚ ਬੈਠ ਗਏ। ਗ਼ਮ ਨਾਲ ਵਿਆਕੁਲ ਹੋਈ ਸਾਧ-ਸੰਗਤ ਨੂੰ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਸਵਾ ਗਿਆਰਾਂ ਰੁਪਏ ਦਾ ਕੜਾਹ ਪ੍ਰਸ਼ਾਦਿ ਵੰਡ ਕੇ ਸਭ ਆਪੋ ਆਪਣੇ ਘਰਾਂ ਨੂੰ ਚਲੇ ਜਾਣ, ਰਾਤ ਨੂੰ ਸੌਣ ਨਾ, ਮਾਲਾ ਫੇਰਨ ਤੇ ਪਾਠ ਕਰਨ। ਰਾਤ ਨੂੰ ਕਰੀਬ ਇਕ ਵਜੇ ਸ੍ਰੀ ਸਤਿਗੁਰੂ ਜੀ ਲੁਧਿਆਣੇ ਪਹੁੰਚੇ। ਇਥੇ ਮਿ: ਫੋਰਸਾਇਥ ਪਹਿਲਾਂ ਹੀ ਆਪ ਜੀ ਦਾ ਇੰਤਜ਼ਾਰ ਕਰ ਰਿਹਾ ਸੀ। ਉਹ ਹਜ਼ੂਰ ਨਾਲ ਤਿੰਨ ਘੰਟੇ ਗੱਲ-ਬਾਤ ਕਰਦਾ ਰਿਹਾ।

ਸੂਬਾ ਲੱਖਾ ਸਿੰਘ ਨੂੰ ਲੁਧਿਆਣੇ ਵਿਖੇ ਹੀ ਬੰਦੀ ਬਣਾ ਲਿਆ ਗਿਆ ਸੀ। 18 ਜਨਵਰੀ ਨੂੰ ਸਵੇਰੇ ਚਾਰ ਵਜੇ ਲੁਧਿਆਣੇ ਰੇਲਵੇ ਸਟੇਸ਼ਨ ਤੋਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ, ਸੂਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ, ਸੂਬਾ ਲੱਖਾ ਸਿੰਘ ਤੇ ਨਿਜੀ ਸੇਵਕ ਭਾਈ ਨਾਨੂੰ ਸਿੰਘ ਸਮੇਤ, ਮਿ: ਜੈਕਸਨ ਦੀ ਗੋਰਖਾ ਗਾਰਦ ਦੇ ਪਹਿਰੇ ਹੇਠ ਸਪੈਸ਼ਲ ਗੱਡੀ ਰਾਹੀਂ ਅਲਾਹਾਬਾਦ ਭੇਜ ਦਿੱਤਾ ਗਿਆ, ਜਿਥੋਂ ਬਾਅਦ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਰਮਾ ਵਿਖੇ ਜਲਾਵਤਨ ਕੀਤਾ ਗਿਆ।

ਸੰਨ1972 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਪ੍ਰਦੇਸ-ਗਵਨ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਈ ਗਈ।

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਯਾਦਗਾਰੀ ਮੇਲੇ

8-9 ਮਈ, ਸੰਨ 1997 (੨੬, ੨੭ ਵੈਸਾਖ ੨੦੫੪) ਨੂੰ, ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ (ਜ਼ਿਲ੍ਹਾ ਸਰਸਾ) ਵਿਖੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ੍ਰੀ ਜੀਵਨ ਨਗਰ ਵਿਖੇ ਆਖਰੀ ਦਰਸ਼ਨਾਂ ਦੀ ਯਾਦ ਵਿਚ ਮੇਲਾ ਮਨਾਇਆ ਗਿਆ। (੨੬-੨੭ ਵੈਸਾਖ ਬਾਰੇ ਗੱਦੀ ਨਸ਼ੀਨੀ ਅਧਿਆਏ ਵਿਚੋਂ ਪੜ੍ਹੋ)

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦਾ ਦਿਨ ਪੰਜ ਭਾਦਰੋਂ, ਕਥਾ ਕੀਰਤਨ ਅਤੇ ਦੀਵਾਨ ਲਾ ਕੇ ਦੇਸ਼ ਵਿਦੇਸ਼ ਵਿਚ ਨਾਮਧਾਰੀ ਸਿੱਖਾਂ ਵਲੋਂ ਹਰ ਥਾਂ ਮਨਾਇਆ ਜਾਂਦਾ ਹੈ।

## ਸਾਰੇ ਗੁਰਪੁਰਬਾਂ ਸਮੇਂ ਮੇਲੇ

ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ, ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ, ਸਾਰੇ ਗੁਰੂਆਂ ਦੇ ਆਗਮਨ ਦਿਵਸ, ਸਾਰੇ ਗੁਰਪੁਰਬ, ਨਾਮਧਾਰੀ ਸੰਗਤ ਵਲੋਂ ਸ਼ਹਿਰਾਂ 'ਚ ਜਲੂਸ

ਕੱਢ ਕੇ ਤੇ ਭਜਨ-ਬੰਦਗੀ, ਕਥਾ ਕੀਰਤਨ ਰੂਪੀ ਮੇਲਿਆਂ ਦੇ ਰੂਪ 'ਚ ਮਨਾਏ ਜਾਂਦੇ ਹਨ। ਹਰ ਸਾਲ ਅੱਠ ਮੱਘਰ ਨੂੰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼-ਦਿਵਸ ਦਾ ਮੇਲਾ, ਦੇਸ਼ ਵਿਚ ਤੇ ਵਿਦੇਸ਼ਾਂ ਵਿਚ ਜਿਥੇ ਜਿਥੇ ਨਾਮਧਾਰੀ ਸੰਗਤ ਵਸਦੀ ਹੈ, ਹਰ ਥਾਂ ਕਰ ਕੇ ਖੁਸ਼ੀ ਮਨਾਈ ਜਾਂਦੀ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਹੈ :

"ਆਪਸ ਵਿਚ ਪਿਆਰ ਨਾਲ ਸਾਂਝੇ ਗੁਰਪੁਰਬ ਮਨਾਓ ਤਾਂ ਬਹੁਤਾ ਹੀ ਸਵਾਦ ਆਵੇ। ਜੇ ਅਕਾਲੀ ਸਿੰਘਾਂ ਮਨਾਉਣਾ ਹੈ, ਨਾਮਧਾਰੀ ਉਹਨਾਂ ਕੋਲ ਜਾਣ, ਜੇ ਨਾਮਧਾਰੀਆਂ ਨੇ ਮਨਾਉਣਾ ਹੈ ਤਾਂ ਉਹ ਵੀ ਆਉਣ, ਇਕੱਠੇ ਬਹਿਣ, ਇਕੱਠੇ ਰਹਿਣ। ਲੋਕਾਂ ਨੂੰ ਪਤਾ ਲਗੇ ਕਿ ਬੜਾ ਇਤਫਾਕ ਹੈ।"

## ਮਾਤਾ ਭੁਪਿੰਦਰ ਕੌਰ ਯਾਦਗਾਰੀ ਮੇਲਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਕਿਰਪਾ ਕੀਤੀ ਹੈ, 13 ਸਤੰਬਰ ਸੰਨ 1992 (੨੯ ਭਾਦਰੋਂ ੨੦੪੯) ਤੋਂ ਮਾਤਾ ਭੁਪਿੰਦਰ ਕੌਰ ਜੀ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਾਤਾ ਜੀ) ਦੀ ਪਵਿੱਤਰ ਯਾਦ ਵਿਚ ਹਰ ਸਾਲ ਸ੍ਰੀ ਭੈਣੀ ਸਾਹਿਬ ਵਿਖੇ ਮੇਲਾ ਕਰਾਉਣਾ ਸ਼ੁਰੂ ਕੀਤਾ ਹੈ। (ਮਾਤਾ ਭੁਪਿੰਦਰ ਕੌਰ ਜੀ ੨੫ ਭਾਦਰੋਂ ਸੰਮਤ ੧੯੮੨ (ਸਤੰਬਰ 1924) ਨੂੰ ਚੜ੍ਹਾਈ ਕੀਤੇ ਸਨ)

ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿਚ ਮਨਾਏ ਗਏ ਇਸ ਪਹਿਲੇ ਮੇਲੇ ਸਮੇਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਮਗਰੋਂ ਦਿਨੇ ਜਥੇਦਾਰਾਂ ਦੇ ਹੱਲੇ ਦੇ ਦੀਵਾਨ ਲੱਗੇ। ਦੁਪਹਿਰ ਦੇ ਨਿਤਨੇਮ ਤੋਂ ਬਾਅਦ ਤੇ ਗਿਆਨ ਮਾਰਤੰਡ ਪੰਡਤ ਗੋਪਾਲ ਸਿੰਘ ਜੀ ਦੇ ਲਾਏ ਦੀਵਾਨ ਉਪ੍ਰੰਤ ਸ਼ਰਧਾਂਜਲੀਆਂ ਅਤੇ ਵਿਖਿਆਨਾਂ ਦਾ ਸਿਲਸਿਲਾ ਚਲਿਆ। ਸ੍ਰੀ ਸਤਿਗੁਰੂ ਜੀ ਦੇ ਪਾਵਨ ਪ੍ਰਵਚਨ ਹੋਏ। ਅਨੇਕਾਂ ਪਾਠਾਂ ਦੇ ਭੋਗ ਪਾਏ ਗਏ। ਕਵੀ ਪ੍ਰੀਤਮ ਸਿੰਘ ਜੀ ਦੁਆਰਾ ਮਾਤਾ ਭੁਪਿੰਦਰ ਕੌਰ ਜੀ ਬਾਰੇ ਲਿਖਿਆ ਪੈਂਫਲਿਟ ਸਾਧ-ਸੰਗਤ ਵਿਚ ਵੰਡਿਆ ਗਿਆ।

ਇਸ ਸਮਾਗਮ ਵਾਸਤੇ ਬੀਬੀਆਂ ਵਿਚ ਭਾਰੀ ਉਤਸ਼ਾਹ ਸੀ। ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ (ਇਸਤਰੀ ਵਿੰਗ) ਦੇ ਸਾਬਕਾ ਪ੍ਰਧਾਨ ਬੀਬੀ ਮਹਿੰਦਰ ਕੌਰ ਹੁਸ਼ਿਆਰਪੁਰ, ਉਸ ਵੇਲੇ ਦੀ ਪ੍ਰਧਾਨ ਸੁਰਿੰਦਰ ਕੌਰ ਖਰਲ (ਇਸ ਗ੍ਰੰਥ ਦੀ ਲੇਖਿਕਾ) ਅਤੇ ਜਨਰਲ ਸਕੱਤਰ ਬੀਬੀ ਸਿਮਰਜੀਤ ਕੌਰ ਨੇ ਮਾਤਾ ਭੁਪਿੰਦਰ ਕੌਰ ਜੀ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਦਿੱਲੀ ਤੇ ਲੁਧਿਆਣਾ ਦੀਆਂ ਨੌਜਵਾਨ ਬੱਚੀਆਂ ਨੇ ਮਾਤਾ ਜੀ ਦੇ ਜੀਵਨ ਬਾਰੇ ਭਾਸ਼ਣ ਦਿੱਤੇ।

ਪੰਥ ਰਤਨ ਮਾਸਟਰ ਨਿਹਾਲ ਸਿੰਘ, ਸੰਤ ਤਰਸੇਮ ਸਿੰਘ, ਕਵੀ ਪ੍ਰੀਤਮ ਸਿੰਘ, ਸ੍ਰੀ ਹਰਵਿੰਦਰ

ਸਿੰਘ ਹੰਸਪਾਲ, ਸ੍ਰੀ ਜਗਦੀਸ਼ ਸਿੰਘ ਵਰਿਆਮ, ਮਾਸਟਰ ਅਜੀਤ ਸਿੰਘ ਚੀਮਾ ਅਤੇ ਸੰਤ ਦਲੀਪ ਸਿੰਘ ਨੇ ਆਪੋ-ਆਪਣੇ ਅੰਦਾਜ਼ ਵਿਚ ਮਾਤਾ ਜੀ ਦੀ ਪਾਵਨ ਸ਼ਖ਼ਸੀਅਤ ਅਤੇ ਘਾਲਣਾ ਨੂੰ ਯਾਦ ਕੀਤਾ।

ਸੰਤ ਤਰਸੇਮ ਸਿੰਘ ਨੇ ਆਖਿਆ,

"ਸਭ ਤੋਂ ਪਹਿਲਾਂ ਸਾਨੂੰ ਉਸ ਮਹਾਨ ਸਤਿਗੁਰੂ ਦਾ ਧੰਨਵਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਸਾਨੂੰ ਸੁੱਤਿਆਂ ਹੋਇਆਂ ਨੂੰ ਜਗਾ ਕੇ ਆਖਿਆ ਹੈ ਕਿ ਕਿਉਂ ਸੌਂ ਗਏ ਹੋ, ਮਾਤਾ ਭੁਪਿੰਦਰ ਕੌਰ ਜਿਹਦੀ ਇੰਨੀ ਘਾਲਣਾ ਹੈ, ਜਿਹਦਾ ਸੌਹਰਾ ਵੀ ਤੇ ਪਤੀ ਵੀ ਇਕ ਮਹਾਨ ਸਤਿਗੁਰੂ ਹੋਵੇ ਤੇ ਅਗੋਂ ਫਿਰ ਪੁੱਤਰ ਐਸਾ ਸਤਿਗੁਰ ਹੋਵੇ ਜਿਸ ਦੀ ਦੁਨੀਆਂ ਵਿਚ ਅੱਜ ਤਕ ਮਿਸਾਲ ਕੋਈ ਨਹੀਂ ਤੇ ਤੁਸੀਂ ਉਹਦਾ ਨਾਂ ਵੀ ਨਾ ਲਵੋ ਅੱਜ ਤਕ, ਕਿੰਨੇ ਸਾਲ ਹੋ ਗਏ ਨੇ ਤੁਹਾਨੂੰ ਕੋਈ ਹੋਸ਼ ਨਹੀਂ, ਕੋਈ ਯਾਦ ਨਹੀਂ ਤੁਹਾਨੂੰ!"

"ਮੈਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਅੱਗੇ ਹੱਥ ਜੋੜ ਕੇ ਅਰਜ਼ ਕਰਦਾ ਹਾਂ ਕਿ ਇਸ ਮਹਾਨ ਦਿਨ 'ਤੇ ਸਾਨੂੰ ਸਾਰੇ ਸਿੱਖਾਂ ਨੂੰ ਇਹ ਸੁਮੱਤ ਦਿਓ ਕਿ ਸਾਡੀ ਬਿਰਤੀ ਇਸ ਤਰ੍ਹਾਂ ਦੀ ਹੋ ਜਾਵੇ ਕਿ ਅਸੀਂ ਆਪ ਜੀ ਦੀ ਆਗਿਆ ਦਾ ਪਾਲਨ ਕਰੀਏ। ਅਸੀਂ ਇਹ ਨਾ ਕਹੀਏ ਕਿ ਸਤਿਗੁਰੂ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਸਤਿਗੁਰੂ ਨੂੰ ਐਹ ਕਰਨਾ ਚਾਹੀਦਾ ਹੈ। ਜੇ ਇਸ ਪਾਸੇ ਤੁਰ ਪਿਆ ਜਾਵੇ ਕਿ ਸਿੱਖ ਐਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਤਾਂ ਅਸੀਂ ਇਕ ਵੀ ਸਿੱਖ ਨਹੀਂ ਹੋਵਾਂਗੇ। ਸਤਿਗੁਰੂ ਕਿਰਪਾ ਕਰਨ, ਸਾਡਾ ਮਨ ਇਸ ਤਰ੍ਹਾਂ ਦਾ ਬਣੇ ਕਿ ਸਤਿਗੁਰੂ ਜੋ ਵੀ ਹੁਕਮ ਕਰਨ ਉਸ 'ਤੇ ਅਸੀਂ ਸਿਦਕ ਨਾਲ ਅਮਲ ਕਰੀਏ। ਸਤਿਗੁਰੂ ਸਾਨੂੰ ਹੁਕਮ ਕਰਕੇ ਬਾਦਸ਼ਾਹੀ ਦੇ ਦੇਣ, ਬਾਦਸ਼ਾਹੀ 'ਤੇ ਬੈਠ ਜਾਈਏ, ਜੇ ਫਕੀਰੀ ਦੇ ਦੇਣ ਤਾਂ ਉਹ ਫਕੀਰੀ ਸਾਨੂੰ ਪਰਵਾਨ ਹੋਵੇ।"

"ਸੱਚੇ ਪਾਤਸ਼ਾਹ ਤੋਂ ਇਹ ਮੰਗ ਮੰਗੋ ਕਿ ਸੱਚੇ ਪਾਤਸ਼ਾਹ ਅਸੀਂ ਤੈਨੂੰ ਪਰਵਾਨ ਹੋਈਏ। ਸਾਡੀ ਕੋਈ ਵੱਖਰੀ ਹੋਂਦ ਨਾ ਹੋਵੇ। ਅਸੀਂ ਦਰ ਦਰ ਰੁਲਦੇ ਨਾ ਫਿਰੀਏ, ਧੱਕੇ ਨਾ ਖਾਂਦੇ ਫਿਰੀਏ। ਇਹ ਨਾ ਹੋਵੇ ਕਿ ਸਾਨੂੰ ਨਾ ਇਥੇ ਢੋਈ ਮਿਲੇ ਨਾ ਅੱਗੇ ਢੋਈ ਮਿਲੇ। ਜੇ ਸੱਚੇ ਪਾਤਸ਼ਾਹ ਨੇ ਸਾਨੂੰ ਆਪਣੇ ਲੜ੍ਹ ਲਾਇਆ ਹੈ, ਆਪਣੇ ਲੜ੍ਹ ਲਾਈ ਹੀ ਰੱਖਣ, ਸਾਡਾ ਮੂੰਹ ਹਮੇਸ਼ਾ ਸਤਿਗੁਰਾਂ ਵਲ ਰਹੇ। ਮੈਂ ਆਪਣੇ ਬਹੁਤ ਧੰਨਭਾਗ ਸਮਝਦਾ ਹਾਂ ਕਿ ਸਾਨੂੰ ਸੁੱਤੇ ਪਿਆਂ ਨੂੰ ਜਗਾ ਕੇ ਐਡੀ ਮਹਾਨ ਮਾਤਾ ਦਾ ਦਿਨ ਮਨਾਇਆ ਹੈ। ਇਕ ਇਹ ਮਾਤਾ ਸੀ ਜਿਸ ਨੇ ਸਤਿਗੁਰੂ ਪ੍ਰਤਾਪ ਸਿੰਘ ਨੂੰ ਪਤੀ ਹੁੰਦਿਆਂ ਵੀ ਅਕਾਲ ਪੁਰਖ ਮੰਨਿਐ ਅਤੇ ਸਵਾਸ ਪੂਰੇ ਹੋਣ ਤਕ ਉਨ੍ਹਾਂ ਦੇ ਹੁਕਮ 'ਤੇ ਕਿੰਤੂ ਕੀਤੇ ਬਿਨਾਂ ਫੁੱਲ ਚੜ੍ਹਾਏ। ਕਿਰਪਾ ਕਰਕੇ ਦਯਾ ਕਰਕੇ, ਰਹਿਮ ਕਰਕੇ ਸਤਿਗੁਰੂ ਸਾਨੂੰ ਆਪਣੇ ਲੜ੍ਹ ਲਾਈ ਰੱਖਣ।"

ਮਾਤਾ ਭੁਪਿੰਦਰ ਕੌਰ ਜੀ ਨਮਿਤ ਇਸ ਮੇਲੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ

ਇਹ ਪਾਵਨ ਉਪਦੇਸ਼ ਦਿੱਤਾ :

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਨੇ ਉਸ ਵੇਲੇ ਦੇ ਸਾਧਨਾਂ, ਬਸੰਤ ਅੰਕਾਂ, ਸਤਿਜੁਗ ਆਦਿ ਰਾਹੀਂ, ਇਤਿਹਾਸ, ਸਾਧੂਆਂ ਸੰਤਾਂ ਦੀਆਂ ਕਥਾ, ਬਚਨ ਇਕੱਤਰ ਕਰਨ ਦਾ ਬਹੁਤ ਵੱਡਾ ਉੱਦਮ ਕੀਤਾ ਸੀ, ਜਿਹੜਾ ਸਾਧ-ਸੰਗਤ ਦੇ ਸਨਮੁਖ ਆਇਆ। ਹੁਣ ਅੱਜ ਜੇ ਉਸ ਨੂੰ ਵੇਖਣ ਲੱਗੋ ਤਾਂ ਉਹ ਛੋਟਾ ਜਿਹਾ ਬੀਜ ਵੱਡਾ ਹੁੰਦਾ ਹੁੰਦਾ ਏਡਾ ਵੱਡਾ ਹੋ ਗਿਆ ਹੈ ਕਿ ਪਤਾ ਨਹੀਂ ਕਿੰਨੇ ਬੰਦੇ ਲੱਗਣ ਤੇ ਉਸ ਨੂੰ ਸਾਰਾ ਇਕੱਠਾ ਕਰ ਕੇ, ਲੋਕਾਂ ਦੇ ਸਾਹਮਣੇ ਲਿਆ ਸਕਣ ਤੇ ਉਸ ਇਤਿਹਾਸ ਦਾ ਬਹੁਤ ਸਾਰਾ ਫੈਲਾਅ ਹੋ ਸਕਦਾ ਹੈ। ਇਤਿਹਾਸ ਲਿਖਿਆ ਜਾ ਰਿਹਾ ਹੈ। ਬਹੁਤ ਸਾਰੇ ਸਾਧੂ ਜਿਹੜੇ ਚੜ੍ਹਾਈ ਕਰ ਗਏ ਨੇ, ਉਨ੍ਹਾਂ ਦੀਆਂ ਵੀ.ਡੀ.ਓ. ਜਾਂ ਟੇਪ ਰਿਕਾਰਡ ਕੈਸਟਾਂ ਸਾਡੇ ਕੋਲ ਹਨ। ਕਿਸ ਤਰ੍ਹਾਂ ਉਨ੍ਹਾਂ ਸਾਰੀਆਂ ਨੂੰ ਠੀਕ ਕਰ ਕੇ ਸਾਹਮਣੇ ਲਿਆਉਣਾ ਹੈ, ਉਹ ਕਿਸ ਵਕਤ ਆਉਣਾ ਹੈ, ਕੁੱਝ ਕਿਹਾ ਨਹੀਂ ਜਾ ਸਕਦਾ, ਮਸਾਲਾ ਬਹੁਤ ਜ਼ਿਆਦਾ ਤਿਆਰ ਪਿਆ ਹੈ।"

"ਕਈ ਆਦਮੀ ਇਹ ਸੋਚਦੇ ਹਨ ਬਈ ਇਹ ਜ਼ਿਆਦਾ ਸਮੱਗਰੀ ਤਿਆਰ ਹੋ ਰਹੀ ਹੈ ਤੇ ਇਹਦੇ 'ਤੇ ਉਹਨਾਂ ਨੂੰ ਕਾਫੀ ਬੋਝ ਲਗਦਾ ਹੈ। ਮੈਂ ਸਮਝਦਾਂ ਇਸ ਨੂੰ ਬੋਝ ਨਹੀਂ ਸਮਝਣਾ ਚਾਹੀਦਾ। ਜਿਹੜਾ ਆਦਮੀ ਆਇਆ ਹੈ ਇਸ ਸੰਸਾਰ 'ਤੇ ਉਹਦੇ ਜ਼ੁੰਮੇ ਜੋ ਕੰਮ ਹੈ ਉਹ ਉਸ ਨੇ ਕਰਕੇ ਹੀ ਜਾਣਾ ਹੈ। ਇਤਿਹਾਸ ਦੀ ਸਮੱਗਰੀ ਸਤਿਗੁਰਾਂ ਨੇ ਸ਼ੁਰੂ ਕੀਤੀ ਹੈ ਜੇ ਇਸ ਨੂੰ ਇਹ ਆਖੀਏ ਕਿ ਇਹ ਸਤਿਗੁਰੂ ਰਾਮ ਸਿੰਘ ਜੀ ਨੇ ਨਹੀਂ ਸ਼ੁਰੂ ਕੀਤੀ ਇਹ ਏਸ ਤਰ੍ਹਾਂ ਨਹੀਂ, ਜਿਹੜੇ ਕੰਮ ਅਮਲੀ ਰੂਪ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਿੰਘਾਂ ਨੇ ਕੀਤੇ ਨੇ, ਇਤਿਹਾਸ ਦੀ ਸਿਰਜਣਾ ਕੀਤੀ ਹੈ ਉਹ ਲਿਖਣ ਵਾਲੇ ਲਿਖਦੇ ਰਹਿਣ ਪਤਾ ਨਹੀਂ ਕਿੰਨੇ ਯੁੱਗਾਂ ਤਕ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਕੀ ਕੁੱਝ ਹੋ ਰਿਹਾ ਹੈ।"

"ਮਾਤਾ ਭੁਪਿੰਦਰ ਕੌਰ ਜੀ ਵਾਸਤੇ ਸਾਧ ਸੰਗਤ ਨੇ ਇਹ ਬਹੁਤ ਵਧੀਆ ਉੱਦਮ ਕੀਤਾ ਹੈ। ਅਖੰਡ ਪਾਠ ਦੀ ਮਰਿਯਾਦਾ ਜਿਹੜੀ ਹੈ ਨਾ ਉਹ ਮਰਗਦ ਅਤੇ ਗੁਰਪੁਰਬ ਦੇ ਉੱਤੇ ਸਤਿਗੁਰਾਂ ਦਾ ਹੁਕਮ ਨਹੀਂ ਕੋਈ ਵੀ ਅਖੰਡ ਪਾਠ ਕਰਨ ਦਾ। ਅਖੰਡ ਪਾਠ ਦੀ ਜਾਂ ਬਾਣੀ ਦੀ ਮਹਾਨਤਾ ਇਸੇ ਗੱਲ ਨਾਲ ਹੈ ਜਿਹੜਾ ਹੁਕਮ ਵਿਚ ਕੀਤਾ ਜਾਵੇ। ਵਿਆਹਾਂ ਤੇ ਅਖੰਡ ਪਾਠ ਕਰਨਾ ਸਤਿਗੁਰੂ ਵਲੋਂ ਮਨ੍ਹਾ ਹੈ। ਅਖੰਡ ਪਾਠ ਤਾਂ ਬੜੀ ਵਧੀਆ ਚੀਜ਼ ਹੈ, ਗੁਰਬਾਣੀ ਪੜ੍ਹੀ ਤੇ ਸੁਣੀ ਜਾਵੇਗੀ, ਪਰ ਉਹ ਪਾਪ ਹੋ ਜਾਂਦਾ ਹੈ ਜੇ ਸਤਿਗੁਰਾਂ ਦਾ ਹੁਕਮ ਲਾਂਭੇ ਹੋ ਜਾਵੇ ਤਾਂ। ਸਤਿਗੁਰਾਂ ਦਾ ਹੁਕਮ ਇਸ ਤਰ੍ਹਾਂ ਦਾ ਹੈ ਕਿ ਘਰ ਵਾਲੀ ਦੇ ਕੋਲ ਚਾਹੇ ਖਜ਼ਾਨਾ, ਚਾਬੀਆਂ ਸਭ ਉਸ ਦੇ ਕੋਲ ਨੇ ਪਰ ਜਦੋਂ ਪਤੀ ਦਾ ਜੀਅ ਚਾਹੇ ਕੰਨੋ ਫੜ ਕੇ ਬਾਹਰ ਕੱਢ ਦੇਵੇ ਉਹਨੂੰ। ਸਿੱਖ ਏਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਪਤਾ ਹੋਵੇ ਸਿੱਖ ਨੂੰ ਬਈ ਗੁਰੂ ਕਿਸੇ ਗੱਲੋਂ ਨਰਾਜ਼ ਨਾ ਹੋ ਜਾਵੇ, ਸਤਿਗੁਰਾਂ

ਨੇ ਇਹ ਪ੍ਰਮਾਣ ਦਿਤੈ।"

"ਇਕ ਤਰੀਕਾ ਬਣਾ ਦਿਤੈ ਅਕਾਲ ਪੁਰਖ ਭਗਵਾਨ ਨੇ ਕਿ ਉਸ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕਰੀਏ ਤਾਂ ਵੀ ਨਹੀਂ ਜਾਇਆ ਜਾ ਸਕਦਾ। ਇਹ ਇਸ ਤਰ੍ਹਾਂ ਦਾ ਬਣਾ ਦਿਤੈ ਬਈ ਪਿਤਾ ਬਣਾ ਦਿਤੈ, ਪੁੱਤਰ ਬਣਾ ਦਿਤੈ, ਔਰਤ ਬਣਾ ਦਿੱਤੀ ਹੈ, ਲੜਕੀ ਬਣਾ ਦਿੱਤੀ ਹੈ। ਉਹਨਾਂ ਦੀ ਥਾਂ ਪਰ ਥਾਂ ਜਗ੍ਹਾ ਹੈ। ਆਪਣੀ-ਆਪਣੀ ਜਗ੍ਹਾ ਉਨ੍ਹਾਂ ਨੂੰ ਜ਼ਰੂਰ ਮਿਲਣੀ ਚਾਹੀਦੀ ਹੈ ਪਰ ਉਸ ਤੋਂ ਵੱਧ ਜਿਹੜੇ ਅਧਿਕਾਰ ਨੇ, ਉਹਦੇ ਨਾਲ ਘਰ ਦਾ ਸਾਰਾ ਵਾਤਾਵਰਨ ਖ਼ਰਾਬ ਹੋ ਜਾਂਦਾ ਹੈ। ਸੱਚੇ ਪਾਤਸ਼ਾਹ ਦਾ ਉਪਦੇਸ਼ ਇਸ ਤਰ੍ਹਾਂ ਰਿਕਾਰਡ ਹੋਇਆ ਹੈ ਕਿ ਅੱਜ ਕਲ੍ਹ ਦੀਆਂ ਮਾਈਆਂ ਦੀ ਮੈਂ ਗੱਲ ਨਹੀਂ ਕਰਦਾ ਉਸ ਸਮੇਂ ਦੀਆਂ ਮਾਈਆਂ ਜੇ ਘਰ ਵਿਚ ਕੋਈ ਵੱਡਾ ਆਦਮੀ ਆ ਜਾਵੇ ਤਾਂ ਪੀਹੜੇ ਤੋਂ ਭੁੰਜੇ ਹੋ ਕੇ ਬਹਿ ਜਾਂਦੀਆਂ ਸਨ। ਸੱਚੇ ਪਾਤਸ਼ਾਹ ਦੇ ਉਪਦੇਸ਼ ਵਿਚ ਇਹ ਰਿਕਾਰਡ ਹੋਇਆ ਹੈ ਕਿ ਅੱਜ ਕਲ੍ਹ ਤਾਂ ਬੀਬੀਆਂ ਬਹਿੰਦੀਆਂ ਨੇ ਕੁਰਸੀਆਂ ਤੇ ਸੌਹਰੇ ਬੇਸ਼ੱਕ ਕਿਤੇ ਤੁਰੇ ਫਿਰਨ।"

"ਇਹ ਮਰਿਯਾਦਾ ਜਿਹੜੀ ਸਤਿਗੁਰਾਂ ਨੇ ਬਣਾਈ ਹੈ ਇਹਦੇ 'ਤੇ ਬੜੇ ਹਮਲੇ ਹੋਏ ਨੇ, ਹੋਰ ਵੀ ਹੋਣਗੇ, ਲੇਕਿਨ ਸੱਚ ਜਿਹੜਾ ਹੈ ਸੋਨਾ ਜਿਹੜਾ ਹੈ, ਉਸਨੂੰ ਜਿਤਨਾ ਮਰਜ਼ੀ ਘਸਾਈ ਜਾਓ ਉਹਦੇ ਵਿਚ ਕਾਟ ਨਹੀਂ ਨਿਕਲਦੀ, ਜਿਹੜਾ ਸਹੀ ਸੋਨਾ ਹੈ ਉਹਦੇ ਵਿਚੋਂ ਸੋਨਾ ਹੀ ਨਿਕਲੇਗਾ। ਇਹ ਵੀ ਇਕ ਮਿਸਾਲ ਹੈ ਕਿ ਕੁਹਾੜਾ ਚੰਦਨ ਦੇ ਦਰਖਤ ਨੂੰ ਮਾਰ ਕੇ ਉਸ ਨੂੰ ਵੱਢਦਾ ਹੈ ਪਰ ਚੰਦਨ ਉਸ ਕੁਹਾੜੇ ਦੇ ਮੂੰਹ ਨੂੰ ਵੀ ਖੁਸ਼ਬੋ ਦਿੰਦਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਕਈ ਵਾਰ ਬਚਨ ਕਰਦੇ ਸਨ ਕਿ ਜਿਹੜੇ ਚੰਗੇ ਪਿਤਾ ਨੇ ਉਹ ਆਪਣੇ ਪੁੱਤਰ ਦੀ ਸ਼ਕਲ ਬਿਲਕੁਲ ਆਪਣੇ 'ਤੇ ਲੈ ਜਾਂਦੇ ਨੇ। ਦੂਜੇ ਪਾਸੇ ਦੀ ਮੈਂ ਗੱਲ ਨਹੀਂ ਕਰਦਾ।"

"ਮਾਈਆਂ ਦੀ ਬਰਾਬਰੀ ਇਸ ਗੱਲ ਦੀ ਨਹੀਂ ਬਈ ਦੋ ਗੇੜੇ ਜੇ ਸਿੰਘ ਨੇ ਅੱਗੇ ਲੱਗ ਕੇ ਲਏ ਨੇ ਤਾਂ ਦੋ ਮਾਈਆਂ ਅੱਗੇ ਲੱਗ ਕੇ ਲੈਣ। ਇਹ ਤਾਂ ਮਰਿਯਾਦਾ ਨਹੀਂ ਬਣਦੀ। ਪਰ ਜਿਥੇ ਆਪਣੇ ਘਰ ਵਿਚ ਥਾਂ ਕੋਈ ਮਾਈ ਬਣਾ ਲੈਂਦੀ ਹੈ ਉਹ ਜੋ ਚਾਹੇ ਬਣਾ ਸਕਦੀ ਹੈ ਪਿਆਰ ਨਾਲ,ਸ਼ਰਧਾ ਨਾਲ, ਸੇਵਾ ਨਾਲ। ਅਖੰਡ ਪਾਠ ਦੀ ਮਰਿਯਾਦਾ ਬਾਰੇ ਮੈਂ ਦੱਸ ਦਿੱਤਾ ਹੈ।"

"ਮੇਰੇ ਕੋਲੋਂ, ਪਿੱਛੇ ਬੈਠੇ ਇਕ ਨੇ ਪੁੱਛਿਆ ਸੀ ਬਈ ਇਹ ਤਸਵੀਰ ਮਾਤਾ ਜੀ ਦੀ ਕਿਹਨੇ ਲਾਹੀ ਹੈ? ਕਿਥੋਂ ਲੱਭੀ ਹੈ? ਇਹ ਤਸਵੀਰ ਉਨ੍ਹਾਂ ਦੇ ਬੀਮਾਰ ਹੋਣ ਤੋਂ ਕੁਝ ਬਾਅਦ, ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਨੇ ਆਪਣੇ ਹੱਥੀਂ ਲਾਹੀ ਸੀ। ਇਹ ਉਹਨਾਂ ਦੀ ਇਕੋ ਫੋਟੋ ਹੈ।"

"ਗ੍ਰਿਹਸਥੀ ਜੀਵਨ ਵਿਚ ਉਸ ਤਰ੍ਹਾਂ ਘਰ ਵਿਚ ਨਾ ਬਰਾਬਰੀ ਦੀ ਕੋਈ ਐਸ ਤਰ੍ਹਾਂ ਦੀ ਗੱਲ ਨਹੀਂ ਸੀ, ਬੇਬੇ ਜੀ ਸਾਡਿਆਂ ਨੂੰ ਰੁਕਾਵਟ ਨਹੀਂ ਸੀ ਕਿਸੇ ਗੱਲ ਦੀ। ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਭਾਵ ਹੀ ਐਡਾ ਵੱਡਾ ਸੀ ਕਿ ਸਾਡੇ ਮਾਤਾ ਜੀ ਦਾ ਪਤਾ ਹੀ ਨਹੀਂ ਲਗਦਾ

ਸੀ ਬਈ ਕਿਥੇ ਨੇ।"

"ਇਸ ਤਰ੍ਹਾਂ ਜੋ ਸਤਿਗੁਰਾਂ ਨੇ ਰਚਨਾ ਰਚੀ ਹੈ, ਬਾਹਰਲੇ ਦੇਸ਼ਾਂ ਦੀ ਮੈਂ ਗੱਲ ਨਹੀਂ ਕਰਦਾ ਪਰ ਆਪਣੇ ਦੇਸ਼ ਵਿਚ ਤੁਸੀਂ ਵੇਖ ਲਵੋ ਕਿ ਮਰਦਾਂ ਦੇ ਕੱਦ ਤੋਂ ਜਨਾਨੀਆਂ ਦੇ ਕੱਦ ਛੋਟੇ ਨੇ। ਸਾਰੀਆਂ ਗੱਲਾਂ ਨੂੰ ਜੇ ਇਕ ਪਾਸੇ ਰੱਖ ਲਈਏ ਤਾਂ ਵੀ ਜਿਸ ਬੇਫ਼ਿਕਰੀ ਨਾਲ ਮਰਦ ਇਕੱਲਾ ਚਲਾ ਜਾਂਦਾ ਹੈ ਔਰਤ ਦਾ ਇਕੱਲਾ ਜਾਣਾ ਮੁਸ਼ਕਲ ਹੈ। ਹੁਣ ਥੋੜ੍ਹੇ ਸਮੇਂ ਤੋਂ ਪਾਇਲਟ ਬਣਨ ਲੱਗੀਆਂ ਨੇ ਬੀਬੀਆਂ, ਨਹੀਂ ਤਾਂ ਹਵਾਈ ਜਹਾਜ਼ ਚਲਾਉਣ ਵਾਲੀ ਪਾਇਲਟ ਬੀਬੀ ਕੋਈ ਨਹੀਂ ਸੀ। ਉਨ੍ਹਾਂ ਨੂੰ ਰੁਕਾਵਟ ਤਾਂ ਕੋਈ ਨਹੀਂ ਬਈ ਪਾਇਲਟ ਨਾ ਬਣਨ ਉਹ।"

"ਜਿਸ ਤਰ੍ਹਾਂ ਸਤਿਗੁਰਾਂ ਨੇ ਉਪਦੇਸ਼ ਦਿਤੈ ਬਈ ਜਦੋਂ ਅਧਿਕਾਰਾਂ ਤੋਂ ਵੱਧ ਵਰਤਣ ਲੱਗ ਪਏ ਆਦਮੀ, ਉਦੋਂ ਘਰ ਵਿਚ ਖਲਬਲੀ ਮੱਚ ਜਾਂਦੀ ਹੈ ਭਾਵੇਂ ਉਹ ਔਰਤ ਹੋਵੇ ਘਰ ਦੀ, ਭਾਵੇਂ ਉਹ ਨੌਕਰ ਜਾਂ ਸੇਵਕ ਹੋਵੇ, ਉਸ ਨਾਲ ਫਿਰ ਮੁਸ਼ਕਿਲ ਬਣ ਜਾਂਦੀ ਹੈ। ਤੁਸੀਂ ਇਹ ਵੇਖੋ ਬਈ ਕਿਸ ਤਰ੍ਹਾਂ ਬੇਬੇ ਜੀ ਸਾਡਿਆਂ ਨੇ ਮਰਿਯਾਦਾ ਰੱਖੀ, ਮਾਈਆਂ ਨੂੰ ਪਰੇਰਨਾ ਦੇ ਕੇ ਮਰਿਯਾਦਾ ਵਿਚ ਲਾਇਆ, ਭਜਨ ਬਾਣੀ 'ਚ ਲਾਇਆ, ਇਸ ਤਰ੍ਹਾਂ ਕਰੋ ਤਕੜੀਆਂ ਹੋ ਜੇ।"

"ਅੱਜ ਕਲ੍ਹ ਦੇ ਪੜ੍ਹਾਈ ਦੇ ਵੱਡੇ ਵੱਡੇ ਜਿੰਨੇ ਮਜਮੂਨ ਨੇ, ਬੀਬੀਆਂ ਬੜੇ ਯਾਦ ਕਰਦੀਆਂ ਨੇ। ਕਿੰਨੀਆਂ ਬੀਬੀਆਂ ਨੂੰ ਜਪੁਜੀ ਸਾਹਿਬ, ਜਪੁ ਸਾਹਿਬ ਕੰਠ ਹੈ? ਬੜਾ ਥੋੜ੍ਹਾ ਸਮਾਂ ਲਗਦਾ ਹੈ ਇਸ ਗੱਲ ਨੂੰ। ਬੀਬੀਆਂ ਇਹ ਪ੍ਰੋਗਰਾਮ ਕਰਨ ਬਈ ਕਿੰਨੀਆਂ ਬੀਬੀਆਂ ਨੇ ਅੱਜ ਤੋਂ ਇਹ ਸੋਚਣਾ ਹੈ ਕਿ ਮੈਂ ਪੰਜ ਬਾਣੀਆਂ ਦਾ ਪਾਠ ਕਰਿਆ ਕਰਾਂਗੀ ਤੇ ਕਿੰਨੀਆਂ ਹੋਰ ਬੀਬੀਆਂ ਨੂੰ ਮੈਂ ਪੰਜ ਬਾਣੀਆਂ ਦਾ ਪਾਠ ਕਰਨ ਲਾਵਾਂਗੀ। ਸਤਿਗੁਰਾਂ ਦੀ ਦੱਸੀ ਮਰਿਯਾਦਾ ਮੁਤਾਬਕ ਬੀਬੀ ਪੇਕੇ ਜਾਂ ਸੌਹਰੇ-ਘਰ ਰਹੇ। ਇਹ ਗੱਲਾਂ ਸਾਡੇ ਕਰਨ ਵਾਲੀਆਂ ਨੇ।"

"ਇਤਿਹਾਸ ਕਿੰਨੇ ਵੀ ਲਿਖੇ ਜਾਣ, ਉਹ ਥੋੜ੍ਹੇ ਨੇ। ਜਿਨ੍ਹਾਂ ਦੇ ਇਤਿਹਾਸ ਅਸੀਂ ਲਿਖਦੇ ਹਾਂ ਉਨ੍ਹਾਂ ਨੇ ਬਹੁਤ ਭਜਨ-ਬਾਣੀ ਕੀਤਾ ਹੈ। ਉਸਨੂੰ ਇਤਿਹਾਸ ਕਿਵੇਂ ਲਿਖੇਗਾ ਕਿ ਐਨਾ ਭਜਨ-ਬਾਣੀ ਕੀਤਾ ਹੈ? ਇਤਿਹਾਸ ਕੋਲ ਕਿਹੜੇ ਸ਼ਬਦ ਨੇ, ਜਿਨ੍ਹਾਂ ਨਾਲ ਉਨ੍ਹਾਂ ਦਾ ਵਰਨਣ ਕਰ ਦੇਵੇਗਾ? ਉਨ੍ਹਾਂ ਦਾ ਨਾਪ-ਤੋਲ ਕਰੇਗਾ? ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਭਜਨ-ਬਾਣੀ ਕਰਕੇ, ਉਹ ਵਿਚਾਰ ਬਣਾ ਕੇ ਤੇ ਉੱਥੇ ਪਹੁੰਚ ਕੇ ਲਿਖੀਏ ਜਿੱਥੇ ਪਹੁੰਚ ਕੇ ਉਨ੍ਹਾਂ ਨੇ ਇਤਿਹਾਸ ਦੀ ਸਿਰਜਣਾ ਕੀਤੀ।"

"ਸੰਤ ਦਲੀਪ ਸਿੰਘ ਪੰਨਵਾਂ ਵਾਲੇ ਸ਼ਹੀਦਾਂ ਦਾ ਮੇਲਾ ਤਾਂ ਕਰਦੇ ਹੀ ਸਨ, ਹੁਣ ਇਸ ਮੇਲੇ ਦੀ ਸੇਵਾ ਵੀ ਉਨ੍ਹਾਂ ਨੇ ਕੀਤੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਨੇ ਹੁਕਮ ਕੀਤਾ ਸੀ ਕਿ 'ਹੋਰ ਸਾਰੇ ਦੰਡ ਸਹਿਣੇ ਸੌਖੇ ਨੇ ਪਰ ਧਰਮ ਦੰਡ ਸਹਿਣਾ ਬੜਾ ਔਖਾ ਹੈ।' ਇਨਕਮ ਟੈਕਸ ਵਾਲੇ ਆ ਕੇ ਪੰਦਰਾਂ ਲੱਖ ਲੈ ਜਾਣ ਤਾਂ ਉਹ ਕੋਈ ਭਾਰ ਨਹੀਂ ਜਾਪਦਾ ਪਰ ਜੇ ਸਾਧ-ਸੰਗਤ ਵਾਲੇ

ਪਾਸੇ ਮੇਲਾ ਕਰਾਉਣਾ ਹੋਵੇ ਤਾਂ ਉਹ ਵਾਹਵਾ ਭਾਰ ਜਾਪਦਾ ਹੈ।" ਜਿਹੜੇ ਐਸ ਸਮੇਂ ਵਿਚ ਇਸ ਪਾਸੇ ਧਨ ਖਰਚਦੇ ਨੇ, ਉਹ ਉਨ੍ਹਾਂ ਦੇ ਬਹੁਤ ਵੱਡੇ ਭਾਗ ਨੇ। ਸਾਡੇ ਦੇਸ਼ ਦੀ ਸ਼ਾਨ ਇਸੇ ਗੱਲ ਵਿਚ ਹੈ ਕਿ ਅਸੀਂ ਧਰਮ ਵਿਚ ਪੱਕੇ ਹੋਈਏ। ਸਤਿਗੁਰਾਂ ਦੇ ਹੁਕਮਾਂ ਅਨੁਸਾਰ ਨਾਮ-ਸਿਮਰਨ ਕਰ ਕੇ, ਬਾਣੀ ਪੜ੍ਹ ਕੇ ਅਸੀਂ ਲੋਕਾਂ ਨੂੰ ਇਹ ਦੱਸ ਸਕੀਏ ਕਿ ਕਿਸੇ ਨੂੰ ਮਾਰਨਾ ਨਹੀਂ, ਚੋਰੀ ਨਹੀਂ ਕਰਨ, ਠੱਗੀ ਨਹੀਂ ਕਰਨੀ, ਇਨ੍ਹਾਂ ਗੱਲਾਂ ਨਾਲ ਸਾਡੇ ਦੇਸ਼ ਦਾ ਕਲਿਆਣ ਹੋਊ। ਬਾਣੀ ਪੜ੍ਹਾਂਗੇ ਉਹਦੇ ਨਾਲ ਸਾਡਾ ਵਿਚਾਰ ਹੋਰ ਬਣੇਗਾ। ਜੇ ਅਸੀਂ ਨਾਵਲ ਪੜ੍ਹਾਂਗੇ, ਉਹਦੇ ਨਾਲ ਸਾਡਾ ਵਿਚਾਰ ਹੋਰ ਬਣੇਗਾ, ਰਾਜਨੀਤੀ ਦੀ ਗੱਲ ਪੜ੍ਹਾਂਗੇ ਤਾਂ ਸਾਨੂੰ ਇਹ ਸਾਰਾ ਕੁੱਝ ਭੁੱਲ ਜਾਵੇਗਾ।

ਅਸੀਂ ਬੀਬੀਆਂ ਨੂੰ ਅਰਜ਼ ਕਰਾਂਗਾ, ਕਿ ਸਤਿਗੁਰਾਂ ਦੇ ਹੁਕਮ ਵਿਚ ਰਹਿ ਕੇ ਅਜ਼ਾਦੀ ਚਾਹੀਦੀ ਹੈ। ਜਿਹੜੀ ਸਾਡੀ ਆਪਣੀ ਆਜ਼ਾਦੀ ਹੈ ਉਹ ਸਾਨੂੰ ਅੱਜ ਵੀ ਤੇ ਕਲ੍ਹ ਵੀ ਨੁਕਸਾਨ ਪਹੁੰਚਾ ਸਕਦੀ ਹੈ।

"ਇੱਕ ਇੱਕ ਪਾਠ ਮਹੀਨੇ ਦਾ ਆਦਿ ਜਾਂ ਦਸਮ ਦਾ ਹਰ ਘਰ ਪ੍ਰਤੀ, ਇਕ-ਇਕ ਘੰਟਾ ਨਾਮ-ਸਿਮਰਨ ਜੀਅ ਪ੍ਰਤੀ ਹਰ ਰੋਜ਼ ਕਰਿਆ ਕਰੋ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ ਤੇ ਇਹ ਤਕਲੀਫਾਂ ਸਾਰੀਆਂ ਉਸੇ ਵੇਲੇ ਹਟ ਜਾਣਗੀਆਂ ਜਿਸ ਵੇਲੇ ਸਤਿਗੁਰਾਂ ਦੇ ਦਰਸ਼ਨ ਹੋਣਗੇ। ਮੈਂ ਇਹੀ ਅਰਜ਼ ਕਰਕੇ ਆਗਿਆ ਲੈਂਦਾ ਹਾਂ।"

ਚਿੱਠੇ ਮੇਲੇ

ਰਾਜਸਥਾਨ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਧਰਮੀ ਸ਼ਰਧਾਲੂ ਚੌਧਰੀ ਜਾਨਾ ਰਾਮ ਤੇ ਪਰਿਵਾਰ ਰਹਿੰਦੇ ਹਨ। ਇਹ ਪਰਿਵਾਰ ਸਮੇਂ-ਸਮੇਂ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਕਈ ਦਿਨਾਂ ਦਾ ਮੇਲਾ ਕਰਵਾਉਂਦੇ ਹਨ। ਇਹ ਸਾਰੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਆਪਣੀ ਪ੍ਰੰਪਰਾ ਅਨੁਸਾਰ ਬੜੀ ਸ਼ਰਧਾ ਨਾਲ ਕਰਦੇ ਹਨ। ਇਸ ਸਾਰੇ ਪਰਿਵਾਰ ਦੇ ਜੀਅ ਲੰਮੇ ਪੈ ਕੇ ਡੰਡੌਤ ਵੰਦਨਾ ਦੇ ਰੂਪ ਵਿਚ ਸ੍ਰੀ ਸਤਿਗੁਰੂ ਜੀ ਨੂੰ ਭਗਵਾਨ ਜਾਣ ਮੱਥਾ ਟੇਕਦੇ ਹਨ।

ਸ਼ਰਧਾਲੂਆਂ ਵਲੋਂ ਇਸ ਤਰ੍ਹਾਂ ਦੇ ਮੇਲੇ ਸਮੇਂ-ਸਮੇਂ ਤੇ ਕਈ ਥਾਵਾਂ ਤੇ ਸਾਲ ਭਰ ਚਲਦੇ ਹੀ ਰਹਿੰਦੇ ਹਨ।

ਹਿੰਮਤਪੁਰੇ, ਜ਼ਿਲ੍ਹਾ ਸੰਗਰੂਰ ਵਿਖੇ ਸੰਤ ਕਰਮ ਸਿੰਘ ਦੇ ਡੇਰੇ ਵਿਚ ਉਨ੍ਹਾਂ ਦੀ ਬਰਸੀ ਵੇਲੇ ਹਰ ਸਾਲ ਮੇਲਾ ਕੀਤਾ ਜਾਂਦਾ ਹੈ। ਸੰਤ ਕਰਮ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰ ਨਾਲ, ਜਿਨ੍ਹਾਂ ਦੇ ਘਰੀ ਪੁੱਤਰ ਨਹੀਂ ਸੀ ਹੁੰਦੇ, ਉਨ੍ਹਾਂ ਨੂੰ ਪੁੱਤਰ ਦੀ ਦਾਤ ਦਿਆ ਕਰਦੇ ਸਨ।

ਸੰਤਾਂ ਦੇ ਕਹਿਣ 'ਤੇ ਲੋੜਵੰਦਾਂ ਇਸਤ੍ਰੀਆਂ ਆਪਣੇ ਜਿੰਨੇ ਗਹਿਣੇ, ਲੰਗਰ ਲਈ ਮੱਥਾ ਟੇਕਦੀਆਂ ਸਨ। ਉਨ੍ਹਾਂ ਦੇ ਘਰੀਂ ਉਤਨੇ ਹੀ ਪੁੱਤਰ ਹੋ ਜਾਂਦੇ ਸਨ। ਸੰਤ ਮੱਥਾ ਟੇਕੇ ਗਹਿਣਿਆਂ ਦਾ, ਲੰਗਰ ਜਾਂ ਗਰੀਬਾਂ ਨੂੰ ਕੱਪੜੇ ਜਾਂ ਅਖੰਡ ਪਾਠ ਕਰਵਾ ਦਿੰਦੇ ਸਨ. ਕੋਲ ਜਮ੍ਹਾਂ ਨਹੀਂ ਸੀ ਰੱਖਦੇ। ਹਰ ਸਾਲ 28-29-30 ਅਗਸਤ ਨੂੰ ਹਿੰਮਤਪੁਰੇ ਦੇ ਇਸ ਡੇਰੇ ਵਿਚ ਵੱਡੀ ਪੱਧਰ 'ਤੇ ਮੇਲਾ ਕੀਤਾ ਜਾਂਦਾ ਹੈ।

26 ਜਨਵਰੀ ਗਣਤੰਤਰ ਦਿਵਸ ਤੇ 15 ਅਗਸਤ ਅਜ਼ਾਦੀ ਦਿਵਸ ਵੀ, ਭਾਰਤ ਤੇ ਵਿਦੇਸ਼ਾਂ ਵਿਚ ਵਸਦੀ ਸੰਗਤ ਵੱਲੋਂ ਭਜਨ-ਬੰਦਗੀ, ਨਾਮ-ਸਿਮਰਨ ਕਰਕੇ ਅਤੇ ਜਥੇਦਾਰਾਂ ਵੱਲੋਂ ਦੀਵਾਨ ਸਜਾ ਕੇ ਮਨਾਏ ਜਾਂਦੇ ਹਨ।

17 ਅਗਸਤ 1997 (੨ ਭਾਦੋਂ ੨੦੫੪) ਨੂੰ, ਨਾਮਧਾਰੀ ਸ਼ਹੀਦੀ ਸਮਾਰਕ, ਜੇਲ੍ਹ ਰੋਡ ਲੁਧਿਆਣਾ ਵਿਖੇ, ਰਾਏਕੋਟ ਸਾਕੇ ਦੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਕੀਤੇ ਗਏ ਸ਼ਹੀਦੀ ਸਮਾਗਮ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ, ਭਾਰਤ ਦੀ ਅਜ਼ਾਦੀ ਦੀ 50 ਸਾਲਾ ਵਰ੍ਹੇ ਗੰਢ ਮਨਾਈ ਗਈ। ਇਸ ਵਿਸ਼ਾਲ ਸਮਾਗਮ ਸਮੇਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਸਮੂਹ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਨੇਤਾ ਜਨ ਪਧਾਰੇ।

## ਪ੍ਰਮੁੱਖ ਜਥੇਦਾਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ, ਕੁਝ ਪ੍ਰਮੁੱਖ ਜਥੇਦਾਰਾਂ ਦੇ ਨਾਮ ਇਸ ਪ੍ਰਕਾਰ ਹਨ:

ਗਿਆਨ ਮਾਰਤੰਡ ਪੰਡਤ ਗੋਪਾਲ ਸਿੰਘ, ਜਥੇਦਾਰ ਸੇਵਾ ਸਿੰਘ ਦਿੱਲੀ, ਸੂਬਾ ਮੇਲਾ ਸਿੰਘ ਰਛੀਨ (ਲੁਧਿਆਣਾ), ਸੂਬਾ ਸੇਵਾ ਸਿੰਘ ਯਮੁਨਾਨਗਰ, ਬਾਬਾ ਛਿੰਦਾ ਮੁਹਾਵਾ, ਕਵਿ-ਭੂਸ਼ਣ ਕਵੀ ਜਿਊਣ ਸਿੰਘ ਤੇ ਸਾਥੀ ਰਵੇਲ ਸਿੰਘ, ਜਸਵੀਰ ਸਿੰਘ ਆਦਿ। ਜਥੇਦਾਰ ਅਮਰ ਸਿੰਘ ਲਕੋੜਾ, ਜਥੇਦਾਰ ਇਕਬਾਲ ਸਿੰਘ ਵਡਾਲਾ ਜੌਹਲ ਹੁਣ ਸ੍ਰੀ ਭੈਣੀ ਸਾਹਿਬ, ਜਥੇਦਾਰ ਗਿਆਨ ਸਿੰਘ ਵੀਰੋਕੇ, ਜਥੇਦਾਰ ਨਿਰੰਜਣ ਸਿੰਘ ਕੱਕੜ, ਪੰਡਤ ਹਰਭਜਨ ਸਿੰਘ ਖੰਡੂਵਾਲੀ, ਸਵ: ਗਿਆਨੀ ਗਿਆਨ ਸਿੰਘ ਘਣੂਪਰ, ਜਥੇਦਾਰ ਬਲਵਿੰਦਰ ਸਿੰਘ ਪਉਇਆਂ ਵਾਲੇ, ਸਰਬ ਜਥੇਦਾਰ ਮੰਡੀ ਦੇ ਸਵ: ਸੇਵਾ ਸਿੰਘ, ਕਰਤਾਰ ਸਿੰਘ ਤੇ ਸਾਧਾ ਸਿੰਘ, ਸ੍ਰੀ ਭੈਣੀ ਸਾਹਿਬ ਦੇ ਜਸਪਾਲ ਸਿੰਘ ਤੇ ਗੁਰਦੀਪ ਸਿੰਘ, ਦਿੱਲੀ ਦੇ ਚਰਨ ਸਿੰਘ ਸੰਤਗੜ੍ਹ, ਜੋਗਾ ਸਿੰਘ, ਧਰਮ ਸਿੰਘ, ਪ੍ਰੀਤਮ ਸਿੰਘ, ਸਵ: ਗੁਰਦੀਪ ਸਿੰਘ, ਗਵਾਲੀਅਰ ਦੇ ਸੂਬਾ ਸੁਰਿੰਦਰ ਸਿੰਘ ਬੀ.ਏ., ਮੋਹਨ ਸਿੰਘ ਤੇ ਅਜੈਬ ਸਿੰਘ, ਸੂਬਾ ਅਜੀਤ ਸਿੰਘ ਬਟਾਲਾ, ਲੁਧਿਆਣਾ ਦੇ ਰਾਏ ਸਿੰਘ, ਦਰਸ਼ਨ ਸਿੰਘ ਤੇ ਗੁਰਚਰਨ ਸਿੰਘ, ਸੰਤ ਨਗਰ ਦੇ ਜੁਗਿੰਦਰ ਸਿੰਘ ਮੁਕਤਾ, ਗੁਰਬਚਨ ਸਿੰਘ, ਦਲੀਪ ਸਿੰਘ,

ਮੇਵਾ ਸਿੰਘ, ਪਿੰਡ ਅੰਮ੍ਰਿਤਸਰਾਂ ਕਲਾਂ (ਸਰਸਾ) ਦੇ ਸੁਦਰਸ਼ਨ ਸਿੰਘ, ਪਿੰਡ ਕ੍ਰਿਪਾਲ ਪੱਟੀ ਦੇ ਪ੍ਰੀਤਮ ਸਿੰਘ ਤੇ ਜਸਵਿੰਦਰ ਸਿੰਘ, ਗੁਰਬਚਨ ਸਿੰਘ ਚਰਾਂਦ, ਨਰੰਜਣ ਸਿੰਘ ਟਮਕੌਦੀ, ਨਰੰਜਣ ਸਿੰਘ ਕੰਗਣਪੁਰ, ਅਮਰ ਸਿੰਘ ਵੇਰਕਾ (ਪਲੀਆ), ਇੰਦਰ ਸਿੰਘ ਗਿੱਲ, ਗੁਰਦਿਤ ਸਿੰਘ ਸਮਰਾ, ਗੁਰਬਚਨ ਸਿੰਘ ਵਡਾਲੀ, ਬਲਵੰਤ ਸਿੰਘ ਕਪੂਰਾ, ਸੂਬਾ ਸੋਹਣ ਸਿੰਘ ਜਾਮਕੇ, ਸੁਰਜੀਤ ਸਿੰਘ ਮੁਸਤਫ਼ਾਪੁਰ, ਸਵ: ਮੱਸਾ ਸਿੰਘ ਚੁਗਾਵਾਂ, ਸੰਤੋਖ ਸਿੰਘ ਵਰਿਆਹ, ਸ. ਅਮਰ ਸਿੰਘ ਚੰਦੋਵਾਲ, ਸ. ਦਾਨ ਸਿੰਘ, ਜੋਧਾ ਸਿੰਘ ਵਜੀਦ, ਕਵੀ ਬਾਜ ਸਿੰਘ, ਸੁਚੇਤ ਸਿੰਘ ਹੁਸ਼ਿਆਰਪੁਰ, ਹਜ਼ਾਰਾ ਸਿੰਘ ਲਖਨਊ, ਸਵ: ਸੇਵਾ ਸਿੰਘ ਭਗਤਾ, ਬਲਕਾਰ ਸਿੰਘ, ਜਗਦੀਸ਼ ਸਿੰਘ ਅੰਮ੍ਰਿਤਸਰ, ਨਿਰਮਲ ਸਿੰਘ ਅੰਮ੍ਰਿਤਸਰ, ਨਿਰਮਲ ਸਿੰਘ ਭੋਇੰਵਾਲੀ, ਹਜ਼ਾਰਾ ਸਿੰਘ ਜਲੰਧਰ, ਦਲੀਪ ਸਿੰਘ ਮੁਹਾਵਾ, ਅਜਾਇਬ ਸਿੰਘ ਬਹਾਦਰ ਸੈਨ, ਜੁਗਿੰਦਰ ਸਿੰਘ ਦਸੂਹਾ, ਸਵ: ਪਿਆਰਾ ਸਿੰਘ ਬੁਧੋਵਰਤ (ਦਸੂਹਾ), ਸਵ: ਅਰਜਨ ਸਿੰਘ ਗੌਸਗੜ੍ਹ, ਇੰਦਰ ਸਿੰਘ ਗਗੋਮਹਿਲ (ਅੰਮ੍ਰਿਤਸਰ), ਸੰਤਾ ਸਿੰਘ ਮੋਰੋਂ, ਪੂਰਨ ਸਿੰਘ ਪਧਾਣਾਂ, ਭਗਵਾਨ ਜੀ ਭੜੋਲਿਆਂ ਵਾਲੀ, ਸ਼ੇਰ ਸਿੰਘ ਭੜੋਲਿਆਂ ਵਾਲੀ, ਕਵੀਸ਼ਰ ਪ੍ਰੀਤਮ ਸਿੰਘ, ਸਵਿੰਦਰ ਸਿੰਘ, ਜਸਵੀਰ ਸਿੰਘ, ਕਵੀਸ਼ਰ ਸੰਤੋਖ ਸਿੰਘ ਤੇ ਸਾਥੀ, ਕਵੀਸ਼ਰ ਪੰਜਾਬ ਸਿੰਘ ਤੇ ਸਾਥੀ, ਕਵੀਸ਼ਰ ਜਰਨੈਲ ਸਿੰਘ ਤੇ ਸਾਥੀ, ਕਵੀਸ਼ਰੇ ਦਰਬਾਰਾ ਸਿੰਘ ਤੇ ਸਾਥੀ, ਸ: ਕਰਤਾਰ ਸਿੰਘ ਬਿਜਲੀਵਾਲ, ਸ: ਫੌਜਾ ਸਿੰਘ, ਇੰਦਰ ਸਿੰਘ ਖੜ੍ਹਤਾਲਾਂ ਵਾਲੇ ਗੁਰਦਾਸਪੁਰ ਆਦਿ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੱਥੇਦਾਰਾਂ ਅਤੇ ਪ੍ਰਚਾਰਕਾਂ ਨੂੰ ਹੁਕਮ ਕਰਦੇ ਹਨ,

"ਜਿੰਨੇ ਦੀਵਾਨ ਲਗਦੇ ਹਨ, ਦੀਵਾਨ ਲਾਉਣ ਵਾਲੇ ਇਸ ਗੱਲ ਦਾ ਧਿਆਨ ਰੱਖਣ ਕਿ ਆਪਣਾ ਪ੍ਰਚਾਰ ਮੰਡਨ ਰੂਪ 'ਚ ਕਰੋ, ਕਿਸੇ ਦੀ ਨਿੰਦਾ ਨਾ ਕਰੋ। ਖੰਡਨ ਨਾ ਕਰੋ, ਆਪਣਾ ਮੰਡਨ ਕਰੋ।"

ਸ੍ਰੀ ਸਤਿਗੁਰੂ ਜੀ ਇਹ ਚਾਹੁੰਦੇ ਹਨ ਕਿ ਜੱਥੇਦਾਰ ਜਿਥੇ ਕਿਧਰੇ ਦੀਵਾਨ ਲਾਉਣ, ਉਥੋਂ ਪੈਸੇ ਨਾ ਮੰਗਣ, ਲੋਭ ਨੂੰ ਮੁਖ ਨਾ ਰੱਖਣ। ਜੱਥੇਦਾਰਾਂ ਅਤੇ ਪ੍ਰਚਾਰਕਾਂ ਦੀਆਂ ਮਾਇਕ ਤੇ ਪਦਾਰਥਕ ਲੋੜਾਂ ਗੁਰਦਵਾਰਾ ਸ੍ਰੀ ਭੈਣੀ ਸਾਹਿਬ ਤੋਂ ਹੀ ਪੂਰੀਆਂ ਕੀਤੀਆਂ ਜਾਣ। ਸੱਚੇ ਪਾਤਸ਼ਾਹ ਜੀ, ਜੱਥੇਦਾਰਾਂ ਅਤੇ ਰਾਗੀਆਂ ਨੂੰ ਹੁਕਮ ਕਰਦੇ ਹਨ,

"ਭੇਟਾ ਵਲ ਧਿਆਨ ਨਾ ਦਿਆ ਕਰੋ, ਬਲਕਿ ਜੋ ਕੁਝ ਚਾਹੀਦਾ ਹੈ, ਮੇਰੇ ਕੋਲੋਂ ਲਵੋ।"

ਅਗਲੀ ਪੀੜ੍ਹੀ ਦੇ ਨੌਜਵਾਨ ਬੱਚੇ ਦੀਵਾਨ ਲਾਉਣ ਲਗ ਪਏ ਹਨ। ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੇ ਮਾਸਟਰ ਦਰਸ਼ਨ ਸਿੰਘ ਦੁਆਰਾ ਸਿਖਿਅਤ ਵਿਦਿਆਰਥੀ ਕਥਾ ਕਰਦੇ ਅਤੇ ਦੀਵਾਨ ਲਾਉਂਦੇ ਹਨ। ਕਈ ਬੱਚੇ ਪੁਰਾਣੇ ਜੱਥੇਦਾਰਾਂ ਦੀ ਸ਼ੈਲੀ ਵਿਚ ਪ੍ਰਭਾਵਸ਼ਾਲੀ ਦੀਵਾਨ ਸਜਾਉਂਦੇ ਹਨ। ਕਈ ਬੱਚੇ ਵਾਰ ਵੀ ਲਾਉਂਦੇ ਹਨ, ਜਿਸ ਵਿਚ ਬਾਣੀ

ਦੇ ਪ੍ਰਮਾਣ ਦੇ ਕੇ ਰੰਗ ਪੈਦਾ ਕੀਤਾ ਹੁੰਦਾ ਹੈ। ਰਣਜੀਤ ਸਿੰਘ, ਤਰਨ ਸਿੰਘ, ਰਵੇਲ ਸਿੰਘ, ਨਰਿੰਦਰ ਸਿੰਘ ਆਦਿ ਨੌਜਵਾਨ ਬੱਚੇ ਕਵੀਸ਼ਰੀ ਕਰਦੇ ਹਨ। ਜਗਦੇਵ ਸਿੰਘ, ਬਲਵੰਤ ਸਿੰਘ ਆਦਿਕ ਧਾਰਮਕ ਰੰਗਤ ਦੀਆਂ ਕਵਾਲੀਆਂ ਗਾਉਂਦੇ ਹਨ। ਕਾਕਾ ਜੈ ਸਿੰਘ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦੋਹਤਰਾ) ਕਥਾ ਵੀ ਕਰਦੇ ਹਨ ਅਤੇ ਦੀਵਾਨ ਵੀ ਲਾਉਂਦੇ ਹਨ। ਦੀਵਾਨ ਸਜਾਉਣ ਵਾਲੇ ਕੁੱਝ ਕੁ ਪ੍ਰਮੁੱਖ ਨੌਜਵਾਨ ਬੱਚਿਆਂ ਦੇ ਨਾਮ ਹਨ— ਬਿਕ੍ਰਮ ਸਿੰਘ, ਜਗਦੇਵ ਸਿੰਘ, ਗੁਰਲਾਲ ਸਿੰਘ, ਗੁਰਸੇਵ ਸਿੰਘ, ਗੁਰਭਗਤ ਸਿੰਘ, ਦੀਦਾਰ ਸਿੰਘ, ਪਵਿੱਤਰ ਸਿੰਘ ਆਦਿਕ। ਸ੍ਰੀ ਸਤਿਗੁਰੂ ਜੀ ਦੀ ਇਨ੍ਹਾਂ ਬੱਚਿਆਂ 'ਤੇ ਏਨੀ ਕਿਰਪਾ ਹੈ ਕਿ ਸਟੇਜ 'ਤੇ ਇਨ੍ਹਾਂ ਦੀਆਂ ਕਾਰਗੁਜ਼ਾਰੀਆਂ ਵੇਖ ਕੇ ਵੇਖਣ ਸੁਣਣ ਵਾਲੇ ਹੈਰਾਨ ਅਤੇ ਪ੍ਰਸੰਨ ਹੁੰਦੇ ਹਨ।

ਸਮੇਂ ਸਮੇਂ ਤੇ ਅਧਿਆਤਮਕ ਕੈਂਪ ਲਾਏ ਜਾਂਦੇ ਹਨ ਤੇ ਬੱਚਿਆਂ ਤੇ ਨੌਜਵਾਨਾਂ ਨੂੰ ਮਰਿਯਾਦਾ ਬਾਰੇ ਦੱਸਿਆ ਜਾਂਦਾ ਹੈ। ਅੰਮ੍ਰਿਤ ਛਕਾਉਣਾ, ਸੋਧ, ਹਵਨ, ਵਰਨੀ ਤੇ ਪੰਜ ਕਕਾਰਾਂ ਬਾਰੇ ਦੱਸਿਆ ਜਾਂਦਾ ਹੈ। ਇਤਿਹਾਸਕ ਜਾਣਕਾਰੀ ਵੀ ਦਿਤੀ ਜਾਂਦੀ ਹੈ ਤੇ ਸਟੇਜ 'ਤੇ ਬੋਲਣਾ ਵੀ ਸਿਖਾਇਆ ਜਾਂਦਾ ਹੈ। ਕੈਂਪ ਵਿਚ ਚੰਗੀ ਕਾਰਗੁਜ਼ਾਰੀ ਵਿਖਾਉਣ ਵਾਲਿਆਂ ਨੂੰ ਇਨਾਮ ਦਿੱਤੇ ਜਾਂਦੇ ਹਨ।

ਇੰਜ ਇਹ ਮੇਲੇ ਕਰ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਡੇ ਲਈ ਇਕ ਅਤੀ ਉੱਤਮ ਸੰਗਤ ਨੂੰ ਮਾਨਣ ਦਾ ਸੁਅਵਸਰ ਪ੍ਰਦਾਨ ਕਰਦੇ ਹਨ। ਗੁਰਮੁਖਾਂ ਦੀ ਸੰਗਤ, ਗੁਰਮਖਾਂ ਦਾ ਮੇਲਾ, ਜਿਹੜਾ ਕੁਲਾਂ ਤਾਰਦਾ ਹੈ, ਕਰਵਾ ਕੇ ਸ੍ਰੀ ਸਤਿਗੁਰੂ ਜੀ ਸਰਬਜਨਕ ਭਲਾਈ ਦੇ ਸਾਧਨ ਸਿਰਜਦੇ ਹਨ, ਜਿਸ ਲਈ ਅਸੀਂ ਸ਼ੁਕਰਗੁਜ਼ਾਰ ਹਾਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਅਤੇ ਸਰਪ੍ਰਸਤੀ ਹੇਠ ਇਹ ਮੇਲੇ ਅਤੇ ਸਮਾਗਮ ਇੰਜ ਹੀ ਚਲਦੇ ਰਹਿਣ, ਸਾਧ ਸੰਗਤ ਨੂੰ ਗੁਰੂ ਰੂਪੀ ਤੀਰਥ ਨੂੰ ਪਰਸਨ ਅਤੇ ਸਤ ਸੰਗ ਕਰਨ ਦਾ ਮੌਕਾ ਮਿਲਦਾ ਰਹੇ! ਇਹ ਹੀ ਮੇਰੀ ਗੁਰਚਰਨਾਂ ਵਿਚ ਅਰਦਾਸ ਹੈ।

## ਸ਼ਹੀਦ ਯਾਦਗਾਰੀ ਮੇਲੇ

ਅੰਮ੍ਰਿਤਸਰ, ਰਾਏਕੋਟ, ਲੁਧਿਆਣਾ ਅਤੇ ਮਲੇਰਕੋਟਲਾ ਵਿਖੇ ਸ਼ਹੀਦ ਹੋਏ ਨਾਮਧਾਰੀ ਸਿੱਖਾਂ ਦੀ ਯਾਦ ਵਿਚ ਹਰ ਸਾਲ ਸ਼ਹੀਦ ਯਾਦਗਾਰੀ ਮੇਲੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਵੱਡੀ ਪੱਧਰ 'ਤੇ ਕੀਤੇ ਜਾਂਦੇ ਹਨ। ਸ਼ਹੀਦਾਂ ਦੇ ਇਹ ਮੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ੁਰੂ ਕਰਵਾਏ ਸਨ।

**ਅੰਮ੍ਰਿਤਸਰ ਦਾ ਸ਼ਹੀਦੀ ਮੇਲਾ**

ਸਭ ਤੋਂ ਪਹਿਲਾਂ 15 ਜੂਨ 1871 ਨੂੰ ਅੰਮ੍ਰਿਤਸਰ ਵਿਖੇ ਹੋਏ ਸ਼ਹੀਦੀ ਸਾਕੇ ਦੇ ਚਾਰ ਨਾਮਧਾਰੀ ਸਿੱਖਾਂ ਲਹਿਣਾ ਸਿੰਘ, ਫਤਿਹ ਸਿੰਘ ਭਾਟੜਾ, ਹਾਕਮ ਸਿੰਘ ਪਟਵਾਰੀ ਅਤੇ ਬੀਹਲਾ ਸਿੰਘ ਨਾਰਲੀ ਨੂੰ ਅੰਮ੍ਰਿਤਸਰ ਦੇ ਰਾਮ-ਬਾਗ ਕੋਲ ਇਕ ਬੋਹੜ ਥੱਲੇ 15 ਸਤੰਬਰ 1871 ਨੂੰ ਅੰਗਰੇਜ਼ਾਂ ਦੁਆਰਾ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਸੀ। ਇਸ ਥਾਂ 'ਤੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਸ਼ਾਨਦਾਰ ਸ਼ਹੀਦ ਯਾਦਗਾਰੀ ਸਮਾਰਕ ਬਣਵਾਇਆ ਹੈ, ਇਥੇ ਹਰ ਸਾਲ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮੇਲਾ ਕਰਾਉਣ ਦੀ ਸੇਵਾ ਅੰਮ੍ਰਿਤਸਰ ਸਾਕੇ ਦੇ ਸ਼ਹੀਦ ਲਹਿਣਾ ਸਿੰਘ ਦੇ ਪਰਿਵਾਰ ਵਿਚੋਂ, ਸੰਤ ਦਲੀਪ ਸਿੰਘ ਪੰਨਵ ਦਿੱਲੀ ਕਰਦੇ ਹਨ।

**ਰਾਏਕੋਟ ਦਾ ਸ਼ਹੀਦੀ ਮੇਲਾ**

15 ਜੁਲਾਈ 1871 ਨੂੰ ਹੋਏ ਰਾਏਕੋਟ ਸਾਕੇ ਨਾਲ ਸਬੰਧਤ ਪਿੰਡ ਪਿੱਥੋ ਦੇ ਤਿੰਨ ਸਿੱਖਾਂ ਮੰਗਲ ਸਿੰਘ, ਮਸਤਾਨ ਸਿੰਘ ਤੇ ਗੁਰਮੁਖ ਸਿੰਘ ਨੂੰ ਰਾਏਕੋਟ ਬੁੱਚੜਖਾਨੇ ਕੋਲ, 5 ਅਗਸਤ 1871 ਨੂੰ ਅੰਗਰੇਜ਼ਾਂ ਨੇ ਫਾਂਸੀ ਦੇ ਕੇ ਸ਼ਹੀਦ ਕੀਤਾ ਸੀ। ਰਾਏਕੋਟ ਦੇ ਇਨ੍ਹਾਂ ਸ਼ਹੀਦਾਂ ਨਮਿਤ ਮੇਲਾ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਹਰ ਸਾਲ ਰਾਏਕੋਟ, ਲੁਧਿਆਣੇ ਜਾਂ ਸ੍ਰੀ ਭੈਣੀ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਪਹਿਲੋਂ ਇਹ ਮੇਲਾ ਜ਼ਿਲ੍ਹਾ ਲੁਧਿਆਣਾ ਦੀ ਨਾਮਧਾਰੀ ਸੰਗਤ ਵਲੋਂ ਕੀਤਾ ਜਾਂਦਾ ਸੀ, ਹੁਣ ਪਿਛਲੇ ਕੁੱਝ ਸਾਲਾਂ ਤੋਂ ਇਸ ਮੇਲੇ ਦੀ ਸੇਵਾ ਲੁਧਿਆਣੇ ਦੇ ਸੰਤ ਸਰਦਾਰਾ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਸੂਬਾ ਹਰਭਜਨ ਸਿੰਘ, ਸੰਤ ਬਖਸ਼ੀਸ਼ ਸਿੰਘ ਤੇ ਸੰਤ ਜਗਮੋਹਨ ਸਿੰਘ ਕਰਦੇ ਹਨ। ਪਿੰਡ ਪਿੱਥੋ ਵਿਖੇ ਇਨ੍ਹਾਂ ਸ਼ਹੀਦਾਂ ਦੇ ਪਰਿਵਾਰ ਅਤੇ ਸਮੂਹ ਪਿੰਡ ਵਾਸੀ, ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਮੇਲਾ ਆਪਣੇ ਪਿੰਡ ਵਿਖੇ ਉਸ ਅਸਥਾਨ ਤੇ ਹਰ ਸਾਲ ਮਨਾਉਂਦੇ ਹਨ, ਜਿਥੇ ਇਨ੍ਹਾਂ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ ਸੀ।

ਰਾਏਕੋਟ ਦਾ ਇਹ ਮੇਲਾ ਸੰਨ 1997 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਦੇਸ਼ ਦੌਰੇ 'ਤੇ ਗਏ ਹੋਣ ਕਰਕੇ 5 ਅਗਸਤ ਦੀ ਥਾਂ 16-17 ਅਗਸਤ 1997 ਨੂੰ "ਨਾਮਧਾਰੀ ਸ਼ਹੀਦੀ ਸਮਾਰਕ" ਜੇਲ ਰੋਡ, ਲੁਧਿਆਣੇ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ। ਇਸ ਸਮਾਗਮ ਸਮੇਂ ਭਾਰਤ ਦੀ ਅਜ਼ਾਦੀ ਦਾ 50 ਸਾਲਾ ਅਜ਼ਾਦੀ ਦਿਵਸ ਮਨਾਇਆ ਗਿਆ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਤੇ ਪੰਜਾਬ ਦੇ ਹੋਰ ਮੰਤਰੀ ਪਧਾਰੇ। ਹਰ ਫ਼ਿਰਕੇ ਦੇ ਨੁਮਾਇੰਦੇ ਇਸ ਸਮਾਗਮ 'ਚ ਸ਼ਾਮਲ ਹੋਏ। ਸ੍ਰ. ਅਜੀਤ ਸਿੰਘ ਲਾਇਲ ਦਾ ਲਿਖਿਆ ਪੈਂਫਲਿਟ 'ਜੰਗ-ਏ-ਅਜ਼ਾਦੀ ਦਾ ਸਰ-ਵਰਕ' ਸਮਾਗਮ ਸਮੇਂ ਵੰਡਿਆ ਗਿਆ। ਨਾਮਧਾਰੀ, ਗੈਰ ਨਾਮਧਾਰੀ ਸੰਗਤ, ਰਾਜਨੀਤਕ ਪਾਰਟੀਆਂ ਦੇ ਨੇਤਾਗਣ, ਧਾਰਮਿਕ ਤੇ ਸਮਾਜਕ ਆਗੂਆਂ ਦੇ ਵੱਡੇ ਇਕੱਠ ਨੂੰ ਸੰਬੋਧਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕੂਕਾ ਲਹਿਰ ਨੇ ਦੇਸ਼ ਦੀ ਆਜ਼ਾਦੀ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਸ਼ਹੀਦ ਕੌਮ ਦਾ ਖਜ਼ਾਨਾ ਹੁੰਦੇ ਹਨ, ਉਹ ਕੌਮਾਂ ਤਕੜੀਆਂ ਹੁੰਦੀਆਂ ਹਨ ਜੋ ਉਹਨਾਂ ਨੂੰ ਯਾਦ ਕਰਦੀਆਂ ਹਨ। ਪੰਜਾਬੀ, ਦੇਸ਼ ਦੀ ਅਬਾਦੀ ਦਾ ਕੇਵਲ ਦੋ ਢਾਈ ਪ੍ਰਸੈਂਟ ਹਨ ਪਰ ਜੇ ਦੇਸ਼ ਦੀ ਅਜ਼ਾਦੀ ਲਈ ਪੰਜਾਬੀਆਂ ਦੀਆਂ ਕੁਰਬਾਨੀਆਂ ਵੇਖੀਆਂ ਜਾਣ ਤਾਂ ਉਹ ਅੱਸੀ ਪਰਸੈਂਟ ਬਣਦੀਆਂ ਹਨ ਜਿਨ੍ਹਾਂ ਵਿਚ ਨਾਮਧਾਰੀ ਸਭ ਤੋਂ ਅੱਗੇ ਹਨ। ਐਸ ਵੇਲੇ ਪੰਜਾਬ ਵਿਚ ਅਮਨ, ਸ਼ਾਂਤੀ ਤੇ ਭਾਈਚਾਰਾ ਕਾਇਮ ਰੱਖਣ ਲਈ ਸਾਨੂੰ ਛੋਟੇ ਖ਼ਿਆਲਾਂ ਤੋਂ ਉੱਪਰ ਉੱਠ ਕੇ ਦੇਸ਼ ਬਾਰੇ ਸੋਚਣਾ ਚਾਹੀਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਫ਼ਰਮਾਇਆ ਕਿ ਭਾਵੇਂ ਅਸੀਂ ਨਾਮਧਾਰੀ, ਹਿੰਦੂ, ਸਿੱਖ, ਮੁਸਲਮਾਨ, ਈਸਾਈ ਕੁਝ ਵੀ ਹਾਂ ਪਰ ਸਭ ਤੋਂ ਪਹਿਲਾਂ ਅਸੀਂ ਹਿੰਦੁਸਤਾਨੀ ਹਾਂ। ਆਪ ਨੇ ਕਿਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਨੇ ਐਸੇ ਸਿੱਖ ਬਣਾਏ ਜਿਨ੍ਹਾਂ ਫਾਂਸੀ ਦੇ ਰੱਸੇ ਆਪਣੇ ਹੱਥੀਂ ਆਪਣੇ ਗਲਾਂ ਵਿਚ ਪਾਏ, ਤੋਪਾਂ ਅੱਗੇ ਨੱਸ ਨੱਸ ਕੇ ਆਉਣ ਵਾਲੇ ਕੇਵਲ ਨਾਮਧਾਰੀ ਹੀ ਸਨ। ਜਲ੍ਹਿਆਂ ਵਾਲੇ ਬਾਗ ਵਿਚ ਸ਼ਹੀਦ ਹੋਣ ਵਾਲੇ ਘਰੋਂ ਮਰਨ ਲਈ ਨਹੀਂ ਸਨ ਗਏ, ਉਹ ਲੈਕਚਰ ਸੁਣਨ ਗਏ ਸੀ। ਪਰ ਨਾਮਧਾਰੀ ਸ਼ਹੀਦ ਘਰੋਂ ਤਿਆਰ ਹੋ ਕੇ ਸ਼ਹੀਦ ਹੋਣ ਲਈ ਗਏ ਸਨ। ਹਜ਼ੂਰ ਨੇ ਫ਼ਰਮਾਇਆ ਕਿ ਐਸ ਵੇਲੇ ਸਾਨੂੰ ਆਪੋ ਆਪਣੇ ਵੱਖਰੇਵੇਂ ਛੱਡ ਕੇ ਦੇਸ਼ ਵਾਸਤੇ ਇਕੱਠੇ ਹੋ ਕੇ ਮੋਢੇ ਨਾਲ ਮੋਢਾ ਲਾ ਕੇ ਚਲਣਾ ਚਾਹੀਦਾ ਹੈ।

ਇਸ ਸਮਾਗਮ ਤੋਂ ਇਕ ਦਿਨ ਪਹਿਲੋਂ 16 ਅਗਸਤ ਨੂੰ ਜਥੇਦਾਰਾਂ ਦੇ ਦੀਵਾਨ ਲੱਗੇ ਅਤੇ ਰਾਤ ਨੂੰ ਡਾ. ਹਰਚਰਨ ਸਿੰਘ ਦਾ ਲਿਖਿਆ ਤੇ ਡਾਕਟਰ ਸਾਹਿਬ ਸਿੰਘ ਦਾ ਡਾਇਰੈਕਟ ਕੀਤਾ, ਨਾਟਕ 'ਤੋਪਾਂ ਦੇ ਮੂੰਹ ਮੋੜਨ ਵਾਲੇ' ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਦੀ ਹਜ਼ੂਰੀ ਵਿਚ ਖੇਡਿਆ ਗਿਆ। ਸੰਤ ਤਰਸੇਮ ਸਿੰਘ ਦੇ ਉਦਮਾਂ ਨਾਲ ਇਹ ਨਾਟਕ ਸੰਨ 1997 ਵਿਚ ਚੰਡੀਗੜ੍ਹ ਵਿਖੇ 15 ਜੂਨ ਨੂੰ, ਮਲੇਰਕੋਟਲੇ ਵਿਖੇ 15 ਜੁਲਾਈ, ਹਿੰਮਤਪੁਰੇ ਵਿਖੇ 16 ਜੁਲਾਈ, ਲੁਧਿਆਣੇ

ਵਿਖੇ 16 ਅਗਸਤ, ਮੁੜ ਹਿੰਮਤਪੁਰੇ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ 29 ਅਗਸਤ ਅਤੇ ਜਲੰਧਰ ਵਿਖੇ 14 ਸਤੰਬਰ ਨੂੰ ਖੇਡਿਆ ਗਿਆ।

ਵਹਿਮੀ ਜੀ ਅਨੁਸਾਰ ਰਾਏਕੋਟ ਦਾ ਮੇਲਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਤਰ੍ਹਾਂ ਸ਼ੁਰੂ ਕਰਵਾਇਆ। ਮੰਡੀ (ਹਿਮਾਚਲ ਪ੍ਰਦੇਸ਼) ਤੋਂ ਸ. ਇੰਦਰ ਸਿੰਘ ਚੱਕਰਵਰਤੀ, ਪੰਡਤ ਗੋਪਾਲ ਸਿੰਘ, ਕਰਮ ਸਿੰਘ ਬਾਲਮ ਜੀ ਹੱਥੀਂ ਹੁਕਮ ਭੇਜਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਵੱਡੇ ਬਾਬਾ ਜੀ ਰਾਏਕੋਟ ਜਾ ਕੇ ਰਾਏਕੋਟ ਦੇ ਸ਼ਹੀਦਾਂ ਨਮਿਤ ਮੇਲਾ ਕਰਾਉਣ, ਸੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਦੋਂ ਤੋਂ ਰਾਏਕੋਟ ਦੇ ਸ਼ਹੀਦਾਂ ਨਮਿਤ ਇਹ ਮੇਲਾ ਸ਼ੁਰੂ ਕੀਤਾ ਅਤੇ ਲਗਾਤਾਰ ਹਰ ਸਾਲ ਕਰਦੇ ਆ ਰਹੇ ਹਨ।

ਸੰਤ ਤਰਨ ਸਿੰਘ ਵਹਿਮੀ ਸੰਮਤ ੨੦੧੬ ਦੇ ਸਮੇਂ ਦੀ ਗੱਲ ਇੰਜ ਲਿਖਦੇ ਹਨ:—

"ਸਤਿਗੁਰੂ ਜੀ ਮੰਡੀਓ ਪੰਡਤ ਗੋਪਾਲ ਸਿੰਘ ਜੀ ਤੇ ਚੱਕਰਵਰਤੀ ਜੀ ਨੂੰ ਭੈਣੀ ਸਾਹਿਬ ਭੇਜਿਆ ਤੇ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਵੱਲ ਸੁਨੇਹਾ ਦਿੱਤਾ ਕਿ ੨੧ ਸਾਉਣ ਰਾਏਕੋਟ ਵਾਲੇ ਸ਼ਹੀਦਾਂ, ਗੁਰਮੁਖ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ ਦੇ ਮੇਲੇ 'ਤੇ ਸ਼ਬਦੀ ਜਥੇਦਾਰ ਲੈ ਕੇ ਜਾਵੇ ਤੇ ਅੰਮ੍ਰਿਤਸਰ ਵਾਲੇ ਤੇ ਮਲੇਰਕੋਟਲੇ ਵਾਲੇ ਸ਼ਹੀਦਾਂ ਦੇ ਦਿਨਾਂ ਜੋਗ ਭੀ ਆਪ ਚੇਤਾ ਕਰਾਵੇ ਕਿ ਏਸੇ ਤਰ੍ਹਾਂ ਉਨ੍ਹਾਂ ਅਸਥਾਨਾਂ 'ਤੇ ਜਾ, ਉਨ੍ਹਾਂ ਦਿਨਾਂ 'ਤੇ ਸੰਗਤ ਸ਼ਹੀਦਾਂ ਦੀ ਯਾਦ ਮਨਾਵੇ ਤੇ ਸੰਸਾਰ ਨੂੰ ਸੁਨਾਵੇ, ਉਹ ਸੱਚੇ ਧਰਮੀ ਸ਼ਹੀਦ ਐਸੇ ਹੋਏ ਹਨ।"

—ਜੱਸ ਜੀਵਨ ਭਾਗ ਛੇਵਾਂ ਪੰਨਾ ੩੫੯

"੨੧ ਸਾਉਣ ੫ ਅਗਸਤ, ਬੁੱਧਵਾਰ ਬਾਬਾ ਜਗਜੀਤ ਸਿੰਘ ਜੀ, ਪੰਡਤ ਜੀ ਤੇ ਚੱਕਰਵਰਤੀ ਜੀ, ਬਾਲਮ ਜੀ ਤੇ ਹੋਰ ਪ੍ਰਚਾਰਕਾਂ ਰਾਗੀਆਂ ਨੂੰ ਸਾਥ ਲੈ ਰਾਏਕੋਟ ਪੁੱਜੇ ਤੇ ਰਾਏਕੋਟ ਵਾਲੇ ਸ਼ਹੀਦਾਂ ਨਮਿਤ ਬਹੁਤ ਪ੍ਰਚਾਰ ਤੇ ਲੰਗਰ ਹੋਇਆ, ਕੜਾਹ ਪ੍ਰਸ਼ਾਦ ਹੋਇਆ, ਹਵਨ ਕਰ ਤਿੰਨਾਂ ਪਾਠਾਂ ਦੇ ਭੋਗ ਸ਼ਹੀਦਾਂ ਨਮਿਤ ਪਾਏ ਤੇ ਬਾਬਾ ਜੀ ਆਪ ਅੰਮ੍ਰਿਤਸਰ, ਮਲੇਰਕੋਟਲੇ ਵਾਲੇ ਸ਼ਹੀਦਾਂ ਦੇ ਮੇਲੇ ਏਸੇ ਤਰ੍ਹਾਂ ਸੰਗਤ ਨੂੰ ਹੁੰਮ-ਹੁੰਮਾ ਉਤਸ਼ਾਹ ਨਾਲ ਆ ਕੇ ਮਨਾਉਣ ਦੀ ਪ੍ਰੇਰਨਾ ਦਿਤੀ ਤੇ ਕਿਹਾ, 'ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਵਲੋਂ ਸੰਗਤ ਨੂੰ ਤੇ ਮੈਨੂੰ ਬੜੀ ਪੱਕੀ ਹੈ, ਸ਼ਹੀਦਾਂ ਦੇ ਮੇਲੇ ਮਨਾਣ ਦੀ।"

—ਜੱਸ ਜੀਵਨ ਭਾਗ ਛੇਵਾਂ ੩੬੦

## ਲੁਧਿਆਣੇ ਦਾ ਸ਼ਹੀਦੀ ਮੇਲਾ

26 ਨਵੰਬਰ 1871 ਨੂੰ ਲੁਧਿਆਣੇ ਸੈਂਟਰਲ ਜੇਲ੍ਹ ਦੇ ਸਾਹਮਣੇ ਅੰਗ੍ਰੇਜ਼ਾਂ ਦੁਆਰਾ (ਰਾਏਕੋਟ ਸਾਕੇ ਦੇ ਸਿੰਘਾਂ ਨੂੰ ਉਕਸਾਉਣ ਦੇ ਦੋਸ਼ ਵਿਚ) ਇਕ ਬੋਹੜ ਥੱਲੇ ਫਾਂਸੀ ਦੇ ਕੇ ਸ਼ਹੀਦ ਕੀਤੇ

ਗਏ ਸੂਬਾ ਗਿਆਨੀ ਰਤਨ ਸਿੰਘ ਮੰਡੀ ਕਲਾਂ ਅਤੇ ਸੰਤ ਰਤਨ ਸਿੰਘ ਨਾਈਵਾਲਾ ਦੀ ਯਾਦ ਵਿਚ ਸ਼ਹੀਦ ਯਾਦਗਾਰੀ ਮੇਲਾ, ਹਰ ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਜਾਂ ਲੁਧਿਆਣੇ ਕੀਤਾ ਜਾਂਦਾ ਹੈ। ਲੁਧਿਆਣੇ ਵਿਖੇ ਸ਼ਹੀਦ ਯਾਦਗਾਰੀ ਸਮਾਰਕ ਬਣਨ ਤੋਂ ਬਾਅਦ ਹੁਣ ਇਹ ਮੇਲਾ ਪਿਛਲੇ ਕੁਝ ਸਾਲਾਂ ਤੋਂ ਸੈਂਟਰਲ ਜੇਲ੍ਹ ਦੇ ਸਾਹਮਣੇ ਬਣੇ ਇਸ 'ਨਾਮਧਾਰੀ ਸ਼ਹੀਦੀ ਸਮਾਰਕ' ਵਿਖੇ ਵੱਡੀ ਪੱਧਰ 'ਤੇ ਕੀਤਾ ਜਾਂਦਾ ਹੈ। ਇਸ ਸਮਾਰਕ ਵਿਖੇ ਹਰ ਹਫਤੇ ਵੀ ਲੁਧਿਆਣੇ ਦੀ ਸੰਗਤ ਦੀ ਮੇਲੇ ਦੇ ਰੂਪ ਵਿਚ ਇਕੱਤਰਤਾ ਹੁੰਦੀ ਹੈ। ਸ੍ਰੀ ਸਤਿਗੁਰੂ ਜੀ ਵੀ (ਜੇ ਸ੍ਰੀ ਭੈਣੀ ਸਾਹਿਬ ਹੋਣ ਤਾਂ) ਇਸ ਵਿਚ ਦਰਸ਼ਨ ਦਿੰਦੇ ਹਨ। ਭਜਨ-ਬਾਣੀ, ਹਵਨ, ਵਰਨੀਆਂ ਕੀਤੇ ਜਾਂਦੇ ਹਨ। ਪਾਠਾਂ ਦੇ ਭੋਗ ਪਾਏ ਜਾਂਦੇ ਹਨ ਅਤੇ ਅਨੰਦ-ਕਾਰਜ ਵੀ ਹੁੰਦੇ ਹਨ।

### ਅਕਾਲ-ਬੁੰਗੇ ਵਿਖੇ ਮੇਲਾ

ਇਸ ਸਾਲ ਜਨਵਰੀ ਸੰਨ 1997 (ਸੰਮਤ ੨੦੫੩) ਨੂੰ ਅਕਾਲ ਬੁੰਗਾ ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ ਕੀਤਾ ਗਿਆ। 18-19 ਜਨਵਰੀ 1872 ਨੂੰ ਮਲੇਰਕੋਟਲੇ ਸਾਕੇ ਵਿਚ ਸ਼ਹੀਦੀਆਂ ਪ੍ਰਾਪਤ ਕਰਨ ਲਈ ਜਾਣ ਵਾਲਾ ਸ਼ਹੀਦੀ ਜੱਥਾ 13 ਜਨਵਰੀ 1872 ਨੂੰ ਅਰਦਾਸਾ ਸੋਧ ਕੇ ਅਕਾਲ ਬੁੰਗਾ, ਸ੍ਰੀ ਭੈਣੀ ਸਾਹਿਬ ਤੋਂ ਰਵਾਨਾ ਹੋਇਆ ਸੀ। ਇਸ ਜੱਥੇ ਵਿਚ ਸ਼ਾਮਲ ਆਪਣੇ ਪਿਆਰੇ ਸਿੰਘਾਂ ਨੂੰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੜਾਹ ਪ੍ਰਸ਼ਾਦਿ ਵਰਤਾਇਆ, ਅਗਲੇ ਪ੍ਰੋਗ੍ਰਾਮ ਬਾਰੇ ਹਦਾਇਤਾਂ ਦਿਤੀਆਂ, ਧਰਮ ਅਤੇ ਦੇਸ਼ ਪ੍ਰਤੀ ਫਰਜ਼ ਪੂਰੇ ਕਰਨ ਲਈ ਪੱਕਿਆਂ ਕੀਤਾ, ਜ਼ਾਲਮ ਅਤੇ ਜ਼ੁਲਮ ਅੱਗੇ ਸਿਰ ਨਾ ਝੁਕਾਉਣ ਦਾ ਆਸ਼ੀਰਵਾਦ ਦੇ ਕੇ ਤੋਰਿਆ। ਏਥੇ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਲੰਗਰ ਵਿਚੋਂ ਆਟਾ ਗੁੰਨਦਿਆਂ ਗੁੰਨਦਿਆਂ ਲਿਬੜੇ ਹੱਥਾਂ ਨਾਲ ਹੀ ਸ਼ਹੀਦੀ ਜੱਥੇ ਵਿਚ ਦੋ ਸਿੰਘ ਚੜ੍ਹਤ ਸਿੰਘ ਤੇ ਉੱਤਮ ਸਿੰਘ, ਆ ਸ਼ਾਮਲ ਹੋਏ। ਇਹ ਸ਼ਹੀਦੀ ਜੱਥਾ ਅਕਾਲ ਬੁੰਗਾ ਤੋਂ ਚਲਿਆ ਤੇ ਇਸ ਜੱਥੇ ਦੇ ਮੋਢੀ ਸਨ— ਪਿੰਡ ਸਕਰੌਦੀ (ਜ਼ਿਲ੍ਹਾ ਸੰਗਰੂਰ) ਦੇ (ਸ਼ਹੀਦ) ਹੀਰਾ ਸਿੰਘ ਗਰੇਵਾਲ ਅਤੇ (ਸ਼ਹੀਦ) ਲਹਿਣਾ ਸਿੰਘ ਗਰੇਵਾਲ। ਮਾਈ ਇੰਦ ਕੌਰ (ਹੰਡਿਆਇਆ) ਅਤੇ ਮਾਈ ਖੇਮ ਕੌਰ (ਰੜ੍ਹ) ਜੱਥੇ ਵਿਚ ਸਰਗਰਮ ਸਨ। ਇਸ ਦਿਨ ਦੀ ਯਾਦ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸੰਨ 1997 (ਸੰਮਤ ੨੦੫੩) ਵਿਚ ਪਹਿਲੀ ਵਾਰ ਅਕਾਲ ਬੁੰਗਾ ਸ੍ਰੀ ਭੈਣੀ ਸਾਹਿਬ ਵਿਖੇ ਮੇਲਾ ਹੋਇਆ, ਪਾਠਾਂ ਦੇ ਭੋਗ ਪਾਏ ਗਏ।

**ਮਲੇਰਕੋਟਲੇ ਦਾ ਸ਼ਹੀਦੀ ਮੇਲਾ**

15 ਜਨਵਰੀ 1872 ਨੂੰ ਹੋਏ ਮਲੇਰਕੋਟਲਾ ਕਾਂਡ ਵਿਚ ਬੁੱਚੜਖਾਨਿਆਂ ਤੇ ਹਮਲਾ ਕਰਕੇ ਗਊਆਂ ਨੂੰ ਛੁਡਾਉਣ ਦੇ ਜੁਰਮ ਵਿਚ ਬਿਨਾਂ ਮੁਕੱਦਮਾ ਚਲਾਏ 17-18 ਜਨਵਰੀ 1872 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 65 ਨਾਮਧਾਰੀ ਸਿੱਖਾਂ ਨੂੰ ਮਲੇਰਕੋਟਲੇ ਦੇ ਰੱਕੜ ਵਿਚ, ਅੰਗ੍ਰੇਜ਼ਾਂ ਰਾਹੀਂ, ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤਾ ਗਿਆ। ਇਕ ਬਾਰਾਂ ਸਾਲ ਦੇ ਬਾਲਕ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਟੁਕੜੇ-ਟੁਕੜੇ ਕੀਤਾ ਗਿਆ। ਇਹ ਸਾਕਾ, ਵਿਸ਼ਵ ਦੇ ਇਤਿਹਾਸ ਵਿਚ ਆਪਣੀ ਮਿਸਾਲ ਆਪ ਹੈ। ਇਹ ਦੇਸ਼ ਭਗਤ ਨਾਮਧਾਰੀ ਸੂਰਮੇ, ਜਿਨ੍ਹਾਂ ਨੇ 16 ਜਨਵਰੀ ਨੂੰ ਸ਼ੇਰਪੁਰ ਦੇ ਥਾਣੇ ਵਿਚ ਆਪ ਆ ਕੇ ਗ੍ਰਿਫਤਾਰੀਆਂ ਦਿਤੀਆਂ ਸਨ, 17-18 ਜਨਵਰੀ ਨੂੰ ਅੰਗ੍ਰੇਜ਼ਾਂ ਵਲੋਂ ਉਨ੍ਹਾਂ ਨੂੰ ਸ਼ਹੀਦ ਕਰਨ ਲਈ ਲਿਆਂਦੀਆਂ ਤੋਪਾਂ ਅੱਗੇ ਆਪ ਨੱਸ ਨੱਸ ਕੇ ਆਏ ਤੇ ਸ਼ਹੀਦ ਹੋਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਨ੍ਹਾਂ ਦੇ ਮਨਾਂ ਵਿਚੋਂ ਮੌਤ ਦਾ ਭੈ ਖਤਮ ਕਰ ਦਿਤਾ ਸੀ। ਇਕ ਅੰਗ੍ਰੇਜ਼ ਸਰ ਹੈਨਰੀ ਕਾਟਨ ਜੋ ਭਾਰਤ ਵਿਚ ਉਸ ਵੇਲੇ ਸੈਰ ਕਰਨ ਆਇਆ ਹੋਇਆ ਸੀ, ਨੇ ਆਪਣੇ ਸਫਰਨਾਮੇ ਵਿਚ ਲਿਖਿਆ ਹੈ, "ਯੂਰਪ ਵਾਲੇ ਇੱਕੋ ਈਸਾ ਤੇ ਮਾਣ ਕਰਦੇ ਹਨ, ਮੈਂ ਅਨੇਕਾਂ ਈਸਾ ਨੱਸ ਨੱਸ ਕੇ ਤੋਪਾਂ ਸਾਹਮਣੇ ਆਉਂਦੇ ਤੇ ਮੌਤ ਨੂੰ ਗਲਵੱਕੜੀ ਪਾਉਂਦੇ ਵੇਖੇ ਹਨ।

ਮਲੇਰਕੋਟਲੇ ਦੇ ਰੱਕੜ ਵਿਚ ਅੰਗ੍ਰੇਜ਼ਾਂ ਨੇ 9 ਤੋਪਾਂ ਬੀੜੀਆਂ ਹੋਈਆਂ ਸਨ, ਜਿਨ੍ਹਾਂ ਵਿਚੋਂ ਦੋ ਰਾਖਵੀਆਂ ਰੱਖ ਕੇ ਬਾਕੀ ਸੱਤ ਤੋਪਾਂ ਨਾਲ ਸੱਤ ਸੱਤ ਸਿੰਘਾਂ ਦੇ ਜੱਥੇ ਨੂੰ ਸ਼ਹੀਦ ਕੀਤਾ ਗਿਆ। ਇਹ ਤੋਪਾਂ ਪਟਿਆਲਾ, ਨਾਭਾ, ਤੇ ਜੀਂਦ ਰਿਆਸਤਾਂ ਦੇ ਮਹਾਰਾਜਿਆਂ ਦੀਆਂ ਸਨ। ਸੰਗਰੂਰ ਤੇ ਮਲੇਰਕੋਟਲੇ ਤੋਂ ਵੀ ਤੋਪਾਂ ਮੰਗਵਾਈਆਂ ਗਈਆਂ ਸਨ।

ਮਲੇਰਕੋਟਲੇ ਵਿਖੇ ਸ਼ਹੀਦੀ ਯਾਦਗਾਰੀ ਮੇਲਾ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 18 ਜਨਵਰੀ ਸੰਨ 1935 (੪-੫ ਮਾਘ ੨੦੨੨) ਤੋਂ ਸ਼ੁਰੂ ਕੀਤਾ ਸੀ। ਉਦੋਂ ਤੋਂ ਹੀ ਇਹ ਮੇਲਾ ਹਰ ਸਾਲ ਹੁੰਦਾ ਆ ਰਿਹਾ ਹੈ। ਪਹਿਲਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਰ ਸਾਲ ਇਹ ਮੇਲਾ ਵੱਡੀ ਪੱਧਰ ਤੇ ਕਰਵਾਉਂਦੇ ਆ ਰਹੇ ਹਨ।

ਮਲੇਰਕੋਟਲੇ ਵਿਖੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਅਤੇ ਸਰਪ੍ਰਸਤੀ ਹੇਠ ਸਭ ਤੋਂ ਵੱਡਾ ਮੇਲਾ 24 ਜੂਨ 1993 ਨੂੰ ਹੋਇਆ। ਇਸ ਬਹੁਤ ਵਿਸ਼ਾਲ ਪੱਧਰ ਦੇ ਸ਼ਹੀਦੀ ਯਾਦਗਾਰੀ ਸਮਾਗਮ ਸਮੇਂ, ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ (ਸਵਰਗੀ) ਸ. ਬੇਅੰਤ ਸਿੰਘ ਪਧਾਰੇ। ਪੰਜਾਬ ਦੇ ਹੋਰ ਬਹੁਤ ਸਾਰੇ ਮੰਤਰੀ ਵੀ ਆਏ। ਇਸ ਮੌਕੇ ਸ. ਬੇਅੰਤ ਸਿੰਘ ਨੇ 'ਮਲੇਰਕੋਟਲਾ ਸ਼ਹੀਦੀ ਸਮਾਰਕ' ਦਾ ਨੀਂਹ ਪੱਥਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਰੱਖਿਆ। (ਮਲੇਰਕੋਟਲੇ ਵਿਖੇ ਸ਼ਹੀਦੀ ਸਮਾਰਕ ਦੀ ਉਸਾਰੀ 5 ਦਸੰਬਰ 1993 ਤੋਂ ਸ਼ੁਰੂ ਕੀਤੀ

ਗਈ। ਇਹ ਉਸਾਰੀ ਬੜੀ ਤੇਜ਼ੀ ਅਤੇ ਜ਼ੋਰ ਨਾਲ ਚਲ ਰਹੀ ਹੈ। ਇਸ ਸਬੰਧ ਯਾਦਗਾਰੀ ਸਮਾਗਮ ਸਮੇਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਪੁਸਤਕ ਦੀ ਲੇਖਿਕਾ (ਸੂਬਾ ਸੁਰਿੰਦਰ ਕੌਰ ਖਾਲਸਾ) ਨੂੰ ਹੁਕਮ ਕਰਕੇ ਪਹਿਲੀ ਵਾਰ ਸ਼ਹੀਦਾਂ ਦੇ ਪਰਿਵਾਰ ਬੁਲਵਾਏ। ਸ. ਬਲਵੰਤ ਸਿੰਘ ਇਨ੍ਹਾਂ ਪਰਿਵਾਰਾਂ ਨੂੰ ਵੇਖ ਕੇ ਪ੍ਰਸੰਨ ਹੋਏ ਤੇ ਆਖਿਆ ਕਿ ਅਸੀਂ ਜੀ ਕਰਦਾ ਹੈ ਕਿ ਸ਼ਹੀਦਾਂ ਦੇ ਪਰਿਵਾਰਾਂ ਦਾ ਸਰਕਾਰੀ ਤੌਰ ਤੇ ਸਨਮਾਨ ਕੀਤਾ ਜਾਵੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਮੇਰੇ (ਲੇਖਿਕਾ ਸੂਬਾ ਸੁਰਿੰਦਰ ਕੌਰ ਦੇ) ਮਨ ਵਿਚ ਸ਼ਹੀਦਾਂ ਦੇ ਪਿੰਡਾਂ ਵਿਚ ਜਾ ਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਲੱਭਣ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜਨ ਦੀ ਰੀਝ ਤੇ ਲਗਨ ਪੈਦਾ ਹੋਈ। ਇਨ੍ਹਾਂ ਵਿਚੋਂ ਅਧਿਕਤਰ ਪਰਿਵਾਰ, ਜਿਹੜੇ ਕਿ ਅੰਗਰੇਜ਼ ਸਰਕਾਰ ਦੇ ਰਾਜ ਸਮੇਂ ਅੰਗਰੇਜ਼ਾਂ ਦੇ ਜ਼ੁਲਮਾਂ ਦੇ ਸ਼ਿਕਾਰ ਹੋਏ, ਨਾਮਧਾਰੀ ਸਿੱਖੀ ਅਤੇ ਆਪਣੇ ਵਿਰਸੇ ਨੂੰ ਭੁੱਲ ਚੁੱਕੇ ਸਨ। ਕਈ ਤਾਂ ਆਪਣੇ ਬਜ਼ੁਰਗਾਂ ਦੀਆਂ ਸ਼ਹੀਦੀਆਂ ਦੀ ਗੌਰਵਮਈ ਤੇ ਸ਼ਾਨਦਾਰ ਇਤਿਹਾਸ ਵੀ ਭੁੱਲ ਚੁੱਕੇ ਸਨ। ਸ੍ਰੀ ਸਤਿਗੁਰੂ ਜੀ ਵਲੋਂ ਹੁਕਮ ਮਿਲਣ ਤੇ ਉਤਸ਼ਾਹ ਦੇਣ ਸਦਕਾ ਮੈਂ ਵੱਧ ਕੇ ਪਰਿਵਾਰਾਂ ਨੂੰ ਲੱਭਣ ਅਤੇ ਉਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜੋੜਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਹਾਲੀ ਵਿਚ ਕਈ ... ਜੂਨ 1983 ਨੂੰ ਸੰਗਰੂਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਨਾਮਧਾਰੀ ਕਦਮ ਵਿਖੇ ਵਿਸ਼ਵ ਸੰਘ ਹਿੰਦ ਨਾਮਧਾਰੀ ਵਿਦਿਅਕ ਸੰਮੇਲਨ ਸਮੇਂ ਮੈਂ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥੇ ਦੀ ਇਸਤਰੀ ਵਿੰਗ ਦੀ ਪ੍ਰਧਾਨ ਵਜੋਂ ਸੇਵਾ ਨਿਭਾਅ ਰਹੀ ਸਾਂ। ਸੰਮੇਲਨ ਦੇ ਅੰਤਮ ਦਿਨ 14 ਜੂਨ 1983 ਨੂੰ ਮੈਂ ਸ੍ਰੀ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਕਿ ਮੇਰਾ ਜੀਅ ਕਰਦਾ ਹੈ ਕਿ ਮੈਂ ਸ਼ਹੀਦਾਂ ਦੇ ਪਿੰਡਾਂ ਵਿਚ ਜਾ ਕੇ ਉਨ੍ਹਾਂ ਦੇ ਪਰਿਵਾਰਾਂ ਨੂੰ, 24 ਜੂਨ 1983 ਨੂੰ ਮਲੇਰਕੋਟਲੇ ਵਿਖੇ ਹੋਣ ਵਾਲੇ ਸ਼ਹੀਦੀ ਸਮਾਗਮ ਵਿਚ ਆਉਣ ਦਾ ਵਿਸ਼ੇਸ਼ ਸੱਦਾ ਦੇ ਕੇ ਆਵਾਂ। ਸ੍ਰੀ ਸਤਿਗੁਰੂ ਜੀ ਨੇ ਪ੍ਰਵਾਨਗੀ ਦੇ ਦਿੱਤੀ। ਹਲਕਾ ਤਿ ਨਠ ਪਤੀ ਇਸ ਦਾ ਨਠ ਮਠ ਇਸ ਜਿ ਸਮਾਣ ਮੈਂ ਤੇ ਮੇਰੇ ਪਤੀ (ਸ. ਭਗਵੰਤ ਸਿੰਘ) 18, 19 ਤੇ 20 ਜੂਨ ਨੂੰ ਰੱਲਾ, ਬਰਨਾਲਾ, ਪਿੱਥੋ, ਰਾਮਪੁਰਾ ਫੂਲ, ਮਹਿਰਾਜ, ਮੰਡੀ ਕਲਾਂ, ਚਾਓ ਕੇ, ਪੀਰਕੋਟ, ਚੰਦਿਆਣਾ, ਸਕਰੌਦੀ, ਭੰਨਣ, ਝਿਉਰਹੇੜੀ, ਖੁਰੀ, ਆਲੀਪੁਰ ਖਾਲਸਾ ਆਦਿਕ ਕਈ ਪਿੰਡਾਂ ਵਿਚ ਜਾ ਕੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਮਿਲੇ ਤੇ ਉਨ੍ਹਾਂ ਨੂੰ ਮਲੇਰਕੋਟਲਾ ਦੇ ਸ਼ਹੀਦੀ ਸਮਾਗਮ ਵਿਚ ਆ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਸੱਦਾ ਦਿਤਾ। ਬਹੁਤ ਸਾਰੇ ਪਰਿਵਾਰ ਇਸ ਸਮਾਗਮ ਸਮੇਂ ਆਏ, ਸ੍ਰੀ ਸਤਿਗੁਰੂ ਜੀ ਨੇ ਖੁਸ਼ ਹੋ ਕੇ ਪਰਿਵਾਰਾਂ ਵੱਲ ਉਚੇਚਿਆਂ ਧਿਆਨ ਦਿਤਾ। ਇਨ੍ਹਾਂ ਪਰਿਵਾਰਾਂ ਦੇ ਮੈਂਬਰਾਂ ਨੂੰ ਸਮਾਗਮ ਸਮੇਂ ਬੁਲਾ ਕੇ, ਜਿਨ੍ਹਾਂ ਨੂੰ ਪਰਿਵਾਰ ਮੁੱਖ ਮੰਤਰੀ ਸ. ਬਲਵੰਤ ਸਿੰਘ ਤੇ ਉਥੇ ਹਾਜ਼ਰ ਸਿੱਖਿਆ ਮੰਤਰੀ ਵਲੋਂ ਸਿਰੋਪਾਓ ਦਿੱਤੇ ਗਏ। ਮਹਾਨ ਇ ਘਰੀ ਨਤਬੀ ਲਾਬ ਹੀ ਹੋ ਇਹ ਕਿ

ਉਦੋਂ ਤੋਂ ਲੈ ਕੇ ਸ਼ਹੀਦਾਂ ਦੇ ਪਰਿਵਾਰ ਹੁਣ ਤਕ ਹਰ ਥਾਂ ਸ਼ਹੀਦ-ਯਾਦਗਾਰੀ ਸਮਾਗਮਾਂ ਅਤੇ ਹੋਰ ਮੇਲਿਆਂ ਸਮੇਂ ਹਾਜ਼ਰ ਹੋ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਦੇ ਹਨ।

ਪਹਿਲੀ ਵਾਰ ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਕੋਲ ਮੈਂ 16-17-18 ਮਈ 1993 ਨੂੰ ਆਪਣੇ ਪਤੀ ਨਾਲ ਗਈ ਸੀ ਤੇ ਉਦੋਂ ਤੋਂ ਲੈ ਕੇ 17 ਫਰਵਰੀ 1997 ਤੀਕ ਵੀਹ ਵਾਰ ਸ਼ਹੀਦਾਂ ਦੇ ਪਿੰਡਾਂ ਵਿਚ ਜਾ ਆਈ ਹਾਂ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਅਗੋਂ ਵੀ ਜਿੰਨਾ ਕੁ ਕੰਮ ਕਰ ਸਕੀ ਕਰਾਂਗੀ।

## ਰੜ੍ਹ (ਜ਼ਿਲ੍ਹਾ ਸੰਗਰੂਰ) ਦਾ ਸ਼ਹੀਦੀ ਮੇਲਾ

ਪਿੰਡ ਰੜ੍ਹ, ਜਿਸ ਦਾ ਨਾਂ ਰੂੜਗੜ੍ਹ ਵੀ ਹੈ ਅੱਜ ਕਲ੍ਹ ਜ਼ਿਲ੍ਹਾ ਸੰਗਰੂਰ ਵਿਚ ਹੈ, ਅੰਗ੍ਰੇਜ਼ਾਂ ਵੇਲੇ ਇਹ ਰਿਆਸਤ ਪਟਿਆਲਾ ਵਿਚ ਸੀ। ਇਸ ਪਿੰਡ ਨੂੰ 12 ਸਾਲ ਦੀ ਨਿੱਕੀ ਜਿਹੀ ਉਮਰ ਦੇ, ਮਲੇਰਕੋਟਲੇ-ਸਾਕੇ ਵਿਚ ਬੜੀ ਅਣਖ ਨਾਲ ਸ਼ਹੀਦ ਹੋਏ, ਸ਼ਹੀਦ ਬਿਸ਼ਨ ਸਿੰਘ ਦਾ ਪਿੰਡ ਅਖਵਾਉਣ ਦਾ ਮਾਣ ਪ੍ਰਾਪਤ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹਰ ਸਾਲ, ਪਿੰਡ ਰੜ੍ਹ ਵਿਚ ਸ਼ਹੀਦ ਯਾਦਗਾਰੀ ਮੇਲਾ, ਸ਼ਹੀਦਾਂ ਦੇ ਪਰਿਵਾਰਾਂ ਵਲੋਂ ਤੇ ਸਮੂਹ ਪਿੰਡ ਵਾਸੀਆਂ ਵਲੋਂ ਕੀਤਾ ਜਾਂਦਾ ਹੈ। ਇਹ ਮੇਲਾ ਅਕਸਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਅਨੁਸਾਰ ਹਰ ਸਾਲ 16 ਜਨਵਰੀ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ।

ਸ਼ਹੀਦ ਬਿਸ਼ਨ ਸਿੰਘ ਦੇ ਦੋ ਵੱਡੇ ਭਰਾ, ਸ਼ਹੀਦ ਹਰਨਾਮ ਸਿੰਘ (14 ਸਾਲ) ਅਤੇ ਸ਼ਹੀਦ ਸੱਦਾ ਸਿੰਘ (24 ਸਾਲ) ਵੀ ਮਲੇਰਕੋਟਲੇ ਸਾਕੇ ਸਮੇਂ ਤੋਪਾਂ ਨਾਲ ਉੱਡ ਕੇ ਸ਼ਹੀਦ ਹੋਏ। ਸ਼ਹੀਦ ਬਿਸ਼ਨ ਸਿੰਘ ਦੇ ਪਿਤਾ ਸ਼ਹੀਦ ਚੜਤ ਸਿੰਘ ਵੀ ਇਸੇ ਸਾਕੇ ਦਰਮਿਆਨ ਹੋਈ ਲੜਾਈ ਵਿਚ ਸ਼ਹੀਦ ਹੋਏ। ਸ਼ਹੀਦ ਬਿਸ਼ਨ ਸਿੰਘ ਦੀ ਮਾਤਾ, ਮਾਈ ਖੇਮ ਕੌਰ ਵੀ ਇਸ ਸ਼ਹੀਦੀ ਜੱਥੇ ਵਿਚ ਸ਼ਾਮਲ ਸੀ। ਮਾਈ ਖੇਮ ਕੌਰ ਤੇ ਮਾਈ ਇੰਦ ਕੌਰ ਵੀ ਮਲੇਰਕੋਟਲੇ ਵਿਖੇ ਤੋਪਾਂ ਨਾਲ ਸ਼ਹੀਦ ਹੋਣਾ ਚਾਹੁੰਦੀਆਂ ਸਨ ਪਰ ਅੰਗ੍ਰੇਜ਼ਾਂ ਨੇ ਉਨ੍ਹਾਂ ਨੂੰ ਸ਼ਹੀਦ ਨਾ ਕੀਤਾ ਅਤੇ ਕੁਝ ਸਮਾਂ ਪਟਿਆਲੇ ਜੇਲ੍ਹ ਵਿਚ ਰੱਖ ਕੇ ਛੱਡ ਦਿਤਾ।

ਪਿੰਡ ਰੜ੍ਹ ਦੇ ਹੀ ਚਾਰ ਹੋਰ ਸਿੰਘ ਅਤਰ ਸਿੰਘ, ਹੀਰਾ ਸਿੰਘ, ਗੁਰਦਿੱਤ ਸਿੰਘ ਤੇ ਨਾਰਾਇਣ ਸਿੰਘ ਵੀ ਮਲੇਰਕੋਟਲੇ ਦੇ ਰੱਕੜ ਵਿਚ ਤੋਪਾਂ ਨਾਲ ਸ਼ਹੀਦ ਹੋਏ। ਪਿੰਡ ਰੜ੍ਹ ਦਾ ਇਹ ਮੇਲਾ ਪਿੰਡ ਦੇ ਇਨ੍ਹਾਂ ਸਾਰੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਹੁੰਦਾ ਹੈ।

ਦਲੇਰ ਬਾਲਕ ਸ਼ਹੀਦ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਕੱਟ ਕੇ ਸ਼ਹੀਦ ਕੀਤਾ ਗਿਆ। 17 ਜਨਵਰੀ 1872 ਨੂੰ ਜਦੋਂ ਮਲੇਰਕੋਟਲੇ ਵਿਖੇ ਸਿੱਖਾਂ ਨੂੰ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ ਤਾਂ ਨਿੱਕੇ ਜਿਹੇ ਬਾਲਕ ਬਿਸ਼ਨ ਸਿੰਘ ਦੀ ਮਾਸੂਮ ਸੂਰਤ ਵੇਖ ਕੇ ਮਿਸਟਰ ਕਾਵਨ (ਡੀ.ਸੀ.)

ਦੀ ਮੇਮ ਦਾ ਦਿਲ ਪਸੀਜ ਗਿਆ। ਉਸ ਨੇ ਕਾਵਨ ਨੂੰ ਬਿਸ਼ਨ ਸਿੰਘ ਨੂੰ ਸ਼ਹੀਦ ਨਾ ਕਰਨ ਲਈ ਬੇਨਤੀ ਕੀਤੀ। ਕਾਵਨ ਨੇ ਕਿਹਾ ਕਿ ਜੇ ਇਹ ਕਹਿ ਦੇਵੇ ਕਿ ਇਹ (ਸਤਿਗੁਰੂ) ਰਾਮ ਸਿੰਘ ਦਾ ਸਿੱਖ ਨਹੀਂ ਤਾਂ ਮੈਂ ਇਸ ਨੂੰ ਮਾਫ਼ ਕਰ ਦੇਵਾਂਗਾ। ਜਦੋਂ ਬਿਸ਼ਨ ਸਿੰਘ ਨੂੰ ਅਜਿਹਾ ਆਖਣ ਲਈ ਕਿਹਾ ਗਿਆ, ਉਸ ਨੇ ਕਿਹਾ ਕਿ ਮੈਂ ਕਾਵਨ ਦੇ ਕੰਨ੍ਹ ਵਿਚ ਆਖਾਂਗਾ। ਜਦੋਂ ਕਾਵਨ ਨੇ ਕੰਨ੍ਹ ਨੇੜੇ ਕੀਤਾ ਤਾਂ ਬਿਸ਼ਨ ਨੇ ਉੱਛਲ ਕੇ ਕਾਵਨ ਦੀ ਦਾਹੜੀ ਨੂੰ ਜਾ ਹੱਥ ਪਾਇਆ। ਹੱਥ ਉਦੋਂ ਹੀ ਛੁੱਟਿਆ ਜਦੋਂ ਨੇੜੇ ਖਲੋਤੇ ਇਕ ਸਿਪਾਹੀ ਨੇ ਤਲਵਾਰ ਨਾਲ ਉਸ ਦੇ ਹੱਥ ਕੱਟੇ ਤੇ ਫਿਰ ਟੁਕਟੇ-ਟੁਕੜੇ ਕਰਕੇ ਸ਼ਹੀਦ ਕਰ ਦਿਤਾ।

ਸ਼ਹੀਦ ਬਿਸ਼ਨ ਸਿੰਘ ਦੇ ਪਰਿਵਾਰ ਦੀ 500 ਵਿੱਘਾ ਜ਼ਮੀਨ ਅੰਗ੍ਰੇਜ਼ ਸਰਕਾਰ ਵਲੋਂ ਜਬਤ ਕਰ ਲਈ ਗਈ। ਸਾਰਾ ਘਰ ਉੱਜੜ ਗਿਆ। ਇਸ ਪਰਿਵਾਰ ਵਿਚਲੇ ਦੋ ਜੀਅ ਬਚ ਗਏ ਸਨ— ਸ਼ਹੀਦ ਬਿਸ਼ਨ ਸਿੰਘ ਦੇ ਵੱਡੇ ਭਰਾ ਸੱਦਾ ਸਿੰਘ ਦੀ ਸੁਪਤਨੀ ਅਤੇ ਉਸ ਦਾ ਡੇਢ ਸਾਲ ਦਾ ਪੁੱਤਰ ਨਰੰਜਣ ਸਿੰਘ। ਨਰੰਜਣ ਸਿੰਘ ਨੂੰ ਉਸ ਦੀ ਮਾਂ ਆਪਣੇ ਪੇਕੇ ਪਿੰਡ ਝੁਨੇਰ (ਜ਼ਿਲ੍ਹਾ ਸੰਗਰੂਰ) ਵਿਖੇ ਲੈ ਗਈ ਤੇ ਉਥੇ ਹੀ ਪਾਲਿਆ।

ਜਦੋ ਨਰੰਜਣ ਸਿੰਘ ਜਵਾਨ ਹੋਇਆ ਆਪਣੀ ਮਾਂ ਅਤੇ ਸੁਪਤਨੀ ਬਰਨਾਲੇ ਸ਼ਹਿਰ (ਜ਼ਿਲ੍ਹਾ ਸੰਗਰੂਰ) ਦੀ ਸੰਤ ਕੌਰ ਨੂੰ ਨਾਲ ਲੈ ਕੇ ਆਪਣੇ ਪਿੰਡ ਰੜ੍ਹ ਆਇਆ ਅਤੇ ਆਪਣਾ ਪੁਰਾਣਾ ਉੱਜੜ ਚੁੱਕਾ ਘਰ ਆਬਾਦ ਕੀਤਾ।

ਨਰੰਜਣ ਸਿੰਘ ਦੇ ਦੋ ਪੁੱਤਰ ਹੋਏ, ਵੱਡਾ ਸਰਬਣ ਸਿੰਘ ਤੇ ਛੋਟਾ ਅਰਜਨ ਸਿੰਘ। ਕੁਝ ਸਮਾਂ ਪਹਿਲੋਂ ਦੋਵੇਂ ਸਵਰਗਵਾਸ ਹੋ ਗਏ। ਸਰਬਣ ਸਿੰਘ ਦੀ ਸੁਪਤਨੀ ਪਿੰਡ ਭੈਣੀ ਮਹਿਰਾਜ (ਜ਼ਿਲ੍ਹਾ ਸੰਗਰੂਰ) ਦੀ ਮਾਈ ਨਿਹਾਲ ਕੌਰ (ਮੇਰੇ ਭੂਆ ਜੀ) 21 ਫਰਵਰੀ 1993 ਨੂੰ ਚੜ੍ਹਾਈ ਕੀਤੇ ਇਨ੍ਹਾਂ ਦਾ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਿਆ।

ਸ੍ਰ. ਅਰਜਣ ਸਿੰਘ ਦੀ ਸੁਪਤਨੀ ਆਪਣੇ ਪੁੱਤਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਸਮੇਤ ਅੱਜ ਕੱਲ੍ਹ ਪਿੰਡ ਅਲੀਪੁਰ ਖਾਲਸਾ ਵਿਖੇ ਰਹਿੰਦੀ ਹੈ। ਇਹ ਪਰਿਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜੁੜੇ ਹੋਏ ਹਨ।

ਸ੍ਰ. ਸਰਬਣ ਸਿੰਘ (ਮੇਰੇ ਫੁੱਫੜ ਜੀ) ਦੇ ਤਿੰਨ ਪੁੱਤਰ ਹਨ ਜਿਨ੍ਹਾਂ 'ਚੋ ਲਾਲ ਸਿੰਘ ਤੇ ਸੁਰਜੀਤ ਸਿੰਘ ਚਾਨਾ, ਸ੍ਰੀ ਭੈਣੀ ਸਾਹਿਬ ਵਿਖੇ ਸੇਵਾ ਕਰਦੇ ਹਨ ਅਤੇ ਬਲਵਿੰਦਰ ਸਿੰਘ ਧੂਰੀ ਰਹਿੰਦਾ ਹੈ। ਇਨ੍ਹਾਂ ਭਰਾਵਾਂ ਵਲੋਂ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ ਮੇਲਾ ਕੀਤਾ ਜਾਂਦਾ ਹੈ।

ਸ਼ਹੀਦ ਬਿਸ਼ਨ ਸਿੰਘ ਜਿਸ ਦਾ ਨਾਂ ਅੱਜ ਅਸੀਂ ਬੜੇ ਫ਼ਖ਼ਰ ਨਾਲ ਲੈਂਦੇ ਹਾਂ, ਦੀ ਯਾਦ ਵਿਚ ਦਿੱਲੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 'ਸ਼ਹੀਦ ਬਿਸ਼ਨ ਸਿੰਘ ਸਕੂਲ' ਬਣਾਇਆ ਹੋਇਆ ਹੈ।

ਸ਼ਹੀਦੀ ਜੱਥੇ ਦੇ ਸਿੰਘਾਂ ਨੇ 15 ਜਨਵਰੀ ਦੀ ਰਾਤ ਪਿੰਡ ਰੜ੍ਹ ਵਿਖੇ ਇਕ ਖੂਹ ਕੋਲ ਕੱਟੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਛੇਤੀ ਹੀ ਪਿੰਡ ਰੜ੍ਹ ਵਿਖੇ ਸ਼ਹੀਦ ਸਿੰਘਾਂ ਦੀ ਯਾਦਗਾਰ ਉਸਾਰੀ ਜਾਵੇਗੀ।

**ਰਾਮਪੁਰਾ ਫੂਲ (ਜ਼ਿਲ੍ਹਾ ਬਠਿੰਡਾ) ਦਾ ਸ਼ਹੀਦੀ ਮੇਲਾ**

ਰਾਮਪੁਰਾ ਫੂਲ ਦੀ ਸੰਗਤ ਵਲੋਂ ਹਰ ਸਾਲ, ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿਚ ਆਪਣੇ ਇਲਾਕੇ ਦੇ ਸ਼ਹੀਦ ਸਿੰਘਾਂ ਨਮਿਤ ਮੇਲਾ 28-29-30 ਜਨਵਰੀ ਨੂੰ ਕਰਵਾਇਆ ਜਾਂਦਾ ਹੈ। ਪਿੰਡ ਮਹਿਰਾਜ ਦੇ ਸ਼ਹੀਦ ਵਰਿਆਮ ਸਿੰਘ ਇਸੇ ਇਲਾਕੇ ਦੇ ਸਨ, ਜਿਨ੍ਹਾਂ ਦੀ ਮਲੇਰਕੋਟਲੇ ਸਾਕੇ ਵਿਚ ਹੋਈ ਸ਼ਹੀਦੀ ਦੀ ਗਾਥਾ ਮਸ਼ਹੂਰ ਹੈ।

ਸ਼ਹੀਦ ਵਰਿਆਮ ਸਿੰਘ, ਮਹਾਰਾਜਾ ਪਟਿਆਲਾ ਦੇ ਰਿਸ਼ਤੇਦਾਰ ਸਨ। ਮਹਾਰਾਜਾ ਵਲੋਂ ਇਨ੍ਹਾਂ ਨੂੰ ਛੱਡ ਦੇਣ ਦੀ ਸਿਫ਼ਾਰਸ਼ ਆ ਗਈ ਸੀ। ਡੀ.ਸੀ. ਮਿਸਟਰ ਕਾਵਨ ਦੇ ਇਸ਼ਾਰੇ 'ਤੇ ਤੋਪਚੀ ਕਹਿਣ ਲੱਗਾ ਕਿ ਤੂੰ ਪਿੱਛੇ ਹੋ ਜਾ ਤੇਰਾ ਕੱਦ ਛੋਟਾ ਹੈ, ਤੂੰ ਤੋਪ ਸਾਹਵੇਂ ਠੀਕ ਨਹੀਂ ਬੈਠਦਾ। ਇਹ ਸੁਣ ਕੇ ਵਰਿਆਮ ਸਿੰਘ ਝੱਟ ਢੀਮਾਂ, ਇੱਟਾਂ, ਰੋੜੇ ਜੋ ਮੈਦਾਨ ਵਿਚ ਖਿਲਰੇ ਸਨ, ਇਕੱਠੇ ਕਰ ਲਿਆਇਆ ਤੇ ਇਕ ਥੜਾ ਬਣਾ ਕੇ ਉਥੇ ਖੜੋ ਗਿਆ ਤੇ ਤੋਪਚੀ ਨੂੰ ਕਹਿਣ ਲੱਗਾ ਕਿ ਹੁਣ ਨਿਸ਼ਾਨਾ ਬੰਨ, ਠੀਕ ਬੱਝੇਗਾ। ਤੋਪਚੀ ਨੇ ਤੋਪ ਚਲਾਈ ਤੇ ਵਰਿਆਮ ਸਿੰਘ ਵੀ ਆਪਣੇ ਸ਼ਹੀਦ ਹੋਏ ਸਾਥੀਆਂ ਨਾਲ ਜਾ ਰਲਿਆ।

ਮਲੇਰਕੋਟਲੇ ਦੇ ਸਾਕੇ ਵਿਚ, ਜ਼ਿਲ੍ਹਾ ਬਠਿੰਡਾ ਵਿਚੋਂ ਪਿੰਡ ਮਹਿਰਾਜ ਦੇ ਚਾਰ ਸ਼ਹੀਦ ਹੋਏ— ਸ਼ਹੀਦ ਵਰਿਆਮ ਸਿੰਘ, ਸ਼ਹੀਦ ਮੋਗਾ ਸਿੰਘ, ਸ਼ਹੀਦ ਅਤਰ ਸਿੰਘ ਤੇ ਸ਼ਹੀਦ ਜੋਧ ਸਿੰਘ। ਪਿੰਡ ਗਿੱਲ ਦੇ ਤਿੰਨ ਸ਼ਹੀਦ ਹੋਏ— ਸ਼ਹੀਦ ਹਰਨਾਮ ਸਿੰਘ, ਸ਼ਹੀਦ ਕੇਸਰ ਸਿੰਘ ਤੇ ਸ਼ਹੀਦ ਵਰਿਆਮ ਸਿੰਘ। ਪਿੰਡ ਮੰਡੀ ਕਲਾਂ ਦੇ ਸ਼ਹੀਦ ਸੂਬਾ ਗਿਆਨੀ ਰਤਨ ਸਿੰਘ, ਲੁਧਿਆਣੇ ਸ਼ਹੀਦ ਹੋਏ। ਇਨ੍ਹਾਂ ਸਾਰੇ ਸ਼ਹੀਦ ਸਿੰਘਾਂ ਦੀ ਯਾਦ ਰਾਮਪੁਰਾ ਫੂਲ ਵਿਖੇ ਮਨਾਈ ਜਾਂਦੀ ਹੈ।

**ਸਕਰੌਦੀ ਦਾ ਸ਼ਹੀਦੀ ਮੇਲਾ**

ਮਲੇਰਕੋਟਲੇ ਸਾਕੇ ਦੇ ਸ਼ਹੀਦ ਸਿੰਘਾਂ ਦੇ ਜੱਥੇ ਦੇ ਮੋਹਰੀ ਦੋ ਭਰਾ ਸ਼ਹੀਦ ਹੀਰਾ ਸਿੰਘ ਗਰੇਵਾਲ ਅਤੇ ਸ਼ਹੀਦ ਲਹਿਣਾ ਸਿੰਘ ਗਰੇਵਾਲ ਪਿੰਡ ਸਕਰੌਦੀ (ਜ਼ਿਲ੍ਹਾ ਸੰਗਰੂਰ, ਤਹਿਸੀਲ ਭਵਾਨੀਗੜ੍ਹ) ਦੇ ਸਨ। ਸਕਰੌਦੀ ਦੇ ਦੋ ਹੋਰ ਸ਼ਹੀਦ, ਸ਼ਹੀਦ ਮਿੱਤ ਸਿੰਘ (ਮਜ਼੍ਹਬੀ ਸਿੰਘ) ਤੇ ਸ਼ਹੀਦ ਅਨੂਪ ਸਿੰਘ ਵੀ, ਮਲੇਰਕੋਟਲੇ ਸਾਕੇ ਸਮੇਂ ਸ਼ਹੀਦ ਹੋਏ। ਸਕਰੌਦੀ ਦੇ ਨੇੜੇ ਹੀ ਇਕ ਪਿੰਡ ਦਿਆਲਗੜ੍ਹ ਹੈ, ਇਥੋਂ ਦੇ ਤਿੰਨ ਸ਼ਹੀਦ, ਸ਼ਹੀਦ ਨਿੱਕਾ ਸਿੰਘ ਯਾਦਵ, ਸ਼ਹੀਦ ਭੂਪ ਸਿੰਘ ਢੀਂਡਸਾ ਤੇ ਸ਼ਹੀਦ

ਵਰਿਆਮ ਸਿੰਘ ਸੰਧੂ, ਮਲੇਰਕੋਟਲੇ-ਸਾਕੇ ਦੇ ਸ਼ਹੀਦ ਹਨ। ਉਪਰੋਕਤ ਸੱਤਾਂ ਸ਼ਹੀਦਾਂ ਨਮਿਤ, 13 ਫਰਵਰੀ 1997 ਨੂੰ ਪਿੰਡ ਸਕਰੌਦੀ ਵਿਖੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਇਕ ਵੱਡੀ ਪੱਧਰ ਦਾ ਮੇਲਾ ਕੀਤਾ ਗਿਆ। ਵੈਸੇ ਤਾਂ ਇਨ੍ਹਾਂ ਸ਼ਹੀਦਾਂ ਨਮਿਤ ਹਰ ਸਾਲ ਮਲੇਰਕੋਟਲੇ ਵਿਖੇ ਮੇਲਾ ਕੀਤਾ ਹੀ ਜਾਂਦਾ ਹੈ, ਪਰ 17-18 ਜਨਵਰੀ 1872 ਨੂੰ ਹੋਏ ਮਲੇਰਕੋਟਲੇ ਦੇ ਸਾਕੇ ਤੋਂ ਬਾਅਦ, ਪਹਿਲੀ ਵਾਰ ਉਨ੍ਹਾਂ ਦੇ ਪਿੰਡ ਸਕਰੌਦੀ ਵਿਖੇ 13 ਫਰਵਰੀ 1997 ਨੂੰ ਮੇਲਾ ਕੀਤਾ ਗਿਆ। ਪਾਠਾਂ ਦੇ ਭੋਗ ਪਾਏ ਗਏ। ਸਕਰੌਦੀ ਦਾ ਇਹ ਮੇਲਾ ਸਮੂਹ ਪਿੰਡ ਵਾਸੀਆਂ, ਪੰਚਾਇਤ ਅਤੇ ਸ਼ਹੀਦਾਂ ਦੇ ਪਰਿਵਾਰਾਂ ਵਲੋਂ ਕੀਤਾ ਗਿਆ।

ਮੇਲੇ ਤੋਂ ਪਹਿਲੋਂ ਪਿੰਡਾਂ ਤੇ ਸ਼ਹਿਰਾਂ ਵਿਚ ਇਸ਼ਤਿਹਾਰ ਲਗਾਏ ਗਏ ਤੇ ਪ੍ਰਮੁੱਖ ਸੱਜਣਾਂ ਨੂੰ ਸੱਦਾ ਪੱਤਰ ਭੇਜੇ ਗਏ। ਇਸ਼ਤਿਹਾਰਾਂ ਵਿਚ ਇਹ ਲਿਖਿਆ ਗਿਆ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

"ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀਂ ਮੋਰਿਓ"

ਸਕਰੌਦੀ ਵਿਖੇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਦੀ ਹਜ਼ੂਰੀ ਵਿਚ

ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਸਮਾਗਮ

13 ਫਰਵਰੀ 1997 ਦਿਨ ਵੀਰਵਾਰ

ਆਪ ਜੀ ਨੂੰ ਇਹ ਜਾਣ ਕੇ ਅਤੀ ਖੁਸ਼ੀ ਹੋਵੇਗੀ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਡੇ 'ਤੇ ਮਹਾਨ ਕਿਰਪਾ ਕੀਤੀ ਹੈ ਕਿ ਸਾਡੇ ਇਲਾਕੇ ਨੂੰ ਉਨ੍ਹਾਂ ਸੱਤ ਸ਼ਹੀਦਾਂ ਨਮਿਤ ਮੇਲਾ ਕਰਨ ਦਾ ਆਪਣਾ ਵੱਡਮੁੱਲਾ ਸਮਾਂ ਦੇ ਕੇ ਸਾਨੂੰ ਨਿਵਾਜਿਆ ਹੈ। ਸ਼ਹੀਦ ਹੀਰਾ ਸਿੰਘ, ਸ਼ਹੀਦ ਲਹਿਣਾ ਸਿੰਘ, ਸ਼ਹੀਦ ਮਿੱਤ ਸਿੰਘ, ਸ਼ਹੀਦ ਅਨੂਪ ਸਿੰਘ, ਸ਼ਹੀਦ ਨਿੱਕਾ ਸਿੰਘ, ਸ਼ਹੀਦ ਭੂਪ ਸਿੰਘ ਤੇ ਸ਼ਹੀਦ ਵਰਿਆਮ ਸਿੰਘ, ਇਹ ਉਹ ਸ਼ਹੀਦ ਹਨ ਜਿਨ੍ਹਾਂ ਨੇ ਮਲੇਰਕੋਟਲੇ ਵਿਖੇ ਆਪਣੇ ਧਰਮ, ਦੇਸ਼ ਅਤੇ ਕੌਮ ਦੇ ਲਈ ਹੱਸ-ਹੱਸ ਕੇ ਜਾਨਾਂ ਕੁਰਬਾਨ ਕੀਤੀਆਂ ਤੇ ਆਪਣੇ ਰਹਿਬਰ ਸਤਿਗੁਰੂ ਰਾਮ ਸਿੰਘ ਜੀ ਦੀ ਆਗਿਆ ਨੂੰ ਮੁੱਖ ਰਖ ਕੇ ਆਪਣਾ ਜੀਵਨ ਬਤੀਤ ਕੀਤਾ। ਯਾਦ ਰਹੇ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਸਾਨੂੰ ਸੁੱਤੇ ਪਿਆਂ ਨੂੰ ਜਗਾਇਆ ਹੈ ਅਤੇ ਅਜ਼ਾਦੀ ਤੋਂ ਬਾਅਦ, ਹੁਣ ਤੀਕ, ਇਹ ਪਹਿਲਾ ਸਮਾਗਮ ਹੈ ਜੋ ਇਨ੍ਹਾਂ ਮਹਾਨ ਸੂਰਬੀਰਾਂ ਦੀ ਯਾਦ ਵਿਚ ਹੋ ਰਿਹਾ ਹੈ। ਅਸੀਂ ਇਲਾਕਾ ਨਿਵਾਸੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਇਕ ਦਿਨ ਦਾ ਸ਼ਹੀਦਾਂ ਨਮਿਤ ਸਮਾਗਮ ਕਰਨ ਦਾ ਮੌਕਾ ਦਿਤਾ ਹੈ, ਇਸ ਨਾਲ ਹਰ ਪ੍ਰਾਣੀ ਮਾਤਰ ਨੂੰ ਮਾਰਗ-ਦਰਸ਼ਨ ਮਿਲੇਗਾ। ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ

ਹੈ ਕਿ ਆਪ ਇਸ ਸ਼ੁਭ ਅਵਸਰ 'ਤੇ ਪਹੁੰਚ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਤੇ ਪਾਵਨ ਪ੍ਰਵਚਨ ਸੁਣ ਕੇ ਆਪਣਾ ਜੀਵਨ ਸਕਾਰਥ ਕਰੋ।

ਬਲਦੇਵ ਸਿੰਘ ਸਰਪੰਚ,
ਗ੍ਰਾਮ ਪੰਚਾਇਤ ਸਕਰੌਦੀ
ਅਤੇ ਸਮੂਹ ਸੰਗਤ।

ਕ੍ਰੀਬ ਚਾਰ-ਪੰਜ ਹਜ਼ਾਰ ਸੰਗਤ ਦੀ ਹਾਜਰੀ ਵਾਲੇ ਇਸ ਵਿਸ਼ਾਲ ਸਕਰੌਦੀ ਦੇ ਮੇਲੇ ਸਮੇਂ ਸੂਬਾ ਮੇਲਾ ਸਿੰਘ ਰਛੀਨ, ਜਥੇਦਾਰ ਅਮਰ ਸਿੰਘ ਨਕੌੜਾ ਅਤੇ ਕਵੀਸ਼ਰ ਰਵੇਲ ਸਿੰਘ ਤੇ ਸਾਥੀਆਂ, ਵਲੋਂ ਦੀਵਾਨ ਸਜਾਇਆ ਗਿਆ। ਇਸ ਸਾਰੇ ਸਮਾਗਮ ਦੀ ਸਫਲਤਾ ਵਿਚ ਅਹਿਮ ਭੂਮਿਕਾ ਨਿਭਾਉਣ ਦਾ ਸਿਹਰਾ ਸੰਤ ਤਰਸੇਮ ਸਿੰਘ (ਨਿੱਜੀ ਸਕੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ) ਨੂੰ ਜਾਂਦਾ ਹੈ, ਮੰਚ-ਸੰਚਾਲਨ ਦਾ ਕੰਮ ਵੀ ਆਪ ਨੇ ਬੜੀ ਸੁਘੜਤਾ ਨਾਲ ਸੰਭਾਲਿਆ। ਸਮਾਗਮ ਵਿਚ ਸ੍ਰ. ਅਜੀਤ ਸਿੰਘ ਲਾਇਲ ਦਾ ਲਿਖਿਆ ਪੈਂਫਲਿਟ 'ਅਜ਼ਾਦੀ ਸੰਘਰਸ਼ ਦਾ ਪਲੇਠਾ ਪੰਨਾ', ਜਿਸ ਨੂੰ ਸ੍ਰੀ ਸਤਿਗੁਰੂ ਜੀ ਨੇ ਰੀਲੀਜ਼ ਕੀਤਾ, ਸੰਗਤ ਨੂੰ ਵੰਡਿਆ ਗਿਆ।

ਸਕਰੌਦੀ ਦੇ ਮਾਸਟਰ ਨਿਰਭੈ ਸਿੰਘ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਲਾਕਾ ਨਿਵਾਸੀਆਂ ਵਲੋਂ ਲਿਖਿਆ ਸਨਮਾਨ ਪੱਤਰ ਪੜ੍ਹਿਆ ਅਤੇ ਭੇਂਟ ਕੀਤਾ। ਸਨਮਾਨ ਪੱਤਰ:—

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਗਰ ਪੰਚਾਇਤ ਸਕਰੌਦੀ, ਸਮੂਹ ਨਗਰ ਨਿਵਾਸੀਆਂ ਵਲੋਂ ਸਨਮਾਨ ਕੀਤਾ ਜਾਂਦਾ ਹੈ। ਫਰੇਬ ਤੇ ਝੂਠ ਦੇ ਅੰਧਕਾਰ ਵਿਚੋਂ ਕੱਢ ਕੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਨੂੰ ਰੂਹਾਨੀਅਤ ਨਾਲ ਜੋੜ ਰਹੇ ਹਨ। ਨਾਮਧਾਰੀ ਲਹਿਰ ਦਾ ਇਤਿਹਾਸ ਬਹੁਤ ਹੀ ਲਹੂ ਭਿੱਜਿਆ ਇਤਿਹਾਸ ਹੈ। ਜਿਥੇ ਨਾਮਧਾਰੀਆਂ ਦਾ ਜੀਵਨ ਅਤੀ ਸੁੱਚਾ ਅਤੇ ਸੱਚਾ, ਕਰਮ ਅਤੇ ਧਰਮ 'ਤੇ ਅਧਾਰਿਤ, ਸੇਵਾ ਤੇ ਸਿਦਕ ਵਾਲਾ, ਦੀਨ-ਦੁਖੀ ਦੀ ਮਦਦ ਕਰਨ ਵਾਲਾ, ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਕਰਨ ਵਾਲਾ ਹੈ, ਉਥੇ ਕੁਰਬਾਨੀਆਂ ਭਰਿਆ ਵੀ ਹੈ। ਇਨ੍ਹਾਂ ਦਾ ਇਤਿਹਾਸ ਬੇਅੰਤ ਜੁਝਾਰੂ ਹੈ। ਇਨ੍ਹਾਂ ਨੇ ਹੱਸ-ਹੱਸ ਕੇ ਤੋਪਾਂ ਸਾਹਮਣੇ ਖੜ੍ਹੇ ਕੇ ਸ਼ਹੀਦੀਆਂ ਦਿੱਤੀਆਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਲਾਵਤਨ ਕੀਤੇ ਗਏ। ਅਨੇਕਾਂ ਸਿੱਖ ਕਾਲੇ ਪਾਣੀ ਗਏ, ਕਸ਼ਟ ਝੱਲੇ। ਜ਼ਮੀਨਾਂ ਕੁਰਕ ਕਰਵਾਈਆਂ, ਘਰ ਢੁਹਾਏ, ਸਤਿਗੁਰਾਂ ਨੇ ਸਿੱਖਾਂ ਨੂੰ ਹਿੰਮਤ ਬਖ਼ਸ਼ੀ। ਇਸ ਨਗਰ ਸਕਰੌਦੀ ਦੇ ਸ਼ਹੀਦਾਂ ਨੇ ਅਦੁੱਤੀ ਸ਼ਹਾਦਤ ਦੇ ਕੇ ਅਜ਼ਾਦੀ ਦੀ ਸ਼ਮਾਂ ਨੂੰ ਹੋਰ ਤੇਜ਼ ਕੀਤਾ। ਮਲੇਰਕੋਟਲੇ ਵਿਖੇ ਸ਼ਹਾਦਤ ਦਾ ਜਾਮ ਪੀ ਕੇ ਸਦਾ ਲਈ ਅਮਰ ਹੋ ਗਏ। ਫਤਿਹਗੜ੍ਹ ਛੰਨਾ ਦੇ ਪਰਿਵਾਰ ਵੀ ਇਨ੍ਹਾਂ ਸ਼ਹੀਦਾਂ ਵਿਚੋਂ ਹੀ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਸ਼ਖ਼ਸੀਅਤ ਸਦਕਾ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਵਿਚ ਦਸ ਲੱਖ ਲੋਕ ਨਾਮਧਾਰੀ ਬਣ ਗਏ ਸਨ। ਇਹ ਲਹਿਰ ਮਹਿਜ਼ ਅੰਗ੍ਰੇਜ਼ਾਂ ਦੇ ਜ਼ੁਲਮ

ਦੇ ਖ਼ਿਲਾਫ ਨਾਮਿਲਵਰਤਣ ਲਹਿਰ ਸੀ, ਇਹ ਅਡੋਲ ਅੰਗਰੇਜ਼ਾਂ ਦੇ ਖ਼ਿਲਾਫ ਆਪਣਾ ਰੋਹ ਜ਼ਾਹਰ ਕਰਦੇ ਸਨ। ਇਹ ਲਹਿਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦੁਆਰਾ ਪ੍ਰਫੁੱਲਤ ਹੋਈ ਹੈ। ਪਿੰਡ ਸਕਰੌਦੀ ਦਾ ਇਹ ਮੇਲਾ ਬਖ਼ਸ਼ਣ ਲਈ ਅਸੀਂ ਸਮੂਹ ਸੰਗਤ ਵਲੋਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਦਾ ਹਰ ਤਰ੍ਹਾਂ ਨਾਲ ਧੰਨਵਾਦ ਕਰਦੇ ਹਾਂ।"

ਸਕਰੌਦੀ ਦੇ ਇਸ ਮੇਲੇ ਸਮੇਂ, ਸੰਤ ਤਰਸੇਮ ਸਿੰਘ ਦੇ ਪ੍ਰੇਰਨ 'ਤੇ ਸੈਂਕੜਿਆਂ ਦੀ ਗਿਣਤੀ ਵਿਚ ਸਰੀਰਾਂ ਨੇ ਮਾਸ ਸ਼ਰਾਬ ਛੱਡ ਕੇ ਭਜਨ ਪੁੱਛਿਆ। ਸੰਤ ਤਰਸੇਮ ਸਿੰਘ ਨੇ ਆਖਿਆ,

"ਇਹ ਸਬੱਬ ਬਣਿਆ ਹੈ, ਜਿਨ੍ਹਾਂ ਨੇ ਮਾਸ-ਸ਼ਰਾਬ ਛੱਡ ਕੇ ਭਜਨ ਪੁੱਛ ਕੇ ਉਸ ਬੇੜੀ ਵਿਚ ਚੜਨਾ ਹੈ, ਉਹ ਸ੍ਰੀ ਸਤਿਗੁਰੂ ਜੀ ਦੇ ਆਸਣ ਦੇ ਸਾਹਮਣੇ ਆ ਜਾਣ ਤੇ ਭਜਨ ਪੁੱਛ ਕੇ ਉਸ ਨਾਮ ਦਾ ਸਿਮਰਨ ਕਰਨ, ਜਿਸਦਾ ਸਿਮਰਨ ਕਰ ਕੇ ਸ੍ਰ. ਹੀਰਾ ਸਿੰਘ, ਸ੍ਰ. ਲਹਿਣਾ ਸਿੰਘ ਤੇ ਉਨ੍ਹਾਂ ਦੇ ਨਾਲ ਦੇ ਅਨੇਕਾਂ ਸਾਥੀ ਸ਼ਹੀਦ ਹੋਏ, ਜਿਨ੍ਹਾਂ ਨੂੰ ਯਾਦ ਕਰ ਕੇ ਅਸੀਂ ਉੱਚੇ ਹੋ ਹੋ ਕੇ ਤੁਰਦੇ ਹਾਂ, ਤੁਸੀਂ ਵੀ ਉਨ੍ਹਾਂ ਦੇ ਸਾਥੀ ਬਣੋ। ਸਤਿਗੁਰੂ ਕਿਰਪਾ ਕਰਨ ਜੇ ਸਾਨੂੰ ਇਹ ਭੇਸ ਦਿਤੈ, ਸਾਡੇ ਅੰਦਰ ਵੀ ਵੱਸਣ, ਅੰਦਰ ਇਸ ਤਰ੍ਹਾਂ ਵੱਸਣ, ਜਿਸ ਤਰ੍ਹਾਂ ਉਨ੍ਹਾਂ ਸ਼ਹੀਦਾਂ ਨੇ ਉਸ ਬਾਣੇ ਨੂੰ ਮੁੱਖ ਰੱਖ ਕੇ ਆਪਣੇ ਸਤਿਗੁਰੂ ਦੇ ਹਰ ਬਚਨ 'ਤੇ ਫੁੱਲ ਚਾੜ੍ਹ ਕੇ ਆਪਣੇ ਸਰੀਰ ਨੂੰ ਇਕ ਤਿਨਕੇ ਦੇ ਬਰਾਬਰ ਵੀ ਨਹੀਂ ਸਮਝਿਆ। ਸੱਚੇ ਪਾਤਸ਼ਾਹ ਸਾਡੇ 'ਤੇ ਏਨੀ ਕਿਰਪਾ ਕਰਨ, ਜੋ ਸਾਨੂੰ ਨਿਵੇਕਲੇ ਰੱਖਿਆ ਹੈ ਤਾਂ ਸਾਡੇ ਨਿਵੇਕਲੇ ਹੋਣ ਦੀ ਲਾਜ ਵੀ ਰੱਖਣ।"

"ਮਲੇਰਕੋਟਲੇ ਸ਼ਹੀਦੀ ਜੱਥੇ ਦੇ ਮੋਹਰੀ ਜਥੇਦਾਰ ਸ੍ਰ. ਹੀਰਾ ਸਿੰਘ ਜੀ ਉੱਚ ਕੋਟੀ ਦੇ ਸੰਤ ਸਨ। ਆਪਣੇ ਗੁਰੂ 'ਤੇ ਇਤਨਾ ਭਰੋਸਾ ਰੱਖਦੇ ਸਨ ਕਿ ਇਕ ਵਾਰ ਇਕ ਸੂਬੇ ਦੇ ਭਰਾ ਨਾਲ ਕੁੱਝ ਮੁਸ਼ਟੰਡਿਆਂ ਨੇ ਤੁਰੀਆਂ ਜਾਂਦੀਆਂ ਬੀਬੀਆਂ ਨੂੰ ਮਸ਼ਕਰੀ ਕੀਤੀ। ਜਥੇਦਾਰ ਹੀਰਾ ਸਿੰਘ ਤੇ ਹੋਰ ਮਸਤਾਨਿਆਂ ਨੇ ਮਸ਼ਕਰੀ ਕਰਨ ਵਾਲਿਆਂ ਨੂੰ ਘੋੜਿਆਂ ਤੋਂ ਲਾਹ ਲਿਆ ਅਤੇ ਕੁੱਟਿਆ ਤੇ ਕਿਹਾ ਕਿ ਤੁਸੀਂ ਹੋਵੋ ਸੂਬਿਆਂ ਦੇ ਭਰਾ, ਤੇ ਧੀਆਂ ਭੈਣਾਂ ਨੂੰ ਮਸ਼ਕਰੀਆਂ ਕਰੋ? ਸੂਬੇ ਨੇ ਸਤਿਗੁਰੂ ਰਾਮ ਸਿੰਘ ਜੀ ਕੋਲ ਸ਼ਿਕਾਇਤ ਕੀਤੀ। ਸਤਿਗੁਰਾਂ ਨੇ ਉਨ੍ਹਾਂ ਮਸਤਾਨਿਆਂ ਨੂੰ ਲਾਇਨ 'ਚ ਖੜ੍ਹਾ ਕੇ ਡਾਂਗ ਨਾਲ ਕੁੱਟਿਆ ਹਾਲਾਂਕਿ ਜੇ ਆਪਾਂ ਦੁਨਿਆਵੀ ਪੱਖ ਤੋਂ ਵੇਖੀਏ ਤਾਂ ਉਹ ਗਲਤ ਨਹੀਂ ਸਨ ਪਰ ਦੁਨਿਆਵੀ ਪੱਖ ਕੀ ਇਹ ਸੋਚ ਸਕਦਾ ਹੈ ਕਿ ਕੀ ਗਲਤ ਹੈ ਅਤੇ ਕੀ ਸਹੀ ਹੈ? ਮਸਤਾਨਿਆਂ ਨੇ 'ਸੀ' 'ਹਾਏ' ਨਹੀਂ ਆਖਿਆ ਸਗੋਂ ਦੂਜਾ ਪਾਸਾ ਵੀ ਅੱਗੇ ਕਰ ਦਿਤਾ ਕਿ ਇਧਰਲੇ ਪਾਸੇ ਦੇ ਪਾਪ ਵੀ ਝਾੜ ਦਿਉ।"

"ਮੇਰੇ ਸਤਿਗੁਰਾਂ ਦੇ ਚਰਨਾਂ ਨਾਲ ਜੁੜਨ ਵਾਲੀਆਂ ਇਨ੍ਹਾਂ ਆਤਮਾਵਾਂ ਨੇ (ਸਕਰੌਦੀ ਵਾਲਿਆਂ ਨੇ) ਇਥੇ ਇਹ ਨਹੀਂ ਆਖਿਆ ਬਈ ਇਥੇ ਸਕੂਲ ਬਣਾ ਦਿਉ, ਜਾਂ ਸਟੇਡੀਅਮ ਬਣਾ ਦਿਉ। ਇਨ੍ਹਾਂ ਨੇ ਰੂਹਾਨੀਅਤ ਦੀ ਮੰਗ ਕੀਤੀ ਹੈ। ਸਤਿਗੁਰੂ ਸੱਚੇ ਪਾਤਸ਼ਾਹ ਇਨ੍ਹਾਂ 'ਤੇ ਕਿਰਪਾ

ਕਰਨ, ਜਿਸ ਵਿਰਸੇ ਦੇ ਇਹ ਅਧਿਕਾਰੀ ਹਨ, ਇਨ੍ਹਾਂ ਨੂੰ ਉਹ ਵਿਰਸਾ ਪ੍ਰਾਪਤ ਹੋ ਜਾਵੇ।"

ਸੰਗਰੂਰ ਜ਼ਿਲ੍ਹੇ ਦੇ ਅਕਾਲੀ ਵਿਧਾਇਕ ਸ੍ਰ. ਰਣਜੀਤ ਸਿੰਘ ਵਾਲੀਆ ਨੇ ਵੀ ਇਸ ਸਮਾਗਮ ਸਮੇਂ ਮਲੇਰਕੋਟਲੇ ਦੇ ਇਨ੍ਹਾਂ ਸ਼ਹੀਦਾਂ ਪ੍ਰਤੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਇਸ ਸਾਰੇ ਸਮਾਗਮ ਦੀ ਵੀਡੀਓ ਫਿਲਮ ਬਣੀ ਤੇ ਤਸਵੀਰਾਂ ਖਿੱਚੀਆਂ ਗਈਆਂ।

ਸ਼ਹੀਦਾਂ ਦੇ ਪਰਿਵਾਰਾਂ ਦੇ ਪ੍ਰਤੀਨਿਧ ਮੈਂਬਰਾਂ ਨੂੰ ਅਤੇ ਇਸ ਮੇਲੇ ਦਾ ਇੰਤਜ਼ਾਮ ਕਰਨ ਵਾਲੀ ਪਿੰਡ ਦੀ ਤੇਰਾਂ ਮੈਂਬਰੀ ਪ੍ਰਬੰਧਕੀ ਕਮੇਟੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਨਮਾਨਿਤ ਕੀਤਾ।

ਇਸ ਪ੍ਰਬੰਧਕੀ ਕਮੇਟੀ ਵਲੋਂ, ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ੀ ਪ੍ਰੇਰਨਾ, ਕਿਰਪਾ ਅਤੇ ਉਤਸ਼ਾਹ ਦੇਣ ਸਦਕਾ, ਸ਼ਹੀਦਾਂ ਦੇ ਪਰਿਵਾਰਾਂ ਨੂੰ ਗੁਰੂ-ਚਰਨਾਂ ਨਾਲ ਜੋੜਨ ਦਾ ਉਪਰਾਲਾ ਕਰਨ ਲਈ ਸੂਬਾ ਸੁਰਿੰਦਰ ਕੌਰ ਖਰਲ (ਇਸ ਗ੍ਰੰਥ ਦੀ ਲੇਖਿਕਾ) ਤੇ ਸ੍ਰ. ਭਗਵੰਤ ਸਿੰਘ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰਮ-ਕਮਲਾਂ ਰਾਹੀਂ ਬਸਤਰ ਦੇ ਕੇ ਸਨਮਾਨਤ ਕਰਵਾਇਆ ਗਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਾਵਨ ਪ੍ਰਵਚਨਾਂ ਵਿਚ ਆਖਿਆ :—

"ਪਰਮ ਸਤਿਕਾਰਯੋਗ ਸਾਧ ਸੰਗਤ, ਮਨ ਬਿਰਤੀ ਇਕਾਗਰ ਕਰਨ ਲਈ ਰਸਨਾ ਪਵਿੱਤਰ ਕਰਨ ਲਈ ਸਭ ਗੱਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ! ਜਿਨ੍ਹਾਂ ਸਤਿਗੁਰਾਂ ਨੇ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੇ ਜਾਣ ਤੋਂ ਪਿਛੋਂ 30-35 ਸਾਲ ਨਾਮਧਾਰੀਆਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਬੜੇ ਦੁੱਖਾਂ ਤੋਂ, ਅੰਗ੍ਰੇਜ਼ਾਂ ਦਿਆਂ ਤਸੀਹਿਆਂ ਤੋਂ, ਤੰਗੀਆਂ ਤੋਂ ਬਚਾਅ ਕੇ ਰਖਿਆ, ਇਕ ਵਾਰ ਸਭ ਗੱਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ! ਜਿਨ੍ਹਾਂ ਸਤਿਗੁਰਾਂ ਨੇ ਕਿਰਪਾ ਕਰ ਕੇ ਸਾਨੂੰ ਔਹ ਸ਼ਹੀਦਾਂ ਦੇ ਮੇਲਿਆਂ ਦੀ ਜਾਚ ਦੱਸੀ, ਇਕ ਵਾਰ ਸਭ ਗੱਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ! ਆਪ ਨੇ ਗੁਰੂ-ਜੱਸ ਸਰਵਣ ਕੀਤਾ ਹੈ, ਗੁਰਬਾਣੀ ਦਾ ਪਾਠ ਸੁਣਿਐ। ਸਵੇਰੇ ਨੌਵੇਂ ਸਤਿਗੁਰਾਂ ਦੇ ਸਲੋਕ ਸੁਣੇ ਨੇ। ਮਨੁੱਖ ਨੂੰ ਠੀਕ ਕਰਨ ਵਾਸਤੇ, ਜੋ ਕੁਝ ਸਤਿਗੁਰਾਂ ਨੇ ਬਾਣੀ ਦੁਆਰਾ ਦੱਸਿਐ, ਉਹ ਸਿਮਰਨ, ਬਾਣੀ ਅਤੇ ਭਜਨ ਹੈ। ਬਾਣੀ ਨਾਮ ਦੀ ਤਾਰੀਫ਼ ਕਰਦੀ ਹੈ।

ਗੁਰਬਾਣੀ ਵਿਚ ਲਿਖਿਐ,

*'ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥'*

ਨਾ ਉਥੇ ਸਾਬਣ ਲੱਗੇ, ਨਾ ਪਾਣੀ ਲੱਗੇ, ਉੱਥੇ ਹੋਰ ਕੋਈ ਚੀਜ਼ ਅਸਰ ਨਹੀਂ ਕਰਦੀ। ਉਹ ਨਾਮ ਦਿੰਦਾ ਕੌਣ ਹੈ? ਉਹ ਵੀ ਗੁਰਬਾਣੀ 'ਚ ਲਿਖਿਐ :

*'ਨਾਮ ਦੀਆ ਗੁਰ ਪਰਉਪਕਾਰੀ*

*ਧੰਨ ਧੰਨ ਗੁਰੂ ਕਾ ਪਿਤਾ ਮਾਤਾ।'*

"ਇੱਥੇ ਜਿਹੜੇ ਸ਼ਹੀਦ ਸਿੰਘ ਹੋਏ ਨੇ —ਸ਼ਹੀਦ ਸ੍ਰ. ਹੀਰਾ ਸਿੰਘ ਗਰੇਵਾਲ, ਲਹਿਣਾ ਸਿੰਘ ਗਰੇਵਾਲ ਤੇ ਸ਼ਹੀਦ ਮਿੱਤ ਸਿੰਘ ਜੀ, ਸ਼ਹੀਦ ਅਨੂਪ ਸਿੰਘ ਜੀ। ਇਨ੍ਹਾਂ ਦੀਆਂ ਲਹਿਣਾ ਸਿੰਘ ਹੋਰਾਂ ਦੀਆਂ, ਅਨੂਪ ਸਿੰਘ ਹੋਰਾਂ ਦੀਆਂ ਤਸਵੀਰਾਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ, ਘੋੜੀ ਦੇ ਅਗਲੇ ਪਾਸੇ ਜਿਹੜੇ ਛੇ ਸਿੰਘ ਜਾ ਰਹੇ ਹਨ, ਉਨ੍ਹਾਂ ਵਿਚ ਨੇ। ਦਿਆਲਗੜ੍ਹ ਤੋਂ ਸ਼ਹੀਦ ਭੂਪ ਸਿੰਘ, ਸ਼ਹੀਦ ਨਿੱਕਾ ਸਿੰਘ ਤੇ ਸ਼ਹੀਦ ਵਰਿਆਮ ਸਿੰਘ ਇਹ ਸਨ। ਫਰੀਦ ਜੀ ਦੱਸਦੇ ਹਨ ਕਿ ਸਤਿਗੁਰੂ ਦਾ ਹੁਕਮ ਮੰਨਣ ਨਾਲ ਕੀ ਫਾਇਦਾ ਹੁੰਦਾ ਹੈ? ਜਿਸ ਤਰ੍ਹਾਂ ਤੁਹਾਨੂੰ ਤਰਸੇਮ ਸਿੰਘ ਹੋਰਾਂ ਨੇ ਦੱਸਿਆ ਕਿ ਕਸੂਰ ਉਨ੍ਹਾਂ ਦਾ ਨਹੀਂ ਸੀ ਦੁਨਿਆਵੀ ਢੰਗ ਨਾਲ ਪਰ ਕਸੂਰ ਦੱਸਣ ਵਾਲਾ ਸਤਿਗੁਰੂ ਹੈ। ਉਨ੍ਹਾਂ ਨੇ ਪਰਖ ਕੇ ਵੇਖੇ ਸਨ ਕਿ ਇਨ੍ਹਾਂ ਨੇ ਸ਼ਹੀਦ ਹੋਣਾ ਹੈ, ਇਹ ਕੁੱਝ ਸਹਿ ਵੀ ਸਕਦੇ ਨੇ ਗੱਲ ਕਿ ਨਹੀਂ? ਫਿਰ ਉਨ੍ਹਾਂ ਦੇ ਅੰਦਰ ਹੱਥ ਰਖਿਆ। ਫਿਰ ਉਨ੍ਹਾਂ ਨੂੰ ਸਾਰਿਆਂ ਨੂੰ ਵਾਰੀ ਵਾਰੀ ਸੋਟੇ ਵੱਜੇ। ਉਨ੍ਹਾਂ ਨੇ ਅਰਜ਼ ਕੀਤੀ ਬਈ 'ਸੱਚੇ ਪਾਤਸ਼ਾਹ, ਇਕ ਪਾਸੇ ਦੇ ਪਾਪ ਰਹਿ ਗਏ ਨੇ, ਇਹ ਵੀ ਝਾੜ ਦਿਓ।'

"ਹੀਰਾ ਸਿੰਘ ਦੇ ਸਿਰ ਵਿਚ ਸਤਿਗੁਰਾਂ ਨੇ ਸੋਟਾ ਮਾਰਿਆ, ਚਾਰ ਫਾੜਾਂ ਸਿਰ ਦੀਆਂ ਹੋ ਗਈਆਂ ਪਰ ਹਾਏ ਸੀਅ ਨਹੀਂ ਕੀਤੀ, ਖੁਸ਼ੀ ਮਨਾਈ 'ਜੇ ਗੁਰੂ ਝਿੜਕੇ ਤਾਂ ਮੀਠਾ ਲਾਗੈ' ਇਹ ਕਰਕੇ ਵਿਖਾਇਆ ਉਨ੍ਹਾਂ ਸ੍ਰੀ ਗੁਰੂ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ। ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ ਹੀ ਇਹ ਕਰ ਕੇ ਵਿਖਾਇਆ ਕਿ ਜੇ ਸਤਿਗੁਰੂ ਸਮੁੰਦਰੋਂ ਪਾਰ ਗਏ ਨੇ ਤਾਂ ਸਤਿਗੁਰੂ ਦੇ ਸਿੱਖ, ਸਤਿਗੁਰੂ ਰਾਮ ਸਿੰਘ ਦੇ ਗਏ ਨੇ,

*'ਸਮੁੰਦ ਸਾਗਰ ਹੋਵੈ ਬਹੁ ਖਾਰਾ*
*ਗੁਰਸਿਖੁ ਲੰਘਿ ਗੁਰ ਪਹਿ ਜਾਈ॥'*

"ਇਨ੍ਹਾਂ ਤੁਕਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ ਸਫਲ ਕੀਤਾ। ਇਕ ਨਾਮਧਾਰੀ ਸਿੱਖ ਮੁਕਤਸਰ (ਗੁਰਦੁਆਰੇ) ਗਿਆ। ਉੱਥੇ ਇਕ ਨਿਹੰਗ ਸਿੱਖ, ਉਸ ਨਾਲ ਕਿਸੇ ਗੱਲੋਂ ਲੜ ਪਿਆ। ਲੜ ਕੇ ਤੇ ਉਹਦੇ ਸਿਰ ਵਿਚ ਸੋਟਾ ਮਾਰਿਆ, ਸਿਰ ਪਾੜ ਦਿਤਾ। ਨਾਮਧਾਰੀ ਸਿੱਖ ਚੁੱਪ ਕਰ ਕੇ ਘਰ ਆ ਗਿਆ। ਸਮਾਂ ਐਸਾ ਆਇਆ, ਉਸ ਨਿਹੰਗ ਸਿੰਘ ਨੂੰ ਦਸਤ ਲਗ ਗਏ। ਬਾਹਰ ਗਿਆ ਤੇ ਡਿੱਗ ਪਿਆ, ਬੇਹੋਸ਼ ਹੋ ਗਿਆ। ਜਿਸ ਸਿੱਖ ਨੂੰ ਉਸ ਨੇ ਮਾਰਿਆ ਸੀ,ਉਹ ਕੁਦਰਤੀ ਉਥੇ ਪਹੁੰਚ ਗਿਆ। ਉਸ ਨੇ ਵੇਖਿਆ ਅਤੇ ਉਸ ਨਿਹੰਗ ਸਿੰਘ ਨੂੰ ਚੁੱਕ ਕੇ ਘਰ ਲੈ ਗਿਆ ਤੇ ਉਸਦੀ ਸੇਵਾ ਕੀਤੀ। ਨਿਹੰਗ ਸਿੰਘ ਨੂੰ ਜਿਸ ਵੇਲੇ ਹੋਸ਼ ਆਈ ਉਸ ਨੇ ਵੇਖਿਆ ਕਿ ਇਹ ਤਾਂ ਉਹੀ ਸਿੰਘ ਹੈ ਜਿਸਨੂੰ ਮੈਂ ਮਾਰਿਆ ਸੀ। ਉਹ ਬੜਾ ਡਰਿਆ। ਨਾਮਧਾਰੀ ਸਿੱਖ ਨੇ ਆਖਿਆ, 'ਤੂੰ ਡਰ ਨਾ ਮੈਂ ਤੈਨੂੰ ਮਾਰਨ ਵਾਸਤੇ ਨਹੀਂ ਸਗੋਂ ਤੇਰੀ ਸੇਵਾ ਕਰਨ ਵਾਸਤੇ,

ਤੈਨੂੰ ਠੀਕ ਕਰਨ ਵਾਸਤੇ ਲਿਆਂਦਾ ਹੈ।' ਨਿਹੰਗ ਸਿੱਖ ਨੇ ਪੁਛਿਆ, 'ਤੂੰ ਕਿਸਦਾ ਸਿੱਖ ਹੈ?' ਉਸ ਨੇ ਦੱਸਿਆ ਕਿ 'ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਹਾਂ' ਨਿਹੰਗ ਨੇ ਕਿਹਾ, 'ਮੈਨੂੰ ਵੀ ਉਸ ਗੁਰੂ ਦੇ ਦਰਸ਼ਨ ਕਰਵਾ, ਮੈਨੂੰ ਵੀ ਉਸ ਦੀ ਸ਼ਰਨ ਵਿਚ ਲੈ ਚੱਲ, ਮੈਂ ਉਸ ਦਾ ਸਿੱਖ ਬਣਨਾ ਚਾਹੁੰਦਾ ਹਾਂ।'

ਇਹ ਜਿਹੜੀਆਂ ਤੁਕਾਂ ਲਿਖੀਆਂ ਨੇ :

*ਤੀਖਣ ਸ਼ਸਤਰ ਕਾਟ ਡਾਰਿਓ, ਮਨ ਕਾ ਕੀਨੋ ਰੋਸ*
*ਕਾਲ ਕਾਹੂ ਕੋ ਲੈ ਸਵਾਰਿਓ, ਕਿਸੇ ਨਾ ਦੀਨੋ ਦੋਸ਼॥"*

"ਇਹ ਤੁਕਾਂ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੇ ਸਫਲ ਕੀਤੀਆਂ। ਤੁਸੀਂ ਬੜੇ ਭਾਗਾਂ ਵਾਲੇ ਹੋ ਜਿਹੜੇ, ਇਨ੍ਹਾਂ ਪਿੰਡਾਂ ਜਿਨ੍ਹਾਂ ਦੇ ਉਹ ਸ਼ਹੀਦ ਹੋਏ ਨੇ, ਦੇ ਵਾਸੀ ਹੋ, ਉਨ੍ਹਾਂ ਦੇ ਸੰਬੰਧੀ ਹੋ, ਰਿਸ਼ਤੇਦਾਰ ਹੋ। ਜਿਹੜੀ ਘਾਲਣਾ ਉਨ੍ਹਾਂ ਨੇ ਘਾਲੀ, ਉਨ੍ਹਾਂ ਨੇ ਆਪਣੇ ਸਰੀਰ ਦੇ ਦਿੱਤੇ, ਆਪਣੇ ਸਿਰ ਦੇ ਦਿੱਤੇ। ਤੁਸੀਂ ਇਕ ਇਕ ਘੰਟਾ ਨਾਮ-ਸਿਮਰਨ ਵਾਸਤੇ ਦੇਣਾ ਹੈ, ਤਕੜੇ ਹੋ ਕੇ ਦਿਆ ਕਰੋ। ਜਿਥੇ ਇਹ ਹੁਕਮ ਹੋਵੇ:

*'ਦਿਨੁ ਰਾਤੀ ਅਰਾਧਹੁ ਪਿਆਰੋ*
*ਨਿਮਖ ਨਾ ਕੀਜੈ ਢੀਲਾ॥'*

"ਉਥੇ ਤੁਸੀਂ ਇਕ ਘੰਟਾ ਨਾਮ-ਸਿਮਰਨ ਕਰਨਾ ਹੈ। ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਨੇ ਆਪਣੀ ਕਿਰਪਾ ਨਾਲ ਸਾਨੂੰ ਦਿਤੈ। ਸੋ ਇਕ ਇਕ ਘੰਟਾ ਨਾਮ-ਸਿਮਰਨ ਕਰਿਆ ਕਰੋ। ਤਕੜੇ ਹੋ ਕੇ ਐਸ ਯੁਗ ਦੀ ਈਰਖਾ, ਬਖੀਲੀ, ਦਵੈਸ਼, ਨਿੰਦਿਆ, ਚੁਗਲੀ ਤੋਂ ਬਚੋ। ਇਸ ਨੂੰ ਹੱਥ ਪੈਰ ਕੋਈ ਨਹੀਂ ਲੱਗੇ ਪਰ ਇਹ ਇਹੋ ਜਿਹੀ ਮਿੱਠੀ ਹੈ ਕਿ ਇਸ ਨੂੰ ਕਰਦੇ ਰਹੀਏ ਤਾਂ ਫਿਰ ਘੜੀ ਦਾ ਵੀ ਪਤਾ ਨਹੀਂ ਲਗਦਾ। ਫਿਰ ਬੰਦਾ ਕੋਲੋਂ ਦੀ ਲੰਘ ਜਾਵੇ, ਉਸਨੂੰ ਪੁੱਛਿਆ ਜਾਵੇ ਬਈ ਫਲਾਣਾ ਬੰਦਾ ਲੰਘ ਗਿਐ? ਕਹੇਗਾ ਬਈ ਮੇਰਾ ਧਿਆਨ ਨਹੀਂ ਸੀ। ਇਹ ਧਿਆਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਲਾਵੋ। ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਨੇ ਦਰਸ਼ਨ ਦੇਣੇ ਹਨ। ਜਿਨ੍ਹਾਂ ਦੇ 90 ਹੁਕਮ ਸੱਚੇ ਹੋ ਜਾਣ, 10 ਰਹਿੰਦੇ ਨੇ, ਸੱਚੇ ਉਹ ਵੀ ਹੋਣੇਂ ਨੇ। ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ, ਤੁਹਾਡੇ ਸਾਰਿਆਂ ਦੇ ਸਿਰਾਂ 'ਤੇ ਸਤਿਗੁਰੂ ਦੇ ਹੱਥ ਟਿਕਣ। ਭਜਨ ਬਾਣੀ ਕਰਾਂਗੇ, ਇਹੀ ਚੀਜ਼ ਸਤਿਗੁਰਾਂ ਨੂੰ ਪਿਆਰੀ ਹੈ।

*'ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ, ਐਸੀ ਖੇਲ ਹਰਿ ਪਿਆਰੀ॥'*

"ਜਿਹੜਾ ਹੁਣ ਇਕ ਘੰਟਾ ਨਾਮ ਸਿਮਰਨ ਹੋਣਾ ਹੈ, ਉਹਦੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਜੀ ਦਾ ਪਵਿਤ੍ਰ ਉਪਦੇਸ਼ ਲੱਗਣਾ ਹੈ। ਉਸਨੂੰ ਸਾਰੇ ਧਿਆਨ ਨਾਲ ਸੁਣੋ ਤੇ ਉਹਦੇ 'ਤੇ ਚਲਣ ਦੀ ਕੋਸ਼ਿਸ਼ ਕਰੋ, ਇਹ ਗੱਲਾਂ ਮੈਂ ਤੁਹਾਨੂੰ ਆਖੀਆਂ, ਮੇਰੇ ਵਾਸਤੇ

ਵੀ ਅਰਜ਼ ਕਰੋ ਬਈ ਮੈਂ ਵੀ ਇਹ ਪੂਰੀਆਂ ਕਰ ਸਕਾਂ।"

"ਇਹ ਮੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਨੇ ਸ਼ੁਰੂ ਕਰਵਾਏ ਨੇ। ਕ੍ਰੀਬ 55-56 ਤੋਂ ਸਤਿਗੁਰਾਂ ਦੀ ਕਿਰਪਾ ਨਾਲ ਇਹ ਮੇਲੇ ਹੋਈ ਜਾਂਦੇ ਨੇ ਤੇ ਅਗਾਂਹ ਇਸੇ ਤਰ੍ਹਾਂ ਹੋਈ ਜਾਣੇ ਨੇ।...ਲੱਭ-ਲੱਭ ਕੇ ਸਾਰੇ ਸ਼ਹੀਦਾਂ ਦੇ ਪਿੰਡਾਂ ਨੂੰ, ਸੂਬਾ ਸੁਰਿੰਦਰ ਕੌਰ ਜੀ ਅਤੇ ਭਗਵੰਤ ਸਿੰਘ ਹੋਰਾਂ ਨੇ ਬੜਾ ਉੱਦਮ ਕੀਤਾ ਹੈ, ਸਾਰੇ ਪਿੰਡਾਂ 'ਚੋਂ ਲੱਭ-ਲੱਭ ਕੇ ਇਹ ਸ਼ਹੀਦਾਂ ਦੇ ਪਰਿਵਾਰ ਅਤੇ ਇਨ੍ਹਾਂ ਸ਼ਹੀਦਾਂ ਦੇ ਮੇਲੇ ਕਰਵਾਏ ਨੇ, ਸਾਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ। ਅਰਦਾਸ ਕਰੋ ਸਤਿਗੁਰਾਂ ਦੇ ਚਰਨਾਂ ਵਿਚ ਬਈ ਐਸ ਤਰ੍ਹਾਂ ਸਤਿਗੁਰਾਂ ਦੀ ਯਾਦ ਸਾਡੇ ਅੰਦਰ ਬਣੀ ਰਹੇ ਤੇ ਦੁਨਿਆਵੀ ਚੀਜ਼ਾਂ ਸਾਡੇ ਅੰਦਰੋਂ ਨਿਕਲ ਜਾਣ। ਮੋਹ ਦੇ ਵਿਚ ਸੁੱਤਾ ਪਿਆ ਹੈ ਆਦਮੀ, ਉਸ ਨੇ ਜਾਗਣਾ ਹੈ ਨਾਮ ਜਪ ਕੇ, ਸਤਿਗੁਰਾਂ ਦਾ ਹੁਕਮ ਮੰਨ ਕੇ। ਮੈਂ ਇਹੀ ਅਰਜ਼ ਕਰਕੇ ਆਪ ਤੋਂ ਆਗਿਆ ਮੰਗਦਾ ਹਾਂ।"

ਇਸ ਸ਼ਹੀਦੀ ਸਮਾਗਮ ਸਮੇਂ, ਸ਼ਹੀਦਾਂ ਦੇ ਇਤਿਹਾਸ ਨੂੰ ਦਰਸਾਉਂਦੀ ਫੋਟੋ ਪ੍ਰਦਰਸ਼ਨੀ ਲਗਾਈ ਗਈ।

## ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਜੋੜ ਮੇਲਾ

ਪਿੰਡ ਸਕਰੌਦੀ ਵਿਖੇ 1872 ਈ. ਵਿਚ ਮਲੇਰਕੋਟਲੇ ਵਿਖੇ ਬੁੱਚੜਾਂ ਨੂੰ ਸੋਧਣ ਦੇ ਦੋਸ਼ 'ਚ ਅੰਗਰੇਜ਼ ਸਰਕਾਰ ਵਲੋਂ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਇਸ ਪਿੰਡ ਦੇ ਕੂਕੇ ਸ਼ਹੀਦਾਂ ਸ਼ਹੀਦ ਜਥੇਦਾਰ ਹੀਰਾ ਸਿੰਘ, ਸ਼ਹੀਦ ਲਹਿਣਾ ਸਿੰਘ, ਸ਼ਹੀਦ ਮਿੱਤ ਸਿੰਘ, ਸ਼ਹੀਦ ਅਨੂਪ ਸਿੰਘ ਅਤੇ ਪਿੰਡ ਦਿਆਲਗੜ੍ਹ ਦੇ ਸ਼ਹੀਦ ਭੂਪ ਸਿੰਘ, ਸ਼ਹੀਦ ਵਰਿਆਮ ਸਿੰਘ ਅਤੇ ਸ਼ਹੀਦ ਨਿੱਕਾ ਸਿੰਘ ਦੀ ਯਾਦ ਵਿਚ ਨਾਮਧਾਰੀ ਸ਼ਹੀਦੀ ਜੋੜ-ਮੇਲਾ ਮਨਾਇਆ ਗਿਆ।

ਇਸ ਮੌਕੇ 'ਤੇ ਨਾਮਧਾਰੀ ਸੰਸਥਾ ਦੇ ਮੁਖੀ ਸਤਿਗੁਰ ਜਗਜੀਤ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਸੰਗਤ ਨੂੰ ਸੱਚੇ-ਸੁੱਚੇ ਧਾਰਮਿਕ ਜੀਵਨ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਉਪਦੇਸ਼ ਦਿੱਤਾ ਕਿ ਹਰ ਨਾਮਧਾਰੀ ਸਿੰਘ ਨੂੰ ਦੇਸ਼ ਅਤੇ ਸਿੱਖ ਕੌਮ ਲਈ ਆਪਣਾ ਜੀਵਨ ਨਿਛਾਵਰ ਕਰਨ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਹਰ ਨਾਮਧਾਰੀ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਦੇ ਉਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ 1872 ਈ. 'ਚ ਜਥੇਦਾਰ ਹੀਰਾ ਸਿੰਘ ਦੀ ਅਗਵਾਈ 'ਚ ਹਥਿਆਰਬੰਦ ਘੋਲ ਸ਼ੁਰੂ ਕਰ ਕੇ ਨਾਮਧਾਰੀ ਸਿੰਘਾਂ ਨੇ ਅਜ਼ਾਦੀ ਦੀ ਪਹਿਲੀ ਹਥਿਆਰਬੰਦ ਲੜਾਈ ਸ਼ੁਰੂ ਕੀਤੀ ਸੀ।

ਪੰਜਾਬੀ ਟ੍ਰਿਬਿਊਨ ਤੇ ਹੋਰ ਪੰਜਾਬੀ ਦੇ ਅਖ਼ਬਾਰਾਂ ਵਿਚ ਇਸ ਸਕਰੌਦੀ ਦੇ ਮੇਲੇ ਸਬੰਧੀ ਛਪੀ ਖਬਰ:

# ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਜੋੜ-ਮੇਲਾ



ਭਵਾਨੀਗੜ੍ਹ, 1 ਮਾਰਚ (ਪੱਤਰ ਪ੍ਰੇਰਕ) - ਇਥੋਂ ਅੱਠ ਕਿਲੋਮੀਟਰ ਦੂਰ ਪਿੰਡ ਸਕਰੌਦੀ ਵਿਖੇ 1872 ਈ. ਵਿਚ ਮਲੇਰਕੋਟਲਾ ਵਿਖੇ ਬੁੱਚੜਾਂ ਨੂੰ ਸੋਧਣ ਦੇ ਦੋਸ਼ 'ਚ ਅੰਗਰੇਜ਼ ਸਰਕਾਰ ਵਲੋਂ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਇਸ ਪਿੰਡ ਦੇ ਕੂਕੇ ਸ਼ਹੀਦਾਂ ਸ਼ਹੀਦ ਜਥੇਦਾਰ ਹੀਰਾ ਸਿੰਘ, ਸ਼ਹੀਦ ਲਹਿਣਾ ਸਿੰਘ, ਸ਼ਹੀਦ ਮਿੱਤ ਸਿੰਘ, ਸ਼ਹੀਦ ਅਨੂਪ ਸਿੰਘ ਅਤੇ ਪਿੰਡ ਦਿਆਲਗੜ੍ਹ ਦੇ ਸ਼ਹੀਦ ਰੂਪ ਸਿੰਘ, ਸ਼ਹੀਦ ਵਰਿਆਮ ਸਿੰਘ ਅਤੇ ਸ਼ਹੀਦ ਨਿੱਕਾ ਸਿੰਘ ਦੀ ਯਾਦ ਵਿਚ ਨਾਮਧਾਰੀ ਸ਼ਹੀਦੀ ਜੋੜ-ਮੇਲਾ ਮਨਾਇਆ ਗਿਆ।

ਇਸ ਮੌਕੇ 'ਤੇ ਨਾਮਧਾਰੀ ਸੰਸਥਾ ਦੇ ਮੁਖੀ ਸਤਿਗੁਰ ਜਗਜੀਤ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਸੰਗਤ ਨੂੰ ਸੱਚੇ-ਸੁੱਚੇ ਧਾਰਮਿਕ ਜੀਵਨ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਉਪਦੇਸ਼ ਦਿੱਤਾ ਕਿ ਹਰ ਨਾਮਧਾਰੀ ਸਿੰਘ ਨੂੰ ਦੇਸ਼ ਅਤੇ ਸਿੱਖ ਕੌਮ ਲਈ ਆਪਣਾ ਜੀਵਨ ਨਿਛਾਵਰ ਕਰਨ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਹਰ ਨਾਮਧਾਰੀ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਦੇ ਉਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ 1872 ਈ. 'ਚ ਜਥੇਦਾਰ ਹੀਰਾ ਸਿੰਘ ਦੀ ਅਗਵਾਈ 'ਚ ਹਥਿਆਰਬੰਦ ਘੋਲ ਸ਼ੁਰੂ ਕਰ ਕੇ ਨਾਮਧਾਰੀ ਸਿੰਘਾਂ ਨੇ ਆਜ਼ਾਦੀ ਦੀ ਪਹਿਲੀ ਹਥਿਆਰਬੰਦ ਲੜਾਈ ਸ਼ੁਰੂ ਕੀਤੀ ਸੀ।

ਇਸ ਮੌਕੇ ਹਲਕਾ ਸੰਗਰੂਰ ਤੋਂ ਜਿੱਤੇ ਅਕਾਲੀ ਵਿਧਾਇਕ ਸ੍ਰੀ ਰਣਜੀਤ ਸਿੰਘ ਬਾਲੀਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਸਦਕਾ ਹੀ ਅੱਜ ਇਸ ਪਿੰਡ ਨੂੰ ਸਿੰਘਾਂ ਦੀ ਸਕਰੌਦੀ ਕਹਾਉਣ ਦਾ ਮਾਣ ਪ੍ਰਾਪਤ ਹੈ। ਇਸ ਮੌਕੇ 'ਤੇ ਰਾਗੀ ਅਤੇ ਢਾਡੀ ਜਥਿਆਂ ਨੇ ਸ਼ਹੀਦਾਂ ਦੀਆਂ ਵਾਰਾਂ ਅਤੇ ਗੁਰਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸ਼ਹੀਦੀ ਸਮਾਗਮ ਦਾ ਮੁੱਖ ਆਕਰਸ਼ਣ ਸ਼ਹੀਦਾਂ ਦੇ ਇਤਿਹਾਸ ਨੂੰ ਦਰਸਾਉਂਦੀ ਫੋਟੋ ਪ੍ਰਦਰਸ਼ਨੀ ਸੀ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਸੰਤ ਤਰਸੇਮ ਸਿੰਘ ਅਤੇ ਸੂਬਾ ਬੀਬੀ ਸੁਰਿੰਦਰ ਕੌਰ ਖਰਲ ਨੇ ਸੁਯੋਗ ਅਗਵਾਈ ਦਿੱਤੀ। ਸ਼ਬ ਨਾਮਧਾਰੀ ਸੰਗਠਨ ਦੇ ਜ਼ਿਲਾ ਪ੍ਰਧਾਨ ਗੁਰਮੇਲ ਸਿੰਘ ਨੇ ਇਸ ਸਮਾਗਮ 'ਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੌਕੇ ਅਤੁੱਟ ਲੰਗਰ ਵੀ ਵਰਤਿਆ। ਪਿੰਡ ਦੇ ਸਰਪੰਚ ਬਲਦੇਵ ਸਿੰਘ ਨੇ ਨਗਰ-ਨਿਵਾਸੀਆਂ ਵਲੋਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਵਲੋਂ ਸਤਿਗੁਰ ਜਗਜੀਤ ਸਿੰਘ ਨੂੰ ਕੁਝ ਭੇਟਾਵਾਂ ਦਿੱਤੀਆਂ। ਸਾਰੀ ਸੰਗਤ ਨੂੰ ਇਕ ਛੋਟੀ ਕਿਤਾਬ 'ਆਜ਼ਾਦੀ ਸੰਘਰਸ਼ ਦਾ ਪਲੇਠਾ ਅੰਕ' ਮੁਫਤ ਵੰਡੀ ਗਈ।

ਇਸ ਸਮਾਗਮ ਤੋਂ ਪਹਿਲਾਂ ਸਤਿਗੁਰ ਜਗਜੀਤ ਸਿੰਘ ਦੇ ਧਿਆਨ 'ਚ ਪਿੰਡ ਦੀ ਸੰਗਤ ਨੇ ਸ਼ਹੀਦਾਂ ਦੇ ਨਾਂ 'ਤੇ ਪਿੰਡ ਵਿਚ ਹੀ ਪੁੱਛਾਂ ਦੇਣ ਅਤੇ ਸਮਾਧ ਉਸਾਰਨ ਦਾ ਮਾਮਲਾ ਧਿਆਨ 'ਚ ਲਿਆਂਦਾ. ਉਨ੍ਹਾਂ ਪੁੱਛਾਂ ਦੇਣ ਵਾਲੀ ਔਰਤ ਨੂੰ ਇਸ ਪਾਖੰਡ ਤੋਂ ਬਾਜ਼ ਆਉਣ ਦੀ ਤਾੜਨਾ ਕੀਤੀ ਅਤੇ ਸਮਾਧ ਢਾਹੁਣ ਲਈ 15 ਦਿਨਾਂ ਦਾ ਨੋਟਿਸ ਦਿੱਤਾ। ਉਨ੍ਹਾਂ ਕਿਹਾ ਕਿ ਸ਼ਹੀਦ ਦੇ ਨਾਂ 'ਤੇ ਅਜਿਹਾ ਪਾਖੰਡ ਕਰਨਾ ਉਨ੍ਹਾਂ ਦੀ ਕੁਰਬਾਨੀ ਦੀ ਤੌਹੀਨ ਹੈ।

ਇਸ ਮੌਕੇ ਹਲਕਾ ਸੰਗਰੂਰ ਤੋਂ ਜਿੱਤੇ ਅਕਾਲੀ ਵਿਧਾਇਕ ਸ੍ਰੀ ਰਣਜੀਤ ਸਿੰਘ ਬਾਲੀਆ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਸਦਕਾ ਹੀ ਅੱਜ ਇਸ ਪਿੰਡ ਨੂੰ ਸਿੰਘਾਂ ਦੀ ਸਕਰੌਦੀ ਕਹਾਉਣ ਦਾ ਮਾਣ ਪ੍ਰਾਪਤ ਹੈ। ਇਸ ਮੌਕੇ 'ਤੇ ਰਾਗੀ ਅਤੇ ਢਾਡੀ ਜੱਥਿਆਂ ਨੇ ਸ਼ਹੀਦਾਂ ਦੀਆਂ ਵਾਰਾਂ ਅਤੇ ਗੁਰਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸ਼ਹੀਦੀ ਸਮਾਗਮ ਦਾ ਮੁੱਖ ਆਕਰਸ਼ਣ ਸ਼ਹੀਦਾਂ ਦੇ ਇਤਿਹਾਸ ਨੂੰ ਦਰਸਾਉਂਦੀ ਫੋਟੋ ਪ੍ਰਦਰਸ਼ਨੀ ਸੀ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਸੰਤ ਤਰਸੇਮ ਸਿੰਘ ਅਤੇ ਸੂਬਾ ਬੀਬੀ ਸੁਰਿੰਦਰ ਕੌਰ ਖਰਲ ਨੇ ਸੁਯੋਗ ਅਗਵਾਈ ਦਿੱਤੀ।

ਨਾਮਧਾਰੀ ਸੰਗਤ ਦੇ ਜ਼ਿਲ੍ਹਾ ਪ੍ਰਧਾਨ ਗੁਰਮੇਲ ਸਿੰਘ ਨੇ ਇਸ ਸਮਾਗਮ 'ਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੌਕੇ ਅਤੁੱਟ ਲੰਗਰ ਵੀ ਵਰਤਿਆ। ਪਿੰਡ ਦੇ ਸਰਪੰਚ ਬਲਦੇਵ ਸਿੰਘ ਨੇ ਨਗਰ-ਨਿਵਾਸੀਆਂ ਵਲੋਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਵਲੋਂ ਸਤਿਗੁਰ ਜਗਜੀਤ ਸਿੰਘ ਨੂੰ ਕੁੱਝ ਭੇਟਾਵਾਂ ਦਿੱਤੀਆਂ। ਸੰਗਤ ਨੂੰ ਇਕ ਛੋਟੀ ਕਿਤਾਬ 'ਆਜ਼ਾਦੀ ਸੰਘਰਸ਼ ਦਾ ਪਲੇਠਾ ਅੰਕ' ਮੁਫਤ ਵੰਡੀ ਗਈ।

ਇਸ ਸਮਾਗਮ ਤੋਂ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਦੇ ਧਿਆਨ 'ਚ ਪਿੰਡ ਦੀ ਸੰਗਤ ਨੇ ਸ਼ਹੀਦਾਂ ਦੇ ਨਾਂ 'ਤੇ ਪਿੰਡ ਵਿਚ ਹੀ ਪੁੱਛਾਂ ਦੇਣ ਅਤੇ ਸਮਾਧ ਉਸਾਰਨ ਦਾ ਮਾਮਲਾ ਧਿਆਨ 'ਚ ਲਿਆਂਦਾ। ਉਨ੍ਹਾਂ ਪੁੱਛਾਂ ਦੇਣ ਵਾਲੀ ਔਰਤ ਨੂੰ ਇਸ ਪਾਖੰਡ ਤੋਂ ਬਾਜ਼ ਆਉਣ ਦੀ ਤਾੜਨਾ ਕੀਤੀ ਅਤੇ ਸਮਾਧ ਢਾਹੁਣ ਲਈ 15 ਦਿਨਾਂ ਦਾ ਨੋਟਿਸ ਦਿੱਤਾ। ਉਨਾਂ ਕਿਹਾ ਕਿ ਸ਼ਹੀਦ ਦੇ ਨਾਂ 'ਤੇ ਅਜਿਹਾ ਪਾਖੰਡ ਕਰਨਾ ਉਨ੍ਹਾਂ ਦੀ ਕੁਰਬਾਨੀ ਦੀ ਤੌਹੀਨ ਹੈ।"

## ਮੰਡੀ-ਕਲਾਂ ਦਾ ਮੇਲਾ

ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਦੀ ਯਾਦ ਵਿਚ ਉਨ੍ਹਾਂ ਦੇ ਪਿੰਡ ਮੰਡੀ ਕਲਾਂ (ਜ਼ਿਲ੍ਹਾ ਬਠਿੰਡਾ) ਵਿਖੇ ਪਹਿਲੀ ਵਾਰ 17 ਫਰਵਰੀ 1997 ਨੂੰ ਪਿੰਡ ਮੰਡੀ ਕਲਾਂ ਦੇ ਲੋਕਾਂ ਤੇ ਰਾਮਪੁਰਾ ਫੂਲ ਦੀ ਸੰਗਤ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਇਕ ਬਹੁਤ ਸ਼ਾਨਦਾਰ ਸ਼ਹੀਦ ਯਾਦਗਾਰੀ ਸਮਾਗਮ ਕੀਤਾ ਗਿਆ।

16 ਮਈ 1993 ਨੂੰ ਜਦੋਂ ਮੈਂ (ਸੂਬਾ ਸੁਰਿੰਦਰ ਕੌਰ), ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਆਗਿਆ ਲੈ ਕੇ ਪਹਿਲੀ ਵਾਰ ਸ਼ਹੀਦਾਂ ਦੇ ਪਿੰਡਾਂ 'ਚ ਗਈ, ਮੇਰੇ ਨਾਲ ਮੇਰੇ ਪਤੀ ਸ. ਭਗਵੰਤ ਸਿੰਘ ਅਤੇ ਭਰਾ (ਭੂਆ ਦੇ ਪੁੱਤਰ) ਸੰਤ ਲਾਲ ਸਿੰਘ ਰੜ੍ਹ ਵਾਲੇ ਗਏ ਸਨ। ਉਸ ਦਿਨ ਮੈਂ ਪਿੰਡ ਮੰਡੀ ਕਲਾਂ (ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਦੇ ਪਿੰਡ) ਗਈ। ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਦੇ ਪਰਿਵਾਰ ਵਿਚੋਂ ਕੋਈ ਨਹੀਂ ਹੈ। ਸੂਬਾ ਜੀ ਅਤੇ ਇਨ੍ਹਾਂ ਦਾ ਭਰਾ ਸ੍ਰੀ ਹਰਨਾਮ ਸਿੰਘ ਕੰਨੂ, ਦੋਹਾਂ ਨੇ ਵਿਆਹ ਨਹੀਂ ਸਨ ਕਰਵਾਏ। ਪਿੰਡ ਮੰਡੀ ਕਲਾਂ ਦੇ ਵਾਸੀਆਂ ਨੇ ਹੀ ਆਪਣੇ ਪਿੰਡ ਦੇ ਇਸ ਸ਼ਹੀਦ ਦੀ ਯਾਦ ਸੰਭਾਲੀ ਹੋਈ ਹੈ।

ਪਿੰਡ ਮੰਡੀ ਕਲਾਂ ਦੇ ਇਕ ਬਜ਼ੁਰਗ ਭਾਈ ਵੀਰ ਸਿੰਘ ਨਿਰਵੈਰ ਜੋ ਕਿ ਇਕ ਲਿਖਾਰੀ ਤੇ ਸਮਾਜ ਸੇਵਕ ਹਨ, ਨੇ ਆਪਣੇ ਨਿਜੀ ਉੱਦਮਾਂ ਨਾਲ ਪਿੰਡ ਦੇ ਨੇੜੇ ਇਕ ਸਕੂਲ ਬਣਾਉਣਾ ਸ਼ੁਰੂ ਕੀਤਾ। ਬਾਅਦ ਵਿਚ ਪਿੰਡ ਵਾਸੀਆਂ ਅਤੇ ਹੋਰ ਦਾਨੀ ਸੱਜਣਾਂ ਦੁਆਰਾ ਸਹਿਯੋਗ ਮਿਲਣਾ ਸ਼ੁਰੂ ਹੋਇਆ ਤੇ ਇਥੇ ਇਕ ਸ਼ਾਨਦਾਰ ਸੀਨੀਅਰ ਸੈਕੰਡਰੀ ਸਕੂਲ ਬਣ ਗਿਆ। ਇਸ ਸਕੂਲ ਵਿਚ ਬਣਾਏ ਗਏ ਵੱਡੇ ਹਾਲ ਦਾ ਨਾਂ 'ਸ਼ਹੀਦ ਸੂਬਾ ਗਿਆਨ ਰਤਨ ਸਿੰਘ ਯਾਦਗਾਰੀ ਹਾਲ'

ਰਖਿਆ ਗਿਆ। ਪਿੰਡ ਮੰਡੀ ਕਲਾਂ ਵਿਖੇ ਦੋ ਸਪੋਰਟਸ ਕਲੱਬ 'ਕੂਕਾ ਸਪੋਰਟਸ ਕਲੱਬ ਅਤੇ 'ਸ਼ਹੀਦ ਗਿਆਨੀ ਰਤਨ ਸਿੰਘ ਕੂਕਾ ਯਾਦਗਾਰੀ ਕਲੱਬ' ਬਣੇ ਹੋਏ ਹਨ। ਇਨ੍ਹਾਂ ਕਲੱਬਾਂ ਵਲੋਂ ਖੂਨਦਾਨ ਕੈਂਪ ਤੇ ਅੱਖਾਂ ਦੇ ਕੈਂਪ ਲਾਏ ਜਾਂਦੇ ਹਨ। ਸੰਨ 1972 ਤੋਂ ਹੁਣ ਤਕ ਹਰ ਸਾਲ 'ਸ਼ਹੀਦ ਗਿਆਨ ਰਤਨ ਸਿੰਘ ਕੂਕਾ ਯਾਦਗਾਰੀ ਟੂਰਨਾਮੈਂਟ' ਵੀ ਇਨ੍ਹਾਂ ਕਲੱਬਾਂ ਵਲੋਂ ਕਰਵਾਏ ਜਾਂਦੇ ਹਨ। ਮੈਂ ਇਹ ਸਾਰੀਆਂ ਗੱਲਾਂ ਦੀ ਅਰਜ਼ ਸ੍ਰੀ ਸਤਿਗੁਰੂ ਜੀ ਕੋਲ ਕੀਤੀ। 27 ਜਨਵਰੀ 1996 ਨੂੰ ਪਿੰਡ ਮੰਡੀ ਕਲਾਂ ਦੀ ਪੰਚਾਇਤ ਵਲੋਂ ਮੈਨੂੰ ਟੂਰਨਾਮੈਂਟ 'ਤੇ ਪੁੱਜਣ ਦਾ ਸੱਦਾ ਆਇਆ ਤਾਂ ਸ੍ਰੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਮੈਂ, ਸ. ਭਗਵੰਤ ਸਿੰਘ ਤੇ ਮਾਸਟਰ ਨਿਹਾਲ ਸਿੰਘ ਇਸ ਟੂਰਨਾਮੈਂਟ 'ਤੇ ਗਏ।

29 ਜਨਵਰੀ 1995 ਨੂੰ ਰਾਮਪੁਰਾ ਫੂਲ ਵਿਖੇ ਹੋਏ ਸ਼ਹੀਦੀ ਸਮਾਗਮ ਦੇ ਅਵਸਰ 'ਤੇ ਮੰਡੀ ਕਲਾਂ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਸ. ਕਰਮ ਸਿੰਘ ਗਰੇਵਾਲ ਨੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਗੇ ਅਰਜ਼ ਕੀਤੀ ਕਿ ਉਹ 'ਸ਼ਹੀਦ ਸੂਬਾ ਗਿਆਨ ਰਤਨ ਸਿੰਘ ਯਾਦਗਾਰੀ ਹਾਲ' ਦਾ ਉਦਘਾਟਨ ਸ੍ਰੀ ਸਤਿਗੁਰੂ ਜੀ ਦੇ ਕਰ-ਕਮਲਾਂ ਰਾਹੀਂ ਕਰਵਾਉਣਾ ਚਾਹੁੰਦੇ ਹਨ, ਸੋ ਵਕਤ ਦਿਤਾ ਜਾਵੇ। ਸ੍ਰੀ ਸਤਿਗੁਰੂ ਜੀ ਵਲੋਂ ਪ੍ਰਵਾਨਗੀ ਮਿਲ ਗਈ।

ਇਸ ਮਗਰੋਂ ਸਕੂਲ ਦੇ ਪ੍ਰਿੰਸੀਪਲ ਕਰਮ ਸਿੰਘ, ਮੰਡੀ ਕਲਾਂ ਦੇ ਸਰਪੰਚ, ਪੰਚਾਇਤ ਮੈਂਬਰ, ਸਕੂਲ ਦੇ ਅਧਿਆਪਕ ਅਤੇ ਰਾਮਪੁਰਾ ਫੂਲ ਤੋਂ ਡਾ. ਲਖਬੀਰ ਸਿੰਘ ਕੂਕਾ ਤੇ ਨਾਮਧਾਰੀ ਸੰਗਤ ਦੇ ਪ੍ਰਧਾਨ ਸ. ਬਲਦੇਵ ਸਿੰਘ ਆਦੀ, ਤਿੰਨ-ਚਾਰ ਵਾਰ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਇਹੀ ਅਰਜ਼ ਕਰਨ ਤੇ ਸਮਾਗਮ ਲਈ ਵਕਤ ਲੈਣ ਆਏ। ਇਹ ਸੁਭਾਗਾ ਦਿਨ 17 ਫਰਵਰੀ 1997 ਨੂੰ ਆਇਆ, ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 'ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਯਾਦਗਾਰੀ ਹਾਲ' ਮੰਡੀ ਕਲਾਂ ਦਾ ਉਦਘਾਟਨ ਕੀਤਾ। ਇਸ ਹਾਲ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ਼ਹੀਦੀ ਸਾਕਿਆਂ ਨਾਲ ਸੰਬੰਧਤ, ਸੰਤ ਮਹਿੰਦਰ ਸਿੰਘ ਆਰਟਿਸਟ ਦਿੱਲੀ ਦੁਆਰਾ ਬਣਾਈਆਂ ਗਈਆਂ ਪੰਜ ਵੱਡੇ ਆਕਾਰ ਦੀਆਂ ਤਸਵੀਰਾਂ ਲਗਵਾਈਆਂ ਗਈਆਂ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਦੀਆਂ ਕੈਪਸਨਾਂ ਤੋਂ ਇਲਾਵਾ ਇਸ ਹਾਲ ਵਿਚ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਪੰਥ ਬਾਰੇ, ਵਿਸ਼ੇਸ਼ ਸ਼ਖ਼ਸੀਅਤਾਂ ਪੰਡਤ ਜਵਾਹਰ ਲਾਲ ਨਹਿਰੂ, ਨੇਤਾ ਜੀ ਸੁਭਾਸ਼ ਚੰਦਰ ਬੋਸ, ਸ਼ਹੀਦ ਭਗਤ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਸ੍ਰੀ ਰਵਿੰਦਰ ਨਾਥ ਟੈਗੋਰ, ਕਾਮਰੇਡ ਸੋਹਣ ਸਿੰਘ ਆਦਿ ਦੀਆਂ ਕੈਪਸ਼ਨਾਂ ਵੀ ਲਿਖੀਆਂ ਗਈਆਂ ਹਨ। ਹਾਲ ਦੇ ਬਾਹਰਲੇ ਪਾਸੇ ਦੋ ਬੋਰਡ ਲਗਾਏ ਹਨ ਜਿਨ੍ਹਾਂ ਵਿਚੋਂ ਇਕ 'ਤੇ ਨਾਮਧਾਰੀ ਇਤਿਹਾਸ ਅਤੇ ਇਕ

'ਤੇ ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਦਾ ਜੀਵਨ-ਬਿਰਤਾਂਤ ਅੰਕਿਤ ਕੀਤੇ ਗਏ ਹਨ।

ਮੰਡੀ ਕਲਾਂ ਦੇ ਇਸ ਸਮਾਗਮ ਤੋਂ ਪਹਿਲੋਂ ਉਸ ਇਲਾਕੇ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਇਸ਼ਤਿਹਾਰ ਲਾਏ ਗਏ ਅਤੇ ਸੱਦਾ-ਪੱਤਰ ਵੰਡੇ ਗਏ।

ਇਸ਼ਤਿਹਾਰਾਂ ਦੀ ਰੂਪ-ਰੇਖਾ ਇਸ ਪ੍ਰਕਾਰ ਸੀ :

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟ ਮਰੈ ਕਬਹੂੰ ਨਾ ਛਾਡੇ ਖੇਤ।।

ਨਾਮਧਾਰੀ ਸ਼ਹੀਦ ਸਿੰਘਾਂ ਦੀ ਯਾਦ ਵਿਚ ਸਮਾਗਮ

6 ਫੱਗਣ ਬਿ: ਸੰਮਤ ੨੦੫੩ ਮੁਤਾਬਕ ਮਿਤੀ 17 ਫਰਵਰੀ 1997 ਦਿਨ ਸੋਮਵਾਰ : ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਜੀ ਕੂਕਾ ਮੰਡੀ ਕਲਾਂ ਦੀ ਪਵਿੱਤਰ ਯਾਦ ਵਿਚ ਸਰਕਾਰੀ ਸੈਕੰਡਰੀ ਸਕੂਲ ਮੰਡੀ ਕਲਾਂ ਵਿਖੇ ਬਣਾਏ ਗਏ ਵਿਸ਼ਾਲ ਹਾਲ ਦਾ ਉਦਘਾਟਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ-ਕਮਲਾਂ ਦੁਆਰਾ

ਸਤਿਕਾਰਯੋਗ ਇਲਾਕਾ ਨਿਵਾਸੀਓ,

ਆਪ ਜੀ ਨੂੰ ਨਿਮਰਤਾ ਸਹਿਤ ਸੂਚਤ ਕੀਤਾ ਜਾਂਦਾ ਹੈ ਕਿ ਦੇਸ਼ ਦੀ ਸੁਤੰਤਰਤਾ ਦੇ ਇਤਿਹਾਸ ਦੇ ਜੁਝਾਰੂ ਦੇਸ਼ ਭਗਤ ਸੂਬਾ ਗਿਆਨੀ ਰਤਨ ਸਿੰਘ ਕੂਕਾ ਮੰਡੀ ਕਲਾਂ ਵਾਲੇ ਨੂੰ, ਅੰਗਰੇਜ਼ ਸਰਕਾਰ ਨੇ ਬਿਨਾਂ ਮੁਕੱਦਮਾ ਚਲਾਏ 26 ਨਵੰਬਰ 1871 ਨੂੰ, ਉਨ੍ਹਾਂ ਦੇ ਸਾਥੀ ਰਤਨ ਸਿੰਘ ਕੂਕਾ ਪਿੰਡ ਨਾਈਵਾਲਾ ਸਮੇਤ, ਸੈਂਟਰਲ ਜੇਲ੍ਹ ਲੁਧਿਆਣਾ ਵਿਖੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ। ਸ਼ਹੀਦ ਗਿਆਨੀ ਰਤਨ ਸਿੰਘ ਕੂਕਾ ਨੇ ਫਾਂਸੀ ਦੇ ਰੇਸ਼ਮੀ ਫੰਦੇ ਨੂੰ ਚੁੰਮਦੇ ਹੋਏ ਅੰਗਰੇਜ਼ ਉੱਚ ਅਧਿਕਾਰੀ ਨੂੰ ਲਲਕਾਰਦਿਆਂ ਇਹ ਸ਼ਬਦ ਕਹੇ ਸਨ:

"ਬਿੱਲਿਆ। ਮੂੰਹ ਤਾਂ ਸਾਹਮਣੇ ਰੱਖ, ਕੰਡ ਕਿਉਂ ਕੀਤੀ ਐ! ਨੌਂ ਮਹੀਨੇ ਕਿਸੇ ਮਾਂ ਦੇ ਪੇਟ 'ਚ ਕੱਟ ਕੇ ਫੇਰ ਆਇਆ ਜਾਣ, ਫਿਰ ਜਵਾਨ ਹੋ ਕੇ ਬਦਲੇ ਲਵਾਂਗੇ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਛਤਰ ਛਾਇਆ ਹੇਠ ਹੋ ਰਹੇ ਇਸ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਹੋਣ ਲਈ ਆਪ ਸਭ ਨੂੰ ਨਿਮਰਤਾ ਸਹਿਤ ਸੱਦਾ ਦਿੱਤਾ ਜਾਂਦਾ ਹੈ।

ਪ੍ਰਾਰਥਕ :

ਸ਼ਹੀਦ ਰਤਨ ਸਿੰਘ ਕੂਕਾ ਸਪੋਰਟਸ ਕਲੱਬ ਮੰਡੀ ਕਲਾਂ

ਗ੍ਰਾਮ ਪੰਚਾਇਤ, ਪ੍ਰਿੰਸੀਪਲ ਤੇ ਸਮੂਹ ਸਟਾਫ ਮੰਡੀ ਕਲਾਂ ਤੇ ਨਾਮਧਾਰੀ ਸਾਧ ਸੰਗਤ।

ਕ੍ਰੀਬ ਚਾਰ-ਪੰਜ ਹਜ਼ਾਰ ਦੀ ਭਰਪੂਰ ਹਾਜਰੀ ਵਾਲਾ ਇਹ ਵਿਸ਼ਾਲ ਸ਼ਹੀਦੀ ਸਮਾਗਮ ਬਹੁਤ ਹੀ ਸਫ਼ਲਤਾ ਪੂਰਵਕ ਸੰਪੰਨ ਹੋਇਆ ਅਤੇ ਇਸ ਇਲਾਕੇ ਵਿਚ ਇਕ ਯਾਦਗਾਰੀ ਛਾਪ ਛੱਡ

ਗਿਆ। ਮੰਡੀ ਕਲਾਂ ਦੇ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਉਂਡ ਵਿਚ ਹੋਏ ਇਸ ਸਮਾਗਮ ਸਮੇਂ ਪਹਿਲੋਂ ਇਨ੍ਹਾਂ ਜਥੇਦਾਰਾਂ ਦੇ ਦੀਵਾਨ ਲੱਗੇ : ਗਿਆਨ ਮਾਰਤੰਡ ਪੰਡਤ ਗੋਪਾਲ ਸਿੰਘ, ਜਥੇਦਾਰ ਨਰੰਜਣ ਸਿੰਘ ਕੱਕੜ ਅਤੇ ਜਥੇਦਾਰ ਅਮਰ ਸਿੰਘ ਨਕੱੜਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪ੍ਰਮੁੱਖ ਸੱਜਣਾਂ ਵਲੋਂ ਫੁੱਲਾਂ ਦੇ ਹਾਰਾਂ ਨਾਲ ਕੀਤੇ ਸ਼ਾਨਦਾਰ ਸਵਾਗਤ ਨੂੰ ਪਰਵਾਨ ਕਰਨ ਉਪ੍ਰੰਤ ਸ਼ਿਲਾ-ਪੱਥਰ ਉੱਪਰੋਂ ਪਰਦਾ ਹਟਾਇਆ ਤੇ ਫਿਰ ਰਿਬਨ ਕੱਟ ਕੇ ਹਾਲ ਦਾ ਉਦਘਾਟਨ ਕੀਤਾ। ਹਾਲ ਅੰਦਰ ਲੱਗੀ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਤਸਵੀਰਾਂ ਦੀ ਪ੍ਰਦਰਸ਼ਨੀ ਵੇਖੀ।

ਇਸ ਸਾਰੇ ਸਮਾਗਮ ਦੀ ਸਫ਼ਲਤਾ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਸੰਤ ਤਰਸੇਮ ਸਿੰਘ ਨੇ ਸਟੇਜ ਨੂੰ ਬਖ਼ੂਬੀ ਸੰਭਾਲਦਿਆਂ, ਸਾਰੇ ਸਮਾਗਮ ਨੂੰ ਸੁਚਾਰੂ ਰੂਪ ਵਿਚ ਚਲਾਇਆ। ਸ੍ਰੀ ਅਜੀਤ ਸਿੰਘ ਲਾਇਲ (ਸੈਕਟਰੀ ਨਾਮਧਾਰੀ ਦਰਬਾਰ) ਵਲੋਂ ਇਸ ਉਦਘਾਟਨ ਸਮਾਰੋਹ ਬਾਰੇ ਬਹੁਤ ਸੋਹਣਾ, ਤੇ ਸੰਖੇਪ ਲਿਖਿਆ ਪੈਂਫਲਿਟ 'ਅਜਾਦੀ ਸੰਘਰਸ਼ ਦਾ ਪਲੇਠਾ ਪੰਨਾ'ਵੰਡਿਆ ਗਿਆ। ਸ਼ਹੀਦ ਸਮਾਰਕ ਕਾਲਜ ਦੇ ਪ੍ਰੋਫੈਸਰ ਗਿਆਨੀ ਤੇਜ ਪ੍ਰਕਾਸ਼ ਜੀ ਨੇ ਇਸ ਸਮਾਗਮ ਵਿਚ ਸਰਗਰਮ ਹਿੱਸਾ ਲਿਆ। (ਪ੍ਰੋ. ਤੇਜ ਪ੍ਰਕਾਸ਼ ਜੀ 30 ਜੂਨ 1997 ਨੂੰ ਚੜ੍ਹਾਈ ਕਰ ਗਏ। ਇਨ੍ਹਾਂ ਦਾ ਭੋਗ ਰਾਮਪੁਰਾ ਫੂਲ ਵਿਖੇ 11 ਜੁਲਾਈ ਨੂੰ ਪਿਆ) ਇਨ੍ਹਾਂ ਦੇ ਪੁੱਤਰ ਸ੍ਰੀ ਮਹੇਸ਼ ਸ਼ਰਮਾ ਪੱਤਰਕਾਰ ਨੇ ਸਾਰੇ ਅਖ਼ਬਾਰਾਂ 'ਚ ਇਸ ਸਮਾਗਮਾਂ ਦੀਆਂ ਖ਼ਬਰਾਂ ਛਪਵਾਈਆਂ।

ਸਮਾਗਮ ਦੀ ਸਫ਼ਲਤਾ ਲਈ, ਰਾਮਪੁਰਾ ਫੂਲ ਦੀ ਨਾਮਧਾਰੀ ਸੰਗਤ, ਪਿੰਡ ਮੰਡੀ ਕਲਾਂ ਦੇ ਮੋਹਤਬਿਰ ਸੱਜਣਾਂ, ਸਰਪੰਚ, ਪੰਚਾਇਤ ਅਤੇ ਸਕੂਲ ਦੇ ਪ੍ਰਿੰਸੀਪਲ ਗੁਰਤੇਜ ਸਿੰਘ ਤੇ ਸਟਾਫ ਮੈਂਬਰਾਂ ਨੇ ਪੂਰਨ ਸਹਿਯੋਗ ਦਿਤਾ। ਸੂਬਾ ਜਰਨੈਲ ਸਿੰਘ (ਬਠਿੰਡਾ) ਨੇ ਸਟੇਜ, ਪਾਲਕੀ, ਦੁੱਧ ਦਾ ਸੁਯੋਗ ਪ੍ਰਬੰਧ, ਆਪ ਨਾਲ ਸੇਵਾਦਾਰ ਲਿਆ ਕੇ ਕੀਤਾ।

ਪਿੰਡ ਮੰਡੀ ਕਲਾਂ ਦੇ ਸਮਾਗਮ ਵਿਚ ਬੋਲਣ ਵਾਲੇ ਬੁਲਾਰੇ ਸਨ—ਪੰਡਤ ਗੋਪਾਲ ਸਿੰਘ, ਸੰਤ ਤਰਸੇਮ ਸਿੰਘ, ਭਾਈ ਵੀਰ ਸਿੰਘ ਨਿਰਵੈਰ, ਕਾਮਰੇਡ ਕਰਤਾਰ ਸਿੰਘ, ਪ੍ਰਿੰਸੀਪਲ ਗੁਰਤੇਜ ਸਿੰਘ, ਗਿਆਨੀ ਤੇਜ ਪ੍ਰਕਾਸ਼, ਪਿੱਥੋ ਦੇ ਸਰਪੰਚ ਸ. ਬਲਵਿੰਦਰ ਸਿੰਘ, ਸ੍ਰੀ ਹਜਾਰੀ ਲਾਲ ਬਾਂਸਲ ਪ੍ਰਿੰਸੀਪਲ ਸ਼ਹੀਦ ਸਮਾਰਕ ਗਰਲਜ਼ ਕਾਲਜ, ਗਿਆਨੀ ਅਤਰਜੀਤ ਸਿੰਘ ਕਹਾਣੀਕਾਰ ਬਠਿੰਡਾ, ਸ੍ਰੀ ਪਵਨ ਕੁਮਾਰ (ਰਾਮਪੁਰਾ ਫੂਲ ਵਪਾਰ ਮੰਡਲ ਦੇ ਪ੍ਰਧਾਨ), ਸ੍ਰੀ ਅਨਿਲ ਕੁਮਾਰ ਸਰਾਫ ਸਮਾਜ ਸੇਵਕ, ਸਰਪੰਚ ਸੁਖਵਿੰਦਰ ਸਿੰਘ ਮੰਡੀ ਕਲਾਂ, ਸੂਬਾ ਮੇਲਾ ਸਿੰਘ ਰਫ਼ੀਨ, ਸੂਬਾ ਸੁਰਿੰਦਰ ਕੌਰ ਖਰਲ, ਸੰਤ ਦਲੀਪ ਸਿੰਘ, ਡਾ. ਲਖਬੀਰ ਸਿੰਘ ਕੂਕਾ, ਮਾਸਟਰ ਲਾਭ ਸਿੰਘ, ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਆਦਿ।

ਸਭ ਤੋਂ ਪਹਿਲਾਂ ਕਾਮਰੇਡ ਕਰਤਾਰ ਸਿੰਘ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਹੇਠ

ਲਿਖਿਆ ਸਨਮਾਨ-ਪੱਤਰ ਪੜ੍ਹਿਆ ਅਤੇ ਇਸ ਨੂੰ ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕੀਤਾ :

## ਸਨਮਾਨ-ਪੱਤਰ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

"ਅਸੀਂ ਸਮੂਹ ਨਗਰ ਨਿਵਾਸੀ ਅਤੇ ਗ੍ਰਾਮ ਪੰਚਾਇਤ ੯ ਫੱਗਣ ਸੰਮਤ ੨੦੫੩ ਮੁਤਾਬਕ 17 ਫਰਵਰੀ 1997 ਦਿਨ ਸੋਮਵਾਰ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਗਮਨ 'ਤੇ ਇਨ੍ਹਾਂ ਨੂੰ ਜੀ ਆਇਆਂ ਕਹਿਣ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਾਂ ਅਤੇ ਇਨ੍ਹਾਂ ਦੇ ਕਰ-ਕਮਲਾਂ ਦੁਆਰਾ ਸ਼ਹੀਦ ਸੂਬਾ ਗਿਆਨ ਰਤਨ ਸਿੰਘ ਕੂਕਾ ਯਾਦਗਾਰੀ ਹਾਲ ਦਾ ਉਦਘਾਟਨ ਕਰਨ ਲਈ ਕੋਟਾਨ ਕੋਟ ਧੰਨਵਾਦ ਕਰਦੇ ਹਾਂ। ਨਾਮਧਾਰੀ ਵੀਰਾਂ ਨੇ, ਦੇਸ਼, ਧਰਮ ਅਤੇ ਕੌਮ ਲਈ ਬੇਮਿਸਾਲ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਕੁਰਬਾਨੀਆਂ ਦਿੱਤੀਆਂ ਅਤੇ ਤਸੀਹੇ ਝੱਲੇ, ਜਿਸ ਨਾਲ ਭਾਰਤਵਰਸ਼ ਦਾ ਸਿਰ ਉੱਚਾ ਹੋਇਆ ਹੈ। ਭਾਰਤੀ ਕੌਮ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਸਿੰਘਾਂ ਦੀ ਬਹੁਤ ਰਿਣੀ ਹੈ। ਅਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਜਿਨ੍ਹਾਂ ਨੇ ਇਸ ਨਗਰ ਦੇ ਸੂਬਾ ਗਿਆਨੀ ਰਤਨ ਸਿੰਘ ਜੀ ਨੂੰ ਭਜਨ-ਬਾਣੀ ਕਰਾਕੇ ਏਨੀ ਮਹਾਨ ਆਤਮਾ ਬਣਾ ਕੇ, ਉਨ੍ਹਾਂ ਵਿਚ ਐਸੀ ਰੂਹ ਫੂਕੀ ਕਿ ਜਿਸ ਸਮੇ ਬ੍ਰਿਟਿਸ਼ ਰਾਜ ਦੇ ਉਲਟ ਅੱਖ ਚੁੱਕਣੀ ਵੀ ਮੌਤ ਦੇ ਬਰਾਬਰ ਸੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਰਮੇ ਸਿੰਘਾਂ ਨੇ ਅੰਗਰੇਜ਼ ਪ੍ਰਸ਼ਾਸਨ ਦਾ ਪੂਰ੍ਹਾ ਬਾਈਕਾਟ ਕਰਕੇ ਅੰਗ੍ਰੇਜ਼ ਸਾਮਰਾਜ ਨੂੰ ਇਹ ਦੱਸ ਦਿਤਾ ਕਿ ਅਸੀਂ ਆਪਣੇ ਦੇਸ਼ ਦਾ ਰਾਜ ਆਪ ਸੰਭਾਲ ਸਕਦੇ ਹਾਂ ਅਤੇ ਧਰਮਹੀਣਤਾ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ। ਇਨ੍ਹਾਂ ਸੂਰਬੀਰਾਂ ਵਿਚ, ਸੂਬਾ ਗਿਆਨੀ ਰਤਨ ਸਿੰਘ ਜੀ ਵੀ ਇਕ ਸਨ, ਜਿਨ੍ਹਾਂ ਕਰ ਕੇ ਅਸੀਂ ਇਲਾਕਾ ਨਿਵਾਸੀ ਅਤੇ ਨਗਰ ਨਿਵਾਸੀ ਫ਼ਖਰ ਮਹਿਸੂਸ ਕਰਦੇ ਹਾਂ ਕਿਉਂਕਿ ਸੂਬਾ ਗਿਆਨੀ ਰਤਨ ਸਿੰਘ ਨੇ ਮੰਡੀ ਕਲਾਂ ਵਿਚ ਨਿਵਾਸ ਰੱਖ ਕੇ, ਇਸ ਇਲਾਕੇ ਦੇ ਲੋਕਾਂ ਨੂੰ ਪ੍ਰੇਰਿਤ ਕਰ ਕੇ ਆਪ ਸ਼ਹੀਦੀ-ਪਦ ਪ੍ਰਾਪਤ ਕੀਤਾ ਹੈ ਅਤੇ ਮੰਡੀ ਕਲਾਂ ਦਾ ਨਾਮ ਸਾਰੇ ਸੰਸਾਰ ਵਿਚ ਰੌਸ਼ਨ ਕੀਤਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਸੀਂ ਇਹ ਬੇਨਤੀ ਕਰਨਾ ਆਪਣਾ ਫ਼ਰਜ਼ ਸਮਝਦੇ ਹਾਂ ਕਿ ਇਸ ਯਾਦਗਾਰੀ ਹਾਲ ਦੀ ਉਸਾਰੀ ਵਿਚ ਨਗਰ ਪੰਚਾਇਤ ਤੇ ਨਗਰ ਨਿਵਾਸੀਆਂ ਨੇ ਸ਼ਹੀਦ ਰਤਨ ਸਿੰਘ ਜੀ ਕੂਕਾ ਸਪੋਰਟਸ ਕਲੱਬ, ਸ੍ਰ. ਗੰਡਾ ਸਿੰਘ ਜੀ ਭੁੱਲਰ, ਪ੍ਰਿੰਸੀਪਲ ਕਰਮ ਸਿੰਘ ਜੀ ਗਰੇਵਾਲ, ਅਤੇ ਵਰਤਮਾਨ ਪ੍ਰਿੰਸੀਪਲ ਗੁਰਤੇਜ ਸਿੰਘ ਅਤੇ ਸਮੁੱਚੇ ਸਕੂਲ ਸਟਾਫ ਨੇ ਯਥਾਯੋਗ ਤਨ, ਮਨ ਅਤੇ ਧਨ ਨਾਲ ਆਪਣਾ ਯੋਗਦਾਨ ਪਾਇਆ ਹੈ। ਨਗਰ

ਨਿਵਾਸੀ ਅਤੇ ਇਲਾਵਾ ਨਿਵਾਸੀਆਂ ਵਲੋਂ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਸਾਂਝੀਵਾਲਤਾ ਦੇ ਮੁੱਦਈ ਹਨ। ਆਪ ਜੀ ਨੇ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਅਤੇ ਦਿੱਲੀ ਦੇ ਖੇਤਰ ਵਿਚ ਵਿਦਿਆ ਦੇ ਪ੍ਰਸਾਰ ਲਈ ਆਦਰਸ਼ ਪ੍ਰਕਾਰ ਦੇ ਸਕੂਲ ਅਤੇ ਕਾਲਜ ਸਥਾਪਤ ਕੀਤੇ ਹਨ ਅਤੇ ਸਿੱਖੀ ਬਾਣੇ ਅਤੇ ਸਿੱਖੀ ਪੱਗ ਨਾਲ ਸ਼ਾਕਾਹਾਰੀ ਟੀਮ, ਨਾਮਧਾਰੀ ਹਾਕੀ ਇਲੈਵਨ ਨੇ ਸੰਸਾਰ ਭਰ ਵਿਹ ਨਾਮਣਾ ਖੱਟਿਆ ਹੈ। ਸਤਿਗੁਰੂ ਜੀ ਦਾ ਦ੍ਰਿਸ਼ਟੀਕੋਣ ਹੈ ਕਿ ਕੁੜੀਆਂ ਅਤੇ ਮੁੰਡਿਆਂ ਲਈ ਵੱਖਰੇ ਵੱਖਰੇ ਸਕੂਲ ਅਤੇ ਕਾਲਜ ਹੋਣ ਇਸ ਲਈ ਅਸੀਂ ਸ੍ਰੀ ਸਤਿਗੁਰੂ ਜੀ ਅੱਗੇ ਬੇਨਤੀ ਕਰਦੇ ਹਾਂ ਕਿ ਇਸ ਪਿੰਡ ਵਿਚ ਲੜਕੀਆਂ ਦਾ ਸਕੂਲ ਕੰਪਲੈਕਸ ਮੁਕੰਮਲ ਹੈ, ਇਸ ਲਈ ਇਸ ਨੂੰ ਹਾਈ ਸਕੂਲ ਦੀ ਮਾਨਤਾ ਦੁਆਈ ਜਾਵੇ। ਸ਼ਹੀਦ ਗਿਆਨੀ ਰਤਨ ਸਿੰਘ ਦੀ ਯਾਦ ਵਿਚ ਇਕ ਖੇਡ ਸਟੇਡੀਅਮ ਬਨਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਸਾਨੂੰ ਨਿਵਾਜਿਆ ਹੈ, ਇਸ ਲਈ ਅਸੀਂ ਆਪ ਜੀ ਦੇ ਬਹੁਤ ਰਿਣੀ ਹਾਂ ਅਤੇ ਪ੍ਰਾਰਥਨਾ ਕਰਦੇ ਹਾਂ ਕਿ ਸਾਨੂੰ ਤੇ ਇਸ ਨਗਰ ਨੂੰ ਅਗੋਂ ਤੋਂ ਵੀ ਇਸੇ ਤਰ੍ਹਾਂ ਨਿਵਾਜਦੇ ਰਹਿਣ।

ਸਮੂਹ ਨਗਰ ਨਿਵਾਸੀ

ਮੰਡੀ ਕਲਾਂ ਅਤੇ ਇਲਾਕਾ ਨਿਵਾਸੀ ਜ਼ਿਲ੍ਹਾ ਬਠਿੰਡਾ।"

ਸਮਾਗਮ ਦੇ ਸਾਰੇ ਬੁਲਾਰਿਆਂ ਅਤੇ ਹੋਰ ਆਈਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਕਰ-ਕਮਲਾਂ ਦੁਆਰਾ ਸਨਮਾਨ ਦੇਣ ਦੀ ਕ੍ਰਿਪਾਲਤਾ ਕੀਤੀ। ਭਾਈ ਵੀਰ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਗੜਵਾ, ਪਊਏ, ਆਸਣ, ਮਾਲਾ ਤੇ ਪੁਸਤਕਾਂ ਆਦਿ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ। ਸਾਰੇ ਸਮਾਗਮ ਦੀ ਵੀ.ਡੀ.ਓ. ਫਿਲਮ ਬਣੀ ਤੇ ਤਸਵੀਰਾਂ ਖਿੱਚੀਆਂ ਗਈਆਂ। ਇਸ ਸਮਾਗਮ ਸਮੇਂ ਸੈਂਕੜੇ ਸਰੀਰਾਂ ਨੇ ਮਾਸ-ਸ਼ਰਾਬ ਛੱਡ ਕੇ ਭਜਨ ਪੁੱਛਿਆ।

ਸ਼ਹੀਦ ਸਮਾਰਕ ਕਾਲਜ ਰਾਮਪੁਰਾ ਦੇ ਪ੍ਰਿੰਸੀਪਲ ਸ੍ਰੀ ਹਜ਼ਾਰੀ ਲਾਲ ਬਾਂਸਲ, ਜੋ ਸਮਾਜ ਸੇਵਕ ਦੇ ਤੌਰ 'ਤੇ ਭਾਰਤ ਸਰਕਾਰ ਵਲੋਂ ਕੌਮੀ ਪੱਧਰ ਦੇ ਦੋ ਗੋਲਡ ਮੈਡਲ ਜਿੱਤ ਚੁੱਕੇ ਹਨ ਅਤੇ ਬਹੁਤ ਵਧੀਆ ਬੁਲਾਰੇ ਅਤੇ ਸੁਲਝੇ ਹੋਏ ਵਿਅਕਤੀ ਹਨ, ਨੇ ਦੱਸਿਆ ਕਿ ਜਿਹੜੇ ਮਹਾਨ ਕਾਰਨਾਮੇ ਪੂਜਣਯੋਗ ਨਾਮਧਾਰੀ ਮੂਵਮੈਂਟ ਨੇ ਕੀਤੇ, ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਅਤੇ ਪ੍ਰਭਾਵਿਤ ਹੋ ਕੇ, ਉਨ੍ਹਾਂ ਨੇ ਕੁੜੀਆਂ ਦੇ ਆਪਣੇ ਕਾਲਜ ਦਾ ਨਾਂ ਮਾਲਵਾ ਤੋਂ ਬਦਲ ਕੇ ਸ਼ਹੀਦ ਸਮਾਰਕ ਕਾਲਜ ਰੱਖਿਆ। ਬਾਂਸਲ ਜੀ ਨੇ ਕਿਹਾ ਕਿ ਅੱਜ ਦਾ ਦਿਨ ਭਾਗਾਂ ਵਾਲਾ ਹੈ, ਇਥੋਂ ਦੇ ਨੌਜਵਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਲੜ ਲੱਗੇ ਹਨ। ਨੌਜਵਾਨ ਆਪਣੀਆਂ ਬੁਰਾਈਆਂ ਛੱਡਣ, ਸ਼ਰਾਬ ਛੱਡਣ, ਦੋ ਕਰੋੜ ਰੁਪਏ ਪ੍ਰਤੀ ਸਾਲ ਉਸ ਸ਼ਰਾਬ ਨੂੰ ਪੀਣ ਲਈ ਵਰਤੇ ਜਾਂਦੇ ਹਨ,

ਜਿਹੜੀ ਪੰਜਾਬ ਵਿਚ ਸਾਡੇ ਘਰਾਂ ਨੂੰ ਨਰਕ ਬਣਾਉਂਦੀ ਹੈ। ਜੇ ਇਹ ਸ਼ਰਾਬ ਨਾ ਪੀਤੀ ਜਾਵੇ ਤਾਂ ਪੰਜਾਹ ਹਜ਼ਾਰ ਟਰੈਕਟਰ ਆ ਸਕਦੇ ਹਨ, ਇਕ ਲੱਖ ਮਾਰੂਤੀ ਕਾਰਾਂ ਆ ਸਕਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਅੰਗ੍ਰੇਜ਼ਾਂ ਨੇ ਤਾਂ ਤੁਹਾਨੂੰ ਤਸੀਹੇ ਦਿੱਤੇ ਤੇ ਤੁਸੀਂ ਹੁਣ ਸ਼ਰਾਬ ਪੀ ਕੇ ਆਪਣੇ ਆਪ ਨੂੰ ਤਸੀਹੇ ਦੇ ਰਹੇ ਹੋ, ਨਾਲ ਹੀ ਪੰਜਾਬ ਦਾ ਧਨ ਬਰਬਾਦ ਕਰੀ ਜਾਂਦੇ ਹੋ। ਇਥੇ ਬੈਠੇ ਨੌਜਵਾਨ ਉਠ ਕੇ ਅੱਗੇ ਆਉਣ ਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕਰਨ ਕਿ ਅੱਜ ਤੋਂ ਸ਼ਰਾਬ ਛੱਡੀ।

ਵਪਾਰ ਮੰਡਲ ਰਾਮਪੁਰਾ ਦੇ ਪ੍ਰਧਾਨ ਸ੍ਰੀ ਪਵਨ ਕੁਮਾਰ ਬਾਂਸਲ ਨੇ ਸ੍ਰੀ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਕਿ ਸਾਡੇ ਵਿਚ ਜੋ ਔਗੁਣ ਹਨ, ਕਿਰਪਾ ਕਰਨ, ਨਿਕਲ ਜਾਣ।

ਸ੍ਰੀ ਅਨਿਲ ਕੁਮਾਰ ਸਰਾਫ਼, ਜਿਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਸਮਾਜ ਸੇਵਾ ਲਈ ਪਹਿਲਾ ਕੌਮੀ ਇਨਾਮ ਮਿਲਿਆ ਹੈ ਨੇ, ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਇਹੋ ਜਿਹੇ ਲੋਕ ਹਮੇਸ਼ਾ ਪੂਜੇ ਜਾਂਦੇ ਹਨ, ਜਿਹੜੇ ਦੂਸਰਿਆਂ ਵਾਸਤੇ ਆਪਣੀਆਂ ਜ਼ਿੰਦਗੀਆਂ ਕੁਰਬਾਨ ਕਰਦੇ ਹਨ।

ਗਿਆਨੀ ਅਤਰਜੀਤ ਸਿੰਘ ਕਹਾਣੀਕਾਰ ਬਠਿੰਡਾ ਨੇ ਸ੍ਰੀ ਸਤਿਗੁਰੂ ਜੀ ਨੂੰ ਆਪਣੀ ਪੁਸਤਕ 'ਅੰਨੀ ਥੇਹ' (ਕਹਾਣੀ ਸੰਗ੍ਰਹਿ) ਭੇਟ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਪ੍ਰਤੀ ਸਨਮਾਨ ਪ੍ਰਗਟ ਕਰਦਿਆਂ ਨਾਮਧਾਰੀ ਮੂਵਮੈਂਟ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਮਾਸਟਰ ਲਾਭ ਸਿੰਘ ਨੇ ਕਿਹਾ ਕਿ ਸਾਡੇ ਪਿੰਡ ਨੂੰ ਅੱਜ ਬੜਾ ਮਾਣ ਮਿਲਿਐ, ਸ੍ਰੀ ਸਤਿਗੁਰੂ ਜੀ ਨੇ ਸਾਡੀ ਬੇਨਤੀ ਪਰਵਾਨ ਕਰਦਿਆਂ ਹਾਲ ਦਾ ਉਦਘਾਟਨ ਕੀਤਾ ਹੈ। ਸਾਡੇ ਪਿੰਡ ਨੂੰ ਹਰੇਕ ਖੇਤਰ ਵਿਚ ਨਵੀਆਂ ਪੈੜਾਂ ਪਾਉਣ ਦਾ ਮਾਣ ਹਾਸਲ ਹੈ, ਚਾਹੇ ਉਹ ਖੇਡਾਂ ਦਾ ਖੇਤਰ ਹੋਵੇ, ਚਾਹੇ ਵਿਦਿਆ ਦਾ ਖੇਤਰ ਹੋਵੇ, ਚਾਹੇ ਦੇਸ਼ ਦੀ ਅਜ਼ਾਦੀ ਤੇ ਧਰਮ ਦੀ ਖਾਤਰ ਕੁਰਬਾਨੀਆਂ ਦੇਣ ਦਾ ਖੇਤਰ ਹੋਵੇ। ਸੰਨ 1972 ਤੋਂ ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਸਪੋਰਟਸ ਕਲੱਬ ਬਣਾਇਆ ਗਿਆ। ਉਦੋਂ ਤੋਂ ਅਸੀਂ ਹਰ ਸਾਲ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਟੂਰਨਾਮੈਂਟ ਕਰਵਾਉਂਦੇ ਆ ਰਹੇ ਹਾਂ। ਸਤਿਗੁਰੂ ਕਿਰਪਾ ਕਰਨ ਇਸ ਟੂਰਨਾਮੈਂਟ ਕਰਾਉਣ ਵਿਚ ਆਰਥਿਕ ਪੱਖੋਂ ਸਹਾਇਤਾ ਕਰਨ ਅਤੇ ਇਸ ਪਿੰਡ ਵਿਚ ਸ਼ਹੀਦ ਰਤਨ ਸਿੰਘ ਦੇ ਨਾਂ ਦਾ ਸਟੇਡੀਅਮ ਉਸਾਰਿਆ ਜਾਵੇ।

ਪਿੱਥੋ ਦੇ ਸਰਪੰਚ ਸ੍ਰ. ਬਲਵਿੰਦਰ ਸਿੰਘ ਨੇ ਪਿੰਡ ਪਿੱਥੋ ਵਿਖੇ ਰਾਏਕੋਟ ਸਾਕੇ ਦੇ ਸ਼ਹੀਦਾਂ ਦੀ ਯਾਦਗਾਰ ਬਨਾਉਣ ਲਈ, ਸ੍ਰੀ ਸਤਿਗੁਰੂ ਜੀ ਅਗੇ ਅਰਜ਼ ਕੀਤੀ। ਆਪ ਨੇ ਸ੍ਰੀ ਸਤਿਗੁਰੂ ਜੀ ਦੁਆਰਾ ਸ਼ਹੀਦਾਂ ਦੀਆਂ ਯਾਦਗਾਰਾਂ ਸਥਾਪਤ ਕਰਨ ਅਤੇ ਬਰਮਾ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਸਥਾਨਾਂ ਦੀ ਭਾਲ ਕਰਾਉਣ ਦੀ ਕਿਰਪਾ ਕਰਨ ਦੀ ਸ਼ਲਾਘਾ ਕਰਦਿਆਂ ਆਖਿਆ

ਕਿ ਉਹ ਪੰਜਾਬੀ ਟ੍ਰਿਬਿਊਨ ਵਿਚ ਸੂਬਾ ਸੁਰਿੰਦਰ ਕੌਰ ਖਰਲ ਦੀ ਲਿਖੀ ਲੜੀਵਾਰ ਹਰ ਹਫਤੇ ਛਪਦੀ 'ਬਰਮਾ ਯਾਤਰਾ' ਪੜ੍ਹ ਕੇ ਬਹੁਤ ਪ੍ਰਭਾਵਿਤ ਹੋਏ ਹਨ।

ਸੰਤ ਤਰਸੇਮ ਸਿੰਘ ਨੇ ਆਖਿਆ ਕਿ ਸ਼ਹੀਦਾਂ ਵਾਸਤੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਾਸਤੇ, ਜੋ ਖੋਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਰਵਾ ਰਹੇ ਹਨ, ਜੇ ਅਸੀਂ ਉਨ੍ਹਾਂ ਦਾ ਧੰਨਵਾਦ ਸਵੇਰ ਤੋਂ ਸ਼ਾਮ ਤਕ ਕਰਨ ਲੱਗੀਏ ਤਾਂ ਵੀ ਪੂਰੇ ਨਹੀਂ ਆ ਸਕਦੇ। ਅੰਗ੍ਰੇਜ਼ਾਂ ਰਾਹੀ, ਸਿੱਖਾਂ ਨੂੰ ਤਸੀਹੇ ਦੇਣੇ, ਪੁੱਠੇ ਲਟਕਾਉਣਾ, ਸਮੁੰਦਰਾਂ ਵਿਚ ਡੋਬ ਡੋਬ ਕੇ ਮਾਰਨਾ, ਫਾਂਸੀਆਂ 'ਤੇ ਚੜ੍ਹਾ ਕੇ, ਤੋਪਾਂ ਨਾਲ ਉਡਾ ਕੇ, ਕਿਰਪਾਨਾਂ ਨਾਲ ਸਿਰ ਵੱਢ ਕੇ ਸ਼ਹੀਦ ਕਰਨਾ, ਇਹ ਸਭ ਤਾਂ ਸਹਿਨ ਕੀਤਾ ਗਿਆ ਪਰ ਜਿਸ ਸਿੱਖ ਤੋਂ ਉਸ ਦੇ ਗੁਰੂ ਨੂੰ ਵਿਛੋੜ ਦਿੱਤਾ ਜਾਵੇ, ਐਡਾ ਵੱਡਾ ਪਾਪ ਕੋਈ ਨਹੀਂ, ਐਡਾ ਵੱਡਾ ਦੁੱਖ ਕੋਈ ਨਹੀਂ। ਜਦ ਅੰਗ੍ਰੇਜ਼ ਸਰਕਾਰ ਨੇ ਇਹ ਦੁੱਖ ਨਾਮਧਾਰੀਆਂ ਨੂੰ ਦਿੱਤਾ, ਉਹ ਸਹਿਣ ਨਹੀਂ ਹੋਇਆ ਅਤੇ ਇਹ ਦੁੱਖ ਅਜੇ ਤੀਕ ਦੂਰ ਨਹੀਂ ਹੋਇਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਥਾਂ ਥਾਂ ਅਖੰਡ ਪਾਠ, ਵਰਨੀਆਂ, ਹਵਨ ਅਤੇ ਭਜਨ-ਬਾਣੀ ਕਰਵਾ ਰਹੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੀ ਨਾਮਧਾਰੀਆਂ ਦੇ ਦੁੱਖ ਦੂਰ ਕਰਨੇ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇਣੇ ਹਨ ਤਾਂ ਹੀ ਸੰਸਾਰ ਵਿਚ ਅਮਨ ਤੇ ਸ਼ਾਂਤੀ ਹੋਣੀ ਹੈ।

ਕਾਮਰੇਡ ਕਰਤਾਰ ਸਿੰਘ ਨੇ ਦੱਸਿਆ ਕਿ ਚਿੱਤਰ-ਪ੍ਰਦਰਸ਼ਨੀ ਵਿਚ ਲਗੀਆਂ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਤਸਵੀਰਾਂ ਵੇਖ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਹਨ।

ਹਜ਼ੂਰੀ ਸੇਵਕ ਹਰਪਾਲ ਸਿੰਘ ਨੇ ਕਿਹਾ ਕਿ ਸਾਡੀ ਚੰਗਿਆਈ, ਸਾਡਾ ਫ਼ਖਰ ਇਸੇ ਗੱਲ 'ਚ ਹੈ ਕਿ ਅਸੀਂ ਉਨ੍ਹਾਂ ਗੁਣਾਂ ਦੇ ਧਾਰਨੀ ਰਹੀਏ, ਜਿਹੜੀਆਂ ਗੌਰਵਮਈ ਲੀਹਾਂ ਸਾਡੇ ਬਜ਼ੁਰਗਾ ਨੇ ਪਾਈਆਂ ਸੀ।

ਭਾਈ ਵੀਰ ਸਿੰਘ ਨਿਰਵੈਰ ਨੇ ਮੰਡੀ ਕਲਾਂ ਦੇ ਇਸ ਸਕੂਲ ਅਤੇ ਕੁੜੀਆਂ ਦੇ ਸਕੂਲ ਨੂੰ ਬਨਾਉਣ ਸਮੇਂ ਕੀਤੀ ਘਾਲਣਾ ਦਾ ਜ਼ਿਕਰ ਕੀਤਾ ਤੇ ਦੱਸਿਆ ਕਿ ਵਿਦਿਆ-ਪ੍ਰਾਪਤੀ ਕਰਨੀ ਮਨੁੱਖ ਲਈ ਕਿੰਨੀ ਅਹਿਮ ਹੈ। ਆਪ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਮੰਡੀ ਕਲਾਂ ਵਿਖੇ ਆਉਣ ਲਈ ਸ਼ੁਕਰੀਆ ਅਦਾ ਕੀਤਾ।

ਪੰਡਤ ਗੋਪਾਲ ਸਿੰਘ ਜੀ ਨੇ ਬੜੇ ਪ੍ਰਭਾਵਸ਼ਾਲੀ ਲਫਜ਼ਾਂ 'ਚ ਸੂਬਾ ਗਿਆਨੀ ਰਤਨ ਸਿੰਘ ਜੀ ਦੀ ਜੀਵਨੀ 'ਤੇ ਚਾਨਣਾ ਪਾਇਆ।

ਇਸ ਸਮਾਗਮ ਸਮੇਂ ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਭਜਨ ਕਰਨਾ ਬੜਾ ਔਖਾ ਹੈ ਪਰ ਕਿਵੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਕਰਕੇ ਸਾਧ ਸੰਗਤ ਪਾਸੋਂ ਭਜਨ ਕਰਾਉਂਦੇ ਹਨ। ਜੇ ਤੁਹਾਨੂੰ ਕਦੇ ਸ੍ਰੀ ਭੈਣੀ ਸਾਹਿਬ ਜਾਣ ਦਾ ਮੌਕਾ ਮਿਲੇ ਤਾਂ ਤੁਸੀਂ ਵੇਖੋਗੇ ਕਿ ਸਤ-

ਅੱਠ ਸਾਲ ਦੀ ਉਮਰ ਤੋਂ ਲੈ ਕੇ ਕਿਵੇਂ ਸਾਰੇ ਸਰੀਰ ਭਜਨ ਬਾਣੀ ਕਰਦੇ ਹਨ। ਭਜਨ ਕਰਾਉਣ ਤੋਂ ਬਿਨਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗ੍ਰੀਬ ਨਿਵਾਜ, ਦੁਖੀ ਤੇ ਬੇਸਹਾਰਾ ਗ਼ਰੀਬ ਮਰੀਜ਼ਾਂ ਦਾ, ਚਾਹੇ ਉਹ ਕਿਸੇ ਵੀ ਧਰਮ ਜਾਂ ਜਾਤ ਦਾ ਹੋਵੇ ਇਲਾਜ ਕਰਾਉਂਦੇ ਹਨ। ਕ੍ਰੀਬ ਢਾਈ ਲੱਖ ਰੁਪਿਆ ਅਜਿਹੇ ਮਰੀਜ਼ਾਂ ਦੇ ਇਲਾਜ 'ਤੇ ਹਰ ਮਹੀਨੇ ਖਰਚ ਹੋ ਜਾਂਦਾ ਹੈ। ਜਿਨ੍ਹਾਂ 'ਤੇ ਕਰਜ਼ਾ ਹੋਵੇ ਜਾਂ ਜਿਨ੍ਹਾਂ ਦੇ ਮਕਾਨ ਢਹਿ ਜਾਣ, ਗੱਲ ਕੀ ਹਰ ਲੋੜਵੰਦ ਦੀ ਮਦਦ ਕਰਨ ਲਈ ਸ੍ਰੀ ਸਤਿਗੁਰੂ ਜੀ ਹਮੇਸ਼ਾ ਤੱਤਪਰ ਰਹਿੰਦੇ ਹਨ। ਸਕਰੌਦੀ ਦਾ ਮੇਲਾ ਹੋਇਆ ਤਾਂ ਸ੍ਰੀ ਸਤਿਗੁਰੂ ਜੀ ਨੇ ਸੂਬਾ ਸੁਰਿੰਦਰ ਕੌਰ ਨੂੰ ਹੁਕਮ ਕੀਤਾ ਕਿ ਸ਼ਹੀਦਾਂ ਦੇ ਪਰਿਵਾਰਾਂ ਵਿਚੋਂ ਗ੍ਰੀਬ ਪਰਿਵਾਰਾਂ ਦੇ ਨਾਂ ਲਿਖ ਕੇ ਦਿਓ, ਤਾਂ ਜੋ ਅਸੀਂ ਉਨ੍ਹਾਂ ਦੀ ਕੋਈ ਮੱਦਦ ਕਰ ਸਕੀਏ। ਗਿਣਤੀ ਨਹੀਂ ਕੀਤੀ ਜਾ ਸਕਦੀ ਕਿੰਨੇ ਕੁ ਬੱਚਿਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਕੋਲੋਂ ਫੀਸ ਦੇ ਕੇ, ਕੱਪੜੇ ਦੇ ਕੇ ਪੜ੍ਹਾਇਆ ਹੈ ਤੇ ਪੜ੍ਹਾ ਰਹੇ ਹਨ, ਕਿੰਨੇ ਕੁ ਗਰੀਬਾਂ ਨੂੰ ਜ਼ਮੀਨਾਂ ਦੇ ਕੇ ਨਿਵਾਜਿਆ ਹੈ। ਰਾਗ ਦੇ ਖੇਤਰ ਵਿਚ ਵੱਡੇ ਵੱਡੇ ਉਸਤਾਦਾਂ ਨੂੰ ਸੱਦ ਕੇ, ਗਿਣਤੀ ਨਹੀਂ ਕੀਤੀ ਜਾ ਸਕਦੀ ਏਨਿਆਂ ਨੂੰ ਰਾਗ ਦੀ ਸਿੱਖਿਆ ਦਿੱਤੀ ਹੈ।

ਮੰਡੀ ਕਲਾਂ ਦੇ ਮੇਲੇ ਸਮੇਂ ਪਿੰਡ ਵਾਸੀਆਂ ਦੀ ਅਰਜ਼ ਨੂੰ ਕਬੂਲਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਛੇਤੀ ਹੀ 'ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਯਾਦਗਾਰੀ ਸਟੇਡੀਅਮ' ਉਸਾਰੇ ਜਾਣ ਦਾ ਪ੍ਰਬੰਧ ਕਰਨ ਦਾ, ਸ਼ਹੀਦ ਯਾਦਗਾਰੀ ਟੂਰਨਾਮੈਂਟ ਕਰਾਉਣ ਅਤੇ ਸਕੂਲ ਅਪਗ੍ਰੇਡ ਕਰਾਉਣ ਦਾ ਭਰੋਸਾ ਦਿਵਾਇਆ।

'ਸ਼ਹੀਦ ਰਤਨ ਸਿੰਘ ਕੂਕਾ ਸਪੋਰਟਸ ਕਲੱਬ' ਵਲੋਂ ਸ੍ਰੀ ਸਤਿਗੁਰੂ ਜੀ ਨੂੰ ਸਨਮਾਨ ਵਜੋਂ ਟਰਾਫੀ ਭੇਂਟ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨਾਲ ਖਿਡਾਰੀ ਨੌਜਵਾਨਾਂ ਦੀ ਜਾਣ-ਪਛਾਣ ਕਰਵਾਈ ਗਈ। ਸਮਾਗਮ ਤੋਂ ਮਗਰੋਂ ਸ੍ਰੀ ਸਤਿਗੁਰੂ ਜੀ ਨੇ ਵਾਲੀਵਾਲ ਦੇ ਨੌਜਵਾਨਾਂ ਨੂੰ ਉਤਸ਼ਾਹ ਦੇਣ ਹਿਤ ਉਨ੍ਹਾਂ ਦੀ ਖੇਡ ਕੁਝ ਸਮਾਂ ਆਪ ਵੇਖਣ ਦੀ ਕ੍ਰਿਪਾਲਤਾ ਕੀਤੀ। ਸਤਿਗੁਰੂ ਜੀ, ਸਮਾਗਮ ਉਪ੍ਰੰਤ ਪਿੰਡ ਦੇ ਮੋਹਤਬਿਰ ਸੱਜਣਾਂ ਨੂੰ ਵੱਖਰਿਆਂ ਮਿਲੇ ਅਤੇ ਉਨ੍ਹਾਂ ਦੀਆਂ ਅਰਜ਼ਾਂ ਸੁਣੀਆਂ। ਸਾਰੇ ਦਰਸ਼ਨ ਕਰਨ ਆਏ ਲੋਕ, ਸ੍ਰੀ ਸਤਿਗੁਰੂ ਜੀ ਦੀ ਪਾਵਨ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਤ ਹੋਏ।

ਪਿੰਡ ਮੰਡੀ ਕਲਾਂ ਦੇ ਇਸ ਸਮਾਗਮ ਸਮੇਂ ਪਿੱਥੋ ਦੇ ਸਰਪੰਚ ਸ. ਬਲਵਿੰਦਰ ਸਿੰਘ ਨੇ ਪਿੰਡ ਪਿੱਥੋ ਵਿਖੇ ਸ਼ਹੀਦਾਂ ਦੀ ਯਾਦਗਾਰੀ ਬਨਾਉਣ ਲਈ ਅਰਜ਼ ਕੀਤੀ ਜਿਸ ਨੂੰ ਪਰਵਾਨ ਕਰਦਿਆਂ, ਸੱਚੇ ਪਾਤਸ਼ਾਹ ਜੀ, ਸ. ਬਲਵਿੰਦਰ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਨਾਲ ਲੈ ਗਏ ਤੇ ਉਥੋਂ ਸ. ਨਿਰਮਲ ਸਿੰਘ ਇੰਜੀਨੀਅਰ ਨੂੰ ਉਨ੍ਹਾਂ ਨਾਲ ਪਿੱਥੋ ਦੇ ਸ਼ਹੀਦਾਂ ਦੀ ਯਾਦਗਾਰ ਉਸਾਰਨ ਲਈ ਨਕਸ਼ਾ ਬਨਾਉਣ ਪਿੱਥੋ ਭੇਜ ਦਿਤਾ।

ਇਸ ਸਾਰੇ ਸਮਾਗਮ ਦੀ ਰਿਪੋਰਟ ਸ੍ਰ. ਅਜੀਤ ਸਿੰਘ ਲਾਇਲ ਦੇ ਸ਼ਬਦਾਂ ਵਿਚ 'ਸਤਿਜੁਗ', 'ਵਰਿਆਮ', ਵਰਤਮਾਨ ਹਿੰਦੁਸਤਾਨ, 'ਭਰੋਸੇ ਦਾ ਪ੍ਰਤੀਕ' ਆਦਿ ਅਖ਼ਬਾਰਾਂ ਤੇ ਰਿਸਾਲਿਆਂ ਵਿਚ ਇਸ ਤਰ੍ਹਾਂ ਛਪੀ:

**ਸੂਬਾ ਗਿਆਨੀ ਰਤਨ ਸਿੰਘ ਦੀ ਯਾਦ ਵਿੱਚ**
**ਮੰਡੀ ਕਲਾਂ ਵਿਖੇ ਮੇਲਾ**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਹੋਏ, ਸੂਬਾ ਗਿਆਨੀ ਰਤਨ ਸਿੰਘ ਜੀ, ਜਿਨ੍ਹਾਂ ਨੂੰ ਬਗਾਵਤ ਦੇ ਦੋਸ਼ ਹੇਠ ੨੬ ਨਵੰਬਰ ੧੮੭੧ ਨੂੰ ਅੰਗਰੇਜ਼ ਹਕੂਮਤ ਨੇ, ਲੁਧਿਆਣੇ ਸੈਂਟਰਲ ਜੇਲ੍ਹ ਦੇ ਬਾਹਰ, ਬੋਹੜ ਨਾਲ ਸ਼ਰੇਆਮ ਫਾਂਸੀ ਦੇ ਕੇ ਸ਼ਹੀਦ ਕਰ ਦਿਤਾ ਸੀ, ਉਨ੍ਹਾਂ ਦੀ ਯਾਦ ਵਿਚ, ਉਨ੍ਹਾਂ ਦੇ ਪਿੰਡ ਮੰਡੀ ਕਲਾਂ ਅਤੇ ਇਲਾਕਾ ਨਿਵਾਸੀਆਂ ਵਲੋਂ ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਇਕ ਯਾਦਗਾਰੀ ਹਾਲ ਉਸਾਰਿਆ ਗਿਆ। ਪਿੰਡ ਅਤੇ ਇਲਾਕਾ ਨਿਵਾਸੀਆਂ ਦੀ ਇਹ ਤੀਬਰ ਇੱਛਾ ਸੀ ਕਿ ਇਸ ਹਾਲ ਦਾ ਉਦਘਾਟਨ ਕੇਵਲ ਤੇ ਕੇਵਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਨਾਲ ਹੀ ਕਰਵਾਇਆ ਜਾਵੇ।

ਅੱਜ ਤੋਂ ਚਾਰ ਸਾਲ ਪਹਿਲੋਂ ੧੬ ਮਈ ੧੯੯੩ ਨੂੰ ਸ੍ਰੀ ਸਤਿਗੁਰੂ ਜੀ ਨੇ ਕ੍ਰਿਪਾ ਕੀਤੀ ਅਤੇ ਸੂਬਾ ਸੁਰਿੰਦਰ ਕੌਰ ਖਰਲ ਨੂੰ ਮੰਡੀ ਕਲਾਂ ਵਿਖੇ ਭੇਜਿਆ, ਤਾਂ ਕਿ ਸੂਬਾ ਗਿਆਨੀ ਰਤਨ ਸਿੰਘ ਜੀ ਦੀ ਯਾਦਗਾਰ ਵਾਸਤੇ ਉੱਦਮ ਕੀਤਾ ਜਾ ਸਕੇ। ਸੂਬਾ ਸੁਰਿੰਦਰ ਕੌਰ ਖਰਲ ਨੇ ਕਾਫੀ ਜੱਦੋ ਜਹਿਦ ਅਤੇ ਮਿਹਨਤ ਕਰਕੇ ਇਸ ਯਾਦਗਾਰ ਦੀ ਸੰਪੂਰਨਤਾ ਲਈ ਕੰਮ ਕੀਤਾ। ਹਾਲ ਦੇ ਅੰਦਰ ਸਥਾਪਤ ਕਰਨ ਲਈ ਸ਼ਹੀਦਾਂ ਸਿੰਘਾਂ ਅਤੇ ਸਤਿਗੁਰੂ ਜੀ ਦੀਆਂ ਆਦਮ-ਕੱਦ ਤਸਵੀਰਾਂ ਤਿਆਰ ਕਰਵਾਈਆਂ, ਜਿਨ੍ਹਾਂ 'ਤੇ ਕਾਫੀ ਧਨ ਅਤੇ ਵਕਤ ਖਰਚ ਹੋਇਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ੧੭ ਫਰਵਰੀ ੧੯੯੭ ਨੂੰ ਇਸ ਯਾਦਗਾਰ ਦੇ ਉਦਘਾਟਨ ਵਾਸਤੇ ਵਕਤ ਦਿਤਾ ਗਿਆ ਸੀ। ਸੰਤ ਤਰਸੇਮ ਸਿੰਘ ਜੀ ਅਤੇ ਸੂਬਾ ਸੁਰਿੰਦਰ ਕੌਰ ਖਰਲ ਨੇ ਦਿਨ ਰਾਤ ਇਕ ਕਰਕੇ ਪਿੰਡ ਦੇ ਮੁਹਤਬਰ ਸੱਜਣਾਂ ਦੇ ਸਹਿਯੋਗ ਨਾਲ, ਇਸ ਸਮਾਗਮ ਵਾਸਤੇ ਤਿਆਰੀਆਂ ਕਰਵਾਈਆਂ। ਸਵੇਰ ਤੋਂ ਹੀ ਇਲਾਕੇ ਦੇ ਪੰਚ-ਸਰਪੰਚ ਸਮਾਜ ਸੇਵੀ ਅਤੇ ਸਿਰਕੱਢ ਹਸਤੀਆਂ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ।

੧੧-੪੫ ਤੇ ਸਤਿਗੁਰੂ ਜੀ ਦਰਸ਼ਨ ਦਿਤੇ। ਇਲਾਕਾ ਨਿਵਾਸੀਆਂ ਫੁੱਲਾਂ ਦੇ ਹਾਰ ਪਾ, ਚਰਨ ਪਰਸ ਸੁਆਗਤ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਯਾਦਗਾਰੀ ਹਾਲ ਦੇ ਸ਼ਿਲਾ-ਪੱਥਰ ਤੋਂ ਪਰਦਾ ਉਠਾਇਆ ਅਤੇ ਰਿਬਨ ਕੱਟ ਕੇ ਹਾਲ ਦਾ ਉਦਘਾਟਨ ਕੀਤਾ। ਫਿਰ ਇਹ ਹਾਲ, ਆਈ ਸਾਧ ਸੰਗਤ ਵਾਸਤੇ ਖੋਲ੍ਹ ਦਿਤਾ ਗਿਆ। ਇਸੇ ਹਾਲ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ, ਸ੍ਰੀ ਸਤਿਗੁਰੂ ਜਗਜੀਤ ਸਿੰਘ ਅਤੇ ਸ਼ਹੀਦਾਂ-ਸਿੰਘਾਂ ਦੀਆਂ ਤਸਵੀਰਾਂ ਦੇ ਨਾਲ ਨਾਮਧਾਰੀ ਇਤਿਹਾਸ ਨਾਲ

ਸਬੰਧਤ ਚਿੱਤਰ ਪ੍ਰਦਰਸ਼ਨੀ ਨੂੰ ਬਹੁਤ ਹੀ ਵਧੀਆ ਢੰਗ ਨਾਲ ਤਰਤੀਬ ਦਿੱਤੀ ਹੋਈ ਸੀ।

ਉਪਰੰਤ ਸਤਿਗੁਰੂ ਜੀ ਪੰਡਾਲ ਵਿਚ ਦਰਸ਼ਨ ਦਿਤੇ, ਜਿਥੇ ਹੁੰਮ-ਹੁਮਾ ਕੇ ਸਾਧ ਸੰਗਤ ਅਤੇ ਇਲਾਕੇ ਦੇ ਪਤਵੰਤੇ ਪਹੁੰਚੇ ਹੋਏ ਸਨ ਅਤੇ ਪੰਡਤ ਗੁਪਾਲ ਸਿੰਘ ਜੀ ਦਾ ਵਿਦਵਤਾ ਪੂਰਨ ਦੀਵਾਨ ਸੁਣ ਰਹੇ ਸਨ। ਦੀਵਾਨ ਦੀ ਸਮਾਪਤੀ ਉਪਰੰਤ ਸੰਤ ਤਰਸੇਮ ਸਿੰਘ ਜੀ ਨੇ ਸਟੇਜ ਸੰਭਾਲੀ। ਸਤਿਗੁਰੂ ਜੀ ਦੀ ਕ੍ਰਿਪਾ ਦਾ ਵਰਨਣ ਕਰਦਿਆਂ ਪਿੰਡ ਵਾਸੀਆਂ ਅਤੇ ਪਹੁੰਚੇ ਹੋਏ ਮੁਹਤਬਰ ਸੱਜਣਾਂ ਬਾਰੇ ਜਾਣਕਾਰੀ ਦਿਤੀ। ਸਭ ਤੋਂ ਪਹਿਲਾਂ ਕਾਮਰੇਡ ਕਰਤਾਰ ਸਿੰਘ ਜੀ ਨੇ ਸਤਿਗੁਰੂ ਜੀ ਦੇ ਆਗਮਨ ਤੇ ਸਨਮਾਨ-ਪੱਤਰ ਪੜ੍ਹਿਆ। ਮਹਾਨ ਸਮਾਜ ਸੇਵੀ ਅਤੇ ਇਸੇ ਪਿੰਡ ਦੇ ਬਜ਼ੁਰਗ ਭਾਈ ਵੀਰ ਸਿੰਘ ਜੀ ਨਿਰਵੈਰ ਜੋ ਇਕ ਲੇਖਕ ਵੀ ਹਨ, ਹੁਰਾਂ ਸਤਿਗੁਰੂ ਜੀ ਨੂੰ ਜੀ ਆਇਆਂ ਆਖਿਆ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕੀਤੇ ਵਿਕਾਸ ਬਾਰੇ ਜਾਣਕਾਰੀ ਦਿਤੀ। ਪਿੰਡ ਪਿੱਥੋ ਦੇ ਸਰਪੰਚ ਬਲਵਿੰਦਰ ਸਿੰਘ ਹੋਰੀਂ ਬਹੁਤ ਹੀ ਭਾਵੁਕ ਹੋ ਕੇ ਆਖਿਆ—"ਉਹ ਕਿੰਨੇ ਅਭਾਗੇ ਹਨ ਕਿ ਪਿੱਥੋ ਦੇ ਚਾਰ ਨਾਮਧਾਰੀ ਸਿੰਘਾਂ ਦੀ, ਜੋ ਦੇਸ਼ ਕੌਮ ਲਈ ਸ਼ਹੀਦ ਹੋ ਗਏ ਸਨ, ਉਨ੍ਹਾਂ ਦੀ ਕੋਈ ਯਾਦਗਾਰ ਨਹੀਂ ਬਣਾ ਸਕੇ।" ਅਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਕਿਰਪਾ ਹੋਵੇ ਪਿੱਥੋ ਵਿਚ ਵੀ ਯਾਦਗਾਰ ਤਾਮੀਰ ਹੋਵੇ।

ਇਸ ਤੋਂ ਬਾਅਦ ਸਕੂਲ ਦੇ ਮਾਸਟਰ ਲਾਭ ਸਿੰਘ ਹੋਰਾਂ ਦਸਿਆ ਕਿ ਪਿੰਡ ਵਿਚ ਸ਼ਹੀਦ ਰਤਨ ਸਿੰਘ ਜੀ ਦੇ ਨਾਂ ਤੇ ਦੋ ਸਪੋਰਟਸ ਕਲੱਬਾਂ ਹਨ ਅਤੇ ੧੯੭੨ ਤੋਂ ਸ਼ਹੀਦ ਸੂਬਾ ਜੀ ਦੀ ਯਾਦ ਵਿਚ ਹਰ ਸਾਲ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਉਨ੍ਹਾਂ ਆਖਿਆ ਕਿ ਅੱਜ ਇਹ ਪਿੰਡ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜਿਆ ਹੈ, ਸਤਿਗੁਰੂ ਜੀ ਦੀ ਕ੍ਰਿਪਾ ਅਤੇ ਬਖ਼ਸ਼ਿਸ਼ ਹੋਵੇ। ਉਪਰੰਤ ਸੰਤ ਤਰਸੇਮ ਸਿੰਘ ਹੁਰਾਂ ਮਾਸਟਰ ਜੀ ਅਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਦੱਸਿਆ ਕਿ ਇਹ ਪਿੰਡ ਤਾਂ ਪਹਿਲੋਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਨਾਲ ਜੁੜ ਚੁਕਿਆ ਹੈ।

ਗਿਆਨੀ ਤੇਜ ਪ੍ਰਕਾਸ਼, ਰਾਮਪੁਰਾ ਫੂਲ ਵਿਖੇ ਸ਼ਹੀਦ ਸਮਾਰਕ ਸਕੂਲ ਦੇ ਪ੍ਰੋਫੈਸਰ ਹਨ, ਨੇ ਨਾਮਧਾਰੀ ਇਤਿਹਾਸ ਬਾਰੇ ਬਹੁਤ ਹੀ ਭਾਵਪੂਰਤ ਜਾਣਕਾਰੀ ਦਿਤੀ ਅਤੇ ਨਾਮਧਾਰੀ ਸਿੰਘਾਂ ਦੁਆਰਾ ਦਿਤੀਆਂ ਕੁਰਬਾਨੀਆਂ ਦਾ ਜ਼ਿਕਰ ਬਹੁਤ ਹੀ ਵਿਸਥਾਰ ਨਾਲ ਕੀਤਾ। ਸੂਬਾ ਸੁਰਿੰਦਰ ਕੌਰ ਖਰਲ ਨੇ ਪਿਛਲੇ ਚਾਰ ਸਾਲ ਤੋਂ ਆਪਣੇ ਕੀਤੇ ਹੋਏ ਉੱਦਮਾਂ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਇਸ ਪਿੰਡ ਦੇ ਆਲੇ-ਦੁਆਲੇ ਮਹਿਰਾਜ, ਰਾਮਨਗਰ, ਨਾਈਵਾਲਾ, ਪਿੱਥੋ, ਗਿੱਲਾਂ ਸਾਰੇ ਹੀ ਨਾਮਧਾਰੀ ਸ਼ਹੀਦਾਂ ਦੇ ਪਿੰਡ ਹਨ। ਇਸ ਤੋਂ ਬਾਅਦ ਪ੍ਰਿੰਸੀਪਲ ਗੁਰਤੇਜ ਸਿੰਘ, ਸੰਤ ਦਲੀਪ ਸਿੰਘ, ਸੂਬਾ ਮੇਲਾ ਸਿੰਘ ਅਤੇ ਡਾ. ਲਖਵੀਰ ਸਿੰਘ ਨੇ ਵੀ ਨਾਮਧਾਰੀ ਇਤਿਹਾਸ ਦੀ ਜਾਣਕਾਰੀ ਦਿਤੀ। ਸੇਵਕ ਹਰਪਾਲ ਸਿੰਘ ਜੀ ਨੇ ਬਹੁਤ ਹੀ ਖੋਜ ਭਰਪੂਰ ਜਾਣਕਾਰੀ ਦਿੰਦਿਆਂ ਸਤਿਗੁਰੂ ਰਾਮ ਸਿੰਘ ਜੀ ਦੇ ਮਨੁੱਖ ਮਾਤਰ ਦੇ ਭਲੇ ਲਈ ਦਿਤੇ ਮਹਾਨ ਯੋਗਦਾਨ ਦਾ ਵਰਨਣ

ਕੀਤਾ। ਸ੍ਰੀ ਹਜਾਰੀ ਲਾਲ ਜੀ ਬਾਂਸਲ ਜੋ ਸ਼ਹੀਦ ਸਮਾਰਕ ਸਕੂਲ ਰਾਮਪੁਰਾ ਫੂਲ ਦੇ ਪ੍ਰਿੰਸੀਪਲ ਹਨ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਉਨ੍ਹਾਂ ਨੂੰ ਦੋ ਗੋਲਡ ਮੈਡਲ ਮਿਲੇ ਹਨ, ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ। ਸ੍ਰੀ ਪਵਨ ਕੁਮਾਰ ਪ੍ਰਧਾਨ ਵਪਾਰ ਮੰਡਲ, ਸ੍ਰੀ ਅਨਿਲ ਕੁਮਾਰ ਸਰਾਫ, ਸਮਾਜ ਸੇਵਕ (ਗੋਲਡ ਮੈਡਲਿਸਟ) ਨੇ ਵੀ ਭਾਵੁਕ ਹੋ ਕੇ ਸ਼ਹੀਦਾਂ ਦੇ ਕਾਰਨਾਮਿਆਂ ਦਾ ਵਰਨਣ ਕੀਤਾ। ਗਿ: ਅਤਰਜੀਤ ਸਿੰਘ ਜੋ ਇਕ ਲੇਖਕ ਹਨ ਅਤੇ ਬਠਿੰਡੇ ਅਧਿਆਪਕ ਦੀ ਸੇਵਾ ਕਰਦੇ ਨੇ, ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਦੇ ਸਮਾਨੰਤਰ ਸਰਕਾਰ ਚਾਲੂ ਕਰ ਦਿਤੀ ਸੀ। ਇਨ੍ਹਾਂ ਦਾ ਬੋਲਣ ਢੰਗ ਬਹੁਤ ਹੀ ਪ੍ਰਭਾਵਸ਼ਾਲੀ ਸੀ। ਸਭਨਾਂ ਬੁਲਾਰਿਆਂ ਨੂੰ ਸਤਿਗੁਰੂ ਜੀ ਵਲੋਂ ਨਾਮਧਾਰੀ ਇਤਿਹਾਸ ਦੀਆਂ ਪੁਸਤਕਾਂ ਦੀ ਬਖ਼ਸ਼ਿਸ਼ ਕੀਤੀ ਗਈ।

ਮੰਡੀ ਕਲਾਂ ਦੇ ਸਕੂਲ ਅਤੇ ਪੰਚਾਇਤ ਦੀ ਲਾਇਬਰੇਰੀ ਵਾਸਤੇ ਪੁਸਤਕਾਂ ਦੀ ਮੰਗ ਸਤਿਗੁਰੂ ਜੀ ਪ੍ਰਵਾਨ ਕਰ, ਦੋਹਾਂ ਲਾਇਬਰੇਰੀਆਂ ਵਾਸਤੇ ਪੁਸਤਕਾਂ ਦੀ ਬਖ਼ਸ਼ਿਸ਼ ਕੀਤੀ। ਕੂਕਾ ਸਪੋਰਟਸ ਕਲੱਬ ਅਤੇ ਸ਼ਹੀਦ ਗਿਆਨੀ ਰਤਨ ਸਿੰਘ ਕਲੱਬ ਦੇ ਮੈਂਬਰਾਂ ਨੂੰ ਸਤਿਗੁਰੂ ਜੀ ਤੋਂ ਬਖ਼ਸ਼ਿਸ਼ ਲਈ ਅਰਜ਼ ਕੀਤੀ ਗਈ। ਗ਼ਰੀਬ ਨਿਵਾਜ ਜੀ ਸਭਨਾਂ ਨੂੰ ਮਾਸ-ਸ਼ਰਾਬ ਛੱਡਣ ਦਾ ਹੁਕਮ ਕੀਤਾ ਅਤੇ ਭਜਨ ਦੀ ਦਾਤ ਦਿਤੀ। ਉਪਰੰਤ ਸਤਿਗੁਰੂ ਜੀ ਨੇ ਆਪਣੇ ਉਪਦੇਸ਼ ਵਿਚ ਹੁਕਮ ਕੀਤਾ ਕਿ ਮੰਡੀ ਕਲਾਂ ਵਾਲਿਆਂ ਬੜਾ ਉੱਦਮ ਕਰਕੇ ਖ਼ਰਚ ਕਰਕੇ ਸੂਬਾ ਰਤਨ ਸਿੰਘ ਹੁਰਾਂ ਦੀ ਯਾਦ ਵਿਚ ਵੱਡਾ ਹਾਲ ਬਣਾਇਆ ਹੈ। ਸੇਵਾ ਦੀ ਭਾਵਨਾ ਦਾ ਜ਼ਿਕਰ ਕਰਦਿਆਂ ਹਜ਼ੂਰ ਨੇ ਫ਼ਰਮਾਇਆ ਕਿ ਇਕ ਨਾਮਧਾਰੀ ਸਿੰਘ ਅੱਤਰ ਸਿੰਘ ਸੀ, ਜਿਸਨੂੰ ਇਕ ਨਿਹੰਗ ਨੇ ਸੋਟਾ ਮਾਰਿਆ ਤੇ ਉਹਦਾ ਸਿਰ ਪਾਟ ਗਿਆ, ਪਰ ਬਾਅਦ ਵਿਚ ਉਹ ਨਿਹੰਗ ਬੀਮਾਰ ਹੋ ਗਿਆ ਤੇ ਬਾਹਰ ਗਿਆ ਡਿੱਗ ਪਿਆ, ਅਤਰ ਸਿੰਘ ਨੇ ਉਸਨੂੰ ਘਰ ਲਿਆਂਦਾ ਉਹਦੀ ਸੇਵਾ ਕੀਤੀ, ਉਹ ਠੀਕ ਹੋ ਗਿਆ। ਉਹ ਅਤਰ ਸਿੰਘ ਵਲ ਵੇਖ ਕੇ ਡਰੇ। ਅਤਰ ਸਿੰਘ ਨੇ ਆਖਿਆ ਮੈਂ ਤੁਹਾਨੂੰ ਠੀਕ ਕਰਨ ਨੂੰ ਘਰ ਲਿਆਂਦਾ ਹੈ, ਮਾਰਨ ਲਈ ਨਹੀਂ, ਡਰ ਨਾ। ਸਤਿਗੁਰੂ ਕ੍ਰਿਪਾ ਕਰਨ ਸਾਡਾ ਮਨ ਵੀ ਅਜਿਹਾ ਬਣੇ। ਸਵਰਗਵਾਸੀ ਮੁੱਖ ਮੰਤਰੀ ਬੇਅੰਤ ਸਿੰਘ ਬਾਰੇ ਆਪ ਜੀ ਨੇ ਫੁਰਮਾਇਆ ਕਿ ਉਸ ਪੰਜਾਬ ਵਿਚ ਸ਼ਾਂਤੀ ਲਿਆਂਦੀ। ਸਤਿਗੁਰਾਂ ਉਹਨੂੰ ਜਣਾਇਆ, ਉਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਵਾਸਤੇ ਸਥਾਨ ਦਿਤੇ, ਪੈਸਾ ਦਿਤਾ। ਇਹ ਸਭ ਕੁਝ ਤਾਂ ਹੀ ਹੁੰਦਾ ਹੈ ਜੇ ਸਤਿਗੁਰੂ ਕ੍ਰਿਪਾ ਕਰੇ। ਸੂਬਾ ਸੁਰਿੰਦਰ ਕੌਰ ਖਰਲ ਅਤੇ ਜਸਵਿੰਦਰ ਸਿੰਘ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਹਜ਼ੂਰ ਨੇ ਫੁਰਮਾਇਆ ਕਿ ਇਨ੍ਹਾਂ ਨੇ ਉੱਦਮ ਕਰਕੇ ਖੋਜ ਕਰਕੇ ਰੰਗੂਨ ਤੋਂ ਉਸ ਖੂਹ ਨੂੰ ਲੱਭਿਆ, ਉਸ ਦੀ ਇੱਟ ਲਿਆਂਦੀ, ਜਿਸਦਾ ਜ਼ਿਕਰ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਹੁਕਮਨਾਮੇ ਵਿਚ ਕੀਤਾ ਹੈ। ਸਤਿਗੁਰੂ ਜੀ ਨੇ ਹਾਕੀ ਦੀ ਟੀਮ ਬਾਰੇ ਦਸਿਆ ਕਿ 'ਉਹ ਕਛਹਿਰੇ ਅਤੇ ਸਿੱਧੀ ਪੱਗ ਨਾਲ ਯੌਰਪ ਵਿਚ ਖੇਡ ਕੇ ਆਏ ਹਨ, ਮੈਂ ਤਾਂ ਕੇਵਲ ਸਤਿਗੁਰੂ ਰਾਮ ਸਿੰਘ ਜੀ

ਦਾ ਹੁਕਮ ਸਾਰੇ ਸੰਸਾਰ ਵਿਚ ਪਹੁੰਚਾਣਾ ਏ।' ਸਤਿਗੁਰੂ ਜੀ ਬਚਨ ਕੀਤਾ ਕਿ ਤੁਹਾਨੂੰ ਭਜਨ ਇਸ ਲਈ ਦਿਤਾ ਹੈ ਕਿ ਅੰਦਰੋਂ ਬਾਹਰੋਂ ਅਜ਼ਾਦ ਹੋ ਜਾਓ, ਭਜਨ ਕਰਕੇ ਅਰਦਾਸ ਕਰਿਆ ਕਰੋ ਬਖਸ਼ਿਸ਼ ਹੋਵੇ। ਹਜ਼ੂਰ ਨੇ ਫੁਰਮਾਇਆ ਕਿ ਸ੍ਰੀ ਭੈਣੀ ਸਾਹਿਬ ਲੜਕੇ ਪੜ੍ਹਦੇ ਵੀ ਨੇ, ੧੨ ਵਜੇ ਉਠ ਕੇ ਭਜਨ ਵੀ ਕਰਦੇ ਨੇ ਅਤੇ ਰਾਗ ਦੀ ਸਿੱਖਿਆ ਵੀ ਪ੍ਰਾਪਤ ਕਰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਕਿ ਭਜਨ ਚੰਬੜਿਆ ਛੱਡਦਾ ਨਹੀਂ। ਅਰਦਾਸ ਕਰਿਆ ਕਰੋ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣੇ ਨੇ ਉਨ੍ਹਾਂ ਆਉਣਾ ਏ ਤੇ ਸਭ ਨੇ ਇਕੱਠੇ ਹੋਣਾ ਏ। ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਕਿ ਸੂਬਾ ਸੁਰਿੰਦਰ ਕੌਰ ਨੇ ਇਕ ਔਰਤ ਹੁੰਦਿਆਂ ਸ਼ਹੀਦਾਂ ਦੇ ਪਿੰਡਾਂ ਨੂੰ ਲੱਭਿਆ ਹੈ, ਉਨ੍ਹਾਂ ਦੇ ਪਰਿਵਾਰਾਂ ਨੂੰ ਲੱਭਿਆ ਹੈ ਸ਼ਹੀਦਾਂ ਦੇ ਮੇਲੇ ਕਰਵਾਏ ਹਨ, ਭਗਵੰਤ ਸਿੰਘ ਇਸ ਦਾ ਸਾਥ ਦਿੰਦਾ ਹੈ, ਸੱਚੇ ਪਾਤਸ਼ਾਹ ਕਿਰਪਾ ਕਰਨ ਇਹ ਮੇਲੇ ਇਸੇ ਤਰ੍ਹਾਂ ਹੁੰਦੇ ਰਹਿਣ।

—ਅਜੀਤ ਸਿੰਘ ਲਾਇਲ

## ਵਿਸ਼ਵ ਸਿੱਖ ਸੰਮੇਲਨ ਵਿਚ ਸਨਮਾਨ

ਅੰਮ੍ਰਿਤਸਰ ਵਿਖੇ ਹੋਏ ਪੰਜ ਦਿਨਾ ਵਿਸ਼ਵ ਸਿੱਖ ਸੰਮੇਲਨ ਦੇ ਅੰਤਿਮ ਦਿਨ 25 ਸਤੰਬਰ 1995 ਨੂੰ ਹੋਏ ਸਨਮਾਨ-ਸਮਾਗਮ ਸਮੇਂ ਨਾਮਧਾਰੀ ਸੰਪ੍ਰਦਾਇ ਨੂੰ ਪਿਛਲੀ ਸਦੀ ਵਿਚ ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਵਿਚ ਪਾਏ ਯੋਗਦਾਨ ਅਤੇ ਕੁਰਬਾਨੀਆਂ ਬਦਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਨਾਲ ਭੇਜੇ ਗਏ ਇਨ੍ਹਾਂ ਪ੍ਰਤੀਨਿਧਾਂ ਨੂੰ ਸਨਮਾਨਤ ਕੀਤਾ ਗਿਆ—ਸੂਬਾ ਸੁਰਿੰਦਰ ਕੌਰ ਖਰਲ, ਸ੍ਰੀ ਜਗਦੀਸ਼ ਸਿੰਘ ਵਰਿਆਮ, ਸੰਤ ਦਲੀਪ ਸਿੰਘ, ਪ੍ਰਿੰ. ਅਜੀਤ ਸਿੰਘ ਚੀਮਾ, ਸੰਤ ਦਲੀਪ ਸਿੰਘ ਪੰਨਵ, ਸੂਬਾ ਨੱਥਾ ਸਿੰਘ, ਸੂਬਾ ਭਗਤ ਸਿੰਘ, ਸੰਤ ਅਵਤਾਰ ਸਿੰਘ, ਸੰਤ ਗੁਰਦੀਪ ਸਿੰਘ, ਸੰਤ ਸੁਲੱਖਣ ਸਿੰਘ ਤੇ ਸੰਤ ਰਣਜੀਤ ਸਿੰਘ। ਇਨ੍ਹਾਂ ਸਭਨਾਂ ਨੂੰ ਚਾਂਦੀ ਦੀ ਤਸ਼ਤਰੀ, ਗਰਮ ਸ਼ਾਲ ਤੇ ਸਿਰੋਪੇ ਦਿੱਤੇ ਗਏ। ਇਹ ਸਨਮਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਦਿੱਤਾ ਗਿਆ। ਇਸ ਸੰਮੇਲਨ ਵਿਚ ਅਮਰੀਕਾ ਤੋਂ ਯੋਗੀ ਹਰਭਜਨ ਸਿੰਘ, ਵਿਸ਼ੇਸ਼ ਤੌਰ 'ਤੇ ਵੱਡੀ ਗਿਣਤੀ ਵਿਚ ਆਪਣੇ ਸਜਾਏ ਅਮਰੀਕੀ ਸਿੱਖਾਂ ਨੂੰ ਨਾਲ ਲੈ ਕੇ ਆਏ ਸਨ।

ਪੰਜਾਬੀ ਦੇ ਅਖ਼ਬਾਰਾਂ ਵਿਚ ਇਹ ਖਬਰ ਇਸ ਤਰ੍ਹਾਂ ਛਪੀ:

### ਸ਼ਹੀਦ ਰਤਨ ਸਿੰਘ ਯਾਦਗਾਰੀ ਹਾਲ ਦਾ ਉਦਘਾਟਨ

ਰਾਮਪੁਰਾ ਫੂਲ, 9 ਮਾਰਚ (ਪੱਤਰ ਪ੍ਰੇਰਕ) ਬੀਤੇ ਦਿਨੀ ਇਥੋਂ ਥੋੜ੍ਹੀ ਦੂਰ ਸਥਿਤ ਪਿੰਡ ਮੰਡੀ ਕਲਾਂ ਦੇ ਸ. ਸੀ. ਸੈ. ਸਕੂਲ ਵਿਖੇ ਉਸਾਰੇ ਗਏ ਸੂਬਾ ਗਿਆਨੀ ਸ਼ਹੀਦ ਰਤਨ ਸਿੰਘ ਮੰਡੀ ਕਲਾਂ ਯਾਦਗਾਰੀ ਹਾਲ ਦਾ ਉਦਘਾਟਨ ਨਾਮਧਾਰੀ ਸੰਪਰਦਾ ਦੇ ਮੁਖੀ ਬਾਬਾ ਜਗਜੀਤ ਸਿੰਘ ਨੇ ਕੀਤਾ। ਇਸ ਮੌਕੇ ਬੋਲਦੇ ਹੋਏ ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਦੇਸ਼ ਦੇ ਮਹਾਨ ਸ਼ਹੀਦਾਂ ਦੇ ਦੱਸੇ ਰਾਹ 'ਤੇ ਚੱਲਣ ਲਈ ਪ੍ਰੇਰਿਆ ਅਤੇ ਹੋਰ ਸਮਾਜਿਕ ਕੁਰੀਤੀਆਂ ਤੋਂ ਤੌਬਾ ਕਰਨ ਦੀ ਵੀ ਅਪੀਲ ਕੀਤੀ। ਰਾਸ਼ਟਰੀ ਪੁਰਸਕਾਰ ਵਿਜੇਤਾ ਪ੍ਰਿੰਸੀਪਲ ਹਜ਼ਾਰੀ ਲਾਲ ਬਾਂਸਲ ਨੇ ਆਪਣੇ ਵਿਚਾਰਾਂ ਵਿਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਤੌਬਾ ਕਰਕੇ ਆਪਣੀ ਕੀਮਤੀ ਜਵਾਨੀ ਨੂੰ ਦੇਸ਼ ਸੇਵਾ ਹਿਤ ਲਾਉਣ ਦੀ ਅਪੀਲ ਵੀ ਕੀਤੀ। ਨਾਮਧਾਰੀ ਸੰਤ ਤਰਸੇਮ ਸਿੰਘ ਨੇ ਸਟੇਜ ਸੰਚਾਲਨ ਕਰਦੇ ਹੋਏ ਸ਼ਹੀਦਾਂ ਦੀਆਂ ਯਾਦਾਂ ਪ੍ਰਤੀ ਲੋਕਾਂ ਨੂੰ ਉਸਾਰੂ ਸੋਚ ਅਪਣਾਉਣ ਲਈ ਬੇਨਤੀ ਕੀਤੀ।

ਪ੍ਰੋ: ਤੇਜ ਪ੍ਰਕਾਸ਼ ਨੇ ਕੂਕਾ ਲਹਿਰ ਦੇ ਸ਼ਹੀਦਾਂ ਬਾਰੇ ਵਿਸਥਾਰ ਨਾਲ ਦੱਸਿਆ। ਬੀਬੀ ਸੁਰਿੰਦਰ ਕੌਰ ਖਰਲ ਜੋ ਕਿ ਨਾਮਧਾਰੀ ਲਹਿਰ ਦੇ ਇਤਿਹਾਸ ਨੂੰ ਇਕੱਠਾ ਕਰਨ ਵਿਚ ਸਰਗਰਮ ਭੂਮਿਕਾ ਨਿਭਾਅ ਰਹੇ ਹਨ, ਨੇ ਕਿਹਾ ਕਿ ਆਉਂਦੇ ਸਮੇਂ ਦੌਰਾਨ ਹਰ ਪਿੰਡ, ਕਸਬੇ ਵਿਚ ਜਾ ਕੇ ਉਨ੍ਹਾਂ ਸ਼ਹੀਦਾਂ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਜਾਵੇਗਾ ਜਿਨ੍ਹਾਂ ਦੀ ਲਾਸਾਨੀ ਸ਼ਹਾਦਤ ਨੇ ਸਾਡੇ ਦੇਸ਼ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਿਚ ਆਪਣੀ ਜਿੰਦ ਲੇਖੇ ਲਾ ਦਿੱਤੀ।

ਇਨ੍ਹਾਂ ਤੋਂ ਇਲਾਵਾ ਨਾਮਧਾਰੀ ਡਾ: ਲਖਵੀਰ ਸਿੰਘ, ਸ੍ਰੀ ਅਨਿਲ ਸਰਾਫ, ਪਿੰਡ ਮੰਡੀ ਕਲਾਂ ਅਤੇ ਪਿਥੋ ਦੇ ਸਰਪੰਚਾਂ ਅਤੇ ਹੋਰ ਨਾਮਧਾਰੀ ਸਿੰਘਾਂ ਨੇ ਵੀ ਆਪਣੇ ਵਿਚਾਰ ਰੱਖੇ। ਚੇਤੇ ਰਹੇ ਕਿ ਸੂਬਾ ਗਿਆਨੀ ਸ਼ਹੀਦ ਰਤਨ ਸਿੰਘ ਕੂਕਾ ਮੰਡੀ ਕਲਾਂ ਨੂੰ ਅੰਗਰੇਜ਼ ਸਰਕਾਰ ਨੇ ਲੁਧਿਆਣਾ ਜੇਲ੍ਹ ਵਿਚ ਬਿਨਾਂ ਮੁਕੱਦਮਾ ਚਲਾਏ ਫਾਂਸੀ ਦੇ ਦਿੱਤੀ ਸੀ।

# ਸ਼ਬਦ-ਰਤਨ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਬਚਨ

(ਵੱਖਰੇ ਵੱਖਰੇ ਸਮੇਂ ਅਤੇ ਵੱਖਰੇ ਵੱਖਰੇ ਥਾਵਾਂ 'ਤੇ ਦਿੱਤੇ ਪ੍ਰਵਚਨਾਂ ਵਿਚੋਂ ਕੁਛ ਵੇਰਵੇ)

"ਆਪਣਾ ਦਿਲ ਵੱਡਾ ਸਾਰਾ ਕਰ ਕੇ, ਆਪਣੇ ਹੱਕ ਦਾ ਦਾਨ ਕਰੋ, ਦੂਜੇ ਦੇ ਹੱਕ ਦੀ ਰਾਖੀ ਕਰੋ। ਬੜੀ ਛੋਟੀ ਜਿਹੀ ਗੱਲ ਹੈ ਪਰ ਜੇ ਇਹਨੂੰ ਅਪਨਾ ਲਈਏ ਤਾਂ ਬੜਾ ਸੌਖਾ ਰਾਹ ਅਸੀਂ ਤਿਆਰ ਕਰ ਸਕਦੇ ਹਾਂ।"

**ਨਫ਼ਰਤ ਨਾ ਕਰੋ, ਔਗੁਣ ਛੱਡੋ, ਬਖ਼ਸ਼ਿਸ਼ ਮੰਗੋ**

"ਹਰ ਇਕ ਵਾਸਤੇ ਬਖ਼ਸ਼ਿਸ਼ ਮੰਗੋ, ਕਿਸੇ ਤੋਂ ਨਫ਼ਰਤ ਨਾ ਕਰੋ, ਕਦੇ ਕਿਸੇ ਦਾ ਬੁਰਾ ਨਾ ਮੰਗੋ।"

"ਜਿਹੜੇ ਭਜਨ-ਬਾਣੀ ਤੋਂ ਰੋਕਦੇ ਨੇ, ਦਸਵੰਧ ਤੋਂ ਰੋਕਦੇ ਨੇ, ਉਨ੍ਹਾਂ ਤੋਂ ਕਦੇ ਨਫ਼ਰਤ ਨਾ ਕਰੋ। ਸਤਿਗੁਰੂ ਦੇ ਚਰਨਾਂ 'ਤੇ ਅਰਦਾਸ ਕਰ ਕੇ ਬਖ਼ਸ਼ਿਸ਼ ਆਪਣੇ ਵਾਸਤੇ ਵੀ ਤੇ ਉਨ੍ਹਾਂ ਵਾਸਤੇ ਵੀ ਮੰਗਿਆ ਕਰੋ।"

"ਕਦੇ ਵੀ ਔਗੁਣ ਨਹੀਂ ਖ਼ਰੀਦਣਾ ਚਾਹੀਦਾ ਕਿਸੇ ਤੋਂ। ਔਗੁਣ ਵੇਖਣੇ ਹੋਣ ਤਾਂ ਆਪਣੇ ਹੀ ਵੇਖੋ, ਆਪਣੇ ਅੰਦਰ ਹੀ ਬਹੁਤ ਹਨ। ਜੇ ਕਿਸੇ ਦੇ ਵੇਖਣੇ ਹਨ ਤਾਂ ਗੁਣ ਵੇਖੋ, ਜੋ ਤੁਹਾਡੇ ਅੰਦਰ ਨਹੀਂ, ਉਸ ਨੂੰ ਗ੍ਰਹਿਣ ਕਰ ਲਵੋ।"

"ਆਦਮੀ ਦੂਸਰੇ ਦੀਆਂ ਗਲਤੀਆਂ ਵਾਲੇ ਪਾਸੇ ਲੱਗਾ ਰਹਿੰਦਾ ਹੈ, ਆਪਣੀਆਂ ਦਾ ਭੁੱਲ ਜਾਂਦਾ ਹੈ, ਪਰ ਆਪਣੀ ਭਲਾਈ ਯਾਦ ਰੱਖਦਾ ਹੈ।"

"ਜਦੋਂ ਆਦਮੀ ਨੂੰ ਪਤਾ ਲਗਦਾ ਏ ਕਿ ਜਿੰਨੇ ਔਗੁਣ ਮੇਰੇ ਵਿਚ ਨੇ, ਸਾਰੀ ਦੁਨੀਆਂ ਵਿਚ ਨਹੀਂ ਏਨੇ ਹੋਣੈ, ਤੇ ਜਦੋਂ ਏਥੇ ਕੁ ਅਪੜ ਜਾਂਦਾ ਏ ਤਾਂ ਲੜਾਈ ਕਰਨੋਂ ਹਟ ਜਾਂਦਾ ਹੈ।"

"ਜਿਸ ਵੇਲੇ ਕਿਤੇ ਹੋਲਾ ਜਾਂ ਹੋਰ ਮੇਲਾ ਹੁੰਦਾ ਹੋਵੇ, ਉਥੇ ਆਪਣੀਆਂ ਮਾੜੀਆਂ ਗੱਲਾਂ ਸਭ ਸੁੱਟ ਜਾਇਆ ਕਰੋ। ਜਿੰਨੀਆਂ ਚੰਗੀਆਂ ਨੇ ਉਥੋਂ ਲੈ ਜਾਇਆ ਕਰੋ। ਇਹ ਮਨ ਕੱਪੜਾ ਹੈ, ਇਸ ਨੂੰ ਮੈਲ ਲਗਦੀ ਹੀ ਰਹਿੰਦੀ ਹੈ।"

## ਸੰਤੋਖ ਰੱਖੋ, ਰਜ਼ਾ 'ਚ ਰਹੋ

"ਬੰਦੇ ਨੂੰ ਚਾਹੀਦਾ ਹੈ ਕਿ ਉਹ ਸਮਝੇ ਕਿ ਜਿਹੜੀ ਵੀ ਚੀਜ਼ ਮੇਲੇ ਕੋਲ ਆ ਗਈ ਏ, ਸੰਤੋਖ ਉਹਦੇ ਨਾਲ ਹੀ ਰੱਖੇ। ਮਾਇਆ ਨਾ ਛੱਡੋ, ਬੇਸ਼ਕ ਰਖੋ। ਸੰਤੋਖ ਨੂੰ ਵੀ ਨਾਲ-ਨਾਲ ਹੀ ਰੱਖ ਛੱਡੋ। ਸੰਤੋਖ ਤੋਂ ਬਿਨਾਂ ਰੱਜ ਨਹੀਂ, ਜਿਹਦੇ ਕੋਲ ਸੰਤੋਖ ਨਾ ਹੋਵੇ ਤੇ ਉਹਦੇ ਤੋਂ ਬਿਨਾਂ 'ਭੁੱਖਾ ਨਹੀਂ ਰਾਜੈ' ਜੇ ਸੰਤੋਖ ਆ ਜਾਵੇ ਤਾਂ ਆਦਮੀ ਥੋੜ੍ਹੇ ਨਾਲ ਹੀ ਰੱਜਿਆ ਰਹਿ ਸਕਦਾ ਹੈ।"

"ਜਦੋਂ ਰੋਟੀ ਨਾ ਮਿਲੇ ਸਬਰ ਕਰੇ, ਮਿਲੇ ਤਾਂ ਸ਼ੁਕਰ ਕਰੇ।"

"ਮਨ ਦਾ ਇਹ ਸੁਭਾਅ ਹੈ ਕਿ ਇਹ ਟਿਕ ਨਹੀਂ ਸਕਦਾ, ਅਸੀਂ ਇਸ ਨੂੰ ਟਿਕਾਉਣਾ ਹੈ। ਇਹ ਕਹਿੰਦਾ ਹੈ, ਮੇਰੇ ਕੋਲ ਕਾਰ ਹੋਵੇ, ਜਹਾਜ਼ ਹੋਵੇ, ਜ਼ਮੀਨ ਜਾਇਦਾਦ ਹੋਵੇ ਪਰ ਇਹ ਸਾਰਾ ਕੁਝ ਹੁੰਦਿਆਂ ਹੋਇਆਂ ਵੀ, ਹੋਣਾ ਇਹ ਚਾਹੀਦਾ ਹੈ ਕਿ ਇਹ ਸਾਰਾ ਕੁਝ ਸਤਿਗੁਰੂ ਦਾ ਹੈ, ਉਸੇ ਦੀ ਕਿਰਪਾ ਹੈ, ਮਨ ਦੇ ਟਿਕਾਅ ਨਾਲ ਦਿਮਾਗ ਜ਼ਿਆਦਾ ਕੰਮ ਕਰਦਾ ਹੈ।"

"ਸਾਰਾ ਸੰਸਾਰ ਆਪਣੇ ਹੰਕਾਰ ਵਿਚ ਜਲ ਰਿਹਾ ਹੈ, ਸੁਖ ਸਤਿਗੁਰੂ ਦੇ ਭਾਣੇ ਵਿਚ ਹੈ।"

"ਜਿਸ ਤਰ੍ਹਾਂ ਜਾਨਵਰ ਦੋ ਖੰਭਾਂ ਨਾਲ ਉੱਡਦਾ ਹੈ, ਦੁਖ ਤੇ ਸੁਖ ਦੋਵੇਂ ਖੰਭ ਨੇ ਬੰਦੇ ਦੇ। ਇਸ ਸੰਸਾਰ 'ਤੇ ਬੰਦਾ ਜਿਹੜਾ ਆਉਂਦਾ ਹੈ, ਉਹ ਇਨ੍ਹਾਂ ਨੂੰ ਨਾਲ ਲੈ ਕੇ ਹੀ ਆਉਂਦਾ ਹੈ। ਕਿਸੇ ਵੇਲੇ ਸਰੀਰ ਢਿੱਲਾ ਹੋ ਗਿਆ, ਕਿਸੇ ਵੇਲੇ ਰਾਜ਼ੀ ਹੋ ਗਿਆ। ਪਰ ਜਿਹੜਾ ਭਜਨ ਵਾਲਾ ਪਾਸਾ ਹੈ ਨਾ, ਇਹ ਕਦੇ ਨਹੀਂ ਛੱਡਣਾ ਚਾਹੀਦਾ।"

"ਇਸ ਸੰਸਾਰ 'ਚ ਜਦੋਂ ਆਦਮੀ ਆਉਂਦਾ ਹੈ, ਉਹਦੇ ਨਾਲ ਕਦੇ ਬੀਮਾਰੀਆਂ, ਕਦੇ ਤੰਦਰੁਸਤੀਆਂ, ਕਦੇ ਵਿਹਾਰ ਚੰਗਾ ਹੋ ਗਿਆ, ਕਦੇ ਘੱਟ ਹੋ ਗਿਆ, ਕਦੇ ਸੋਭਾ ਹੋ ਗਈ, ਕਦੇ ਉਹਦੇ ਉਲਟ ਕੰਮ ਹੋ ਗਿਆ। ਇਹ ਕੰਮ ਚਲਦਾ ਰਹਿੰਦਾ ਹੈ। ਇਸ ਪਾਸੇ ਬਹੁਤਾ ਧਿਆਨ ਨਾ ਦਿਓ। ਇਉਂ ਹੀ ਸਮਝੋ ਜਿਵੇਂ ਰੋਟੀ ਖਾਧੀ ਹੈ, ਸੌਂ ਗਏ ਹਾਂ। ਜੰਗਲ-ਪਾਣੀ ਜਾ ਕੇ ਇਸ਼ਨਾਨ ਕਰ ਲਿਐ। ਇਹ ਰੁਟੀਨ ਹੈ। ਇਸੇ ਤਰ੍ਹਾਂ ਇਹ ਹੋਈ ਜਾਂਦੈ। ਭਜਨ-ਬਾਣੀ ਕਰੋ। ਭਜਨ-ਬਾਣੀ ਕਰਨ ਵਾਲਿਆਂ ਨੂੰ ਇਹ ਦੁੱਖ ਨਹੀਂ ਜਾਪਦਾ। ਇਹ ਬਦਲ ਕੇ ਸੁਖ ਬਣ ਜਾਂਦਾ ਹੈ।"

"ਜੇ ਕੋਈ ਤਕਲੀਫ ਸਾਨੂੰ ਆ ਜਾਵੇ, ਉਸ 'ਤੇ ਹਾਵੀ ਹੋ ਜਾਵੋ, ਉਸਨੂੰ ਆਪਣੇ 'ਤੇ ਹਾਵੀ ਨਾ ਹੋਣ ਦਿਓ।"

"ਦੁਨਿਆਵੀ ਕੰਮ ਬੜੇ ਸਰਲ ਜਿਹੇ ਸਮਝਣੇ ਚਾਹੀਦੇ ਹਨ, ਬੜੇ ਸੌਖੇ ਰਹੀਦਾ ਹੈ।"

"ਦੁਖ-ਸੁਖ ਦੋਵੇਂ ਕੱਪੜੇ ਹੁੰਦੇ ਹਨ। ਜਦੋਂ ਕੋਈ ਦਾਅਵਾ ਕਰਦਾ ਹੈ ਕਿ ਮੇਰੀ ਚੀਜ਼ ਹੈ, ਉਦੋਂ ਦੁੱਖ ਹੁੰਦਾ ਹੈ।"

"ਜਿਨ੍ਹਾਂ ਨੇ ਮੰਨ ਲਿਆ ਮੇਰਾ ਪੁੱਤਰ, ਮੇਰਾ ਧਨ, ਮੇਰੀ ਇਸਤਰੀ, ਮੇਰਾ ਘਰ-ਬਾਹਰ, ਉਹ ਪੁਰਸ਼ ਤਾਂ ਔਖੇ ਹੁੰਦੇ ਹਨ, ਰੋਂਦੇ ਹਨ, ਦੁਖੀ ਹੁੰਦੇ ਹਨ। ਜਿਨ੍ਹਾਂ ਨੇ ਸਤਿਗੁਰੂ ਦੀ ਚੀਜ਼ ਮੰਨਕੇ

ਸਭ ਕੁਛ ਉਸਦੀ ਖੇਡ ਮੰਨ ਲਈ—

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥*

ਉਹ ਸਦਾ ਅਨੰਦ ਸਰੂਪ ਰਹਿੰਦੇ ਹਨ।"

## ਮਾਇਆ ਨੂੰ ਅਧਾਰ ਨਾ ਰੱਖੋ

"ਸੰਸਾਰ ਦੇ ਵਿਚ ਦੋ ਚੀਜ਼ਾਂ ਬੜੇ ਪ੍ਰਤੱਖ ਰੂਪ 'ਚ ਸਾਡੇ ਸਾਹਮਣੇ ਆਉਂਦੀਆਂ ਨੇ। ਭਗਵਾਨ-ਸਤਿਗੁਰੂ-ਕਰਤਾਰ ਅਤੇ ਉਸ ਦੀ ਬਣਾਈ ਹੋਈ ਮਾਇਆ। ਜਿਸ ਵੇਲੇ ਸਾਨੂੰ ਕਰਤਾਰ ਚੇਤੇ ਆਉਂਦੈ ਤਾਂ ਮਾਇਆ ਨਿਕਲ ਜਾਂਦੀ ਹੈ, ਜਿਸ ਵੇਲੇ ਮਾਇਆ ਆਉਂਦੀ ਹੈ ਤਾਂ ਉਹ ਵਿਚੋਂ ਨਿਕਲ ਜਾਂਦੈ।"

"ਜੀਵ ਦਿਨ ਰਾਤ ਮਾਇਆ ਦੇ ਪਿੱਛੇ-ਪਿੱਛੇ ਭੱਜਿਆ ਫਿਰਦਾ ਹੈ ਪਰ ਜਿਹੜੀ ਚੀਜ਼ ਕਿਸੇ ਨੂੰ ਮਿਲਣੀ ਹੈ, ਉਹ ਉਸ ਨੂੰ ਅਵੱਸ਼ ਮਿਲਣੀ ਹੈ। ਉਸ ਨੂੰ ਕੋਈ ਰੋਕ ਨਹੀਂ ਸਕਦਾ ਤੇ ਜਿਹੜੀ ਨਹੀਂ ਮਿਲਣੀ, ਉਹ ਦਿਨ ਰਾਤ ਭੱਜਿਆਂ ਵੀ ਨਹੀਂ ਮਿਲਣੀ।"

"ਜੇ ਪੈਸਾ ਕੋਲ ਆ ਜਾਏ ਤਾਂ ਬੜੀ ਦੁਖੀ ਕਰਦੈ ਜੇ ਪੈਸੇ ਤੇ ਆਧਾਰ ਕਰ ਲਏ ਆਦਮੀ। ਜੇ ਕੋਲ ਹੋਵੇ ਤਾਂ ਵੀ ਦੁਖੀ, ਜੇ ਕੋਲ ਨਾ ਹੋਵੇ ਤਾਂ ਵੀ ਦੁਖੀ। ਦੋਹਾਂ ਪਾਸਿਆਂ ਤੋਂ ਦੁਖੀ ਕਰਦੈ—

*"ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥*
*ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥*
*ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥"*

"ਜਦੋਂ ਪੈਸੇ ਚਾਰ ਆਦਮੀ ਕੋਲ ਹੋ ਜਾਣ, ਫਿਰ ਉਹ ਗਲਤ ਪਾਸੇ ਤੁਰਦਾ ਹੈ ਤੇ ਪੈਸੇ ਘਟਣੇ ਸ਼ੁਰੂ ਹੋ ਜਾਂਦੇ ਨੇ। ਇਸੇ ਤਰ੍ਹਾਂ ਹੀ ਜਦੋਂ ਸੋਭਾ ਚੰਗੀ ਹੋ ਜਾਵੇ ਤੇ ਉਹ ਗਲਤ ਪਾਸੇ ਤੁਰਦਾ ਹੈ ਤੇ ਫਿਰ ਸੋਭਾ ਘਟਣੀ ਸ਼ੁਰੂ ਹੋ ਜਾਂਦੀ ਹੈ।"

"ਪੈਸੇ—ਭਾਵੇਂ ਕਰੋੜਾਂ ਹੋਣ...ਲੇਕਿਨ ਅਧਾਰ ਉਨ੍ਹਾਂ ਦਾ ਨਹੀਂ ਹੋਣਾ ਚਾਹੀਦਾ। ਜੇ ਥੋੜ੍ਹੇ ਜਹੇ ਪੈਸੇ ਵੀ ਹੋਣ...ਤੇ ਅਧਾਰ ਉਹਨਾਂ ਦਾ ਹੋ ਜਾਵੇ ਤਾਂ ਉਹਦੇ ਵਾਸਤੇ ਇਹ ਲਿਖਿਆ ਹੈ ਕਿ—

'ਮਾਇਆ ਧਾਰੀ ਅਤਿ ਅੰਨਾ ਬੋਲਾ'

"ਮਾਇਆਧਾਰੀ ਉਹ ਹੈ ਜਿਹੜਾ ਮਾਇਆ ਦਾ ਅਧਾਰ ਰੱਖਦਾ ਹੈ। ਉਹ ਐਨਾ ਅੰਨ੍ਹਾ ਹੁੰਦਾ ਹੈ ਕਿ ਉਹਨੂੰ ਬਿਲਕੁਲ ਕੁਛ ਨਹੀਂ ਦਿਸਦਾ। ਬੋਲਾ ਵੀ ਏਨਾਂ ਹੁੰਦਾ ਹੈ ਕਿ ਉਹਨੂੰ ਬਿਲਕੁਲ ਕੁਛ ਸੁਣਦਾ ਨਹੀਂ! ਤੇ ਜੇ ਕੋਈ ਤੁਰਿਆ ਜਾਂਦੈ ਆਦਮੀ-ਉਹਨੂੰ ਅਵਾਜ ਮਾਰ ਦਿੱਤੀ-ਅੰਨ੍ਹਾ ਹੈ ਉਹ, ਲੇਕਿਨ ਸੁਣਦਾ ਹੈ ਕੰਨਾਂ ਤੋਂ, ਉਹਨੂੰ ਆਖਿਆ ਕਿ ਟੋਇਆ ਹੈ ਅੱਗੇ, ਤੂੰ ਸੱਜੇ ਜਾਂ

ਖੱਬੇ ਪਾਸੇ ਹੋ ਜਾ ਤਾਂ ਉਹ ਬਚ ਜਾਏਗਾ। ਪਰ ਜੇ ਬੋਲਾ ਤੇ ਅੰਨ੍ਹਾ ਦੋਵੇਂ ਹੋਵੇ ਤਾਂ ਫੇਰ ਨਹੀਂ ਉਹ ਬਚ ਸਕਦਾ। ਇਸੇ ਤਰ੍ਹਾਂ ਹੀ ਜੇ ਕੋਈ ਬੋਲਾ ਆਦਮੀ ਹੈ ਤੇ ਪਿਛੋਂ ਰੇਲ ਆਉਂਦੀ ਹੈ ਜਾਂ ਕੋਈ ਮੋਟਰ ਆਉਂਦੀ ਹੈ ਤੇ ਉਹਨੂੰ ਇਸ਼ਾਰਾ ਕਰ ਦਿੱਤਾ ਹੈ, ਅੱਖਾਂ ਤੋਂ ਦਿਸਦਾ ਹੈ ਉਹਨੂੰ, ਇਕ ਪਾਸੇ ਹੋ ਜਾਹ। ਉਹ ਇਕ ਪਾਸੇ ਹੋ ਜਾਏਗਾ ਤੇ ਬਚ ਜਾਏਗਾ। ਪਰ ਜੇ ਦੋਵਾਂ, ਅੱਖਾਂ ਤੇ ਕੰਨਾਂ ਤੋਂ ਰਹਿ ਚੁੱਕਾ ਹੈ, ਉਹਦੇ ਉਤੇ ਰੇਲ ਜਾਂ ਮੋਟਰ ਪਿਛੋਂ ਆ ਕੇ ਚੜ੍ਹ ਜਾਣੀ ਹੈ।"

"ਇਹ ਕੋਸ਼ਿਸ਼ ਕਰੋ ਕਿ ਅਸੀਂ ਮਾਇਆ ਦੇ ਪਿੱਛੇ ਲਗਣ ਵਾਲੇ ਨਾ ਬਣੀਏ। ਜਿਹੜੇ ਮਾਇਆ ਦੇ ਵਿਚ ਬੱਝੇ ਨੇ, ਉਹ ਸਾਕਤ ਨੇ। ਉਨ੍ਹਾਂ ਦੀ ਕਦੇ ਸੰਗਤ ਨਾ ਕਰਿਆ ਕਰੋ। ਉਨ੍ਹਾਂ ਤੋਂ ਪਰ੍ਹੇ ਹੋ ਕੇ ਬਚੋ ਤੇ ਆਪਣਾ ਮਨ ਸਤਿਗੁਰਾਂ ਦੇ ਅਰਪਣ ਕਰੋ।"

**ਸਤਿਗੁਰੂ ਵਾਲਾ ਪਾਸਾ ਰੱਖੋ**

"ਸਤਿਗੁਰੂ ਵਾਲੇ ਪਾਸੇ ਮੂੰਹ ਰੱਖਣ ਨਾਲ ਮਾਇਆ ਪ੍ਰਭਾਵ ਨਹੀਂ ਪਾ ਸਕਦੀ। ਗਰੁੜ ਉਦਗਾਰ ਇਕ ਬੂਟੀ ਹੈ, ਉਸਨੂੰ ਮੂੰਹ ਵਿਚ ਰੱਖ ਕੇ ਸੱਪ ਵੀ ਲੜਾ ਲਵੋ ਤਾਂ ਮਨੁੱਖ ਨੂੰ ਜ਼ਹਿਰ ਦਾ ਅੰਸਰ ਨਹੀਂ ਹੁੰਦਾ। ਇਸੇ ਤਰ੍ਹਾਂ ਸਤਿਗੁਰਾਂ ਦੇ ਹੁਕਮ ਅਨੁਸਾਰ ਨਾਮ ਜਪਣ ਨਾਲ, ਮਾਇਆ ਰੂਪੀ ਜਹਿਰ ਦਾ ਅਸਰ ਨਹੀਂ ਹੁੰਦਾ।"

"ਮਾਇਆ ਤੇ ਅਕਾਲਪੁਰਖ ਸਤਿਗੁਰੂ, ਸੱਚ ਅਤੇ ਝੂਠ ਦੋਵੇਂ ਰਲੇ ਨੇ, ਇਹਨਾਂ ਨੂੰ ਜਿਹੜਾ ਵੱਖਰਾ-ਵੱਖਰਾ ਕਰ ਲੈਂਦਾ ਹੈ, ਜਿਹੜੇ ਹੰਸ ਨੇ, ਕਹਿੰਦੇ ਨੇ ਉਹ ਦੁੱਧ ਦੇ ਵਿਚ ਪਾਣੀ ਜਿਹੜਾ ਰਲਿਆ ਹੋਵੇ, ਚੁੰਝ ਪਾ ਦੇਵੇ, ਚੁੰਝ ਵਿਚ ਐਸੀ ਤਾਸੀਰ ਹੈ, ਉਹ ਦੁੱਧ ਅਤੇ ਪਾਣੀ ਨੂੰ ਵੱਖਰਾ-ਵੱਖਰਾ ਕਰ ਦਿੰਦੀ ਹੈ। ਏਸੇ ਤਰ੍ਹਾਂ ਜਿਹੜੇ ਪਰਮਹੰਸ ਹਨ, ਉਹ ਮਾਇਆ ਤੋਂ ਸਤਿਗੁਰੂ ਨੂੰ ਵੱਖਰਾ ਕਰ ਦਿੰਦੇ ਹਨ। ਸਤਿਗੁਰੂ ਵਾਲੇ ਪਾਸੇ ਜਾਂਦੇ ਹਨ।"

"ਚੰਚਲਤਾ ਤੋਂ ਬਚ ਕੇ ਬਿਰਤੀ ਬਦਲਣ ਦੀ ਕੋਸ਼ਿਸ਼ ਕਰੋ। ਅੱਖਾਂ ਨੂੰ, ਮਨ ਨੂੰ, ਪੈਰਾਂ ਨੂੰ, ਹਰ ਪਾਸਿਉਂ ਕੋਸ਼ਿਸ਼ ਕੀਤੀ ਜਾਵੇ, ਹਰ ਵੇਲੇ ਇਸ ਗੱਲ ਦੀ ਕਿ ਏਸ ਪਾਸਿਉਂ ਰੋਕ ਕੇ ਸਤਿਗੁਰਾਂ ਵਾਲੇ ਪਾਸੇ ਲਾਇਆ ਜਾਵੇ।"

"ਜਿਹੜਾ ਕੁਝ ਹੁਣ ਪ੍ਰਾਪਤ ਹੈ ਸਾਨੂੰ, ਇਹ ਸਿਰਫ ਇਸ ਵਾਸਤੇ ਹੈ ਕਿ ਅਸਾਂ ਪਿੱਛੇ ਕੁਝ ਕੀਤੈ। ਸਤਿਗੁਰੂ ਕਿਰਪਾ ਕਰੇ, ਅਗਾਂਹ ਵਾਸਤੇ ਵੀ ਹੋ ਜਾਵੇ, ਫਿਰ ਅਸੀਂ ਅੱਗੇ ਵੀ ਕੁਛ ਹਾਸਲ ਕਰ ਸਕਦੇ ਹਾਂ।"

"ਸਾਡੀ ਤਾਂ ਦੁਕਾਨ ਹੈ। ਜੋ ਸੱਚ ਦਾ, ਸਾਤਵਿਕਤਾ ਦਾ ਸੌਦਾ ਖਰੀਦਣਾ ਚਾਹੇ, ਲੈ ਲਵੇ ਜਿੰਨਾ ਜੀ ਕਰੇ। ਕੋਈ ਨਾ ਲਵੇ ਤਾਂ ਸੌਦਾ ਵਲ੍ਹੇਟ ਕੇ ਰੱਖ ਲੈਂਦੇ ਹਾਂ। ਸੌਦਾ ਮਹਿੰਗਾ ਹੈ, ਕੋਈ ਮਹਿੰਗਾ ਮੁੱਲ ਤਾਰਨ ਵਾਲਾ ਹੀ ਖ਼ਰੀਦ ਕੇ ਲੈ ਜਾ ਸਕਦਾ ਹੈ।"

## ਗੁਣ ਨਾਲ ਹੰਕਾਰ ਨਾ ਕਰੋ, ਸੱਚਾਈ ਰੱਖੋ

"ਗੁਣ ਭੀ, ਲੋੜ ਭੀ ਸਿਰ 'ਤੇ ਪਿਆ, ਮਿਹਨਤ ਕੀਤਿਆਂ ਪ੍ਰਾਪਤ ਹੁੰਦੀ ਏ। ਸ਼ੌਕ ਤੇ ਲੋੜ ਦੋਵੇਂ ਚੀਜ਼ਾਂ ਹੋਣ ਤਾਂ ਤਕਲੀਫ ਝੱਲਿਆਂ ਗੁਣ ਪ੍ਰਾਪਤ ਹੁੰਦਾ ਹੈ।"

"ਗੁਣ ਗ੍ਰਹਿਣ ਕਰਨਾ ਬੜਾ ਔਖਾ ਹੈ ਪਰ ਗੁਣ ਨੂੰ ਪਚਾਉਣਾ ਹੋਰ ਵੀ ਔਖਾ ਹੈ। ਗੁਣ ਆਉਣ 'ਤੇ ਨਿਮਰਤਾ ਨਿਕਲ ਜਾਂਦੀ ਹੈ। ਹੰਕਾਰ, ਹਉਮੈ ਨੂੰ ਦੂਰ ਰੱਖਣਾ ਚਾਹੀਦਾ ਹੈ—ਤੂੰ ਕਰਤਾ ਕਰਣਾ ਮੈਂ ਨਾਹੀ ਜਾ ਹਉ ਕਰੀ ਨਾ ਹੋਈ।"

"ਹੰਕਾਰ ਨਹੀਂ ਚਾਹੀਦਾ, ਗੁਣ ਨਾਲ ਹੰਕਾਰ ਨਾ ਹੋਵੇ ਤਾਂ ਸੋਨਾ ਬਣ ਜਾਂਦਾ ਹੈ। ਜੇ ਹੰਕਾਰ ਹੋਵੇ ਤਾਂ ਸੋਨੇ ਤੋਂ ਪਿੱਤਲ ਬਣ ਜਾਂਦਾ ਹੈ।"

"ਸੋਨਾ ਤੇ ਸੱਚ ਜਿੰਨਾ ਪੁਰਾਣਾ ਹੋਵੇ ਓਨਾ ਹੀ ਵਧੀਆ ਹੁੰਦਾ ਹੈ।"

"ਜਿਹੜਾ ਸਤਿਗੁਰੂ ਆਖਦਾ ਹੈ, ਜਿਹੜੀ ਧਰਮ ਵਾਲੇ ਪਾਸੇ ਦੀ ਗੱਲ ਹੈ, ਸੱਚ ਉਹ ਹੁੰਦਾ ਹੈ। ਇਕ ਸੱਚ ਪਾਪ ਬਣ ਜਾਂਦਾ ਹੈ, ਇਕ ਝੂਠ ਪੁੰਨ ਬਣ ਜਾਂਦਾ ਹੈ ਪਰ ਉਹ ਸਤਿਗੁਰੂ ਦੇ ਦੱਸਣ ਮੁਤਾਬਕ ਹੈ। ਮੂਰਖ ਸੱਚ ਨੂੰ ਨਹੀਂ ਜਾਣ ਸਕਦੇ। ਇਹ ਸਤਿਗੁਰੂ ਕਿਰਪਾ ਕਰ ਕੇ ਦੱਸਦਾ ਹੈ ਤਾਂ ਉਸਦਾ ਪਤਾ ਲਗਦੈ।"

"ਗੱਲ ਨੂੰ ਰੋਚਕ ਬਣਾ ਕੇ, ਉਹਨੂੰ ਬਹੁਤ ਪਿਆਰੀ ਗੱਲ ਬਣਾਕੇ, ਜਿਸ ਤਰ੍ਹਾਂ ਤੁਲਸੀ ਦਾਸ ਜੀ ਨੇ ਲਿਖਿਐ, ਗੱਲ ਸੱਚੀ ਜ਼ਰੂਰ ਆਖੋ 'ਸਤ ਬਚਨ ਅਰ ਪਿਆਰੋ ਜੋਈ, ਬੁੱਧੀਮਾਨ ਜਨ ਭਾਖੇ ਸੋਈ।' ਬਚਨ ਸੱਚਾ ਹੋਵੇ ਪਰ ਉਹ ਏਨਾ ਪਿਆਰਾ ਹੋਵੇ, ਦੂਸਰੇ ਆਦਮੀ ਨੂੰ ਤਕਲੀਫ ਨਾ ਹੋਵੇ, ਬਚਨ ਮੰਨਣ ਵਿਚ ਸੌਖਾ ਰਾਹ ਕਰ ਦਿਤਾ ਜਾਵੇ। ਭਾਈ ਗੁਰਦਾਸ ਜੀ ਨੇ ਲਿਖਿਐ, "ਗੁਰਮੁਖ ਗਾਡੀ ਰਾਹ ਚਲਾਇਆ।"

"ਕੁਛ ਚੰਗਾ ਅਨਸਰ, ਜਿਥੇ ਵੀ ਕਿਤੇ ਹੋਵੇ ਉਸਨੂੰ ਉਗਾ ਲੈਣਾ ਚਾਹੀਦਾ ਹੈ। ਤੁਸੀਂ ਪਰ੍ਹੇ 'ਚ ਬੈਠੇ ਗੱਲ ਕਰਦੇ ਹੋ, ਕੋਈ ਚੰਗੀ ਸਹੀ ਗਲ ਕਰ ਦੇਂਦਾ ਹੈ ਝੱਟ ਪੱਟ ਕਈ ਬੰਦੇ ਉਹਦੇ ਦੁਆਲੇ ਹੋ ਜਾਂਦੇ ਨੇ ਕਿ ਤੂੰ ਇਹ ਗੱਲ ਕਿਉਂ ਕੀਤੀ ਹੈ? ਉਹਦੇ ਦੁਆਲੇ, ਜਦੋਂ ਚੰਗੀ ਗਲ ਕਰੇ, ਏਸ ਗੱਲੋਂ ਹੋਣਾ ਚਾਹੀਦਾ ਹੈ ਕਿ ਤੂੰ ਬਹੁਤ ਵਧੀਆ ਗੱਲ ਕੀਤੀ ਹੈ। ਉਸ ਗੱਲ ਨੂੰ ਉਗਾ ਲੈਣਾ ਚਾਹੀਦਾ ਹੈ। ਫੇਰ ਲੜਾਈ ਝਗੜਾ ਨਹੀਂ ਹੁੰਦਾ।"

## ਵਾਧੂ ਦਲੀਲ ਨਾ ਕਰੋ

"ਇਕ ਆਦਮੀ ਚਿੱਕੜ 'ਚ ਫਸਿਆ ਹੋਵੇ, ਉਸਨੂੰ ਕਹਿ ਦਿਓ 'ਤੂੰ ਨਹੀਂ ਨਿਕਲ ਸਕਦਾ', ਉਹ ਮਰ ਜਾਵੇਗਾ। ਨਿਕਲੇਗਾ ਤਾਂ ਜੇ ਉਸਨੂੰ ਕਹੋਗੇ-ਤਕੜਾ ਹੋ।"

"ਉਦੋਂ ਤੁਸੀਂ ਜਵਾਨ ਸੀ, ਹੁਣ ਕਿਹੜਾ ਬੁੱਢੇ ਹੋ ਗਏ ਹੋ, ਹੁਣ ਵੀ ਜਵਾਨ ਹੋ', ਅਜਿਹੀਆਂ

ਗੱਲਾਂ ਸੁਣ ਕੇ ਆਦਮੀ ਹੌਂਸਲੇ 'ਚ ਹੋ ਜਾਂਦਾ ਹੈ।"

"ਜੇ ਤੁਰਿਆ ਤੁਰਿਆ ਜਾਂਦਾ ਆਦਮੀ ਡਿੱਗ ਪਵੇ ਤਾਂ ਕੱਪੜੇ ਝਾੜ ਕੇ ਉਠ ਪਵੇ। ਗਲਤੀਆਂ ਹੁੰਦੀਆਂ ਹੀ ਰਹਿੰਦੀਆਂ ਹਨ, ਪਰ ਠੀਕ ਵਾਲੇ ਪਾਸੇ ਤੁਰਨ ਦੀ ਕੋਸ਼ਿਸ਼ ਕਰੋ।"

"ਫਾਹੂ ਦਲੀਲ ਕਰਨੀ ਤੇ ਗਲਤ ਪਾਸੇ ਨਹੀਂ ਤੁਰਨਾ ਚਾਹੀਦਾ। ਸਹੀ ਪਾਸੇ ਤੁਰਨ ਵਾਸਤੇ ਰਾਹ ਲੱਭੋ। ਚੰਗੇ ਪਾਸੇ ਤੁਰਨ ਵਾਲੇ ਸੋਚਦੇ ਹਨ ਕਿ ਉਹ ਜੇ ਡਿੱਗ ਪਿਆ ਹੈ ਤਾਂ ਮੈਂ ਨਹੀਂ ਡਿੱਗਣਾ।"

"ਗਲਤੀਆਂ ਕੰਮ ਕਰਦਿਆਂ ਤੋਂ ਹੁੰਦੀਆਂ ਹਨ। ਜਿਹੜਾ ਨਹਿਰ ਵਿਚ ਵੜ੍ਹਦਾ ਹੀ ਨਹੀਂ, ਉਸ ਨੇ ਡੁੱਬਣਾ ਹੀ ਕੀ ਹੈ? ਗਲਤੀਆਂ ਤੋਂ ਸਿੱਖਿਆ ਲੈ ਕੇ ਅਗਾਂਹ ਸੁਹੀ ਚਲਣਾ ਚਾਹੀਦਾ ਹੈ।"

"ਫਲਾਣੇ ਫਲਾਣੇ ਆਦਮੀ ਬੜੀ ਨਿੰਦਿਆ ਕਰਦੇ ਨੇ, ਮੈਂ ਤਾਂ ਏਸ ਵਾਸਤੇ ਹੀ ਜਾਣਾ ਛੱਡ ਗਿਆ ਉਥੇ। ਉਹ ਕਿਉਂ ਛੱਡ ਗਿਆ? ਉਹਨੂੰ ਸਿਰਫ ਨਿੰਦਿਆ ਕਰਨ ਵਾਲੇ ਦਿਸਦੇ ਨੇ। ਉਹਨੂੰ ਜਿਹੜੇ ਉਸਤਤਿ ਕਰਨ ਵਾਲੇ ਨੇ ਉਹ ਨਹੀਂ ਦਿਸਦੇ। "ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ" ਕੋਈ ਇਕ, ਦੋ, ਚਾਰ ਨਹੀਂ, ਉਹ ਨਹੀਂ ਦਿਸਦੇ। ਦਿਲੋਂ ਐਨਕ ਉਸ ਤਰ੍ਹਾਂ ਦੀ ਲਗ ਗਈ ਫੇਰ ਉਹ ਚੀਜ਼ਾਂ ਦਿਸਣਗੀਆਂ।"

"ਉਤਾਂਹ ਚੜ੍ਹਨਾ ਬੜਾ ਔਖਾ ਹੈ, ਨੀਵੇਂ ਪਾਸੇ ਜਾਣ ਨੂੰ ਬੜਾ ਜੀ ਕਰਦੈ।"

"ਅਸਾਂ ਕਿਸੇ ਨੂੰ ਆਖਣਾ ਛੱਡ ਕੇ ਆਪਾ ਸਵਾਰਨਾ ਹੈ। ਆਪਾ ਸਵਾਰਨ ਨਾਲ ਬਹੁਤ ਕੁਝ ਹੋ ਜਾਂਦਾ ਹੈ। 'ਆਪ ਸਵਾਰਹਿ' ਦਾ ਮਤਲਬ ਅੰਦਰੋਂ ਸਵਾਰਨਾ ਹੈ।"

"ਘੜੇ ਵਿਚੋਂ ਕੋਈ ਇਕ ਚੀਜ਼ ਕੱਢ ਦਿੱਤੀ ਜਾਵੇ ਤੇ ਦੂਸਰੀ ਉਹਦੇ ਵਿਚ ਤਾਂ ਹੀ ਪੈ ਸਕਦੀ ਹੈ। ਜਿਸ ਵੇਲੇ ਬੁਰਿਆਈਆਂ ਨਿਕਲਦੀਆਂ ਹਨ, ਚੰਗਿਆਈਆਂ ਦਾ ਵਾਸਾ ਸਾਡੇ ਅੰਦਰ ਹੋ ਜਾਂਦਾ ਹੈ।"

"ਤੁਸੀਂ ਆਪਣੇ ਭਾਂਡੇ ਮੂਧੇ ਕਰਕੇ ਸੁਖਾਂ ਦੇ ਮੀਂਹ ਦਾ ਪਾਣੀ ਆਪਣੇ 'ਚ ਕਿਵੇਂ ਲੈ ਸਕੋਗੇ?"

"ਜਿਹੜੀ ਅੱਜ ਤੁਸੀਂ ਰੋਟੀ ਖਾਂਦੇ ਹੋ, ਇਹ ਦਾ ਘੰਟੇ, ਦੋ ਘੰਟੇ, ਚਾਰ ਘੰਟਿਆਂ ਨੂੰ ਜਾਂ ਅਗਲੇ ਦਿਨ ਪਤਾ ਲਗਣਾ ਹੈ ਕਿ ਕੀ ਹੁੰਦਾ ਹੈ। ਜਿਹੜੀਆਂ ਗੱਲਾਂ ਤੁਸੀਂ ਹੁਣ ਕਰਦੇ ਹੋ, ਉਸ ਦਾ ਨਤੀਜਾ ਬਾਅਦ 'ਚ ਨਿਕਲਣਾ ਹੈ।"

"ਕੋਈ ਵੀ ਕੰਮ, ਜਿਵੇਂ, ਕੋਈ ਫਲ ਹੁੰਦੈ, ਨਾ ਉਹ ਕੱਚਾ ਹੀ ਕੰਮ ਆਉਂਦੈ ਤੇ ਨਾ ਜਦੋਂ ਉਹ ਬਹੁਤਾ ਪੱਕ ਜਾਵੇ। ਸੋ ਸਮੇਂ ਦੇ ਅਨੁਸਾਰ ਹੀ ਸਾਰੀ ਚੀਜ਼ ਕੀਤੀ ਜਾਵੇ ਤਾਂ ਉਹ ਠੀਕ ਰਹਿੰਦੀ ਹੈ।"

"ਸਾਨੂੰ ਧਰਮ ਦੇ ਕੰਮਾਂ ਵਾਸਤੇ ਇਹ ਉਮੀਦ ਰੱਖ ਕੇ ਤੁਰਨਾ ਚਾਹੀਦਾ ਹੈ ਕਿ ਅਸੀਂ ਜ਼ਰੂਰ

ਸਫਲਤਾ ਪ੍ਰਾਪਤ ਕਰਾਂਗੇ। ਜਿਹੜਾ ਆਪਣੀ ਗੱਲ ਨਹੀਂ ਛੱਡਦਾ, ਉਹ ਕਾਮਯਾਬ ਹੋ ਜਾਂਦੈ।"

### ਸਮੇਂ ਦੀ ਕਦਰ ਕਰੋ, ਮੌਤ ਨੂੰ ਯਾਦ ਰੱਖੋ

"ਜਿਹੜਾ ਕੰਮ ਕਰਨਾ ਹੋਵੇ ਢਿੱਲ ਨਾ ਕਰੋ। ਜੇ ਧਰਮ ਦਾ ਕੰਮ ਕਰਨਾ ਹੋਵੇ ਤਾਂ ਕਦੇ ਦੇਰ ਨਾ ਕਰੋ, ਉਸੇ ਵੇਲੇ ਕਰ ਦਿਓ, ਜਿਸ ਵੇਲੇ ਦਿਲ ਵਿਚ ਆਵੇ। ਪਾਪ ਕਰਨ ਲਗਿਆ ਥੋੜ੍ਹਾ ਬਾਹਲਾ ਤਾਂ ਸੋਚ ਲਿਆ ਜਾਵੇ।"

"ਜੀਵਨ ਦੇ ਦਿਨ ਥੋੜ੍ਹੇ ਨੇ, ਅੱਜ ਮੁੱਕੇ ਕਿ ਕਲ੍ਹ ਮੁੱਕੇ। ਜਿੰਨਾ ਕੰਮ ਕਰ ਲਿਆ ਜਾਵੇ ਥੋੜ੍ਹਾ ਹੈ।"

"ਵਕਤ ਗੁਜ਼ਰਦਿਆਂ ਪਤਾ ਈ ਨਹੀਂ ਲਗਦਾ, ਕਦੋਂ ਰਾਤ ਪੈ ਜਾਂਦੀ ਹੈ। ਅਸਲ ਵਿਚ ਵਕਤ ਅਤੇ ਅਸੀਂ ਦੋਵੇਂ ਨਾਲੋ ਨਾਲ ਗੁਜ਼ਰ ਰਹੇ ਹੁੰਦੇ ਹਾਂ। ਜੇ ਵਕਤ ਗੁਜ਼ਰਦਾ ਹੈ ਤਾਂ ਅਸੀਂ ਕਿਹੜਾ ਖੜੋਤੇ ਰਹਿੰਦੇ ਹਾਂ।"

"ਸਮਾਂ ਕਿਸੇ ਦਾ ਲਿਹਾਜ ਨਹੀਂ ਕਰਦਾ। ਫਰੀਦ ਜੀ ਨੇ ਲਿਖਿਐ :

'ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ॥'

ਜਿੰਨੇ ਦਿਨ ਉਮਰ ਦੇ ਸਨ ਉਹ ਭੱਜਦੇ ਭੱਜਦੇ ਲੰਘ ਗਏ। ਹੱਥਾਂ 'ਚੋਂ ਨਿਕਲ ਗਏ ਨੇ।

'ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥'

ਨੌਜਵਾਨ ਉਮਰ ਤੇ ਮਨੁੱਖਾ ਜਨਮ ਇਹ ਬੜਾ ਮੁਸ਼ਕਲ ਮਿਲਦੈ।

'ਵਿਰਲੈ ਕੇਈ ਪਾਈਅਨਿ ਜਿੰਨਾ ਪਿਆਰੇ ਨੇਹ॥"

"ਜੁਆਨੀ ਲੰਘੀ ਤੋਂ ਪਤਾ ਲਗਦਾ ਹੈ, ਦਿਨ ਲੰਘ ਗਏ ਮੈਂ ਕੁਝ ਨਹੀਂ ਕੀਤਾ।"

"ਕੰਮ-ਕਾਰ ਦਾ ਸਿਲਸਿਲਾ ਸਾਰਾ ਨੌਜਵਾਨਾਂ ਦੇ ਹੱਥਾਂ ਵਿਚ ਹੁੰਦਾ ਹੈ--ਦੁਨੀਆਦਾਰੀ ਦਾ ਵੀ ਤੇ ਸਾਧ-ਸੰਗਤ ਦਾ ਵੀ। ਨੌਜਵਾਨ ਮੁੰਡਿਆਂ ਦੇ ਸਿਰ 'ਤੇ ਸਾਰੀ ਗੱਲ ਹੁੰਦੀ ਹੈ, ਉਹੀ ਸਾਰਾ ਭਾਰ ਚੁੱਕ ਸਕਦੇ ਹਨ।"

"ਸਾਡਾ ਇਕੋ ਈ ਨਿਸ਼ਾਨਾ ਏ, ਇਸ ਸੰਸਾਰ ਵਿਚ ਆਉਣ ਦਾ ਕਿ ਸਾਡਾ ਜਨਮ-ਮਰਨ ਕੱਟਿਆ ਜਾਵੇ ਤੇ ਇਹ ਪੀੜ ਹਟ ਜਾਏ। ਜਦੋਂ ਸਤਿਗੁਰੂ ਸਾਨੂੰ ਭੁੱਲਦੈ ਫਿਰ ਸਾਡੇ 'ਤੇ ਇਹੋ ਜਿਹੀਆਂ ਚੀਜ਼ਾਂ ਵੀ ਪੈ ਜਾਂਦੀਆਂ ਨੇ ਜੋ ਸਾਨੂੰ ਦੁੱਖ ਦਿੰਦੀਆਂ ਨੇ। ਮਨੁੱਖਾ ਜਨਮ ਮਿਲਿਆ ਹੀ ਏਸ ਕਰਕੇ ਹੈ ਕਿ ਅਸੀਂ ਏਸ ਗੇੜ 'ਚੋਂ ਨਿਕਲ ਸਕੀਏ।"

"ਜਿਨ੍ਹਾਂ ਨੂੰ ਇਸ ਗੱਲ ਦਾ ਚੇਤਾ ਹੈ ਕਿ ਕਿਸ ਕੰਮ ਲਈ ਅਸੀਂ ਇਸ ਸੰਸਾਰ 'ਤੇ ਆਏ ਹਾਂ, ਉਹ ਆਪਣੀ ਗੱਲ ਦਾ ਬੜਾ ਧਿਆਨ ਰੱਖਦੇ ਨੇ। ਜਿਨ੍ਹਾਂ ਨੂੰ ਆਪਣੇ ਨਿਸ਼ਾਨੇ ਦੀ ਸੇਧ ਹੈ, ਉਹ ਕਦੋਂ ਭਟਕਦੇ ਨੇ। ਉਹਨਾਂ ਨੂੰ ਇਹ ਗੱਲ ਯਾਦ ਹੈ ਕਿ ਅਸੀਂ ਜਨਮ-ਮਰਨ ਦਾ ਗੇੜ

ਕੱਟ ਲੈਣੇਂ ਏਥੇ ਆ ਕੇ। ਸਤਿਗੁਰੂ ਕਿਰਪਾ ਕਰਦਾ ਹੈ, ਉਹਨਾਂ ਨੂੰ ਏਸ ਗੱਲ ਦਾ ਵੀ ਪਤਾ ਲੱਗ ਜਾਂਦਾ ਹੈ ਕਿ ਐਉਂ ਅਸਾਂ ਸਰੀਰ ਛੱਡ ਦੇਣੇਂ, ਜਿਵੇਂ ਸੱਪ ਆਪਣੀ ਕੁੰਜ ਛੱਡ ਕੇ ਚਲਾ ਜਾਂਦੈ।"

"ਜਿਸ ਕੰਮ 'ਚ ਬੰਦਾ ਓਤ ਪ੍ਰੋਤ ਹੋਵੇ, ਉਸ ਨੂੰ ਉਹ ਕਦੇ ਨਹੀਂ ਭੁੱਲਦਾ।"

"ਜੋ ਗੱਲ ਅਸਲ ਯਾਦ ਰੱਖਣ ਵਾਲੀ ਹੈ, ਉਹ ਹੈ ਮੌਤ, ਇਹ ਹੀ ਭੁੱਲ ਜਾਂਦੀ ਹੈ, ਬਾਕੀ ਸਾਰੀਆਂ ਚੀਜ਼ਾਂ ਯਾਦ ਰਹਿੰਦੀਆਂ ਹਨ।"

"ਅਕਾਲ ਪੁਰਖ ਹਰ ਬੰਦੇ ਲਈ ਲਿਖ ਕੇ ਭੇਜਦਾ ਹੈ ਬਈ ਇਸ ਨੇ ਇਤਨੇ ਸਾਹ ਲੈਣੇ ਹਨ, ਬੰਦਾ ਉਤਨੇ ਹੀ ਸਾਹ ਲੈਂਦਾ ਹੈ। ਲਿਖ ਕੇ ਭੇਜਦਾ ਹੈ ਬਈ ਰੋਟੀ ਇਤਨੀ ਹੀ ਖਾਣੀ ਹੈ। ਨਾ ਉਸ ਤੋਂ ਵੱਧ ਤੇ ਨਾ ਘੱਟ ਖਾ ਸਕਦਾ ਹੈ। ਅੰਗ ਸਾਕ ਲਿਖ ਕੇ ਭੇਜਦਾ ਹੈ ਬਈ ਇਤਨੇ ਹੋਣੇਂ ਹਨ।"

"ਸਾਨੂੰ ਜਾਣ ਦਾ ਕੋਈ ਪਤਾ ਨਹੀਂ, ਚੁੱਪ ਕਰ ਕੇ ਚਲੇ ਜਾਣਾ ਹੈ। ਜਾਣ ਵਾਸਤੇ ਸਾਡੀ ਤਿਆਰੀ ਹੋਣੀ ਚਾਹੀਦੀ ਹੈ, ਭਜਨ ਪੁੱਛ ਕੇ ਕਰਨਾ, ਬਾਣੀ ਪੜ੍ਹਨੀ, ਮਾਸ-ਸ਼ਰਾਬ ਦਾ ਬੰਧੇਜ ਕਰਨਾ, ਈਰਖਾ, ਦਵੈਸ਼, ਨਿੰਦਿਆ, ਚੁਗਲੀ ਤੋਂ ਬਚਿਆ ਜਾਵੇ। ਇਕ ਇਕ ਪੌੜੀ ਕਰ ਕੇ ਚੜ੍ਹੋ ਜੇ ਸਾਰੀਆਂ ਇਕੱਠੀਆਂ ਨਹੀਂ ਚੜ੍ਹੀਆਂ ਜਾਂਦੀਆਂ।"

"ਆਦਮੀ ਇਹ ਹੀ ਸੋਚਦਾ ਰਹਿੰਦਾ ਹੈ ਕਿ ਮੈਂ ਕਿਵੇਂ ਜਿਉਣਾ ਹੈ। ਪਰ ਫੇਰ ਵੀ ਸਾਰੀ ਉਮਰ ਜਿਉਣਾ ਨਹੀਂ ਆਉਂਦਾ। ਜੇ ਆਦਮੀ ਮਰਨਾ ਸਿੱਖ ਲਵੇ ਤਾਂ ਜਿਉਣਾ ਆਪੇ ਹੀ ਆ ਜਾਂਦਾ ਹੈ।"

"ਮਰਨਾ ਸੱਚ ਹੈ, ਜਿਊਣਾ ਝੂਠ ਹੈ। ਜਦੋਂ ਸੰਸਾਰ 'ਤੇ ਆ ਗਿਆ, ਜਨਮ ਲੈ ਲਿਆ ਤਾਂ ਫਿਰ ਅੱਗੇ ਕੀ ਹੈ? ਅੱਗੇ ਤਾਂ ਫਿਰ ਮੌਤ ਹੀ ਹੈ ਹੋਰ ਕੁਝ ਨਹੀਂ। ਸਾਨੂੰ ਆਪਣੇ ਨਿਸ਼ਾਨੇ ਨੂੰ ਯਾਦ ਰੱਖਣਾ ਚਾਹੀਦੈ। ਸਾਨੂੰ ਇਹ ਯਾਦ ਹੋਵੇ ਕਿ ਐਸ ਸੰਸਾਰ ਤੋਂ ਅਸੀਂ ਚਲੇ ਜਾਣਾ ਏ ਤੇ ਸਾਨੂੰ ਸਤਿਗੁਰੂ ਉਥੇ ਜਗ੍ਹਾ ਦੇਵੇ।

ਸਤਿਗੁਰੂ ਸੇਤੀ ਰਤਿਆ ਦਰਗਹ ਪਾਈਐ ਠਾਉ॥"

"ਤੜਕੇ ਉੱਠ ਕੇ ਭਜਨ ਕਰ ਕੇ ਅਰਦਾਸ ਕਰਿਆ ਕਰੋ, ਬਖ਼ਸ਼ਿਸ਼ ਮੰਗਿਆ ਕਰੋ ਸਤਿਗੁਰੂ ਦੇ ਚਰਨਾਂ 'ਚ। ਇਹ ਅਰਜ਼ ਕਰਨੀ ਹੈ ਕਿ ਸਾਡੇ ਕੋਲੋਂ ਕੁਝ ਨਹੀਂ ਹੁੰਦਾ, ਅਸੀਂ ਕੁਝ ਕਰਨ ਜੋਗੇ ਨਹੀਂ। ਸਤਿਗੁਰੂ ਕਿਰਪਾ ਕਰਨ ਐਹ ਮਨੁੱਖਾ ਜਨਮ ਹੈ ਨਾ, ਜਿਸ ਵਾਸਤੇ ਆਏ ਹਾਂ ਇਸ ਸੰਸਾਰ 'ਚ, ਇਹ ਸਫਲ ਹੋਵੇ। ਇਥੋਂ ਜਦੋਂ ਜਾਣਾ ਹੈ, ਉਹ ਜਿਹੜੀ ਸੱਚੀ ਦਰਗਾਹ ਹੈ ਸਤਿਗੁਰੂ ਦੀ ਉਥੇ ਕੋਈ ਇਹ ਨਾ ਆਖੇ ਬਈ ਤੂੰ ਕਿਧਰ ਆਇਆ ਹੈਂ, ਚਲ ਇਥੋਂ ਸਾਡੇ ਤੋਂ ਪਰ੍ਹਾਂ ਜਾਹ।"

### ਸਤਸੰਗ ਕਰੋ

"ਸਾਧ ਸੰਗਤ ਵਿਚ ਬੈਠ ਕੇ ਮਨ ਨੂੰ ਸਤਿਗੁਰੂ ਦੇ ਚਰਨਾਂ ਨਾਲ ਜੋੜ ਕੇ, ਟਿਕਾਅ ਕੇ ਨਿਤਨੇਮ ਕਰਿਆ ਕਰੋ।"

"ਸਾਧ ਸੰਗਤ ਨੂੰ ਨਿਤਨੇਮ ਸਦਾ ਰਲ ਕੇ, ਬਹਿ ਕੇ, ਕਰਨਾ ਚਾਹੀਦਾ ਹੈ, ਪਤਾ ਨਹੀਂ ਕੀਹਦੇ ਕਰ ਕੇ ਨਿਤਨੇਮ ਮੰਜੂਰ ਹੋ ਜਾਏ। ਰੋਟੀ ਰਹਿ ਜਾਏ, ਕੰਮ ਰਹਿ ਜਾਏ, ਨਿਤਨੇਮ ਨਾ ਖੁੰਝਾਓ।"

"ਸਾਧ ਸੰਗਤ ਵਿਚ ਸਾਧ ਸੰਗਤ ਦੀ ਭਾਵਨਾ ਨਾਲ ਆਇਆ ਕਰੋ। ਕੀ ਪਤਾ ਹੈ ਕਿਹੜੀ ਗੱਲ ਦਾ ਅਸਰ ਹੋ ਜਾਵੇ। ਮਾਈਆਂ ਨੂੰ ਪਤਾ ਨਹੀਂ ਹੁੰਦਾ, ਤੱਕਲਾ ਕਿਹੜੀ ਸੱਟ ਨਾਲ ਠੀਕ ਹੋ ਜਾਂਦਾ ਹੈ।"

"ਸਾਧ ਸੰਗਤ ਵਿਚ ਆਉਣ ਨਾਲ ਪਤਾ ਨਹੀਂ ਕਿਹੜੇ ਵੇਲੇ ਭਾਗ ਜਾਗ ਪੈਣ, ਸਾਧੂਆਂ ਦੇ ਬਚਨ ਸੁਣਦਿਆਂ ਪਤਾ ਨਹੀਂ ਮਨ ਕਦੋਂ ਸਿੱਧਾ ਹੋ ਜਾਣਾ ਹੈ।"

"ਵਾਧੂ ਗੱਲਾਂ ਕਰਨ ਨਾਲੋਂ, ਈਰਖਾ ਦਵੈਸ਼ ਕਰਨ ਨਾਲੋਂ ਉਹ ਗ੍ਰੰਥ ਪੜ੍ਹੋ ਜਿਸ ਨਾਲ ਸਾਡਾ ਮਨ ਸਤਿਗੁਰੂ ਨਾਲ ਲੱਗੇ, ਉਹਨਾਂ ਬੰਦਿਆਂ ਨਾਲ ਬੈਠੋ, ਉਹਨਾਂ ਦੀ ਸੰਗਤ ਕਰੋ ਜੋ ਸਤਿਗੁਰੂ ਦੀਆਂ ਗੱਲਾਂ ਕਰਨ।"

"ਜਿਉਂ ਜਿਉਂ ਆਦਮੀ ਸਾਤਵਿਕ ਗੁਣਾਂ ਵੱਲ ਵਧਦਾ ਹੈ, ਤਿਉਂ ਤਿਉਂ ਤਾਮਸੀ ਲੋੜਾਂ ਪਿੱਛੇ ਰਹਿੰਦਿਆਂ ਜਾਂਦੀਆਂ ਹਨ। ਫਿਰ ਮਾਸ, ਸ਼ਰਾਬ ਦੀ ਤਲਬ ਨਹੀਂ ਰਹਿੰਦੀ। ਆਦਮੀ ਦੈਵੀ ਕਰਮ ਕਰਨ ਲੱਗ ਜਾਂਦਾ ਹੈ। ਚੰਗੀ ਸੰਗਤ ਹੀ ਬੁਰੇ ਕੰਮਾਂ ਤੋਂ ਬਚਾਉਂਦੀ ਅਤੇ ਉੱਪਰ ਲਿਜਾਂਦੀ ਹੈ।"

"ਸਤਿਸੰਗ ਕਰਨ ਦੇ ਬਹੁਤ ਗੁਣ ਹਨ, ਪਰ ਜੇ ਸਹੀ ਢੰਗ ਨਾਲ ਕੀਤਾ ਜਾਵੇ ਤਾਂ। ਰਾਗ ਗਾਉਣ ਵਾਲੇ ਜੇ ਕੋਈ ਦੂਸਰਾ ਸੁਰ ਲਾ ਦੇਣ ਤਾਂ ਰਾਗ ਬੇਸੁਰਾ ਹੋ ਜਾਂਦਾ ਹੈ, ਜੇ ਉਹਦੇ 'ਚ ਰਚ ਕੇ ਗਾਇਆ ਜਾਵੇ ਤਾਂ ਉਹੋ ਸਵਾਦ ਬਣ ਜਾਂਦਾ ਹੈ।"

### ਨਿੰਦਿਆ ਨਾ ਕਰੋ

"ਜਿਹੜਾ ਸਤਿ ਸੰਗੀ ਹੋਵੇ ਉਹ ਗਲਤ ਸ਼ਬਦ ਨਹੀਂ ਬੋਲਦਾ। ਕਿਸੇ ਦੀ ਨਿੰਦਿਆ, ਬਦਖੋਹੀ ਨਹੀਂ ਕਰਦਾ। ਨਿੰਦਿਆਂ ਨੂੰ ਕੋਈ ਹੱਥ ਪੈਰ ਵੀ ਨਹੀਂ ਲੱਗੇ। ਪਰ ਉਹ ਧੱਕੇ ਨਾਲ ਖਿੱਚ ਕੇ ਸਾਨੂੰ ਆਪਣੇ ਵੱਲ ਲੈ ਜਾਂਦੀ ਹੈ।"

"ਨਿੰਦਿਆਂ ਤਿੰਨ ਕਿਸਮਾਂ ਦੀ ਹੁੰਦੀ ਹੈ—

ਇਕ ਇਹ ਨਿੰਦਿਆ ਹੈ ਕਿ ਜੋ ਕਿਸੇ ਨੇ ਗੁਨਾਹ ਕੀਤਾ ਹੀ ਨਾ ਹੋਵੇ, ਉਸ 'ਤੇ ਦੋਸ਼ ਲਾ ਕੇ ਉਸ ਦੀ ਭੰਡੀ ਕਰਨੀ। ਐਸੇ ਵਿਅਕਤੀ ਨੂੰ ਨਿੰਦਕ ਕਿਹਾ ਜਾਂਦਾ ਹੈ।

ਦੂਸਰਾ ਹੈ, 'ਜਉ ਦੇਖੈ ਛਿਦ੍ਰ ਤਉ ਨਿੰਦਕ ਉਮਾਹੈ' ਕਿਸੇ ਦੀ ਖਾਮੀ, ਗਲਤੀ ਵੇਖ ਕੇ

ਖੁਸ਼ ਹੋਣ ਵਾਲਾ ਵੀ ਗੁਰਬਾਣੀ ਅਨੁਸਾਰ ਨਿੰਦਕ ਹੈ।'

ਤੀਸਰਾ ਹੈ—'ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨਾ ਪਰਾਇਆ ਭਲਾ ਨ ਸੁਖਾਈ॥' ਜੋ ਕਿਸੇ ਦੀ ਸੋਭਾ ਸੁਣ-ਵੇਖ ਕੇ ਦੁਖੀ ਹੁੰਦਾ ਹੈ, ਉਹ ਵੀ ਨਿੰਦਕ ਹੈ।"

"ਉਸਤਤਿ, ਨਿੰਦਿਆ ਦੋਹਾਂ ਵਲ ਧਿਆਨ ਨਾ ਦਿਓ। ਨਿੰਦਿਆ ਵਾਲੇ ਨੂੰ ਨਿੰਦਿਆ ਦਾ ਫ਼ਲ, ਸੇਵਾ ਵਾਲੇ ਨੂੰ ਸੇਵਾ ਦਾ ਫ਼ਲ ਮਿਲਦਾ ਹੈ।"

"ਇਹ ਕੋਸ਼ਿਸ਼ ਕਰੋ ਕਿ ਜਿਸ ਨਾਲ ਤੁਹਾਡੀ ਬਹੁਤ ਦੁਸ਼ਮਣੀ ਜਾਂ ਲੜਾਈ ਹੈ, ਉਹਨੂੰ ਵੇਖ ਕੇ ਔਖੇ ਨਾ ਹੋਵੋ। ਉਹਦੇ ਕੋਲ ਤੁਹਾਡੀ ਕੋਈ ਉਹ ਗੱਲ ਜਾਵੇ ਜਿਸ ਨੂੰ ਵੇਖ ਕੇ ਉਹ ਅੱਖਾਂ ਨੀਵੀਆਂ ਕਰੇ ਤੇ ਉਸ ਨੂੰ ਇਹ ਸੰਗ ਆਵੇ ਕਿ ਇਹ ਤਾਂ ਮੇਰੇ ਨਾਲ ਇਸ ਤਰ੍ਹਾਂ ਕਰਦੈ, ਮੈਂ ਇਹਦੇ ਨਾਲ ਇਸ ਤਰ੍ਹਾਂ ਕਿਉਂ ਕਰਦਾਂ।"

## ਸਾਂਝੀਵਾਲਤਾ

"ਰੇਲ ਵਿਚ ਚੜ੍ਹਦੇ ਨੇ ਹਿੰਦੂ, ਸਿੱਖ, ਮੁਸਲਮਾਨ, ਸਭ ਚੜ੍ਹ ਜਾਂਦੇ ਨੇ। ਸਿਨਮੇ ਜਾਂ ਭੈੜੇ ਥਾਂ ਵੀ ਸਭ ਇਕੱਠੇ ਹੋ ਜਾਂਦੇ ਨੇ, ਲੜਦੇ ਕਿੱਥੇ ਨੇ ਜਾ ਕੇ...ਗੁਰਦਵਾਰੇ ਜਾਂ ਹੋਰ ਧਾਰਮਕ ਸਥਾਨ 'ਤੇ। ਇਹ ਨਾ ਕਰਿਆ ਕਰੋ ਏਥੇ ਆ ਕੇ। ਆਪਾ ਸਵਾਰੋ ਤਾਂ ਹੀ ਸੁਖ ਮਿਲੇਗਾ।"

"ਸਾਰੇ ਜਿਹੜੀਆਂ ਗੱਲਾਂ ਸਾਡੀਆਂ ਆਪਸ ਵਿਚ ਮਿਲ ਕੇ ਕਰਨ ਵਾਲੀਆਂ ਨੇ, ਉਹ ਕਰਿਆ ਕਰੋ। ਵਿਛੜਨ ਵਾਲੀ ਗੱਲ ਨਾ ਕੀਤੀ ਜਾਵੇ। ਇਕੱਠੇ ਰਹਿਣ ਦੀ ਗੱਲ ਕਰਿਆ ਕਰੋ ਸਾਰੇ।

"ਜਦੋਂ ਆਪਸ ਵਿਚ ਦੁਫੇੜ ਪੈ ਜਾਂਦੀ ਹੈ, ਉਦੋਂ ਸਾਰਾ ਕੰਮ ਖਰਾਬ ਹੋ ਜਾਂਦਾ ਹੈ। ਸਾਰੇ ਆਪਸ ਵਿਚ ਪ੍ਰੇਮ-ਪਿਆਰ ਨਾਲ ਰਿਹਾ ਕਰੋ। ਸਹਿਨਸ਼ੀਲਤਾ ਰਖੋ। ਆਪਸ 'ਚ ਸਹਿਯੋਗ ਰਖੋ। ਕੋਈ ਝਗੜਾ ਹੋਵੇ ਆਪਸ 'ਚ ਬਹਿ ਕੇ ਪ੍ਰੇਮ ਪਿਆਰ ਨਾਲ ਨਿਪਟਾ ਲਵੋ।"

"ਨਾਂ ਭਾਵੇਂ ਕੋਈ ਵੀ ਰੱਖ ਲਓ, ਹਿੰਦੂ ਮੁਸਲਮਾਨ ਜਾਂ ਸਿੱਖ ਵਾਲਾ ਪਰ ਨਾਮ-ਦਾਨ ਇਸ਼ਨਾਨ ਸਭ ਕਰੋ ਅਤੇ ਆਪਣੇ ਵਖਰੇਵੇਂ ਛੱਡ ਕੇ ਦੇਸ਼ ਵਾਸਤੇ ਇਕੱਠੇ ਹੋ ਕੇ ਮੋਢੇ ਨਾਲ ਮੋਢਾ ਲਾ ਕੇ ਚੱਲੋ।"

## ਧਰਮ, ਸਿਆਸਤ ਤੇ ਸਾਇੰਸ

"ਬਹੁਤ ਦੁੱਖ ਅਤੇ ਬਹੁਤ ਸੁਖ ਵੇਲੇ ਧਰਮ ਭੁੱਲ ਜਾਂਦਾ ਹੈ।"

"ਧਰਮ ਤੋਂ ਬਿਨਾਂ ਮਨੁੱਖ ਇਸ ਤਰ੍ਹਾਂ ਹੈ ਜਿਵੇਂ ਦਰੱਖਤ ਦੀਆਂ ਥਲਿਓਂ ਜੜ੍ਹਾਂ ਕੱਟ ਦਿੱਤੀਆਂ ਜਾਣ ਤੇ ਉਤੋਂ ਵੱਢਣ ਦੀ ਲੋੜ ਨਹੀਂ, ਆਪਣੇ ਆਪ ਉਹ ਸੁੱਕ ਜਾਂਦੈ।"

"ਬਹੁਤ ਜ਼ਰੂਰੀ ਚੀਜ਼ ਇਹ ਹੈ ਕਿ ਜਿਹੜੀਆਂ ਚੀਜ਼ਾਂ ਸਾਨੂੰ ਨਹੀਂ ਦਿਸਦੀਆਂ, ਉਹਨਾਂ ਦਾ

ਧਿਆਨ ਸਾਨੂੰ ਬਹੁਤਾ ਰੱਖਣਾ ਚਾਹੀਦੈ। ਧਰਮ ਤੇ ਅਧਰਮ ਵੇਖਣ ਵਿਚ ਸਾਨੂੰ ਨਹੀਂ ਦਿਸਦਾ। ਉਹ ਦਿਸਦਾ ਹੈ ਤਾਂ ਏਸ ਪਹਿਰਾਵੇ ਵਿਚ ਜਾਂ ਨਿਤਨੇਮ ਤੇ ਭਜਨ-ਬਾਣੀ ਵਿਚ ਜਾਂ ਫਿਰ ਆਪਣੇ ਸੁਭਾਅ ਦੇ ਵਿਚ ਆ ਕੇ। ਬੰਦੇ ਦੇ ਵਿਚੋਂ ਪਤਾ ਲਗਦੈ ਉਹਦਾ।"

"ਧਰਮ ਇਕ ਐਸੀ ਚੀਜ਼ ਹੈ ਜਿਹੜਾ ਸਾਡੇ ਇਥੇ ਤੇ ਅਗਲੇ ਦੋਹਾਂ ਜਹਾਨਾਂ ਵਿਚ ਫਾਇਦੇਮੰਦ ਹੈ।"

"ਇਸ ਸਮੇਂ ਦੁਨੀਆਂ ਵਿਚ ਬੜੀ ਉਥਲ-ਪੁਥਲ ਹੋ ਰਹੀ ਹੈ, ਸਿਰਫ਼ ਇਸ ਕਰਕੇ ਕਿ ਸਾਨੂੰ ਰੱਬ ਵਾਲਾ ਪਾਸਾ ਭੁੱਲ ਗਿਆ ਹੈ। ਰੱਬ ਜਾਣਦਾ ਹੈ ਕਿ ਅਸੀਂ ਕੀ ਕਰਦੇ ਹਾਂ। ਜਿੰਨੀਆਂ ਵੀ ਪਾਰਟੀਆਂ ਹਨ, ਉਹਨਾਂ ਵਿਚ ਅਸੂਲੀ ਗੱਲ ਕੋਈ ਨਹੀਂ ਰਹਿ ਗਈ। ਕੋਈ ਇਕ ਪਾਰਟੀ ਵਿਚੋਂ ਨਰਾਜ਼ ਹੋ ਕੇ ਦੂਸਰੀ ਵਿਚ ਚਲਾ ਜਾਂਦਾ ਹੈ। ਇਹੋ ਹੀ ਹਾਲ ਧਰਮਾਂ ਦਾ ਹੈ, ਜੇ ਇਕ ਤੋਂ ਨਰਾਜ਼ ਹੋਇਆ ਤਾਂ ਦੂਸਰਿਆਂ ਵਿਚ ਆ ਗਿਆ, ਸਿਰਫ਼ ਇਸ ਲਈ ਕਿ ਭਜਨ ਬਾਣੀ ਛੁੱਟ ਗਿਆ ਹੈ।"

"ਉਹ ਕਹਿੰਦੇ ਨੇ ਸ਼ਾਹ ਰਗ ਤੋਂ ਵੀ ਨੇੜੇ ਹੈ ਪਰ ਜਿਹਦੇ ਤੇ ਉਹ ਕਿਰਪਾ ਕਰ ਦੇਵੇ ਉਹਦੇ ਵਾਸਤੇ ਹੈ। ਅਸੀਂ ਧਰਮ ਨੂੰ ਮੰਨਣ ਵਾਲੇ ਹਾਂ। ਅਸੀਂ ਧਰਮ ਵਾਲੇ ਪਾਸੇ ਤੁਰਨੈ। ਅੱਜ ਕਲ੍ਹ ਦੀ ਤੜਕ ਭੜਕ ਪਿਛੇ ਲੱਗੇ ਅਸਾਂ ਏਸ ਚੀਜ਼ ਦੇ ਨੇੜੇ, ਏਸ ਪਾਸੇ ਨਹੀਂ ਤੁਰਨਾ।"

"ਬਹੁਤ ਵੱਡਾ ਹਾਲ ਭਰਿਆ ਹੋਵੇ ਤੇ ਗੱਲ ਚੰਗੀ ਨਾ ਕਰੀਏ, ਮੈਂ ਸਮਝਨਾਂ ਸਾਨੂੰ ਕਿਸੇ ਨੂੰ ਖੁਸ਼ੀ ਨਹੀਂ ਹੋਣੀ ਚਾਹੀਦੀ। ਪਰ ਜੇ ਦੱਸ ਬੰਦੇ ਵੀ ਬਹਿ ਜਾਣ ਆ ਕੇ ਤੇ ਚੰਗੀ ਗੱਲ ਕਰ ਲਈਏ ਉਹ ਜ਼ਿਆਦਾ ਵਧੀਆ ਹੈ। ਅਸੀਂ ਧਾਰਮਿਕ ਗੱਲਾਂ ਆਖਣ ਵਾਲੇ ਬੰਦੇ ਧਾਰਮਿਕ ਡੰਗੋਰੀ ਲੈ ਕੇ ਤੇ ਸਿਆਸੀ ਰੰਗ ਦੇਣ ਲਗ ਪਈਏ ਫੇਰ ਸਾਡਾ ਉਦੇਸ਼ ਵਿਚੇ ਹੀ ਰਹਿ ਜਾਂਦੈ।

"ਸਾਡੇ ਵਿਚ ਧਰਮ ਅਤੇ ਸਿਆਸਤ ਨੂੰ ਵੱਖਰਾ ਨਹੀਂ ਸਮਝਿਆ ਜਾਂਦਾ। ਸਾਡਾ ਧਰਮ ਹੈ—ਗਊ ਤੇ ਗਰੀਬ ਦੀ ਰੱਖਿਆ....ਜਿਥੇ ਗਊ ਤੇ ਗ਼੍ਰੀਬ ਦੀ ਰੱਖਿਆ ਹੁੰਦੀ ਹੈ, ਉਥੇ ਫਿਰ ਕਿਹੜੀ ਗੱਲ ਰਹਿ ਜਾਂਦੀ ਹੈ।"

"ਗਊ ਗ਼੍ਰੀਬ ਦੀ ਰੱਖਿਆ ਵਿਚ ਸੱਚੀ ਸਿਆਸਤ ਆ ਜਾਂਦੀ ਹੈ। ਜੇ ਇੰਜ ਨਹੀਂ ਹੁੰਦਾ ਤਾਂ ਉਹ ਸਿਆਸਤ ਧਰਮ ਤੋਂ ਖਾਲੀ ਹੈ।"

"ਧਰਮ ਵਿਚ ਆਪਣੇ ਆਪ ਨੂੰ ਮੂਰਖ ਸਮਝਿਆ ਜਾਂਦਾ ਹੈ ਅਤੇ ਸਿਆਸਤ ਵਿਚ ਦੂਜੇ ਨੂੰ।"

"ਸਿਆਸਤ ਸਹੀ ਰੂਪ ਵਿਚ ਤਾਂ ਹੀ ਜੀਵ ਕਲਿਆਣ ਕਰਦੀ ਹੈ ਜੇ ਧਰਮ ਉੱਤੇ ਹੋਵੇ ਅਤੇ ਸਿਆਸਤ ਹੇਠ।"

"ਸਾਇੰਸ ਕੋਲ ਐਸੀ ਕੋਈ ਕਸਵੱਟੀ ਨਹੀਂ ਜਿਹਦੇ 'ਤੇ ਧਰਮ ਨੂੰ ਤੋਲਿਆ ਜਾ ਸਕੇ।"

"ਇਸ ਦੁਨੀਆ ਦੇ ਸਾਇੰਸਦਾਨਾਂ ਨੇ ਬਹੁਤ ਦੂਰ ਤੀਕ ਖੋਜ ਲਿਆ ਹੈ। ਖੋਜਦੇ-ਖੋਜਦੇ ਉਹ ਸੂਰਜ ਤੀਕ ਚਲੇ ਗਏ ਹਨ ਤੇ ਆਖਿਆ ਹੈ ਕਿ ਸੂਰਜ ਤੋਂ ਚੰਦ੍ਮਾ ਤੇ ਤਾਰੇ ਰੋਸ਼ਨੀ ਲੈਂਦੇ ਹਨ, ਪਰ ਸੂਰਜ ਕੀ ਹੈ? ਇਹ ਅੱਗ ਦਾ ਗੋਲਾ ਹੈ, ਇਸ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੁਝ ਨਹੀਂ ਪਤਾ। ਕੋਈ ਐਸਾ ਥਾਂ ਹੈ, ਜਿਥੇ ਸੂਰਜ ਚੰਦ੍ਮਾ ਦੋਵੇਂ ਹੈ ਹੀ ਨਹੀਂ, ਜਿਥੋਂ ਦੀ ਲੈ ਕੇ ਜਾਂਦੇ ਨੇ। ਜਿਹੜੇ ਵਿਅਕਤੀ ਗੁਰਮਤਿ ਅਨੁਸਾਰ ਸਤਿਗੁਰੂ ਦੇ ਹੁਕਮ ਅਨੁਸਾਰ ਚੰਗੇ ਕੰਮ ਕਰਦੇ ਹਨ, ਉਨ੍ਹਾਂ ਨੂੰ ਉਥੇ ਲੈ ਕੇ ਜਾਂਦੇ ਹਨ, ਜਿਥੇ ਸੂਰਜ ਚੰਦ੍ਮਾ ਨਹੀਂ ਹਨ, ਪਰ ਉਥੇ ਚਾਨਣ ਹੈ, ਇਹ ਸਤਿਗੁਰਾਂ ਦੀ ਕਿਰਪਾ ਦਾ ਚਾਨਣ ਹੈ।"

"ਸਾਇੰਸ ਬਹੁਤ ਵਧੀਆ ਚੀਜ਼ ਹੈ, ਪਰ ਜੇ ਸਾਇੰਸ ਦੇ ਵਿਚੋਂ ਧਰਮ ਨੂੰ ਕੱਢ ਦੇਈਏ ਉਹ ਕਿਸੇ ਕੰਮ ਦੀ ਨਹੀਂ। ਉਹ ਫਿਰ ਬੰਬ ਮਾਰੇਗੀ, ਕਿਸੇ 'ਤੇ ਤਰਸ ਨਹੀਂ ਕਰੇਗੀ। ਦਇਆ ਉਹਦੇ ਵਿਚ ਹੈ ਹੀ ਨਹੀਂ। ਜਦੋਂ ਧਰਮ ਆਏਗਾ, ਫਿਰ ਦਇਆ ਆਏਗੀ। ਜਿਥੇ ਦਇਆ ਆਏਗੀ ਉਥੇ ਸ਼ਾਂਤੀ ਤੇ ਸੰਤੋਖ ਆਏਗਾ। ਇਸ ਵਾਸਤੇ ਉਹ ਜਿਹੜੀ ਸਾਇੰਸ ਹੈ, ਵਿਗਿਆਨ ਹੈ ਜਿਹੜਾ, ਉਹ ਵੀ ਵਧੀਆ ਹੋ ਜਾਂਦੈ। ਉਹ ਫਿਰ ਕਿਸੇ ਭੁੱਖੇ ਨੂੰ ਰੋਟੀ ਦੇਵੇਗਾ। ਉਹ ਹਵਾਈ ਜਹਾਜ਼, ਜਿਥੇ ਕਿਤੇ ਭੁੱਖੇ ਹਨ, ਜਿਹੜੇ ਪਾਣੀ 'ਚ ਘਿਰ ਗਏ ਹਨ, ਕਿਤੇ ਅੱਗ 'ਚ ਘਿਰ ਗਏ ਹਨ, ਉਹਨਾਂ ਨੂੰ ਜਾ ਕੇ ਰੋਟੀਆਂ ਪੁਚਾਉਣਗੇ, ਉਹਨਾਂ ਨੂੰ ਪਾਣੀ ਪੁਚਾਉਣਗੇ, ਉਹਨਾਂ ਦੀ ਰੱਖਿਆ ਕਰਨਗੇ। ਏਨਾ ਹੀ ਫਰਕ ਹੈ ਸਾਇੰਸ ਦਾ ਤੇ ਧਰਮ ਦਾ। ਜੇ ਅਸੀਂ ਬਿਲਕੁਲ ਸਾਇੰਸ ਦੇ ਪਿੱਛੇ ਲਗ ਕੇ ਆਖੀਏ ਕਿ ਧਰਮ ਬੜੀ ਪੱਛੜੀ ਹੋਈ ਚੀਜ਼ ਹੈ, ਅਸਾਂ ਧਰਮ ਨੂੰ ਪੜ੍ਹਿਆ ਹੀ ਨਹੀਂ, ਸਮਝਿਆ ਹੀ ਨਹੀਂ, ਉਹਦਾ ਅਧਿਐਨ ਹੀ ਨਹੀਂ ਕੀਤਾ।"

"ਜਹਾਜ਼ ਬਣਾਉਣ ਦੀ ਵਿੱਦਿਆ ਬੜੀ ਚੰਗੀ ਹੈ ਪਰ ਜੇ ਜਹਾਜ਼ ਜੰਗ ਦੇ ਬੰਬ ਵਰ੍ਹਾਣੇ ਸ਼ੁਰੂ ਕਰ ਦੇਵੇ ਤਾਂ ਉਸ ਦਾ ਕੁਛ ਲਾਭ ਨਹੀਂ। ਜੇ ਇਹੋ ਜਹਾਜ਼ ਰੋਟੀ-ਕੱਪੜਾ ਆਦਿ ਲੈ ਕੇ ਪਾਣੀ ਘਿਰੇ ਲੋਕਾਂ ਤੇ ਹੋਰ ਪੀੜ੍ਹਤ ਵਿਅਕਤੀਆਂ ਦੀ ਮਦਦ ਲਈ ਪਹੁੰਚੇ ਤਾਂ ਬਹੁਤ ਅੱਛਾ ਹੈ।"

"ਅੱਜ ਮਨੁੱਖ ਦਾ ਮਨ ਕਿਸੇ ਨੂੰ ਸਿਆਸੀ ਧੱਕਾ ਦੇਣ, ਮਜ਼ਹਬੀ ਜਨੂੰਨ ਉਭਾਰਨ ਵਿਚ ਲੱਗਾ ਹੋਇਆ ਹੈ ਤੇ ਨਾਲੋ-ਨਾਲ ਵੱਡੇ-ਵੱਡੇ ਬੰਬ ਬਣਾਏ ਜਾ ਰਹੇ ਹਨ। ਇਹ ਮਨੁੱਖਾ ਜਨਮ ਤਾਂ ਲਿਖਿਆ ਹੈ ਕਿ ਸਭ ਤੋਂ ਉੱਤਮ ਹੈ—

ਚਉਰਾਸੀ ਲੱਖ ਜੋਨਿ ਵਿਚਿ  
ਉਤਮ ਸੁ ਮਾਣਸਿ ਦੇਹੀ॥

ਇਸ ਜਨਮ ਨੂੰ ਚੰਗੇ ਕੰਮਾਂ ਵਿਚ ਲਾਉਣਾ ਚਾਹੀਦਾ ਹੈ।"

"ਜਿੰਨੇ ਧਰਮ ਦੇ ਬੰਧਨ ਨੇ ਸਾਡੇ ਫਾਇਦੇ ਵਾਸਤੇ ਨੇ। ਸਤਿਗੁਰੂਆਂ ਨੂੰ ਇਸ ਗੱਲ ਨਾਲ

ਕੀ ਹੈ? ਉਹਨਾਂ ਵਿਚ ਪੂਰਾ ਰਹਿਣ ਦੀ ਕੋਸ਼ਿਸ਼ ਕਰੋ। ਆਦਮੀ ਬਣਿਆ ਹੀ ਗਲਤੀਆਂ ਵਾਸਤੇ ਹੈ। ਗਲਤੀਆਂ ਹੋ ਜਾਂਦੀਆਂ ਨੇ ਪਰ ਉਹਨਾਂ ਨੂੰ ਵਾਪਸ ਲੈ ਆਉਣਾ ਚਾਹੀਦੈ। ਗਲਤੀ ਨੂੰ ਪੱਕਾ ਕਰਕੇ ਸਮਝ ਕੇ ਕਿ ਹਾਂ ਮੈਂ ਇਹ ਠੀਕ ਕੀਤਾ। ਡਾਕਾ ਮਾਰਿਆ, ਕਿਸੇ ਨੇ ਚੋਰੀ ਕੀਤੀ ਹੈ ਆਂਹਦਾ ਮੈਂ ਠੀਕ ਕੀਤਾ ਜੋ ਕੁਝ ਕੀਤਾ। ਮੈਂ ਆਪਣੇ ਢਿੱਡ ਵਾਸਤੇ ਕੀਤਾ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਗਲਤੀ ਕਰਕੇ ਮੁੜਕੇ ਉਹਦੀ ਮਾਫੀ ਮੰਗਕੇ ਅਗਾਂਹ ਵਾਸਤੇ ਠੀਕ ਰਸਤੇ 'ਤੇ ਤਿਆਰ ਹੋ ਜਾਓ।"

"ਮਾਫੀ ਦੀ ਗਲ ਆਈ ਹੈ। ਏਥੇ ਮੈਨੂੰ ਕਈਆਂ ਨੇ ਆਖਿਆ ਕਿ ਸਾਰਿਆਂ ਨੂੰ ਮਾਫ ਕਰ ਦੇਣਾ ਚਾਹੀਦੈ। ਮੈਂ ਸਤਿਗੁਰਾਂ ਦੇ ਉਪਦੇਸ਼ 'ਚ ਸੁਣਿਐ ਜਿਹੜਾ ਮਾਫ਼ੀ ਮੰਗਣ ਵਾਸਤੇ ਘਰੋਂ ਤੁਰਦਾ ਹੈ, ਦਿਲੋਂ ਮਾਫ਼ੀ ਮੰਗਣ ਵਾਸਤੇ ਉਹ ਉਥੋਂ ਘਰੋਂ ਤੁਰਦਾ ਹੀ ਬਖ਼ਸ਼ਿਆ ਜਾਂਦਾ ਹੈ। ਜਿਹੜਾ ਏਥੇ ਆ ਕੇ ਢਿੱਡ ਵਿਚ ਗਲ ਰੱਖ ਕੇ ਮਾਫ਼ੀ ਮੰਗਦਾ ਹੈ, ਮੈਂ ਆਖ ਦਿਆਂ ਤਦ ਵੀ ਉਹ ਨਹੀਂ ਬਖ਼ਸ਼ਿਆ ਜਾਂਦਾ। ਮਾਫ਼ੀ ਮੰਗਣ ਦੀ ਤਾਂ ਗੱਲ ਇਹ ਹੈ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੇ ਹੁਕਮਨਾਮੇ 'ਚ ਪੜ੍ਹਿਆ ਹੈ ਕਿ ਅੰਦਰੋਂ ਦੀ ਸਤਿਗੁਰੂ ਬਹੁਤ ਅਰਦਾਸ ਸੁਣਦਾ ਹੈ। ਬਾਹਰੋਂ ਨਹੀਂ ਏਨੀਂ ਸੁਣਦਾ। ਅਰਦਾਸ ਕਰਿਆ ਕਰੋ ਸੱਚੇ ਪਾਤਸਾਹ ਕਿਰਪਾ ਕਰਨ, ਮੇਰੇ 'ਤੇ ਵੀ, ਤੁਹਾਡੇ 'ਤੇ ਵੀ। ਸਾਰੇ ਉਹਨਾਂ ਦੇ ਹੁਕਮਾਂ 'ਤੇ ਚਲੀਏ। ਸਤਿਗੁਰਾਂ ਦੇ ਚਰਨਾਂ ਵਿਚ ਸੁਰਖ਼ਰੂ ਹੋ ਕੇ ਹਾਜਰ ਹੋ ਸਕੀਏ।"

### ਭਾਵਨਾ ਸਹੀ ਰੱਖੋ, ਈਰਖਾ, ਦੁਸ਼ਮਣੀ, ਗੁੱਸਾ ਨਾ ਕਰੋ

"ਭਾਵਨਾ ਨੂੰ ਫਲ ਲਗਦਾ ਹੈ, ਭਾਵਨਾ ਨੂੰ ਇਹੋ ਜਿਹੀ ਰਖਿਆ ਕਰੋ, ਜਿਹੜੀ ਸਤਿਗੁਰੂ ਵਾਲੇ ਪਾਸੇ ਦੀ ਰਵ੍ਹੇ। ਜਦੋਂ ਸਾਡੇ ਅੰਤ ਦਾ ਵੇਲਾ ਆਵੇ, ਉਸ ਵੇਲੇ ਸਾਨੂੰ ਕੋਈ ਤਕਲੀਫ ਨਾ ਆਵੇ।"

"ਜੇ ਕੋਈ ਚੋਰੀ ਕਰਦਾ ਹੈ ਤਾਂ ਪਛਤਾਵਾ ਕਰਨ ਨਾਲ ਗੱਲ ਨਹੀਂ ਮੁੱਕ ਜਾਂਦੀ। ਕਿਸੇ ਰੁੱਖ ਦੇ ਪੱਤੇ ਛਾਂਗਣ, ਟਾਹਣੀਆਂ ਜਾਂ ਟਾਹਣੇ ਕੱਟਣ ਨਾਲ ਗੱਲ ਨਹੀਂ ਮੁੱਕ ਜਾਂਦੀ, ਜਿੰਨਾ ਚਿਰ ਜੜ੍ਹ ਨਾ ਪੁੱਟਿਆ ਜਾਵੇ। ਜਿੰਨੀ ਦੇਰ ਮਾੜੀ ਭਾਵਨਾ ਅੰਦਰੋਂ ਖ਼ਤਮ ਨਹੀਂ ਹੋ ਜਾਂਦੀ।"

"ਇਹ ਜੀਅੜਾ ਉਨੀ ਦੇਰ ਨਿਹਚਲ ਨਹੀਂ ਹੋ ਸਕਦਾ ਜਦੋਂ ਤਕ ਵੈਰੀ ਅਤੇ ਮਿੱਤਰ ਦੀ ਗੱਲ ਕਰਦਾ ਹੈ।"

"ਆਪਣਾ ਸਾਰਾ ਕੰਮ ਤਰੀਕੇ ਨਾਲ ਕਰੋ, ਆਪਣੇ ਮਨ ਵਿਚ ਕਿਸੇ ਪ੍ਰਤੀ ਵੈਰ ਭਾਵ ਨਾ ਰੱਖੋ।"

"ਕੰਮ ਸਾਰਾ ਕਰਨਾ ਹੈ ਪਰ ਦੁਸ਼ਮਣੀ ਭਾਵ ਨਹੀਂ ਰੱਖਣਾ। ਸਾਰੇ ਪ੍ਰੇਮ ਪਿਆਰ ਨਾਲ ਮਿਲ ਕੇ ਰਹੋ।"

"ਕਿਸੇ ਦਾ ਮਾੜਾ ਨਾ ਚਿਤਵੋ, ਸਰਬੱਤ ਦਾ ਭਲਾ ਮੰਗੋ। ਜੇ ਨਾਨਕ ਦੇ ਹਾਂ ਤਾਂ ਬੁਰੇ ਦਾ

ਭਲਾ ਕਰੀਏ।"

"ਅਮਨ ਸਿਰਫ ਸਾਡੇ ਤਾਈਂ ਸੀਮਿਤ ਨਹੀਂ ਰਹਿਣਾ ਚਾਹੀਦਾ, ਸਰਬੱਤ ਦਾ ਭਲਾ ਗੁਰੂ ਨਾਨਕ ਵਾਲਾ ਤਾਂ ਹੋ ਸਕਦਾ ਹੈ ਜੇ ਸਰਬੱਤ ਦੇ ਭਲੇ ਵਾਲੀ ਗੱਲ ਕਰੀਏ।"

"ਅਸੀਂ ਆਵਾਗਮਨ ਨੂੰ ਮੰਨਦੇ ਹਾਂ ਤੇ ਇਸ ਗੱਲ 'ਤੇ ਵਿਸ਼ਵਾਸ ਕਰਦੇ ਹਾਂ ਕਿ ਜਿੰਨੇ ਵੀ ਜੀਅ ਜੰਤੂ ਨੇ ਸਭ ਸਾਡੇ ਆਪਣੇ-ਸਾਡੇ ਵਿਚੋਂ, ਸਾਡੇ ਰਿਸ਼ਤੇਦਾਰ-ਚਾਚੇ, ਤਾਏ, ਬਾਬੇ, ਪੁੱਤ, ਭਰਾ ਜਾਂ ਕੁਝ ਨਾ ਕੁਝ ਹੈ ਨੇ। ਸਰਬੱਤ ਦੇ ਭਲੇ ਵਿਚ ਅਸੀਂ ਜੀਵ ਮਾਤਰ ਦਾ ਭਲਾ ਮੰਨਦੇ ਹਾਂ। ਇਹੋ ਸਾਡਾ ਧਰਮ ਹੈ।"

"ਜੇ ਸੁਖ ਪਾਉਣਾ ਹੈ ਤਾਂ ਈਰਖਾ ਛੱਡ ਦਿਉ"

"ਜਦੋਂ ਕੋਈ ਸੜੁਨ ਈਰਖਾ ਆਵੇ, ਉਦੋਂ ਸਾਡੇ ਮਨ 'ਚ ਇਹ ਗੱਲ ਆ ਜਾਵੇ ਕਿ ਮੇਰਾ ਭਲਾ ਨਹੀਂ ਹੋਣਾ, ਮੈਂ ਈਰਖਾ ਕੀਤੀ ਹੈ, ਇਹ ਜ਼ਰੂਰ ਛੁੱਟ ਸਕਦੀ ਹੈ।"

"ਉੱਦਮ ਕਰੋ, ਈਰਖਾ ਛੱਡੋ, ਪ੍ਰੇਮ ਪਿਆਰ ਵਧਾਓ। ਭਜਨ ਬਾਣੀ ਕਰੋ ਤਾਂ ਕਿ ਅੰਦਰੋਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਨਿਕਲ ਜਾਣ। ਸਤਿਗੁਰਾਂ ਦਾ ਆਸਰਾ ਲਵੋ ਤੇ ਸਹਿਨਸ਼ੀਲਤਾ ਵੀ ਰੱਖੋ।"

"ਈਰਖਾ, ਲੜਾਈਆਂ ਛਡੋ। ਜੋ ਪੈਸੇ ਵਕੀਲਾਂ ਨੂੰ ਦਿੰਦੇ ਹੋ, ਆਪਣੇ ਬੱਚਿਆਂ 'ਤੇ ਖਰਚ ਕਰੋ। ਬੀਮਾਰਾਂ, ਲੋੜਵੰਦਾਂ ਨੂੰ ਦਿਓ ਤਾਂ ਕਿ ਉਹਨਾਂ ਦਾ ਭਲਾ ਹੋਵੇ। ਉਹ ਤੁਹਾਨੂੰ ਅਸੀਸਾਂ ਦੇਣ, ਤੁਹਾਡਾ ਧਨ ਭਲੇ ਪਾਸੇ ਖ਼ਰਚ ਹੋਣਾ ਚਾਹੀਦਾ ਹੈ।"

"ਦੁਸ਼ਮਣੀ ਤੇ ਈਰਖਾ ਬੜੀ ਮਾੜੀ ਚੀਜ਼ ਹੈ। ਈਰਖਾ ਤੇ ਜ਼ਹਿਰ ਵਿਚ ਇੰਨਾ ਹੀ ਫਰਕ ਹੈ ਕਿ ਜ਼ਹਿਰ ਜਿਸ ਭਾਂਡੇ ਵਿਚ ਹੋਵੇ ਉਸਦਾ ਕੁਝ ਨਹੀਂ ਵਿਗੜਦਾ ਸਗੋਂ ਇਸ ਨੂੰ ਖਾਣ ਵਾਲਾ ਮਰ ਜਾਂਦਾ ਹੈ। ਪਰ ਈਰਖਾ ਜਿਸ ਮਨੁੱਖ 'ਚ ਹੋਵੇ ਉਸ ਨੂੰ ਤਬਾਹ ਕਰ ਦਿੰਦੀ ਹੈ।"

"ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਜਿੱਤ ਲੈਂਦਾ ਹੈ ਉਹ ਏਥੇ ਹੀ ਸੁਖੀ ਹੋ ਜਾਂਦਾ ਹੈ। ਇਕ ਆਦਮੀ ਏਅਰ-ਕੰਡੀਸ਼ਨ ਕਮਰੇ 'ਚ ਬੈਠਾ ਹੈ, ਅੰਦਰੋਂ ਸੜੀ ਜਾਂਦੀ ਹੈ ਵੇਖ-ਵੇਖ ਕੇ ਕਿ ਫਲਾਣੇ ਬੰਦੇ ਨੇ ਕੋਠੀ ਪਾ ਲਈ ਹੈ, ਉਹਦਾ ਕੀ ਫਾਇਦਾ ਹੈ, ਏਅਰ ਕੰਡੀਸ਼ਨ 'ਚ ਬੈਠੇ ਦਾ। ਇਕ ਆਦਮੀ ਧੁੱਪੇ ਬੈਠਾ ਹੈ, ਅੰਦਰੋਂ ਠੰਡਾ ਹੈ, ਉਹਨੂੰ ਕੋਈ ਤਕਲੀਫ ਨਹੀਂ।"

"ਮਨੁੱਖ ਤਨਾਅ ਕਾਰਨ ਦੁਖੀ ਰਹਿੰਦਾ ਹੈ। ਉਹ ਧਰਮ ਵਾਲਿਆਂ ਕੋਲ ਤਨਾਅ ਘਟਾਉਣ ਲਈ ਜਾਂਦਾ ਹੈ।"

"ਕੋਈ ਵੀ ਧਰਮ ਲੜਾਈ ਦੀ ਆਗਿਆ ਨਹੀਂ ਦਿੰਦਾ, ਮਿਲ ਕੇ ਰਹਿਣਾ ਚਾਹੀਦਾ ਹੈ।"

"ਖੂੰਖਾਰ ਲੜਾਈ ਝਗੜੇ ਹੁੰਦੇ ਹੋਣ, ਤੋਪਾਂ ਚਲਦੀਆਂ ਹੋਣ, ਇਕ ਚਿੱਟਾ ਝੰਡਾ ਖੜਾ ਹੋ ਜਾਵੇ, ਸ਼ਾਂਤੀ ਹੋ ਜਾਂਦੀ ਹੈ।"

"ਪ੍ਰਮਾਤਮਾ ਦੇ ਬਣਾਏ ਬਾਕੀ ਜੀਵ-ਜੰਤੂ ਖੁਸ਼ ਰਹਿੰਦੇ ਹਨ। ਪਸ਼ੂ ਨੱਚਦੇ, ਕੁੱਦਦੇ, ਦੁੜੰਗੇ ਮਾਰਦੇ ਹਨ। ਬੇਸ਼ਕ ਨਾ ਉਹ ਘਰ ਬਣਾ ਸਕਦੇ ਹਨ, ਨਾ ਆਪਣੀ ਮਰਜ਼ੀ ਦਾ ਖਾਣਾ ਜਾਂ ਹੋਰ ਸੁਖ ਦੇ ਸਾਧਨ ਪ੍ਰਾਪਤ ਕਰ ਸਕਦੇ ਹਨ। ਦੂਜੇ ਪਾਸੇ ਮਨੁੱਖ ਆਪਣੀ ਮਨ ਮਰਜ਼ੀ ਦਾ ਵਧੀਆ ਘਰ ਬਣਾ ਸਕਦਾ ਹੈ, ਕੱਪੜੇ ਬਣਾ ਸਕਦਾ ਹੈ। ਉਹ ਆਪਣੇ ਸੁੱਖਾਂ ਲਈ ਨਵੇਂ-ਨਵੇਂ ਸਾਧਨ ਬਣਾਉਂਦਾ ਰਹਿੰਦਾ ਹੈ, ਪਰ ਫਿਰ ਵੀ ਮਨੁੱਖ ਦੁਖੀ ਹੈ ਕਿਉਂਕਿ ਉਹ ਤਨਾਅ ਵਿਚ ਰਹਿੰਦਾ ਹੈ। ਧਰਮ ਬੰਦਗੀ ਵਾਲੇ ਪਾਸੇ ਲੱਗ ਕੇ, ਭਜਨ-ਬੰਦਗੀ ਕਰ ਕੇ ਹੀ ਮਨੁੱਖ ਦਾ ਤਨਾਅ ਘਟ ਸਕਦਾ ਹੈ।"

"ਹੇਠਾਂ ਨੂੰ ਵੇਖ ਕੇ ਤੁਰੋ, ਠੇਡਾ ਨਹੀਂ ਲਗਦਾ, ਜਦੋਂ ਅਸੀਂ ਉਤਾਂਹ ਨੂੰ ਵੇਖਕੇ ਤੁਰਦੇ ਹਾਂ, ਠੇਡਾ ਉਦੋਂ ਲਗਦਾ ਹੈ।"

"ਪ੍ਰੇਮ ਪਿਆਰ ਕਰਨ ਨਾਲ ਸੱਪ ਵੀ ਨਹੀਂ ਵੱਢਦਾ। ਮਾਸਖੋਰੇ ਜਾਨਵਰ ਵੀ ਕੁਝ ਨਹੀਂ ਕਹਿੰਦੇ।"

"ਕਿਸੇ ਨੂੰ ਦੱਸਿਆ ਗਿਆ ਕਿ ਫਲਾਣੇ ਦਿਨ ਫਲਾਣੇ ਥਾਂ ਤੋਂ ਸੱਪ ਨੇ ਨਿਕਲ ਕੇ ਤੈਨੂੰ ਡੰਗ ਮਾਰਨਾ ਹੈ। ਉਸ ਨੇ ਉਸ ਥਾਂ ਤੋਂ ਲੈ ਕੇ ਆਪਣੇ ਮੰਜੇ ਤਕ ਪਾਣੀ ਦਾ ਛਿੜਕਾਅ ਕਰ ਦਿੱਤਾ ਤੇ ਮੰਜੀ ਕੋਲ ਦੁੱਧ ਦਾ ਕਟੋਰਾ ਭਰ ਕੇ ਰੱਖ ਦਿਤਾ। ਨਿਸ਼ਚਤ ਦਿਨ ਸੱਪ ਆਇਆ ਤੇ ਉਸ ਵੇਖਿਆ ਕਿ ਚਾਰ ਚੁਫੇਰੇ ਸੁਗੰਧੀ ਖਿਲਰੀ ਹੈ, ਰਾਹ ਸਾਫ ਤੇ ਠੰਡਾ ਹੈ ਅਤੇ ਮੰਜੀ ਕੋਲ ਦੁੱਧ ਵੀ ਪਿਆ ਹੈ। ਸੱਪ ਇਹ ਵੇਖ ਕੇ ਮੁੜ ਗਿਆ, ਉਸ ਨੇ ਡੰਗ ਨਾ ਮਾਰਿਆ।"

"ਝਗੜਾ ਨਾ ਕਰੋ! ਜੋ ਮਸਤਕ ਵਿਚ ਲਿਖਿਆ ਹੈ ਮਿਲ ਜਾਂਦਾ ਹੈ। ਦੇਣ ਵਾਲਾ ਤਾਂ ਸਤਿਗੁਰੂ ਹੈ।"

"ਗੱਲ ਨੂੰ ਗੁੱਸੇ ਤੋਂ ਲਾਂਭੇ ਕਰ ਕੇ ਹਾਸੇ ਵਿਚ ਪਾ ਦੇਵੇ ਤਾਂ ਗੱਲ ਟਲ ਜਾਂਦੀ ਹੈ।"

"ਗੁੱਸੇ ਗਿਲੇ ਤੋਂ ਬਾਅਦ ਆਪਸ ਵਿਚ ਖੁਸ਼ ਰਹੀਏ, ਵਿਹਾਰਾਂ ਵਿਚ ਇਹ ਹੁੰਦੇ ਹੀ ਹਨ। ਜੰਗਲੀ ਜਾਨਵਰ ਤੇ ਪੰਛੀ ਕਿੰਨੇ ਤੰਦਰੁਸਤ ਤੇ ਖੁਸ਼ੀ 'ਚ ਨਚਦੇ ਟੱਪਦੇ ਫਿਰਦੇ ਹਨ। ਉਹ ਆਦਮੀਆਂ ਵਾਂਗੂੰ ਹੱਥਾਂ ਨਾਲ ਘਰ ਬਨਾਉਣੇ ਤੇ ਹੋਰ ਕਈ ਕੰਮ ਵੀ ਨਹੀਂ ਕਰ ਸਕਦੇ। ਆਪਣਾ ਮਨੁੱਖ ਹੋਣ ਦਾ ਕੀ ਫਾਇਦਾ ਜੇ ਖੁਸ਼ ਨਾ ਰਹੀਏ।"

"ਖਿਮਾ ਜਿਹੜੀ ਹੈ ਇਸਦਾ ਅੰਸ ਵੇਲੇ ਕੋਟਾ ਬਹੁਤ ਘਟ ਗਿਆ ਹੈ। ਪਰ ਬਾਣੀ ਵਿਚ ਸਤਿਗੁਰਾਂ ਨੇ ਖਿਮਾ ਨਾ ਕਰਨ ਵਾਲਿਆਂ ਬਾਰੇ ਲਿਖਿਆ ਹੈ :

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵਿਚ ਲਿਖਿਆ ਹੈ ਕਿ ਖਿਮਾ ਕਰਨ ਵਾਲਿਆਂ ਦੇ ਗੁਰੂ ਅੰਗ-ਸੰਗ ਹੁੰਦਾ ਹੈ।"

"ਆਮ ਤੌਰ ਤੇ ਇਕ ਰਿਵਾਜ ਸਾਡੇ 'ਚ ਆਉਂਦਾ ਜਾਂਦੈ ਜਿਹੜਾ ਚੰਗਾ ਨਹੀਂ। ਇਸ ਤਰ੍ਹਾਂ ਹੁੰਦੈ ਕਿ ਜੇ ਮੇਰਾ ਪੁੱਤਰ ਮੇਰੇ ਆਖੇ ਨਹੀਂ ਲੱਗਦਾ, ਉਹਨੂੰ ਤੇ ਮੈਂ ਕੁਛ ਨਹੀਂ ਕਹਿੰਦਾ। ਜੇ ਗਵਾਂਢੀਆਂ ਨਾਲ ਕੋਈ ਮੇਰਾ ਝਗੜਾ ਪੈ ਗਿਆ ਹੈ, ਉਹਨਾਂ ਨਾਲ ਫੈਸਲਾ ਵੀ ਕਿਸੇ ਨੇ ਨਹੀਂ ਕਰਾਇਆ ਹੈ, ਉਹਨਾਂ ਨੂੰ ਮੈਂ ਬਹੁਤ ਬੁਰੀ ਨਿਗ੍ਹਾ ਨਾਲ ਵੇਖਾਂਗਾ। ਥੋੜ੍ਹਾ ਜਿਹਾ ਇਹ ਸੋਚ ਲੈਣਾ ਚਾਹੀਦੈ ਕਿ ਸਾਡੇ ਘਰ ਵਿਚ ਵੀ ਐਸੀ ਚੀਜ਼ ਪੈਦਾ ਹੁੰਦੀ ਹੈ, ਜਿਸ 'ਤੇ ਅਸੀਂ ਇਤਰਾਜ ਨਹੀਂ ਕਰ ਸਕਦੇ, ਜਿਸਦੇ ਨਾਲ ਅਸੀਂ ਗੁੱਸੇ ਨਹੀਂ ਹੁੰਦੇ। ਏਸ ਗੱਲ ਨੂੰ ਵੇਖ ਕੇ ਥੋੜ੍ਹਾ ਜਿਹਾ ਗਵਾਂਢੀਆਂ ਬਾਰੇ ਵੀ ਸੋਚ ਲੈਣਾ ਚਾਹੀਦੈ। ਮੇਰਾ ਕਿਸੇ ਨਾਲ ਝਗੜਾ ਹੈ—ਆਪਣੇ ਭਰਾ ਨਾਲ, ਜਾਂ ਹੋਰ ਕਿਸੇ ਨਾਲ ਉਹਨਾਂ ਨਾਲ ਥੋੜ੍ਹਾ-ਜਿਹਾ ਵਿਚਾਰ-ਸਾਂਝਾ ਕਰ ਲੈਣਾ ਚਾਹੀਦੈ।"

"ਮੈਨੂੰ ਆਖਿਆ ਗਿਆ ਸੀ ਜ਼ਰੂਰ ਕੁਛ ਆਖਾਂ, ਅੱਜ ਦੁਨੀਆ ਦੀ ਹਾਲਤ ਕਿਸ ਤਰ੍ਹਾਂ ਦੀ ਬਣੀ ਐ। ਈਰਖਾ ਦੀ ਅੱਗ, ਹਵਸ, ਕਿਸੇ ਵੀ ਢੰਗ ਨਾਲ ਭਾਵੇਂ ਉਹ ਗੁਰਦੁਆਰੇ ਦੇ ਰੂਪ 'ਚ ਹੈ ਭਾਵੇਂ ਮੰਦਰ ਦੇ ਰੂਪ 'ਚ ਹੈ, ਧਰਮ ਦੇ ਵਿਚ ਆ ਕੇ, ਮਸੀਤ ਦੇ ਰੂਪ ਵਿਚ ਹੈ, ਮੇਰੀ ਮਸੀਤ ਜਿਹੜੀ ਐ ਉਸ ਮਸੀਤ ਨਾਲੋਂ ਉਚੀ ਚਾਹੀਦੀ ਐ। ਮੇਰੀ ਮਸੀਤ ਦੀ ਬਾਂਗ ਜਿਹੜੀ ਐਂ ਉਹਦੇ ਨਾਲੋਂ ਵੱਡੀ ਹੋਵੇ, ਮੇਰੇ ਗੁਰਦੁਆਰੇ ਦਾ ਸਪੀਕਰ ਹੈ ਜਿਹੜਾ ਦੂਜੇ ਗੁਰਦੁਆਰੇ ਨਾਲੋਂ ਬਹੁਤ ਵੱਡਾ ਹੋਵੇ, ਮੇਰੇ ਮੰਦਰ ਦੇ ਪੁਜਾਰੀ ਨੇ ਜਿਹੜੇ ਉਹ ਸਭ ਤੋਂ ਵਧੀਆ ਕਥਾਕਾਰ ਹੋਣ। ਪਰ ਅੰਦਰਲੀ ਚੀਜ਼ ਜਿਹੜੀ ਐ—ਸਤਿਗੁਰਾਂ ਨੇ ਹੁਕਮ ਦਿਤੈ—ਗੁਰੂ ਨਾਨਕ ਸੱਚੇ ਪਾਤਸ਼ਾਹ ਨੇ—ਇਹ ਵੇਖ ਲਉ ਉਚੀ ਮਸੀਤ ਨਾਲ ਜਾਂ ਉਚੀ ਅਵਾਜ਼ ਨਾਲ ਜਾਂ ਬਹੁਤ ਸੋਧ ਰਖਣ ਨਾਲ ਕਾਹਦੇ ਨਾਲ ਹੁੰਦੈ "ਭਰੀਐ ਮਤਿ ਪਾਪਾ ਕੈ ਸੰਗਿ। ਓਹ ਧੋਪੈ ਨਾਵੈ ਕੈ ਰੰਗਿ।"

"ਲਾਉਡ ਸਪੀਕਰ ਉਨ੍ਹਾਂ ਕੁ ਅਵਾਜ਼ ਵਿਚ ਲਾਵੋ, ਜਿੰਨਾ ਕੁ ਆਪ ਨੂੰ ਸੁਣੇ, ਦੂਜੇ distrub (ਪਰੇਸ਼ਾਨ) ਨਾ ਹੋਣ, ਕਈ ਵਾਰ ਸਪੀਕਰ 'ਚ ਇਤਨੀ ਜ਼ੋਰ ਦੀ ਅਵਾਜ਼ ਹੁੰਦੀ ਹੈ ਜਿਵੇਂ ਬਾਹਰ ਵਾਲਿਆਂ ਨੂੰ ਸੁਨਾਉਣ ਲਈ ਲਾਇਆ ਹੋਵੇ।"

## ਗਲਤ ਨਾ ਖਾਓ

"ਜਿੰਨੇ ਸਾਡੇ ਦੁਨੀਆ ਦੇ ਧਰਮ ਨੇ, ਪਰਮਾਤਮਾ ਨੂੰ ਮਿਲਣ ਦੇ ਰਾਹ ਨੇ, ਸਾਰੇ ਧਰਮਾਂ ਵਿਚ ਅਸੀਂ ਜੇ ਇਹ ਗੱਲ ਕਰ ਸਕੀਏ, ਕੋਈ ਮਾਸ ਸ਼ਰਾਬ ਖਾਣ-ਪੀਣ ਵਾਲਾ ਜਿਹੜਾ ਹੈ, ਜਿਹੜਾ ਸਾਡੇ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੈ, ਉਹਦੇ ਘਰ ਦਾ, ਹੱਥ ਦਾ, ਅੰਨ ਪਾਣੀ ਨਾ ਖਾਵੇ, ਬਗੈਰ ਲਾਉਡ ਸਪੀਕਰ ਦੇ, ਬਗੈਰ ਕਿਸੇ ਸਭਾ ਰਚਨ ਦੇ ਬਹੁਤ ਵੱਡਾ ਪ੍ਰਚਾਰ ਇਸਦਾ ਹੋ ਸਕਦਾ ਹੈ।"

"ਕਈ ਕਹਿੰਦੇ ਨੇ ਖਾਣ-ਪੀਣ 'ਚ ਕੀ ਪਿਆ ਏ? ਹਰੇਕ ਦਾ ਖਾ ਪੀ ਲੈਣਾ ਚਾਹੀਦਾ ਹੈ।

ਖਾਣਾ ਪੀਣਾ ਤੇ ਇਕ ਐਸੀ ਚੀਜ਼ ਹੈ ਜਿਹੜਾ ਅੰਦਰ ਜਾਂਦਾ ਹੈ। ਕਿਸੇ ਦੀ ਗਲਤ ਕਿਰਤ ਕੀਤੀ ਸਾਡੇ ਅੰਦਰ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਇਹ ਹੁਕਮ:-

*ਜਹਾਂ ਤਹਾਂ ਕਾ ਛਕਹਿ ਪ੍ਰਸਾਦਿ॥*
*ਸਿੱਖ ਨਹੀਂ ਮੇਰਾ ਆਦਿ ਜੁਗਾਦਿ॥*
*ਜਾਕੀ ਰਹਤਿ ਨਾ ਜਾਣੀਐ ਗੁਰਮੰਤ੍ਰ ਨਹੀ ਚੀਤ॥*
*ਉਨਕਾ ਭੋਜਨ ਖਾਇਕੈ ਬਿਸਰਹਿ ਹਰਿ ਸਿਉ ਪ੍ਰੀਤ।*

ਇਹ ਤਾਂ ਅੰਦਰ ਜਾਣ ਵਾਲੀ ਚੀਜ਼ ਐ। ਪਰ ਤੁਸੀਂ ਸੱਚ ਦੱਸੋ ਜੇ ਤੁਸੀਂ ਬਜ਼ਾਰ ਵਿਚ ਜਾਂਦੇ ਹੋ, ਕਿਸੇ ਸਾਧੂ ਨੂੰ ਦੇਖਦੇ ਹੋ, ਤੁਹਾਡਾ ਮਨ ਕਿਸ ਤਰ੍ਹਾਂ ਦਾ ਬਣਦੈ? ਜੇ ਸਿਨੇਮੇ ਦੀ ਤਸਵੀਰ ਲਗੀ ਤੁਸੀਂ ਵੇਖਦੇ ਹੋ, ਤੁਹਾਡੇ ਅੰਦਰ ਤੇ ਨਹੀਂ ਜਾਂਦੀ, ਲੇਕਿਨ ਉਹ ਕੀ ਕੁਝ ਅੰਦਰ ਕਰ ਦਿੰਦੀ ਹੈ? ਇਹ ਤੁਸੀਂ ਸੋਚ ਲਉ। ਕੰਨਾਂ ਨਾਲ ਅਸੀਂ ਗਲਤ ਅਵਾਜ਼ਾਂ ਸੁਣਦੇ ਹਾਂ, ਸਾਡੇ ਅੰਦਰ ਕਿਸ ਤਰ੍ਹਾਂ ਦੀ ਖਲਬਲੀ ਪੈਦਾ ਹੁੰਦੀ ਹੈ? ਏਸੇ ਵਾਸਤੇ ਸਤਿਗੁਰਾਂ ਨੇ ਬਾਣੀ 'ਚ ਲਿਖਿਐ—

*ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥*
*ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥"*

"ਮਾਸ-ਸ਼ਰਾਬ ਖਾਣ ਪੀਣ ਵਾਲਿਆਂ ਨੂੰ ਇਹ ਨਾ ਖਾਣ-ਪੀਣ ਲਈ ਪਰੇਰੋ ਕਿਉਂਕਿ ਮਾਸ ਸ਼ਰਾਬ ਨਾਮ ਸਿਮਰਨ ਵਿਚ ਅੜਿੱਕਾ ਪੈਦਾ ਕਰਦਾ ਹੈ। ਸਿੱਖਾਂ ਦਾ ਕੰਮ ਮਾਸ ਤੇ ਸ਼ਰਾਬ ਖਾਣ-ਪੀਣ ਦਾ ਨਹੀਂ। ਭਾਵੇਂ ਉਹ ਨਾਮਧਾਰੀ ਹੋਵੇ ਜਾਂ ਦੂਸਰਾ ਸਿੱਖ।"

**ਪੜ੍ਹਨ, ਲਿਖਣ ਬਾਰੇ**

"ਸੁਚੱਜੇ ਲੇਖਕ, ਕਵੀ, ਬੁਲਾਰੇ ਬਹੁਤ ਵੱਡਾ ਧਨ ਨੇ ਦੇਸ਼ ਦਾ। ਏਦੂੰ ਵੱਡਾ ਧਨ ਉਹ ਨੇ ਜਿਹੜੇ ਇਨ੍ਹਾਂ ਦੀਆਂ ਗੱਲਾਂ ਮੰਨ ਕੇ ਤੁਰ ਪੈਣ।"

"ਜਿਹੜੇ ਆਦਮੀ ਖੋਜ ਕਰਦੇ ਨੇ, ਕਿਤਾਬਾਂ ਪੜ੍ਹਦੇ ਨੇ, ਕਾਗਜ਼ ਵੇਖਦੇ ਨੇ, ਉਹਨਾਂ ਨੂੰ ਪਤੈ ਉਹਨਾਂ ਦਾ ਕਿੰਨਾ ਜ਼ੋਰ ਲਗਦਾ ਹੈ, ਸਿਰ ਦਾ, ਅੱਖਾਂ ਦਾ, ਕਿੰਨੀ ਥਕਾਵਟ ਹੋ ਜਾਂਦੀ ਹੈ।...ਲਿਖੀ ਹੋਈ ਚੀਜ਼ ਰਹਿ ਜਾਂਦੀ ਹੈ, ਪਤਾ ਨਹੀਂ ਕਦੋਂ ਲਿਖਣ ਵਾਲੇ ਤੇ ਪੜ੍ਹਨ ਸੁਨਣ ਵਾਲੇ ਨੇ ਚਲੇ ਜਾਣਾ ਹੈ।"

"ਜਿਹੜਾ ਇਤਿਹਾਸ ਜਿਸ ਵਾਸਤੇ ਲਿਖਿਆ ਜਾਵੇ ਉਹਦੇ ਨੇੜੇ-ਤੇੜੇ ਜਾ ਕੇ ਉਹਦੇ ਵਿਚ ਪਹੁੰਚ ਕੇ ਲਿਖਿਆ ਜਾਵੇ, ਉਹਦਾ ਕੋਈ ਦੂਸਰਾ ਸਾਨੀ ਨਹੀਂ ਹੁੰਦਾ।"

"ਉਹ ਪੁਸਤਕਾਂ ਨਾ ਪੜ੍ਹੀਆਂ ਜਾਣ ਜਿਹੜੀਆਂ ਸਾਡੇ ਸਮਾਜ ਤੋਂ ਸਾਨੂੰ ਦੂਰ ਲੈ ਜਾਣ।

ਜਿਹੜੀਆਂ ਨੇੜ੍ਹੇ ਲਿਆਉਣ ਉਹਨਾਂ ਨੂੰ ਧਿਆਨ ਵਿਚ ਲਿਆਉਣਾ ਚਾਹੀਦੈ. ਮੈਂ ਅਰਜ਼ ਕਰਾਂਗਾ—'ਸਤਿਜੁਗ', 'ਨਿਰੀਖਿਅਕ', 'ਵਰਿਆਮ', 'ਯੁਗ-ਮਰਿਆਦਾ', ਹਰ ਘਰ ਦੇ ਵਿਚ ਇਹ ਪਰਚੇ ਪੂਰੇ ਫਾਈਲ ਦੇ ਮੁਤਾਬਿਕ ਹੋਣੇ ਚਾਹੀਦੇ ਹਨ। ਕਿਸੇ ਨਾ ਕਿਸੇ ਵੇਲੇ ਉਹਨਾਂ ਨੂੰ ਪੜ੍ਹਦੇ ਰਹਿਣਾ ਚਾਹੀਦੈ। ਜੇ ਤੁਸੀਂ ਘਰ ਵਿਚ ਰੱਖੋਗੇ, ਕੋਈ ਆ ਕੇ ਵੀ ਉਹਨਾਂ ਨੂੰ ਪੜ੍ਹ ਲੈਂਦੈ।"

"ਸਾਧੂਆਂ ਦੇ ਜੀਵਨ ਪੜ੍ਹੋ, ਸਤਿਗੁਰਾਂ ਦੇ ਬਚਨ ਪੜ੍ਹੋ, ਜਿਸਦੇ ਨਾਲ ਸਾਡਾ ਮਨ ਇਸ ਪਾਸੇ ਲੱਗੇ ਤੇ ਸਾਡੀ ਜੀਵਨ-ਯਾਤਰਾ ਸਫਲ ਹੋਵੇ।"

"ਰਹਿਤਨਾਮਾ ਸਤਿਗੁਰੂ ਰਾਮ ਸਿੰਘ ਜੀ ਦਾ ਜ਼ਰੂਰ ਪੜ੍ਹਿਆ ਕਰੋ। ਰੋਜ਼ ਧਿਆਨ ਨਾਲ ਪੜ੍ਹੀਏ, ਤਾਂ ਕੁਝ ਨਾ ਕੁਝ ਗੱਲ ਦਾ ਅਸਰ ਸਾਡੇ 'ਤੇ ਹੁੰਦੈ।"

"ਪੁਸਤਕਾਂ ਬਹੁਤ ਸਾਰੀਆਂ ਲਿਖੀਆਂ ਹੋਈਆਂ ਨੇ, ਬੜੇ ਤਰੀਕੇ ਲਿਖੇ ਨੇ ਕਿਤਾਬਾਂ ਦੇ ਵਿਚ ਪਰ ਉਨ੍ਹਾਂ ਕਿਤਾਬਾਂ ਨੂੰ ਰਚਨ ਵਾਲੇ, ਉਨ੍ਹਾਂ ਕਿਤਾਬਾਂ ਦੇ ਚਲਾਉਣ ਵਾਲੇ ਜਿੰਨਾ ਚਿਰ ਦੇਹ ਧਾਰ ਕੇ ਨਹੀਂ ਆਉਂਦੇ ਉਨਾਂ ਚਿਰ ਉਨ੍ਹਾਂ ਕਿਤਾਬਾਂ ਦਾ ਕੋਈ ਫਾਇਦਾ ਨਹੀਂ। ਏਨੇ ਮਾਸਟਰ ਰੱਖੇ ਨੇ, ਕੀ ਫਾਇਦਾ ਹੈ ਏਨੇ ਮਾਸਟਰਾਂ ਦਾ? ਜੇ ਕਿਤਾਬਾਂ ਨੇ ਹੀ ਪੜ੍ਹਾ ਦੇਣਾ ਹੋਵੇ।"

'ਜੇ ਦੁਨਿਆਵੀ ਪੜ੍ਹਾਈ ਲਈ ਮਾਸਟਰਾਂ ਦੀ ਲੋੜ ਪੈਂਦੀ ਹੈ ਤਾਂ ਜਿਸ ਪੜ੍ਹਾਈ ਨੇ ਸਾਨੂੰ ਐਸ ਸੰਸਾਰ 'ਚੋਂ, ਸਮੁੰਦਰ ਸਾਗਰ ਤੋਂ ਪਾਰ ਕਰਨਾ ਹੈ ਤਾਂ ਉਸ ਪੜ੍ਹਾਈ ਲਈ ਸਾਨੂੰ ਕਿਵੇਂ ਦੇਹਧਾਰੀ ਦੀ ਲੋੜ ਨਹੀਂ?"

"ਮਨੁੱਖ ਨੂੰ ਆਤਮਕ ਸ਼ਾਂਤੀ ਦੇਹਧਾਰੀ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ।"

"ਹੋਰ ਪੜ੍ਹਾਈ ਜਿੰਨੀ ਮਰਜੀ ਪੜ੍ਹੀ ਜਾਵੇ। ਪਰ ਇਹਦੇ ਬਿਨਾਂ ਕੁਝ ਨਹੀਂ ਹੋ ਸਕਦਾ,
'ਜੋ ਪ੍ਰਾਣੀ ਗੋਬਿੰਦ ਧਿਆਵੈ,
ਪੜ੍ਹਿਆ ਅਨਪੜ੍ਹਿਆ ਪਰਮ ਗਤਿ ਪਾਵੈ।"

"ਅੱਖਰਾਂ 'ਚੋਂ ਪ੍ਰੇਮ ਨਹੀਂ ਮਿਲਦਾ"

"ਕੋਈ ਆਂਹਦਾ—ਮੈਂ ਮੁੰਡੇ ਨੂੰ ਬੀ.ਏ. ਪੜ੍ਹਾ ਲੈਣਾ ਹੈ, ਐਮ.ਏ. ਕਰਾ ਲੈਣਾ ਹੈ, ਵਲੈਤ ਭੇਜ ਦੇਣਾ ਹੈ। ਗੁਰਮੁਖੀ ਦੇ ਅੱਖਰ ਹੀ ਨਾ ਆਉਂਦੇ ਹੋਣ, ਅਰਦਾਸ ਹੀ ਨਹੀਂ ਆਉਂਦੀ। ਇਹ ਕੋਈ ਤਰੀਕਾ ਹੈ ਸਿੱਖੀ ਦਾ? ਸਤਿਗੁਰਾਂ ਦੇ ਉਪਦੇਸ਼ 'ਚ ਤੁਸਾਂ ਸੁਣਿਐ ਕਿ ਪੱਗਾਂ ਸਾਡੇ ਨਾਲੋਂ ਵੱਧ ਸਿੰਧੀਆਂ ਪਾਰਸੀ ਬੜੀਆਂ ਬੰਨ੍ਹਦੇ ਨੇ। ਦਾੜ੍ਹੀਆਂ ਕਈ ਮੁਸਲਮਾਨਾਂ ਦੀਆਂ, ਇਸਾਈਆਂ ਦੀਆਂ ਬੜੀਆਂ ਵੱਡੀਆਂ-ਵੱਡੀਆਂ, ਸਾਡੇ ਨਾਲੋਂ ਭਾਰੀਆਂ ਨੇ। ਇਹ ਰੱਖਣੀਆਂ ਨੇ ਅਸਾਂ। ਪਰ ਨਾਲ ਹੀ ਤੱਥ ਦੀ ਗੱਲ ਜੇਹੜੀ ਹੈ ਉਹ ਵੀ ਅਸਾਂ ਪ੍ਰਾਪਤ ਕਰਨੀ ਹੈ।"

"ਅਰਦਾਸ ਕਰੋ ਜੋ ਕੀਰਤਨ ਦੇ ਵਿਚ ਹੁੰਦੈ, ਉਹ ਕੁਛ ਸਾਡੇ ਮਨ 'ਤੇ ਵੀ ਵੱਸੇ ਤਾਂ ਕਿ ਰੱਬ ਨਾਂ ਦੀ, ਖੁਦਾ ਨਾਂ ਦੀ, ਅਕਾਲ ਪੁਰਖ ਨਾਂ ਦੀ, ਸਤਿਗੁਰੂ ਨਾਂ ਦੀ ਜਿਹੜੀ ਚੀਜ਼ ਹੈ ਉਹ

ਸਾਡੇ ਵੀ ਅੰਦਰ ਜਾਵੇ। ਜਿਹਦੇ ਨਾਲ ਸਾਰਾ ਸੰਸਾਰ ਤੁਰਿਆ ਫਿਰਦੈ ਸਾਨੂੰ ਪਤਾ ਹੀ ਨਹੀਂ ਉਹਦਾ। ਉਹ ਕਿੱਥੇ ਹੈ? ਕੁਛ ਸਾਨੂੰ ਵੀ ਪਤਾ ਲੱਗੇ ਉਹਦਾ।

ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥
ਤਿਸਹਿ ਧਿਆਇ ਸਦਾ ਮਨ ਅੰਦਰਿ॥"

"ਜੋ ਕੁਝ ਤੁਸੀਂ ਸਕੂਲ ਕਾਲਜ ਜਾ ਕੇ ਪੜ੍ਹਦੇ ਹੋ, ਉਹਦਾ ਪੂਰੀ ਤਰ੍ਹਾਂ ਮਤਲਬ ਜਾਨਣ ਦੀ ਕੋਸ਼ਿਸ਼ ਕਰਦੇ ਹੋ। ਜਿਹੜੀਆਂ ਤੁਸਾਂ ਲਾਵਾਂ ਸੁਣੀਆਂ ਹਨ, ਵਿਆਹ ਦੇ ਵੇਲੇ, ਇਹਨਾਂ ਨੂੰ ਪੂਰੀ ਤਰ੍ਹਾਂ ਜਾਨਣ ਦੀ ਕੋਸ਼ਿਸ਼ ਕਰੋ ਕਿ ਇਹਦੇ ਵਿਚ ਕੀ ਕੁਛ ਲਿਖਿਐ...ਉਹਦੇ ਵਿਚ ਸਤਿਗੁਰਾਂ ਨੇ ਸਾਨੂੰ ਬ੍ਰਹਮ ਨੂੰ ਦ੍ਰਿੜ ਕਰਨ ਵਾਸਤੇ, ਭਗਤੀ ਵਾਲੇ ਪਾਸੇ ਲਾਇਆ ਹੈ।"

**ਮਰਗਦ ਮਗਰੋਂ, ਰੋਵੋ ਨਾ**

"ਜਦੋਂ ਕੋਈ ਸਰੀਰ ਚੜ੍ਹਾਈ ਕਰ ਜਾਵੇ—ਉਹਦੇ ਪਿਛੇ ਰੋਣਾਂ ਪਿੱਟਣਾ ਨਹੀਂ, ਸਾਨੂੰ ਰੋਣ ਦਾ ਹੁਕਮ ਨਹੀਂ। ਰੋਣ ਨਾਲ ਇਕ ਤਾਂ ਆਪਣੇ ਸਰੀਰ ਨੂੰ ਨੁਕਸਾਨ ਹੁੰਦਾ ਹੈ, ਦੂਜਾ ਪਰਮੇਸ਼ਰ 'ਤੇ ਬੇਮੁਖੀ ਹੁੰਦੀ ਹੈ ਤੇ ਜਾਣ ਵਾਲੇ ਨੂੰ ਵੀ ਤਕਲੀਫ ਹੁੰਦੀ ਹੈ। ਸੀਂਢ ਤੇ ਰੋਣ ਦਾ ਪਾਣੀ ਜਿਹੜਾ ਉਸ ਪ੍ਰਾਣੀ ਤੇ ਡਿਗਦਾ ਹੈ—ਪ੍ਰਾਣੀ ਆਂਹਦੈ—ਹੇ ਅਕਾਲ ਪੁਰਖ ਇਨ੍ਹਾਂ ਦਾ ਕੋਈ ਹੋਰ ਮਰੇ ਤੇ ਮੇਰਾ ਪਿੱਛਾ ਛੱਡਣ 'ਮਤਿ ਮੈ ਪਿਛੈ ਰੋਵਸੀ ਸੋ ਮੈ ਮੂਲਿ ਨ ਭਾਇਆ।' ਇਹ ਸਾਡੇ ਫੈਦੇ ਲਈ ਸਤਿਗੁਰਾਂ ਲਿਖਿਆ ਹੈ।"

"ਜਦੋਂ ਕੋਈ ਸਰੀਰ ਚੜ੍ਹਾਈ ਕਰ ਜਾਵੇ, ਉਸਦੇ ਨੇਤਰ ਦਾਨ ਕਰੋ। ਚੜ੍ਹਾਈ ਕਰਨ ਤੋਂ ਬਾਅਦ ਉਸ ਦੀਆਂ ਅੱਖਾਂ ਉਪਰ ਬਰਫ ਦੀ ਪੋਟਲੀ ਰਖ ਦਿਉ ਤੇ ਚੌਵੀ ਘੰਟੇ ਦੇ ਵਿਚ ਕਿਸੇ ਵੀ ਡਾਕਟਰ ਨੂੰ ਲਿਆ ਕੇ ਉਸ ਦੀਆਂ ਅੱਖਾਂ ਦਾਨ ਕਰ ਦਿਉ।"

"ਸਰੀਰਕ ਅੰਗ, ਨੇਤ੍ਰ, ਤੁਹਾਨੂੰ ਬੈਂਕਾਂ ਵਿਚੋਂ ਮਿਲ ਜਾਣਗੇ ਪਰ ਉਹ ਨੇਤ੍ਰ ਤਪੱਸਵੀਆਂ ਤੋਂ ਬਿਨਾਂ ਨਹੀਂ ਮਿਲ ਸਕਦਾ, ਜਿਹੜਾ ਸਾਨੂੰ ਅਗਿਆਨ ਰੂਪੀ ਅੰਧੇਰਾ ਕੱਟ ਕੇ, ਗਿਆਨ ਰੂਪੀ ਚਾਨਣ ਦਿੰਦਾ ਹੈ, ਉਸ ਦਾ ਕੋਈ ਮੁੱਲ ਨਹੀਂ। ਇਹ ਐਸਾ ਗਿਆਨ ਹੈ ਜੋ ਵਿਸ਼ (ਜ਼ਹਿਰ) ਨੂੰ ਅੰਮ੍ਰਿਤ ਵਿਚ ਬਦਲ ਦੇਂਦਾ ਹੈ, ਇਹ ਐਸਾ ਗਿਆਨ ਹੈ ਜਿਹਦੇ ਨਾਲ ਐਸ ਸੰਸਾਰ 'ਤੇ ਵੀ ਸੁਖ ਲੈਂਦਾ ਹੈ ਆਦਮੀ, ਐਸ ਸੰਸਾਰ ਤੋਂ ਜਾਣ ਤੋਂ ਬਾਅਦ ਵੀ ਉਸ ਨੂੰ ਬਹੁਤ ਅੱਛੀ ਜਗ੍ਹਾ ਮਿਲਦੀ ਹੈ।"

## ਨਿਰਲੇਪ ਤੇ ਤਕੜਾ ਮਨ

"ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥' ਮਿਸਾਲ ਦਿਤੀ ਐ— ਫੁੱਲ ਜਿਹੜਾ ਹੈ ਪਾਣੀ ਵਿਚ ਰਹਿਕੇ, ਕਮਲ ਫੁੱਲ ਦਾ ਜਿਹੜਾ ਪੱਤਾ ਹੈ ਉਹਨੂੰ ਫੜਕੇ ਤੁਸੀਂ ਓਹਦੇ ਉਤੇ ਪਾਣੀ ਸੁਟ ਦਿਓ। ਪਾਣੀ ਗੋਲੀ ਬਣ ਕੇ ਰਿੜ੍ਹਿਆ ਫਿਰਦੈ-ਉਹਦੇ 'ਤੇ ਰਤਾ ਅਸਰ ਨਹੀਂ ਹੁੰਦਾ। ਰਾਤ ਦਿਨ ਉਹ ਪਾਣੀ ਵਿਚ ਰਹਿੰਦੈ।"

"ਕੁਦਰਤ ਨੇ ਸਾਡੇ ਲਈ ਕਿਵੇਂ ਜੰਗਲ, ਪਹਾੜ, ਝਰਨੇ, ਦਰਿਆਵਾਂ ਆਦਿ ਦਾ ਤਾਣਾ-ਬਾਣਾ ਤਣ ਰੱਖਿਆ ਹੈ ਤਾਂ ਕਿ ਦੁਨੀਆ ਵਿਚ ਸਾਡਾ ਦਿਲ ਵੀ ਲੱਗਾ ਰਹੇ ਅਤੇ ਇਹਨਾਂ ਦੁਆਰਾ ਕੰਮ ਕਾਰ ਵੀ ਮਿਲਿਆ ਰਹੇ।"

"ਅਰਦਾਸ ਕਰਿਆ ਕਰੋ ਸਤਿਗੁਰੂ ਦੇ ਚਰਨਾਂ 'ਚ ਬਈ ਸਾਡਾ ਮਨ ਇਸ ਤਰ੍ਹਾਂ ਦਾ ਬਣੇ ਬਈ ਜਿਵੇਂ ਅਸੀਂ ਦੁਕਾਨ ਦੇ ਵਿਹਾਰ 'ਚ ਬੈਠੇ ਹੁੰਦੇ ਹਾਂ ਕੋਈ ਸਾਡੇ ਕੋਲੋਂ ਦੀ ਲੰਘ ਜਾਵੇ, ਸਾਨੂੰ ਕੋਈ ਪਤਾ ਨਹੀਂ ਹੁੰਦਾ। ਸਾਡਾ ਮਨ ਸਤਿਗੁਰਾਂ ਦੇ ਚਰਨਾਂ ਨਾਲ ਜੁੜਿਆ ਰਹੇ ਤੇ ਕੋਈ ਵਿਹਾਰ, ਕੋਈ ਬੰਦਾ, ਕੋਈ ਰੌਲਾ ਪਾਈ ਜਾਵੇ। ਅਭਿਆਸ ਕਰਦਿਆਂ ਕਰਦਿਆਂ ਬਿਰਤੀ ਉਸੇ ਤਰ੍ਹਾਂ ਦੀ ਬਣ ਜਾਂਦੀ ਹੈ।"

"ਜੇ ਮਨ ਸਾਡਾ ਤਕੜਾ ਹੋਵੇਗਾ ਤਾਂ ਹੀ ਅਸੀਂ ਵਿਕਾਰਾਂ ਤੋਂ ਬਚ ਸਕਾਂਗੇ। ਜੇ ਮਨ ਤਕੜਾ ਹੋਵੇਗਾ ਤਾਂ ਹੀ ਸਿੱਖੀ ਵਾਲੇ ਪਾਸੇ, ਸਤਿਗੁਰਾਂ ਦੇ ਚਰਨਾਂ ਵਿਚ ਲਗ ਸਕਾਂਗੇ। ਜੇ ਸਾਡਾ ਮਨ ਤਕੜਾ ਹੋਵੇਗਾ ਤਾਂ ਹੀ ਅਸੀਂ ਦੇਸ਼ ਦੀ ਰਖਵਾਲੀ ਕਰ ਸਕਾਂਗੇ। ਮਨ ਹੀ ਤਕੜਾ ਹੋਵੇ ਤਾਂ ਹੀ ਸਾਡਾ ਭ੍ਰਿਸ਼ਟਾਚਾਰ ਤੋਂ ਬਚਾਅ ਹੋ ਸਕੇਗਾ। ਜੇ ਮਨ ਹੀ ਸਾਡਾ ਤਕੜਾ ਹੋਵੇਗਾ ਤਾਂ ਬਹੁਤ ਮਾੜੀਆਂ ਗੱਲਾਂ ਕਰਨ ਵਾਲਿਆਂ ਨੂੰ ਇਕ ਆਦਮੀ ਹੀ ਸਾਡਾ ਇਕੱਲਾ ਖਲੋ ਕੇ ਇਹ ਆਖ ਸਕੇਗਾ ਕਿ 'ਖਬਰਦਾਰ! ਇਹ ਗੱਲ ਨਹੀਂ ਕਰਨੀ।"

"ਜਿਹੜਾ ਕਿਸੇ ਗੱਲ ਦੇ ਯੋਗ ਹੁੰਦਾ ਹੈ ਉਹ ਆਪਣੀ ਥਾਂ ਬਣਾ ਹੀ ਲੈਂਦਾ ਹੈ।"

"ਭੁੱਖੇ ਦੇ ਢਿੱਡ ਵਿਚ ਅੰਨ ਪਾਉਣ ਤੋਂ ਵੱਡਾ ਕੋਈ ਪੁੰਨ ਨਹੀਂ।"

"ਪ੍ਰਸ਼ਾਦੇ ਦੀ ਬੁਰਕੀ ਨੂੰ 64 ਵਾਰ ਚਿੱਥਣਾ ਚਾਹੀਦਾ ਹੈ, ਗੱਲ ਨੂੰ ਇਕੋ ਵਾਰ ਕਰਨਾ ਚਾਹੀਦਾ ਹੈ।"

## ਸਿਹਤ ਬਾਰੇ

"ਜਿਹੜੀ ਆਦਮੀ ਭੁੰਜੇ ਸੌਂਦਾ ਹੈ, ਉਹਨੂੰ ਪੇਟ ਦੀਆਂ ਕਈ ਬੀਮਾਰੀਆਂ ਨਹੀਂ ਹੁੰਦੀਆਂ। ਉਹਦਾ ਲੱਕ ਪੂਰਾ ਸਿੱਧਾ ਹੋ ਜਾਂਦਾ ਹੈ। ਇਹ ਤੁਹਾਨੂੰ ਪਤੈ ਕਿ ਜੇ ਕੋਈ ਆਦਮੀ ਬਿਮਾਰ ਹੋ ਜਾਏ, ਉਹਨੂੰ ਹੱਡੀ ਦੀ ਤਕਲੀਫ ਹੋਵੇ, ਲੱਕ ਦਾਂ ਤਕਲੀਫ ਹੋਵੇ, ਉਹਨੂੰ ਫਿਰ ਕਹਿੰਦੇ ਨੇ, ਤੂੰ

ਤਖ਼ਤਪੋਸ਼ 'ਤੇ ਸੌਂ, ਜਾਂ ਭੁੰਜੇ ਸੌਂ। ਜੇ ਪਹਿਲੋਂ ਹੀ ਇਸ ਤਰ੍ਹਾਂ ਸੌਂਵੇ ਤੇ ਫਿਰ ਉਹ ਬਿਮਾਰ ਨਹੀਂ ਹੁੰਦਾ।"

"ਸਵੇਰੇ ਦਾਤਣ ਕਰਨ ਤੋਂ ਬਾਅਦ ਮੂੰਹ ਵਿਚ ਪਾਣੀ ਭਰ ਕੇ ਅੱਖਾਂ ਪੂਰੀਆਂ ਖੋਲ੍ਹ ਕੇ ਚਾਲੀ ਚਾਲੀ ਵਾਰ ਪਾਣੀ ਦੇ ਛਿੱਟੇ ਮਾਰੋ, ਨਿਗਾਹ ਜਿੱਥੇ ਹੈ ਉਥੇ ਰਹੇਗੀ, ਅਗੋਂ ਘਟੇਗੀ ਨਹੀਂ।"

"ਜਿਨ੍ਹਾਂ ਦੇ ਅਗੇ ਦੋ-ਦੋ, ਤਿੰਨ-ਤਿੰਨ ਬੱਚੇ ਹੈਗੇ ਨੇ ਤੇ ਉਨ੍ਹਾਂ ਦਾ ਹੋਰ ਕਰਨ ਦਾ ਖਿਆਲ ਹੈ, ਉਹ ਅਰਦਾਸ ਕਰਨ ਕਿ ਮੇਰਾ ਉਨ੍ਹਾਂ ਨੂੰ ਮਿਲੇ, ਜਿਨ੍ਹਾਂ ਦਾ ਨਹੀਂ ਹੈਗਾ।"

"ਜੀਵ ਨੂੰ ਗਰਭ ਵਿਚ ਮਾਰਨ ਦੀ ਪ੍ਰਵਿਰਤੀ ਵਧ ਗਈ ਹੈ। ਇਸ ਗੱਲ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਕਿ ਗਰਭਪਾਤ ਦੇ ਪਾਪ ਤੋਂ ਬਿਲਕੁਲ ਬਚ ਕੇ ਰਹੋ, ਨਹੀਂ ਤੇ ਇਸ ਦੀ ਸਜ਼ਾ ਗੁਰੂ ਦਿੰਦਾ ਹੈ।"

"ਜੀਵਨ ਤੋਂ ਅੱਕਣਾ ਮੁਕਤੀ ਨਹੀਂ, ਮਰਨ ਨਾਲ ਵੀ ਮੁਕਤੀ ਨਹੀਂ ਹੁੰਦੀ। ਮਾਇਆ, ਮਮਤਾ ਨੂੰ ਛੱਡਣ ਨਾਲ ਮੁਕਤੀ ਹੁੰਦੀ ਹੈ।"

"ਥੋੜ੍ਹੀ ਕੀਮਤ ਦਾ ਥੋੜ੍ਹਾ ਜਿਹਾ ਬੀਜ,ਬਹੁਤ ਮੁੱਲ ਦਾ ਬੀਜ ਪੈਦਾ ਕਰ ਜਾਂਦਾ ਹੈ।

"ਕਿਸੇ ਜੀਅ ਦੀ ਯਾਦ ਕਾਲਜ ਬਣਾ ਕੇ ਜਾਂ ਮਕਾਨ ਬਣਾ ਕੇ ਨਹੀਂ ਰਹਿੰਦੀ, ਉਸ ਦੀ ਗੱਲ ਮੰਨਣ ਨਾਲ ਰਹਿੰਦੀ ਹੈ।"

"ਜਿਸ ਚੀਜ਼ ਨੂੰ, ਜਿਸ ਆਦਮੀ ਨੂੰ ਸਦਾ ਯਾਦ ਰਖੀਏ, ਉਹ ਉਸ ਤਰ੍ਹਾਂ ਨਾ ਮਿਲੇ ਤਾਂ ਸੁਪਨੇ ਵਿਚ ਮਿਲ ਜਾਂਦਾ ਹੈ।"

**ਦਸਵੰਧ ਬਾਰੇ**

"ਦਸਵੰਧ ਦੇਣਾ ਪੁੰਨ ਹੈ, ਆਪਣੀ ਸੁੱਚੀ-ਸੁੱਚੀ ਕਿਰਤ ਕਮਾਈ ਵਿਚੋਂ ਦਸਵੰਧ ਕੱਢੋ, ਇਸ ਨਾਲ ਕਮਾਈ ਵਿਚ ਬਰਕਤ ਪੈਂਦੀ ਹੈ।"

"ਆਪਣੀ ਕਮਾਈ ਵਿਚੋਂ ਦਸਵੰਧ ਜ਼ਰੂਰ ਕੱਢਿਆ ਕਰੋ। ਕਈ ਵੇਰਾਂ ਮਨ ਨਹੀਂ ਕਰਦਾ ਦਸਵੰਧ ਦੇਣ ਨੂੰ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਐ:-

*ਜੋ ਬਾਬੇ ਕੇ ਦਾਮ ਨ ਦੈ ਹੈ*

*ਉਨਕੇ ਗ੍ਰਿਹਿ ਬਾਬਰ ਕੇ ਲੈ ਹੈ॥*

ਅਸੀਂ ਵੇਖਦੇ ਹਾਂ ਬੜੇ ਬੜੇ ਪੈਸਿਆਂ ਵਾਲੇ ਜਿਹੜੇ ਦਸਵੰਧ ਨਹੀਂ ਕੱਢਦੇ ਉਹਨਾਂ ਦਾ ਕੀ ਕੀ ਹਾਲ ਹੁੰਦੈ? ਸੋ ਦਸਵੰਧ ਕੱਢਿਆ ਕਰੋ। ਜਿਹੜਾ ਪੈਸੇ ਏਧਰ ਲਗਣੈ, ਉਹ ਕਿਸੇ ਚੰਗੇ ਪਾਸੇ ਲਗੇਗਾ, ਨਾ ਉਹ ਸਿਨਮੇ ਵਿਚ ਲਗ ਸਕੇਗਾ ਤੇ ਨਾ ਹੋਰ ਮਾੜੇ ਪਾਸੇ ਜਾ ਕੇ ਲਗ ਸਕਦੈ।"

"ਤੁਸੀਂ ਤਕੜੇ ਹੋ ਕੇ ਉੱਦਮ ਕਰੋ, ਪਾਰਟੀਆਂ ਵਿਆਹਾਂ ਦੇ ਉਤੇ ਗਲਤ ਰਿਵਾਜ ਕਰਨੇ,

ਇਹ ਤਕੜੇ ਹੋ ਕੇ ਛੱਡੋ। ਇਹ ਅੰਗੁਣ ਸਾਡੇ ਵਿਚ ਹੌਲੀ-ਹੌਲੀ ਪਰਵਿਰਤ ਹੁੰਦੇ ਜਾ ਰਹੇ ਨੇ, ਫੇਰ ਕਢਣੇ ਬੜੇ ਔਖੇ ਹੋ ਜਾਣਗੇ। ਪਹਿਲੋਂ ਹੀ ਮੁਕਾਓ ਇਹਨਾਂ ਦਾ ਕੰਮ। ਸਤਿਗੁਰਾਂ ਦੇ ਹੁਕਮਾਂ 'ਤੇ ਚਲੋ।"

## ਸਤਿਗੁਰੂ ਤੇ ਸਿੱਖ

"ਸਤਿਗੁਰੂ ਸ਼ਬਦ ਬਹੁਤ ਵਿਆਪਕ ਹੈ। ਜਿਵੇਂ ਅਕਾਸ਼ ਦੀ ਅਨੰਤਤਾ ਦਾ ਥਹੁ ਪਤਾ ਨਹੀਂ ਜਿੰਨਾ ਕੁ ਗਿਆਨ ਹੁੰਦਾ ਹੈ, ਦੱਸਿਆ ਜਾਂਦਾ ਹੈ। ਸਮੁੰਦਰ ਅਸਗਾਹ ਹੈ, ਜਿੰਨਾ ਕੁ ਇਨਸਾਨ ਨੂੰ ਪਤਾ ਲਗਦਾ ਹੈ ਦੱਸਦਾ ਹੈ। ਇਵੇਂ ਹੀ ਸਤਿਗੁਰੂ ਦੀ ਅਨੰਤਤਾ ਦਾ ਥਹੁ ਪਤਾ ਲਾਉਣਾ ਕਠਿਨ ਹੈ। ਜੋ ਕੁਝ ਇਨਸਾਨ ਦੀ ਸਮਝ ਵਿਚ ਆਉਂਦਾ ਹੈ, ਉਹ ਹੀ ਦੱਸਿਆ ਜਾਂਦਾ ਹੈ। ਮਿਸ਼ਰੀ ਦੇ ਪਹਾੜ ਵਿਚੋਂ ਕੀੜੀ ਕਿੰਨਾ ਕੁ ਚੱਖ ਸਕਦੀ ਹੈ?"

"ਸਤਿਗੁਰੂ ਨੂੰ ਧੰਨ ਆਖਣ ਨਾਲ ਉਹ ਕੰਮ ਹੁੰਦਾ ਹੈ, ਜੋ ਸਾਕ, ਮਿੱਤਰ, ਫੌਜ ਤੇ ਪੁਲਿਸ ਵੀ ਨਹੀਂ ਕਰ ਸਕਦੀ। 'ਜਿਨੀ ਤੁਧਨੋ ਧੰਨ ਕਹਿਆ, ਤਿਨ ਜਮ ਨੇੜਿ ਨ ਆਇਆ' ਦੇ ਮਹਾਂਵਾਕ ਅਨੁਸਾਰ ਜਿਸ ਵੇਲੇ ਜਮ ਆਉਂਦੇ ਹਨ, ਉਸ ਵੇਲੇ ਬਗੈਰ ਸਤਿਗੁਰੂ ਤੋਂ ਹੋਰ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ।"

"ਗੁਰੂ ਨਾਨਕ ਦੇਵ ਜੀ ਨੇ ਗੱਦੀ-ਰਾਜ ਯੋਗ ਚਲਾਇਆ, ਉਹ ਆਪਣੇ ਥਾਂ ਆਪਣੀ ਮਿਸਾਲ ਹੈ। ਵੈਸੇ ਕੋਈ ਵੀ ਗੁਰੂ ਜਿਹੜੇ ਆਉਂਦੇ ਹਨ, ਪਹਿਲੋਂ ਤੋਂ ਅਗਲਾ, ਉਹ ਸਤਿਗੁਰਾਂ ਦੀ ਏਸੇ ਤਰ੍ਹਾਂ ਹੀ ਕਿਰਪਾ ਹੁੰਦੀ ਹੈ ਬਈ ਪਹਿਲੇ ਤੋਂ ਅਗਲਾ ਉਹ ਚੜ੍ਹਦੀ ਤੋਂ ਚੜ੍ਹਦੀ ਕਲਾ ਵਾਲੀ ਹੀ ਗੱਲ ਹੁੰਦੀ ਹੈ।"

"ਜਦੋਂ ਸ੍ਰਿਸ਼ਟੀ ਨਹੀਂ ਸੀ, ਉਦੋਂ ਵੀ ਸਤਿਗੁਰੂ ਹੈ ਸੀ, ਜਦੋਂ ਸ੍ਰਿਸ਼ਟੀ ਨਹੀਂ ਰਹੇਗੀ, ਸਤਿਗੁਰੂ ਉਦੋਂ ਵੀ ਹੋਵੇਗਾ ਅਤੇ ਮੌਜੂਦਾ ਵੀ ਹੈ। ਸਤਿਗੁਰੂ ਦੀ ਗੁਰਬਾਣੀ ਵਿਚ ਏਨੀ ਤਾਰੀਫ ਲਿਖੀ ਹੈ ਕਿ 'ਗੁਰ ਪਰਮੇਸਰੁ ਏਕੋ ਜਾਣੁ।"

"ਸੂਰਜ ਨੂੰ ਸਾਰਾ ਸੰਸਾਰ ਸੂਰਜ ਨਾ ਕਹੇ, ਉਸ ਨੇ ਸੂਰਜ ਨਹੀਂ ਹਟਣਾ, ਉਸ ਨੇ ਸੂਰਜ ਹੀ ਰਹਿਣਾ ਹੈ।"

"ਸਤਿਗੁਰੂ ਨੂੰ ਕੋਈ ਮੰਨੇ ਨਾ ਮੰਨੇ, ਸਤਿਗੁਰੂ ਸਭ ਦਾ ਹੁੰਦਾ ਹੈ।"

"ਜਿਥੇ ਗੁਰੂ ਆਖ ਲਿਆ ਉਥੇ ਵਿਧਾਨ ਦੇ ਮੁਤਾਬਕ ਸ਼ੰਕਾ ਨਹੀਂ ਹੋਣੀ ਚਾਹੀਦੀ।"

"ਜੇ ਸਿੱਖੀ 'ਚ ਸ਼ਰਧਾ ਨਹੀਂ ਤਾਂ ਕੁਝ ਨਹੀਂ, 'ਕਿਉਂ', 'ਕੀ', 'ਕਿੰਤੂ', ਛੱਡ ਦਿਓ।"

"ਸਿੱਖੀ ਵਿਚੋਂ ਵਿਸ਼ਵਾਸ ਕੱਢ ਦਿਓ, ਬਾਕੀ ਕੁਝ ਨਹੀਂ ਰਹਿ ਜਾਂਦਾ, ਯਕੀਨ ਹੀ ਪਾਰ ਲੰਘਾਉਂਦਾ ਹੈ।"

"ਜਿਸ ਸਤਿਗੁਰੂ ਅੱਗੇ ਮੱਥਾ ਟੇਕੀਏ, ਉਸ ਦੀ ਕਦੇ ਵੀ ਨਿੰਦਾ ਨਾ ਕਰੀਏ।"

"ਸਤਿਗੁਰੂ ਨੂੰ ਮਨੁੱਖ ਜਾਨਣ ਵਾਲਿਆਂ ਦੇ ਪੱਲੇ ਕੁਝ ਨਹੀਂ ਪੈਂਦਾ।"

"ਸਤਿਗੁਰੂ ਨੂੰ ਜਿਹੋ ਜਿਹਾ ਕੋਈ ਇੱਛਦਾ ਹੈ, ਉਹੋ ਜਿਹਾ ਹੀ ਫਲ ਪਾਉਦਾ ਹੈ।"

"ਸਤਿਗੁਰੂ ਦੇ ਰਸਤੇ 'ਤੇ ਤੁਰਨ ਦੀ ਲੋੜ ਹੈ ਐ, ਸਤਿਗੁਰੂ ਅੱਗੋਂ ਰਸਤਾ ਬਣਾ ਕੇ ਸਾਫ਼ ਕਰ ਦੇਂਦੈ। ਸਤਿਗੁਰੂ ਵੱਲ ਇਕ ਪੈਂਡਾ ਚਲ ਕੇ ਜਾਈਏ ਤਾਂ ਸਤਿਗੁਰੂ ਕੋਟ ਪੈਂਡਾ ਅਗੋਂ ਆ ਕੇ ਮਿਲਦਾ ਹੈ। ਐਵੇਂ ਨਹੀਂ ਭਾਈ ਗੁਰਦਾਸ ਜੀ ਨੇ ਲਿਖਿਐ, 'ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ।' ਤੁਰਨ ਦੀ ਲੋੜ ਹੈ ਉਸ ਪਾਸੇ।"

"ਜਦੋਂ ਸਤਿਗੁਰਾਂ ਦੇ ਕੋਈ ਨੇੜੇ ਲੱਗੇ, ਖ਼ਿਲਾਫਤ ਹੋਣੀਂ ਸ਼ੁਰੂ ਹੋ ਜਾਂਦੀ ਹੈ ਘਰ 'ਚੋਂ ਹੀ। ਸਾਰੀ ਦੁਨੀਆ ਭਾਵੇਂ ਖ਼ਿਲਾਫਤ ਕਰੇ, ਪਰ ਜਿੱਤ ਉਸ ਦੀ ਹੀ ਹੁੰਦੀ ਹੈ।"

"ਜੇ ਸਾਰੀ ਦੁਨੀਆ ਇਕ ਪਾਸੇ ਹੋਵੇ ਤੇ ਸਤਿਗੁਰੂ ਦਾ ਸਿੱਖ ਇਕ ਪਾਸੇ--ਤੁਸੀਂ ਇਹ ਵੇਖੋ, ਸਾਰੀ ਦੁਨੀਆ ਇਕ ਪੱਲੜੇ ਵਿਚ ਪਾ ਦਿਓ, ਜਿਸ ਪੱਲੜੇ ਵਿਚ ਸਤਿਗੁਰੂ ਦਾ ਸੇਵਕ ਬੈਠਾ ਹੈ, ਉਹ ਸੇਵਕ ਵਾਲਾ ਪੱਲੜਾ ਝੁਕ ਗਿਆ ਹੈ।"

"ਸਿੱਖ ਗੁਰੂ ਨਾਲ ਸੋਭਾ ਪਾਉਂਦਾ ਹੈ। ਜਿਵੇਂ ਪਤੀ ਬਿਨਾਂ ਇਸਤਰੀ ਸੋਭਾ ਨਹੀਂ ਪਾਉਂਦੀ, ਸਿੱਖ ਵੀ ਔਰਤ ਵਾਂਗ ਗੁਰੂ ਕਾ ਦਾਸ ਬਣ ਕੇ ਰਹੇ।"

"ਸਿੱਖ ਅਤੇ ਗੁਰੂ ਦੇ ਦਰਮਿਆਨ ਜਿਹੜੀ ਗੱਲ ਹੈ ਉਹ ਹੁਕਮ ਮੰਨਣ ਦੀ ਹੈ। ਉਸ ਵਿਚ 'ਕਿਉਂ', 'ਕੀ', 'ਕਿੰਤੂ' ਦੀ ਗੱਲ ਨਹੀਂ। ਭਾਰਤ ਵਿਚ ਉਹੀ ਲੋਕੀਂ ਰਹਿੰਦੇ ਹਨ ਜੋ ਭਾਰਤ ਦੇ ਵਿਧਾਨ ਮੁਤਾਬਕ ਰਹਿੰਦੇ ਹਨ। ਗੁਰੂ ਨੂੰ ਉਸੇ ਰੂਪ 'ਚ ਵੇਖਣਾ ਚਾਹੀਦਾ ਹੈ, ਜਿਵੇਂ ਉਸ ਦੀ ਵਿਵਸਥਾ ਹੈ।"

"ਗੁਰੂ-ਸਿੱਖ ਵਰਗਾ ਸੰਬੰਧ ਇਤਿਹਾਸ ਵਿਚ ਕਿਸੇ ਦਾ ਨਹੀਂ ਦੱਸਿਆ। ਇਹ ਬੜਾ ਸੂਖਮ ਸੰਬੰਧ ਹੈ।"

"ਇਹ ਸਿੱਖੀ ਏ, ਜਿਹੜੀ ਸਤਿਗੁਰਾਂ ਕੋਲੋਂ ਸਾਨੂੰ ਮਿਲੀ ਹੈ। ਇਹ ਕਿਸੇ ਮੁੱਲ ਤੋਂ ਬਜ਼ਾਰੋਂ ਕਿਸੇ ਥਾਓਂ ਸਾਨੂੰ ਨਹੀਂ ਮਿਲ ਸਕਦੀ ਬਗੈਰ ਸਤਿਗੁਰਾਂ ਦੀ ਸਾਧ ਸੰਗਤ ਤੋਂ। ਇਸ ਸਿੱਖੀ ਵਾਲੇ ਪਾਸੇ ਧਿਆਨ ਦਿਓ ਤੇ ਸਤਿਗੁਰੂ ਨੂੰ ਯਾਦ ਰੱਖੋ।"

"ਸਤਿਗੁਰੂ ਦੇ ਹੁਕਮ 'ਤੇ ਸ਼ਰਧਾ ਨਾਲ ਚਲਿਆ ਜਾਵੇ, ਨੁਕਤਾਚੀਨੀ ਨਾਲ ਨਹੀਂ, ਮਨ ਦੀ ਅਵਸਥਾ ਠੀਕ ਹੋਵੇ। ਜਿੰਨੀ ਕੁ ਸ਼ਰਧਾ ਓਨਾ ਕੁ ਸੁਖ। ਸਾਰੇ ਸੁਖਾਂ ਦੀ ਪ੍ਰਾਪਤੀ ਤਾਂ ਹਰੀ ਨਾਲ ਜੁੜਨ ਵਿਚ ਹੈ।"

"ਪ੍ਰਾਪਤੀ ਨਿਯਮ 'ਚ ਰਹਿ ਕੇ ਹੁੰਦੀ ਹੈ, ਸਭ ਪਾਸੇ ਤੋਂ ਬਚਿਆ ਜਾਵੇ।"

"ਸ਼ਰਧਾ ਵਾਸਤੇ ਸਾਰੇ ਰਾਹ ਖੁੱਲ੍ਹੇ ਨੇ। ਸਤਿਗੁਰੂ ਕੋਲੋਂ ਝੂਠੀਆਂ ਮੰਗਾਂ ਨਹੀਂ ਮੰਗੀਦੀਆਂ।

ਮੰਗੀਦੈ ਚਰਨਾਂ ਦਾ ਪਿਆਰ, ਸਿਦਕ, ਭਰੋਸਾ, ਸਤਿਗੁਰੂ ਦੇ ਦਰਸ਼ਨ ਮੰਗੀਦੈ।"

"ਸਤਿਗੁਰੂ ਸਿੱਖ ਦਾ ਕਸ਼ਟ ਟਾਲਣ ਲਈ ਕਿੰਨਾ ਤਰਲੋ-ਮੱਛੀ ਹੁੰਦਾ ਹੈ, ਸਾਨੂੰ ਪਤਾ ਨਹੀਂ ਹੁੰਦਾ।"

"ਸੱਚੇ ਪਾਤਸ਼ਾਹ ਸੇਵਕ ਦਾ ਦੁੱਖ ਨਹੀਂ ਝੱਲ ਸਕਦੇ ਪਰ ਸਿਦਕ ਵੀ ਵੇਖਦੇ ਹਨ।"

"ਕਲਿਜੁਗ ਵਿਚ ਚੰਗੇ ਬੰਦਿਆਂ ਨੂੰ ਤਕਲੀਫਾਂ ਆਉਂਦੀਆਂ ਹੀ ਹਨ।"

"ਕਈਆਂ ਬੈਕੁੰਠਾਂ ਨੂੰ ਛੱਡ ਜਾਂਦੇ ਹਨ, ਜਿਹੜੇ ਸਤਿਗੁਰਾਂ ਦੇ ਦਰਸ਼ਨਾਂ ਦੇ ਭੌਰੇ ਹਨ।"

"ਸਤਿਗੁਰੂ ਸੱਚੇ ਪਾਤਸ਼ਾਹ ਦੇ ਦਰਸ਼ਨ ਦੀ ਖਾਹਸ਼ ਕਰ ਕੇ ਬੈਠੋ, ਸਤਿਗੁਰੂ ਦੂਰ ਨਹੀਂ। ਜਿੰਨੀ ਵੱਧ ਤੋਂ ਵੱਧ ਕੋਈ ਚੀਜ਼ ਨੇੜੇ ਹੈ, ਉਸ ਤੋਂ ਸਤਿਗੁਰੂ ਨੇੜੇ ਹੈ।"

"ਸਤਿਗੁਰਾਂ ਦੇ ਦਰਸ਼ਨਾਂ ਦੇ ਬੜੇ ਫਲ ਹਨ। ਗੁਰੂ ਅਰਜਨ ਦੇਵ ਜੀ ਸੱਚੇ ਪਾਤਸ਼ਾਹ ਨੇ ਲਿਖਿਐ:

*'ਮਾਈ ਚਰਨ ਗੁਰ ਮੀਠੇ*
*ਵਡੈ ਭਾਗਿ ਦੇਵੈ ਪਰਮੇਸਰੁ*
*ਕੋਟਿ ਫਲਾ ਦਰਸਨ ਗੁਰ ਡੀਠੇ।'"*

"ਤਾਰੀਫ ਜਿੰਨੀ ਹੈ, ਉਹ ਸਭ ਸਤਿਗੁਰੂ ਦੀ ਹੈ। ਔਗੁਣ ਜਿੰਨੇ ਨੇ ਉਹ ਸਾਡੇ ਨੇ।"

"ਜਿਥੇ ਸ਼ੇਰ ਹੋਵੇ, ਉਥੇ ਮਿਰਗਾਵਲੀ ਨਹੀਂ ਰਹਿੰਦੀ। ਜਿਥੇ ਸਤਿਗੁਰੂ ਦਾ ਵਾਸਾ ਹੋਵੇ, ਉਥੋਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਸਭ ਚਲੇ ਜਾਂਦੇ ਹਨ।"

"ਇਹ ਸਤਿਗੁਰੂ ਦੀ ਤਾਕਤ ਐ, ਅੱਗ ਬਲਦੀ ਦੇ ਵਿਚ ਬਰਫ ਰੱਖ ਦਿਤੀ ਜਾਵੇ, ਉਹਨੂੰ ਬਿਲਕੁਲ ਸੇਕ ਨਾ ਲੱਗੇ, ਬਿਲਕੁਲ ਖੁਰੇ ਹੀ ਨਾ। ਸਤਿਗੁਰੂ ਦੀ ਕਿਰਪਾ ਦੀ ਗੱਲ ਐ। ਅੱਗ ਦੇ ਵਿਚ ਦੀ ਲੰਘਾ ਦੇਵੇ ਤੇ ਸੜਨ ਨਾ ਦੇਵੇ। 'ਜਲਤ ਨਾਹੀ ਅਗਨਿ ਸਾਗਰ' ਸਤਿਗੁਰਾਂ ਨੇ ਬਾਣੀ ਵਿਚ ਲਿਖਿਐ-ਸਮੁੰਦਰ ਅੱਗ ਦਾ ਹੋਵੇ, ਉਥੇ ਨਹੀਂ ਸੜਦਾ।"

"ਜਨਮ-ਮਰਨ ਦੇ ਦੁੱਖ ਤੋਂ, ਜਮ ਦੀ ਮਾਰ ਤੋਂ, ਸਤਿਗੁਰੂ ਬਿਨਾਂ ਹੋਰ ਕੋਈ ਨਹੀਂ ਬਚਾ ਸਕਦਾ।"

"ਸਤਿਗੁਰੂ ਜਿਸ ਨੂੰ ਗਿਆਨ ਅਵਸਥਾ ਵਿਚ ਲੈ ਜਾਂਦਾ ਹੈ, ਉਸ ਨੂੰ ਜੋ ਮਰਜੀ ਕੋਈ ਆਖੀ ਜਾਵੇ, ਉਸ ਨੂੰ ਕੋਈ ਤਕਲੀਫ ਨਹੀਂ ਆਉਂਦੀ, ਉਹ ਹਰ ਵੇਲੇ ਖੁਸ਼ ਰਹਿੰਦਾ ਹੈ। 'ਸੁਆਨ ਰੂਪ ਸੰਸਾਰ ਹੈ ਭੌਂਕ ਭੌਂਕ ਮਰ ਜਾਏ।"

"ਅਸੀਂ ਸੰਸਾਰ ਤੋਂ ਜਾਣਾ ਭੁਲਾ ਦਿਤਾ ਹੈ ਪਰ ਜਮਾਂ ਨੇ ਸੰਸਾਰ ਤੋਂ ਸਭ ਜੀਵਾਂ ਨੂੰ ਲੈ ਜਾਣਾ ਹੈ ਪਰ ਸਤਿਗੁਰੂ ਦੇ ਲੜ ਲਗ ਕੇ ਜਿਹੜਾ ਪਰਮ ਸ਼ੁੱਧ ਹੋ ਜਾਏ ਉਸ ਦੇ ਸਾਰੇ ਝਗੜੇ ਮੁੱਕ ਜਾਂਦੇ ਨੇ।"

"ਜਿਹੜੇ ਸਤਿਗੁਰੂ ਨੂੰ ਮਿਲਦੇ ਨੇ, ਸਤਿਗੁਰੂ ਦੇ ਲੜ ਲਗਦੇ ਨੇ, ਉਹ ਇਹਨਾਂ ਚੀਜ਼ਾਂ ਤੋਂ ਅੱਗੇ ਹੋ ਜਾਂਦੇ ਨੇ ਅਰ ਉਹ ਇਹਨਾਂ ਚੀਜ਼ਾਂ ਉਤੇ ਅਸਵਾਰ ਹੋ ਜਾਂਦੇ ਨੇ। ਮੌਤ ਉਹਨਾਂ ਦੇ ਉਤੇ ਅਸਵਾਰ ਨਹੀਂ ਹੁੰਦੀ, ਮੌਤ 'ਤੇ ਉਹ ਅਸਵਾਰ ਹੁੰਦੇ ਨੇ।"

"ਸਤਿਗੁਰੂ ਕੋਲ ਸਾਰੇ ਸਾਧਨ ਨੇ। ਬਿੱਲੀ ਜਿਸ ਮੂੰਹ ਨਾਲ ਚੂਹੇ ਦੀ ਗਰਦਨ ਮਰੋੜ ਦੇਂਦੀ ਹੈ, ਉਸੇ ਮੂੰਹ ਨਾਲ ਆਪਣੇ ਬੱਚਿਆਂ ਨੂੰ ਚੁੱਕ ਕੇ ਸੱਤ ਦਲੀਜ਼ਾਂ, ਕਹਿੰਦੇ ਨੇ, ਲੰਘਾਉਂਦੀ ਹੈ। ਉਥੇ ਏਸੇ ਤਰ੍ਹਾਂ ਹੀ—

'ਹਰਿ ਕੇ ਸੇਵਕ ਜੋ ਹਰਿ ਭਾਏ

ਤਿਨ ਕੀ ਕਥਾ ਨਿਰਾਰੀ ਰੇ।'

ਉਹ ਜਮ ਜਿਹੜਾ ਮਾਰਦਾ ਹੈ ਦੂਸਰਿਆਂ ਨੂੰ, ਉਹ ਸਾਧੂਆਂ ਨੂੰ, ਜਿਹੜੇ ਸਤਿਗੁਰੂ ਵਾਲੇ ਪਾਸੇ ਲੱਗੇ ਨੇ, ਉਨ੍ਹਾਂ ਦਾ ਆਦਰ ਕਰਦਾ ਹੈ।"

"ਸਤਿਗੁਰੂ ਵਾਲੇ ਪਾਸੇ ਧਿਆਨ ਰਹੇ, ਇਕ ਪਾਸੇ ਹੀ। ਤਕਲੀਫਾਂ ਤਾਂ ਬਹੁਤ ਹਨ ਪਰ ਕੋਸ਼ਿਸ਼ ਕਰੋ। ਉੱਦਮ ਕਰਨ ਨਾਲ ਕਾਮਯਾਬ ਹੋ ਜਾਈਦਾ ਹੈ। ਪੱਤਰ ਉਪਰ ਜੋ ਸਿਰਨਾਵਾਂ ਲਿਖਿਆ ਹੋਵੇ, ਪੱਤਰ ਉਥੇ ਹੀ ਪਹੁੰਚਦਾ ਹੈ, ਸਾਡੇ ਹਿਰਦੇ 'ਤੇ ਵੀ ਸਤਿਗੁਰੂ ਦਾ ਨਾਮ ਲਿਖਿਆ ਹੋਵੇ ਤਾਂ ਅਸੀਂ ਵੀ ਸਤਿਗੁਰੂ ਵੱਲ ਪਹੁੰਚ ਜਾਵਾਂਗੇ। ਜਦੋਂ ਭਜਨ ਕਰੋ, ਸਤਿਗੁਰੂ ਦੀ ਮੂਰਤੀ ਦਿਲ ਵਿਚ ਵਸਾ ਕੇ ਕਰੋ।"

"ਭਗਤੀ ਦਾ ਮਾਰਗ ਏਹ ਭੀ ਦੱਸਿਐ—ਭਗਤੀ ਇਹ ਹੈ—ਆਪਣੇ ਸਤਿਗੁਰੂ ਦਾ ਵਿਸ਼ਵਾਸ ਪਾਤਰ ਹੋਣਾ। ਸਭ ਤੋਂ ਵਡੀ ਭਗਤੀ ਇਹੋ ਐਂ। ਜੇ ਉਹ ਵਿਸ਼ਵਾਸ ਪਾਤਰ ਨਹੀਂ, ਇਸ਼ਨਾਨ ਕਰਦਾ, ਭਜਨ ਕਰਦਾ, ਬਾਣੀ ਪੜ੍ਹਦਾ, ਉਹ ਕਿਸੇ ਅਰਥ ਨਹੀਂ ਓਹਦੇ।"

"ਜਿਸ ਤਰ੍ਹਾਂ ਆਪਣੇ ਸਤਿਗੁਰੂ ਨੂੰ ਅਸੀਂ ਚੰਗੇ ਲਗੀਏ, ਉਸ ਤਰ੍ਹਾਂ ਹੀ ਸਾਡਾ ਕਰਨਾ ਬਣਦਾ ਹੈ।"

"ਤਨੁ, ਮਨੁ, ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ' ਦੇ ਮਹਾਂਵਾਕ ਅਨੁਸਾਰ ਅਸੀਂ ਆਪਣਾ ਤਨ ਮਨ ਧਨ ਸਤਿਗੁਰੂ ਨੂੰ ਅਰਪਨ ਕਰ ਕੇ ਹੀ ਸਤਿਗੁਰੂ ਨੂੰ ਪਾ ਸਕਦੇ ਹਾਂ, ਸਤਿਗੁਰੂ ਦੀਆਂ ਖੁਸ਼ੀਆਂ ਨਾਲ ਆਪਣੀ ਝੋਲੀ ਭਰ ਸਕਦੇ ਹਾਂ।"

'ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥' ਦੋਵੇਂ ਕੰਮ ਬੜੇ ਔਖੇ ਨੇ ਪ੍ਰਭੂ ਨੂੰ ਮਿਲਣ ਦਾ ਤੇ ਫਿਰ ਮਨ ਨੂੰ ਪ੍ਰੀਤ ਲਗਣ ਦਾ...ਮਨ ਅਰਪਉ ਧਨੁ ਰਾਖਉ ਆਗੈ; ਮਨ ਅਰਪਣਾ ਬਹੁਤ ਔਖੈ, ਸਿਰ ਦੇਣ ਨਾਲੋਂ ਵੀ, ਸਿਰ ਦਾ ਤਾਂ, ਇਕ ਵਾਰ ਦਿੱਤਾ, ਕੰਮ ਮੁੱਕ ਗਿਆ।"

"ਸਤਿਗੁਰਾਂ ਦੇ ਚਰਨਾਂ 'ਚ ਅਰਦਾਸ ਕਰੋ ਕਿ ਅਸੀਂ ਸਤਿਗੁਰੂ ਦੀ ਮੱਤ ਅਨੁਸਾਰ ਚਲ ਸਕੀਏ, ਅਸੀਂ ਸਤਿਗੁਰਾਂ ਦੇ ਬਣ ਸਕੀਏ।"

"ਆਪਣੇ ਆਪਣੇ ਗੁਰੂ ਤੋਂ ਲਏ ਮੰਤਰ ਦਾ ਜਾਪ ਕਰਿਆ ਕਰੋ ਅਤੇ ਅਰਦਾਸ ਕਰਿਆ ਕਰੋ ਕਿ ਸਭ ਦਾ ਭਲਾ ਹੋਵੇ। ਚੱਲਣ ਲਗਿਆਂ, ਕੰਮ ਕਾਰ ਕਰਨ ਲਗਿਆਂ ਸਦਾ ਅਰਦਾਸ ਕਰਿਆ ਕਰੋ ਕਿ ਹੇ ਸਤਿਗੁਰੂ ਸਾਡੀ ਰੱਖਿਆ ਕਰੋ।"

"ਸਿੱਖ ਨੇ ਸਾਰੀ ਉਮਰ ਸਿੱਖਣਾ ਹੀ ਸਿੱਖਣਾ ਹੈ। ਤੁਸੀਂ ਡਾਕਟਰ ਬਣੋ, ਇੰਜੀਨੀਅਰ ਬਣੋ, ਐਮ.ਐਲ.ਏ., ਵਜ਼ੀਰ, ਚੀਫ ਮਨਿਸਟਰ ਬਣੋ, ਪਰ ਸਿੱਖ ਜ਼ਰੂਰ ਬਣੋ।"

"ਮਾਵਾਂ ਬੱਚਿਆਂ ਨੂੰ ਭਲੀ ਅਤੇ ਸਿੱਖ ਬਣਾ ਸਕਦੀਆਂ ਹਨ।"

"ਸਤਿਗੁਰੂ ਨੇ ਆਪਣੀ ਕਿਰਪਾ ਆਪ ਕਰਨੀ ਹੁੰਦੀ ਹੈ। ਅਸੀਂ ਤਾਂ ਜਿਮੀਂਦਾਰ ਵਾਂਗੂੰ ਸੇਵਾ ਕਰਨੀ ਹੈ। ਮਿਹਨਤ ਕਰਨੀ ਹੈ। ਉਹ ਹਰ ਪੈਲੀ 'ਤੇ ਮਿਹਨਤ ਕਰਦਾ ਹੈ ਪਰ ਫਲ ਕਿਸੇ ਦਾ ਵੱਧ ਕਿਸੇ ਦਾ ਘੱਟ।"

"ਜਦੋਂ ਆਦਮੀ ਭਜਨ-ਬਾਣੀ ਕਰਦਾ ਹੈ, ਤਾਕਤ ਆ ਜਾਂਦੀ ਹੈ। ਸਤਿਗੁਰੂ ਦੇ ਸਿੱਖ ਸਾਰਾ ਕੁਝ ਕਰ ਸਕਦੇ ਹਨ।"

"ਜਿੰਨਾ ਜਿੰਨਾ ਅਸੀਂ ਭਜਨ-ਬਾਣੀ ਕਰਾਂਗੇ ਜਾਂ ਸੇਵਾ ਕਰਾਂਗੇ ਇਹ ਸੋਚ ਕੇ ਨਹੀਂ ਬਈ ਸਾਡਾ ਪ੍ਰਚਾਰ ਹੋਵੇ। ਭਜਨ ਕਰਾਉਣ ਵਾਲਾ ਸਤਿਗੁਰੂ ਹੈ, ਜੇ ਕਿਰਪਾ ਹੋਵੇ ਤਾਂ ਭਜਨ ਕਰਦਾ ਕਰਾਉਂਦਾ ਹੈ। ਜੇ ਨਾ ਰਜ਼ਾ ਹੋਵੇ, ਤਾਂ ਸਾਡੇ ਮਨ ਅੰਦਰ ਹੰਕਾਰ ਆ ਜਾਂਦਾ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਖੀਰ ਬਣਾ ਕੇ ਉੱਪਰ ਗੋਹਾ ਪਾ ਦਿਤਾ ਜਾਵੇ। ਸੱਚੇ ਪਾਤਸ਼ਾਹ ਕਿਰਪਾ ਕਰਨ ਸਾਡੇ ਮਨ 'ਚ ਹੰਕਾਰ ਨਾ ਆਏ।"

"ਸੱਚੀ-ਸੁੱਚੀ ਕਿਰਤ ਕਰਦਿਆਂ ਸੱਚਾ-ਸੁੱਚਾ ਭੋਗ ਮਿਲਦਾ ਹੈ ਤੇ ਨਾਮ ਜਪਣ ਨਾਲ ਮੁਕਤ ਦੁਆਰਾ ਖੁਲ੍ਹਦਾ ਹੈ ਤੇ ਮੋਖ ਪ੍ਰਾਪਤ ਹੁੰਦਾ ਹੈ। ਸਤਿਗੁਰੂ ਨੂੰ ਮੰਨਣ ਵਾਲਿਆਂ ਲਈ ਇਹ ਸਹੂਲਤ ਹੈ ਕਿ ਉਹਨਾਂ ਨੂੰ ਦੋਵੇਂ ਪਦਾਰਥ ਮਿਲਦੇ ਨੇ। ਸਤਿਗੁਰੂ ਨੂੰ ਨਾ ਮੰਨਣ ਵਾਲਿਆਂ ਲਈ ਮੋਖ ਦੁਆਰੇ ਦੇ ਖੁਲ੍ਹਣ ਦਾ ਕੋਈ ਸੁਆਲ ਨਹੀਂ, ਕਿਉਂਕਿ ਉਸ ਲਈ ਨਾਮ ਜਪਣਾ ਜ਼ਰੂਰੀ ਹੈ ਅਤੇ ਨਾਮ ਸਤਿਗੁਰੂ ਦੀ ਕਿਰਪਾ ਨਾਲ ਹੀ ਜਪਿਆ ਜਾਂਦਾ ਹੈ। ਸਤਿਗੁਰੂ ਦੀ ਕਿਰਪਾ ਤਦ ਮਿਲਦੀ ਹੈ ਜੇ ਨਿਰਹੰਕਾਰਤਾ ਹੋਵੇ ਅਤੇ ਨਿਰਹੰਕਾਰਤਾ ਤਦ ਹੁੰਦੀ ਹੈ ਜੇ ਸਤਿਗੁਰੂ ਦੀ ਇੱਛਿਆ ਦਾ, ਮਰਯਾਦਾ ਦਾ ਪਾਲਨ ਹੋਵੇ। ਸਤਿਗੁਰੂ ਸਭ ਦਾ ਭਲਾ ਹੀ ਮਨਾਉਂਦੇ ਨੇ। ਏਸੇ ਲਈ ਸਤਿਗੁਰੂ ਦੀ ਇੱਛਿਆ ਹੀ ਗੁਰਮੁਖਾਂ ਲਈ ਭੋਗ-ਮੋਖ ਦੀ ਦਾਤੀ ਹੈ।"

"ਅਸੀਂ ਤੀਰਥ-ਯਾਤਰਾ, ਜਪ-ਤਪ, ਨਾਮ-ਦਾਨ, ਸਭ ਉਸ (ਪ੍ਰਮੇਸ਼ਰ) ਨੂੰ ਚੰਗਾ ਲੱਗਣ ਲਈ ਹੀ ਕਰਦੇ ਹਾਂ, ਤੇ ਜੇ ਉਸ ਨੂੰ ਅਸੀਂ ਨਹੀਂ ਭਾਉਂਦੇ ਤਾਂ ਸਭ ਬੇਕਾਰ ਹੈ।"

"ਉਂਜ ਜੇ ਸਹੀ ਤਰੀਕੇ ਨਾਲ ਵੇਖਿਆ ਜਾਵੇ ਸਿੱਖੀ ਵਿਚੋਂ ਸ਼ਰਧਾ ਤੇ ਪ੍ਰੇਮ ਕੱਢ ਦਿਤਾ ਜਾਵੇ ਫੇਰ ਕਿੰਨਾ ਹੀ ਭਜਨ ਕੀਤਾ ਜਾਵੇ, ਕਿੰਨੀਆਂ ਹੀ ਮਾਲਾ ਫੇਰੀਆਂ ਜਾਣ, ਕਿੰਨੀ ਸੋਧ ਰਖੀ ਜਾਵੇ,ਉਹ

ਕਿਸੇ ਅਰਥ ਨਹੀਂ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੇ ਵਕਤ ਸਿੰਘ ਸ਼ਬਦ ਪੜ੍ਹਦੇ ਸੀ—'ਸਤਿਗੁਰ ਤਾਰਣਗੇ ਅਤੀਤ।' ਸਤਿਗੁਰਾਂ ਨੇ ਹੁਕਮ ਦਿੱਤਾ, 'ਨਾ ਭਾਈ! ਤਾਰੂਗੀ ਪ੍ਰਤੀਤ॥'

'ਸੇ ਭਗਤ ਸੇ ਭਗਤ ਭਲੇ ਜਨ ਨਾਨਕ<br>ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ॥'

ਉਸਨੂੰ ਜਿਸਦਾ ਪਿਆਰ ਜਿਸਦੀ ਭਾਵਨਾ ਚੰਗੀ ਲਗ ਜਾਏ, ਉਹਦਾ ਇਹ ਕੰਮ ਹੋ ਜਾਂਦਾ ਹੈ।"

## ਸਤਿਗੁਰੂ ਦਾ ਹੁਕਮ ਮੰਨੋ

"ਜੇ ਗੁਰੂ ਦਾ ਹੁਕਮ ਮੰਨੀਏ, ਖਿਮਾਂ ਧੀਰਜ ਰੱਖੀਏ ਤਾਂ ਗੁਰੂ ਅੰਗ ਸੰਗ ਹੈ। ਤਾਂ ਫਿਰ ਆਪਣੀ ਤਾਕਤ ਜਾਂ ਦੁਨੀਆਂ ਦੀ ਤਾਕਤ ਵੀ ਉਹਦੇ ਮੁਕਾਬਲੇ ਕੁਝ ਨਹੀਂ।"

"ਸਤਿਗੁਰਾਂ ਦੇ ਹੁਕਮ ਜਿੰਨੇ ਨੇ ਉਹ ਅਵੱਸ਼ ਸੱਚੇ ਨੇ, ਸਾਡੇ ਸਮਝਣ ਵਿਚ ਕੋਈ ਫਰਕ ਹੋਵੇ, ਇਹ ਵੱਖਰੀ ਗੱਲ ਹੈ ਪਰ ਉਹ ਜਿਹੜੇ ਹੁਕਮ ਨੇ ਉਹਨਾਂ ਵਿਚ ਕੋਈ ਫਰਕ ਨਹੀਂ ਹੁੰਦਾ—ਅਰ ਸਾਡੇ ਫਾਇਦੇ ਲਈ ਹੁੰਦੇ ਨੇ।"

"ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਉਪਦੇਸ਼ ਵਿਚ ਸਭ ਤੋਂ ਪਹਿਲੋਂ ਬਚਨ ਕੀਤਾ ਸੀ—'ਜਿਹੜੇ ਆਦਮੀ ਡਾਕਟਰ ਦੇ ਆਖੇ ਲਗ ਕੇ ਦਵਾਈ ਖਾ ਕੇ ਪਰਹੇਜ਼ ਰੱਖਦੇ ਨੇ, ਉਹ ਰਾਜ਼ੀ ਹੋ ਜਾਂਦੇ ਨੇ ਜਿਹੜੇ ਡਾਕਟਰ ਦੇ ਆਖੇ ਨਹੀਂ ਲਗਦੇ, ਉਹ ਬਿਮਾਰ ਰਹਿੰਦੇ ਹਨ।' ਸੋ ਏਸੇ ਤਰ੍ਹਾਂ ਹੀ ਅਸੀਂ ਵੀ ਜਿਹੜੇ ਸਤਿਗੁਰਾਂ ਦੇ ਨਹੀਂ ਆਖੇ ਲਗਦੇ ਸਾਨੂੰ ਵੀ ਆਧੀ-ਬਿਆਧੀ ਉਪਾਧੀ ਦੇ ਕਈ ਤਰ੍ਹਾਂ ਦੇ ਤਾਪ ਚੜ੍ਹਦੇ ਨੇ।"

"ਜਿਹੜੇ ਹੁਕਮ 'ਚ ਨਹੀਂ ਚਲਦੇ, ਉਹ ਦੁਖੀ ਰਹਿੰਦੇ ਨੇ—ਇਸ ਕੰਮ 'ਚ ਪੈਸਾ ਤਾਂ ਕੋਈ ਨਹੀਂ ਲਗਦਾ। ਕੋਈ ਦੁਕਾਨ ਨਹੀਂ ਪਾਉਣੀ, ਕੋਈ ਜ਼ਮੀਨ ਨਹੀਂ ਖ਼ਰੀਦਣੀ। ਸਤਿਗੁਰਾਂ ਦਾ ਹੁਕਮ ਹੀ ਮੰਨਣਾ ਹੈ। ਸੋ ਤੁਸੀਂ ਸਤਿਗੁਰਾਂ ਦੇ ਬਚਨਾਂ 'ਤੇ ਸਿੱਧੇ ਤੁਰੋ ਤਕੜੇ ਹੋ ਕੇ।"

"ਜਿਸ ਵੇਲੇ ਸਾਨੂੰ ਦੁੱਖ ਹੁੰਦੈ, ਸਾਡੀ ਆਪਣੀ ਮੂਰਖਤਾਈ ਕਰ ਕੇ ਹੁੰਦਾ ਹੈ। ਸਤਿਗੁਰਾਂ ਦੇ ਹੁਕਮ ਮੰਨੀਏ ਫਿਰ ਦੁੱਖ ਨਹੀਂ ਆਉਂਦਾ। ਦੁੱਖ ਸਾਨੂੰ ਆਪਣੀ ਜਿਹੜੀ ਮਰਜ਼ੀ ਕਰਦੇ ਹਾਂ, ਸਤਿਗੁਰਾਂ ਦੇ ਹੁਕਮ ਦੇ ਖਿਲਾਫ, ਉਹਤੋਂ ਸਾਨੂੰ ਦੁੱਖ ਅੰਟਾ ਹੀ ਅੰਟੈ। ਸੋ ਸੌਖੇ ਰਹਿਣ ਦਾ ਤਰੀਕਾ ਇਹੋ ਹੈ ਕਿ ਸਤਿਗੁਰਾਂ ਦੇ ਹੁਕਮਾਂ ਵਿਚ ਚੱਲੀਏ। ਕੋਈ ਬੀਮਾਰ ਹੋ ਜਾਂਦੈ, ਕਿਸੇ ਦਾ ਵਿਹਾਰ ਟੁੱਟ ਜਾਂਦੈ, ਉਹਦੇ 'ਤੇ ਔਖਾ ਨਹੀਂ ਹੋਣਾ ਚਾਹੀਦਾ।"

"ਜੇ ਸੁਖ ਚਾਹੁੰਦੇ ਹੋ, ਸਤਿਗੁਰੂ ਦੀ ਖੁਸ਼ੀ ਚਾਹੁੰਦੇ ਹੋ ਤਾਂ ਉਹਨਾਂ ਦੇ ਦਿੱਤੇ ਹੁਕਮਾਂ 'ਤੇ ਚਲੀਏ, ਉਸ ਦੀ ਰਜ਼ਾ ਵਿਚ ਰਹੀਏ। ਇਕ ਵੇਰਾਂ ਸਤਿਗੁਰੂ ਰਾਮ ਸਿੰਘ ਜੀ ਕੋਲ ਸਿੱਖਾਂ ਨੇ ਅਰਜ਼ ਕੀਤੀ,

'ਸੱਚੇ ਪਾਤਸ਼ਾਹ ਤੁਸੀਂ ਰਾਜ਼ੀ ਕਿਹਦੇ ਤੇ ਰਹਿੰਦੇ ਹੋ? ਕਿਹਦੇ 'ਤੇ ਖੁਸ਼ ਹੋ ਤੁਸੀਂ?' ਉਹ ਆਂਹਦੇ ਨੇ, 'ਜਿਹੜਾ ਰਜ਼ਾ ਵਿਚ ਰਾਜ਼ੀ ਹੋਵੇ।"

"ਸਤਿਗੁਰੂ ਦੇ ਹੁਕਮ ਅਤੇ ਮਰਿਯਾਦਾ ਵਿਚ ਚੱਲਣ ਨਾਲ ਸਤਿਗੁਰੂ ਦੀ ਸਵੱਲੀ ਨਜ਼ਰ ਹਾਸਲ ਹੁੰਦੀ ਹੈ।"

"ਸਤਿਗੁਰੂ ਦੇ ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾ ਕੇ ਉਹਨਾਂ ਉੱਤੇ ਚੱਲਣ ਨਾਲ ਮਨ ਦੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਜੋ ਆਪਣਾ ਮਨ ਸਤਿਗੁਰ ਅਗੇ ਵੇਚ ਦਿੰਦਾ ਹੈ ਉਸਦੇ ਸਾਰੇ ਕਾਰਜ ਰਾਸ ਹੁੰਦੇ ਹਨ।"

"ਜਿਹੜੇ ਜਿਹੜੇ ਵੀ ਸਤਿਗੁਰੂ ਦੇ ਮਾਰਗ 'ਤੇ ਚਲਦੇ ਨੇ, ਉਹਨਾਂ ਨੂੰ ਬੜਾ ਫਾਇਦਾ ਹੈ। ਸਤਿਗੁਰੂ ਦੇ ਹੁਕਮ ਵਿਚ ਸਭ ਤੋਂ ਵੱਡਾ ਸੁਖ 'ਲੋਕ ਸੁਖੀਏ ਪ੍ਰਲੋਕ ਸੁਹੇਲੇ' ਵਾਲੀ ਗੱਲ ਹੈ।"

"ਸਤਿਗੁਰੂ ਕਿਰਪਾ ਕਰਨ, ਜਿੰਨਾ ਵੀ ਉਹਨਾਂ ਦਾ ਹੁਕਮ ਹੈ, ਜ਼ਰੂਰ ਮੰਨਿਆ ਜਾਵੇ। ਉਹੀ ਸਾਡੇ ਲਈ ਲਾਭਦਾਇਕ ਹੈ, ਇਥੇ ਵੀ ਤੇ ਅਗਲੀ ਦੁਨੀਆ ਵਿਚ ਵੀ। ਸਤਿਗੁਰੂ ਦੀ ਸਵੱਲੀ ਨਜ਼ਰ ਹਾਸਲ ਕਰ ਕੇ ਸਿੱਖ ਸੰਸਾਰਕ ਸੁਖ ਵੀ ਪ੍ਰਾਪਤ ਕਰਦਾ ਹੈ ਤੇ ਸੰਸਾਰਕ ਆਵਾਗਮਨ ਤੋਂ ਮੁਕਤੀ ਵੀ। ਜੇ ਨਾਮ ਮਨ ਵਿਚ ਵੱਸੇ ਤਾਂ ਹੁਕਮ, ਰਜ਼ਾ ਵਿਚ ਚੱਲਣ ਦੀ ਤਾਕਤ ਮਿਲਦੀ ਹੈ।"

"ਸਤਿਗੁਰੂ ਦੀ ਕਿਰਪਾ ਨਾਲ ਹੀ ਨਾਮ ਜਪਿਆ ਜਾ ਸਕਦਾ ਹੈ। ਸਤਿਗੁਰੂ ਦੀ ਕਿਰਪਾ ਤਦ ਮਿਲਦੀ ਹੈ ਜੇ ਸਤਿਗੁਰੂ ਦੀ ਇੱਛਿਆ ਦਾ, ਮਰਿਯਾਦਾ ਦਾ ਪਾਲਨ ਹੋਵੇ। ਸਤਿਗੁਰੂ ਤਾਂ ਸਭਨਾਂ ਦਾ ਭਲਾ ਮਨਾਉਂਦੇ ਹਨ। ਇਸ ਲਈ ਸਤਿਗੁਰੂ ਦਾ ਹੁਕਮ ਤੇ ਇੱਛਿਆ ਨੂੰ ਖਿੜੇ ਮੱਥੇ ਪ੍ਰਵਾਨ ਕਰ ਕੇ ਹੀ ਇਨਸਾਨ ਮੋਖ ਨੂੰ ਪ੍ਰਾਪਤ ਕਰਦਾ ਹੈ।"

"ਸਤਿਗੁਰੂ ਦਾ ਬਚਨ ਮੰਨਣਾ ਔਖਾ ਲਗਦਾ ਹੈ। ਟੀਕੇ ਦੀ ਪੀੜ ਪਹਿਲਾਂ ਮਹਿਸੂਸ ਹੁੰਦੀ ਹੈ, ਫਾਇਦਾ ਹੋਣ 'ਤੇ ਪੀੜ ਭੁੱਲ ਜਾਂਦੀ ਹੈ।"

"ਸਤਿਗੁਰੂ ਤਾਂ ਅਥਾਹ ਹੈ, ਉਸਦਾ ਜਿੰਨਾ ਕੁ ਬਚਨ ਮੰਨਿਆ ਜਾਵੇ, ਉਨਾਂ ਹੀ ਕਲਿਆਣਕਾਰੀ ਹੈ।"

"ਜਿੰਨਾ ਚਿਰ ਮਨੁਖ ਦੇ ਅੰਦਰੋਂ ਹਉਮੈ ਨਹੀਂ ਜਾਂਦੀ, ਓਨਾ ਚਿਰ ਉਹ ਗੁਰੂ ਦਾ ਹੁਕਮ ਨਹੀਂ ਮੰਨ ਸਕਦਾ। ਜੇ ਹੁਕਮ ਵੀ ਮੰਨ ਲਿਆ ਪਰ ਕਿੰਤੂ ਕਰ ਲਿਆ, ਏਹ ਹੁਕਮ ਮੰਨਣਾ ਨਹੀਂ ਹੈ। ਗੁਰਬਾਣੀ ਵਿਚ ਲਿਖਿਆ ਹੈ ਕਿ

"ਸੀਸ ਨਿਵਾਇਐ ਕਿਆ ਥੀਐ,
ਜਾ ਰਿਦੈ ਕਸੁਧੇ ਜਾਹਿ।"

"ਮਨ ਹੁਕਮ ਤੋਂ ਲਾਂਭੇ ਜਾਂਦੈ, ਸਮਝ ਲਵੋ ਗਲਤ ਹੋ ਗਏ ਹਾਂ।"

"ਇਕੋ ਦੇ ਹੁਕਮ ਵਿਚ ਚਲਣ ਨਾਲ ਤਾਕਤ ਵਧਦੀ ਹੈ ਅਤੇ ਕਿਸੇ ਤੋਂ ਕੰਮ ਕਰਵਾਇਆ ਜਾ ਸਕਦਾ ਹੈ। ਜੇ ਇਕ ਜੀਅ ਅੱਗੇ ਲਗਿਆ ਹੋਵੇ ਤਾਂ ਕੰਮ ਠੀਕ ਚਲਦੇ ਹਨ...ਸਾਡੀ ਸੋਭਾ ਲੋਕਾਂ ਵਿਚ ਇਸੇ ਗੱਲ ਦੀ ਹੈ ਕਿ ਤੁਸੀਂ ਇਕੋ ਦੇ ਹੁਕਮ ਹੇਠਾਂ ਚਲਦੇ ਹੋ। ਵਿਆਹ ਦੇ ਖ਼ਰਚੇ ਨਹੀਂ ਕਰਦੇ, ਮਾਸ ਸ਼ਰਾਬ ਨਹੀਂ ਖਾਂਦੇ ਪੀਂਦੇ। ਜਥੇਬੰਦਕ ਤਰੀਕੇ ਵਿਚ ਰਹਿੰਦੇ ਹੋ।"

### ਹਉਮੈ, ਮੋਹ ਤੋਂ ਬਚੋ

"ਸਾਡੇ ਤੇ ਸਤਿਗੁਰਾਂ ਵਿਚ ਇਕ ਬਹੁਤ ਵੱਡੀ ਕੰਧ ਹੈ, ਹਉਮੈ ਦੀ। ਮੈਂ ਤੇ ਹਉਮੈ ਛੱਡ ਦਿੱਤੀ ਹੈ, ਉਥੇ ਹੀ ਅੰਦਰ ਆ ਗਈ ਹੈ ਉਹ।"

"ਹੰਕਾਰ ਬਹੁਤ ਸੂਖਮ ਹੁੰਦਾ ਹੈ, ਨਾ ਚਾਹੁੰਦਿਆਂ ਵੀ ਸਾਡੇ ਵਿਚ ਆ ਵੜਦਾ ਹੈ। ਜੇ ਭਜਨ ਕਰਨ ਲਗ ਜਾਵੋ ਤਾਂ ਵੀ ਹੰਕਾਰ ਆ ਜਾਂਦਾ ਹੈ।"

"ਹਉਮੈ ਪਤਾ ਨਹੀਂ ਕਿਹੋ ਜਿਹੀ ਚੀਜ਼ ਬਣਾ ਦਿੰਦੀ ਹੈ। ਆਦਮੀ ਸਮਝਦਾ ਹੈ ਮੈਂ ਠੀਕ ਹਾਂ ਪਰ ਬੀਮਾਰ ਹੁੰਦੈ, ਪਤਾ ਨਹੀਂ ਕਿੱਧਰ ਦੀ ਵੜ ਜਾਂਦੀ ਹੈ।"

"ਚਗੇ ਚੰਗੇ ਵਿਦਵਾਨਾਂ ਦਾ ਹਉਮੈ ਨਾਸ ਕਰ ਦਿੰਦੀ ਹੈ।"

"ਜਿਹੜਾ ਆਦਮੀ ਮਨ ਨੂੰ ਮੁਖ ਰੱਖਦਾ ਹੈ, ਉਹ ਰਾਹ ਹੀ ਐਸਾ ਹੈ ਉਹਦੇ ਅਗਲੇ ਪਾਸੇ ਬੇਮੁਖਤਾਈ ਆ ਜਾਂਦੀ ਹੈ। ਉਹ ਫਿਰ ਰੱਬ ਤੋਂ ਬੇਮੁਖ ਹੁੰਦਾ ਹੈ, ਸਤਿਗੁਰੂ ਤੋਂ ਬੇਮੁਖ ਹੁੰਦਾ ਹੈ।"

"ਨਾਮ ਤੇ ਹੰਕਾਰ ਦਾ ਆਪਸ ਵਿਚ ਵੈਰ ਹੈ—ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ॥"

"ਜਿਵੇਂ ਨਾਮ ਤੇ ਹਉਮੈ ਦਾ ਆਪਸ ਵਿਚ ਵਿਰੋਧ ਹੈ, ਇਹਨਾਂ ਦੋਹਾਂ ਦਾ ਇਕ ਥਾਂ 'ਤੇ ਵਾਸਾ ਨਹੀਂ ਹੋ ਸਕਦਾ। ਇਸ ਦੇ ਮੁਕਾਬਲੇ ਮਾਇਆ ਦਾ ਤੇ ਹਉਮੈ ਦਾ ਆਪਸ ਵਿਚ ਬੜਾ ਮੇਲ ਜੋਲ ਹੈ। ਇਹ ਆਮ ਤੌਰ 'ਤੇ ਇਕੱਠੀਆਂ ਹੀ ਰਹਿੰਦੀਆਂ ਹਨ।"

"ਉਂਜ ਵਿਖਾਵੇ ਲਈ ਭਾਵੇ ਕਿੰਨੀਆਂ ਮਾਲਾ ਫੇਰੀ ਜਾਓ, ਪਰ ਸਿੱਟੇ ਵਜੋਂ ਇਹ ਵੀ ਹਉਮੈ ਦੀ ਨਿਸ਼ਾਨੀ ਬਣ ਜਾਂਦੀ ਹੈ। ਨਾਮ ਜੇ ਮਨ ਵਿਚ ਵੱਸੇ ਤਾਂ ਹੁਕਮ, ਰਜ਼ਾ ਵਿਚ ਚਲਣ ਦੀ ਤਾਕਤ ਮਿਲਦੀ ਹੈ—ਜੇ ਹੁਕਮ ਨੂੰ ਅਦੂਲ ਕੇ ਵਿਖਾਵੇ ਦੇ ਰੂਪ ਵਿਚ ਜਪਿਆ ਜਾਵੇ ਤਾਂ ਹੰਕਾਰ ਕਈ ਗੁਣਾ ਵਧ ਜਾਂਦਾ ਹੈ।"

"ਆਦਮੀ ਦਿਸਦੇ ਦੇ ਮੋਹ ਵਿਚ ਫਸ ਜਾਂਦਾ ਹੈ। ਮੋਹ ਨਹੀਂ ਪਾਉਣਾ ਚਾਹੀਦਾ, ਚਲਦੇ ਚਲੇ ਜਾਣਾ ਚਾਹੀਦਾ ਹੈ। ਅਸਾਂ ਹੀ ਅੱਗੇ ਜਾਣਾ ਹੈ, ਵਸਤਾਂ ਨੇ ਏਥੇ ਹੀ ਰਹਿਣਾ ਹੈ।"

"ਮੋਹ ਚਿੱਕੜ ਹੈ। ਬਹੁਤ ਦੂਰ ਤਕ ਚਿੱਕੜ ਹੈ, ਆਦਮੀ ਇਸ 'ਚ ਧੱਸਦਾ ਚਲਿਆ ਜਾਂਦਾ ਹੈ। ਇਕ ਲੱਤ ਕੱਢੋਗੇ, ਦੂਜੀ ਧੱਸ ਜਾਂਦੀ ਹੈ। ਕੋਈ ਸਾਨੂੰ ਸੁੱਕੇ ਥਾਂ ਕੱਢੇ ਤਾਂ ਹੀ ਨਿਕਲ ਸਕਦੇ

ਹਾਂ। ਸਤਿਗੁਰੂ ਸਾਡੇ ਸਾਰਿਆਂ 'ਤੇ ਕਿਰਪਾ ਕਰਨ, ਦੁਨੀਆਦਾਰੀ ਦੀ ਅੱਗ 'ਚੋਂ ਅਸੀਂ ਬਚ ਜਾਈਏ। ਪੰਜਾਂ ਵਿਚੋਂ ਨਿਕਲ ਜਾਈਏ,ਖਾਸ ਤੌਰ 'ਤੇ ਮੋਹ ਵਿਚੋਂ।"

"ਸਾਰਾ ਮੋਹ ਦਾ ਪਸਾਰਾ ਹੈ, ਕੋਈ ਕਿਸੇ ਦਾ ਭੈਣ-ਭਾਈ ਨਹੀਂ, ਭਜਨ ਵਿਚ ਦਿਲ ਲਗਾਓ।"

## ਭਜਨ-ਬਾਣੀ, ਸਿਮਰਨ ਤੇ ਸੇਵਾ

"ਨਾਮ ਜਪਣ ਨਾਲ ਹੀ ਜਨਮ-ਜਨਮਾਂਤਰਾਂ ਦੇ ਦੁੱਖ ਤੋਂ ਛੁਟਕਾਰਾ ਮਿਲਦਾ ਹੈ। ਸੋ ਜਿਸ ਗੁਰੂ ਤੋਂ ਜਿਹੜਾ ਨਾਮ ਲਿਆ ਹੈ, ਉਸਦਾ ਸਿਮਰਨ ਕਰੋ।"

"ਮਨ ਦੀ ਸ਼ੁੱਧੀ ਵਾਸਤੇ ਭਜਨ-ਬਾਣੀ, ਬਾਹਰਲੀ ਸ਼ੁੱਧੀ ਵਾਸਤੇ ਇਸ਼ਨਾਨ ਪਾਣੀ, ਇਹ ਬਹੁਤ ਜ਼ਰੂਰੀ ਹੈ, ਸਾਡੇ ਸਾਰਿਆਂ ਵਾਸਤੇ।"

"ਭਜਨ-ਬਾਣੀ ਕਰਨ ਵਾਲੇ ਬਹੁਤ ਹੁੰਦੇ ਹਨ ਪਰ ਉਨ੍ਹਾਂ ਦੀ ਅਵਸਥਾ 'ਚ ਫਰਕ ਹੁੰਦਾ ਹੈ।"

"ਭਜਨ-ਬੰਦਗੀ ਵਾਲੇ ਪਾਸਿਓਂ, ਦੇਵਤਿਆਂ ਨੂੰ ਆਹ ਹੋ ਗਿਆ, ਫਲਾਣੇ ਭਗਤ ਨੂੰ ਉਹ ਹੋ ਗਿਆ, ਏਨਾਂ ਗੱਲਾਂ ਨੂੰ ਸੋਚ ਕੇ ਪਿੱਛੇ ਨਾ ਹਟਿਆ ਜਾਵੇ।"

"ਸਤਿਗੁਰੂ ਰਾਮ ਸਿੰਘ ਦਾ ਹੁਕਮ ਹੈ ਜਿਸ ਨੂੰ ਕੰਨ ਵਿਚ ਮੰਤਰ ਮਿਲ ਗਿਆ, ਉਹਨੂੰ ਹੋਰ ਜਨਮ ਨਹੀਂ, ਮਨੁੱਖਾ ਜਨਮ ਹੀ ਮਿਲੇਗਾ, ਫਿਰ ਉਸ ਦਾ ਪਾਰ ਉਤਾਰਾ ਹੋਵੇਗਾ।"

"ਗੁਰੂ ਨਾਨਕ ਦੇਵ ਜੀ ਨੇ ਚਾਲੀ ਯੁੱਗ ਤਪੱਸਿਆ ਕਰ ਕੇ ਗੁਰਮੰਤਰ ਜੀਆਂ ਲਈ ਤਿਆਰ ਕੀਤਾ। ਇਹ ਉਹੀ ਚੀਜ਼ ਹੈ, ਨੌਂ ਨੌਂ ਯੁਗ ਇਕ ਇਕ ਅੱਖਰ 'ਤੇ ਮਿਹਨਤ ਕਰਕੇ ਚਾਰ ਯੁਗ, ਇਨ੍ਹਾਂ ਸਾਰੇ ਅੱਖਰਾਂ ਤੇ ਕੁਲ ਚਾਲੀ ਯੁਗ ਮਿਹਨਤ ਕਰ ਕੇ ਸਾਨੂੰ ਇਹ ਨਾਮ ਦਿੱਤਾ।"

"ਸਤਿਗੁਰੂ ਤੋਂ ਲੈ ਕੇ ਨਾਮ ਜਪਣਾ, ਉਸਦੇ ਹੁਕਮ ਅਨੁਸਾਰ ਭਜਨ ਕਰਨਾ। ਉਸ ਨਾਲ ਹੀ ਸਾਡਾ ਪਾਰ ਉਤਾਰਾ ਹੋ ਸਕਦਾ ਹੈ, ਏਥੇ ਵੀ ਤੇ ਅੱਗੇ ਵੀ।"

"ਮਨ ਲੱਗੇ ਨਾ ਲੱਗੇ, ਭਜਨ ਜ਼ਰੂਰ ਕਰਨੈ। ਕੀ ਜੇ ਮਨ ਨਾ ਲੱਗੇ ਤਾਂ ਨੌਕਰੀ, ਦੁਕਾਨ, ਖੇਤੀ, ਵਿਹਾਰ ਛੱਡ ਦੇਈਦਾ ਹੈ?"

"ਵਿਹਾਰ ਕਰੋ ਤਕੜੇ ਹੋ ਕੇ, ਪਰ ਭਜਨ-ਬਾਣੀ ਨਾਲ ਕਰੋ। ਪਰਿਵਾਰ ਵਿਚੋਂ ਚੁੱਪ ਕਰ ਕੇ ਚਲੇ ਈ ਜਾਣੈਂ ਇਕ ਦਿਨ। ਜਦੋਂ ਇਹ ਪਤਾ ਲਗਾ ਏ ਕਿ ਅੰਤ ਸਟੇਸ਼ਨ 'ਤੇ ਜਾ ਕੇ ਇਸ ਸਵਾਰੀ ਨੇ ਉਤਰਨੈ ਤੇ ਉਹ ਸਵਾਰੀ ਇਹ ਸਮਝੇ ਕਿ ਮੈਂ ਨਹੀਂ ਉਤਰਨਾ, ਟਿਕਟ ਮੁੱਕ ਗਈ ਤਾਂ ਉਤਰਨਾ ਈ ਪੈਣਾ ਹੈ ਹਰ ਹਾਲਤ ਵਿਚ, ਸੋ ਤਕੜੇ ਹੋ ਕੇ ਉੱਦਮ ਕਰੋ ਭਜਨ ਕਰੋ, ਬਾਣੀ ਪੜ੍ਹੋ।"

"ਕਈਆਂ ਦਾ ਵਿਚਾਰ ਹੁੰਦਾ ਹੈ ਕਿ ਜਿਨ੍ਹਾਂ ਨੇ ਭਜਨ ਕਰਨਾ ਹੈ, ਉਨ੍ਹਾਂ ਨੂੰ ਹੋਰ ਕੋਈ ਕੰਮ

ਨਹੀਂ ਹੁੰਦਾ। ਉਹ ਤੇ ਬਸ ਤੜਕੇ ਉਠ ਕੇ ਭਜਨ ਕਰ ਲਿਆ ਤੇ ਮੁੜਕੇ ਉਨ੍ਹਾਂ ਨੂੰ ਕੋਈ ਕੰਮ ਨਹੀਂ ਪਰ ਉਹ ਜਿਹੜੇ ਕੰਮ ਕਰਨ ਵਾਲੇ ਨੇ, ਉਹਨਾਂ ਬਾਰੇ ਸਤਿਗੁਰਾਂ ਨੇ ਇਹ ਕੁਛ ਦੱਸਿਆ ਹੈ ਕਿ—ਹਾਥ ਪਾਉ ਕਰਿ ਕਾਮੁ ਸਭ, ਚੀਤ ਨਿਰੰਜਨ ਨਾਲਿ।"

"ਜਿਸ ਵੇਲੇ ਤੁਸੀਂ ਖਰਾਦ ਦਾ ਕੰਮ ਕਰਦੇ ਹੋ, ਦੁਕਾਨ 'ਚ ਵਿਹਲੇ ਬੈਠੇ ਹੋ, ਕਾਰ 'ਚ ਜਾਂਦੇ ਹੋ, ਸਾਈਕਲ 'ਤੇ ਜਾਂਦੇ ਹੋ, ਪੈਦਲ ਜਾਂਦੇ ਹੋ, ਉਸ ਵੇਲੇ ਨਾਮ ਜਪਿਆ ਕਰੋ, ਰਸਨਾ ਹਿਲਾ ਕੇ, ਰਸਨਾ ਕਿਸੇ ਵੇਲੇ ਵੀ ਵਿਹਲੀ ਨਾ ਰਵ੍ਹੇ।"

"ਜਿੰਨਾ ਚਿਰ ਅਸੀਂ ਮਾਇਆ ਦੇ ਸੁਆਦ 'ਚ ਪਏ ਹਾਂ ਸਾਨੂੰ ਭਜਨ ਦੇ ਸੁਆਦ ਦਾ ਪਤਾ ਨਹੀਂ ਲਗਦਾ।"

"ਭਜਨ ਤੋਂ ਬਿਨਾਂ ਕੰਮ 'ਚ ਬਰਕਤ ਨਹੀਂ ਪੈਂਦੀ, ਜੇ ਧਨ ਜੁੜ ਵੀ ਜਾਵੇ ਤਾਂ ਉਹ ਸ਼ਾਂਤੀ ਨਹੀਂ ਦਿੰਦਾ, ਬੇਚੈਨੀ ਬਣੀ ਰਹਿੰਦੀ ਹੈ।"

"ਭਜਨ ਨੂੰ ਅੱਜ ਵਾਧੂ ਕੰਮ ਸਮਝਦੇ ਹਨ, ਕਹਿੰਦੇ ਹਨ, ਇਹ ਤਾਂ ਸਾਧ-ਸੰਤਾਂ ਦਾ ਕੰਮ ਹੈ, ਜਿਵੇਂ ਦੂਜਿਆਂ ਨੇ ਮਰਨਾ ਨਹੀਂ ਹੁੰਦਾ। ਇਹ ਕਿਤੇ ਨਹੀਂ ਲਿਖਿਆ ਕਿ ਪ੍ਰਧਾਨ ਮੰਤਰੀ ਦਾ ਛੁਟਕਾਰਾ ਹੋ ਜਾਊ।"

"ਰਸਨਾ ਸਾਡੀ ਵੀ ਚਲਦੀ ਹੈ, ਪਰ ਉਹ ਈਰਖਾ, ਦਵੈਸ਼, ਚੁਗਲੀ, ਨਿੰਦਿਆ ਤੇ ਦਵਾਦਵ ਚਲਦੀ ਹੈ। ਏਨਾ ਹੀ ਫਰਕ ਹੈ, ਰਸਨਾ ਵੀ ਉਹੀ ਹੀ ਹੈ, ਬੋਲਦੀ ਵੀ ਹੈ, ਹਿਲਦੀ ਵੀ ਹੈ ਪਰ ਐਸ ਕੰਮ ਵਾਸਤੇ, ਭਜਨ ਕਰਨ ਵਾਸਤੇ ਨਹੀਂ ਹਿੱਲਦੀ।"

"ਫਜ਼ੂਲ ਗੱਲਾਂ ਨਾ ਕਰਿਆ ਕਰੋ। ਗੱਲਾਂ ਨਾਲ, ਜੋ ਭਜਨ ਨਹੀਂ ਕਰਦੇ, ਤਾਕਤ ਨਸ਼ਟ ਹੁੰਦੀ ਹੈ...ਜੇ ਨਾਮਧਾਰੀ ਨਾਮ ਨਹੀਂ ਜਪਦਾ ਤਾਂ ਉਹਦਾ ਵੀ ਬਚਾਅ ਨਹੀਂ।"

"ਭਜਨ ਸਿਮਰਨ ਦੀ ਬਹੁਤ ਤਾਕਤ ਹੈ, ਇਸ ਬਾਰੇ ਗੁਰਬਾਣੀ ਵਿਚ ਪੰਚਮ ਪਾਤਸਾਹ ਨੇ ਫਰਮਾਇਆ ਹੈ,

ਉਡੈ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥
ਉਨ ਕਵਨੁ ਖਲਾਵੈ ਕਵਨੁ ਚੁਗਾਵੈ
ਮਨ ਮਹਿ ਸਿਮਰਨੁ ਕਰਿਆ॥

ਸੈਂਕੜੇ ਕੋਹਾਂ ਤੋਂ ਕੂੰਜਾਂ ਆਉਂਦੀਆਂ ਹਨ। ਪਿੱਛੇ ਆਪਣੇ ਬੱਚੇ ਛੱਡ ਕੇ ਆਉਂਦੀਆਂ ਹਨ। ਸਿਮਰਨ ਦੀ ਸ਼ਕਤੀ ਨਾਲ ਹੀ ਉਹਨਾਂ ਬੱਚਿਆਂ ਦੀ ਪ੍ਰਤਿਪਾਲਣਾ ਹੁੰਦੀ ਹੈ।"

"ਜਿਹੜੀਆਂ ਪਹਿਲੀਆਂ ਸਟੇਜਾਂ ਨੇ ਤੜਕੇ ਉਠਣਾ, ਸਟਕੇਸੀਂ ਇਸ਼ਨਾਨ ਕਰਨਾ ਤੇ ਫਿਰ ਕਿਸੇ ਨੂੰ ਦੱਸਣਾ ਨਹੀਂ ਤਾਂ ਜੋ ਹਉਮੈਂ ਨਾ ਆਵੇ।"

"ਨਾਮ ਸਵਾਸ ਸਵਾਸ ਜਪੋ, ਨਿਰਹੰਕਾਰ ਹੋ ਕੇ ਜਪੋ, ਭਜਨ-ਬਾਣੀ ਕਰਨ ਵਾਲਿਆਂ ਨੂੰ

ਜਦੋਂ ਮੱਥਾ ਟਿਕਣ ਲੱਗ ਪੈਂਦਾ ਹੈ ਉਦੋਂ ਵੀ ਹੰਕਾਰ ਹੋ ਜਾਂਦਾ ਹੈ, ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਬਚਣ ਦੀ ਲੋੜ ਹੈ।"

"ਸੇਵਾ ਇਕ ਐਸੀ ਗੱਲ ਹੈ ਜੋ ਅਹੰਕਾਰ ਮਾਰਦੀ ਹੈ। ਨਿਸ਼ਕਾਮ ਹੋ ਕੇ ਸੇਵਾ ਕਰਨ ਬਾਰੇ ਉਪਦੇਸ਼ ਹੈ,

'ਸੇਵਾ ਕਰਤ ਹੋਇ ਨਿਹਕਾਮੀ॥

ਤਿਸੁ ਕਉ ਹੋਤ ਪਰਾਪਤਿ ਸੁਆਮੀ'

"ਇਕ ਤੇਜਾ ਸਿੰਘ ਚੜ੍ਹਾਈ ਕਰ ਗਿਆ ਹੈ। ਉਹਨੇ ਜਾ ਕੇ ਕਾਲਜ ਵਿਚ ਭਾਂਡੇ ਮਾਂਜਨ ਲਗ ਪੈਣਾ, ਕਿਸੇ ਨੇ ਪੁੱਛਿਆ—ਗੁਰਦੁਆਰੇ ਨਹੀਂ ਜਾਂਦਾ? ਆਂਹਦਾ, ਉਥੇ ਮੈਨੂੰ ਸੰਤ ਜੀ, ਸੰਤ ਜੀ ਆਖਕੇ ਮੇਰਾ ਸਾਰਾ ਕੰਮ ਖਰਾਬ ਕਰ ਦੇਂਦੇ ਨੇ। ਸਾਨੂੰ ਕੋਈ ਸੰਤ ਨਾ ਆਖੇ। ਇਸ ਤਰ੍ਹਾਂ ਦੇ ਜਿਹੜੇ ਸਾਧ ਨੇ ਉਹ ਸਾਨੂੰ ਰਸਤਾ ਵਿਖਾਉਂਦੇ ਨੇ।"

"ਨਾਮ ਜਪਣ ਵਾਸਤੇ ਹਿਰਦੇ 'ਚੋਂ ਕਾਮ-ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਬਦਬੂਆਂ ਕੱਢੀਆਂ ਜਾਣ। ਸੱਤ, ਸੰਤੋਖ, ਦਇਆ, ਧਰਮ, ਪ੍ਰੇਮ, ਵੈਰਾਗ ਆਦਿ ਵਰਗੀਆਂ ਖੁਸ਼ਬੂਆਂ ਵੱਸਣ ਤਾਂ ਹੀ ਹਿਰਦੇ ਵਿਚ ਨਾਮ ਦਾ ਵਾਸਾ ਹੋ ਸਕਦਾ ਹੈ।"

"ਭਗਤੀ ਸਿਮਰਨ ਕਰਨ ਨਾਲ ਹਿਰਦੇ ਦੀ ਗਤੀ ਠੀਕ ਰਹਿੰਦੀ ਹੈ। ਅਮਰੀਕਾ ਦੀ ਇਕ ਸੰਸਥਾ ਨੇ ਦੱਸਿਆ ਹੈ ਕਿ ਡੂੰਘੀ ਭਗਤੀ (ਡੀਪ ਮੈਡੀਟੇਸ਼ਨ) ਨਾਲ ਦਿਮਾਗ ੯੫ ਪ੍ਰਤੀਸ਼ਤ ਤਕ ਕੰਮ ਕਰਦਾ ਹੈ।"

"ਜਿੰਨੀ ਬਿਰਤੀ ਨਾਮ ਵਾਲੇ ਪਾਸਿਓਂ ਘਟਦੀ ਹੈ ਓਨੀ ਈਰਖਾ ਵਧਦੀ ਹੈ। ਦਵੈਤ, ਲਾਲਚ, ਮੋਹ ਆਦਿ ਵਧਦੇ ਹਨ। ਲੋਭ ਸਾਨੂੰ ਛੱਡਦਾ ਨਹੀਂ। ਇਸ ਨਾਲ ਸਾਡਾ ਦੁੱਖ ਵਧ ਰਿਹਾ ਹੈ।"

"ਈਰਖਾ ਦੀ ਅੱਗ ਵਿਚ ਸੜਦੇ ਮਨੁੱਖ ਨੂੰ ਹਰੀ ਦਾ ਨਾਮ ਹੀ ਠੰਡਕ ਪਹੁੰਚਾ ਸਕਦਾ ਹੈ ਕਿਉਂਕਿ:

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ।

ਸੀਤਲ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥

ਜੇ ਈਰਖਾ ਨਹੀਂ ਗਈ ਤਾਂ ਮੰਦਰ ਮਸੀਤ ਤੇ ਹੋਰ ਧਰਮ ਸਥਾਨ ਸਭ ਵਖਾਵੇ ਹਨ।"

"ਭਜਨ ਕਰਨ ਵਾਲਾ, ਸਿੱਖ ਜਾਂ ਸੇਵਕ ਉਹ ਅਰਦਾਸ ਕਰਨ ਵੇਲੇ ਕਿੰਨੀਆਂ ਪੰਡਾਂ ਸਿਰ 'ਤੇ ਕਾਮਨਾਵਾਂ ਦੀਆਂ ਬੰਨ੍ਹਕੇ ਲੈ ਆਉਂਦਾ ਹੈ। ਗੁਰਦੁਆਰੇ ਜਾ ਕੇ ਉਹ ਚਾਰ ਜਾਂ ਪੰਜ ਰੁਪਏ ਮੱਥਾ ਟੇਕਦਾ ਹੈ ਤੇ ਚਾਹੁੰਦੈ ਮੈਨੂੰ ਦਸ ਲੱਖ ਮਿਲ ਜਾਏ। ਇਕ ਥਾਂ ਸਤਿਗੁਰਾਂ ਨੇ ਬਾਣੀ ਵਿਚ ਲਿਖਿਐ:-

ਐਸਾ ਜਗੁ ਦੇਖਿਆ ਜੂਆਰੀ॥

ਸਭਿ ਸੁਖ ਮਾਗੈ ਨਾਮੁ ਬਿਸਾਰੀ॥

ਪਰ ਆਪਾਂ ਇਹਦੇ ਉਲਟ ਕਰਨਾ ਹੈ। ਸਾਡੇ 'ਤੇ ਸਤਿਗੁਰੂ ਕਿਰਪਾ ਕਰਨ ਉਹਨਾਂ ਤੁਕਾਂ ਦਾ ਅਸਰ ਹੋਵੇ। ਐਹ ਚੀਜ਼ਾਂ ਦੁਨੀਆਂਦਾਰੀ ਦੀਆਂ ਬਹੁਤ ਛੋਟੀਆਂ ਨੇ।

ਹਰਿ ਦਰਸ ਕੇ ਜਨ ਮੁਕਤਿ ਨ ਮਾਂਗਹਿ...।

ਉਹ ਮੁਕਤ ਵੀ ਨਹੀਂ ਮੰਗਦੇ। ਸਾਨੂੰ ਲੋੜ ਨਹੀਂ ਇਹਦੀ। ਇਸ ਤੋਂ ਉੱਤੇ ਜਿਹੜੀ ਚੀਜ਼ ਹੈ–ਸਤਿਗੁਰੂ ਦਾ ਹੁਕਮ, ਸਤਿਗੁਰੂ ਦਾ ਦਰਸ਼ਨ।"

"ਤੜਕੇ ਉਠਿਆ ਕਰੋ। ਸਣੇਂ ਕੇਸੀ ਇਸ਼ਨਾਨ ਕਰਿਆ ਕਰੋ। ਨਾਮ ਸਿਮਰਨ ਵਾਸਤੇ ਬੈਠਿਆ ਕਰੋ। ਜਿਹੜਾ ਸਾਥੀ ਭਜਨ ਵੇਲੇ ਮੂੰਹ ਮੀਟੀ ਬੈਠਾ ਹੈ, ਉਸ ਨੂੰ ਆਖੋ ਰਸਨਾ ਹਿਲਾ ਕੇ ਭਜਨ ਕਰੇ।"

"ਇਕ ਦੂਜੇ ਨੂੰ ਚੇਤਾ ਕਰਾ ਦਿਆ ਕਰੋ ਜਿਸ ਤਰ੍ਹਾਂ ਤੁਸੀਂ ਯਾਦ ਕਰਾਉਂਦੇ ਹੋ—ਤੂੰ ਰੋਟੀ ਕਿਥੋਂ ਖਾਣੀ ਹੈ, ਦੁਕਾਨ 'ਤੇ ਤੂੰ ਜਾਂਦਾ ਨਹੀਂ? ਇਹ ਵੀ ਇਕ ਦੂਜੇ ਨੂੰ ਯਾਦ ਕਰਾਇਆ ਕਰੋ ਕਿ ਨਾਮ ਜਪੋ।"

"ਅਸੀਂ ਸਿਨੇਮਾ ਜਾਣ ਵੇਲੇ, ਬਾਜ਼ਾਰ ਜਾਣ ਵੇਲੇ, ਹੋਰ ਗੱਲਾਂ ਵੇਲੇ ਇਕ ਦੂਜੇ ਨੂੰ ਉਤਸ਼ਾਹ ਦੇ ਕੇ ਨਾਲ ਤੋਰਦੇ ਹਾਂ। ਅਸੀਂ ਉਹਦੀ ਥਾਂ ਇਕ ਘੰਟਾ ਨਾਮ ਸਿਮਰਨ ਵਾਸਤੇ ਇਕ ਦੂਜੇ ਨੂੰ ਆਖਿਆ ਕਰੀਏ। ਉਤਸ਼ਾਹ ਦਿਆ ਕਰੀਏ। ਤੁਸੀਂ ਇਕ ਦੂਜੇ ਨੂੰ ਮਿਲ ਕੇ ਜਾਂ ਟੈਲੀਫੋਨ ਕਰਕੇ ਪੁੱਛਿਆ ਕਰੋ ਕਿ, ਕੀ ਤੂੰ ਤੜਕੇ ਉੱਠਿਆ ਹੈਂ? ਸਣੇਕੇਸੀਂ ਇਸ਼ਨਾਨ ਕੀਤਾ ਹੈ? ਨਾਮ ਜਪਿਆ ਹੈ? ਇਹ ਬਹੁਤ ਜ਼ਰੂਰੀ ਹੈ।"

"ਤੁਸੀਂ ਆਪਣੇ ਆਪਣੇ ਘਰਾਂ ਵਿਚ ਬੈਠ ਕੇ, ਸਤਿਗੁਰਾਂ ਦੀ ਕਥਾ, ਸਿੱਖਾਂ ਦੀ ਕਥਾ ਜ਼ਰੂਰ ਕਰਿਆ ਕਰੋ ਤਾਂ ਕਿ ਸਾਡੇ ਬੱਚਿਆਂ 'ਤੇ ਵਧੀਆ ਅਸਰ ਹੋਵੇ।"

"ਆਪੋ ਆਪਣੇ ਘਰਾਂ ਵਿਚ ਬੈਠ ਕੇ ਬੱਚਿਆਂ ਨੂੰ ਨਾਲ ਬਿਠਾ ਕੇ ਸਿਮਰਨ ਕਰਿਆ ਕਰੋ। ਜਿਵੇਂ ਰੋਟੀ ਖਾਣ ਦੀ ਜਾਚ ਦੱਸਦੇ ਹੋ, ਕੱਪੜੇ ਪਾਣ ਦੀ ਜਾਚ ਦੱਸਦੇ ਹੋ, ਜਿਵੇਂ ਸਕੂਲੇ ਜਾਣ ਦੀ ਜਾਚ ਦੱਸਦੇ ਹੋ—ਨਾਮ ਸਿਮਰਨ ਕਰਨ ਦੀ ਜਾਚ ਵੀ ਬੱਚਿਆਂ ਨੂੰ ਦੱਸਿਆ ਕਰੋ। ਬੱਚਿਆਂ ਨੂੰ ਜਿਸ ਪਾਸੇ ਲਾਈਏ, ਉਧਰ ਹੀ ਲਗ ਜਾਂਦੇ ਨੇ।"

"ਜਿਥੇ ਅਸੀਂ ਦੁੱਧ ਵਧਾਉਣ ਦਾ, ਫਸਲ ਵਧਾਉਣ ਦਾ ਤੇ ਜ਼ਮੀਨਾਂ ਜਾਇਦਾਦਾਂ ਵਧਾਉਣ ਦਾ ਇਕ ਦੂਜੇ ਨਾਲ ਮੁਕਾਬਲਾ ਕਰਦੇ ਹਾਂ, ਉਥੇ ਨਾਮ ਜਪਣ ਦਾ, ਬਾਣੀ ਪੜ੍ਹਨ ਦਾ ਵੀ ਇਕ ਦੂਜੇ ਨਾਲ ਮੁਕਾਬਲਾ ਕਰਿਆ ਕਰੀਏ।"

"ਤੁਸੀਂ ਜਾਣਦੇ ਹੋ ਕਿ ਅਸੀਂ ਆਪਣੇ ਵਿਚਾਰ ਦੀਆਂ ਗੱਲਾਂ ਕਰਨ ਲਈ ਆਪਣੇ ਵਿਹਾਰ ਦੇ ਬੰਦੇ ਲੱਭ ਲੈਂਦੇ ਹਾਂ, ਸ਼ਰਾਬ ਪੀਣ ਵਾਲੇ ਵੀ ਰੋਜ਼ ਸ਼ਾਮ ਨੂੰ ਆਪਣੇ ਸਾਥੀਆਂ ਨੂੰ ਲੱਭ ਲੈਂਦੇ

ਹਨ, ਇਸੇ ਤਰ੍ਹਾਂ ਜੁਆਰੀਏ, ਚੋਰ ਤੇ ਠੱਗ ਵੀ। ਜਿਵੇਂ ਇਹ ਸਾਰੇ ਆਪਣੇ ਆਪਣੇ ਕੰਮ 'ਚ ਤਾਕ ਹਨ ਸਾਨੂੰ ਆਪਣਾ ਕੰਮ ਚੰਗੀ ਤਰ੍ਹਾਂ ਕਰਨਾ ਚਾਹੀਦਾ ਹੈ। ਸਾਰੇ ਇਕੱਠੇ ਹੋ ਕੇ ਭਜਨ ਬਾਣੀ ਕਰਿਆ ਕਰੋ।"

"ਪਤਾ ਨਹੀਂ ਕਿਸ ਦੀ ਕਿਸ ਦਿਨ ਵਾਰੀ ਆ ਜਾਣੀ ਹੈ। ਉਸ ਦਾ ਈ ਚਾਰਾ ਕੀਤਾ ਜਾਏ—

ਜਪ ਤਪ ਕਾ ਬੰਧੁ ਬੇੜਲਾ

ਜਿਤੁ ਲੰਘਹਿ ਵਹੇਲਾ॥"

"ਮਾਨ ਪ੍ਰਤਿਸ਼ਟਾ ਨਾਲ ਨਾਮ ਨਾ ਜਪੇ ਸਗੋਂ ਗੁਰੂ ਕਾ ਸ਼ਬਦ ਕਮਾਏ ਤਾਂ ਹੀ ਸਰਬ ਸੁਖ ਪ੍ਰਾਪਤ ਹੁੰਦੇ ਹਨ।"

"ਆਖਣਾ ਤੇ ਸੁਨਣਾ ਸੌਖਾ ਹੈ ਪਰ ਕਮਾਈ ਉਸ ਦੀ ਕਰਨੀ ਅਤਿ ਕਠਿਨ ਹੈ।"

"ਪਹਿਲੋਂ ਨਾਮ ਲਿਆ ਜਾਵੇ ਫਿਰ ਸਤਿਗੁਰੂ ਦੇ ਹੁਕਮ ਅਨੁਸਾਰ ਉਸ ਦੀ ਕਮਾਈ ਕੀਤੀ ਜਾਵੇ। ਜਿਹੜੇ ਦੁਆਈਆਂ ਮਾਰਦੇ ਨੇ ਉਹਨਾਂ ਨੂੰ ਪਤੈ ਉਹਦੀ ਕਿੰਨੀ ਪੋਟੈਂਸੀ ਵਧ ਜਾਂਦੀ ਹੈ। ਖਰਲ ਨਾਲ ਉਹਦੀ ਕਿੰਨੀ ਤਾਕਤ ਵਧ ਜਾਂਦੀ ਹੈ। ਕਮਾਇਆ ਚਮੜਾ ਵਧਦਾ ਘਟਦਾ ਨਹੀਂ। ਲੱਕੜ ਨੂੰ ਵੀ ਸੀਜ਼ਨ ਕੀਤਾ ਜਾਂਦਾ ਹੈ, ਕਮਾਈ ਜਾਂ ਸੀਜ਼ਨ ਵਿਚ ਬਹੁਤ ਕੁਝ ਹੁੰਦਾ ਹੈ, ਤਾਂ ਇਹ ਪ੍ਰਾਪਤ ਹੁੰਦੀ ਹੈ।"

"ਕਈ ਵਾਰ ਅਸੀਂ ਗੱਲਾਂ ਹੀ ਕਰਦੇ ਰਹਿ ਜਾਂਦੇ ਹਾਂ, ਗੱਡੀ ਲੰਘ ਜਾਂਦੀ ਹੈ ਪਰ ਜੇ ਇਹ ਜੀਵਨ ਦੀ ਗੱਡੀ ਨਾਮ-ਸਿਮਰਨ ਤੋਂ ਬਿਨਾਂ ਲੰਘ ਗਈ ਤਾਂ ਵਿਅਰਥ ਹੈ।"

"ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ॥

ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ॥

ਪਤਾ ਨਹੀਂ ਕਿਹੜੇ ਵੇਲੇ ਸਾਹ ਨਿਕਲਣਾ ਹੈ, ਉਸ ਵੇਲੇ ਅਸੀਂ ਨਾਮ ਜਪਦੇ ਹੋਈਏ।"

"ਸ੍ਰੀ ਗੁਰੂ ਰਾਮਦਾਸ ਜੀ ਬਿਹਾਗੜੇ ਰਾਗ ਵਿਚ ਫਰਮਾਉਂਦੇ ਹਨ—

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ

ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ॥

ਹਰਿ ਜਪਦਿਆਂ ਖਿਨੁ ਢਿੱਲ ਨ ਕੀਜਈ ਮੇਰੀ ਜਿੰਦੁੜੀਏ

ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥"

(ਪੰਨਾ ੬੪੦)

"ਕੱਲ੍ਹ ਦਾ ਕੀ ਪਤਾ ਹੈ, ਸੁਆਸਾਂ ਤੀਕ ਨਿਭੇ ਉਹ ਨਿਤਨੇਮ ਹੈ। ਨਾਮ ਸਿਮਰਨ ਕਰ ਕੇ ਸਭ ਦਾ ਭਲਾ ਮੰਗੋ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਅਰਦਾਸ ਕਰੋ।"

"ਦੁਕਾਨਦਾਰ ਧੱਕੇ ਖਾ ਖਾ ਕੇ, ਭਾਵੇ ਉਹਨਾਂ ਨੂੰ ਬੜੇ ਘਾਟੇ ਪੈਂਦੇ ਨੇ, ਕਦੇ ਵੀ ਦੁਕਾਨਦਾਰੀ

ਨਹੀਂ ਛੱਡਦਾ ਕਿ ਮੈਂ ਉਸ ਪਾਸੇ ਨੂੰ ਛੱਡ ਦਿਆਂ। ਜਦੋਂ ਛੱਡਣ ਵਾਲਾ ਪਾਸਾ ਔਦੈ ਓਦੋਂ ਧਰਮ ਵਾਲੇ ਪਾਸੇ ਦੀ ਵਾਰੀ ਆ ਜਾਂਦੀ ਐ—ਨਾਮਦੇਵ ਜੀ ਨੇ ਏਸੇ ਵਾਸਤੇ ਲਿਖਿਐ—

'ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ।
ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ॥'

ਐਨਾ ਰਾਮ ਨਾਮ ਵਾਲੇ ਪਾਸੇ ਲਗਿਆ ਜਾਵੇ, ਫੇਰ ਕੁਛ ਪ੍ਰਾਪਤੀ ਹੋ ਸਕਦੀ ਐ। ਕੁਛ ਆਦਮੀ ਫਿਰ ਏਹ ਸਤਰ੍ਹਾਂ ਆਖਣ ਲਗ ਪੈਂਦੇ ਨੇ—ਜੋ ਕੁਛ ਕਰਦੈ ਉਹ ਤੇ ਅਕਾਲ ਪੁਰਖ ਕਰਦੈ, ਆਦਮੀ ਨੂੰ ਕਰਨ ਦੀ ਕੀ ਲੋੜ ਐ? ਜਿਸ ਵੇਲੇ ਗੱਲ ਔਂਦੀ ਐ ਅਸੀਂ ਸਾਰੀ ਗੱਲ ਅਕਾਲ ਪੁਰਖ ਤੇ ਥੱਪ ਦਿੰਦੇ ਹਾਂ। ਜਿਸ ਵੇਲੇ ਆਪਣੀ ਮਰਜ਼ੀ ਕਰਨੀ ਐਂ, ਕਰ ਲੈਂਦੇ ਹਾਂ। ਇਹ ਗੱਲ ਧਿਆਨ ਨਾਲ ਸੋਚਣ ਵਾਲੀ ਐ।"

"ਜਦੋਂ ਕੱਤੇ ਦਾ ਮਹੀਨਾ ਆਉਂਦੈ। ਉਸ ਮਹੀਨੇ 'ਚ ਕਣਕ ਬੀਜਦੇ ਨੇ। ਮਾਰੀ ਜਾਂਦੀ ਐ ਕਈਆਂ ਦੀ, ਕਈਆਂ ਦੀ ਬਚ ਜਾਂਦੀ ਐ, ਪਰ ਬੀਜਣੋ ਨਈਂ ਹਟਦੇ। ਜਦੋਂ ਵੈਸਾਖ ਦੇ ਮਹੀਨੇ 'ਚ ਕੋਈ ਵੱਢਦਾ ਹੋਵੇ ਕਣਕ, ਜੀਹਨੇ ਕੱਤੇ 'ਚ ਨਹੀਂ ਬੀਜੀ, ਉਹ ਜਾ ਕੇ ਲੜਨ ਲਗ ਪਵੇ ਉਹਦੇ ਨਾਲ, ਤੂੰ ਕਣਕ ਵਢਦੈਂ ਮੇਰੇ ਕੋਲ ਹੈ ਕੱਖ ਨਹੀਂ। ਮੈਂ ਤੇਰੇ 'ਚੋਂ ਹਿਸਾ ਵੰਡਾ ਲਵਾਂਗਾ, ਉਹ ਫਿਰ ਲੜਾਈ-ਝਗੜਾ ਹੋ ਜਾਂਦੈ।"

"ਅੱਗੇ ਚੱਕੀ ਚਲੀ ਸੀ, ਹੁਣ ਖਰਾਸ ਚਲਣਾ ਹੈ। ਤੁਸੀਂ ਇਹ ਸਮਝ ਲਓ ਕਿ ਖਰਾਸ ਤੇ ਚੱਕੀ 'ਚ ਕਿੰਨਾ ਫਰਕ ਹੈ। ਹੁਕਮ ਇਹ ਹੈ ਜਿਹੜਾ ਨਾਮ ਜਪੇਗਾ, ਉਹ ਬਚੇਗਾ। ਜਿਹੜੇ ਨਾਮ ਜਪਣ ਵਾਲੇ ਨੇ—ਕਿੱਲੀ ਦੇ ਮੁਢ ਲਗੇ ਦਾਣਿਆਂ ਵਾਂਗ ਬਚ ਜਾਂਦੇ ਨੇ। ਨਾਮ-ਸਿਮਰਨ ਤੇ ਭਜਨ ਬੰਦਗੀ ਕਿੱਲੀ ਹੈ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਦਾ ਧਿਆਨ ਰੱਖ ਕੇ ਭਜਨ-ਬੰਦਗੀ ਕਰੇਗਾ, ਉਹ ਬਚਿਆ ਰਹੇਗਾ।"

"ਉਪਦੇਸੁ ਜਿ ਦਿਤਾ ਸਤਿਗੁਰੂ
ਸੋ ਸੁਣਿਆ ਸਿਖੀ ਕੰਨਿ॥"

### ਅੰਮ੍ਰਿਤ ਵੇਲੇ ਉਠੋ, ਇਸ਼ਨਾਨ ਕਰ ਕੇ ਸਿਮਰਨ ਕਰੋ

"ਉਹ ਜਿਹੜਾ ਕੰਨ ਵਿਚ ਉਪਦੇਸ਼ ਤੁਸਾਂ ਜਿਹਦੇ ਕੋਲੋਂ ਵੀ ਸੁਣਿਆ ਹੈ, ਉਸਦੇ ਸਿਮਰਨ ਦਾ ਵੇਲਾ, ਅੰਮ੍ਰਿਤ ਵੇਲੇ ਦਾ ਹੈ। ਨਾਮ ਸਾਰਿਆਂ ਵਾਸਤੇ ਅਕਾਲ ਪੁਰਖ ਦਾ ਹੈ। ਇਸ਼ਨਾਨ ਸਣੇ ਕੇਸੀਂ ਕਰਿਆ ਕਰੋ। ਮਾਸ, ਸ਼ਰਾਬ ਸਿਗਰਟ ਦਾ ਤਿਆਗ ਕਰ ਦਿਓ ਤਾਂ ਕਿ ਅਸੀਂ ਆਪਣੀ ਜੀਵਨ ਯਾਤਰਾ ਨੂੰ ਸਫਲ ਕਰ ਸਕੀਏ। ਸਿਮਰਨ ਤੁਸੀਂ ਆਪਣੇ ਘਰਾਂ 'ਚ ਵੀ ਕਰ ਸਕਦੇ ਹੋ।"

"ਤੜਕੇ ਉਠਣਾ, ਬਹੁਤਾ ਚਿਰ ਬੈਠ ਕੇ ਅਭਿਆਸ ਕਰਨਾ ਚੰਗੀ ਗੱਲ ਹੈ ਪਰ ਉਸ ਤੋਂ ਪਹਿਲੋਂ ਇਸ਼ਨਾਨ ਜ਼ਰੂਰੀ ਹੈ,

'ਕਰਿ ਇਸਨਾਨੁ ਸਿਮਰਿ ਪ੍ਰਭੁ ਆਪਨਾ
ਮਨ ਤਨ ਭਏ ਅਰੋਗਾ॥'—ਫੇਰ ਸਰੀਰ ਤੇ ਮਨ ਦੋਵੇਂ ਚੀਜ਼ਾਂ ਅਰੋਗ ਹੁੰਦੀਆਂ ਨੇ।"

"ਇਕ ਇਸ਼ਨਾਨ ਅਸਾਂ ਕਰਨਾ ਹੈ ਪਾਣੀ ਨਾਲ, ਦੂਸਰਾ ਇਸ਼ਨਾਨ ਅਸਾਂ ਕਰਨੈ ਅੰਮ੍ਰਿਤ ਵੇਲਾ ਹੋ ਗਿਆ, ਅੰਮ੍ਰਿਤ ਦਾ ਸਰੋਵਰ, ਜਿਹੜਾ ਨਾਮ ਸਾਨੂੰ ਮਿਲਿਐ, ਉਹ ਦਾ ਸਿਮਰਨ ਕਰਕੇ"

"ਸਵੇਰ ਦਾ ਸਮਾਂ ਐਸਾ ਹੈ ਜਿਸ ਵਿਚ ਭਗਵਾਨ ਨੇ ਆਪਣੀ ਮਾਇਆ ਦਾ ਸੰਕੋਚ ਕੀਤੈ, ਇਸ ਵੇਲੇ 'ਚ ਸਤਿਗੁਰੂ ਕਿਰਪਾ ਕਰੇ ਅਸੀਂ ਸਿਮਰਨ ਕਰ ਸਕੀਏ।"

"ਤੁਸੀਂ ਜਿਹੜੇ-ਜਿਹੜੇ ਧਰਮ ਨੂੰ ਮੰਨਦੇ ਹੋ, ਆਪਣੇ ਧਰਮ ਦੇ ਮੁਤਾਬਕ ਠੀਕ ਚਲੋ। ਨਮਾਜ਼ ਪੜ੍ਹੋ, ਪੂਜਾ ਕਰੋ, ਭਜਨ ਕਰੋ। ਲੇਕਿਨ ਇਹ ਤੁਸੀਂ ਚੇਤਾ ਰੱਖੋ ਕਿ ਸਾਰਿਆਂ ਦੇ ਵਾਸਤੇ ਅੰਮ੍ਰਿਤ ਵੇਲੇ ਉਠਣਾ ਬਹੁਤ ਜ਼ਰੂਰੀ ਹੈ। ਏਥੇ ਸਾਰੇ ਇਕੱਠੇ ਹੋ ਜਾਂਦੇ ਹਾਂ।"

"ਸਣੇ ਕੇਸੀਂ ਇਸ਼ਨਾਨ, ਸੂਰਜ ਚੜ੍ਹਨ ਤੋਂ ਘੱਟ ਤੋਂ ਘੱਟ ਦੋ ਢਾਈ ਘੰਟੇ ਪਹਿਲੋਂ ਜ਼ਰੂਰ ਉਠਿਆ ਕਰੋ। ਹਲ ਵਾਹੁਣਾ ਹੋਵੇ ਤਾਂ ਵੀ ਉਠ ਪੈਂਦੇ ਹੋ, ਗੱਡੀ ਚੜ੍ਹਨਾ ਹੋਵੇ ਤਾਂ ਭਾਵੇਂ ਰਾਤ ਨੂੰ ਬਾਰਾਂ ਵਜੇ ਉਠ ਪਵੋ। ਕਈ ਟਰੱਕਾਂ ਤੇ ਸਫ਼ਰ ਕਰਦੇ ਨੇ ਪਤਾ ਨਹੀਂ ਕਿੰਨੀਆਂ ਕਿੰਨੀਆਂ ਰਾਤਾਂ ਜਾਗਦੇ ਨੇ, ਪਾਣੀ ਲਾਉਣ ਵਾਲੇ ਪੋਹ ਦੀਆਂ ਰਾਤਾਂ ਵਿਚ ਠੱਕਾ ਵਗਦਾ ਹੋਵੇ ਤੇ ਪਾਣੀ ਲਾਈ ਜਾਂਦੇ ਨੇ, ਤੇ ਤੁਹਾਨੂੰ ਤਾਂ ਕੋਈ ਤਕਲੀਫ ਨਹੀਂ। ਅੰਦਰ ਬੈਠ ਕੇ ਸਿਮਰਨ ਕਰਨਾ ਹੈ।"

"ਸਤਿਗੁਰਾਂ ਨੇ ਕਿਰਪਾ ਕਰਕੇ ਏਡੇ ਏਡੇ ਉੱਚੇ ਸਾਧੂ ਬਣਾਏ। ਕਿਸ ਤਰ੍ਹਾਂ ਫਾਂਸੀਆਂ ਤੇ ਚੜ੍ਹੇ, ਉਨ੍ਹਾਂ ਨੂੰ ਡਰ ਹੀ ਨਹੀਂ ਆਇਆ ਮੌਤ ਤੋਂ। ਸਾਨੂੰ ਤੜਕੇ ਇਸ਼ਨਾਨ ਕਰਨ ਤੋਂ ਕਿੰਨਾ ਡਰ ਆਉਂਦੈ।"

"ਇਸ਼ਨਾਨ ਨਾ ਛੱਡੋ, ਤਾਪ ਚੜ੍ਹਿਆ ਹੋਵੇ, ਮਾੜਾ ਮੋਟਾ ਵੀ ਸਰੀਰ ਆਸਰਾ ਦੇਂਦਾ ਹੈ, ਇਸ਼ਨਾਨ ਕਰ ਲਵੋ। ਤਾਪ ਚੜ੍ਹੇ 'ਚ ਵੀ ਇਹ ਨਾ ਸੋਚੋ ਕਿ ਮੇਰੇ ਸਿਰ ਪੀੜ ਹੋਣ ਲੱਗ ਪੈਂਦੀ ਹੈ, ਪਈ ਹੋਣ ਦਿਓ ਸਿਰ ਪੀੜ। ਸਾਡੇ ਸਿਰ 'ਚ ਪੀੜ ਹੋਵੇ, ਨਾ ਹੋਵੇ, ਇਸ਼ਨਾਨ ਨਹੀਂ ਛੱਡਣਾ। ਤੜਕੇ ਉਠ ਕੇ ਇਸ਼ਨਾਨ ਕਰ ਕੇ ਭਜਨ ਕਰਿਆ ਕਰੋ, ਬੱਚਿਆਂ ਨੂੰ ਕਰਾਇਆ ਕਰੋ। ਬੱਚਿਆਂ ਨੂੰ ਸਵੇਰੇ ਇਸ਼ਨਾਨ ਕਰਾ ਕੇ ਅਰਦਾਸ ਕੰਠ ਕਰਾਇਆ ਕਰੋ।"

"ਤੁਸੀਂ ਸੋਧੀ ਹੋ, ਤੁਸੀਂ ਇਸ਼ਨਾਨ ਕੀਤਾ ਹੈ। ਤੁਹਾਡੇ ਨਾਲ ਕੋਈ ਬੰਦਾ ਲਗ ਗਿਆ ਹੈ। ਤੁਸੀਂ ਇਸ਼ਨਾਨ ਕਰ ਲਓ ਜਾ ਕੇ, ਉਹਦੇ ਨਾਲ ਨਾ ਲੜੋ। ਤਕੜੇ ਹੋ ਕੇ ਆਪਣੇ ਆਪ ਨੂੰ ਏਸ ਪਾਸੇ ਲਿਆਓ।"

"ਸੂਰਜ ਚੜ੍ਹਨ ਤੋਂ ਬਾਅਦ ਤਕ ਸੁੱਤੇ ਰਹਿਣ ਨਾਲ ਪਾਪ ਲਗਦਾ ਹੈ। ਸੂਰਜ ਛਿਪਣ ਵੇਲੇ ਵੀ ਕਿਸੇ ਨੂੰ ਸੌਣਾ ਨਹੀਂ ਚਾਹੀਦਾ। ਜਦੋਂ ਭਗਵਾਨ ਰਾਮ ਅਯੁੱਧਿਆ ਵਾਪਸ ਆਏ, ਕਿਸੇ ਵਲੋਂ ਭਰਤ ਦੀ ਇਹ ਸ਼ਿਕਾਇਤ ਆਈ ਕਿ ਭਰਤ ਸਾਨੂੰ ਤੰਗ ਕਰਦਾ ਹੈ। ਭਰਤ ਨੇ ਕਿਹਾ, "ਜੇ ਮੈਂ ਤੰਗ ਕਰਦਾ ਹੋਵਾਂ ਮੈਨੂੰ ਉਹ ਪਾਪ ਲਗੇ ਜਿਹੜਾ ਪਾਣੀ ਕੰਡੇ ਟੱਟੀ ਜਾਣ ਵਾਲੇ ਨੂੰ ਲਗਦਾ

ਹੈ, ਜਿਹੜਾ ਸੂਰਜ ਚੜ੍ਹਨ ਤੇ ਛਿਪਣ ਵੇਲੇ ਸੌਣ ਵਾਲੇ ਨੂੰ ਲਗਦਾ ਹੈ।"

"ਜਿਹੜੇ ਨੌਜਵਾਨ ਬੱਚੇ ਬੱਚੀਆਂ ਨੇ, ਉਹਨਾਂ ਨੂੰ ਚਾਹੀਦਾ ਹੈ ਕਿ ਉਹ ਸੂਰਜ ਚੜ੍ਹਨ ਤੋਂ ਘੱਟੋ ਘੱਟ ਦੋ ਘੰਟੇ ਪਹਿਲੋਂ ਜ਼ਰੂਰ ਉਠਿਆ ਕਰਨ। ਇਕ ਘੰਟਾ ਤਾਂ ਇਸ਼ਨਾਨ ਕਰਨ ਨੂੰ ਲੱਗ ਜਾਂਦਾ ਹੈ, ਬਾਕੀ ਇਕੋ ਘੰਟਾ ਬਚਦਾ ਹੈ। ਸਤਿਗੁਰਾਂ ਦਾ ਹੁਕਮ ਸਵਾ ਪਹਿਰ ਤੜਕੇ ਬੈਠ ਕੇ ਭਜਨ ਕਰਨ ਦਾ ਹੈ। ਸਵਾ ਪਹਿਰ ਦਾ ਮਤਲਬ ਹੈ ਸਵਾ ਤਿੰਨ ਘੰਟੇ ਸੂਰਜੋਂ ਪਹਿਲੋਂ...।"

"ਅੰਦਰਲੇ ਮਨ ਨੂੰ ਸੁਖ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਨਾਮ ਸਿਮਰਨ ਵਿਚ ਹੈ।"

"ਜਿਹੜੇ ਵੱਡੇ ਸਰੀਰ ਨੇ, ਹਰ ਪਰਿਵਾਰ ਦੇ ਮਾਤਾ-ਪਿਤਾ ਜਿਹੜੇ ਨੇ, ਉਨ੍ਹਾਂ ਨੂੰ ਚਾਹੀਦਾ ਹੈ, ਉਹ ਆਪਣੇ ਪਰਿਵਾਰ ਨੂੰ ਸਾਧਣ। ਕਿਹੜਾ ਬੱਚਾ ਛੇਤੀ ਨਹੀਂ ਉੱਠਦਾ, ਉਸ ਨੂੰ ਕਿਸ ਤਰ੍ਹਾਂ ਉਠਾਉਣਾ ਹੈ, ਬੱਚਾ ਸਕੂਲ ਨਹੀਂ ਜਾਂਦਾ, ਉਸ ਨੂੰ ਕਿਸ ਤਰ੍ਹਾਂ ਭੇਜਦੇ ਹੋ ਤੁਸੀਂ, ਜੇ ਬੰਦਾ ਕੰਮ 'ਤੇ ਨਹੀਂ ਲਗਦਾ ਤੁਹਾਨੂੰ ਵਖਤ ਪੈ ਜਾਂਦਾ ਹੈ, ਕਿਸ ਤਰ੍ਹਾਂ ਉਸਨੂੰ ਕੰਮ 'ਤੇ ਲਾਉਂਦੇ ਹੋ ਏਦੂੰ ਵੱਧ ਉਸ ਨੂੰ ਸਵੇਰੇ ਉਠਾਉਣ ਤੇ ਲਾਉਣਾ ਹੈ। ਜਿਹੜੇ ਬਜ਼ੁਰਗ ਨੇ ਉਸ ਪਰਿਵਾਰ ਵਿਚ ਉਹ ਨਹੀਂ ਉਠਦੇ,ਉਹਨਾਂ ਦੇ ਬੱਚੇ ਜਿਹੜੇ ਨੇ ਉਹ ਕਿਰਪਾ ਕਰਕੇ ਉਨ੍ਹਾਂ ਨੂੰ ਆਖਣ ਬਈ ਪਿਤਾ ਜੀ, ਮਾਤਾ ਜੀ ਉਠੋ, ਤੁਸੀਂ ਉੱਠ ਕੇ ਇਸ਼ਨਾਨ ਕਰੋ, ਇਸ਼ਨਾਨ ਦਾ ਵੇਲਾ ਹੈ, ਇਸ ਤਰ੍ਹਾਂ ਉੱਦਮ ਕਰ ਕੇ ਇਕ ਦੂਜੇ ਦੀ ਬਾਂਹ ਫੜ ਕੇ ਤਕੜੇ ਹੋ ਕੇ ਉਠਾਓ।"

"ਮੈਂ ਤੁਹਾਨੂੰ ਇਹ ਗੱਲ ਜ਼ਰੂਰ ਆਖਾਂਗਾ ਪਈ ਤੁਸੀਂ ਆਪਣੇ ਆਪਣੇ ਮਹੱਲੇ ਵਾਰ ਜਿਵੇਂ ਵੋਟਾਂ ਵਾਸਤੇ, ਜਿਵੇਂ ਹੋਰ ਪਾਰਟੀਆਂ ਦੀਆਂ ਲੜਾਈਆਂ ਵਾਸਤੇ, ਰਿਸ਼ਤੇਦਾਰੀਆਂ ਵਾਸਤੇ, ਚਾਰਾ ਕਰਦੇ ਹੋ, ਇਹ ਚਾਰਾ ਕਰੋ ਜਿੰਨੇ ਜਿੰਨੇ ਮੈਂਬਰ ਜਿਸ ਜਿਸ ਮੁਹੱਲੇ ਵਿਚ ਰਹਿੰਦੇ ਹੋਣ, ਉਹਨਾਂ ਨੂੰ ਤਿੰਨ ਵਜੇ, ਅੱਜ ਕਲ੍ਹ ਗਰਮੀਆਂ ਹਨ, ਬੜੀ ਛੇਤੀ ਸੂਰਜ ਚੜ੍ਹਦਾ ਹੈ, ਜ਼ਰੂਰ ਉਠਾ ਦਿਆ ਕਰੋ। ਜਿਹੜਾ ਕੋਈ ਆਖੇ ਨਾ ਲੱਗੇ ਕਿ ਮੈਂ ਨਹੀਂ ਉਠਦਾ, ਮੈਨੂੰ ਦੱਸ ਦਿਆ ਕਰੋ ਮੈਂ ਉਹਨੂੰ ਜ਼ਰੂਰ ਆਖਾਂਗਾ ਇਸ ਕੰਮ ਵਾਸਤੇ।"

"ਚਿੱਟੀਆਂ ਪੱਗਾਂ ਗੋਲ, ਹੋਰ ਵੀ ਬਹੁਤ ਲੋਕੀਂ ਬੰਨ੍ਹੀਂ ਫਿਰਦੇ ਨੇ, ਦਾੜ੍ਹੀਆਂ ਕਈਆਂ ਮੁਸਲਮਾਨਾਂ ਦੀਆਂ, ਪਾਦਰੀਆਂ ਦੀਆਂ ਸਾਡੇ ਨਾਲੋਂ ਵੱਡੀਆਂ ਵੱਡੀਆਂ ਨੇ। ਫਿਰ ਉਹਨਾਂ ਦਾ ਸਾਡੇ ਨਾਲੋਂ ਫਰਕ ਕੀ ਹੋਇਆ? ਫਰਕ ਕੇਵਲ ਮਰਿਯਾਦਾ ਦਾ ਹੈ। ਤੁਸੀਂ ਸਾਰੇ ਆਪਣੀ ਮਰਿਯਾਦਾ ਦਾ ਖ਼ਿਆਲ ਰੱਖੋ ਅਤੇ ਸਤਿਗੁਰਾਂ ਦੇ ਉਪਦੇਸ਼ ਉੱਤੇ ਚੱਲਣ ਦੀ ਕੋਸ਼ਿਸ਼ ਕਰੋ, ਆਪਣੇ ਬੱਚਿਆਂ ਨੂੰ, ਭਜਨ-ਬਾਣੀ ਵਾਲੇ ਪਾਸੇ ਲਾਓ, ਮਰਿਯਾਦਾ ਬਾਰੇ ਦੱਸੋ।"

### ਸਤਿਗੁਰਾਂ ਦੇ ਦਿਨ ਮਨਾਓ

"ਸਤਿਗੁਰੂ ਸਾਹਿਬਾਨ ਦੇ ਪ੍ਰਕਾਸ਼-ਦਿਵਸ ਮਨਾਇਆ ਕਰੋ। ਇਸ ਨਾਲ ਮਨ ਮਾਇਆ ਵਲੋਂ ਹਟ ਕੇ ਨਾਮ ਵੱਲ ਲਗੇਗਾ।"

"ਆਪਣੇ ਬੱਚਿਆਂ ਦੇ ਜਨਮ-ਦਿਨ ਨਾ ਮਨਾਵੋ। ਗੁਰੂਆਂ ਦੇ, ਸ਼ਹੀਦਾਂ ਦੇ, ਪਰਉਪਕਾਰੀ ਪੁਰਸ਼ਾਂ ਦੇ ਦਿਨ ਮਨਾਓ।"

"ਸਤਿਗੁਰਾਂ ਦਾ ਦਿਨ ਮਨਾਉਣ ਦਾ ਸੁਆਦ ਇਸ ਗੱਲ ਵਿਚ ਹੈ ਕਿ ਘੱਟ ਤੋਂ ਘੱਟ ਉਨ੍ਹਾਂ ਦਿਨਾਂ ਵਿਚ ਕੋਈ ਸਾਡੇ ਦਿਮਾਗ ਵਿਚ ਵਿਹਾਰ ਦੀ ਗੱਲ ਨਾ ਹੋਵੇ। ਜਦੋਂ ਅਸੀਂ ਮੰਜੇ 'ਤੇ ਪਏ ਹੁੰਦੇ ਹਾਂ ਉਦੋਂ ਵੀ ਵਿਹਾਰ ਮਗਰੋਂ ਆਪੇ ਤੁਰੀ ਜਾਂਦੇ ਹਨ। ਪਰ ਜਿਸ ਵੇਲੇ ਸਤਿਗੁਰਾਂ ਦਾ ਦਿਨ ਮਨਾਈਦਾ ਹੈ, ਉਸ ਵੇਲੇ ਸਾਡਾ ਧਿਆਨ ਹੋਰ ਪਾਸੇ ਹੁੰਦਾ ਹੈ। ਜਦੋਂ ਅਸੀਂ ਵਿਹਾਰ ਕਰਦੇ ਹਾਂ, ਉਸ ਵੇਲੇ ਸਾਡੇ ਦਿਲ ਵਿਚ, ਧਿਆਨ ਕਦੇ ਸਤਿਗੁਰਾਂ ਦਾ ਨਹੀਂ ਆਉਂਦਾ। ਜੇ ਆਉਂਦਾ ਹੈ ਤਾਂ ਆਉਂਦਾ ਉਸ ਵੇਲੇ ਹੈ, ਜਿਸ ਵੇਲੇ ਸਾਡਾ ਵਿਹਾਰ ਵਿਗੜਦਾ ਹੈ। ਕਬੀਰ ਜੀ ਨੇ ਲਿਖਿਐ, 'ਕਬੀਰ ਕਾਮ ਪਰੈ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥"

"ਜਦੋਂ ਮਾੜੀ ਜਿਹੀ ਹਿਲਜੁਲ ਹੁੰਦੀ ਹੈ, ਸਾਡੇ ਵਿਚ, ਕਈ ਆਦਮੀ ਇਹ ਗੱਲ ਆਂਹਦੇ ਨੇ, 'ਨਾਮਧਾਰੀ ਪੰਥ ਦਾ ਕੀ ਹੋਵੇਗਾ?' ਬਿਲਕੁਲ ਨਹੀਂ ਸੋਚਦੇ, ਨਾਮਧਾਰੀ ਪੰਥ ਦੀ ਨੀਂਹ ਸਤਿਗੁਰੂ ਰਾਮ ਸਿੰਘ ਜੀ ਨੇ ਪਤਾਲੋਂ ਰੱਖ ਕੇ ਲਿਆਂਦੀ ਹੈ। ਇਸ ਨੂੰ ਕੋਈ ਨਹੀਂ ਕੁਝ ਕਰ ਸਕਦਾ। ਜਿਹੜਾ ਕਰੇਗਾ ਉਹ ਆਪਣੇ ਆਪ ਮੂੰਹ ਦੀ ਖਾਏਗਾ। ਚਾਹੇ ਨਾਮਧਾਰੀ ਹੋਵੇ ਜਾਂ ਗੈਰ-ਨਾਮਧਾਰੀ ਜਿਹੜਾ ਕਰੇਗਾ, ਉਹ ਨੁਕਸਾਨ ਉਹਦਾ ਹੈ। ਇਸਦੇ ਵਿਚ ਜਿੰਨੀ ਸੇਵਾ ਅਸੀਂ ਕਰ ਲਈਏ, ਓਨਾ ਸਾਨੂੰ ਲਾਹਾ ਹੈ। ਇਸ ਦਾ ਅਸੀਂ ਕੁਝ ਵਿਗਾੜ ਸਵਾਰ ਨਹੀਂ ਸਕਦੇ। ਜਿਹੜੀ ਇਸਦੀ ਸੇਵਾ ਅਸੀਂ ਕਰਾਂਗੇ, ਉਸ ਦਾ ਸਾਨੂੰ ਫਾਇਦਾ ਹੈ। ਜਦੋਂ ਕੋਈ ਆਦਮੀ ਤੁਰ ਪਵੇ ਕਿਸੇ ਪਾਸੇ ਨੂੰ, ਫਿਰ ਉਸ ਨੂੰ ਉਧਰ ਦੀਆਂ ਗੱਲਾਂ ਸੁਝਦੀਆਂ ਹਨ।"

"ਜਿੰਨੀ ਜੁੰਮੇਵਾਰੀ ਸੂਬਿਆਂ ਜਥੇਦਾਰਾਂ ਦੀ ਹੈ, ਉਨੀ ਹਰ ਨਾਮਧਾਰੀ ਦੀ ਹੈ। ਹਰ ਨਾਮਧਾਰੀ ਦਾ ਫਰਜ਼ ਹੈ ਕਿ ਜਿਹੜਾ ਚਾਨਣ ਸਾਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਿੱਤਾ ਹੈ ਉਹ ਅਸੀਂ ਦੁਨੀਆ ਨੂੰ ਦੱਸੀਏ, ਤਾਂ ਕਿ ਦੁਨੀਆ ਦੇ ਲੋਕ ਉਸ ਰਾਹ ਪੈ ਕੇ ਸੁਖ ਪ੍ਰਾਪਤ ਕਰ ਸਕਣ, ਏਥੇ ਵੀ ਤੇ ਅੱਗੇ ਵੀ।"

"ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਨਾਮ ਜਪਿਆ ਜਾਵੇ, ਪਾਠਾਂ ਦੇ ਭੋਗ ਪਾਏ ਜਾਣ। ਤਾਂਕਿ ਸਤਿਗੁਰੂ ਜੀ ਛੇਤੀ ਦਰਸ਼ਨ ਦੇਣ ਅਤੇ ਸਾਰੇ ਸੰਸਾਰ ਦੇ ਦੁੱਖ ਦਲਿੱਦਰ ਦੂਰ ਹੋਣ, ਸਭ ਨੂੰ ਸੁਖ ਪ੍ਰਾਪਤ ਹੋਵੇ।"

"ਸਤਿਗੁਰਾਂ ਦੇ ਹਰ ਹਾਲਤ ਵਿਚ ਦਰਸ਼ਨ ਹੋਣੇ ਨੇ, ਕੋਈ ਰੋਕ ਨਹੀਂ ਸਕਦਾ। ਉਸ ਵੇਲੇ ਸਤਿਗੁਰਾਂ ਸਾਡੇ ਸਿਰ 'ਤੇ ਹੱਥ ਰੱਖਣਾ ਏ। ਉਹਨਾਂ ਨੇ ਸ਼ਾਬਾਸ਼ ਦੇਣੀ ਏ। ਉਹ ਸ਼ਾਬਾਸ ਇਕ ਪਾਸੇ ਪਾ ਲਈਏ, ਸਾਰੀ ਦੁਨੀਆਂ ਦੀਆਂ ਖੁਸ਼ੀਆਂ ਦੂਜੇ ਪਾਸੇ ਪਾ ਲਈਏ ਤਾਂ ਉਸ ਦੇ ਮੁਤਾਬਕ ਕੋਈ ਚੀਜ਼ ਦੁਨੀਆਂ 'ਤੇ ਨਹੀਂ।"

# ਨਾ ਕੋਇ ਵੈਰੀ ਨਾਹਿ ਬੇਗਾਨਾ

## (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਸ਼ਖ਼ਸੀਅਤ ਹੀ ਐਸੀ ਹੈ ਕਿ ਉਨ੍ਹਾਂ ਵਾਸਤੇ ਨਾ ਕੋਈ ਵੈਰੀ ਤੇ ਨਾ ਕੋਈ ਬੇਗਾਨਾ ਹੈ।

17 ਸਤੰਬਰ 1997 (੨ ਅੱਸੂ ੨੦੫੪), ਦਿਨ ਬੁੱਧਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ,ਕੁਝ ਪ੍ਰਤੀਸ਼ਠਿਤ ਸੱਜਣਾਂ ਨੇ ਇਕੱਤਰ ਹੋ ਕੇ ਕੁਝ ਸੁਆਰਥੀ ਲੋਕਾਂ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕੀਰਤੀ ਨੂੰ ਨਾ ਸਹਾਰਦੇ ਅਤੇ ਸਤਿਗੁਰੂ ਜੀ ਦੀ ਹੁੰਦੀ ਸੋਭਾ ਤੋਂ ਆਪਣੇ ਅੰਦਰ ਈਰਖਾ ਨਾਲ ਸੜਨ ਵਾਲੇ ਲੋਕਾਂ ਬਾਰੇ ਚਰਚਾ ਕੀਤੀ ਅਤੇ ਸਿੱਖੀ ਤੋਂ ਲਾਂਭੇ ਹੋਏ ਪ੍ਰਾਣੀਆਂ ਬਾਰੇ ਅਤੇ ਹੋਰਨਾਂ ਪ੍ਰਾਣੀਆਂ ਨੂੰ ਸਿੱਖੀ ਤੋਂ ਲਾਂਭੇ ਕਰਨ ਦੀ ਹਰ ਜਾਇਜ਼, ਨਜਾਇਜ਼ ਹਰਕਤਾਂ ਕਰਨ 'ਤੇ ਦੁੱਖ ਪ੍ਰਗਟ ਕੀਤਾ ਅਤੇ ਇਸ ਨੂੰ ਬੁਰੀ ਤਰ੍ਹਾਂ ਮਹਿਸੂਸਿਆ ਕਿ ਕਿਵੇਂ ਇਹ ਸ਼ਰਾਰਤੀ ਲੋਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਨਿਜੀ ਸੁਆਰਥਾਂ ਦੀ ਪੂਰਤੀ ਲਈ ਤੰਗ ਕਰ ਰਹੇ ਹਨ ਬੇਸ਼ਕ ਸਤਿਗੁਰੂ ਜੀ ਤਾਂ ਸਦਾ ਹੀ ਅਨੰਦ-ਰੂਪ ਹਨ। ਸਹਿਣਸ਼ੀਲਤਾ ਦੇ ਸਮੁੰਦਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਆਏ ਸੱਜਣਾਂ ਵਲੋਂ ਕੀਤੀ ਗਈ ਚਿੰਤਾ ਅਤੇ ਰੋਸ ਬਾਰੇ ਫ਼ਰਮਾਇਆ,

"ਸਤਿਗੁਰੂ ਦੀ ਕਿਰਪਾ ਨਾਲ ਮੇਰੇ ਅੰਦਰ ਕਿਸੇ ਦਾ ਬੁਰਾ ਸੋਚਣ ਅਤੇ ਕਰਨ ਦੀ ਕਦੇ ਵੀ ਗੱਲ ਨਹੀਂ ਆਈ, ਬੇਸ਼ਕ ਉਹ ਲੋਕ ਮੇਰਾ ਕਿਤਨਾ ਵੀ ਬੁਰਾ ਕਿਉਂ ਨਾ ਕਰਨ। ਸਤਿਗੁਰੂ ਕਿਰਪਾ ਕਰਨ ਕਿ ਤੁਹਾਡੇ ਅੰਦਰ ਵੀ ਕਿਸੇ ਪ੍ਰਤੀ ਨਾ ਬੁਰੀ ਭਾਵਨਾ ਅਤੇ ਨਾ ਹੀ ਕਿਸੇ ਦਾ ਨੁਕਸਾਨ ਕਰਨ ਦੀ ਸੋਚ ਆਵੇ, ਚਾਹੇ ਉਹ ਮੇਰੇ ਬਾਰੇ ਕੁਝ ਵੀ ਕਰਨ। ਤੁਸੀਂ ਸ਼ਾਂਤ ਰਹਿਣਾਂ, ਸਤਿਗੁਰੂ ਤਾਂ ਸਭ ਕੁਝ ਜਾਣਦਾ ਹੀ ਹੈ।"

"ਮੈਂ ਤੁਹਾਨੂੰ ਸਾਰਿਆਂ ਨੂੰ ਅਰਜ਼ ਕਰਦਾ ਹਾਂ ਕਿ ਅਰਦਾਸ ਕਰਿਆ ਕਰੋ ਕਿ ਸਤਿਗੁਰੂ ਕਿਰਪਾ ਕਰਨ ਉਨ੍ਹਾਂ ਨੂੰ ਸੁਮੱਤ ਦੇਣ। ਤੁਸੀਂ ਕਦੇ ਵੀ ਕਿਸੇ ਦਾ ਬੁਰਾ ਨਾ ਚਿਤਵੋ, ਨਾ ਹੀ ਤੁਹਾਡੇ ਅੰਦਰ ਕਿਸੇ ਪ੍ਰਤੀ ਵਿਰੋਧ ਆਵੇ।"

"ਸ਼ਾਂਤੀ ਅਤੇ ਧੀਰਜ ਲਈ ਇਕ ਇਕ ਮਾਲਾ ਭਜਨ ਦੀ ਅਤੇ ਇਕ ਇਕ ਭਗੌਤੀ ਦੀ ਫੇਰ ਕੇ ਅਰਦਾਸ ਕਰਿਆ ਕਰੋ ਕਿ 'ਹੇ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਸਾਡੇ ਅੰਦਰ ਕਦੇ ਵੀ ਕਿਸੇ ਦੇ ਵਿਰੋਧ ਜਾਂ ਨੁਕਸਾਨ ਕਰਨ ਦੀ ਭਾਵਨਾ ਨਾ ਉਪਜੇ, ਸਾਨੂੰ ਆਤਮਕ ਅਨੰਦ ਦਿਓ ਅਤੇ ਆਪਣੇ ਦੱਸੇ ਮਾਰਗ 'ਤੇ ਚੱਲਣ ਦਾ ਬਲ ਬਖ਼ਸ਼ੋ।"

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ

### (ਵਰਤਮਾਨ ਸਤਿਗੁਰੂ 'ਤੇ ਪ੍ਰਤੀਤ ਰੱਖਣ ਵਾਲੇ ਉਪਦੇਸ਼)

"ਚਿੱਟੇ 'ਤੇ ਕਾਲਾ ਲਿਖ ਕੇ, ਲਾਹੌਰ ਦੇ ਮੋਚੀ ਵੀ ਨਹੀਂ ਸਨ ਮੁੱਕਰਦੇ, ਅਸੀਂ ਤਾਂ ਫਿਰ ਸਿੱਖ ਹਾਂ, ਗੁਰੂ ਨੂੰ ਮੰਨ ਕੇ ਮੁੱਕਰਨਾ ਸਾਡੀ ਪਰੰਪਰਾ ਨਹੀਂ।"

"ਤੁਸੀਂ ਇਹ ਗੱਲ ਦੱਸੋ ਭਈ ਗੁਰੂ ਨਾਨਕ ਨੇ ਆਖਿਆ, 'ਇਹ ਮੇਰੇ ਥਾਂ ਅੰਗਦ ਹੋ ਗਿਆ', ਜਿਹਨੂੰ ਬਹਾ ਕੇ ਮੱਥਾ ਟੇਕ ਦਿੱਤਾ ਜਿਨ੍ਹੇਂ ਗੁਰੂ ਅੰਗਦ ਨੂੰ ਨਹੀਂ ਮੰਨਿਆ, ਉਹਨੇ ਗੁਰੂ ਨਾਨਕ ਨੂੰ ਵੀ ਨਹੀਂ ਮੰਨਿਆ। ਜਦੋਂ ਗੁਰੂ ਹਰਿਕ੍ਰਿਸ਼ਨ ਨੇ ਕਿਹਾ ਕਿ 'ਬਾਬਾ ਬਕਾਲੇ', ਤਾਂ ਜਿਨ੍ਹਾਂ ਨੇ ਬਾਬੇ ਬਕਾਲੇ ਨੂੰ ਨਾ ਮੰਨਿਆ, ਉਹਨਾਂ ਨੇ ਗੁਰੂ ਹਰਿਕ੍ਰਿਸ਼ਨ ਨੂੰ ਮੰਨ ਲਿਆ?"

"ਆਇਆ ਧੀਰ ਮੱਲ, ਲੱਗਿਆ ਆ ਕੇ ਬੀੜ ਨੂੰ ਕੱਢਣ। ਅਰਦਾਸ ਕਰਨ, ਚੁੱਭੀ ਮਾਰਨ, ਕੱਖ ਨਾ ਲੱਭੇ। ਅੱਠਾਂ ਦਾ ਅਰਦਾਸਾ ਕਰਨ। ਮਾਲਕ ਮੌਕੇ ਦੇ, ਦਾ ਨਾਂਉਂ ਨਾ ਲੈਣ-ਗੁਰੂ ਤੇਗ ਬਹਾਦਰ ਦਾ। ਨਾਨਕ ਦੀ ਜੋਤਿ ਤਾਂ ਉਸ ਵੇਲੇ ਗੁਰੂ ਤੇਗ ਬਹਾਦਰ 'ਚ ਸੀ। ਇਕ ਸਿੱਖ ਨੇ ਆਖਿਆ, 'ਗੁਰੂ ਦਾ ਨਾਂ ਲੈ, ਗੁਰੂ ਤੇਗ ਬਹਾਦਰ ਦਾ, ਜੇ ਬੀੜ ਲੱਭ ਆਵੇ।' ਜਦੋਂ ਪਹਿਲੀ ਵਾਰ ਚੁੱਭੀ ਮਾਰੀ ਤਾਂ ਹੱਥ ਲੱਗ ਗਿਆ, ਦੂਜੀ ਵੇਰ ਬੀੜ ਨਿਕਲ ਆਈ।"

"ਸਾਨੂੰ ਲੋੜ ਹੈ ਧਿਆਨ ਦੇਣ ਦੀ। ਜਿਸ ਸਿੱਖ ਨੂੰ ਅੰਮ੍ਰਿਤ ਛਕ ਕੇ ਭਾਈ ਤਾਰੂ ਸਿੰਘ ਜਿਹਾ ਸਿਦਕ ਆਇਆ ਹੈ ਕਿ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਮੇਰੇ ਕੇਸਾਂ ਵਿਚ ਪਿਆ ਹੈ ਮੇਰੇ ਸਿਰ ਤੋਂ ਕੇਸ ਨਹੀਂ ਕੋਈ ਲਾਹ ਸਕਦਾ, ਨਿਰੀ ਬਾਣੀ ਪੜ੍ਹੀ ਦਾ ਵੀ ਕੀ ਫਾਇਦਾ ਹੈ? ਅਸੀਂ ਸੌ ਪਾਠ ਗ੍ਰੰਥ ਸਾਹਿਬ ਦਾ ਕਰ ਲਈਏ, ਸਾਰਾ ਦਿਨ ਮਾਲਾ ਘਸੌਂਦੇ ਰਹੀਏ ਜੇ ਸਤਿਗੁਰ 'ਤੇ ਸਾਨੂੰ ਯਕੀਨ ਨਹੀਂ, ਸਿਦਕ ਨਹੀਂ, ਸਾਡੇ ਪੱਲੇ ਕੁਛ ਨਹੀਂ। ਮਹਾਰਾਜ ਨੇ ਗੁਰਬਾਣੀ 'ਚ ਵੀ ਲਿਖਿਆ ਐ, 'ਤੁਹ ਕੁਟੇ ਕਿਆ ਫਲ ਪਾਵੈ।'

"ਐਸ ਵੇਲੇ ਦਾ ਸਮਾਂ, ਕਲਜੁਗ ਆਇਆ ਹੋਇਆ ਹੈ, ਧੱਕੇ ਮਾਰਦਾ ਹੈ। ਕਈਆਂ ਲੋਕਾਂ ਦੀ ਬੁੱਧ ਫਿਰ ਜਾਂਦੀ ਹੈ। ਜਿਹੜੇ ਏਸ ਚੀਜ ਨੂੰ ਛੱਡ ਜਾਂਦੇ ਹਨ, ਪੜ੍ਹੋ, ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ :

'ਕਰੀ ਥਾਪਨਾ ਜਾਸ ਕੀ ਮੋਹਿ ਜੋ ਅਪਨੇ ਹਾਥ।
ਤਿਸ ਕੀ ਸਮਸਰ ਜੋ ਕਰੈ ਜਲ ਜਾਵੈ ਕੁਲ ਸਾਤ।।'

ਜਿਸਨੂੰ ਮੈਂ ਆਪਨੇ ਥਾਂ ਕਾਇਮ ਕੀਤਾ ਹੈ, ਕੋਈ ਅਗਰ ਉਹ ਦੀ ਬਰਾਬਰੀ ਕਰਦਾ ਹੈ

ਤਾਂ ਉਸ ਦੀਆਂ ਸੱਤ ਕੁਲਾਂ ਜਲ ਜਾਣਗੀਆਂ, ਬਚੋ, ਧਿਆਨ ਰਖਿਓ। ਦੇਖੋ, ਆਪਣਾ ਕਰਿਆ ਕਰਾਇਆ ਨਾ ਗੁਆ ਬੈਠਿਓ। ਕਲਿਜੁਗ ਅੱਜ ਧੱਕੇ ਮਾਰਦਾ ਹੈ। ਕੋਈ ਇਹ ਆਖਦਾ ਹੈ ਬਈ ਸਤਿਗੁਰਾਂ ਐਂਣਾ ਹੈ, ਗੁਰੂ ਹਰੀ ਸਿੰਘ ਗੁਰੂ ਨਹੀਂ। ਦੇਖਿਓ ਤੁਸੀਂ ਆਪਣੇ ਆਪਦਾ ਬਚਾ ਕਰਨਾ।"

"ਭੁੱਲ ਨਾ ਜਾਣਾ, ਸੌ ਗੁਨਾਹ ਆਦਮੀ ਤੋਂ ਹੋ ਜਾਏ ਪਰ ਜੇ ਸਤਿਗੁਰੂ ਤੋਂ ਬੇਮੁਖ ਨਾ ਹੋਵੇ ਤਾਂ ਫੇਰ ਬਖ਼ਸ਼ਿਆ ਜਾਂਦਾ ਹੈ। ਪਰ ਬੇਮੁਖੀ ਇਕ ਐਸੀ ਚੀਜ਼ ਹੈ ਜਿਹੜਾ ਬੇਮੁਖ ਹੋ ਜਾਏ, ਉਹਦੇ ਵਾਸਤੇ ਕੋਈ ਥਾਂ ਨਹੀਂ। ਗੁਰੂ ਨਾਨਕ ਦੇਵ ਨੇ ਲਿਖਿਆ ਹੈ ਕਿ ਛੇ ਹੱਤਿਆ ਜਿਹੜੀਆਂ ਹਨ,

'ਖਟ ਹਤਿਆ ਕੇ ਤੁਲ ਹੈ,
ਜੇ ਗੁਰੂ ਤੇ ਸਿੱਖ ਫਿਰਿ ਜਾਇ।'

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ :-

'ਸੀਂਹ ਸਉਹੇਂ ਜਾਣਾ ਭਲਾ ਨਾ ਤਿਸ ਬੇਮੁਖ ਸਉਹੇਂ ਜਾਇ।'

"ਜਿਹੜਾ ਪੁਰਸ਼ ਗੁਰੂ ਤੋਂ ਬੇਮੁਖ ਹੋ ਜਾਏ। ਸੀਂਹ (ਸ਼ੇਰ) ਦੇ ਸਾਹਮਣੇ ਚਲੇ ਜਾਓ। ਪਰ ਉਸਦੇ (ਬੇਮੁਖ) ਸਾਮਨੇ ਨਾ ਜਾਓ, ਉਸਦੇ ਮੱਥੇ ਨਾ ਲੱਗੋ। ਉਹ ਕਹਿੰਦੇ ਨੇ :-

'ਤਿਸ ਡਿਠੇ ਨਿਗੁਰੇ ਸ਼ਰਮਾਇ।'

ਨਿਗੁਰੇ ਕਿਓਂ ਸ਼ਰਮਾਏ ਨੇ? ਨਿਗੁਰਿਆਂ ਨੂੰ ਤੇ ਅਜੇ ਗੁਰੂ ਦਾ ਪਤਾ ਨਹੀਂ। ਜਿਹੜਾ ਜਾਣਕੇ. ਗੁਰੂ ਤੋਂ ਭੁੱਲ ਜਾਏ।

'ਹੋਦੈ ਪ੍ਰਤੱਖ ਗੁਰੂ ਜੋ ਵਿਛੁੜੇ ਤਿਨ ਕਉ ਦਰ ਢੋਈ ਨਾਹੀ'

ਸਾਹਿਬਾਂ ਨੇ ਇਕ ਵਾਰ ਨਹੀਂ ਲਿਖਿਆ, ਬਹੁਤ ਵਾਰ ਲਿਖਿਆ ਹੈ।"

"ਇਹ ਧਿਆਨ ਦੇਣ ਦੀ ਲੋੜ ਐ। ਸਤਿਗੁਰੂ ਤੋਂ ਮੰਗਿਆ ਕਰੋ ਕਿ ਸਿਦਕ ਦਾ ਦਾਨ ਦੇਵੇ। ਜਿੰਨਾ ਚਿਰ ਪੁਰਸ਼ ਨੂੰ ਨਿਸ਼ਚਾ ਨਹੀਂ ਹੁੰਦਾ ਸਤਿਗੁਰੂ ਉਤੇ. ਉਨ੍ਹਾ ਚਿਰ ਇਸ ਦੇ ਪੱਲੇ ਕੁਝ ਨਹੀਂ ਪੈਂਦਾ।"

ਬੇ ਸਿਦਕੀ ਜੈਸੀ ਕੋਈ ਚੀਜ਼ ਦੁਨੀਆਂ 'ਚ ਨਹੀਂ। "ਸਤਿਗੁਰੂ ਤੇਰੇ ਆਸਰੇ, ਤੇਰੀ ਕਿਰਪਾ ਨਾਲ, ਤੇਰੀ ਬਖ਼ਸ਼ਸ਼ ਨਾਲ ਅਸੀਂ ਬਚ ਸਕਦੇ ਹਾਂ ਸਾਡੇ ਉਤੇ ਬਖ਼ਸ਼ਸ਼ ਕਰੇ, ਸਤਿਗੁਰਾਂ ਅਗੇ ਅਰਦਾਸ ਕਰਿਆ ਕਰੋ।"

# ਸੂਬਾ ਸੁਰਿੰਦਰ ਕੌਰ ਖਰਲ ਰਚਿਤ ਪੁਸਤਕਾਂ ਪ੍ਰਤੀ ਵਿਚਾਰ ਤੇ ਰੀਵੀਊ

**ਤ੍ਰਿਸ਼ਨਾ** (ਕਹਾਣੀ ਸੰਗ੍ਰਹਿ)

'ਤ੍ਰਿਸ਼ਨਾ' ਪੁਸਤਕ 'ਇਨਸਾਨੀਅਤ', 'ਦਰਦ' ਤੇ 'ਪਿਆਰ' ਦੀਆਂ ਧੜਕਨਾਂ ਨੂੰ ਸਮਰਪਿਤ ਸੁਰਿੰਦਰ ਕੌਰ ਖਰਲ ਦਾ ਪਲੇਠਾ ਕਹਾਣੀ-ਸੰਗ੍ਰਹਿ ਹੈ। ਇਨ੍ਹਾਂ ਕਹਾਣੀਆਂ ਵਿਚੋਂ ਭਵਿੱਖ ਦੀ ਚਿੰਗਾਰੀ ਵੇਖੀ ਜਾ ਸਕਦੀ ਹੈ।"

13 ਮਾਰਚ,1988 —ਮਨਜੀਤਪਾਲ ਕੌਰ (ਡਾ.)

('ਪੰਜਾਬੀ ਟ੍ਰਿਬਿਊਨ' ਵਿਚ ਛਪੇ ਰੀਵੀਊ ਵਿਚੋਂ)

"ਉਸ ਦੀ ਹਰ ਕਹਾਣੀ ਦਾ ਪਲਾਟ ਗੁੰਦਵਾਂ ਹੈ ਤੇ ਰੌਚਕਤਾ ਭਰਪੂਰ ਹੈ। ਇਸਤਰੀਅਤ ਨੂੰ ਕੁਰੇਦ ਕੇ ਉਸ ਦੇ ਦੁਖ ਸੁਖ ਨੂੰ ਸੁਚੱਜੇ ਢੰਗ ਨਾਲ ਪੇਸ਼ ਕਰਨ ਦੀ ਸੁਰਿੰਦਰ ਦੀ ਤੀਖਣ ਬੁੱਧੀ ਉੱਭਰ ਕੇ ਸਾਹਮਣੇ ਆਉਂਦੀ ਹੈ।

ਕਾਮਨਾ ਹੈ ਕਿ ਸੁਰਿੰਦਰ ਵੀ ਅਜੀਤ ਕੌਰ, ਦਲੀਪ ਕੌਰ ਟਿਵਾਣਾ ਆਦਿ ਵਾਂਗ ਪਰਪੱਕ ਸਿੱਧ ਹੋਵੇ।"

23 ਜਨਵਰੀ 1988 **—ਹਰਭਜਨ ਸਿੰਘ 'ਹਾਮੀ'**

('ਜੰਗਬਾਣੀ' ਵਿਚ ਛਪੇ ਰੀਵੀਊ ਵਿਚੋਂ)

"ਜੀਵਨ ਦੇ ਅੱਡੋ ਅੱਡ ਵਿਸ਼ਿਆਂ ਨੂੰ ਬੜੀ ਚੇਤੰਨ ਹੋ ਕੇ ਕਲਮਬੰਦ ਕੀਤਾ ਹੈ। ਖਾਸ ਕਰਕੇ ਇਸਤਰੀ ਜਾਤੀ ਦੀ ਮਨੋ-ਵੇਦਨਾ ਨੂੰ ਉਜਾਗਰ ਕਰਨ ਵਿਚ ਉਹ ਜਿਗਰੇ ਤੋਂ ਕੰਮ ਲੈਂਦੀ, ਪਾਤਰ ਚਿਤਰਣ ਨੂੰ ਪੂਰੀ ਸਪਸ਼ਟੱਤਾ ਨਾਲ ਪੇਸ਼ ਕਰਦੀ ਹੈ। ਉਸ ਦੇ ਇਸ ਹੌਸਲੇ ਦੀ ਦਾਦ ਦੇਣੀ ਬਣਦੀ ਹੈ।"

ਜੂਨ 1988 **—ਬਲਜੀਤ ਸਿੰਘ ਬੱਲੀ**

('ਜਾਗ੍ਰਤੀ' ਵਿਚ ਛਪੇ ਰੀਵੀਊ ਵਿਚੋਂ)

"ਸੁਰਿੰਦਰ ਕੌਰ ਆਪਣੀਆਂ ਅਠਾਰਾਂ ਕਹਾਣੀਆਂ ਨਾਲ ਸ਼ਿੰਗਾਰੇ ਪਲੇਠੇ ਸੰਗ੍ਰਹਿ 'ਤ੍ਰਿਸ਼ਨਾ' ਨੂੰ ਲੈ ਕੇ ਤੁਹਾਡੇ ਸਨਮੁਖ ਹੈ। ਸਾਰੀਆਂ ਕਹਾਣੀਆਂ ਦਾ ਆਪੋ ਆਪਣਾ ਰੰਗ-ਰੂਪ ਹੈ। ਸਾਰੀਆਂ ਕਹਾਣੀਆਂ ਵਿਚਲੇ ਪਾਤਰਾਂ ਦੀ ਆਪਣੀ ਨੁਹਾਰ ਹੈ ਤੇ ਇਕ ਦਿੱਖ ਤੁਹਾਡੇ ਰੂ-ਬਰੂ ਹੈ। ਪਰ ਇਨ੍ਹਾਂ ਵਿਚ ਇਕ ਚੀਜ਼ ਸਾਂਝੀ ਹੈ, ਉਹ ਹੈ ਸਾਧਾਰਨਤਾ।

ਕਹਾਣੀ ਲੇਖਿਕਾ ਸਹਿਜ-ਭਾ ਗੱਲ ਕਰਦੀ ਹੈ। ਉਸ ਦੀਆਂ ਕਹਾਣੀਆਂ ਵਿਚ ਕਿਤੇ ਵੀ ਵਿੰਗ-ਵਲੇਵਾਂ ਨਹੀਂ। ਆਮ ਪਾਠਕ ਨੂੰ ਵੀ ਰਤਾ ਭਰ ਔਖ ਮਹਿਸੂਸ ਨਹੀਂ ਹੁੰਦੀ ਕਿ ਫਲਾਣੀ ਕਹਾਣੀ ਕਿਵੇਂ ਹੈ। ਕਹਾਣੀਆਂ ਵਿਚ ਯਥਾਰਥ ਦਾ ਰੰਗ ਹੈ।

ਲੇਖਿਕਾ ਦਾ ਕਹਾਣੀ ਲਿਖਣ ਦਾ ਇਕ ਮੰਤਵ ਹੈ, ਇਕ ਉਦੇਸ਼ ਹੈ, ਜਿਸ ਦਾ ਇਕ ਅਗਾਂਹਵਧੂ ਲੇਖਕ ਦੇ ਅੰਦਰ ਹੋਣਾ ਅਤਿ-ਜ਼ਰੂਰ ਹੈ। ਸੁਰਿੰਦਰ ਕੌਰ ਨੇ ਕਹਾਣੀਆਂ ਮਨ-ਪ੍ਰਚਾਵੇ ਖ਼ਾਤਿਰ ਨਹੀਂ ਲਿਖੀਆਂ, ਉਸ ਦੇ ਕੋਲ ਇਕ ਸੁਨੇਹਾ ਹੈ, ਇਕ ਗੱਲ ਹੈ, ਜਿਸਨੂੰ ਸਾਡੇ ਤਕ ਪਹੁੰਚਾਉਣ ਲਈ ਉਸ ਨੇ ਕਹਾਣੀ ਨੂੰ ਮਾਧਿਅਮ ਬਣਾਇਆ ਹੈ। ਉਮੀਦ ਹੈ ਆਉਣ ਵਾਲੇ ਸਮੇਂ ਵਿਚ ਲੇਖਿਕਾ ਸਾਨੂੰ ਹੋਰ ਵੀ ਨਿੱਗਰ ਤੇ ਖ਼ੂਬਸੂਰਤ ਕਹਾਣੀਆਂ ਦੇਵੇਗੀ।"

28.10.87 **—ਪ੍ਰੇਮ ਗੋਰਖੀ**

ਚੰਡੀਗੜ੍ਹ।

"ਸ਼ਾਇਦ ਇਹ ਉਸਦੀ ਸ਼ੁੱਭ ਭਾਵਨਾ ਹੀ ਹੈ ਕਿ ਉਸਨੇ 'ਫਾਲਤੂ ਔਰਤ' ਦੀਆਂ ਕਹਾਣੀਆਂ ਨਹੀਂ ਲਿਖੀਆਂ, ਸਗੋਂ ਆਪਣੇ ਨਿੱਜੀ ਤਜ਼ਰਬੇ ਵਿਚੋਂ ਇਕ ਅਜਿਹੀ ਸਦਾਚਾਰਕ ਔਰਤ ਨੂੰ ਪੇਸ਼ ਕੀਤਾ ਹੈ ਜਿਹੜੀ ਆਪਣੀਆਂ ਸਮਾਜਿਕ ਜਿੰਮੇਵਾਰੀਆਂ ਨੂੰ ਨਿਭਾਉਂਦੀ ਹੋਈ ਜੀਵਨ ਜਿਉਂ ਰਹੀ ਹੈ। ਇਹ ਗੱਲ ਆਪਣੇ ਆਪ ਵਿਚ ਹੀ ਅਹਿਮ ਅਤੇ ਸਲਾਹੁਣਯੋਗ ਹੈ।"

15 ਮਈ, 1988 —ਡਾ. ਡੋਗਿੰਦਰ ਸਿੰਘ ਨਿਰਾਲਾ

ਬਰਨਾਲਾ।

"ਸਾਡੀਆਂ ਸਥਾਪਿਤ ਲੇਖਿਕਾਵਾਂ ਆਪਣੇ ਗਲਪ ਸੰਸਾਰ ਵਿਚ ਜਿਥੇ ਆਪ ਸਹੇੜੀਆਂ ਸਮੱਸਿਆਵਾਂ ਨੂੰ ਬਿਆਨ ਕਰਦੀਆਂ ਹਨ, ਉਥੇ ਸਾਡੀ ਇਹ ਲੇਖਿਕਾ ਇਸ ਲੀਹ ਤੋਂ ਹਟਵੀਂ, ਨਿਜ ਦੇ ਅਨੁਭਵ ਨੂੰ 'ਪਰ' ਬਣਾ ਕੇ ਪੇਸ਼ ਕਰਦੀ ਹੈ।"

15 ਮਈ, 1988 —ਸ੍ਰੀ ਬਿਕਰ ਸਿੰਘ ਸਿੱਧੂ

ਬਰਨਾਲਾ।

"ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸੁਰਿੰਦਰ ਜੀ ਆਪਣੇ ਇਸ ਪਹਿਲੇ ਕਹਾਣੀ-ਸੰਗ੍ਰਹਿ ਵਿਚ ਜੀਵਨ ਦੇ ਇਕ ਖਾਸ ਭਾਂਤ ਦੇ ਯਥਾਰਥ ਨੂੰ ਕਹਾਣੀ ਬੱਧ ਕਰਨ ਵਿਚ ਸਫਲ ਹੋ ਜਾਣ ਦਾ ਭਰਪੂਰ ਝਲਕਾਰਾ ਪੇਸ਼ ਕਰ ਗਈ ਹੈ। ਅਸੀਂ ਉਸ ਕੋਲੋਂ ਆਉਣ ਵਾਲੇ ਸਮੇਂ ਵਿਚ ਵਡੇਰੀਆਂ ਆਸਾਂ ਰੱਖ ਸਕਦੇ ਹਾਂ—ਇਹ ਮੇਰਾ ਵਿਸ਼ਵਾਸ ਹੈ।"

5.1.1988 —ਡਾ. ਗੁਰਚਰਨ ਸਿੰਘ

ਚੰਡੀਗੜ੍ਹ।

"ਸੁਰਿੰਦਰ ਨੂੰ ਕਹਾਣੀ ਕਹਿਣ ਦੀ ਜਾਚ ਹੈ ਅਤੇ ਉਸ ਪਾਸ ਆਪਣੀ ਗੱਲ ਕਹਿਣ ਲਈ ਚੋਖਾ ਸ਼ਬਦ ਭੰਡਾਰ ਹੈ, ਜਿਸਨੂੰ ਉਹ ਕਲਾਮਈ ਢੰਗ ਨਾਲ ਵਰਤਣ ਦੀ ਸਮਰੱਥਾ ਰੱਖਦੀ ਹੈ। ਇਹੋ ਕਾਰਨ ਹੈ ਕਿ ਉਸ ਦੀ ਕਹਾਣੀ ਦੇ ਪਲਾਟ ਗੁੰਦਵੇਂ ਹਨ ਤੇ ਉਨ੍ਹਾਂ ਵਿਚ ਲੋੜੀਂਦੀ ਰੋਚਕਤਾ ਹੈ, ਜਿਸ ਨੂੰ ਕਹਾਣੀ ਦਾ ਬੁਨਿਆਦੀ ਗੁਣ ਸਮਝਿਆ ਜਾਂਦਾ ਹੈ।"

30 ਜੂਨ, 1987 —(ਪ੍ਰੋ.) ਮੇਹਰ ਸਿੰਘ,

ਸਰਕਾਰੀ ਕਾਲਜ, ਰੂਪਨਗਰ।

"ਸੁਰਿੰਦਰ ਖਰਲ ਚੇਤੰਨ ਤੌਰ 'ਤੇ 'ਕਲਾ' ਨੂੰ ਸਮਾਜ ਕਲਿਆਣ ਹਿਤ ਵਰਤਦੀ ਹੈ ਅਤੇ ਉਹ ਸਮਾਜ ਦੀ ਵਰਗ-ਵੰਡ ਤੋਂ ਸੁਚੇਤ ਹੋਣ ਦਾ ਸਬੂਤ ਦਿੰਦੀ ਹੋਈ ਸ਼ੋਸ਼ਿਤ ਅਥਵਾ ਦਲਿਤ-ਵਰਗ ਦਾ ਪੱਖ ਪੂਰਦੀ ਹੈ।...ਕੇਵਲ ਵਿਸ਼ਿਆਂ ਦੀ ਚੋਣ ਤੇ ਨਿਭਾਅ ਵਿਚ ਹੀ ਉਸ ਨੇ ਸੁਘੜਤਾ ਨਹੀਂ ਦਿਖਾਈ ਸਗੋਂ ਕਹਾਣੀਆਂ ਦੀ ਗੋਂਦ, ਰਵਾਨੀ, ਚੜਾਅ, ਲਟਕਾਅ, ਵਾਸਵਿਕਤਾ ਅਤੇ ਰੋਚਕਤਾ ਆਦਿਕ ਨਿੱਕੀ ਕਹਾਣੀ ਦੇ ਪਰਮੁੱਖ ਗੁਣਾਂ ਨੂੰ ਗ੍ਰਹਿਣ ਕਰਨ ਪੱਖੋਂ ਵੀ ਉਸਨੇ ਸਾਰਥਕ ਕਦਮ ਚੁੱਕੇ ਹਨ।"

22 ਸਤੰਬਰ, 1987 —ਡਾ. ਗੁਰਚਰਨ ਸਿੰਘ ਸਾਕੀ

ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ

"ਸੁਰਿੰਦਰ ਇਸਤ੍ਰੀ ਦੇ ਧੁਰ ਅੰਦਰ ਦੀ ਪੀੜਾ ਨੂੰ ਪਛਾਨਣ ਵਾਲੀ ਲੇਖਿਕਾ ਹੈ। ਉਂਜ ਤਾਂ ਇਸ ਦੀ ਹਰ ਕਹਾਣੀ ਸਮਾਜ ਦੀ ਦੁਖਦੀ ਰਗ 'ਤੇ ਹੱਥ ਰੱਖਦੀ ਹੈ। ਲੇਖਿਕਾ ਆਪਣੇ ਚੌਗਿਰਦੇ ਅਤੇ ਨਿੱਜੀ ਤਜਰਬੇ ਵਿਚੋਂ ਆਪਣੀਆਂ ਕਹਾਣੀਆਂ ਦੇ ਵਿਸ਼ੇ ਸੁਤੇ ਸਿੱਧ ਹੀ ਲੱਭ ਲੈਂਦੀ ਹੈ। ਇਸ ਦੀਆਂ ਕਹਾਣੀਆਂ ਦੇ ਪਾਤਰ ਸਮਾਜ ਦੀਆਂ ਵਧੀਕੀਆਂ ਦੇ, ਅੰਨੇ ਕਾਨੂੰਨ ਦੇ ਜ਼ੁਲਮਾਂ ਦਾ ਸ਼ਿਕਾਰ ਬਣੇ ਹੋਏ ਪੀੜਾ-ਪਰੁੱਤੇ ਜਨ-ਸਧਾਰਨ ਹਨ, ਜਿਨ੍ਹਾਂ ਨੂੰ ਅਸੀਂ ਆਪਣੇ ਰੋਜ਼ਾਨਾ ਜੀਵਨ ਦੇ ਕਿਸੇ ਨਾ ਕਿਸੇ ਮੋੜ 'ਤੇ ਪਛਾਣ ਲੈਂਦੇ ਹਾਂ।"

24 ਸਤੰਬਰ, 1987

**—ਡਾ. ਜਸਵੰਤ ਕੌਰ ਸੈਣੀ**
ਖਾਲਸਾ ਕਾਲਜ, ਬੇਲਾ (ਰੋਪੜ)

"ਮੈਨੂੰ ਜਾਪਿਆ ਹੈ ਕਿ ਔਰਤ ਹੋਣ ਦੇ ਨਾਤੇ ਉਹ ਇਸਤਰੀਪਣ ਨੂੰ ਕੁਰੇਦ ਕੁਰੇਦ ਕੇ ਉਸ ਦੀਆਂ ਅੰਦਰਲੀਆਂ ਡੂੰਘਾਈਆਂ ਤੋਂ ਝਿੱਲੀ ਉਤਾਰ ਕੇ, ਉਸ ਦੇ ਦੁੱਖਾਂ-ਸੁੱਖਾਂ ਤੇ ਉਨ੍ਹਾਂ ਦੇ ਕਾਰਨਾਂ ਨੂੰ ਸਮਝਣ, ਉਨ੍ਹਾਂ ਦੀ ਚੰਗੀ ਭੈੜੀ ਚਾਦਰ, ਆਪਣੇ ਉੱਪਰ ਲਪੇਟ ਕੇ ਪੇਸ਼ ਕਰਨ ਦੀ ਤੀਖਣ-ਬੁੱਧੀ ਰੱਖਦੀ ਹੈ। ਇਹੀ ਨਹੀਂ, ਉਸ ਨੇ ਪੁਰਸ਼ ਜਾਤੀ ਦੇ ਵੱਖਰੇ ਵੱਖਰੇ ਵਰਗ ਦਾ ਮਨੋਵਿਗਿਆਨਕ ਚਿਤਰਣ ਵੀ ਆਪਣੇ ਆਪ 'ਤੇ ਅਨੁਭਵ ਕਰਦੇ ਹੋਏ, ਬਹੁਤ ਸੋਹਣੇ ਤਰੀਕੇ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ।"

1 ਸਤੰਬਰ 1987

**—ਗੁਰਇੰਦਰ ਸਿੰਘ ਪ੍ਰੀਤ**
ਜਨਰਲ ਸਕੱਤਰ
ਜ਼ਿਲ੍ਹਾ ਲਿਖਾਰੀ ਸਭਾ (ਰਜਿ:) ਰੂਪਨਗਰ

"ਸੁਰਿੰਦਰ ਜੀ,

'ਤ੍ਰਿਸ਼ਨਾ' ਪੜ੍ਹੀ ਅਤੇ ਇੰਜ ਲਗਿਆ ਕਿ ਤੁਸਾਂ ਪਟਿਆਲੇ ਨੂੰ ਅਮਰ ਕਰ ਦਿਤਾ ਹੈ। ਪੰਜਾਬੀ ਬੋਲੀ ਵਿਚ ਪਹਿਲੀ ਕਿਤਾਬ ਹੈ ਜਿਸਨੂੰ ਪੜ੍ਹ ਕੇ ਮੱਲੋ-ਮੱਲੀ ਪ੍ਰਸੰਸਾ ਕਰਨ ਲਈ ਜੀ ਕਰਦਾ ਹੈ। ਜੀਵਨ ਦੇ ਅਭਿਆਸ 'ਚੋਂ ਕੱਢੀਆਂ ਇਹ ਕਹਾਣੀਆਂ, ਪੜ੍ਹਨ ਵਾਲਿਆਂ ਲਈ ਸੁਆਦ ਦਾ ਸੋਮਾ ਬਣਦੀਆਂ ਹਨ।...ਵਲੈਤ ਵਿਚ ਘੱਟ ਹੀ ਪੰਜਾਬੀ ਸਾਹਿਤ ਮਿਲਦਾ ਹੈ, ਖਾਸ ਕਰਕੇ ਨਰੋਲ ਪੰਜਾਬ ਵਾਸੀਆਂ ਵਲੋਂ ਰਚਿਆ। ਵਾਹਿਗੁਰੂ ਤੁਹਾਨੂੰ ਤੇ ਤੁਹਾਡੀ ਸੁਨਹਿਰੀ ਕਲਮ ਨੂੰ ਹੋਰ ਵੀ ਉਚਾਈਆਂ ਵੱਲ ਲੈ ਜਾਵੇ ਤੇ ਤੁਸੀਂ ਅਸਾਡੇ ਵਰਗੇ ਕਰੋੜਾਂ ਲੋਕਾਂ ਲਈ ਅਜਿਹੀਆਂ ਮਨਪਸੰਦ ਰਚਨਾਵਾਂ ਲਿਖਦੇ ਰਹੋ।"

28 ਮਈ, 1990

**—ਸੁਖਦੇਵ ਸੰਧੂ,**
ਯੂ.ਕੇ.

"You are rising as a good story writer in Punjabi. May God bless you with more success and reward".

8.2.88

**—Dr. Gurman Singh Tir**
Chandigarh

## "ਰੂਹ ਪੰਜਾਬ ਦੀ"

### (ਜੀਵਨੀ ਮਹਾਰਾਣੀ ਜਿੰਦ ਕੌਰ)

'ਤ੍ਰਿਸ਼ਨਾ' ਕਹਾਣੀ ਸੰਗ੍ਰਹਿ (1987) ਉਪ੍ਰੰਤ 'ਰੂਹ ਪੰਜਾਬ ਦੀ' (1990) ਛਪੀ। 'ਰੂਹ ਪੰਜਾਬ ਦੀ' ਪੁਸਤਕ 'ਅਜੀਤ' ਅਖ਼ਬਾਰ ਦੇ ਸੰਡੇ ਐਡੀਸ਼ਨ ਵਿਚ ਹਰ ਹਫਤੇ ਲੜੀਵਾਰ 4 ਅਕਤੂਬਰ 1992 ਤੋਂ ਲੈ ਕੇ 27 ਅਕਤੂਬਰ 1991 ਤਕ ਦਸ ਕਿਸ਼ਤਾਂ ਵਿਚ ਛਪੀ।

**ਵਿਚਾਰ :-**

"Respected Surinder Kaur Ji,

As a student of the history of the Sikh people, I have read all your articles in the 'Ajit' regarding 'Maharani Jindan' the regent of the Sikh Empire under her son Maharaja Dalip Singh. It is an interesting narrative".

20-10-1991

**ਸ੍. ਨਾਹਰ ਸਿੰਘ ਹਿਸਟੋਰੀਅਨ**
ਚੰਡੀਗੜ੍ਹ

"ਆਪ ਜੀ ਦੀਆਂ ਦਸ ਕਿਸ਼ਤਾਂ ਵਿਚ ਰਚੀ 'ਅਜੀਤ' ਵਿਚ ਪੰਜਾਬ ਦੀ ਰੂਹ, ਮਹਾਰਾਣੀ ਜ਼ਿੰਦਾਂ ਬਾਰੇ ਵਿਸਥਾਰ ਨਾਲ ਪੜ੍ਹ ਕੇ ਅਕਹਿ ਪ੍ਰਸੰਨਤਾ ਹੋਈ। ਅਕਹਿ ਤੇ ਅਸਹਿ ਕਸ਼ਟ ਹੰਢਾਉਣ ਵਾਲੀ ਪੰਜਾਬ ਦੀ ਰੂਹ ਦਾ ਜੋ ਚਿੱਤਰ ਆਪ ਨੇ ਮਨਮੋਹਕ ਸ਼ਬਦਾਂ ਵਿਚ ਖਿੱਚਿਆ ਹੈ, ਉਹ ਬੇਮਿਸਾਲ ਹੈ। ਕਲਾਕਾਰਾਂ ਤੇ ਸ਼ਾਇਰਾਂ ਵਰਗੀ ਕੁਰਲਾਹਟ ਆਪ ਨੇ ਜੀਵਨੀ ਵਿਚ ਭਰੀ ਹੈ। ਅੰਗ੍ਰੇਜ਼ਾਂ ਦੀ ਬੇਰੁਖੀ ਦਾ ਦੀਵਾ ਸਰੇ ਬਜ਼ਾਰ ਜਗਾਇਆ ਹੈ। ਅਜੋਕੇ ਮਾਹੌਲ ਵਿਚ ਇਹੋ ਜਿਹੀ ਸਮੱਗਰੀ ਦੀ ਬੜੀ ਥੋੜ੍ਹ ਹੈ। ਮੁੱਕਦੀ ਗੱਲ ਹੈ ਇਹ ਹੈ ਕਿ 'ਪੰਜਾਬ ਦੀ ਰੂਹ' ਵਿਚ ਚੰਨ ਵਰਗੇ ਸੁੰਦਰ ਸ਼ਬਦ ਆਪ ਨੇ ਰਚੇ ਹਨ, ਜੋ ਹਨੇਰਿਆਂ ਵਿਚ ਅਰਥਾਂ ਦੇ ਜੁਗਨੂੰ ਲੱਭ ਕੇ ਪੰਜਾਬ ਦੇ ਸੰਤਾਪ ਵਿਚ ਚਾਨਣ-ਮੁਨਾਰੇ ਦਾ ਕੰਮ ਕਰਦੇ ਹਨ।"

2.11.1991

**-ਕੁਲਦੀਪ ਸਿੰਘ ਅਰਸ਼ੀ**
ਸੰਪਾਦਕ 'ਰਾਹ-ਦਸੇਰਾ'
ਜੰਡਿਆਲਾ ਗੁਰੂ, ਅੰਮ੍ਰਿਤਸਰ

## ਮਹਾਂਬਲੀ ਰਣਜੀਤ ਸਿੰਘ

### (ਜੀਵਨੀ ਮਹਾਰਾਜਾ ਰਣਜੀਤ ਸਿੰਘ)

"ਬਾਲ ਸਾਹਿਤ ਦੇ ਨਿਰਧਾਰਿਤ ਵਿਭਿੰਨ ਖੇਤਰਾਂ ਵਿਚ 'ਜੀਵਨੀ' ਦਾ ਅਹਿਮ ਸਥਾਨ ਹੈ, ਜਿਸ ਅਧੀਨ ਹੁਣ ਤਕ ਪੰਜਾਹ ਤੋਂ ਵੀ ਵੱਧ ਪੁਸਤਕਾਂ ਸਿਰਜੀਆਂ ਜਾ ਚੁਕੀਆ ਹਨ। ਕਈ ਅਦਾਰਿਆਂ ਨੇ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦਿਤਾ ਹੈ, ਜਿਨ੍ਹਾਂ ਵਿਚ ਭਾਸ਼ਾ ਵਿਭਾਗ ਪੰਜਾਬ ਦਾ ਕਾਰਜ ਨਿਰਸੰਦੇਹ ਪ੍ਰਸ਼ਸਾਤਮਕ ਹੈ, ਜਿਸ ਨੇ ਮਹਾਂਪੁਰਖਾਂ, ਗੁਰੂਆਂ, ਪੀਰਾਂ, ਵੀਰਾਂ ਜਾਂ ਮਹਾਰਾਜਿਆਂ ਦੀਆਂ ਜੀਵਨੀਆਂ ਨੂੰ 'ਜੀਵਨੀ ਸੀਰੀਜ਼' ਅਧੀਨ ਪ੍ਰਕਾਸ਼ਿਤ ਕੀਤਾ। ਇਸੇ

ਹੀ ਖੇਤਰ ਨਾਲ ਸਬੰਧਤ ਸੁਰਿੰਦਰ ਕੌਰ ਖਰਲ ਦੀ ਇਕ ਪੁਸਤਕ 'ਮਹਾਂਬਲੀ ਰਣਜੀਤ ਸਿੰਘ' ਦਾ ਇਸ ਦਿਸ਼ਾ ਵਿਚ ਪੁੱਟਿਆ ਗਿਆ ਉਸਾਰੂ ਕਦਮ ਹੈ।

ਸੁਰਿੰਦਰ ਕੌਰ ਖਰਲ ਨੇ ਪੁਸਤਕ ਦਾ ਆਰੰਭ ਦਿਲਚਸਪ ਵਿਧੀ ਨਾਲ ਕੀਤਾ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ-ਪੜਾਵਾਂ ਨੂੰ ਵੱਖ ਵੱਖ ਸਿਰਲੇਖਾਂ ਅਧੀਨ, ਵਿਭਾਜਿਤ ਕੀਤਾ ਹੈ। ਅਗੋਂ ਇਨ੍ਹਾਂ ਜੀਵਨ-ਘਟਨਾਵਾਂ ਦੀ ਛੋਟੀ ਛੋਟੀ ਪੈਰ੍ਹਾ-ਵੰਡ ਕੀਤੀ ਗਈ ਹੈ ਜੋ ਬਾਲ-ਮਾਨਸਿਕਤਾ ਦੇ ਅਨੁਕੂਲ ਹੈ।

ਕੁਲ ਮਿਲਾਕੇ ਪੁਸਤਕ ਸੁੰਦਰ ਹੈ। ਪੁਸਤਕ ਦਾ ਟਾਈਟਲ ਪ੍ਰਕਾਸ਼ ਵਰਗੇ ਚਿੱਤਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ ਸੁਚੱਜੀ ਵਿਧੀ ਨਾਲ ਚਿਤ੍ਰਿਤ ਕੀਤਾ ਹੈ। ਨਿਰਸੰਦੇਹ ਸੁਰਿੰਦਰ ਕੌਰ ਖਰਲ ਨੇ ਆਪਣੀਆਂ ਪਹਿਲਾਂ ਪ੍ਰਕਾਸ਼ਿਤ ਜੀਵਨੀ-ਪੁਸਤਕਾਂ (ਰੂਹ ਪੰਜਾਬ ਦੀ ਅਤੇ ਵੱਡ ਪ੍ਰਤਾਪੀ ਸਤਿਗੁਰੂ) ਵਿਚ ਇਸ ਪੁਸਤਕ ਨਾਲ ਗੱਲ ਅਗਾਂਹ ਤੋਰੀ ਹੈ।"

4 ਅਕਤੂਬਰ 1992 — **ਦਰਸ਼ਨ ਸਿੰਘ ਆਸ਼ਟ**

('ਅਜੀਤ' ਵਿਚ ਛਪਿਆ ਰੀਵੀਊ)

## ਰੂਪਨਗਰ ਸਮਾਚਾਰ

ਜਿਲਦ ਨੰ: 3 ਲੜੀ ਨੰ: 3 ਮਾਰਚ 1992

### ਜ਼ਿਲ੍ਹਾ ਲਿਖਾਰੀ ਸਭਾ ਰੂਪਨਗਰ ਦਾ ਸਲਾਨਾ ਸਮਾਗਮ

ਜ਼ਿਲ੍ਹਾ ਲਿਖਾਰੀ ਸਭਾ, ਰੂਪਨਗਰ ਦਾ ਸਲਾਨਾ ਸਮਾਗਮ 7 ਮਾਰਚ '92 ਨੂੰ ਸ੍ਰੀ ਕਰਨ ਅਵਤਾਰ ਸਿੰਘ, ਡਿਪਟੀ ਕਮਿਸ਼ਨਰ ਦੀ ਪਰਧਾਨਗੀ ਹੇਠ ਹੋਇਆ। ਸਵਾਗਤੀ ਕਮੇਟੀ ਦੇ ਚੇਅਰਮੈਨ ਡਾ. ਆਰ. ਐਸ. ਪਰਮਾਰ ਨੇ ਇਸ ਸਮੇਂ ਸਭ ਨੂੰ 'ਜੀ ਆਇਆਂ' ਕਿਹਾ ਅਤੇ ਸਭਾ ਦੇ ਜਨਰਲ ਸਕੱਤਰ ਸ੍ਰੀ ਗੁਰਇੰਦਰ ਸਿੰਘ ਪ੍ਰੀਤ ਨੇ 24 ਸਾਲਾ ਪੁਰਾਣੀ ਸਭਾ ਦੀ ਰਿਪੋਰਟ ਪੜ੍ਹੀ। ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸ੍ਰ. ਹਰਭਜਨ ਸਿੰਘ ਹਲਵਾਰਵੀ ਨੇ 'ਸਾਹਿਤ ਵਿਚ ਪ੍ਰਤੀਬੱਧਤਾ ਦਾ ਮਸਲਾ' ਵਿਸ਼ੇ ਉੱਤੇ ਬੜੀ ਸੰਜੀਦਗੀ ਨਾਲ ਭਾਸ਼ਨ ਦਿਤਾ।

ਡਿਪਟੀ ਕਮਿਸ਼ਨਰ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਈ ਅੰਗ੍ਰੇਜ਼ੀ ਲੇਖਕਾਂ ਦੀਆਂ ਉਦਾਹਰਣਾਂ ਦੇ ਕੇ 'ਪ੍ਰਤੀਬੱਧਤਾ' ਬਾਰੇ ਵਿਚਾਰ ਰਖੇ। ਉਨ੍ਹਾਂ ਇਸ ਮੌਕੇ 'ਤੇ ਸਭਾ ਦੀ ਮੈਂਬਰ ਸ੍ਰੀਮਤੀ ਸੁਰਿੰਦਰ ਕੌਰ ਖਰਲ ਦੀਆਂ ਦੋ ਪੁਸਤਕਾਂ 'ਰੂਹ ਪੰਜਾਬ ਦੀ' ਅਤੇ 'ਮਹਾਂਬਲੀ ਰਣਜੀਤ ਸਿੰਘ' ਵੀ ਰਿਲੀਜ਼ ਕੀਤੀਆਂ। ਸ੍ਰੀਮਤੀ ਖਰਲ ਦੀਆਂ ਦੋ ਪੁਸਤਕਾਂ ਕਹਾਣੀ ਸੰਗ੍ਰਹਿ 'ਤ੍ਰਿਸ਼ਨਾ' ਅਤੇ 'ਵੱਡ ਪ੍ਰਤਾਪੀ ਸਤਿਗੁਰੂ' ਪਹਿਲਾਂ ਹੀ ਪ੍ਰਕਾਸ਼ਿਤ ਹਨ ਅਤੇ ਦੋ ਹੋਰ ਛਪਾਈ ਅਧੀਨ ਹਨ। ਇਨ੍ਹਾਂ ਦੀਆਂ ਰਚਨਾਵਾਂ ਅਖ਼ਬਾਰਾਂ, ਰਸਾਲਿਆਂ, ਰੇਡਿਓ, ਟੀ.ਵੀ. ਆਦਿ ਤੇ ਪ੍ਰਸਾਰਿਤ ਹੁੰਦੀਆਂ ਰਹਿੰਦੀਆਂ ਹਨ।

ਇਸੇ ਦਿਨ ਸਭਾ ਵਲੋਂ ਸ੍ਰੀ ਕਰਤਾਰ ਸਿੰਘ ਕਾਲੜਾ, ਸੁਖਮਿੰਦਰ ਰਾਮਪੁਰੀ ਅਤੇ ਸਭਾ ਦੇ ਪ੍ਰਧਾਨ ਪ੍ਰੋ. ਮੇਹਰ ਸਿੰਘ ਦੇ ਪ੍ਰਧਾਨਗੀ ਮੰਡਲ ਅਧੀਨ ਇਕ ਕਵੀ-ਦਰਬਾਰ ਵੀ ਕੀਤਾ ਗਿਆ।

ਅੰਤ 'ਤੇ ਸਭਾ ਦੇ ਸਰਪ੍ਰਸਤ ਸ੍ਰੀ ਮਾਲਿਕ ਰਾਮ ਗੁਲਾਟੀ ਨੇ ਸਾਰਿਆਂ ਦਾ ਧੰਨਵਾਦ ਕੀਤਾ।।

ਪ੍ਰਕਾਸ਼ਕ : ਜ਼ਿਲ੍ਹਾ ਵਿਕਾਸ ਤੇ ਯੋਜਨਾ ਬੋਰਡ, ਰੂਪਨਗਰ।

ਜਾਰੀ ਕਰਤਾ : ਲੋਕ ਸੰਪਰਕ ਅਧਿਕਾਰੀ ਰੂਪਨਗਰ।

# ਵੱਡ ਪ੍ਰਤਾਪੀ ਸਤਿਗੁਰੂ

(ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ)

"ਸੁਰਿੰਦਰ ਕੌਰ ਖਰਲ ਦੀ ਨਵੀਨਤਮ ਜੀਵਨੀ—'ਵੱਡ ਪ੍ਰਤਾਪੀ ਸਤਿਗੁਰੂ', ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ (ਸੰਦੀਪ ਪਬਲਿਸ਼ਰਜ਼ ਚੰਡੀਗੜ੍ਹ ਪੰਨੇ ੫੪, ਕੀਮਤ ੧੫ ਰੁਪਏ) ਪੜ੍ਹ ਕੇ ਉਸਦੇ ਸ਼ਰਧਾਵਾਨ ਲੇਖਿਕਾ ਹੋਣ ਦਾ ਪ੍ਰਭਾਵ ਪੈਂਦਾ ਹੈ। ਇਸ ਤੋਂ ਪਹਿਲਾਂ ਉਸ ਦੀਆਂ 'ਤ੍ਰਿਸ਼ਨਾ' ਕਹਾਣੀ ਸੰਗ੍ਰਹਿ ਅਤੇ 'ਰੂਹ ਪੰਜਾਬ ਦੀ'-ਮਹਾਰਾਣੀ ਜਿੰਦਾਂ ਕਿਰਤਾਂ ਛਪ ਚੁਕੀਆਂ ਹਨ।

ਮੈਂ ਇਸ ਪੁਸਤਕ ਨੂੰ ਇਕ ਲੰਮੇ ਲੇਖ ਵਾਂਗ ਇਕੋ ਬੈਠਕ ਵਿਚ ਹੀ ਪੜ੍ਹ ਲਿਆ। ਪੜ੍ਹਨ ਵਿਚ ਸੌਖ ਇਸ ਕਰਕੇ ਵੀ ਰਹੀ ਕਿ ਖਰਲ ਦੀ ਵਾਰਤਕ ਸੁਰਮੇ ਵਾਂਗ ਖਰਲ ਵਿਚ ਖਰਲ ਕੀਤੀ ਹੋਈ ਸੀ। ਕੋਈ ਵੀ ਸ਼ਬਦ ਮੇਰੀ ਸੋਚ ਦੀ ਅੱਖ ਵਿਚ ਰੜਕਿਆ ਨਹੀਂ, ਰਵਾਨਗੀ ਟੁੱਟੀ ਨਹੀਂ। ਸਮਝ ਲੇਖਕਾ ਤੋਂ ਪਿਛੇ ਰਹਿ ਕੇ ਸੋਚਾਂ ਵਿਚ ਨਹੀਂ ਪਈ, 'ਕੁਝ ਅਮੁੱਲ ਪਵਿੱਤਰ ਬਚਨ', ਪੜ੍ਹ ਕੇ ਸਤਿਗੁਰੂ ਸੱਚੇ ਪਾਤਸ਼ਾਹ ਦੇ ਮਨੁੱਖੀ ਜੀਵਨ ਨੂੰ ਉੱਚਾ ਚੁਕਣ ਦੇ ਨੁਕਤੇ ਵੀ ਸਮਝ ਆਏ।

ਵੱਡ ਪ੍ਰਤਾਪੀ ਸਤਿਗੁਰੂ ਦੀ ਭਾਵੇ ਜੋਤੀ-ਜੋਤਿ ਰਲੀ ਪਰ ਉਸ ਜੋਤਿ ਨੇ ਉਸੇ ਜੁਗਤਿ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਰੂਪੀ ਕਾਇਆ ਪਲਟ ਕੇ ਮਨੁੱਖਤਾ ਦੇ ਕਲਿਆਣ ਦਾ ਕਾਰਜ ਅੱਗੇ ਤੋਰਨਾ ਵੀ ਲੇਖਿਕਾ ਨਹੀਂ ਭੁੱਲੀ।

ਲੇਖਿਕਾ ਸੁਰਿੰਦਰ ਕੌਰ ਖਰਲ ਇਸ ਉੱਦਮ ਲਈ ਵਡਿਆਉਣ ਯੋਗ ਹੈ ਅਤੇ ਮੈਨੂੰ ਯਕੀਨ ਹੈ ਕਿ ਪਾਠਕ ਇਸ ਸੁਗਾਤ ਨੂੰ ਪੜ੍ਹ ਕੇ ਆਨੰਦਤ ਹੋਣਗੇ।"

7 ਤੋਂ 13 ਅਕਤੂਬਰ 1990 —ਤਾਰਾ ਸਿੰਘ ਅਨਜਾਣ, ਦਿੱਲੀ

('ਵਰਤਮਾਨ ਹਿੰਦੁਸਤਾਨ' ਵਿਚ ਛਪੇ ਰੀਵੀਊ ਵਿਚੋਂ)

"ਤ੍ਰਿਸ਼ਨਾ" (ਕਹਾਣੀ ਸੰਗ੍ਰਹਿ) ਦੀ ਇਕ ਕਾਪੀ ਪਿਛਲੇ ਵਰ੍ਹੇ, ਲੇਖਿਕਾ ਸੁਰਿੰਦਰ ਕੌਰ ਖਰਲ ਨੇ ਮੈਨੂੰ ਪੜ੍ਹਨ ਲਈ ਦਿਤੀ ਪਰ ਅਤਿ ਰੁਝੇਵਿਆਂ ਕਰ ਕੇ ਮੈਂ ਉਸਨੂੰ ਕਿੰਨਾ ਚਿਰ ਰੱਖੀ ਰੱਖਿਆ ਅਤੇ ਸਮਾਂ ਕੱਢ ਕੇ ਇਕ ਰਾਤ ਨੂੰ ਜਿਉਂ ਪੜ੍ਹਨ ਲਈ ਬੈਠਾ, ਪੜ੍ਹਦਾ ਹੀ ਗਿਆ।

ਜਦੋਂ ਲੇਖਿਕਾ ਸੁਰਿੰਦਰ ਕੌਰ ਨੇ ਆਪਣੀ ਪੁਸਤਕ 'ਵੱਡ ਪ੍ਰਤਾਪੀ ਸਤਿਗੁਰੂ' ਲਿਖ ਲਈ ਤਾਂ ਸ੍ਰੀ ਭੈਣੀ ਸਾਹਿਬ ਵਿਖੇ ਸੰਤ ਤਰਸੇਮ ਸਿੰਘ, ਨਿਜੀ ਸਕੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਇਨ੍ਹਾਂ ਨੂੰ ਪੂਰੀ ਤਰ੍ਹਾਂ ਗਾਈਡ ਕਰ ਕੇ ਕਿਤਾਬ ਦੇ ਖਰੜੇ ਨੂੰ ਪੜ੍ਹਾ ਕੇ, ਸਤਿਗੁਰੂ ਜੀ ਪਾਸੋਂ ਇਸ ਕਿਤਾਬ ਨੂੰ ਛਪਵਾਉਣ ਦੀ ਆਗਿਆ ਲੈ ਦਿੱਤੀ। ਇਹ ਕਿਤਾਬ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮੁੱਚਾ ਜੀਵਨ ਸੰਖੇਪ ਰੂਪ ਵਿਚ, ਫੋਟੋਆਂ ਸਹਿਤ ਆਪ ਜੀ ਕੋਲ ਤਿਆਰ ਹੋ ਕੇ ਆ ਚੁਕੀ ਹੈ। ਇਸ ਨੂੰ ਆਪ ਵੀ ਪੜ੍ਹੋ ਤੇ ਬੱਚਿਆਂ ਨੂੰ ਵੀ ਪੜ੍ਹਾਓ।"

ਸਤੰਬਰ 1990, ਅੱਸੂ ੨੦੪੭ —ਦਲੀਪ ਸਿੰਘ ਨਾਮਧਾਰੀ

ਸੰਪਾਦਕ 'ਨਿਰੀਖਿਅਕ'

"ਸੁਰਿੰਦਰ ਕੌਰ ਖਰਲ ਨੇ 'ਵੱਡ ਪ੍ਰਤਾਪੀ ਸਤਿਗੁਰੂ' ਸਿਰਲੇਖ ਹੇਠ ਪੁਸਤਕ ਦੇ ਕੇ ਸਤਿਗੁਰੂ ਜੀ ਦਵਾਰਾ ਕੀਤੇ ਕਾਰਜਾਂ ਪ੍ਰਤੀ ਰਚੇ ਜਾ ਰਹੇ ਸਾਹਿਤ ਵਿਚ ਉਚੇਚਾ ਤੇ ਵਿਸ਼ੇਸ਼ ਵਾਧਾ ਕੀਤਾ ਹੈ। ਇਸ ਰਚਨਾ ਤੋਂ ਪਹਿਲਾਂ ਉਹਨਾਂ ਨੇ ਤਿੰਨ ਪੁਸਤਕਾਂ 'ਤ੍ਰਿਸ਼ਨਾ' (ਕਹਾਣੀ ਸੰਗ੍ਰਹਿ ੧੯੮੭), 'ਰੂਹ ਪੰਜਾਬ ਦੀ' (ਮਹਾਰਾਣੀ ਜਿੰਦ ਕੌਰ ੧੯੯੦) ਤੇ ਮਹਾਂਬਲੀ ਰਣਜੀਤ ਸਿੰਘ (ਛਪਾਈ ਅਧੀਨ) ਦਿੱਤੀਆਂ ਹਨ। ਉਹਨਾਂ ਦੀਆਂ ਪਿਛਲੀਆਂ ਦੋ ਰਚਨਾਵਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਸੂਰਮਿਆਂ ਤੇ ਬਹਾਦਰਾਂ ਦੀਆਂ ਜੀਵਨੀਆਂ ਲਿਖਣ ਵਿਚ ਵਧੇਰੇ ਰੁਚੀ ਰਖਦੇ ਹਨ ਪਰ ਹੱਥਲੀ ਪੁਸਤਕ 'ਵੱਡ ਪ੍ਰਤਾਪੀ ਸਤਿਗੁਰੂ' ਵਿਚ ਇਹਨਾਂ ਨੇ ਸਤਿਗੁਰੂ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜੀਵਨੀ ਨੂੰ ਬੜੇ ਰੌਚਕ ਢੰਗ ਨਾਲ ਪੇਸ਼ ਕੀਤਾ ਹੈ। ਅਵਤਾਰ ਧਾਰਨ ਤੋਂ ਲੈ ਕੇ ਦੇਹ ਦਾ ਓਹਲਾ ਕਰਨ ਤਕ, ਜੀਵਨ ਦੇ ਹਰ ਮਹੱਤਵ ਪੂਰਨ ਕਾਂਢ ਨੂੰ ਅਛੂਤਾ ਨਹੀਂ ਛੱਡਿਆ। ਨਿੱਕੇ ਨਿੱਕੇ ਸਿਰਲੇਖ ਦੇ ਕੇ ਹਰ ਪੜਾਅ ਨੂੰ ਸਰਲ, ਸੁਖੈਨ ਪੰਜਾਬੀ ਵਿਚ ਬਿਆਨ ਕੀਤਾ ਹੈ।"

ਦਸੰਬਰ 1990 — **ਜਸਪਾਲ ਕੌਰ, ਦਿੱਲੀ**

('ਵਰਿਆਮ' ਵਿਚ ਛਪੇ ਰੀਵੀਊ ਵਿਚੋਂ)

"ਪੁਸਤਕ 'ਵੱਡ ਪ੍ਰਤਾਪੀ ਸਤਿਗੁਰੂ' ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਜੀਵਨ, ਚਮਤਕਾਰ, ਨਾਮਧਾਰੀ ਪੰਥ ਨੂੰ ਉਨ੍ਹਾਂ ਵਲੋਂ ਦੇਣ, ਸਮਾਜ ਸੁਧਾਰ, ਅਜ਼ਾਦੀ ਸੰਘਰਸ਼ ਵਿਚ ਯੋਗਦਾਨ, ਪੰਜਾਬੀ ਸਾਹਿਤ ਨੂੰ ਦੇਣ, ਏਕਤਾ ਦਾ ਉਪਦੇਸ਼ ਆਦਿ ਭਾਵ ਹਰ ਪੱਖ ਤੋਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਚਰਿੱਤਰ 'ਤੇ ਚਾਨਣਾ ਪਾਇਆ ਗਿਆ ਹੈ। ਲੇਖਕਾ ਨੇ ਬੜੀ ਮਿਹਨਤ ਤੇ ਲਗਨ ਨਾਲ ਇਸ ਪੁਸਤਕ ਨੂੰ ਸਿਰੇ ਚਾੜ੍ਹਿਆ ਹੈ। ਇਸ ਪੁਸਤਕ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀਆਂ ਭਿੰਨ ਭਿੰਨ ਅਵਸਰਾਂ ਤੇ ਖਿਚੀਆਂ ਗਈਆਂ ਤਸਵੀਰਾਂ ਵੀ ਦਿਤੀਆਂ ਗਈਆਂ ਹਨ ਜਿਨ੍ਹਾਂ ਨਾਲ ਉਨ੍ਹਾਂ ਦੁਆਰਾ ਕੀਤੇ ਗਏ ਕੰਮਾਂ ਦਾ ਸਹਿਜੇ ਹੀ ਅਨੁਮਾਨ ਲਗ ਜਾਂਦਾ ਹੈ। ਭਾਵੇਂ ਇਹ ਪੁਸਤਕ ਅਕਾਰ ਵਿਚ ਛੋਟੀ ਹੈ ਪਰ ਹੈ 'ਗਾਗਰ ਵਿਚ ਸਾਗਰ' ਭਰਨ ਵਾਲੀ ਗੱਲ। ਇਹ ਪੁਸਤਕ ਨਾਮਧਾਰੀਆਂ ਲਈ ਤੇ ਉਨ੍ਹਾਂ ਦੇ ਬੱਚਿਆਂ ਲਈ, ਸਤਿਗੁਰੂ ਪ੍ਰਤਾਪ ਸਿੰਘ ਦੇ ਜੀਵਨ ਤੋਂ ਜਾਣੂੰ ਕਰਵਾਉਣ ਲਈ ਬਹੁਤ ਹੀ ਸ਼ਲਾਘਾਯੋਗ ਹੈ। ਇਸ ਪੁਸਤਕ ਦੇ ਅੰਤ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਵੀ ਦਿਤੇ ਗਏ ਹਨ।

ਯਾਦ ਰਹੇ ਕਿ ਇਹ ਪੁਸਤਕ ਅੱਸੂ ਦੇ ਮੇਲੇ 'ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਰਿਲੀਜ਼ ਕੀਤੀ ਸੀ। ਸ੍ਰੀ ਸਤਿਗੁਰੂ ਜੀ ਵਲੋਂ ਇਸ ਪੁਸਤਕ ਨੂੰ ਨਾਮਧਾਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਵੀ ਮਾਨਤਾ ਦੇ ਦਿਤੀ ਗਈ ਹੈ। ਇਹ ਪੁਸਤਕ ਨਾਮਧਾਰੀ ਪਨੀਰੀ ਲਈ ਇਕ ਚਾਨਣ ਮੁਨਾਰਾ ਹੈ।"

24 ਜਨਵਰੀ 1991, ੨੨ ਮਾਘ ੨੦੪੭ — **ਗੁਰਦੀਪ ਸਿੰਘ ਨਾਮਧਾਰੀ**

('ਸਤਿਜੁਗ' ਵਿਚ ਛਪੇ ਰੀਵੀਊ ਵਿਚੋਂ)

"ਵੱਡ ਪ੍ਰਤਾਪੀ ਸਤਿਗੁਰੂ" ਪੁਸਤਕ ਨੌਜੁਆਨ ਲੇਖਿਕਾ ਬੀਬੀ ਸੁਰਿੰਦਰ ਕੌਰ ਖਰਲ ਜੀ ਦੀ ਲਿਖੀ ਹੈ। ਇਹ ਇਕੋ ਇਕ ਪੁਸਤਕ ਹੈ ਜੋ ਨਾਮਧਾਰੀ ਪੰਥ 'ਚੋਂ ਨੌਜੁਆਨ ਇਸਤਰੀ ਵਰਗ ਵਿਚੋਂ ਇਕ ਨਾਮਧਾਰੀ ਲੇਖਿਕਾ ਨੇ ਲਿਖੀ ਹੈ। ਇਸ ਪੁਸਤਕ ਦਾ ਆਕਾਰ ਛੋਟੇ ਹੁੰਦਿਆਂ ਵੀ, ਬੜੇ ਭਾਵਪੂਰਤ ਸ਼ਬਦਾਂ ਨਾਲ ਸਤਿਗੁਰਾਂ ਦੇ ਇਤਿਹਾਸ ਨੂੰ ਨਿਰੂਪਣ ਕਰਦਾ ਹੈ। ਬੜੀ ਸੁਘੜਤਾ ਨਾਲ ਸਤਿਗੁਰਾਂ ਦਾ ਇਤਿਹਾਸ ਕਹਾਣੀਆਂ ਵਾਂਗ ਉਲੀਕਿਆ ਹੈ, ਕਿਤੇ ਵੀ ਪੜ੍ਹਨ ਸਮੇਂ ਪਾਠਕ ਉਕਤਾ ਨਹੀਂ ਸਕਦਾ। ਸਾਹਿਤਕ ਰਸ ਬਣਿਆ ਰਹਿੰਦਾ ਹੈ।"

13.10.91, ੨੨ ਅੱਸੂ ੨੦੪੧

—ਦੇਵਿੰਦਰ ਸਿੰਘ ਗਿੱਲ
ਜੀਆ ਨੱਥਾ ਜ਼ਿਲ੍ਹਾ ਹੁਸ਼ਿਆਰਪੁਰ
('ਰਾਮਗੜੀਆ ਮੰਚ' ਵਿਚੋਂ)

"ਵੱਡ ਪ੍ਰਤਾਪੀ ਸਤਿਗੁਰੂ" ਪੁਸਤਕ ਵਿਚ, ਪੱਖ ਤੋਂ ਤੁਸੀਂ ਸੰਖੇਪ ਅਤੇ ਭਾਵਨਾ ਭਰਪੂਰ ਮੈਟਰ ਦਿੱਤਾ ਹੈ। ਮੈਟਰ ਨੂੰ ਲੜੀ ਵਾਰ ਪਰੋਣਾ ਵੀ ਇਕ ਚੰਗੇ ਮਿਹਨਤੀ ਬੰਦੇ ਦਾ ਹੀ ਕੰਮ ਹੈ। ਪੁਸਤਕ ਵਿਚ ਤਸਵੀਰਾਂ ਠੀਕ ਥਾਵਾਂ ਉਤੇ ਹੀ ਲੱਗੀਆਂ ਹਨ, ਜੋ ਧਿਆਨ ਨਾਲ ਕੀਤੇ ਕੰਮ ਦੀ ਝਲਕ ਹੈ। ਆਖਰ ਵਿਚ ਆਪਣੀ ਤਸਵੀਰ ਲਾਈ ਹੈ, ਇਹ ਨਿਮਰਤਾ ਦੀ ਸੂਚਕ ਹੈ। ਕੁਝ ਅਮੁੱਲ ਪਵਿੱਤਰ ਬਚਨ ਇਹੋ ਜਿਹੀਆਂ ਸਿਧਾਂਤਕ ਬਚਨ-ਟੁਕੜੀਆਂ ਹਨ ਜੋ ਬੰਦੇ ਨੂੰ ਸੇਧ ਦੇਣ ਵਾਲੀਆਂ ਹਨ।"

31.12.91

—ਕਰਤਾਰ ਸਿੰਘ ਪੰਛੀ
ਪ੍ਰਧਾਨ ਪੰਜਾਬੀ ਸਾਹਿਤ ਸਭਾ,
ਮਲੇਰਕੋਟਲਾ

"ਨਾਮਧਾਰੀ ਸਮਾਜ ਵਿਚ ਆਪ ਨੂੰ ਇਕ ਲੇਖਕਾ ਦੇ ਰੂਪ ਵਿਚ ਵੇਖ ਕੇ ਬੜੀ ਪ੍ਰਸੰਨਤਾ ਹੁੰਦੀ ਹੈ। ਨਾਮਧਾਰੀ ਪੰਥ ਵਾਸਤੇ ਇਹ ਇਕ ਬੜੇ ਮਾਣ ਵਾਲੀ ਗੱਲ ਹੈ। ਤੁਸੀਂ ਆਪਣੀ ਪਹਿਚਾਣ ਕਈ ਇਕ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਕਰਵਾ ਲਈ ਹੈ। 'ਵੱਡ ਪ੍ਰਤਾਪੀ ਸਤਿਗੁਰੂ' ਲਿਖ ਕੇ ਤੇ ਵਰਤਮਾਨ ਸਤਿਗੁਰੂ ਜੀ ਦੀ ਜੀਵਨੀ ਬਾਰੇ ਲਿਖਣਾ ਅਰੰਭ ਕਰ ਕੇ ਨਾਮਧਾਰੀ ਸਮਾਜ ਵੱਲ ਆਪਣੀ ਕਲਮ ਨੂੰ ਮੋੜਿਆ ਹੈ, ਇਹ ਇਕ ਵਧੀਆ ਕਦਮ ਹੈ। ਇਹ ਆਪਣਾ ਘਰ ਹੈ, ਇਸ ਵਿਚ ਜਿੰਨਾ ਵੀ ਕੰਮ ਹੋ ਜਾਏਗਾ, ਉਹ ਸਮਾਜ ਲਈ ਵਡਮੁੱਲਾ ਹੋਵੇਗਾ।"

14.2.92

—ਸਰਬ ਸ਼ਕਤੀਮਾਨ
ਸੰਪਾਦਕ 'ਵਰਤਮਾਨ ਹਿੰਦੁਸਤਾਨ'

## ਲਿਖਾਰੀ ਸਭਾ ਬਰਨਾਲਾ

Likhari Sabha Barnala (Regd.)

ਅੱਜ ਮਿਤੀ 2 ਜਨਵਰੀ, 1994 ਨੂੰ ਲਿਖਾਰੀ ਸਭਾ ਬਰਨਾਲਾ ਦੇ ਚਾਲੀਵੇਂ ਸਥਾਪਨਾ ਦਿਵਸ ਸਮੇਂ, ਬਾਲ-ਸਾਹਿਤ ਦੀ ਰਚੇਤਾ ਸ੍ਰੀਮਤੀ ਸੁਰਿੰਦਰ ਕੌਰ ਖਰਲ ਨੂੰ ਪ੍ਰਦਾਨ ਕੀਤਾ ਗਿਆ

### ਸ਼ੋਭਾ-ਪਤਰ

ਸੁਰਿੰਦਰ ਕੌਰ ਖਰਲ ਦਾ ਨਾਂ ਪੰਜਾਬੀ ਸਾਹਿੱਤ ਜਗਤ ਵਿਚ ਅਣਗੌਲਿਆ ਨਹੀਂ। ਉਸਨੇ ਆਪਣੀਆਂ ਪ੍ਰਕਾਸ਼ਿਤ ਪੁਸਤਕਾਂ ਰਾਹੀਂ ਪੰਜਾਬੀ ਭਾਸ਼ਾ, ਸਾਹਿੱਤ ਅਤੇ ਸੱਭਿਆਚਾਰ ਵਿਚ ਨਰੋਆ, ਵਿਕੋਲਿੱਤਰਾ ਅਤੇ ਵਰਨਣਯੋਗ ਹਿੱਸਾ ਪਾਇਆ ਹੈ। ਉਸਦੀ ਬਹੁਮੁਖੀ ਸਾਹਿੱਤਕ ਪ੍ਰਤਿਭਾ ਨੇ ਉਸਨੂੰ ਸਰਬਾਂਗੀ ਲੇਖਿਕਾ ਵਜੋਂ ਸਥਾਪਿਤ ਕੀਤਾ ਹੈ। ਉਸ ਦੀਆਂ ਸਾਹਿੱਤਕ ਕਿਰਤਾਂ ਦੀ ਮੂਲ ਸੁਰ ਕਥਾਤਮਕ ਗਲਪ-ਬਿੰਬ ਸਿਰਜਣ ਵਿਚ ਨਿਹਿਤ ਹੈ। ਇਤਿਹਾਸਕ-ਮਿਥਿਹਾਸਕ ਪਰਿਪੇਖ ਨੂੰ ਪ੍ਰਸਤੁਤ ਕਰਨ ਲੱਗਿਆਂ ਉਸਨੇ ਕੁਝ ਅਜਿਹੀਆਂ ਕਥਾ-ਜੁਗਤਾਂ ਦਾ ਪ੍ਰਯੋਗ ਕੀਤਾ ਹੈ ਜੋ ਕਿ ਇੱਕ ਆਪਣੀ ਹੀ ਤਰ੍ਹਾਂ ਦੇ ਸੰਜਰੇਪਣ ਦੀਆਂ ਲਖਾਇਕ ਹਨ। ਉਸ ਦੀਆਂ ਬਾਲ-ਸਾਹਿੱਤ ਨਾਲ ਸਬੰਧਤ ਰਚਨਾਵਾਂ ਵਿਚ ਵੀ ਇਹ ਤੱਥ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਉਸ ਵਿਚ ਕਹਾਣੀ ਕਹਿਣ ਦੀ ਬੇ-ਮਿਸਾਲ ਕਲਾ-ਕੁਸ਼ਲਤਾ ਹੈ ਜਿਹੜੀ ਉਸਨੂੰ ਇੱਕ ਸਮਰੱਥ ਕਥਾਕਾਰਾ ਵਜੋਂ ਸਥਾਪਿਤ ਕਰਨ ਵਿੱਚ ਪੂਰੀ ਤਰ੍ਹਾਂ ਸਹਾਈ ਹੈ। ਉਸਦੀ ਬਾਲ-ਸਾਹਿਤ ਸ਼ੈਲੀ ਦੇ ਪ੍ਰਮੁੱਖ ਗੁਣ ਸੁਖੰਣਤਾ, ਸਰਲਤਾ, ਸਹਿਜਤਾ, ਸਪਸ਼ਟਤਾ ਪਰ ਗੰਭੀਰਤਾ ਹਨ। ਦੂਜੇ ਬਾਲ ਸਾਹਿੱਤਕਾਰਾਂ ਨਾਲੋਂ ਉਸਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਬਾਲ-ਮਨ ਬਾਰੇ ਉਸਨੇ ਬਣੇ ਬਣਾਏ 'ਮਾਡਲ' ਦਾ ਅਨੁਸਰਣ ਨਾ ਕਰ ਕੇ ਨਵੀਆਂ ਤਕਨੀਕਾਂ ਦੀ ਲੱਭਤ ਕੀਤੀ ਹੈ। ਇਸੇ ਕਰ ਕੇ, ਸ਼ਾਇਦ ਉਸ ਵਿਚ ਆਪਣੇ ਸਮਕਾਲੀਆਂ ਨਾਲੋਂ ਕਿਤੇ ਵੱਧ ਸੰਚਰਿਤ ਹੋਣ ਦੀ ਸਮਰੱਥਾ ਮੌਜੂਦ ਹੈ।

ਪੰਜਾਬੀ ਬਾਲ-ਸਾਹਿੱਤ ਦੇ ਰਚਨਾਤਮਿਕ ਪ੍ਰਯਾਸ ਵਿਚ ਉਸਨੇ ਨਵੇਂ ਆਯਾਮ ਲੱਭੇ ਹਨ। ਸੁਰਿੰਦਰ ਕੌਰ ਖਰਲ ਦੀਆਂ ਰਚਨਾਵਾਂ ਬਾਲ ਮਾਨਸਿਕਤਾ ਨੂੰ ਇੱਕ ਇਸਤਰੀ ਦੇ ਮੋਹ-ਭਿੰਨੀ ਨਜ਼ਰ ਨਾਲ ਵੇਖਣ, ਪਰਖਣ ਅਤੇ ਸਮਝਣ ਦਾ ਇਕ ਸੁਹਿਰਦ ਹੰਭਲਾ ਹਨ। ਉਸ ਦੀਆਂ ਰਨਚਾਵਾਂ ਇਸ ਗੱਲ ਵਲ ਵੀ ਇਕ ਮਹੱਤਵਪੂਰਨ ਸੰਕੇਤ ਹਨ ਕਿ ਤੇਜ਼ੀ ਨਾਲ ਬਦਲ ਰਹੇ ਸਮਾਜਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਪਰਿਪੇਖ ਵਿਚ ਬਾਲ ਵਿਕਾਸ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਦੀ ਪੁਣਛਾਣ ਕਿਵੇਂ ਕੀਤੀ ਜਾਣੀ ਚਾਹੀਦੀ ਹੈ। ਖਰਲ ਸਮਾਜਕ ਯਥਾਰਥ ਦਾ ਕੇਵਲ ਚਿੱਤਰ ਹੀ ਪੇਸ਼ ਨਹੀਂ ਕਰਦੀ ਸਗੋਂ ਉਸਦਾ ਵਿਵੇਕ ਵੀ ਪੇਸ਼ ਕਰਦੀ ਹੈ, ਜਿਹੜਾ ਕਿ ਪੰਜਾਬੀ ਬਾਲ ਸਾਹਿੱਤ ਦੀ ਇਕ ਵਡਮੁੱਲੀ ਪ੍ਰਾਪਤੀ ਹੈ।

'ਤ੍ਰਿਸ਼ਨਾ' ਨਾਂ ਦੇ ਮੌਲਿਕ ਕਹਾਣੀ ਸੰਗ੍ਰਹਿ ਦੇ ਨਾਲ ਨਾਲ, ਖਰਲ ਨੇ 'ਰੂਹ ਪੰਜਾਬ ਦੀ—ਮਹਾਰਾਣੀ ਜਿੰਦਾਂ', 'ਮਹਾਂਬਲੀ ਰਣਜੀਤ ਸਿੰਘ' ਅਤੇ 'ਵੱਡ ਪ੍ਰਤਾਪੀ ਸਤਿਗੁਰੂ' ਨਾਂ ਦੀਆਂ ਸਸ਼ਕਤ ਕਿਰਤਾਂ ਨਾਲ ਪੰਜਾਬੀ ਮਾਂ ਦੀ ਝੋਲੀ ਭਰੀ ਹੈ। ਅੱਜ, ਖਰਲ ਨੂੰ ਸ੍ਰੀ ਸਾਧੂ ਰਾਮ ਸੂਦ ਹਲਵਾਈ ਸਿਮਰਤੀ ਬਾਲ ਸਾਹਿੱਤ ਪੁਰਸਕਾਰ ਨਾਲ ਸਨਮਾਨਦਿਆਂ ਲਿਖਾਰੀ ਸਭਾ ਬਰਨਾਲਾ ਆਪਣੇ ਆਪ 'ਚ ਨਹੀਂ ਮਿਉਂਦੀ।

**ਜਾਗੀਰ ਸਿੰਘ ਜਗਤਾਰ**
ਜਨਰਲ ਸਕੱਤਰ
ਲਿਖਾਰੀ ਸਭਾ, ਬਰਨਾਲਾ

**ਪ੍ਰੋ. ਪ੍ਰੀਤਮ ਸਿੰਘ ਰਾਹੀ**
ਪ੍ਰਧਾਨ
ਲਿਖਾਰੀ ਸਭਾ, ਬਰਨਾਲਾ

## 'ਬਖ਼ਸ਼ਿਸ਼'

(ਕਾਵਿ ਸੰਗ੍ਰਹਿ)

"ਸੂਬਾ ਸੁਰਿੰਦਰ ਕੌਰ ਖਰਲ ਪੰਜਾਬੀ ਸਾਹਿਤ-ਜਗਤ ਵਿਚ ਜਾਣਿਆ ਪਛਾਣਿਆ ਨਾਂ ਹੈ। ਉਸ ਨੇ ਪੰਜਾਬੀ ਵਿਚ ਕਹਾਣੀਆਂ ਅਤੇ ਵਾਰਤਕ ਲਿਖ ਕੇ ਆਪਣਾ ਸਥਾਨ ਬਣਾਇਆ ਹੈ। ਉਸ ਦੇ ਪਲੇਠੇ ਕਾਵਿ-ਸੰਗ੍ਰਹਿ 'ਬਖ਼ਸ਼ਿਸ਼' ਵਿਚ 62 ਕਵਿਤਾਵਾਂ ਦਰਜ ਹਨ। ਇਹ ਕਵਿਤਾਵਾਂ ਤਿੰਨ ਭਾਗਾਂ ਵਿਚ ਵੰਡੀਆਂ ਜਾ ਸਕਦੀਆਂ ਹਨ, ਆਪਣੇ ਗੁਰੂ ਮੁਰਸ਼ਦ ਪ੍ਰਤੀ ਅਥਾਹ ਸ਼ਰਧਾ ਸਤਿਕਾਰ ਦਰਸਾਉਣ ਵਾਲੀਆਂ ਕਵਿਤਾਵਾਂ, ਇਸਤਰੀ ਵਰਗ ਦੀ ਸਮਾਜਕ ਸਥਿਤੀ ਵਲ ਸੰਕੇਤ ਕਰਨ ਵਾਲੀਆਂ ਕਵਿਤਾਵਾਂ ਅਤੇ ਮਨੁੱਖੀ ਏਕਤਾ 'ਤੇ ਬਲ ਦੇਣ ਵਾਲੀਆਂ ਕਵਿਤਾਵਾਂ।

ਕਵਿੱਤਰੀ ਦੇ ਨਾਂ ਤੋਂ ਪਤਾ ਚਲਦਾ ਹੈ ਕਿ ਉਸ ਦੀ ਆਸਥਾ ਨਾਮਧਾਰੀ ਪੰਥ ਵਿਚ ਹੈ ਅਤੇ ਉਸਨੂੰ 'ਸੂਬਾ' ਦੀ ਪਦਵੀ ਨਾਮਧਾਰੀ ਪੰਥ ਦੇ ਰਹਿਨੁਮਾ ਸਤਿਗੁਰੂ ਜਗਜੀਤ ਸਿੰਘ ਨੇ ਪ੍ਰਦਾਨ ਕੀਤੀ ਹੈ। ਉਨ੍ਹਾਂ ਦੇ ਇਲਾਹੀ ਨੂਰ ਦਾ ਉਸ 'ਤੇ ਅਮਿੱਟ ਪ੍ਰਭਾਵ ਹੈ ਅਤੇ ਉਨ੍ਹਾਂ ਦੇ ਮੁਖ਼ਾਰਬਿੰਦ ਵਿਚੋਂ ਨਿਕਲਿਆ ਇਕ ਇਕ ਬੋਲ ਉਸਦਾ ਮਾਰਗ ਦਰਸ਼ਨ ਕਰਦਾ ਹੈ। ਇਸ ਪੁਸਤਕ ਵਿਚ ਸਤਿਗੁਰੂ ਜਗਜੀਤ ਸਿੰਘ ਪ੍ਰਤੀ ਡੂੰਘਾ ਸਤਿਕਾਰ ਦਰਸਾਉਣ ਵਾਲੀਆਂ ਕਵਿਤਾਵਾਂ ਹਨ।"

23 ਫਰਵਰੀ 1997 —**ਡਾਂ. ਮਨਜੀਤ ਸਿੰਘ**

('ਪੰਜਾਬੀ ਟ੍ਰਿਬਿਊਨ' ਵਿਚ ਛਪੇ ਰੀਵੀਊ ਵਿਚੋਂ)

"ਮੇਰੇ 'ਤੇ ਇਹ ਪੁਸਤਕ ਅਪਣੇ ਨਾਮ ਵਾਂਗੂੰ ਹੀ ਵਾਹਦ ਹੋਈ। ਅਜੇ ਹਫਤਾ ਕੁ ਪਹਿਲਾਂ ਹੀ 'ਪੰਜਾਬੀ ਟ੍ਰਿਬਿਊਨ' ਵਿਚ ਇਸ ਪੁਸਤਕ ਦਾ ਲੋਕਾਰਪਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਹੋਇਆ।

ਟਾਈਟਲ ਬੜਾ ਆਕਰਸ਼ਕ। ਪ੍ਰਕਾਸ਼ ਪੁੰਜ ਨੂੰ ਜਾਂਦੇ ਵੱਖ ਵੱਖ ਰੰਗਾਂ ਦੇ ੧੦ ਘੇਰੇ, 'ਪ੍ਰਕਾਸ਼-ਪੁੰਜ' ਤੋਂ ਨਿਕਲਦੀਆਂ ਕਿਰਨਾਂ ਅਤੇ ਹੇਠੋਂ ਤੁਰਦੇ ਛੇ ਨੁਕਤੇ, ਪ੍ਰਤੀਕਾਤਮਕ ਕਦਮ ਪ੍ਰਕਾਸ਼-ਪੁੰਜ ਤਕ...ਪਹਿਲੀ ਫੋਟੋ ਸ੍ਰੀ ਸਤਿਗੁਰੂ ਜੀ ਦੀ ਅਤੀ ਸੁੰਦਰ, ਹੇਠਾਂ ਲਿਖੀਆਂ ਤੁਕਾਂ ਸ਼ਰਧਾ ਦੀ ਪਰਾਕਾਸ਼ਟਾ! ਅਗਲੇ ਸਫ਼ੇ 'ਤੇ ਇਕ ਹੋਰ ਫੋਟੋ, ਸ੍ਰੀ ਸਤਿਗੁਰੂ ਜੀ ਬਿਸਤਰੇ 'ਤੇ ਬੈਠੇ, ਪਹਿਲਾਂ ਦੀਦਾਰੇ ਦੇਵੀ ਜੀ ਦੇ ਫਿਰ ਸੰਤ ਤਰਸੇਮ ਸਿੰਘ ਜੀ, ਬੈਂਡ ਦੇ ਨਾਲ ਕਰ ਕੇ ਸੂਬਾ ਜੀ ਖਰਲ, ਪਿੱਛੇ ਪਤੀ ਸ੍ਰ. ਭਗਵੰਤ ਸਿੰਘ। ਇਸ ਹੇਠ ਵੀ ਕਵਿਤਾ ਧੂਹਾਂ ਪਾਂਦੀ। ਸਮਰਪਣ ਦਾ ਪੰਨਾ ਵੀ, ਕਵਿਤਾ ਦੀ ਅਲੰਕਾਰਤਾ ਨਾਲ। ਜਿਨ੍ਹਾਂ ਨਾਵਾਂ ਨੇ ਸੂਬਾ ਸੁਰਿੰਦਰ ਕੌਰ ਖਰਲ ਜੀ ਨੂੰ ਪੇਸ਼ ਕੀਤਾ ਹੈ, ਉਹਨਾਂ ਦੀ ਵਿਦਿਆ, ਸਿਆਣਪ ਨੂੰ ਸੌ ਸੌ ਵਾਰ ਨਮਸਕਾਰ!...

ਪੁਸਤਕ ਨੂੰ ਮੁੱਢ ਤੋਂ ਲੈ ਅਖੀਰਲੇ ਸਫ਼ੇ ਤਕ ਵੇਖੋ, ਸਮਰਪਣ ਦੇ ਰੰਗ ਵਿਚ ਰੰਗੀ ਹੋਈ ਖੁੱਲ੍ਹੀ ਕਵਿਤਾ, ਇਸ ਵਿਚ ੬੨ ਕਵਿਤਾਵਾਂ ਹਨ, ਮੂੰਹੋਂ ਬੋਲਦੀਆਂ ਦਿਲ ਦੀ ਗੱਲ ਕਰਦੀਆਂ,ਜਿਨ੍ਹਾਂ ਵਿਚ ਸਨੇਹ, ਸਤਿਕਾਰ, ਸ਼ਰਧਾ, ਤਰਲਾ, ਤਾਂਘ, ਉਡੀਕ, ਮਿਲਾਪ ਆਦਿ ਸਭ ਕੁਝ ਦੇ ਅਦਭੁਤ ਨਜ਼ਾਰੇ।

ਗੱਲ ਕੀ ਜਿਸ ਕਵਿਤਾ ਨੂੰ ਵੀ ਵੇਖੋਗੇ ਉਹ ਹੀ ਮੁਗਧਕਾਰੀ, ਨਵੇਂ ਰੰਗਾਂ ਦੀ ਮਾਲਿਕ ਜੋ ਇੱਕੋ ਨੂੰ ਅਧਾਰ ਮੰਨਦੇ ਹਨ।

ਸਾਰੀ ਪੁਸਤਕ ਹੀ ਉਸਦੀਆਂ ਮਾਰਮਿਕ ਕਵਿਤਾਵਾਂ ਨਾਲ ਓਤਪੋਤ ਅਤੇ ਸਿਆਣੇ ਪੇਸ਼ਕਾਰਾਂ ਦੇ ਅੱਖਰ ਅੱਖਰ 'ਤੇ ਮੋਹਰ ਲਗਾਂਦੀ। ਅਤੀ ਸੁੰਦਰ! ਟਾਈਟਲ ਦੇ ਅੰਤਮ ਪੇਜ ਤੇ ਦਰਸ਼ਨ ਦੇਂਦੀ ਬੀਬੀ ਖਰਲ ਸਚਮੁਚ ਹੀ ਆਪਣੀਆਂ

ਰਚਨਾਵਾਂ ਨਾਲ ਇਕਮਿਕ ਹੈ। ਪੰਜਾਬੀ ਪਿਆਰਿਆਂ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੇਮੀਆਂ ਵਾਸਤੇ ਅਤੇ ਕਾਵਿ ਉਡਾਰੀਆਂ ਜਾਂਚਣ ਪਰਖਣ ਲਈ ਪੁਸਤਕ ਅਦੁੱਤੀ ਹੈ, ਅਨਮੋਲ ਹੈ, ਜ਼ਰੂਰ ਖ਼ਰੀਦੋ, ਜ਼ਰੂਰ ਪੜ੍ਹੋ।"

੨੪ ਤੋਂ ੩੦ ਭਾਦਰੋਂ ੨੦੫੩ —ਪ੍ਰੀਤਮ ਸਿੰਘ ਕਵੀ

29 ਅਗਸਤ ਤੋਂ 4 ਸਤੰਬਰ 1996 ਦਿੱਲੀ

(ਸਪਤਾਹਿਕ 'ਸਤਿਜੁਗ' ਵਿਚ ਛਪੇ ਰੀਵੀਊ ਵਿਚੋਂ)

'ਬਖ਼ਸ਼ਿਸ਼' ਸੂਬਾ ਸੁਰਿੰਦਰ ਕੌਰ ਖਰਲ ਦਾ ਪਹਿਲਾ ਕਾਵਿ ਸੰਗ੍ਰਹਿ ਹੈ, ਜਿਸ ਵਿਚ ਕਵਿਤ੍ਰੀ ਨੇ ਆਪਣੇ ਦਿਲ ਦੀਆਂ ਧੜਕਣਾਂ, ਅਰਮਾਨਾਂ, ਸਧਰਾਂ ਅਤੇ ਆਦਰਸ਼ਾਂ ਦੀ ਭਾਵਪੂਰਤ ਤੇ ਕਲਾਮਈ ਅਭਿਵਿਅਕਤੀ ਕਰਨ ਦਾ ਸਫਲ ਪ੍ਰੀਸ਼ਰਮ ਕੀਤਾ ਹੈ। 'ਬਖ਼ਸ਼ਿਸ਼' ਜਿਹਾ ਕਿ ਪੁਸਤਕ ਦੇ ਨਾਮ ਤੋਂ ਹੀ ਸਪਸ਼ਟ ਹੈ ਕਿਸੇ ਮਹਾਂ-ਪੁਰਖ ਪਰ ਇਥੇ ਕਵਿਤ੍ਰੀ ਦੇ ਇਸ਼ਟ-ਦੇਵ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਨਦਰ-ਕਰਮ ਵਲ ਸੰਕੇਤ ਹੈ। ਜਿਨ੍ਹਾਂ ਦੀ ਅਪਾਰ ਕਿਰਪਾ ਇਸ ਕਾਵ-ਸੰਗ੍ਰਹਿ ਦੀ ਰਚਨਹਾਰ ਉਤੇ ਉਸ ਦੇ ਆਪਣੇ ਕਥਨ ਅਨੁਸਾਰ ਸੰਘਣੇ ਬ੍ਰਿਛ ਦੀ ਛਾਂ ਸਮਾਨ ਹੈ ਜੋ ਤਪਦੀ ਦੁਪਹਿਰ ਨੂੰ ਭੱਖਦੇ ਮਾਰੂਥਲਾਂ ਵਿਚੋਂ ਆਏ ਕਿਸੇ ਜਗਿਆਸੂ ਪਾਂਧੀ ਨੂੰ ਸੁਖ ਸ਼ਾਂਤੀ ਦੇ ਸਹਿਜ-ਆਨੰਦ ਵਜੋਂ ਪ੍ਰਾਪਤ ਹੁੰਦੀ ਹੈ। ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਇਸੇ ਗੁਰੂ ਮਿਹਰ ਦੀ ਜਾਚਨਾ ਤੇ ਉਸ ਦੀ ਬਖ਼ਸ਼ਿਸ਼ ਦੇ ਕਿਰਪਾ-ਕਟਾਖ ਦੇ ਅਨੁਭਵ ਦੇ ਸੁਖ ਆਨੰਦ ਦੇ ਮਨੋਭਾਵਾਂ ਨਾਲ ਭਰਪੂਰ ਹਨ। ਇਸ ਕਵਿਤਾ ਦੇ ਪਿਛੋਕੜ ਵਿਚ ਭਾਵੇਂ ਅਧਿਆਤਮਕ ਦਰਸ਼ਨ ਦਾ ਅਨੰਤ ਪਸਾਰ ਵਿਦਮਾਨ ਹੈ, ਪਰ ਇਸਦੀ ਕਾਵਿਮਈ ਅਨੁਭੂਤੀ ਤੇ ਅਭਿਵਿਅਕਤੀ ਵਿਚ ਕਵਿਤ੍ਰੀ ਦੇ ਨਿਜ ਅਨੁਭਵ ਦੇ ਸੂਖਮ ਸੰਵੇਦਨਸ਼ੀਲਨ ਮਨ ਦੀਆਂ ਭਾਵ-ਭਿੰਨੀਆਂ ਪ੍ਰੇਮ-ਰੰਗ ਵਿਚ ਰੱਤੀਆਂ ਮਨੋਤ੍ਰੰਗਾਂ ਦੇ ਸਰੋਵਰ ਦੇ ਕਾਂਗ ਉਛਾਲਿਆਂ ਅਤੇ ਲਹਿਰ ਦੀਆਂ ਮਨੋ ਤਰੰਗਾਂ ਦੇ ਨ੍ਰਿਤ-ਨਾਦ ਨੂੰ ਵੇਖਿਆ ਅਤੇ ਮਾਣਿਆ ਜਾ ਸਕਦਾ ਹੈ। ਇਸ ਪ੍ਰਕਾਰ ਇਸ ਸੰਗ੍ਰਹਿ ਦੀ ਬਹੁਤੀ ਰਚਨਾ ਆਪਣੇ ਇਸ਼ਟ-ਦੇਵ ਜਾਂ ਗੁਰੂ ਪ੍ਰਤੀ ਸਮਰਪਨ ਦੀ ਕਵਿਤਾ ਹੈ, ਜੋ ਆਪਣੇ ਆਪ ਵਿਚ ਸਤਿਗੁਰੂ ਤੇ ਜਗਿਆਸੂ ਸਿੱਖ ਜਾਂ ਵਿਰੋਸਾਏ ਮੁਰੀਦ ਅਰਥਾਤ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ 'ਪੀਰ ਮੁਰੀਦਾ ਪੀਰ ਹੜੀ ਦੀ ਕਵਿਤਾ ਹੈ, ਜੋ ਵਿਲੱਖਣ ਰੰਗ ਵਿਚ ਰੰਗੀ ਹੋਈ ਹੈ। ਅਜਿਹੀ ਬਖ਼ਸ਼ਿਸ਼ ਦੀ ਅਵਸਥਾ ਲਈ ਕਵਿਤ੍ਰੀ ਬੜੀ ਤੀਬਰਤਾ ਨਾਲ ਤਾਂਘਦੀ ਹੈ, ਜੋਦੜੀਆਂ ਕਰਦੀ ਹੈ ਅਤੇ ਜਦੋਂ ਉਸਨੂੰ ਗੁਰੂ ਦੀ ਮਿਹਰ ਦੇ ਮਿਲਾਪ ਤੇ ਚਰਨ-ਕੰਵਲਾਂ ਨੂੰ ਪਰਸਨ ਦਾ ਸੁਅਵਸਰ ਪ੍ਰਾਪਤ ਹੁੰਦਾ ਹੈ ਤਾਂ ਉਸ ਦੀ ਦਸ਼ਾ ਉਸ ਚਾਤ੍ਰਿਕ ਸਮਾਨ ਹੁੰਦੀ ਹੈ, ਜੋ ਗਗਨ ਵਿਚ ਵਰ੍ਹਦੇ ਮੇਘਲਿਆਂ ਦੀ ਅਨੰਤਾਂ ਦੀ ਬਰਖਾ ਵਿਚੋਂ ਇਕ ਬੂੰਦ ਪੀ ਕੇ ਤ੍ਰਿਪਤ ਹੋ ਜਾਂਦਾ ਹੈ, ਉਸਦਾ ਦਿਲ ਇਸ ਮਿਲਾਪ ਦੇ ਘੜੀ ਦੇ ਦਰਸ਼ਨ ਲਈ ਨਿਤ ਤਾਂਘਦਾ ਹੈ ਤੇ ਆਪਣੇ ਇਸ਼ਟ-ਦੇਵ ਦੇ ਬੋਲਾਂ ਨੂੰ ਸੁਣਨ ਲਈ ਸਦਾ ਸਹਿਕਦਾ ਰਹਿੰਦਾ ਹੈ। ਕਵਿਤ੍ਰੀ ਦੀ ਇਹ ਰੀਝ ਹੈ ਕਿ ਆਪਣੇ ਸਤਿਗੁਰੂ ਦੇ ਮੁਖਾਰਬਿੰਦ ਤੋਂ ਨਿਕਲੇ ਮਨੋਹਰ ਬਚਨਾਂ ਦੇ ਅਮੋਲ ਰਤਨਾਂ ਨੂੰ ਉਹ ਅੱਖਰਾਂ ਦੇ ਪੁਸ਼ਪਾਂ ਦੁਆਰਾ ਗੁੰਦ ਕੇ ਕਾਵਿ-ਗੁਲਦਸਤੇ ਵਿਚ ਸਮੋ ਸਕੇ। ਅਜਿਹੇ ਸਮਰਪਿਤ ਕਾਵਿ ਵਿਚ 'ਮੈਂ' ਤੇ 'ਮਮਤਾ' ਦੇ ਭਾਵਾਂ ਦਾ ਅਭਾਵ ਹੋ ਜਾਂਦਾ ਹੈ ਅਤੇ 'ਮੈਂ' ਦੀ ਥਾਂ 'ਤੂੰ ਹੀ' 'ਤੂੰ ਹੀ' ਦੀ ਅਵਸਥਾ ਛਾ ਜਾਂਦੀ ਹੈ। ਕਵਿਤ੍ਰੀ ਦੇ ਸ਼ਬਦਾਂ ਵਿਚ ਇਹ ਅਵਸਥਾ 'ਗੁੰਗੇ ਦੇ ਮਠਿਆਈ ਖਾਣ ਵਾਲੀ ਹੁੰਦੀ ਹੈ,' ਜਿਸਦੇ ਰੱਸ-ਸਵਾਦਨ ਦਾ ਵਰਣਨ ਕਰ ਸਕਣਾ ਅਤਿ ਕਠਿਨ ਹੋ ਜਾਂਦਾ ਹੈ ਕਿਉਂ ਜੋ ਇਹ ਅਵਸਥਾ ਵਰਣਨ ਕਰਨ ਦੀ ਨਹੀਂ ਮਾਣਨ ਦੀ ਹੁੰਦੀ ਹੈ। ਇਹੋ ਤਾਂ ਰਹੱਸਵਾਦੀ ਕਵਿਤਾ ਦੇ ਖਰੇ ਹੋਣ ਦਾ ਢੁੱਕਵਾਂ ਪ੍ਰਮਾਣ ਹੁੰਦਾ ਹੈ, ਫਿਰ ਵੀ ਇਹ ਬਖ਼ਸ਼ਿਸ਼ ਦੀ ਅਵਸਥਾ ਦਾਤਾ-ਪੁਰਖ ਦੀ ਮਿਹਰ ਉਤੇ ਹੀ ਨਿਰਭਰ ਹੁੰਦੀ ਹੈ, ਆਪਣੇ ਕਿਸੇ ਹੱਠ ਜਾਂ ਜ਼ੋਰ ਦੀ ਗੱਲ ਨਹੀਂ

ਹੁੰਦੀ। ਅਜਿਹੇ ਸਮੇਂ ਇਹ ਅਨੁਭਵੀ ਅਵਸਥਾ ਅਖੰਡ-ਅਦਵੈਤ ਦੇ ਸੁਭਾਉ ਵਾਲੀ ਹੁੰਦੀ ਹੈ।

ਸਮੁੱਚੇ ਤੌਰ 'ਤੇ ਇਸ ਕਾਵਿ-ਸੰਗ੍ਰਹਿ ਦਾ ਆਪਣਾ ਹੀ ਨਿਵੇਕਲਾ ਰੰਗ ਤੇ ਧੁਨੀ ਹੈ ਤੇ ਇਸ ਪਲੇਠੀ ਦੀ ਰਚਨਾ ਉਤੇ ਮੈਂ ਇਸ ਦੀ ਰਚਨਹਾਰ ਸੁਬਾ ਸੁਰਿੰਦਰ ਕੌਰ ਖਰਲ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਇਸ ਸਮਰਪਨ ਦੇ ਕਾਵਿ ਦਾ ਸੱਚੇ ਦਿਲੋਂ ਸੁਆਗਤ ਵੀ ਕਰਦਾ ਹਾਂ।'

ਜੂਨ 1997 —ਕਿਰਪਾਲ ਸਿੰਘ ਕਸੇਲ

"ਕਹਾਣੀ ਲੇਖਕ, ਗਲਪਕਾਰ, ਜੀਵਨੀਕਾਰ ਅਤੇ ਸਫਰਨਾਮਾ ਲੇਖਕ ਹੋਣ ਦੇ ਨਾਲ ਨਾਲ ਕਵਿਤਾ ਦੇ ਖੇਤਰ ਵਿਚ ਬੀਬੀ ਖਰਲ ਦੇ ਪ੍ਰਵੇਸ਼ 'ਤੇ ਮੁਬਾਰਕਾਂ।...ਕਵਿਤਾ ਦੀਆਂ ਅਛੋਹ ਵਾਟਾਂ ਉਤੇ ਲੰਮੇ ਪੈਂਡਿਆਂ ਦੀ ਦਾਸਤਾਨ ਬਣਨ ਦੀ ਚੇਟਕ, ਬੀਬੀ ਖਰਲ ਨੂੰ ਵੀ ਆਪਣੇ ਕਾਮਲ ਮੁਰਸ਼ਦ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਦੇ ਦਰਸ ਦੀਦਾਰ ਵਿਚੋਂ ਨਸੀਬ ਹੋਈ ਹੈ...ਮੁਰਸ਼ਦ ਦੇ ਮਿਲਾਪ ਤੋਂ ਬਾਦ ਇਹ ਹੋਰ ਦੀ ਹੋਰ ਹੋ ਗਈ। ਇਹਦੀ ਤੌਰ ਵਿਚ ਜੁਆਲਾ ਮੁਖੀਆਂ ਸ਼ਾਮਲ ਹੋ ਗਈਆਂ ਅਤੇ ਇਹਨੇ ਭੁਚਾਲਾਂ ਦੀ ਹਿੱਕ ਥਾਪੜ ਕੇ ਉਹਨਾਂ ਨੂੰ ਸ਼ਾਂਤ ਕਰਨ ਦਾ ਬਲ ਪ੍ਰਾਪਤ ਕਰ ਲਿਆ। ਇਸਦਾ ਆਪਾ ਸਮਾਪਤ ਹੋ ਗਿਆ। "ਜਿਧਰ ਵੇਖਾਂ ਤੂੰ ਹੀ ਤੂੰ ਦਿਸੈਂ" ਅਤੇ ਸਾਰਾ ਵਾਤਾਵਰਣ 'ਤੂੰ ਹੀ ਤੂੰ' ਇਲਾਹੀ ਧੁਨ ਦੀਆਂ ਸੰਗੀਤ ਲਹਿਰੀਆਂ ਛੇੜਣ ਲੱਗ ਪਿਆ। ਇਕੋ ਵ੍ਰਨਾ, ਇਕੋ ਸੋਚ, ਇਕੋ ਸ਼ਬਦ, ਇਕੋ ਸਰੂਪ, ਗੱਲ ਕੀ ਸਭ ਕੁਝ ਉਸੇ ਇੱਕ ਕਿਸੇ ਦੇ ਅਨਹਦ ਨਾਦ ਦੀ ਅਲੌਕਿਕ ਧੁਨੀ ਵਿਚ ਗੂੰਜ ਉਠਿਆ। ਵਿਸਮਾਦ ਦੇ ਇਹਨਾਂ ਪਲਾਂ ਨੂੰ ਫੜਨ ਲਈ ਇਹ ਬੀਬੀ ਪ੍ਰੇਮ ਦੀਵਾਨੀ ਹੋ ਕੇ ਅਜੋਕੇ ਜੁੱਗ ਦੀ ਮੀਰਾ ਬਣ ਕੇ ਨੱਚ ਖਲੋਤੀ। ਸਭੇ ਬੰਧਨ ਤੋੜ ਦਿਤੇ, ਸਭੇ ਘੁੰਡ ਲਾਹ ਦਿੱਤੇ, ਸਭੇ ਰਾਹ ਉਸ ਇੱਕ ਦੇ ਗਿਰਾਂ ਨੂੰ ਹੀ ਜਾਂਦੇ ਦਿੱਸੇ।...ਇਸ ਪੰਧ 'ਤੇ ਤੁਰਨ ਵਾਲੇ ਰਾਹੀਆਂ ਦੀ ਦੁਨੀਆਂ ਨਿਰਾਲੀ ਹੁੰਦੀ ਹੈ। ਦੁਨਿਆਵੀ ਅੱਖ ਕਦੋਂ ਸਮਝਦੀ ਹੈ, ਇਹਨਾਂ ਪ੍ਰੇਮ ਦੀਵਾਨਿਆਂ ਦੀ ਬਿਹਬਲ ਮਨੋਦਸ਼ਾ ਨੂੰ। ਪਰ ਇੱਥੇ ਤਾਂ ਹਾਲਤ, 'ਬੁੱਲਿਆ ਤੈਨੂੰ ਕਾਫਰ ਕਾਫਰ ਆਖਦੇ, ਤੂੰ ਆਹੋ ਆਪੋ ਆਖ' ਵਾਲੀ ਹੁੰਦੀ ਹੈ।

ਹੱਥਾਂ ਦੀਆਂ ਤਲੀਆਂ 'ਤੇ ਮਘਦੇ ਸੂਰਜ ਨੂੰ ਲੈ ਕੇ ਚਲਣਾ ਅਤੇ ਤਿਲ ਤਿਲ ਕਰ ਕੇ ਆਪਣੇ ਜਿਸਮ ਦੀ ਆਹੂਤੀ ਦੇ ਕੇ ਅੱਖਾਂ ਦੀ ਲੋਅ ਨੂੰ ਮਘਦੇ ਰੱਖਣ ਵਾਲੇ ਸਿਰੜ ਨੂੰ ਸਲਾਮ!...ਇਹ ਸਿਦਕ ਦੀ ਕਵਿਤਾ ਹੈ। ਸ਼ਰਧਾ ਭਰੇ ਬੋਲ ਹਨ। ਦਿਲ ਦੀਆਂ ਡੂੰਘਾਈਆਂ ਵਿਚ ਲਹਿ ਜਾਣ ਵਾਲਾ ਕਲਾਮ ਹੈ। ਇਹ ਮੁਖਾਤਿਬ ਭਾਵੇਂ ਕਿਸੇ ਵੀ ਉਸ ਨੂੰ ਹੈ ਪਰ ਇਸ ਦਾ ਪਾਠ ਹਰ ਪੀੜਿਤ ਹਿਰਦੇ ਨੂੰ ਤਸਕੀਨ ਦੇ ਸਕਦਾ ਹੈ। ਹਰ ਹੋਠਾਂ 'ਤੇ ਮੁਸਕਾਨ ਲਿਆ ਸਕਦਾ ਹੈ ਅਤੇ ਹਰ ਅੱਖ ਨੂੰ ਪੁਰ ਨਮ ਕਰ ਕੇ, ਪੱਥਰ ਤਬੀਅਤ ਨੂੰ ਪਾਰੇ ਵਿਚ ਬਦਲ ਸਕਦਾ ਹੈ। ਪੂਰਨ ਸਿੰਘ ਦੇ ਇਹ ਅਮਰ ਬੋਲ "ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਬੋਲ ਹੀ ਕਵਿਤਾ ਹਨ" ਇਸ ਪੁਸਤਕ ਵਿਚਲੀਆਂ ਕਵਿਤਾਵਾਂ ਨੂੰ ਪੜ੍ਹਦਿਆਂ ਮਾਣਦਿਆਂ ਅੰਗ-ਸੰਗ ਰਹਿੰਦੇ ਹਨ।

ਬੀਤੇ ਵਕਤਾਂ ਦਾ ਪ੍ਰਛਾਵਾਂ ਨੈਣਾਂ ਵਿਚ ਲੈ ਕੇ, ਅਣਕਹੇ ਬੋਲ ਬੋਲਣੇ, ਖਾਮੋਸ਼ ਨੈਣਾਂ ਦੀ ਭਾਸ਼ਾ ਅਤੇ ਚੁੱਪ ਹੋਠਾਂ ਦੀ ਭਾਸ਼ਾ ਦੇ ਗਲਤ ਅਰਥ ਸਮਝਣ ਵਾਲਿਆਂ ਦੀ ਸਮਝ 'ਤੇ ਅਫਸੋਸ ਕਰਨਾ ਅਤੇ ਇਕ ਤੜਪਨ ਦਾ ਰੂਹ ਨੂੰ ਚਿੰਬੜ ਜਾਣਾ, ਇਸ ਤਰ੍ਹਾਂ ਦੀਆਂ ਸਜੀਵ ਕਾਵਿਕ ਅਨੁਭੂਤੀਆਂ ਦਾ ਚਿਤਰਨ ਮਿਲਦਾ ਹੈ ਇਹਨਾਂ ਕਵਿਤਾਵਾਂ ਵਿਚੋਂ, ਜੋ ਤੋਲ ਤੁਕਾਂਤ ਜਾਂ ਕਿਸੇ ਛੰਦ ਵਿਧਾਨ ਦੀਆਂ ਮੁਥਾਜ ਨਾ ਹੋ ਕੇ ਵੀ ਰਸ ਅਤੇ ਲੈਅ ਪ੍ਰਦਾਨ ਕਰਨ ਵਾਲੀਆਂ ਹਨ। ਪਾਠਕਾਂ ਨੂੰ ਝੰਜੋਤਨ ਵਾਲੀਆਂ ਹਨ ਅਤੇ ਜਜ਼ਬਿਆਂ ਦੇ ਸ਼ਾਂਤ ਸਮੁੰਦਰਾਂ ਵਿਚ ਹਰਫਾਂ ਦੇ ਨਿੱਕੇ ਨਿੱਕੇ ਗੀਟੇ ਰੋੜ੍ਹ ਕੇ ਤਰੰਗਾਂ ਪੈਦਾ ਕਰਨ ਵਾਲੀਆਂ ਹਨ ਤਾਂ ਜੁ ਕੁਝ ਕਿਹਾ ਜਾਏ, ਕੁਝ ਸੁਣਿਆ ਜਾਏ, ਕੁਝ ਸੋਚਿਆ ਜਾਏ

ਅਤੇ ਫਿਰ ਕੁਝ ਕਰਨ ਦਾ ਅਜ਼ਮ ਲਿਆ ਜਾਏ।

ਡੂੰਘੇ ਰਹੱਸਵਾਦ ਅਤੇ ਯਥਾਰਥ ਬੋਧ ਨੂੰ ਏਕੀਕ੍ਰਿਤ ਕਰਕੇ ਉਹ ਆਉਣ ਵਾਲੇ ਸਮੇਂ ਵਿਚ ਕਵਿਤਾ ਦੀ ਆਤਮਾ ਨਾਲ ਗਹਿਰੀ ਜਾਣ ਪਹਿਚਾਣ ਕਰ ਸਕੇਗੀ, ਮੈਂ ਇਉਂ ਸੋਚਦਾ ਹਾਂ। ਉਹਨਾਂ ਦੀਆਂ ਨਵੀਆਂ ਰਚਨਾਵਾਂ ਦੀ ਸਦਾ ਉਡੀਕ ਬਣੀ ਰਹੇਗੀ।"

26 ਦਸੰਬਰ ਤੋਂ 1 ਜਨਵਰੀ 1997 — **ਸਵਰਨ ਸਿੰਘ ਵਿਰਕ** (ਐਡਵੋਕੇਟ)
੧੨ ਤੋਂ ੧੮ ਪੋਹ ੨੦੫੩ ਕਰੀਵਾਲਾ, ਜ਼ਿਲ੍ਹਾ ਸਰਸਾ
(ਸਪਤਾਹਿਕ 'ਸਤਿਜੁਗ' ਵਿਚੋਂ)

"ਸ੍ਰੀਮਤੀ ਸੁਰਿੰਦਰ ਕੌਰ ਖਰਲ ਪੰਜਾਬੀ ਪਾਠਕਾਂ ਲਈ ਨਵਾਂ ਜਾਂ ਅਣਜਾਣਿਆਂ ਹਸਤਾਖ਼ਰ ਨਹੀਂ। 1987 ਵਿਚ ਪ੍ਰਕਾਸ਼ਤ ਹੋਏ ਬੜੀਆਂ ਦਿਲ-ਟੁੰਬਵੀਆਂ ਤੇ ਯਥਾਰਥਕ ਕਹਾਣੀਆਂ ਦੇ ਸੰਗ੍ਰਹਿ 'ਤ੍ਰਿਸ਼ਨਾ' ਰਾਹੀਂ, ਉਹ ਪਹਿਲਾਂ ਹੀ ਪੰਜਾਬੀ ਸਾਹਿਤਕ ਹਲਕਿਆਂ ਵਿਚ ਆਪਣੀ ਚੰਗੀ-ਚੋਖੀ ਜਾਣ-ਪਛਾਣ ਸਥਾਪਤ ਕਰ ਚੁੱਕੀ ਹੈ। ਹੱਥਲੀ ਪੁਸਤਕ 'ਬਖ਼ਸ਼ਿਸ਼' ਉਸ ਦਾ ਪਲੇਠਾ ਕਾਵਿ-ਸੰਗ੍ਰਹਿ ਹੈ।....ਇਸ ਵਿਚ ਕੋਈ ਸੰਦੇਹ ਨਹੀਂ ਕਿ ਸੁਰਿੰਦਰ ਕੌਰ ਖਰਲ ਨੇ ਆਪਣੇ ਅੰਤਰੀਵ ਦੀਆਂ ਭਾਵਨਾਵਾਂ ਨੂੰ ਇਕ ਡੂੰਘੀ ਭਾਵੁਕਤਾ ਤੇ ਸੰਵੇਦਨ-ਸ਼ੀਲਤਾ ਨਾਲ ਪ੍ਰਗਟ ਕੀਤਾ ਹੈ। ਇਹੋ ਜਿਹੀ ਉਪ ਭਾਵੁਕਤਾ ਕਿਸੇ ਕੋਮਲ ਚਿੱਤ ਵਿਅਕਤਿਤਵ ਤੋਂ ਹੀ ਸੰਭਵ ਹੋ ਸਕਦੀ ਹੈ ਤੇ ਕਵੀ ਲਈ ਕੋਮਲ ਚਿੱਤ ਹੋਣਾ ਜ਼ਰੂਰੀ ਹੁੰਦਾ ਹੈ। ਪਰ ਮੇਰੀ ਜਾਚੇ ਸਰਿੰਦਰ ਕੌਰ ਖਰਲ ਦੇ ਇਸ ਕਾਵਿ-ਸੰਗ੍ਰਹਿ ਦੀ ਮੁੱਖ ਤੇ ਅਸਲ ਪ੍ਰਾਪਤੀ ਉਸ ਦੀਆਂ ਉਹ ਰਚਨਾਵਾਂ ਹਨ, ਜਿਨ੍ਹਾਂ ਵਿਚ ਉਸ ਦਾ ਆਪਣੇ ਗੁਰੂ ਦੇਵ, ਆਪਣੇ ਇਸ਼ਟ ਸੰਬੰਧੀ ਸ਼ਰਧਾ-ਭਾਵ ਪਰਧਾਨ ਹੈ।...ਇਹ ਕਵਿਤਾਵਾਂ ਗੁਰੂ ਦੇਵ ਦੇ ਦਰਸ਼ਨ ਤੇ ਮਿਲਾਪ ਦੀ ਤੀਬਰ ਲੋਚਾ ਦੀਆਂ ਕਵਿਤਾਵਾਂ ਹਨ, ਇਹ ਆਤਮਾ ਤੇ ਪਰਮਾਤਮਾ ਵਿਚ ਪ੍ਰੀਤ ਸਬੰਧ ਦੀ ਮਾਅਰਫ਼ਤ ਦੀ ਗੱਲ ਕਰਦੀਆਂ ਹਨ, ਇਹ ਮੁਰਸ਼ਦ ਦੇ ਚਰਨ ਸਪੱਰਸ਼ ਦੀ ਲੋਚ ਤੇ ਉਸ ਵਿਚ ਲੀਨ ਹੋ ਜਾਣ ਦੀ ਰੀਝ ਦੀਆਂ ਤਰਜਮਾਨ ਹਨ, "ਮੈਂ" ਤੋਂ 'ਤੂੰ' ਦੇ ਸਫ਼ਰ ਦੀ ਕਹਾਣੀ ਪਾਉਂਦੀਆਂ ਹਨ ਅਤੇ ਮੈਂ 'ਚੋਂ ਆਪੇ ਦੇ ਮਨਫ਼ੀ ਹੋਣ ਦੀ ਕ੍ਰਿਆ ਦੇ ਅਸਰ ਦਾ ਬਿਰਤਾਂਤ ਸੁਣਾਉਂਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਇਕ ਵਿਲੱਖਣ ਕਿਸਮ ਦਾ ਸੱਜਰਾਪਨ ਤੇ ਪਰਭਾਵ ਹੈ ਜੋ ਵਿਸ਼ੇ ਦੇ ਪੱਖੋਂ ਪ੍ਰੰਪਰਕ ਹੁੰਦਿਆਂ ਹੋਇਆਂ ਵੀ ਨਵਾਂ ਨਵਾਂ ਜਾਪਦਾ ਹੈ।...ਇਨ੍ਹਾਂ ਕਵਿਤਾਵਾਂ ਵਿਚ ਅੰਕਿਤ ਹਿਰਦੇ ਦੀ ਸੰਵੇਦਨਾ ਤੇ ਡੂੰਘਾਈ ਦੀ ਸ਼ਿੱਦਤ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਅਜਿਹੀ ਪ੍ਰਬਲ ਤੇ ਪ੍ਰਚੰਡ ਭਾਵਨਾ ਵਾਲੀ ਕਵਿਤਾ ਪੰਜਾਬੀ ਕਾਵਿ ਵਿਚ ਇਕ ਵੱਖਰੇ ਕਿਸਮ ਦਾ ਵਾਧਾ ਕਰਦੀ ਹੈ।"

9.7.1996 —**ਸ੍ਰ. ਅਮਰੀਕ ਸਿੰਘ ਪੂਨੀ**
ਆਈ.ਏ.ਐਸ. (ਰਿਟਾਇਰਡ)
ਪ੍ਰਧਾਨ, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ

"ਬਖ਼ਸ਼ਿਸ਼ ਕਾਵਿ-ਸੰਗ੍ਰਹਿ ਵਿਚ ਸੂਬਾ ਸੁਰਿੰਦਰ ਕੌਰ ਬੋਲਦੀ ਹੈ, ਮੀਰਾ ਨੱਚਦੀ ਹੈ। ਬੇਬਸ ਹੋ ਕੇ ਜਿਸ ਤਰ੍ਹਾਂ ਮੀਰਾ ਨੱਚਦੀ ਹੈ, ਇਸ ਤਰ੍ਹਾਂ ਦੇ ਇਸ ਕਿਤਾਬ ਦੇ ਬੋਲ ਨੇ ਕਵਿਤਾ ਦੇ ਵਿਚ।

ਇਹ ਪੂਰਨ ਸਮਰਪਣ ਹੈ...ਆਪਣੇ ਆਪ ਦਾ, ਗੁਰੂ ਪ੍ਰਤੀ ਕੀ ਸ਼ਰਧਾ ਹੈ, ਉਹ ਇਹ ਦੇ ਵਿਚ ਕਲਮਬੰਦ ਹੈ। ਮੈਂ ਸਮਝਦਾ ਹਾਂ ਜਿਸ ਕਲਮ ਨੇ ਇਹ ਲਿਖੀ ਹੈ, ਉਸ ਸਾਹਿਤਕਾਰ ਨੂੰ, ਉਸ ਸਮਰਪਣ ਕਰਦੀ ਰੂਹ ਨੂੰ ਮੇਰਾ ਪ੍ਰਣਾਮ,

ਉਸ ਕਲਮ ਨੂੰ ਮੇਰਾ ਪ੍ਰਣਾਮ, ਬਹੁਤ ਹੀ ਡੂੰਘੀ ਕਵਿਤਾ ਹੈ। ਇਹ ਮੀਰਾ ਵਾਂਗ ਦੀਵਾਨੀ ਹੋ ਕੇ ਨੱਚਣ ਵਾਲੀ ਕਿਤਾਬ ਹੈ। ਇਹ ਅਖੀਰ ਹੈ ਪਿਆਰ ਦਾ, ਸਮਰਪਣ ਦਾ...ਸ੍ਰਥਾ ਸੁਰਿੰਦਰ ਕੌਰ ਦੀ ਪੰਜਾਬੀ ਸਾਹਿਤ ਵਿਚ ਥਾਂ ਬਣੀ ਹੈ, ਇਸ ਕਿਤਾਬ ਦੇ ਆਉਣ ਨਾਲ। ਅੱਲਾ ਕਰੇ ਜ਼ੋਰੇ ਕਲਮ ਔਰ ਜ਼ਿਆਦਾ।"

4 ਅਗਸਤ, 1996 ਨੂੰ
'ਬਖਸ਼ਿਸ਼' ਰੀਲੀਜ਼ ਸਮਾਰੋਹ 'ਤੇ
ਲੁਧਿਆਣਾ ਵਿਖੇ ਆਖੇ ਸ਼ਬਦ

**—ਡਾ. ਸਰਦਾਰਾ ਸਿੰਘ ਜੌਹਲ**
ਸਾਬਕਾ ਵਾਈਸ ਚਾਂਸਲਰ,
ਪੰਜਾਬੀ ਯੂਨੀਵਰਸਿਟੀ ਪਟਿਆਲਾ
ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ

"ਸੁਰਿੰਦਰ ਕੌਰ ਖਰਲ ਨੂੰ ਮੈਂ ਕਹਾਣੀਕਾਰ ਤੇ ਵਾਰਤਕ ਲੇਖਕ ਵਜੋਂ ਜਾਣਦਾ ਹਾਂ ਅਤੇ ਉਸ ਦਾ ਇਹ ਕਵੀ ਰੂਪ ਮੇਰੇ ਲਈ ਹੈਰਾਨੀ ਭਰੀ ਖ਼ੁਸ਼ੀ ਦਾ ਮੁਕਾਮ ਹੈ। ਖ਼ੁਸ਼ੀ ਇਸ ਲਈ ਵੀ ਕਿ ਕਵੀਆਂ ਦੀ ਕਤਾਰ ਵਿਚ ਇਕ ਹੋਰ ਸੰਵੇਦਨਸ਼ੀਲ ਲੇਖਿਕਾ ਸ਼ਾਮਲ ਹੋ ਗਈ ਹੈ ਅਤੇ ਇਸ ਨਾਲ ਪੰਜਾਬੀ ਕਾਵਿ ਜਗਤ ਵਿਚ ਨਵੀਆਂ ਸੰਭਾਵਨਾਵਾਂ ਦੀ ਗੁੰਜਾਇਸ਼ ਵੀ ਬਣ ਗਈ ਹੈ।... ਇਸ ਪੁਸਤਕ ਵਿਚਲੀ ਬਹੁਤੀ ਰਚਨਾ ਕਵਿੱਤਰੀ ਦੇ ਪ੍ਰੇਮ ਇਸ਼ਟ ਦੁਆਲੇ ਹੀ ਘੁੰਮਦੀ ਹੈ।...ਸੁਰਿੰਦਰ ਕੌਰ ਖਰਲ ਦੀਆਂ ਇਨ੍ਹਾਂ ਪ੍ਰੇਮ ਕਵਿਤਾਵਾਂ ਦਾ ਵਿਸ਼ੇਸ਼ ਲੱਛਣ ਆਪਣੇ ਪਿਆਰੇ ਪ੍ਰਤੀ ਸਮਰਪਣ ਦੀ ਭਾਵਨਾ ਹੈ, ਅਜਿਹਾ ਸਮਰਪਣ ਜਿਹੜਾ ਆਪਣੀ ਚਰਮ ਸੀਮਾ 'ਤੇ ਪਹੁੰਚ ਕੇ ਪੂਰਨ ਵੀ ਬਣ ਜਾਂਦਾ ਹੈ ਤੇ ਕਿੰਤੂ ਰਹਿਤ ਵੀ।...ਇਹ ਕਵਿਤਾਵਾਂ ਕਾਗਜ਼ਾਂ ਉਤੇ ਸਜਾਏ ਫੁੱਲਾਂ ਵਰਗੀਆਂ ਹਨ। ਭਾਵੇਂ ਇਨ੍ਹਾਂ ਵਿਚਲੇ ਸ਼ਬਦ 'ਖਰਲ' ਦੇ ਆਪਣੇ ਹੀ ਹਨ ਪਰ ਪ੍ਰੇਰਨਾ ਸਰੋਤ ਉਹੀ ਹੈ, ਜਿਸ ਦੇ ਨੈਣਾਂ ਵਿਚੋਂ ਉਸ ਨੂੰ ਬ੍ਰਹਿਮੰਡ ਦੀ ਝਲਕ ਦਿਸਦੀ ਹੈ।

ਸੁਰਿੰਦਰ ਕੌਰ ਖਰਲ ਦੀਆਂ ਇਨ੍ਹਾਂ ਕਾਵਿ-ਰਚਨਾਵਾਂ ਵਿਚ ਸਮਰਪਣ ਦੀ ਭਾਵਨਾ ਪੰਜਾਬੀ ਕਾਵਿ-ਜਗਤ ਦਾ ਇਕ ਨਵਾਂ ਨਿਵੇਕਲਾ ਵਰਤਾਰਾ ਹੈ, ਜੋ ਅਜਿਹੇ ਸੰਘਣੇ ਰੂਪ ਵਿਚ ਪਹਿਲਾਂ ਕਦੇ ਵੇਖਣ ਵਿਚ ਨਹੀਂ ਆਇਆ। ਜੇ ਇਸ ਨੂੰ ਅਤਿਕਥਨੀ ਨਾ ਗਿਣਿਆ ਜਾਵੇ ਤਾਂ ਕਹਿ ਸਕਦਾ ਹਾਂ ਕਿ ਸੁਰਿੰਦਰ ਕੌਰ ਖਰਲ ਦੀਆਂ ਇਹ ਕਵਿਤਾਵਾਂ ਆਪਣੀ ਭਾਵੁਕ ਸੁਰ ਤੇ ਅੰਦਾਜ਼ ਪੱਖੋਂ ਮੀਰਾ ਬਾਈ ਦੀਆਂ ਰਚਨਾਵਾਂ ਨਾਲ ਮੇਲ ਖਾਂਦੀਆਂ ਹਨ।"

ਸੁਰਿੰਦਰ ਕੌਰ ਖਰਲ ਦੀਆਂ ਦਿਲ ਦੀ ਸਾਦਗੀ ਤੇ ਮਾਸੂਮੀਅਤ 'ਚੋਂ ਉਗਮੀਆਂ ਇਨ੍ਹਾਂ ਕਵਿਤਾਵਾਂ ਦਾ ਸੁਆਗਤ ਕਰਦਾ ਮੈਂ ਉਸੇ ਦੇ ਸ਼ਬਦਾਂ ਵਿਚ ਸ਼ੁਭ ਕਾਮਨਾਵਾਂ ਭੇਟ ਕਰਦਾ ਹਾਂ :

"ਮਾਸੂਮੀਅਤ ਦੇ ਪਾਕ ਇਰਾਦੇ
ਕਦੇ ਈਰਖਾ ਦੀਆਂ
ਕੋਝੀਆਂ ਸਾਜ਼ਸ਼ਾਂ ਦਾ
ਸ਼ਿਕਾਰ ਨਾ ਹੋਵਣ"

15 ਜੁਲਾਈ, 1996

**—ਸ੍ਰੀ ਹਰਭਜਨ ਹਲਵਾਰਵੀ**
ਸੰਪਾਦਕ 'ਪੰਜਾਬੀ ਟ੍ਰਿਬਿਊਨ'.

"ਬਖਸ਼ਿਸ਼" ਵਿਚ ਸੁਰਿੰਦਰ ਕੌਰ ਖਰਲ ਨੇ ਇਸ਼ਕ-ਮਜ਼ਾਜੀ ਦੇ ਸੂਖਮ ਤੇ ਬਰੀਕ ਅਹਿਸਾਸ ਤੋਂ ਲੈ ਕੇ ਇਸ਼ਕ-ਹਕੀਕੀ ਦੇ ਡੂੰਘੇ ਰਹੱਸਮਈ ਅਹਿਸਾਸਾਂ ਤੱਕ ਦੀ ਯਾਤਰਾ ਕੀਤੀ ਹੈ। ਇਹ ਕਵਿਤਾਵਾਂ ਅਕੀਦਤ ਤੇ ਇਬਾਦਤ

ਦੇ ਰੰਗਣ ਦੀਆਂ ਕਵਿਤਾਵਾਂ ਹਨ। ਇਨ੍ਹਾਂ ਵਿਚ ਪ੍ਰਭੂ-ਮਿਲਾਪ ਦੇ ਸੰਜੋਗੀ ਤੇ ਵਿਜੋਗੀ ਪਲਾਂ ਦਾ ਚਿਤਰਣ ਹੈ। ਇਹ ਇਕ ਸੁੱਚੀ ਹਿੱਕ 'ਚੋਂ ਨਿਕਲੀ ਸੁੱਚੀ ਹਾਕ ਵਰਗੀਆਂ ਕਵਿਤਾਵਾਂ ਹਨ।"

10 ਜੁਲਾਈ, 1996 **—ਪ੍ਰੋ. ਰਵਿੰਦਰ ਭੱਠਲ**

"ਕੋਈ ਵੀ ਰਚਨਾ ਜੋ ਅਸਲੀਅਤ ਨੂੰ ਛੂੰਹਦੀ ਹੋਵੇ, ਬਨਾਵਟ ਤੋਂ ਕਾਫ਼ੀ ਦੂਰ ਹੋਵੇ, ਉਸ ਦਾ ਅਸਲਾ ਸੁਚੱਜਾ ਅਤੇ ਮਾਰਗਦਰਸ਼ਨ ਵਾਲਾ ਹੁੰਦਾ ਹੈ ਤੇ ਜੇਕਰ ਉਹ ਆਪਣੇ ਰਹਿਬਰ, ਗੁਰੂ, ਪੈਗੰਬਰ ਨੂੰ ਅਰਪਿਤ ਹੋਵੇ, ਉਸ ਵਿਚ ਤਿਆਗ, ਸ਼ਰਧਾ, ਸੱਚਾ ਅਤੇ ਸੁੱਚਾ ਪਿਆਰ, ਆਪਾ ਤਿਆਗ ਕੇ ਆਪਣੇ ਇਸ਼ਟ ਵਿਚ ਰੰਗਿਆ ਹੋਇਆ ਅਤੇ ਇਕ ਮਿੱਕ ਹੋ ਕੇ ਲਿਖਿਆ ਜਾਵੇ, ਤਾਂ ਉਹ ਹੀਰਿਆਂ ਅਤੇ ਮਣੀਆਂ ਵਿਚ ਰੰਗੀ ਹੋਈ ਇੱਕ ਮਾਲਾ ਬਣ ਜਾਂਦੀ ਹੈ ਜੋ ਕਿ ਸੂਬਾ ਸੁਰਿੰਦਰ ਕੌਰ ਖਰਲ ਦੀ ਇਸ ਕਾਵਿ-ਕਿਆਰੀ 'ਬਖ਼ਸ਼ਿਸ਼' ਵਿਚ ਮੂਰਤੀਮਾਨ ਹੈ।...

ਆਪਣੇ ਸਤਿਗੁਰੂ ਜੀ ਪ੍ਰਤੀ ਕੈਸਾ ਪਿਆਰ ਹੋਵੇ ਅਤੇ ਸਤਿਗੁਰੂ ਕਿਤਨਾ ਮੇਹਰਬਾਨ ਅਤੇ ਸਮਰੱਥ ਹੁੰਦਾ ਹੈ, ਇਸ ਪੁਸਤਕ ਤੋਂ ਗਿਆਨ ਹੁੰਦਾ ਹੈ। ਸੂਬਾ ਸੁਰਿੰਦਰ ਕੌਰ ਖਰਲ ਦੀ ਇਹ ਪੁਸਤਕ ਆਪਣੇ ਪਿਆਰੇ ਅਤੇ ਸਰਬ-ਸਮਰੱਥ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਲਾਹੀ ਨੂਰ ਵਿਚ ਰੰਗੀ ਹੋਈ ਇਕ ਰੰਗਤ ਹੈ। ਪੁਸਤਕ ਪੜ੍ਹਨ 'ਤੇ ਪਤਾ ਲਗਦਾ ਹੈ ਕਿ ਇਹ ਆਪਣੇ ਰਹਿਬਰ ਤੋਂ ਕਿਵੇਂ ਵਾਰੇ ਵਾਰੇ ਜਾਂਦੀ ਹੈ। ਉਸ ਦੇ ਦਰਸ਼ਨਾਂ ਵਿਚ ਭਗਵਾਨ ਦਾ ਦਰਸ਼ਨ ਹੈ ਅਤੇ ਉਸ ਦਰਸ਼ਨ ਦਾ ਅਨੰਦ ਅਤੇ ਸੁਆਦ ਕਹਿਣੀ ਅਤੇ ਕਥਨੀ ਤੋਂ ਬਾਹਰ ਹੈ, ਸਿਰਫ਼ ਇਹ ਹੀ ਕਿਹਾ ਜਾ ਸਕਦਾ ਹੈ, ਤੂੰ ਬੇਅੰਤ ਹੈਂ, ਤੂੰ ਬਖ਼ਸ਼ਿਸ਼ ਕਰ, ਮੇਹਰ ਕਰ।... ਮੈਨੂੰ ਆਸ ਹੈ ਕਿ ਜਿਸ ਰੰਗਤ ਵਿਚ ਇਹ ਕਵਿਤਾ ਦੀ ਮਾਲਾ ਰਚੀ ਗਈ ਹੈ, ਪਾਠਕਾਂ ਨੂੰ ਉਸ ਰੰਗਤ ਦਾ ਰੰਗ ਜ਼ਰੂਰ ਚੜ੍ਹੇਗਾ ਅਤੇ ਇਹ ਇਕ ਪ੍ਰੇਰਨਾ ਸਰੋਤ ਬਣ ਕੇ ਵਿਖਾਵੇਗੀ।"

18 ਜੁਲਾਈ 1996 **—ਤਰਸੇਮ ਸਿੰਘ ਨਾਮਧਾਰੀ**

ਨਿੱਜੀ ਸਕੱਤਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

"ਹਰ ਮੌਲਿਕ ਕਲਾ ਉੱਪਰ ਕਲਾਕਾਰ ਦੀ ਸ਼ਖ਼ਸੀਅਤ ਦੀ ਅਮਿੱਟ ਛਾਪ ਹੁੰਦੀ ਹੈ। ਕਵਿੱਤਰੀ ਦੇ ਸੁਭਾਅ ਅਤੇ ਚਰਿੱਤਰ ਵਿਚ ਵਲਵਲਿਆਂ ਦਾ ਸ਼ਾਂਤ ਸਰੂਪ, ਸੰਗੀਤ ਵਰਗੀ ਮਧੁਰਤਾ, ਤਰਲਤਾ ਜਿਹੀ ਨਿਮਰਤਾ ਅਤੇ ਸਦਾਬਹਾਰ ਪ੍ਰਕਿਰਤੀ ਜਿਹੀ ਮੁਸਕਾਣ ਵਿਆਪਤ ਹੈ। ਇਨ੍ਹਾਂ ਗੁਣਾਂ ਕਾਰਨ ਕਵਿਤਾ ਵਿਚ ਸ਼ਾਂਤ ਜਜ਼ਬਿਆਂ ਦਾ ਅਜਿਹਾ ਸੁਹਜਾਤਮ ਪ੍ਰਗਟਾ ਹੈ ਕਿ ਕਾਵਿ ਸ਼ੈਲੀ ਦੇ ਹਰ ਸ਼ਬਦ 'ਚੋਂ ਸੰਗੀਤ-ਧੁਨੀ ਉਪਜਦੀ ਅਨੁਭਵ ਹੁੰਦੀ ਹੈ।

ਪ੍ਰੀਤਮ ਸਿੰਘ 'ਸਫ਼ੀਰ' ਦੀਆਂ ਨਿਮਨ ਲਿਖਤ ਕਾਵਿ ਤੁਕਾਂ ਬੀਬੀ ਸੁਰਿੰਦਰ ਕੌਰ 'ਖਰਲ' ਉੱਪਰ ਪੂਰੀ ਤਰ੍ਹਾਂ ਢੁੱਕਦੀਆਂ ਹਨ :

ਕਵਿਤਾ ਇੱਕ ਤੀਵੀਂ ਹੈ,
ਪਰ ਹਰ ਇੱਕ ਤੀਵਾਂ ਨਾ।"

6.5.97 **—ਪ੍ਰੋ. ਤੇਜ ਪ੍ਰਕਾਸ਼ ਸ਼ਰਮਾ**

ਸ਼ਹੀਦ ਸਮਾਰਕ ਕਾਲਜ, ਰਾਮਪੁਰਾ ਫੂਲ

"ਕਾਵਿ-ਸੰਗ੍ਰਹਿ ਬਖ਼ਸ਼ਿਸ਼ ਪੜ੍ਹ ਕੇ ਬਹੁਤ ਅਨੰਦ ਆਇਆ ਹੈ। ਤੁਹਾਡੇ ਹਿਰਦੇ ਦੀ ਸੱਚੀ ਭਾਵਨਾ ਦਾ ਅਨੁਭਵ ਹੋਇਆ ਹੈ।

ਬਖ਼ਸ਼ਿਸ਼ ਫੁੱਲਾਂ ਦਾ ਗੁਲਦਸਤਾ ਕਵਿਤਾ ਬੇਸ਼ਕ ਖੁੱਲ੍ਹੀ॥
ਮਿਹਰ ਮੁਹੱਬਤ ਸੱਚੀ, ਸੱਚ ਦੀ ਦਾਤ ਕਹਾਂ ਅਨਮੁੱਲੀ॥
ਖਰਲ, ਸਰਲ ਸ਼ਬਦਾਂ ਵਿਚ ਗਾਇਆ ਜਸ ਸਤਿਗੁਰੂ ਗੰਧਾ॥
ਵਾਚਦਿਆਂ ਬਖ਼ਸ਼ਿਸ਼ ਕਹੇ 'ਮੁਕਤਾ' ਰੂਹ ਆਪੇ ਨੂੰ ਭੁੱਲੀ॥"

16.12.96 —ਜੁਗਿੰਦਰ ਸਿੰਘ ਮੁਕਤਾ

ਨਾਮਧਾਰੀ ਸਾਹਿਤ ਸਭਾ, ਸ੍ਰੀ ਜੀਵਨ ਨਗਰ

"ਤੁਹਾਡੀਆਂ ਕਵਿਤਾਵਾਂ ਦੇ ਮਜਮੂਏ 'ਬਖ਼ਸ਼ਿਸ਼' ਨੇ ਮੈਨੂੰ ਬੇਹੱਦ ਮੁਤਾਸਿਰ ਕੀਤਾ ਹੈ। ਅੱਜ ਦੀ ਊਲ-ਜਲੂਲ ਕਵਿਤਾ ਦੇ ਦੌਰ ਵਿਚ ਬਹੁਤ ਘੱਟ ਲੋਕ ਕਵਿਤਾ ਦੀ ਰੂਹ ਨੂੰ ਪਛਾਣਦੇ ਨੇ ਤੇ ਇਹ ਖ਼ਾਸੀਅਤ ਮੈਨੂੰ ਤੁਹਾਡੇ ਵਿਚ ਨਜ਼ਰ ਆਈ ਹੈ। ਜਜ਼ਬਾਤ ਤਾਂ ਸਾਰਿਆਂ ਦੇ ਇਕੋ ਜਿਹੇ ਹੀ ਹੁੰਦੇ ਨੇ, ਪਰ ਉਨ੍ਹਾਂ ਨੂੰ ਖ਼ੂਬਸੂਰਤ ਸ਼ਬਦਾਂ ਰਾਹੀਂ ਪੇਸ਼ ਕਰਨ ਦਾ ਹੁਨਰ ਹਰ ਕਿਸੇ ਕੋਲ ਨਹੀਂ ਹੁੰਦਾ। ਤੁਸੀਂ ਇਸ ਹੁਨਰ ਤੋਂ ਭਲੀਭਾਂਤ ਪਰੀਚਿਤ ਹੋ। ਤੁਹਾਡੀਆਂ ਧਾਰਮਿਕ ਭਾਵਨਾ ਵਾਲੀਆਂ ਕਵਿਤਾਵਾਂ ਵੀ ਕੋਰੀ ਸ਼ਰਧਾ ਨਹੀਂ, ਸਗੋਂ ਜਜ਼ਬੇ ਦਾ ਅਜਿਹਾ ਹੜ੍ਹ ਹੈ, ਜਿਸ ਨੂੰ ਤੁਸੀਂ ਸਫਲਤਾ ਨਾਲ ਕਵਿਤਾ ਦੇ ਕੰਢਿਆਂ ਅੰਦਰ ਬੰਨ੍ਹ ਕੇ ਰੱਖਿਆ ਹੈ। ਅਜਿਹੀਆਂ ਖ਼ੂਬਸੂਰਤ ਕਵਿਤਾਵਾਂ ਲਈ ਵਧਾਈ ਕਬੂਲ ਕਰੋ।"

8.4.97 —ਬਰਜਿੰਦਰ ਚੌਹਾਨ

ਦਿੱਲੀ

ਪੁਸਤਕ 'ਬਖ਼ਸ਼ਿਸ਼' ਨੇ ਦਿਲ ਦੀਆਂ ਗਹਿਰਾਈਆਂ ਤੱਕ ਪਹੁੰਚ ਕੀਤੀ ਹੈ। ਜਿਸ ਇਸ਼ਟ ਨੂੰ ਆਪ ਨੇ ਧਿਆਇਆ ਹੈ ਲਗਦਾ ਹੈ, ਉਸ ਵਿਚ ਆਪ ਨੇ ਆਪਣਾ ਆਪ ਏਨਾ ਗੁਆ ਕੇ ਇਕ ਮਿਕ ਹੋ ਕੇ ਲਿਖਿਆ ਹੈ, ਮਨ ਵਿਚ ਇਕ ਸ਼ਾਂਤਮਈ ਝਰਨਾ ਫੁੱਟਦਾ ਪ੍ਰਤੀਤ ਹੁੰਦਾ ਹੈ। ਤੁਸੀਂ ਕਵਿਤਾ ਰੂਪੀ ਸਾਗਰ ਦੇ ਉਹ ਅਨਮੋਲ ਮੋਤੀ ਪ੍ਰਾਪਤ ਕੀਤੇ ਹਨ, ਜੋ ਹਰੇਕ ਦੇ ਹਿੱਸੇ ਨਹੀਂ ਆਉਂਦੇ। ਤੁਹਾਡੀ ਇਹ ਪੁਸਤਕ ਪੜ੍ਹ ਕੇ ਯਕੀਨ ਵਰਗੀ ਤਸੱਲੀ ਹੋਈ ਕਿ ਇਹ ਪੁਸਤਕ ਸਿਰਫ਼ ਨਾਮਧਾਰੀ ਦਰਬਾਰ ਵਿਚ ਹੀ ਪ੍ਰਵਾਨ ਨਹੀਂ ਸਗੋਂ ਇਹ ਖੁੱਲ੍ਹੇ ਸਾਹਿਤ ਰੂਪੀ ਆਕਾਸ਼ ਵਿਚ ਉਡਾਰੀਆਂ ਲਾਉਣ ਦੇ ਵੀ ਸਮਰੱਥ ਹੈ, ਵਾਹਿਗੁਰੂ ਕਰੇ ਆਪ ਦੀ ਕਲਮ ਵਿਚ ਹੋਰ ਵੀ ਨਿਖਾਰ ਆਵੇ।"

1 ਅਪ੍ਰੈਲ 1997 —ਡਾ. ਕਸ਼ਮੀਰ ਸਿੰਘ

ਕਰੀਵਾਲਾ, ਜ਼ਿਲ੍ਹਾ ਸਰਸਾ

"ਸ੍ਰੀ ਸਤਿਗੁਰੂ ਜੀ ਨੂੰ ਸਮਰਪਿਤ ਪੁਸਤਕ 'ਬਖ਼ਸ਼ਿਸ਼' ਇਕ ਪਾਠਕ ਵਾਂਗ ਪੜ੍ਹੀ, ਇਕ ਵਾਰ ਨਹੀਂ, ਵਾਰ ਵਾਰ ਪੜ੍ਹੀ ਹੈ। ਮੇਰੇ ਵਲੋਂ ਇਹ ਪੁਸਤਕ ਆਦਰ ਤੇ ਸਤਿਕਾਰਯੋਗ ਹੈ। ਵਧਾਈ ਕਬੂਲ ਕਰਨੀ। ਧੰਨਵਾਦੀ ਹਾਂ ਕਿ ਤੁਸੀਂ ਇਹ ਬਖ਼ਸ਼ਿਸ਼ ਮੇਰੇ 'ਤੇ ਕੀਤੀ ਹੈ—ਸਾਹਿਤਕ ਭੇਂਟ ਕਰਨ ਦੀ। ਇਸ ਵਿਚ ਤਿੰਨ ਤਸਵੀਰਾਂ ਹਨ— ਦੋ ਵਿਚ ਤੇ ਇਕ ਬਾਹਰ, ਅੰਤ ਵਿਚ ਟਾਈਟਲ 'ਤੇ। ਮਹਿੰਗਾ ਪਿਆ ਹੋਵੇਗਾ ਇਹ ਕੰਮ ਤਸਵੀਰਾਂ ਵਾਲਾ ਪਰ ਸ਼ਾਨ ਵਿਚ ਵਾਧਾ

ਹੋਇਆ ਹੈ।

ਤੁਸੀਂ ਜੋ ਹਰਫ ਕਾਗਜ਼ਾਂ 'ਤੇ ਸਜਾ ਕੇ ਅਰਪਿਤ ਕੀਤੇ ਹਨ, ਸੁੱਚੇ ਹਨ, ਪਿਆਰੇ ਹਨ ਤੇ ਕਈ ਥਾਵਾਂ 'ਤੇ ਨਿਵੇਕਲੇ ਵੀ। ਤੁਹਾਡਾ ਇਹ ਯਤਨ ਸ਼ਲਾਘਾਯੋਗ ਹੈ। ਮੈਨੂੰ ਤੁਹਾਡੇ 'ਤੇ ਫ਼ਖਰ ਹੈ। ਦਿਲੋਂ ਦੁਆਗੋ ਹਾਂ ਕਿ ਤੁਸੀਂ ਸਾਹਿਤਕ ਖੇਤਰ ਵਿਚ ਰਚਨਾਤਮਿਕ ਕੰਮ ਕਰਦੇ ਰਹੋ।"

10.11.96

**—ਕਰਤਾਰ ਸਿੰਘ ਪੰਛੀ**

ਪ੍ਰਧਾਨ ਸਾਹਿਤ ਸਭਾ, ਮਲੇਰਕੋਟਲਾ

"ਮੈਂ ਤੁਹਾਡੀਆਂ ਪਹਿਲਾਂ ਵੀ ਕਿਤਾਬਾਂ ਪੜ੍ਹੀਆਂ ਜਿਵੇਂ ਕਿ 'ਰੂਹ ਪੰਜਾਬ ਦੀ' 'ਮਹਾਰਾਜਾ ਰਣਜੀਤ ਸਿੰਘ', 'ਵੱਡ ਪ੍ਰਤਾਪੀ ਸਤਿਗੁਰੂ' ਆਦਿ, ਕਾਫੀ ਰਸ ਭਰੀਆਂ ਅਤੇ ਦਿਲ ਖਿੱਚਵੀਆਂ ਹਨ ਪਰ ਇਸ ਕਿਤਾਬ ਦਾ ਲਿਖਣ ਢੰਗ ਇਕ ਵੱਖਰਾ ਜਿਹਾ ਮਹਿਸੂਸ ਹੋਇਆ ਹੈ। ਇਸ ਦਾ ਹਰ ਇਕ ਬੋਲ ਇਨ੍ਹਾਂ ਦਰਦ ਭਰਿਆ ਅਤੇ ਦਿਲ ਖਿਚਵਾਂ ਹੈ ਕਿ ਮਨ ਸਭ ਖਿਆਲ ਛੱਡ ਕੇ ਆਪੇ ਗੁਰੂ ਦੇ ਧਿਆਨ ਵੱਲ ਲਗ ਜਾਂਦਾ ਹੈ।"

28.12.96

**—ਰਤਨ ਸਿੰਘ**

ਥਾਈਲੈਂਡ

"It seems that this art of poetry has come to you from heaven. Poem is independent in structure but has many qualities of poetry".

**—ਕੁਲਦੀਪ ਸਿੰਘ ਅਰਸ਼ੀ**

ਸੰਪਾਦਕ 'ਰਾਹ ਦਸੇਰਾ'

ਜੰਡਿਆਲਾ ਗੁਰੂ, ਅੰਮ੍ਰਿਤਸਰ







ਸੂਬਾ ਸੁਰਿੰਦਰ ਕੌਰ ਖਰਲ

ਜਨਮ : 19.01.1952, ਜਨਮ ਅਸਥਾਨ : ਬੰਬਈ, ਵਿੱਦਿਆ : ਐਮ. ਏ. (ਹਿਸਟਰੀ), ਪ੍ਰਕਾਸ਼ਤ ਪੁਸਤਕਾਂ : ਤ੍ਰਿਸ਼ਨਾ (ਕਹਾਣੀਆਂ) 1987, ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜਿੰਦ ਕੌਰ) 1990, ਵੱਡ ਪ੍ਰਤਾਪੀ ਸਤਿਗੁਰੂ (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) 1991, ਮਹਾਂਬਲੀ ਰਣਜੀਤ ਸਿੰਘ (ਜੀਵਨੀ ਮਹਾਰਾਜਾ ਰਣਜੀਤ ਸਿੰਘ) 1991, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗ਼ਬਾਨੀ ਪ੍ਰਤੀ ਦੇਣ (ਖੋਜ ਪੱਤਰ) 1995, ਬਖ਼ਸ਼ਿਸ਼ (ਕਾਵਿ-ਸੰਗ੍ਰਹਿ) 1997, ਪ੍ਰਕਾਸ਼-ਪੁੰਜ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) 1997, ਬਰਮਾ ਦੀ ਯਾਤਰਾ, ਅਫਰੀਕਾ ਦੀ ਯਾਤਰਾ (ਸਫਰਨਾਮੇ) ਛਪਾਈ ਅਧੀਨ, ਸੂਬਾ ਉਪਾਧੀ ਦੀ ਬਖ਼ਸ਼ਿਸ਼ : ਅਪ੍ਰੈਲ, 1994 ਤੋਂ, ਪ੍ਰਧਾਨ : ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ ਇਸਤਰੀ ਵਿੰਗ (1989-95), ਮੈਂਬਰ : ਭੈਣੀ ਸਾਹਿਬ ਤੇ ਰਾਈਆ ਡਿਵੈਲਪਮੈਂਟ ਬੋਰਡ (ਰਜਿ:), ਸ੍ਰੀ ਭੈਣੀ ਸਾਹਿਬ, ਟਰੱਸਟੀ : ਕੂਕਾ ਸ਼ਹੀਦ ਯਾਦਗਾਰੀ ਟਰੱਸਟ (ਰਜਿ:), ਮੈਂਬਰ : ਪੰਜਾਬੀ ਸਾਹਿਤ ਅਕਾਦਮੀ (ਰਜਿ:), ਲੁਧਿਆਣਾ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:), ਜ਼ਿਲ੍ਹਾ ਲਿਖਾਰੀ ਸਭਾ (ਰਜਿ:) ਰੂਪਨਗਰ